# ਕਥਾ ਨਿਰਾਰੀ ਰੇ

**ਜੀਵਨ-ਗਾਥਾ**

**ਸ੍ਰੀਮਾਨ ਸੰਤ ਬਾਬਾ ਤੀਰਥ ਸਿੰਘ ਜੀ ਮਹਾਰਾਜ**

ਗੁ. ਈਸ਼ਰਪੁਰੀ ਸਾਹਿਬ, ਸ਼ਾਮਚੁਰਾਸੀ ਵਾਲੇ



ਕਥਾ ਨਿਰਾਰੀ ਰੇ ਜੀਵਨ-ਗਾਥਾ ਸ੍ਰੀਮਾਨ ਸੰਤ ਬਾਬਾ ਤੀਰਥ ਸਿੰਘ ਜੀ ਮਹਾਰਾਜ

ਹਰਿ ਕੇ ਸੇਵਕ ਜੋ ਹਰਿ ਭਾਏ ਤਿਨ੍ਹ ਕੀ ਕਥਾ ਨਿਰਾਰੀ ਰੇ॥
ਆਵਹਿ ਨ ਜਾਹਿ ਨ ਕਬਹੂ ਮਰਤੇ ਪਾਰਬ੍ਰਹਮ ਸੰਗਾਰੀ ਰੇ॥
(ਕਬੀਰ ਜੀ, ੮੫੫)



ਪੰਜ ਤੀਰਥ ਪ੍ਰਕਾਸ਼ਨ, ਜਲੰਧਰ

# ਕਥਾ ਨਿਰਾਰੀ ਰੇ

ਜੀਵਨ-ਗਾਥਾ
ਸ੍ਰੀਮਾਨ ਸੰਤ ਬਾਬਾ ਤੀਰਥ ਸਿੰਘ ਜੀ
(ਗੁ: ਈਸ਼ਰਪੁਰੀ ਸਾਹਿਬ ਸ਼ਾਮਚੁਰਾਸੀ ਵਾਲੇ)

ਡਾ. ਜਸਪਾਲ ਸਿੰਘ ਹੁੰਦਲ
ਡਾ. ਰਣਜੀਤ ਕੌਰ ਹੁੰਦਲ

ਪੰਜ ਤੀਰਥ ਪ੍ਰਕਾਸ਼ਨ, ਜਲੰਧਰ

KATHA NIRARI RE
By
Punj Tirath Parkashan
Jalandhar City.
Tel. 94176-18413
e-mail:drjshundal@yahoo.com

© : ਬਾਬਾ ਰਣਜੋਧ ਸਿੰਘ ਜੀ

ਸਰਵਰਕ : ਸੁਖਵੰਤ
ਪਹਿਲੀ ਵਾਰ : ਅਕਤੂਬਰ, 2007
ਕਾਪੀ : 1000 (ਇਕ ਹਜ਼ਾਰ)
ਭੇਟਾ : 11 ਰੁਪਏ
ਪ੍ਰਕਾਸ਼ਕ : ਪੰਜ ਤੀਰਥ ਪ੍ਰਕਾਸ਼ਨ, ਜਲੰਧਰ
ਸ਼ਬਦ ਜੜਤ : ਕੇਸਰ ਸਿੰਘ, ਵੈਕ ਕੰਪਿਊਟਰਜ਼,
1-ਦੇਸ਼ ਭਗਤ ਯਾਦਗਾਰ ਹਾਲ ਜੀ. ਟੀ. ਰੋਡ
ਜਲੰਧਰ ਫ਼ੋਨ : 98140-87063
e-mail: vac_comp@yahoo.com

ਪ੍ਰਿੰਟਰਜ਼ : ਵਾਈਟ ਕ੍ਰਾਸ ਪ੍ਰਿੰਟਰਜ਼, ਜਲੰਧਰ

## ਸਮਰਪਣ

ਜਿਸ ਕੀ ਬਸਤੁ ਤਿਸੁ ਆਗੈ ਰਾਖੈ ॥
ਧੰਨ-ਧੰਨ
ਸ੍ਰੀ ਗੁਰੂ ਨਾਨਕ ਦੇਵ ਜੀ
ਨੂੰ

# ਤਤਕਰਾ


| | | |
|---|---|---|
| ✪ | ਕੋਟਿ ਕੋਟਿ ਬਲਿਹਾਰੇ | 8 |
| ✪ | ਵਿਰਲਾ ਪਾਏ ਕੋਇ | 9 |
| ✪ | ਪੂਰਨੁ ਸੋਈ ਸੰਤ | 12 |
| ✪ | ਧੰਨੁ ਧੰਨੁ ਧੰਨੁ ਜਨ ਆਇਆ | 13 |
| ✪ | ਕਥਾ ਨਿਰਾਰੀ ਰੇ | 14 |
| ✪ | ਖਟ ਲਖਣ ਪੂਰਨ ਪੁਰਖਹ | 17 |
| ✪ | ਸੰਤ ਸੰਪਰਦਾਇਤਾ | 18 |
| ✪ | ਰਾੜਾ ਸਾਹਿਬ ਸੰਪਰਦਾ | 34 |
| ✪ | ਜਨਨੀ ਜਨੈ ਤ ਭਗਤੁ ਜਣ | 45 |
| ✪ | ਰੇ ਮਨ ਐਸੋ ਕਰ ਸੰਨਿਆਸਾ | 50 |
| ✪ | ਭਗਤੁ ਭਗਤੁ ਤਾ ਕੋ ਨਾਮੁ ਪਰਿਓ | 56 |
| ✪ | ਸੇਵਕ ਕਉ ਸੇਵਾ ਬਨਿ ਆਈ | 69 |
| ✪ | ਭਲੀ ਸੁਹਾਵੀ ਛਾਪਰੀ | 78 |
| ✪ | ਕੰਮੁ ਕਰਾਵਣ ਆਇਆ ਰਾਮ | 83 |
| ✪ | ਜਿਸ ਕਾ ਕਾਰਜ ਤਿਨ ਹੀ ਕੀਆ | 86 |
| ✪ | ਹਰਿ ਕੋ ਭਜੇ ਸੋ ਹਰਿ ਕਾ ਹੋਏ | 90 |
| ✪ | ਰਾਮਦਾਸ ਸਰੋਵਰ ਨਾਤੇ | 98 |
| ✪ | ਸਗਲ ਉਦਮ ਮਹਿ ਉਦਮੁ ਭਲਾ | 102 |
| ✪ | ਬਡੇ ਬਡੇ ਅਹੰਕਾਰੀਆਂ | 106 |
| ✪ | ਸਭੇ ਕਾਜ ਸੁਹੇਲੜੇ ਥੀਏ | 110 |
| ✪ | ਜਾ ਕੀ ਪ੍ਰਭ ਆਗੈ ਅਰਦਾਸਿ | 115 |
| ✪ | ਝੂਠਾ ਟਿਕੇ ਨਾ ਕੋਇ | 118 |
| ✪ | ਜੋ ਜਨ ਸੇਵੇ ਤਿਸ ਪੂਰਨ ਕਾਜ | 125 |
| ✪ | ਜਿਤੁ ਤੁਮਰੇ ਦੁਆਰੈ ਆਇਆ | 128 |
| ✪ | ਭਗਤ ਮੁਖੈ ਤੇ ਬੋਲਦੇ ਸੇ ਵਚਨ ਹਵੰਦੇ | 131 |
| ✪ | ਰਜਿ ਰਜਿ ਭੋਜਨ ਖਾਵਹੁ ਮੇਰੇ ਭਾਈ | 138 |
| ✪ | ਤੂ ਕਾਹੇ ਡੋਲਹਿ ਪ੍ਰਾਣੀਆ | 144 |
| ✪ | ਜੋ ਮਾਂਗਹਿ ਠਾਕੁਰ ਅਪਨੇ ਤੇ | 150 |
| ✪ | ਚਾਲੇ ਥੇ ਹਰਿ ਮਿਲਨ ਕੋ | 154 |

| | | |
|---|---|---|
| ✪ | ਸੇਵਕ ਕੀ ਓੜਕ ਨਿਬਹੀ ਪਰੀਤ | 159 |
| ✪ | ਸਾਧੂ ਬੋਲੇ ਸਹਿਜ ਸੁਭਾਇ | 161 |
| ✪ | ਪ੍ਰਭ ਭਾਵੈ ਬਿਨੁ ਸਾਸ ਤੇ ਰਾਖੈ | 164 |
| ✪ | ਜੋ ਮੈ ਕੀਆ ਸੋ ਮੈ ਪਾਇਆ | 168 |
| ✪ | ਜਾਚਿਕ ਕੀ ਅਰਦਾਸ | 172 |
| ✪ | ਰੇ ਮਨ ਹੰਉਮੈ ਛੋੜਿ ਕਰ | 175 |
| ✪ | ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ | 181 |
| ✪ | ਜੋ ਬੀਤੀ ਸੋ ਬੀਤੀ | 184 |
| ✪ | ਜਾ ਕਉ ਰਾਖੈ ਰਾਖਣਹਾਰੁ | 187 |
| ✪ | ਹੁਕਮੁ ਮੰਨੇ ਸੋਈ ਸੁਖੁ ਪਾਏ | 196 |
| ✪ | ਮੰਨੇ ਕੀ ਗਤਿ ਕਹੀ ਨਾ ਜਾਇ | 201 |
| ✪ | ਸਰਬ ਸੁਖਾ ਹਰਿ ਹਰਿ ਗੁਣ ਗਾਏ | 206 |
| ✪ | ਵਿਛੜਿਆ ਮੇਲੇ ਪ੍ਰਭੂ | 212 |
| ✪ | ਕਾਮ ਪਰੇ ਹਰਿ ਸਿਮਰੀਐ | 217 |
| ✪ | ਸਾਚੇ ਸਾਹਿਬਾ ਕਿਆ ਨਾਹੀ ਘਰਿ ਤੇਰੈ | 222 |
| ✪ | ਨਾਨਕ ਕੈ ਘਰਿ ਕੇਵਲੁ ਨਾਮੁ | 226 |
| ✪ | ਮੇਰੇ ਅੰਤਰਿ ਲੋਚਾ ਮਿਲਣ ਕੀ | 229 |
| ✪ | ਹਾਥ ਦੇਇ ਰਾਖੇ ਕਰਿ ਅਪੁਨੇ | 233 |
| ✪ | ਐਥੇ ਮਿਲਨਿ ਵਡਿਆਈਆਂ | 237 |
| ✪ | ਗੁਰਮੁਖਿ ਕੋਟਿ ਉਧਾਰਦਾ | 241 |
| ✪ | ਕਾਗਹੁ ਹੰਸੁ ਕਰੇ | 245 |
| ✪ | ਭੈ ਵਿਚਿ ਚਲਹਿ ਲਖ ਦਰੀਆਉ | 252 |
| ✪ | ਮੇਰਾ ਹਰਿ ਪ੍ਰਭ ਅੰਤਰਜਾਮੀ | 256 |
| ✪ | ਚਾਰਿ ਪਦਾਰਥ ਜੇ ਕੋ ਮਾਂਗੇ | 265 |
| ✪ | ਰਬ ਤਿਨ੍ਹਾਂ ਦੀ ਬੁਕਲੀ ਜੰਗਲ ਕਿਆ ਢੂੰਢੇਹ | 272 |
| ✪ | ਪੁਤੀ ਗੰਢੁ ਪਾਏ ਸੰਸਾਰ | 283 |
| ✪ | ਭਾਣੈ ਦੁਖ ਸੁਖੁ ਭੋਗੀਐ ਭਾਣੈ ਬਖਸ ਕਰੇਇ | 290 |
| ✪ | ਨਾਨਕ ਇਹ ਲਛਣ ਬ੍ਰਹਮਗਿਆਨੀ ਹੋਇ | 301 |
| ✪ | ਤਿਸ ਕੈ ਸੰਗ ਤਰੈ ਸੰਸਾਰ | 341 |
| ✪ | ਜਨ ਪਰਉਪਕਾਰੀ ਆਏ | 374 |
| ✪ | ਨਾਨਕ ਲੀਨ ਭਇਓ ਗੋਬਿੰਦ ਸਿਉ | 386 |
| ✪ | ਪੁਸਤਕ ਸੂਚੀ | 397 |


# ਕੋਟਿ-ਕੋਟਿ ਬਲਿਹਾਰੇ


- ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ, ਜਿਹਨਾਂ ਦੁਆਰਾ ਬਖਸ਼ੇ ਉੱਦਮ, ਦ੍ਰਿਸ਼ਟੀ ਅਤੇ ਮਿਹਰ ਸਦਕਾ ਇਹ ਪਵਿੱਤਰ ਕਾਰਜ ਸਿਰੇ ਚੜ੍ਹ ਸਕਿਆ।

- ਸ੍ਰੀਮਾਨ ਸੰਤ ਬਾਬਾ ਤੀਰਥ ਸਿੰਘ ਜੀ ਦਾ, ਜੋ ਹਰ ਔਕੜ, ਦੁਬਿਧਾ ਅਤੇ ਨਿਰਾਸ਼ਾ ਸਮੇਂ ਪਥਦਰਸ਼ਕ ਬਣ ਕੇ ਖੜੇ ਨਜ਼ਰ ਆਏ।

- ਬਾਬਾ ਰਣਜੋਧ ਸਿੰਘ ਜੀ ਦਾ, ਜਿਨ੍ਹਾਂ ਨੇ ਮਹਾਂਪੁਰਸ਼ਾਂ ਦੇ ਸਤਿ ਪ੍ਰਧਾਨ ਜੀਵਨ, ਨਿਤਕਰਨੀ ਅਤੇ ਪਰਉਪਕਾਰ ਉਮਾਹਾ ਬਾਰੇ ਭਰਪੂਰ ਗਿਆਨ ਬਖਸ਼ਿਆ।

- ਗੁਰਦੁਆਰਾ ਈਸ਼ਰਪੁਰੀ ਸਾਹਿਬ, ਸ਼ਾਮਚੁਰਾਸੀ ਦੇ ਸਮੂਹ ਸੇਵਕ ਅਤੇ ਸਾਧਸੰਗਤ ਜੀ ਦਾ ਜਾਣਕਾਰੀ ਹਿਤ ਸਹਿਯੋਗ ਦੇਣ ਅਤੇ ਸੇਵਾ ਦਾ ਮੌਕਾ ਬਖਸ਼ਣ ਲਈ।

- ਉਨ੍ਹਾਂ ਸਭ ਧਾਰਮਿਕ ਗ੍ਰੰਥਾਂ ਅਤੇ ਪੁਸਤਕਾਂ ਦਾ, ਜਿਨ੍ਹਾਂ ਵਿਚੋਂ ਗੁਰਵਾਕ, ਕਥਨ ਜਾਂ ਸਬੰਧਿਤ ਸਮੱਗਰੀ ਲੈਣ ਨਾਲ ਇਹ ਗ੍ਰੰਥ ਹੋਰ ਸ਼ੋਭਨੀਕ ਅਤੇ ਅਰਥ ਭਰਪੂਰ ਬਣਿਆ।

# ਵਿਰਲਾ ਪਾਏ ਕੋਇ

ਗੁਰਬਾਣੀ ਦਾ ਫ਼ੁਰਮਾਨ ਹੈ

ਅਠਸਠਿ ਤੀਰਥ ਜਹਾ ਸਾਧ ਪਗ ਧਰਹਿ ॥
ਤਹ ਬੈਕੁੰਠੁ ਜਹ ਨਾਮੁ ਉਚਰਹਿ ॥

ਕਿ ਜਿਸ ਧਰਤੀ 'ਤੇ ਸਾਧੂ ਚਰਨ ਰੱਖ ਦਿੰਦੇ ਹਨ ਉਹ ਤੀਰਥ ਹੋ ਜਾਂਦੀ ਹੈ ਅਤੇ ਜਿਥੇ ਨਾਮ ਦਾ ਉਚਾਰਨ ਕੀਤਾ ਜਾਂਦਾ ਹੈ ਉਹ ਬੈਕੁੰਠ ਬਣ ਜਾਂਦਾ ਹੈ।

ਰਾਮੁ ਬੁਲਾਵਾ ਭੇਜਿਆ ਦੀਆ ਕਬੀਰੈ ਰੋਇ ॥
ਜੋ ਸੁਖ ਸਾਧੂ ਸੰਗ ਮਹਿ ਸੋ ਬੈਕੁੰਠ ਨ ਹੋਇ ॥ (ਕਬੀਰ ਬਾਣੀ)

ਪਰਮ ਤੇਜਸਵੀ ਸੰਤ ਬਾਬਾ ਈਸ਼ਰ ਸਿੰਘ ਜੀ ਮਹਾਰਾਜ ਦੀ ਕਰੜੀ ਤਪੱਸਿਆ ਸਦਕਾ ਸਾਧੂਆਂ ਦੀ ਟਕਸਾਲ ਬਣ ਚੁੱਕੇ ਰਾੜਾ ਸਾਹਿਬ ਵਿਖੇ ਭਗਤ ਤੀਰਥ ਸਿੰਘ ਜੀ ਨੇ 1964 ਵਿਚ ਪਹੁੰਚ ਕੇ ਦੀਖਿਆ ਲਈ ਅਤੇ ਸੇਵਾ ਸਿਮਰਨ ਵਿਚ ਜੁਟ ਗਏ। ਫਕੀਰੀ ਤਿੰਨ ਤਰ੍ਹਾਂ ਦੀ ਹੁੰਦੀ ਹੈ ਰੇਖ ਦੀ, ਭੇਖ ਦੀ ਅਤੇ ਪਿੱਛਾ ਮੁੜ ਮੁੜ ਵੇਖਦੀ। ਭਗਤ ਤੀਰਥ ਸਿੰਘ ਜੀ ਅਜਿਹਾ ਆਏ ਕਿ ਮੁੜ ਪਿਛਾਂਹ ਨਾ ਵੇਖਿਆ ਅਤੇ ਮਹਾਂਪੁਰਖਾਂ ਦਾ ਹੁਕਮ ਕਮਾਉਣਾ ਹੀ ਜ਼ਿੰਦਗੀ ਦਾ ਉਦੇਸ਼ ਬਣਾ ਲਿਆ।

ਹੁਕਮਿ ਮੰਨਿਐ ਹੋਵੈ ਪਰਵਾਣੁ ਤਾ ਖਸਮੈ ਕਾ ਮਹਲੁ ਪਾਇਸੀ ॥
(ਮ:1-471)

ਮਨ ਵਿਚ ਗਰੀਬੀ ਰੱਖ ਕੇ ਘੱਟ ਸੌਣਾ, ਘੱਟ ਖਾਣਾ ਅਤੇ ਘੱਟ ਬੋਲਣਾ ਜਿਹੇ ਉੱਤਮ ਗੁਣ ਧਾਰਨ ਕੀਤੇ ਅਤੇ ਕਿਸੇ ਨੂੰ ਆਪਣੇ ਨਗਰ ਜਾਂ ਘਰ-ਬਾਰ ਵਾਰੇ ਨਹੀਂ ਦੱਸਿਆ ਕਿਉਂਕਿ ਸਾਧੂ ਮੁਰਦਾ ਹੋ ਜਾਂਦਾ ਹੈ।

ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ ॥
ਸਾਬਰੁ ਸਿਦਕ ਸ਼ਹੀਦ ਭਰਮ ਭਉ ਖੋਵਣਾ ॥
ਗੋਲਾ ਮੁਲ ਖਰੀਦ ਕਾਰੇ ਜੋਵਣਾ ॥
ਨਾ ਤਿਸ ਭੁਖ ਨ ਨੀਂਦ ਨ ਖਾਣਾ ਸੋਵਣਾ ॥ (ਭਾਈ ਗੁਰਦਾਸ ਜੀ)



ਸੰਤ ਬਾਬਾ ਤੀਰਥ ਸਿੰਘ ਜੀ ਲਈ ਤਾਂ ਪਰਮੇਸ਼ਰ ਹੀ ਸਭ ਕੁਝ ਸੀ। ਉਨ੍ਹਾਂ ਬਾਰਾਂ ਸਾਲ ਰਾੜਾ ਸਾਹਿਬ ਵਿਖੇ ਤਨੋ-ਮਨੋ ਸੇਵਾ ਕੀਤੀ ਅਤੇ ਸੰਤ ਬਾਬਾ ਈਸ਼ਰ ਸਿੰਘ ਜੀ ਦੁਆਰਾ ਦਰਸਾਏ ਮਾਰਗ 'ਤੇ ਚੱਲਦਿਆਂ ਅਜਿਹੀ ਬੰਦਗੀ ਕੀਤੀ ਕਿ ਸੰਤਪਦ ਨੂੰ ਪ੍ਰਾਪਤ ਹੋ ਗਏ।

ਭਾਈ ਰੇ ਦਾਸਨਿਦਾਸਾ ਹੋਇ ॥
ਗੁਰ ਕੀ ਸੇਵਾ ਗੁਰ ਭਗਤਿ ਹੈ ਵਿਰਲਾ ਪਾਏ ਕੋਇ ॥ (ਮ: 3-66)

1976 ਵਿਚ ਸੰਤ ਬਾਬਾ ਕਿਸ਼ਨ ਸਿੰਘ ਜੀ ਰਾੜਾ ਸਾਹਿਬ ਵਾਲਿਆਂ ਦਾ ਹੁਕਮ ਮੰਨ ਕੇ ਸ਼ਾਮਚੁਰਾਸੀ ਵਿਖੇ ਸੇਵਾ ਲਈ ਆਏ ਅਤੇ ਦਿਨ ਰਾਤ ਦੀ ਕਰੜੀ ਤਪੱਸਿਆ ਸਦਕਾ ਇਸ ਧਰਤੀ ਨੂੰ ਬੈਕੁੰਠ ਬਣਾ ਦਿੱਤਾ ਅਤੇ ਕੋਈ ਵੀ ਦਰਸ਼ਨ ਅਭਿਲਾਸ਼ੀ ਨਿਹਾਲ ਹੋਏ ਬਿਨਾ ਨਾ ਰਹਿ ਸਕਿਆ।

ਸਾਧ ਨਦੀ ਅਰੁ ਮੇਘਲਾ ਚਲੇ ਭੁਯੰਗਮ ਚਾਲ ॥
ਰਜਬ ਜਹ ਪਗ ਧਰਹਿ ਤਹਿ ਤਹਿ ਕਰਤ ਨਿਹਾਲ। (ਰਜਬ ਜੀ)

ਐਸਾ ਜੀਵਨ ਜੀਵਿਆ ਕਿ ਅਮਰ ਹੋ ਗਏ। ਜੀਵਨ ਕਹਿੰਦੇ ਹੀ ਉਸ ਨੂੰ ਨੇ, ਜਿਸ ਦੀ ਕਦੇ ਮੌਤ ਨਾ ਹੋਵੇ। ਅਜਿਹੇ ਜੀਵਨ ਵਾਲੇ ਹੀ ਧੰਨਤਾ ਦੇ ਯੋਗ ਹੁੰਦੇ ਨੇ ਜੋ ਸਰੀਰ ਨਾ ਰਹਿਣ ਦੇ ਬਾਵਜੂਦ ਵੀ ਸਜੀਵ ਕਾਲ ਤੱਕ ਰਹਿੰਦੇ ਹਨ ਕਿਉਂਕਿ ਜਿਉਂਦੇ ਜੀਅ ਉਹ ਗੁਰਸ਼ਬਦ ਦੀ ਕਮਾਈ ਕਰਕੇ, ਸ਼ਬਦ ਵਿਚ ਜਿਉਂਦਿਆਂ, ਸ਼ਬਦ ਵਿਚ ਸਮਾ ਕੇ ਸ਼ਬਦ ਰੂਪ ਹੀ ਹੋ ਜਾਂਦੇ ਹਨ ਅਤੇ ਉਨ੍ਹਾਂ ਅੰਦਰ ਪਰਉਪਕਾਰ ਦਾ ਉਮਾਹਾ ਬਣਿਆ ਰਹਿੰਦਾ ਹੈ। ਉਨ੍ਹਾਂ ਦਾ ਜੀਵਨ ਰੁੱਖ ਵਾਂਗ ਹੁੰਦਾ ਹੈ-ਆਪ ਦੁੱਖ ਸਹਿ ਦੂਜਿਆਂ ਨੂੰ ਸੁੱਖ ਦੇਣ ਵਾਲਾ। ਆਪ ਤਪਸ਼ ਸਹਿ, ਤਪਦੇ ਰਾਹੀਆਂ ਨੂੰ ਠੰਡੀ ਛਾਂ ਦੇਣ ਵਾਲਾ। ਅਜਿਹੀ ਨਾਮ ਦੇ ਵਿਸਮਾਦੀ ਰੰਗ ਰਤੀ ਰੂਹ ਪੂਜਣਯੋਗ ਹੁੰਦੀ ਹੈ।

ਵਾਹੁ ਵਾਹੁ ਕਰਹਿ ਸੇਈ ਜਨ ਸੋਹਣੇ
ਤਿਨ੍ ਕਉ ਪਰਜਾ ਪੂਜਣ ਆਈ ॥ (ਮ:3-514)

ਸੰਤ ਬਾਬਾ ਤੀਰਥ ਸਿੰਘ ਜੀ ਸਾਰੀ ਉਮਰ ਰਾੜਾ ਸਾਹਿਬ ਦੀ ਮਰਿਯਾਦਾ ਅਨੁਸਾਰ ਰਾਤ ਦੇ ਪਹਿਲੇ ਪਹਿਰ ਸਿਮਰਨ ਕਰਨ ਲਈ ਉੱਠਦੇ ਰਹੇ। ਉਨ੍ਹਾਂ

ਪਰਉਪਕਾਰ, ਸੇਵਾ ਅਤੇ ਇਕ ਉਂਕਾਰ ਦੇ ਸਿਮਰਨ ਨੂੰ ਹੀ ਜੀਵਨ ਬਣਾ ਲਿਆ।

ਜਪਹੁ ਤ ਏਕੋ ਨਾਮਾ ॥
ਅਵਰਿ ਨਿਰਾਫਲ ਕਾਮਾ ॥ (ਮ:1-728)

ਅਜਿਹੇ ਸੁਆਸ ਸੁਆਸ ਪ੍ਰਭੂ ਦਾ ਨਾਮ ਧਿਆਉਣ ਵਾਲੇ, ਕਰਨੀ ਪ੍ਰਧਾਨ ਪਰਉਪਕਾਰੀ ਅਤੇ ਸੇਵਾ ਸਿਮਰਨ ਦੇ ਸੁਮੇਲ ਭਰੇ ਜੀਵਨ ਨੂੰ ਸੰਗਤਾਂ ਸਾਹਵੇਂ ਲਿਆਉਣ ਦਾ ਉਦਮ ਜ਼ਰੂਰੀ ਸੀ ਜੋ 'ਕਥਾ ਨਿਰਾਰੀ ਰੇ' ਦੇ ਰੂਪ ਵਿਚ ਕੀਤਾ ਗਿਆ। ਗੁਰੂ ਨਾਨਕ ਪਾਤਸ਼ਾਹ ਮਿਹਰ ਕਰਨ, ਇਸ ਪੂਰਨਤਾ ਭਰੇ ਜੀਵਨ ਤੋਂ ਸੰਗਤਾਂ ਆਤਮਿਕ ਸੇਧ ਪ੍ਰਾਪਤ ਕਰਕੇ ਉਸ ਪਰਮ ਨਾਲ ਆਪਣੀ ਆਤਮਾ ਜੋੜ ਕੇ ਪਰਮ-ਆਤਮਾ (ਪਰਮਾਤਮਾ) ਵਿਚ ਸਮਾਉਣ ਵਾਲਾ ਰਾਹ ਅਖਤਿਆਰ ਕਰ ਸਕਣ।

ਗੁਰੂ ਸੰਗਤ ਦੇ ਦਾਸ
ਹਰਨੇਕ ਸਿੰਘ ਲੰਗਰ ਵਾਲੇ (ਸੰਤ)
ਗੁਰਦੁਆਰਾ ਈਸ਼ਰਪੁਰੀ ਸਾਹਿਬ
ਸ਼ਾਮਚੁਰਾਸੀ



# ਪੂਰਨੁ ਸੋਈ ਸੰਤ

ਭਗਤਿ ਭਾਵ ਇਹੁ ਮਾਰਗੁ ਬਿਖੜਾ ਗੁਰਦੁਆਰੈ ਕੋ ਪਾਵਏ ।!
ਕਹੈ ਨਾਨਕੁ ਜਿਸੁ ਕਰੇ ਕਿਰਪਾ ਸੋ ਹਰਿ ਭਗਤੀ ਚਿਤੁ ਲਾਵਏ ॥
(ਮ: 3-440)

ਜਿਹਨਾਂ ਦੀ ਬਿਰਤੀ ਪ੍ਰਭੂ ਚਰਨਾਂ ਵਿਚ ਜੁੜ ਜਾਂਦੀ ਹੈ, ਹੱਥ ਪੈਰ ਸੇਵਾ ਵਿਚ ਲਗ ਜਾਂਦੇ ਹਨ, ਨੈਣਾਂ ਵਿਚ ਪ੍ਰਭੂ ਮਿਲਨ ਦੀ ਤਾਂਘ ਰਹਿੰਦੀ ਹੈ, ਕੰਨ ਹਰੀ ਜਸ ਸਿਵਾਏ ਕੁਝ ਹੋਰ ਨਹੀਂ ਸੁਣਦੇ ਅਤੇ ਰਸਨਾ ਪ੍ਰਭੂ ਦੇ ਗੁਣ ਗਾਉਣ ਵਿਚ ਹੀ ਮਘਨ ਰਹਿੰਦੀ ਹੈ ਉਹ ਪੂਰਨਤਾ ਨੂੰ ਪ੍ਰਾਪਤ ਹੋ ਜਾਂਦੇ ਹਨ ਅਤੇ ਅਜਿਹੇ ਪੂਰਨ ਸਾਧੂ ਦੀ ਮਹਿਮਾ ਵਖਿਆਨ ਨਹੀਂ ਕੀਤੀ ਜਾ ਸਕਦੀ।

ਸਾਧ ਕੀ ਮਹਿਮਾ ਬੇਦ ਨ ਜਾਨਹਿ ।
ਜੇਤਾ ਸੁਨਹਿ ਤੇਤਾ ਬਖਿਆਨਹਿ ॥ (ਮ:5-272)

ਅਜਿਹੇ ਹੀ ਪੂਰਨ ਪੁਰਖ ਸਨ ਸੰਤ ਬਾਬਾ ਤੀਰਥ ਸਿੰਘ ਜੀ ਸ਼ਾਮਚੁਰਾਸੀ ਵਾਲੇ। ਜੋ ਕਲਯੁਗੀ ਜੀਵਾਂ ਦੇ ਭਲੇ ਲਈ ਹਰੀ ਪ੍ਰਮਾਤਮਾ ਦੇ ਉਪਦੇਸ਼ ਨੂੰ ਦ੍ਰਿੜ ਕਰਵਾ ਕੇ ਹਰਿ ਨਾਮ ਦੇ ਬੋਹਿਥ ਰਾਹੀਂ ਇਸ ਭਵ ਸਾਗਰ ਤੋਂ ਪਾਰ ਹੋਣ ਦਾ ਸਾਧਨ ਦੱਸ ਕੇ ਪਰਉਪਕਾਰ ਕਰਦੇ ਰਹੇ।

ਓਇ ਪੁਰਖ ਪ੍ਰਾਣੀ ਧੰਨਿ ਜਨ ਹਰਿ
ਉਪਦੇਸੁ ਕਰਹਿ ਪਰਉਪਕਾਰਿਆ ॥
ਹਰਿ ਨਾਮੁ ਦ੍ਰਿੜਾਵਹਿ ਹਰਿ ਨਾਮੁ ਸੁਣਾਵਹਿ
ਹਰਿ ਨਾਮੇ ਜਗੁ ਨਿਸਤਾਰਿਆ ॥ (ਮ: 4-311)

ਅਜਿਹੇ ਪ੍ਰਮਾਤਮਾ ਸਰੂਪ ਮਹਾਂਪੁਰਸ਼ਾਂ ਦਾ ਜੀਵਨ ਪੜਨ ਨਾਲ ਅੰਮ੍ਰਿਤ, ਸਤਿਸੰਗਤ ਗੁਰਬਾਣੀ ਨਾਮ ਸਿਮਰਨ ਅਤੇ ਸੇਵਾ ਦੀ ਪ੍ਰੇਰਣਾ ਮਿਲਦੀ ਹੈ ਅਤੇ ਜੇਕਰ ਸ਼ਰਧਾ, ਨਿਸ਼ਚੇ ਅਤੇ ਭਾਵਨਾ ਨਾਲ ਪੜ੍ਹਿਆ ਜਾਵੇ ਤਾਂ ਜੀਵਨ ਬਦਲਣ ਦੇ ਸਮਰੱਥ ਹੁੰਦਾ ਹੈ ਕਿਉਂ ਕਿ ਇਹ ਕਥਾਵਾਂ ਪੜਨ ਨਾਲ ਨਿਰੰਕਾਰ ਦੀ ਪ੍ਰਾਪਤੀ ਅਤੇ ਜੀਵ ਦੇ ਜੀਵਨ ਮੰਤਵ ਨੂੰ ਪ੍ਰਾਪਤ ਕਰਨ ਲਈ ਉਤਸ਼ਾਹ ਮਿਲਦਾ ਹੈ। ਆਸ ਹੈ ਕਿ ਗੁਰਮਤਿ-ਮੁਤਲਾਸ਼ੀ ਸੰਤ ਬਾਬਾ ਤੀਰਥ ਸਿੰਘ ਜੀ ਦੇ ਜੀਵਨ ਤੇ ਆਧਾਰਤ ਗ੍ਰੰਥ 'ਕਥਾ ਨਿਰਾਰੀ ਰੇ' ਪੜ੍ਹ ਕੇ ਉਸ ਅਗੰਮੀ ਜੋਤ ਵਿਚ ਅਭੇਦ ਹੋਣ ਲਈ ਸੇਧਾਂ ਲੈਣਗੇ।

ਗੁਰੂ ਪੰਥ ਦੇ ਦਾਸ
ਮਲਕੀਤ ਸਿੰਘ (ਸੰਤ)
ਗੁਰਦੁਆਰਾ ਜਬੜ ਸਾਹਿਬ

# ਧੰਨੁ ਧੰਨ ਧੰਨੁ ਜਨੁ ਆਇਆ ॥
# ਜਿਸ ਪ੍ਰਸਾਦਿ ਸਭੁ ਜਗਤੁ ਤਰਾਇਆ ॥

ਜਦ ਹਨੇਰ ਵਿਚ ਸੁਲਘਦੇ ਮਨਾਂ ਨੂੰ ਰੌਸ਼ਨੀ ਦੀ ਭਾਲ ਹੁੰਦੀ ਹੈ, ਭਟਕਣ ਦੇ ਸ਼ਹਿਰ ਵਿਚ ਉਲਝੇ ਪੈਰਾਂ ਨੂੰ ਮੰਜ਼ਿਲ ਦੀ ਚਾਹ ਹੁੰਦੀ ਹੈ। ਦੁਬਿਧਾ 'ਚ ਘਿਰਿਆ ਸੋਚਾਂ ਨੂੰ ਦਿਸ਼ਾ ਦੀ ਲੋੜ ਹੁੰਦੀ ਹੈ ਤਾਂ ਰੱਬ ਦੇ ਪਿਆਰੇ ਉਸਦੇ ਹੁਕਮ ਅੰਦਰ ਬ੍ਰਹਮੀ ਜੋਤ ਚੋਂ ਕਾਲੇ ਬੋਲੇ ਅੰਬਰਾਂ 'ਤੇ ਸੱਚ ਦੇ ਸੂਰਜ ਵਾਂਗ ਪ੍ਰਗਟ ਹੁੰਦੇ ਹਨ।

ਸਾਧ ਰੂਪ ਅਪਨਾ ਤਨੁ ਧਾਰਿਆ ॥
ਮਹਾ ਅਗਨਿ ਤੇ ਆਪਿ ਉਬਾਰਿਆ ॥ (ਮ:5-1005)

ਤਾਂ ਕਿ ਹਨੇਰ-ਮਨ ਰੁਸ਼ਨਾਉਣ ਲਈ, ਉਲਝਣਾ ਸੁਲਝਾਉਣ ਲਈ ਅਤੇ ਸਹੀ ਦਿਸ਼ਾ ਦਿਖਾਉਣ ਲਈ ਚਾਨਣ ਮੁਨਾਰਾ ਬਣਿਆ ਜਾ ਸਕੇ। ਐਸੇ ਮਹਾਂਪੁਰਸ਼ ਆਪਣਾ ਸਾਰਾ ਜੀਵਨ ਗੁਰਮਤਿ ਆਸ਼ੇ ਅਨੁਸਾਰ ਸੇਵਾ ਅਤੇ ਸਿਮਰਨ ਵਿਚ ਬਿਤਾਉਂਦੇ ਹਨ। ਪੂਰਨ ਬ੍ਰਹਮ ਗਿਆਨੀ ਸੰਤ ਬਾਬਾ ਤੀਰਥ ਸਿੰਘ ਜੀ ਵੀ ਪਹਿਲੀ ਪਾਤਸ਼ਾਹੀ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਮਿਸ਼ਨ "ਨਾਮ ਜਪੋ, ਕਿਰਤ ਕਰੋ, ਵੰਡ ਛਕੋ" ਘਰ-ਘਰ ਪਹੁੰਚਾਣ ਹਿਤ ਹੀ ਧਰਤੀ ਤੇ ਆਏ ਅਤੇ ਅਣਗਿਣਤ ਜਗਿਆਸੂਆਂ ਨੂੰ ਪ੍ਰਭੂ ਚਰਨਾਂ ਨਾਲ ਜੋੜਕੇ ਮੁੜ ਅਗੰਮੀ ਜੋਤ ਵਿਚ ਲੀਨ ਹੋ ਗਏ। ਅਜਿਹੇ ਪੂਰਨ ਪੁਰਖ :

ਹਰਿ ਕਾ ਸੰਤੁ ਸਤਗੁਰੁ ਸਤਪੁਰਖਾ ਜੋ ਬੋਲੇ ਹਰਿ ਹਰਿ ਬਾਨੀ ॥
(ਮ :4-667)

ਦਾ ਜੀਵਨ ਸਤਿ ਦੇ ਖੋਜੀਆਂ ਲਈ ਆਦਰਸ਼ਕ ਹੁੰਦਾ ਹੈ, ਨਿਮਰਤਾ ਮਿਠਾਸ ਅਤੇ ਤਜ਼ਰਬੇ ਪ੍ਰਭੂ ਮਿਲਾਪ ਲਈ ਸੇਧ ਹੁੰਦੇ ਹਨ ਜਿਨ੍ਹਾਂ ਨੂੰ ਸੰਗਤਾਂ ਤੱਕ ਪਹੁੰਚਾਉਣਾ ਸਮੇਂ ਦੀ ਮੁੱਖ ਲੋੜ ਸੀ ਜਿਸ ਦਾ ਉਪਰਾਲਾ 'ਕਥਾ ਨਿਰਾਰੀ ਰੇ' ਦੇ ਰੂਪ ਵਿਚ ਕੀਤਾ ਗਿਆ ਹੈ ਜੋ ਕਿ ਗੁਰਮਤਿ ਪਾਂਧੀਆਂ ਲਈ ਬਹੁਤ ਲਾਭਦਾਇਕ ਸਿੱਧ ਹੋਣ ਦੀ ਆਸ ਹੈ।

ਗੁਰੂ ਪੰਥ ਦੇ ਰਿਣੀ
ਨਿਰੰਜਨ ਸਿੰਘ (ਸੰਤ)
ਗੁਰਦੁਆਰਾ ਪੰਜ ਤੀਰਥ ਪ: ਛੇਵੀਂ
ਜੰਡੂ ਸਿੰਘਾ (ਜਲੰਧਰ)



# ਕਥਾ ਨਿਰਾਰੀ ਰੇ

ੴ ਸਤਿਨਾਮ ਕਰਤਾਪੁਰਖੁ ਨਿਰਭਉ ਨਿਰਵੈਰੁ
ਅਕਾਲਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ ਕਿ ਪ੍ਰਮਾਤਮਾ ਦਾ ਕੋਈ ਆਕਾਰ ਨਹੀਂ ਉਹ ਨਿਰਾਕਾਰ ਹੈ। ਉਸ ਦਾ ਕੋਈ ਰੂਪ ਨਹੀਂ, ਉਹ ਅਰੂਪ ਹੈ। ਜਦ ਪ੍ਰਮਾਤਮਾ ਦਾ ਕੋਈ ਆਕਾਰ ਹੀ ਨਹੀਂ, ਜਦ ਕੋਈ ਰੂਪ ਹੀ ਨਹੀਂ ਤਾਂ ਉਸ ਦੇ ਦਰਸ਼ਨ ਕਿਵੇਂ ਹੋ ਸਕਦੇ ਹਨ। ਅੱਖਾਂ ਤਾਂ ਉਸ ਨੂੰ ਹੀ ਵੇਖ ਸਕਣਗੀਆਂ ਜਿਸ ਦਾ ਕੋਈ ਆਕਾਰ ਹੋਵੇਗਾ, ਕੋਈ ਰੂਪ ਹੋਵੇਗਾ। ਸੱਚ ਤਾਂ ਇਹ ਹੈ ਕਿ ਨਿਰਾਕਾਰ ਪ੍ਰਮਾਤਮਾ, ਅਰੂਪ ਪ੍ਰਮਾਤਮਾ ਸੰਤਾਂ ਦੇ ਰੂਪ ਵਿਚ ਪ੍ਰਗਟ ਹੁੰਦਾ ਹੈ ਕਿਉਂ ਜੋ ਸੰਤ ਸਰੀਰ ਕਰਕੇ ਨਹੀਂ ਸ਼ਬਦ ਕਰਕੇ ਹੁੰਦੇ ਹਨ। ਉਨ੍ਹਾਂ ਦੀ ਆਤਮਾ ਪ੍ਰਮਾਤਮਾ ਵਿਚ ਲੀਨ ਹੋ ਚੁੱਕੀ ਹੁੰਦੀ ਹੈ। ਨਿਹਚਲ ਅਕਾਲ ਪੁਰਖ ਦੀ ਭਗਤੀ ਕਰਦੇ ਕਰਦੇ ਉਹ ਵੀ ਨਿਹਚਲ ਹੋ ਚੁੱਕੇ ਹੁੰਦੇ ਹਨ। ਹਰੀ ਜਸ ਕਰਦੇ ਕਰਦੇ ਹਰੀ ਰੂਪ ਹੋ ਚੁੱਕੇ ਹੁੰਦੇ ਹਨ॥

ਹਰਿ ਕਾ ਸੇਵਕੁ ਸੋ ਹਰਿ ਜੇਹਾ ॥
ਭੇਦੁ ਨ ਜਾਣਹੁ ਮਾਣਸ ਦੇਹਾ ॥ (ਮ : 5-1076)

ਅਜਿਹੇ ਪ੍ਰਮਾਤਮਾ ਨਾਲ ਅਭੇਦ ਹੋ ਚੁੱਕੇ ਸੰਤ ਉਹੀ ਬੋਲਦੇ ਹਨ, ਜੋ ਉਨ੍ਹਾਂ ਅੱਖੀਂ ਡਿੱਠਾ ਹੁੰਦਾ ਹੈ। ਹਰੀ ਨੂੰ ਵੈਸਾ ਹੀ ਵਖਿਆਨਦੇ ਹਨ, ਜਿਹੋ ਜਿਹਾ ਵੇਖਿਆ ਹੁੰਦਾ ਹੈ।

ਸੰਤਨ ਕੀ ਸੁਣਿ ਸਾਚੀ ਸਾਖੀ।
ਸੋ ਬੋਲਹਿ ਜੋ ਪੇਖਹਿ ਆਖੀ ॥ (ਮ:5-894)

ਪ੍ਰਮਾਤਮਾ ਨੂੰ ਵਖਿਆਨ ਵੀ ਉਹੀ ਸਕਦਾ ਹੈ, ਜਾਣ ਵੀ ਉਹੀ ਸਕਦਾ ਹੈ ਜੋ ਪ੍ਰਭੂ ਦੇ ਮਨ ਨੂੰ ਭਾ ਜਾਂਦਾ ਹੈ। ਅਜਿਹੇ ਪ੍ਰਮੇਸ਼ਰ ਦੇ ਮਨ ਭਾ ਚੁੱਕੇ ਸੰਤਾਂ ਦੀ, ਪ੍ਰਮੇਸ਼ਰ ਨਾਲ ਅਭੇਦ ਹੋ ਚੁੱਕੇ ਮਹਾਂਪੁਰਸ਼ਾਂ ਦੀ ਕਥਾ ਬੜੀ ਹੀ ਨਿਰਾਲੀ ਹੁੰਦੀ ਹੈ।

ਹਰਿ ਕੇ ਸੇਵਕ ਜੋ ਹਰਿ ਭਾਏ
ਤਿਨ੍ਕੀ ਕਥਾ ਨਿਰਾਰੀ ਰੇ ॥
ਆਵਹਿ ਨ ਜਾਹਿ ਨ ਕਬਹੂ ਮਰਤੇ
ਪਾਰਬ੍ਰਹਮ ਸੰਗਾਰੀ ਰੇ ॥ (ਕਬੀਰ ਜੀ, 855)

ਅਜਿਹੇ ਮਹਾਂਪੁਰਸ਼ ਜਿਨ੍ਹਾਂ ਦੇ ਹਿਰਦੇ ਵਿਚ ਪ੍ਰਭੂ ਦਾ ਵਾਸ ਹੋ ਜਾਂਦਾ ਹੈ ਜੋ ਪ੍ਰਭੂ ਨਾਲ ਅਭੇਦ ਹੋ ਜਾਂਦੇ ਹਨ ਉਹਨਾਂ ਦੀ ਕਥਾ ਅਕੱਥ ਹੁੰਦੀ ਹੈ। ਅਜਿਹੇ ਰੱਬ ਦੇ ਪਿਆਰਿਆਂ ਦੀ ਮਹਿਮਾ ਵਰਣਨ ਨਹੀਂ ਕੀਤੀ ਜਾ ਸਕਦੀ।

ਜਿਸ ਨੋ ਹਰਿ ਸੁਪ੍ਰਸੰਨੁ ਹੋਇ
ਸੋ ਹਰਿ ਗੁਣਾ ਰਵੈ ਸੋ ਭਗਤੁ ਸੋ ਪਰਵਾਨੁ ॥
ਤਿਸ ਕੀ ਮਹਿਮਾ ਕਿਆ ਵਰਨੀਐ
ਜਿਸ ਕੈ ਹਿਰਦੈ ਵਸਿਆ ਹਰਿ ਪੁਰਖੁ ਭਗਵਾਨੁ ॥ (ਮ:4-734)

ਕਿਉਂਕਿ ਵਰਨਣ ਉਸਨੂੰ ਕੀਤਾ ਜਾ ਸਕਦਾ ਹੈ ਜਿਸ ਨੂੰ ਜਾਣ ਲਿਆ ਹੋਵੇ। ਕੁਝ ਜਾਨਣ ਲਈ ਉਸਦੇ ਹਾਣ ਦਾ ਹੋਣਾ ਪੈਂਦਾ ਹੈ। ਸਮੁੰਦਰ ਬਾਰੇ ਲਿਖਣ ਲਈ ਸਮੁੰਦਰ ਹੋਣਾ ਪਵੇਗਾ। ਅਸੀਂ ਅਭਾਗੇ ਤਾਂ ਅਜੇ ਤੱਕ ਮਛਲੀ ਵੀ ਨਹੀਂ ਬਣ ਪਾਏ ਕਿ ਪਾਣੀ ਬਿਨਾ ਤੜਫਣ ਮਹਿਸੂਸ ਹੁੰਦੀ। ਕੰਢੇ 'ਤੇ ਖੜ੍ਹੇ ਹੋ ਕੇ ਸਮੁੰਦਰ ਬਿਆਨਣ ਦਾ ਜਤਨ ਕੀਤਾ ਹੈ। ਊਣੇ ਹੋ ਕੇ ਭਰਿਆਂ ਬਾਰੇ ਲਿਖਿਆ ਹੈ। ਧੂੜ ਨੇ ਅਸਮਾਨ ਵੱਲ ਤੱਕਿਆ ਹੈ। ਸੋਚ ਇਹੀ ਸੀ ਕਿ

ਮਾਣ ਨਿਮਾਣੇ ਤੂੰ ਧਣੀ ਤੇਰਾ ਭਰਵਾਸਾ ॥

ਜੇ ਜਤਨਾਂ ਸਦਕਾ ਕੁਝ ਸਤਰਾਂ ਲਿਖਣ ਵਿਚ ਸਫਲ ਹੋਏ ਹਾਂ ਤਾਂ ਇਹ ਗੁਰੂ ਘਰ ਦੀ ਕਿਰਪਾ ਹੀ ਹੈ ਜੋ ਗੂੰਗੇ ਤੋਂ ਗੀਤਾਂ ਦੇ ਅਰਥ ਕਰਵਾਉਣ ਦੇ ਸਮਰੱਥ ਹੈ ਅਤੇ ਜਿੱਥੇ ਕਿਤੇ ਗੁਰਮਤਿ ਦੀ ਤਾਲ ਤੋਂ ਥਿੜਕੇ ਹਾਂ ਉਹ ਕਿਰਪਾ ਥੱਲੇ ਲੁਕੀਆਂ ਸਾਡੀਆਂ ਮੂਰਖਮੱਤਾਂ ਦਾ ਇਵਜਾਨਾਂ ਹੀ ਹੈ। ਵਿਸ਼ੇਸ਼ ਇਹ ਹੈ ਕਿ ਇਸ ਗ੍ਰੰਥ ਵਿਚਲੀ ਹਰ ਘਟਨਾ ਨਿਰੋਲ ਸੱਚ ਹੈ, ਜਗਬੀਤੀ ਨਾ ਹੋ ਕੇ ਹੱਡਬੀਤੀ ਹੈ ਕਿਉਂਕਿ ਸੇਵਕਾਂ ਦੁਆਰਾ ਆਪਣੇ ਮੂੰਹੋਂ ਬਿਆਨਣ 'ਤੇ ਹੀ ਕਲਮਬੰਦ ਕੀਤੀ ਗਈ ਹੈ। ਬਖਸ਼ਣਹਾਰਿਓ, ਭੁੱਲਾਂ ਨਾ ਚਿਤਾਰਨਾ। ਮਾਣ ਵਾਲਿਓ, ਨਿਮਾਣਿਆਂ



ਦੀਆਂ ਧਰਤੀ 'ਤੇ ਰਹਿ ਕੇ ਅਸਮਾਨ ਬਾਰੇ ਪਾਈਆਂ ਬਾਤਾਂ ਨੂੰ ਕਬੂਲਣਾ। ਜੋ ਸਮਰੱਥ ਗੁਰੂ ਨੇ ਸਿਰ ਤੇ ਮਿਹਰ ਭਰਿਆ ਹੱਥ ਰੱਖ ਕੇ ਲਿਖਾਇਆ ਹੈ ਪ੍ਰੇਮ ਸਹਿਤ ਪ੍ਰਵਾਨਣਾ।

ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ ॥
ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ ॥ (ਮ:1-1291)

ਧੰਨ-ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲ ਇਕ ਜੋਤ ਪੂਰਨ ਬ੍ਰਹਮਗਿਆਨੀ ਸੰਤ ਬਾਬਾ ਤੀਰਥ ਸਿੰਘ ਜੀ ਦੇ ਜੀਵਨ 'ਕਥਾ ਨਿਰਾਰੀ ਰੇ' ਵਿਚਲੀਆਂ ਸੱਚੀਆਂ ਸੁੱਚੀਆਂ ਸੇਧਾਂ ਅਨੁਸਾਰ ਵਿਵਹਾਰਕ ਜੀਵਨ ਢਾਲਣ ਦੇ ਨਾਲ-ਨਾਲ ਬਿਰਤੀ ਨੂੰ ਪ੍ਰਭੂ-ਚਰਨਾਂ ਵਿਚ ਇਕਾਗਰ ਕਰਕੇ ਸਾਡੇ ਜਤਨਾਂ ਨੂੰ ਸਫਲ ਬਣਾਉਣਾ।

ਸਾਧ ਸੰਗਤ ਦੇ ਚਰਨਾਂ ਦੀ ਧੂੜ
ਦਾਸ

# ਪੂਰਨ ਸਾਧੂ ਦੇ ਛੇ ਲੱਛਣ

ਮੰਤ੍ਰੰ ਰਾਮ ਰਾਮ ਨਾਮੰ ਧਾਨੰ ਸਰਬਤ੍ਰ ਪੂਰਨਹ ॥
ਗਾਨੰ ਸਮ ਦੁਖ ਸੁਖੰ ਜੁਗਤਿ ਨਿਰਮਲ ਨਿਰਵੈਰਣਹ ॥
ਦਯਾਲੰ ਸਰਬਤ੍ਰ ਜੀਅ ਪੰਚ ਦੋਖ ਬਿਵਰਜਿਤਹ ॥
ਭੋਜਨੰ ਗੋਪਾਲ ਕੀਰਤਨੰ ਅਲਪ ਮਾਯਾ ਜਲ ਕਮਲ ਰਹਤਹ ॥
ਉਪਦੇਸੰ ਸਮ ਮਿਤ੍ਰ ਸਤ੍ਰਹ ਭਗਵੰਤ ਭਗਤਿ ਭਾਵਨੀ ॥
ਪਰਨਿੰਦਾ ਨਹ ਸ੍ਰੋਤਿ ਸ੍ਰਵਣੰ ਆਪੁ ਤ੍ਰਿਾਗਿ ਸਗਲ ਰੇਣੁਕਹ ॥
ਖਟ ਲਖਣ ਪੂਰਨੰ ਪੁਰਖਹ ਨਾਨਕ ਨਾਮ ਸਾਧ ਸ੍ਵਜਨਹ ॥

(ਮ:1–1347)



# ਸੰਤ ਸੰਪਰਦਾਇਤਾ

ਨਾ ਸੂਰਜ ਸੀ, ਨਾ ਚੰਦ ਸੀ। ਨਾ ਜ਼ਮੀਨ ਸੀ, ਨਾ ਆਸਮਾਨ ਸੀ। ਨਾ ਦਿਨ ਸੀ ਨਾ ਰਾਤ ਸੀ। ਜੇ ਸੀ ਤਾਂ ਬਸ ਚੁੱਪ ਹੀ ਚੁੱਪ, ਧੁੰਦ ਹੀ ਧੁੰਦ ਸੀ।

ਅਰਬਦ ਨਰਬਦ ਧੁੰਧੂਕਾਰਾ ॥
ਧਰਣਿ ਨ ਗਗਨਾ ਹੁਕਮੁ ਅਪਾਰਾ ॥
ਨ ਦਿਨੁ ਰੈਨਿ ਨ ਚੰਦੁ ਨ ਸੂਰਜੁ ਸੁੰਨ ਸਮਾਧਿ ਲਗਾਇਦਾ ॥
ਖਾਣੀ ਨ ਬਾਣੀ ਪਉਣ ਨ ਪਾਣੀ ॥
ਉਪਤਿ ਖਪਤਿ ਨ ਆਵਣ ਜਾਣੀ ॥
ਖੰਡ ਪਤਾਲ ਸਪਤ ਨਹੀਂ ਸਾਗਰ ਨਦੀ ਨ ਨੀਰੁ ਵਹਾਇਦਾ ॥

(ਮ:1–1035)

ਅਜਿਹੀ ਸੁੰਨ ਅਵਸਥਾ ਵਿਚ ਸ਼ਬਦ ਹੀ ਸੀ ਜਿਸਦੇ ਆਧਾਰ 'ਤੇ ਕੋਈ ਹਰਕਤ ਹੋ ਸਕਦੀ ਸੀ। ਸ੍ਰਿਸ਼ਟੀ ਰਚਣਹਾਰੇ ਨੇ ਸ਼ਬਦ ਉਚਾਰਿਆ ਅਤੇ ਲੱਖਾਂ ਹੀ ਵਹਿਣ ਵਹਿਣ ਲੱਗ ਪਏ।

ਕੀਤਾ ਪਸਾਉ ਏਕੋ ਕਵਾਉ ॥
ਤਿਸ ਤੇ ਹੋਏ ਲਖ ਦਰੀਆਉ ॥ (ਮ:1–3)

ਪੰਜ ਤੱਤ–ਪੌਣ, ਪਾਣੀ, ਅਗਨੀ, ਧਰਤੀ ਤੇ ਆਕਾਸ਼ ਦੀ ਸਿਰਜਨਾ ਕਰਕੇ ਅਨੰਤ ਖੰਡ ਬ੍ਰਹਿਮੰਡ ਰਚ ਦਿੱਤੇ। 84 ਲੱਖ ਜੂਨਾਂ ਦੀ ਅਸਚਰਜਤਾ ਵਰਤਾ ਦਿੱਤੀ, ਜਿਸ ਵਿਚ ਸਭ ਤੋਂ ਉੱਤਮ ਮਨੁੱਖ ਨੂੰ ਬਣਾਇਆ।

ਲਖ ਚਉਰਾਸੀਹ ਜੋਨਿ ਸਬਾਈ ॥
ਮਾਣਸ ਕਉ ਪ੍ਰਭਿ ਦੀਈ ਵਡਿਆਈ ॥ (ਮ:5–1075)
ਲਖ ਚਉਰਾਸੀ ਜੋਨਿ ਵਿਚ ਮਾਨਸ ਜਨਮ ਦੁਲੰਭ ਉਪਾਯਾ।

(ਭਾਈ ਗੁਰਦਾਸ ਜੀ)

ਸਮੇਂ ਨੂੰ ਚਾਰ ਯੁਗਾਂ ਵਿਚ ਵੰਡ ਦਿੱਤਾ। ਸਤਿਯੁਗ, ਤ੍ਰੇਤਾ ਯੁਗ, ਦੁਆਪਰ ਯੁਗ ਅਤੇ ਕਲਯੁਗ। ਇਹਨਾਂ ਚਾਰ ਯੁਗਾਂ ਦੀ ਚੌਂਕੜੀ ਨੂੰ ਮਹਾਂਯੁਗ ਕਿਹਾ ਜਾਂਦਾ ਹੈ। ਇਹਨਾਂ ਯੁਗਾਂ ਦੀ ਬਿਰਤੀ ਚਾਰ ਵਰਨਾਂ ਬ੍ਰਾਹਮਣ, ਖੱਤਰੀ, ਵੈਸ਼ ਅਤੇ ਸ਼ੂਦਰ ਦੀ ਕਰ ਦਿੱਤੀ ਗਈ। ਇਹਨਾਂ ਚਾਰ ਯੁਗਾਂ ਲਈ ਚਾਰ ਹੀ ਸ਼ਾਸਤਰ ਰਿਗ,

ਯਜੁਰ, ਸਾਮ ਅਤੇ ਅਥਰਵਵੇਦ ਅਤੇ ਚਾਰ ਹੀ ਅਵਤਾਰ ਥਾਪ ਦਿੱਤੇ ਗਏ। ਹਰੇਕ ਯੁਗ ਦੀ ਆਪਣੀ ਮਰਿਆਦਾ ਤੈਅ ਹੋ ਗਈ।

ਸ਼ਾਸਤਰਾਂ ਵਿਚ ਸਤਿਯੁਗ ਦੀ ਉਮਰ 1728000 ਸਾਲ ਮੰਨੀ ਗਈ ਹੈ। ਸਤਿਯੁਗ ਵਿੱਚ ਬ੍ਰਹਮ ਤੋਂ ਬਿਨਾਂ ਦੂਜਾ ਵੇਦ ਨਹੀਂ ਸੀ। ਰਿਗ ਵੇਦ ਪ੍ਰਮੁੱਖ ਸ਼ਾਸਤਰ ਸੀ, ਜਿਸ ਅਨੁਸਾਰ ਇੱਕ ਹੀ ਬ੍ਰਹਮ ਦੀ ਅਰਾਧਨਾ ਹੁੰਦੀ ਸੀ। ਹੰਸ ਅਵਤਾਰ ਸੀ। ਬ੍ਰਾਹਮਣ ਵਰਣ ਦੀ ਪ੍ਰਧਾਨਤਾ ਸੀ। ਮਨੁੱਖ ਦੀ ਉਮਰ 4000 ਸਾਲ ਤੋਂ ਵੀ ਵੱਧ ਮਿੱਥੀ ਗਈ। ਮਨੁੱਖ ਮੋਹ ਮਾਇਆ ਤੋਂ ਬੇਲਾਗ ਸਨ। ਬਾਣਪ੍ਰਸਤੀ ਜਾਂ ਵਣਾਂ ਵਿੱਚ ਤਪੱਸਿਆ ਕਰਨ ਦੀ ਆਗਿਆ ਸੀ। ਪੂਰਬ ਵੱਲ ਮੂੰਹ ਕਰਕੇ ਸ਼ੁੱਭ ਕਰਮ/ਦਾਨ ਦੇਣ ਦਾ ਵਿਚਾਰ ਪ੍ਰਚੱਲਿਤ ਸੀ। ਨੀਲੇ ਰੰਗ ਦੇ ਕੱਪੜੇ ਪਹਿਨੇ ਜਾਂਦੇ ਸਨ।

ਸਤਿਯੁਗ ਦੀ ਮਰਿਆਦਾ ਸੱਚ ਹੀ ਸੱਚ ਸੀ। ਸਭ ਲੋਕ ਭਲੇ ਕਰਮ ਕਰਦੇ। ਲੋਕਾਂ ਨੂੰ ਬਹੁਤ ਪੁਰਸ਼ਾਰਥ ਕਰਨਾ ਪੈਂਦਾ। ਜੋ ਕੁਝ ਚਿੱਤ ਦੀ ਇੱਛਾ ਹੁੰਦੀ ਆਪ ਹੀ ਪੂਰੀ ਹੋ ਜਾਂਦੀ। ਨਾ ਕਿਸੇ ਵਿੱਚ ਅਭਿਮਾਨ ਸੀ, ਨਾ ਈਰਖਾ ਸੀ, ਨਾ ਕੋਈ ਸਖ਼ਤੀ ਕਰਦਾ ਸੀ, ਨਾ ਕੋਈ ਝਗੜਦਾ ਸੀ, ਨਾ ਕੋਈ ਡਰਦਾ ਸੀ, ਨਾ ਕੋਈ ਡਰਾਉਂਦਾ ਸੀ, ਨਾ ਕੋਈ ਸਾੜਾ ਸੀ, ਨਾ ਹੀ ਵੈਰ ਸੀ, ਨਾ ਕੋਈ ਰੋਂਦਾ ਸੀ, ਨਾ ਰੁਆਉਂਦਾ ਸੀ। ਸਭ ਆਪਣੇ ਕੰਮ ਅਤੇ ਕਰਮ ਨੂੰ ਨਿਬਾਹੀ ਜਾਂਦੇ ਸਨ। ਸਵੇਰੇ ਉੱਠਕੇ ਇਸ਼ਨਾਨ ਕਰਨ ਤੋਂ ਲੈਕੇ ਰਾਤ ਸੌਣ ਤੱਕ ਪ੍ਰਭੂ ਦਾ ਨਾਮ ਹੀ ਪ੍ਰਮੁਖ ਸੀ।

ਉਠਿ ਇਸਨਾਨੁ ਕਰਹੁ ਪਰਭਾਤੇ ਸੋਏ ਹਰਿ ਆਰਾਧੇ ॥ (ਮ:5-1185)

ਤ੍ਰੇਤਾ ਯੁਗ ਸਤਿਯੁਗ ਦੀ ਉਮਰ ਪੂਰੀ ਹੋਣ ਤੋਂ ਬਾਦ ਸ਼ੁਰੂ ਹੋਇਆ। ਤ੍ਰੇਤਾ ਯੁਗ ਦੀ ਉਮਰ 1286000 ਵਰ੍ਹੇ ਮੰਨੀ ਜਾਂਦੀ ਹੈ। ਇਸ ਵਿੱਚ ਇੱਕ ਮਨੁੱਖ ਦੀ ਉਮਰ ਸਤਿਯੁਗ ਨਾਲੋ 9 ਹਿੱਸੇ ਘਟ ਗਈ। ਤ੍ਰੇਤਾ ਯੁਗ ਆਇਆ ਤਾਂ ਸੂਰਜਵੰਸ਼ੀ ਰਾਮ ਅਵਤਾਰ ਹੋ ਗਏ। ਬ੍ਰਾਹਮਣਾਂ ਦੀ ਥਾਂ ਖੱਤਰੀਆਂ ਦਾ ਰਾਜ ਆ ਗਿਆ। ਯਜੁਰਵੇਦ ਨੂੰ ਪ੍ਰਮੁੱਖ ਸ਼ਾਸਤਰ ਮੰਨ ਲਿਆ ਗਿਆ। ਦੱਖਣ ਦਿਸ਼ਾ ਵੱਲ ਮੂੰਹ ਕਰਕੇ ਦਿੱਤਾ ਜਾਣ ਵਾਲਾ ਦਾਨ (ਦਕਸ਼ਿਣਾ) ਉੱਤਮ ਮੰਨਿਆ ਜਾਣ ਲੱਗ ਪਿਆ। ਪੀਲੇ ਰੰਗ ਦੇ ਕੱਪੜਿਆਂ ਦੀ ਪ੍ਰਮੁੱਖਤਾ ਵਧ ਗਈ। ਤ੍ਰੇਤਾ ਯੁਗ ਵਿੱਚ ਯੱਗ ਹੋਣ ਲੱਗ ਪਏ। ਧਰਮ ਚੌਥਾ ਹਿੱਸਾ ਘਟ ਗਿਆ। ਬਲਿਦਾਨ ਅਤੇ ਹੋਮ ਪੂਜਾ



ਆਦਿ ਕਰਮਾਂ ਦਾ ਪਾਸਾਰ ਹੋ ਗਿਆ। ਚਿੱਤ ਵਿੱਚ ਕਾਮਨਾ ਰੱਖਕੇ ਭਗਤੀ ਕਰਦੇ ਸਨ। ਸੱਚ ਦੀ ਪ੍ਰਧਨਤਾ ਤਾਂ ਸੀ, ਪਰ ਮੋਹ ਮਾਇਆ ਅਤੇ ਅਹੰਕਾਰ ਦੀ ਹੋਂਦ ਵੀ ਮਹਿਸੂਸ ਕੀਤੀ ਜਾਣ ਲੱਗੀ। ਆਪਣੇ ਹਿੱਤ ਅਤੇ ਨਿਯਮਾਂ ਨੂੰ ਪ੍ਰਾਥਮਿਕਤਾ ਦਿੱਤੀ ਜਾਣ ਲੱਗ ਪਈ।

ਤ੍ਰੇਤਾ ਯੁਗ ਤੋਂ ਮਗਰੋਂ ਦੁਆਪਰ ਯੁਗ ਆਇਆ। ਇਸਦੀ ਉਮਰ 864000 ਸਾਲ ਮੰਨੀ ਜਾਂਦੀ ਹੈ। ਮਨੁੱਖ ਦੀ ਉਮਰ ਯੁਗਾਂ ਯੁਗਾਂ ਘਟ ਗਈ। ਨਾਲ ਹੀ ਅਚਾਰ ਵਿਹਾਰ ਵੀ ਘਟ ਗਿਆ। ਯਾਦਵ ਵੰਸ਼ ਦੇ ਸ੍ਰੀ ਕ੍ਰਿਸ਼ਨ ਅਵਤਾਰ ਹੋ ਗਏ। ਵੈਸ਼ ਵਰਣ ਦੀ ਪ੍ਰਧਾਨਤਾ ਹੋ ਗਈ। ਸਾਮਵੇਦ ਨੂੰ ਉੱਤਮ ਮੰਨਿਆ ਜਾਣ ਲੱਗ ਪਿਆ। ਪੱਛਮ ਵੱਲ ਮੂੰਹ ਕਰਕੇ ਸੀਸ ਨਿਵਾਉਣਾ ਚੰਗਾ ਮੰਨਿਆ ਜਾਣ ਲੱਗ ਪਿਆ। ਚਿੱਟੇ ਰੰਗ ਦੇ ਕੱਪੜੇ ਪਹਿਨੇ ਜਾਣ ਲੱਗੇ। ਪੂਜਾਚਾਰ ਵਧ ਗਿਆ। ਨੇਕੀ ਅੱਧੀ ਰਹਿ ਗਈ। ਝੂਠ ਬੋਲਿਆ ਜਾਣ ਲੱਗ ਪਿਆ। ਲੋਕ ਸੱਚਾਈ ਦੇ ਰਸਤੇ ਤੋਂ ਪਰ੍ਹੇ ਹੋ ਗਏ, ਬੁੱਧੀ ਮਲੀਨ ਹੁੰਦੀ ਗਈ। ਸ਼ਕਤੀ ਅਨੁਸਾਰ ਰਸਮਾਂ ਹੋਣ ਲੱਗੀਆਂ। ਧਰਤੀ ਲੋਕ ਉੱਤੇ ਪਦਾਰਥਕ ਸੁੱਖ ਲੈਣ ਲਈ ਯੱਗ ਹੋਣ ਲੱਗੇ। ਸਵਰਗ ਲੋਕ ਦੀ ਪ੍ਰਾਪਤੀ ਲਈ ਤਪ ਅਤੇ ਯੱਗ ਕੀਤੇ ਜਾਣ ਲੱਗੇ। ਵਿਕਾਰਾਂ ਵੱਲ ਧਿਆਨ ਵਧਿਆ। ਪਰ ਜਦੋਂ ਦੁਆਪਰ ਤੋਂ ਮਗਰੋਂ ਕਲਯੁਗ ਆਇਆ ਤਾਂ

ਸਤਿਜੁਗਿ ਸਤੁ ਤੇਤਾ ਜਗੀ ਦੁਆਪਰਿ ਪੂਜਾਚਾਰ ॥
ਤੀਨੌ ਜੁਗ ਤੀਨੌ ਦਿੜੇ ਕਲਿ ਕੇਵਲ ਨਾਮ ਅਧਾਰ ॥ (ਰਵਿਦਾਸ ਜੀ, 346)

ਪ੍ਰਭੂ ਪ੍ਰਾਪਤੀ ਦਾ ਇਕੋ ਇਕ ਰਾਹ ਨਾਮ ਜਪਣਾ ਹੀ ਰਹਿ ਗਿਆ। ਕਲਯੁਗ ਦੀ ਉਮਰ ਚਾਰ ਲੱਖ ਬੱਤੀ ਹਜ਼ਾਰ ਸਾਲ ਮੰਨੀ ਗਈ ਹੈ। ਕਲਯੁਗ ਵਿੱਚ ਅਥਰਵਵੇਦ ਨੂੰ ਮੁੱਖ ਸ਼ਾਸਤਰ ਥਾਪਿਆ ਗਿਆ। ਉੱਤਰ ਦੀ ਦਿਸ਼ਾ ਚੰਗੀ ਮੰਨੀ ਜਾਣ ਲੱਗ ਪਈ। ਲੜਾਈ ਝਗੜੇ ਵਧਣ ਲੱਗੇ। ਲੋਕਾਂ ਨੇ ਵੱਖਰੇ ਵੱਖਰੇ ਧਰਮ ਫੜ ਲਏ। ਕੋਈ ਇੱਕ ਦੇਵੀ ਦੇਵਤਾ ਨਹੀਂ ਰਹਿ ਗਿਆ। ਧਰਮ ਤਾਂ ਉਪਰਲੇ ਤਿੰਨ ਯੁਗਾਂ ਵਿੱਚ ਹੀ ਰਹਿ ਗਿਆ। ਵੇਦਾਂ ਸ਼ਾਸਤਰਾਂ ਵਿੱਚੋਂ ਆਪਣੇ ਆਪਣੇ ਪੱਖ ਵਿੱਚ ਦਲੀਲਾਂ ਦਿੱਤੀਆਂ ਜਾਣ ਲੱਗ ਪਈਆਂ। ਬੋਧ-ਅਬੋਧ ਵਿੱਚ ਕੋਈ ਫ਼ਰਕ ਨਾ ਰਹਿ ਗਿਆ। ਤਰ੍ਹਾਂ ਤਰ੍ਹਾਂ ਦੇ ਧਰਮ ਪ੍ਰਚੱਲਿਤ ਹੋ ਗਏ:—

ਆਪੋ ਧਾਪੀ ਹੋਇਕੈ ਨਿਆਰੇ ਨਿਆਰੇ ਧਰਮ ਚਲਾਵੈ ॥
(ਭਾਈ ਗੁਰਦਾਸ ਜੀ)

ਮੁਸਲਮਾਨਾਂ ਨੇ ਹਜ਼ਰਤ ਮੁਹੰਮਦ ਨੂੰ ਪੈਗੰਬਰ ਮੰਨ ਲਿਆ। ਜੋਗੀਆ ਸੰਨਿਆਸੀਆਂ ਨੇ ਆਪਣੇ ਆਪਣਾਂ ਪੰਥ ਚਲਾ ਲਏ। ਸ਼ਾਸਤਰਾਂ, ਵੇਦਾਂ, ਪੁਰਾਣਾਂ ਦਾ ਆਪਸੀ ਵੈਰ ਵਿਰੋਧ ਵਧ ਗਿਆ। ਅਹੰਕਾਰ ਵਾਲੀ ਬਿਰਤੀ ਵਧ ਗਈ। ਇਸ ਦਾ ਕਾਰਨ ਈਰਖਾ ਨਫ਼ਰਤ ਵਾਲੇ ਭਾਵ ਵਧਣਾ ਹੈ। ਪਾਪ, ਨਿੰਦਿਆ, ਅਗਿਆਨ ਵਰਗੀਆਂ ਦੁਰਾਚਾਰੀ ਬਿਰਤੀਆਂ ਦਾ ਪਸਾਰਾ ਹੋ ਗਿਆ। ਉਚ ਨੀਚ, ਜਾਤਪਾਤ ਨੇ ਸਭ ਨੂੰ ਕਸਾਈ ਬਣਾ ਛੱਡਿਆ। ਨੇਕੀ ਚੌਥਾ ਹਿੱਸਾ ਰਹਿ ਗਈ। ਵੇਦ ਸ਼ਾਸਤਰਾਂ ਦੇ ਨੇਮ, ਨੇਕੀ ਦੇ ਕਾਰਜ, ਯਗ ਹੋਮ ਆਦਿ ਸਭ ਖ਼ਤਮ ਹੋਣ ਕਿਨਾਰੇ ਹੋ ਗਏ। ਮੁਸੀਬਤਾਂ, ਰੋਗਾਂ, ਕਰੋਧ, ਥਕਾਨ, ਸੰਤਾਪ, ਡਰ ਆਦਿ ਨੇ ਸਾਰੇ ਲੋਕਾਂ ਨੂੰ ਗ੍ਰਸ ਲਿਆ। ਧੌਲਾ ਬੈਲ ਧਰਤੀ ਉੱਤੇ ਵਧਦੇ ਜਾਂਦੇ ਪਾਪਾਂ ਦੀ ਭਾਰੀ ਪੰਡ ਚੁੱਕਣ ਤੋਂ ਅਸਮਰੱਥ ਹੋ ਗਿਆ। ਇਸ ਧਰਤੀ ਉੱਤੇ ਫੈਲੇ ਪਾਪ ਨੂੰ ਤਾਂ ਕੋਈ ਸਮਰੱਥ ਗੁਰੂ ਹੀ ਢੋਈ ਦੇ ਸਕਦਾ ਸੀ। ਅਜਿਹੀ ਯੁਗਗਰਦੀ ਸਮੇਂ ਗੁਰੂ ਨਾਨਕ ਦੇਵ ਜੀ ਦਾ ਅਵਤਾਰ ਹੋਇਆ।

ਕਲ ਤਾਰਣ ਗੁਰ ਨਾਨਕ ਆਇਆ॥ (ਭਾਈ ਗੁਰਦਾਸ ਜੀ)

ਗੁਰੂ ਨਾਨਕ ਨੇ ਕਲਯੁਗ ਵਿੱਚ ਉਸ ਬ੍ਰਹਮ ਨੂੰ ਇਕ ਜੋਤ ਰੂਪ ਦਸਦਿਆਂ। ੧ੴ ਸਤਿਨਾਮ ਦਾ ਮੰਤਰ ਸੁਣਾਇਆ ਅਤੇ ਕਲਯੁਗ ਵਿਚ ਸਤਯੁਗ ਵਰਤਾ ਦਿੱਤਾ। ਗੁਰ ਨਾਨਕ ਨੇ ਮਜ਼ਲੂਮਾਂ ਦੀ ਰੱਖਿਆ ਕਰਨ ਅਤੇ ਇਸ ਧਰਤੀ ਤੋਂ ਪਾਪ ਦਾ ਉਤਾਰਾ ਕਰਨ ਲਈ ਪੰਜ ਸਰੂਪ ਸ਼ਾਂਤਮਈ ਧਾਰਨ ਕੀਤੇ। ਪਰ ਜਦੋਂ ਇਹ ਤੱਕਿਆ ਕਿ ਜ਼ੁਲਮ ਦਾ ਟਾਕਰਾ ਕਰਨ ਲਈ ਸੰਸਾਰੀ ਤਾਕਤ ਵਧਾਉਣੀ ਪਵੇਗੀ ਤਾਂ ਪੰਜਵੇਂ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੋਂ ਬਾਦ ਛੇਵੇਂ ਪਾਤਿਸ਼ਾਹ ਸ੍ਰੀ ਗੁਰੂ ਹਰਗੋਬਿੰਦ ਜੀ ਦੇ ਰੂਪ ਵਿਚ ਪੀਰੀ ਦੇ ਨਾਲ ਨਾਲ ਮੀਰੀ ਦੀ ਕਿਰਪਾਨ ਵੀ ਪਹਿਨ ਲਈ।

ਜਉ ਤਉ ਪ੍ਰੇਮ ਖੇਲਣ ਕਾ ਚਾਉ
ਸਿਰ ਧਰਿ ਤਲੀ ਗਲੀ ਮੇਰੀ ਆਉ
ਇਤੁ ਮਾਰਗਿ ਪੈਰੁ ਧਰੀਜੈ
ਸਿਰੁ ਦੀਜੈ ਕਾਣਿ ਨ ਕੀਜੈ। (ਮ:1-1412)

ਨੌਵੇਂ ਗੁਰੂ ਤੇਗ ਬਹਾਦਰ ਜੀ ਨੇ ਭਾਵੇਂ ਸ਼ਾਂਤੀ ਪ੍ਰਧਾਨ ਜੀਵਨ ਬਤੀਤ ਕੀਤਾ ਪਰ ਉਹਨਾਂ ਅੰਦਰ ਵੀ ਉਹੋ ਰੌਂਅ ਰੁਮਕਦੀ ਸੀ ਜੋ ਉਹਨਾ ਦੇ ਪਿਤਾ ਗੁਰੂ



ਹਰਗੋਬਿੰਦ ਜੀ ਅੰਦਰ ਸੀ। ਜਦੋਂ ਕਸ਼ਮੀਰ ਦੇ ਪੰਡਿਤਾਂ ਨੇ ਉਹਨਾਂ ਅੱਗੇ ਫ਼ਰਿਆਦ ਕੀਤੀ ਤਾਂ ਉਹ ਚਾਂਦਨੀ ਚੌਂਕ ਵਿੱਚ ਸ਼ਹੀਦ ਹੋਣ ਲਈ ਤਿਆਰ ਹੋ ਗਏ। ਉਹਨਾਂ ਦੇ ਇਸ ਸ਼ਹੀਦੀ ਦੇ ਫ਼ੈਸਲੇ ਨੂੰ ਬਾਲਕ ਗੋਬਿੰਦ ਰਾਏ ਨੇ ਹਲੂਣਾ ਦਿੱਤਾ। ਉਹਨਾਂ ਦੀ ਸ਼ਹੀਦੀ ਤੋਂ ਬਾਦ ਦਸਵੇਂ ਗੁਰੂ ਵਜੋਂ ਗੋਬਿੰਦ ਰਾਏ ਨੇ ਜਦੋਂ ਕਾਰਜ ਆਰੰਭੇ ਤਾਂ ਸਮੇਂ ਦੀ ਲੋੜ ਨੂੰ ਮੁਖ ਰੱਖਦਿਆਂ 1699 ਨੂੰ ਵਿਸਾਖੀ ਵਾਲੇ ਦਿਨ ਅੰਮ੍ਰਿਤ ਦਾ ਬਾਟਾ ਤਿਆਰ ਕਰਕੇ ਪੰਜ ਪਿਆਰਿਆਂ ਨੂੰ ਛਕਾਕੇ ਸਿੱਖ ਕੌਮ ਦੀ ਮੁਰਦਾ ਰੂਹ ਵਿੱਚ ਜਾਨ ਪਾ ਦਿੱਤੀ। ਭਾਈ ਦਯਾ ਸਿੰਘ, ਭਾਈ ਧਰਮ ਸਿੰਘ, ਭਾਈ ਹਿੰਮਤ ਸਿੰਘ, ਭਾਈ ਮੋਹਕਮ ਸਿੰਘ ਅਤੇ ਭਾਈ ਸਾਹਿਬ ਸਿੰਘ ਨੂੰ ਸਭ ਤੋਂ ਪਹਿਲਾਂ ਅੰਮ੍ਰਿਤ ਛਕਾਇਆ ਅਤੇ ਮਗਰੋਂ ਆਪ ਗੁਰੂ ਜੀ ਦੇ ਉਹਨਾਂ ਤੋਂ ਖੰਡੇ ਦੀ ਪਾਹੁਲ ਲਈ।

ਪੰਜਾਂ ਪਿਆਰਿਆਂ ’ਚੋਂ ਸ਼੍ਰੋਮਣੀ ਭਾਈ ਦਯਾ ਸਿੰਘ ਦਾ ਜਨਮ ਗਿਆਰਾਂ ਭਾਦਰੋਂ ਸਤਰਾਂ ਸੌ ਗਿਆਰਾਂ ਸੰਮਤ ਨੂੰ ਭਾਈ ਸੁਧਾ ਦੇ ਘਰ ਮਾਈ ਦਿਆਲੀ ਦੀ ਕੁੱਖੋਂ ਹੋਇਆ। ਸੋਲਾਂ ਸਾਲ ਦੀ ਉਮਰ ਵਿਚ ਜਦੋਂ ਆਪ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨ ਕਰਨ ਆਨੰਦਪੁਰ ਸਾਹਿਬ ਆਏ ਤਾਂ ਏਥੋਂ ਦੇ ਹੀ ਹੋਕੇ ਰਹਿ ਗਏ। ਇਹ ਭਾਈ ਦਯਾ ਰਾਮ ਦਾ ਗੁਰੂ ਗੋਬਿੰਦ ਸਿੰਘ ਜੀ ’ਤੇ ਪੂਰਨ ਵਿਸ਼ਵਾਸ ਹੀ ਸੀ ਕਿ 30 ਮਾਰਚ 1699 ਨੂੰ ਵਿਸਾਖੀ ਵਾਲੇ ਦਿਨ ਜਦੋਂ ਖਾਲਸਾ ਪੰਥ ਸਜਾਉਣ ਲਈ ਸਿਰਾਂ ਦੀ ਮੰਗ ਕੀਤੀ ਤਾਂ ਸਭ ਤੋਂ ਪਹਿਲਾਂ ਗੁਰੂ ਉਤੋਂ ਸੀਸ ਕੁਰਬਾਨ ਕਰਨ ਦਾ ਜੇਰਾ ਭਾਈ ਦਯਾ ਰਾਮ ਨੇ ਹੀ ਦਿਖਾਇਆ ਕਿਉਂਕਿ ਆਪ ਦਾ ਕਥਨ ਸੀ ਕਿ “ਸਿਰ ਤੋਂ ਬਿਨਾਂ ਮੇਰੇ ਕੋਲ ਹੋਰ ਹੈ ਹੀ ਕੀ ਜੋ ਗੁਰੂ ਅੱਗੇ ਅਰਪਨ ਕਰ ਸਕਾਂ”

ਗੁਰੂ ਗੋਬਿੰਦ ਸਿੰਘ ਜੀ ਨੇ ਵੀ ਪੰਥ ਖਾਲਸਾ ਦੀ ਥਾਪਨਾ ਮਗਰੋਂ ਕਿਸੇ ਨੂੰ ਅੰਮ੍ਰਿਤ ਨਹੀਂ ਛਕਾਇਆ। ਉਹਨਾਂ ਦਾ ਵਿਚਾਰ ਸੀ ਕਿ ਗੁਰੂ ਘਰ ਦੀ ਹਰ ਸੋਝੀ, ਗਿਆਨ ਜੁਗਤੀ ਅਤੇ ਸਾਧਨ ਉਹਨਾਂ ਭਾਈ ਦਯਾ ਸਿੰਘ ਨੂੰ ਪੰਜ ਪਿਆਰਿਆਂ ਸਮੇਤ ਪ੍ਰਦਾਨ ਕਰ ਦਿੱਤੀ ਹੈ। ਇਸ ਬਖਸ਼ਿਸ਼ ਸਦਕਾ ਭਾਈ ਦਯਾ ਸਿੰਘ ਜੀ ਨੇ ਸ਼ਬਦਿ ਸੁਰਤਿ ਦੀ ਅਜਿਹੀ ਲਹਿਰ ਆਰੰਭੀ ਕਿ ਸੰਤ ਸੰਪਰਦਾਇ ਦੀ ਇਕ ਲੰਬੀ ਲੜੀ ਦਾ ਜਨਮ ਹੋ ਗਿਆ। ਅਸਲ ਵਿੱਚ ਆਪ ਉਸ ਮਹਾਨ ਪੰਧ ਦੇ ਪਾਂਧੀ ਹੋ ਨਿੱਬੜੇ ਸਨ, ਜਿੱਥੇ ਆਪਾ ਨਹੀਂ ਰਹਿ ਜਾਂਦਾ ਅਤੇ ਸੁਰਤ ਇਕ ਰਸ ਟਿਕਾਉ ਅੰਦਰ ਅਤੇ ਸਦਾ ਨਿਰਲੇਪ ਰਹਿੰਦੀ ਹੈ।

ਰਾਮ ਰਸ ਪੀਆ ਰੇ ॥
ਜਿਹ ਰਸਿ ਬਿਸਰਿ ਗਏ ਰਸ ਅਉਰ। (ਕਬੀਰ ਜੀ, 337)

ਜਦ ਰਾਮ ਰਸ ਦੀ ਪ੍ਰਾਪਤੀ ਲਈ ਅਨੰਦਪੁਰ ਸਾਹਿਬ ਰਹਿਣ ਵਾਲੇ ਭਾਈ ਸੋਭਾ ਸਿੰਘ, ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰ 'ਤੇ ਅੰਮ੍ਰਿਤ ਛਕਣ ਲਈ ਢੁੱਕੇ ਤਾਂ ਆਪ ਦਾ ਇਸ਼ਾਰਾ ਭਾਈ ਦਯਾ ਸਿੰਘ ਵੱਲ ਸੀ। ਭਾਈ ਦਯਾ ਸਿੰਘ ਜੀ ਨੇ ਸ਼ਬਦਿ ਸੁਰਤਿ ਦੀ ਜੁਗਤੀ ਦਸਦਿਆਂ ਬ੍ਰਹਮ ਅਤੇ ਜੀਵ ਆਤਮਾ ਦੇ ਗਿਆਨ ਦੇ ਉਹ ਲੁਕਵੇਂ ਭੇਦ ਭਾਈ ਸੋਭਾ ਸਿੰਘ ਦੀ ਝੋਲੀ ਪਾਏ ਜੋ ਦਸਵੀਂ ਪਾਤਸ਼ਾਹੀ ਤੋਂ ਸੀਸ ਦੇ ਕੇ ਹਾਸਿਲ ਕੀਤੇ ਸਨ। ਕਿਹਾ ਜਾਂਦਾ ਹੈ ਕਿ ਜਿਸ ਕਿਸਮ ਦੇ ਸਿੰਘਾ ਪਾਸੋਂ ਅੰਮ੍ਰਿਤਪਾਨ ਕਰੋ, ਉਸੇ ਵਰਗੀ ਸ਼ਖਸੀਅਤ ਸਿੱਖ ਦੀ ਹੋ ਜਾਂਦੀ ਹੈ। ਭਾਈ ਦਯਾ ਸਿੰਘ ਪਾਸੋਂ ਅੰਮ੍ਰਿਤ ਦਾਤ ਪ੍ਰਾਪਤ ਕਰਕੇ ਬਾਬਾ ਸੋਭਾ ਸਿੰਘ ਜੀ ਨੇ ਗੁਰੂ ਨਾਨਕ ਦਾ ਉਹ ਅਮੁੱਲ ਗਿਆਨ ਖਜ਼ਾਨਾ ਪ੍ਰਾਪਤ ਕੀਤਾ ਜੋ ਵੰਡਿਆਂ ਨਾ ਤਾਂ ਮੁੱਕ ਸਕਦਾ ਸੀ ਅਤੇ ਨਾਹੀ ਥੁੜ ਸਕਦਾ ਸੀ

ਖਾਤ ਖਰਚਤ ਕਿਛੁ ਨਿਖੁਟਤ ਨਾਹੀ
ਅਗਨਤ ਭਰੇ ਭੰਡਾਰੇ ॥ (ਮ:5-1220)

ਇਸ ਮਗਰੋਂ ਬਾਬਾ ਸੋਭਾ ਸਿੰਘ ਜੀ ਦਾ ਜੀਵਨ ਪਰਿਵਰਤਨ ਹੀ ਹੋ ਗਿਆ। ਆਪ ਦੋ ਵਜੇ ਸਵੇਰੇ ਉੱਠਕੇ ਸਿਮਰਨ ਲਈ ਨਦੀ ਕਿਨਾਰੇ ਜਾ ਬੈਠਦੇ ਅਤੇ ਸਮਾਧੀ ਵਿੱਚ ਇਸਥਿਤ ਹੋ ਜਾਂਦੇ। ਦਿਨ ਸਮੇਂ ਲੰਗਰ ਦੀ ਸੇਵਾ ਕਰਦੇ। ਪ੍ਰਭੂ ਪ੍ਰੇਮ ਦੇ ਨਾਲ ਨਾਲ ਵੈਦਗਿਰੀ ਦਾ ਕੰਮ ਵੀ ਜਾਣਦੇ ਹੋਣ ਕਾਰਣ ਅਨੇਕ ਦੁਖੀਏ ਸਰੀਰਕ ਅਤੇ ਮਾਨਸਿਕ ਰੋਗਾਂ ਤੋਂ ਛੁਟਕਾਰੇ ਲਈ ਆਪ ਪਾਸ ਆਉਂਦੇ। ਲੋਕਾਂ ਵਿੱਚ ਆਪ ਮਸੀਹੇ ਦੇ ਤੌਰ 'ਤੇ ਮਸ਼ਹੂਰ ਹੋ ਗਏ। ਗੁਰੂ ਗੋਬਿੰਦ ਸਿੰਘ ਜੀ ਵਲੋਂ ਆਨੰਦਪੁਰ ਛੱਡੇ ਜਾਣ ਤੋਂ ਬਾਦ ਜਿਵੇਂ ਆਨੰਦਪੁਰ ਉੱਜੜਿਆ ਅਤੇ ਜਿਵੇਂ ਬਾਬਾ ਸੋਭਾ ਸਿੰਘ ਜੀ ਦੀਆਂ ਕੋਸ਼ਿਸ਼ਾਂ ਤੋਂ ਬਾਦ ਨਗਰ ਆਬਾਦ ਹੋਇਆ, ਉਸਦੀ ਮਿਸਾਲ ਹੋਰ ਕਿਧਰੇ ਘੱਟ ਹੀ ਮਿਲਦੀ ਹੈ। ਲੰਗਰ ਨੂੰ ਇਸ ਸੰਪਰਦਾਇ ਅੰਦਰ ਪਹਿਲ ਬਾਬਾ ਸੋਭਾ ਸਿੰਘ ਜੀ ਨੇ ਹੀ ਦਿੱਤੀ ਜੋ ਹੁਣ ਤੱਕ ਬਾਦਸਤੂਰ ਜਾਰੀ ਹੈ। ਬਾਬਾ ਸੋਭਾ ਸਿੰਘ ਜੀ ਦੀ ਏਨੀ ਸੋਭਾ ਸਾਰੇ ਸਿੱਖ ਜਗਤ ਅੰਦਰ ਫ਼ੈਲ ਗਈ ਸੀ ਕਿ ਪਿਤਾ ਅਜੀਤ ਸਿੰਘ ਬੇਦੀ ਅਤੇ ਮਾਤਾ ਸਰੂਪ ਦੇਈ ਦੇ ਘਰ ਚੇਤ ਸੁਦੀ ਪੰਚਮੀ ਦਿਨ ਐਤਵਾਰ ਸੰਮਤ 1812 ਨੂੰ ਜਨਮੇ ਬਾਬਾ ਸਾਹਿਬ ਸਿੰਘ ਜੀ ਨੂੰ ਜਦੋਂ ਪੂਰਨ



ਸ਼ਾਂਤੀ ਅਤੇ ਪਰਮ ਆਨੰਦ ਦੀ ਪ੍ਰਾਪਤੀ ਲਈ ਗੁਰੂ ਧਾਰਨ ਕਰਨ ਅਤੇ ਅੰਮ੍ਰਿਤਪਾਨ ਕਰਨ ਦੀ ਲੋੜ ਮਹਿਸੂਸ ਹੋਈ ਤਾਂ ਸਭ ਨੇ ਬਾਬਾ ਸੋਭਾ ਸਿੰਘ ਜੀ ਦਾ ਨਾਮ ਹੀ ਸੁਝਾਇਆ। ਸੰਤ ਸ਼੍ਰੋਮਣੀ ਬਾਬਾ ਸੋਭਾ ਸਿੰਘ ਜੀ ਨੇ ਬਾਬਾ ਸਾਹਿਬ ਸਿੰਘ ਨੂੰ ਗੁਰਦੁਆਰਾ ਕੇਸਗੜ ਸਾਹਿਬ ਅਨੰਦਪੁਰ ਵਿਖੇ ਅੰਮ੍ਰਿਤ ਛਕਾਉਣ ਉਪਰੰਤ ਅੰਮ੍ਰਿਤ ਕੁੰਡ ਦੇ ਗੁੱਝੇ ਭੇਦ ਜ਼ਾਹਰ ਕਰਦਿਆਂ ਕਿਹਾ-

ਗੁਰ ਕਾ ਸਬਦੁ ਅੰਮ੍ਰਿਤੁ ਹੈ ਜਿਤੁ ਪੀਤੈ ਤਿਖ ਜਾਇ ॥
ਇਹੁ ਮਨੁ ਸਾਚਾ ਸਚਿ ਰਤਾ ਸਚੇ ਰਹਿਆ ਸਮਾਇ ॥ (ਮ: 3-35)

"ਇਹ ਸਿੱਖੀ ਸਹਿਜਯੋਗ ਦਾ ਮਾਰਗ ਹੈ। ਰਿਧੀਆਂ ਸਿਧੀਆਂ ਦੀ ਏਥੇ ਕੋਈ ਥਾਂ ਨਹੀਂ। ਤ੍ਰਿਕੁਟੀ ਦੇ ਮੁਕਾਮ ਪਰ ਸੁਰਤ ਨੂੰ ਸਵਾਸ ਦੀ ਟੇਕ ਲੈਕੇ ਟਿਕਾਓਗੇ ਤਦ ਫਿਰ ਸੁਰਤੀ ਟਿਕਾਓ ਵਿੱਚ ਆਕੇ ਕੁੰਡਲਨੀ ਦੇ ਝਰਨੇ ਤੱਕ ਪੁੱਜੇਗੀ। ਇਥੇ ਸਫ਼ੈਦ ਰੰਗੀ ਫੁਆਰ ਸਰੀਰ ਤੇ ਸੁਰਤ ਨੂੰ ਸੁਖਾਵਾਂ, ਸੁਰਖਰੂ ਤੇ ਸ਼ਾਂਤ ਕਰੇਗੀ। ਆਪਣੇ ਅੰਦਰ ਅਮਿਉ ਝਰਨਾ ਫੁੱਟਦਾ ਚਾਰੇ ਪਾਸੇ ਵਹਿੰਦਾ ਹੋਇਆ ਦਸਮ ਦੁਆਰ ਦੀ ਝਾਤੀ ਪੁਆਏਗਾ । ਦਸਮ ਦੁਆਰ ਇੱਕ ਉਹ ਟਿਕਾਉ ਤੇ ਰਸਮਈ ਅਵਸਥਾ ਹੈ, ਜਿਥੇ ਸਭ ਰਿਧੀਆਂ, ਸਿਧੀਆਂ ਤੇ ਸ਼ਕਤੀਆਂ ਪਿੱਛੇ ਰਹਿ ਜਾਂਦੀਆਂ ਹਨ। ਏਥੇ ਹੀ ਅਨੁਭਵ ਹੁੰਦਾ ਹੈ ਕਿ ਮੈਂ ਸੱਤ ਹਾਂ, ਚਿਤ ਹਾਂ, ਆਨੰਦ ਹਾਂ। ਫਿਰ ਕੁਝ ਹੋਰ ਜਾਣਨ ਦੀ ਇੱਛਾ ਨਹੀਂ ਰਹਿੰਦੀ ਅਤੇ ਅੱਗੇ ਸੱਚਖੰਡ ਹੀ ਦਿਸਦਾ ਹੈ।"

ਬਾਬਾ ਸਾਹਿਬ ਸਿੰਘ ਦੀ ਰੋਜ਼ਾਨਾ ਮਰਿਆਦਾ ਬੜੀ ਕਠਿਨ ਸੀ। ਸਵਾ ਪਹਿਰ ਰਾਤ ਰਹਿੰਦੇ ਉੱਠਣਾ, ਉੱਠਕੇ ਇਸ਼ਨਾਨ ਕਰਨਾ। ਜਪੁਜੀ ਸਾਹਿਬ ਦੇ ਪਾਠ ਤੋਂ ਮਗਰੋਂ ਸਮਾਧੀ ਵਿੱਚ ਇਸਥਿਤ ਹੋ ਜਾਣਾ। ਕਈ ਵਾਰ ਤਾਂ ਬੈਠਿਆਂ ਬੈਠਿਆਂ ਉੱਠਣਾ ਵੀ ਭੁੱਲ ਜਾਂਦੇ। ਦਿਨ ਚੜ੍ਹੇ ਆਕੇ ਰਬਾਬੀਆਂ ਪਾਸੋਂ ਕੀਰਤਨ ਸੁਣਦੇ। ਲੋਕਾਂ ਨਾਲ ਗੱਲਬਾਤ ਵੀ ਘੱਟ ਹੀ ਕਰਦੇ ਮਤੇ ਉਹਨਾਂ ਦੇ ਰੱਬੀ ਭੇਦ ਜੱਗ ਜ਼ਾਹਿਰ ਨਾ ਹੋ ਜਾਣ। ਸਿਰਫ਼ ਲੋੜ ਅਨੁਸਾਰ ਹੀ ਗੱਲ ਕਰਦੇ। ਹਰੀ ਕੀਰਤਨ, ਹਰੀ ਨਾਮ ਦੀ ਚਰਚਾ ਅਤੇ ਹਰੀ ਕਥਾਵਾਂ ਦਾ ਪ੍ਰਵਾਹ ਹਰ ਵੇਲੇ ਚਲਦਾ ਰਹਿੰਦਾ ਸੀ। ਲੰਗਰ ਦੀ ਪ੍ਰੰਪਰਾ ਬਾਬਾ ਜੀ ਨੇ ਬੜੀ ਤਨਦੇਹੀ ਨਾਲ ਨਿਭਾਈ। ਬਾਬਾ ਸਾਹਿਬ ਸਿੰਘ ਜੀ ਦੇ ਲੰਗਰ ਅੰਦਰ 10-12 ਹਜ਼ਾਰ ਤੋਂ ਵੱਧ ਸੰਗਤ ਰੋਜ਼ਾਨਾ ਪ੍ਰਸ਼ਾਦਾ ਛਕਦੀ ਸੀ। ਉਹਨਾਂ ਸੇਵਕਾਂ ਨੂੰ ਹੁਕਮ ਕੀਤਾ ਕਿ ਸਾਡਾ ਕੋਈ ਸੇਵਕ ਕਿਧਰੇ ਉਗਰਾਹੀ ਕਰਨ ਤੇ ਮੰਗਣ ਨਹੀਂ ਜਾਵੇਗਾ।

ਜਦੋਂ ਸ਼ੁੱਕਰਚੱਕੀਆ ਮਿਸਲ ਦੇ ਸਰਦਾਰ ਮਹਾਂ ਸਿੰਘ ਦੇ ਅਕਾਲ ਚਲਾਣਾ ਕਰਨ ਉਪਰੰਤ ਉਹਨਾਂ ਦੇ ਪੁੱਤਰ ਰਣਜੀਤ ਸਿੰਘ ਦੀ ਦਸਤਾਰਬੰਦੀ ਦੇ ਸਮੇਂ ਬਾਬਾ ਸਾਹਿਬ ਸਿੰਘ ਜੀ ਨੂੰ ਬੁਲਾਇਆ ਗਿਆ ਤਾਂ ਆਪਨੇ ਅਪਣੇ ਗਾਤਰੇ ਦੀ ਤਲਵਾਰ ਰਣਜੀਤ ਸਿੰਘ ਦੇ ਗਲ ਪਾਕੇ ਕਿਹਾ, "ਤੂੰ ਸਭ ਨੂੰ ਫ਼ਤਿਹ ਕਰੇਂਗਾ, ਪਰ ਤੈਨੂੰ ਕੋਈ ਵੀ ਫ਼ਤਿਹ ਨਹੀਂ ਕਰੇਗਾ।" ਇਹ ਬਾਬਾ ਜੀ ਦੇ ਵਰ ਦੀ ਕਿਰਪਾ ਸੀ ਕਿ ਮਹਾਰਾਜਾ ਰਣਜੀਤ ਸਿੰਘ ਨੇ ਜਲਦੀ ਹੀ ਅਨੇਕ ਮਿਸਲਾਂ ਫ਼ਤਹਿ ਕਰਕੇ ਇੱਕ ਮਹਾਨ ਰਾਸ਼ਟਰ ਕਾਇਮ ਕਰ ਲਿਆ।

ਜਦ 9 ਮਾਘ 1822 ਸੰਮਤ ਨੂੰ ਜਸਰਾਏ ਸਿੰਘ ਜੀ ਦੇ ਘਰ ਜਨਮੇ ਬਾਬਾ ਭਾਗ ਸਿੰਘ ਨੂੰ ਹਰ ਸਮੇਂ ਬੰਦਗੀ ਵਿਚ ਰਹਿਣ ਦੇ ਬਾਵਜੂਦ ਨਿਗੁਰੇ ਹੋਣ ਕਾਰਣ ਇਕ ਬੈਰਾਗੀ ਵਲੋਂ ਕੀਤਾ ਵਰਤਾਓ ਅਤੇ ਸੱਚਖੰਡ ਹਜੂਰ ਸਾਹਿਬ ਵਿਖੇ ਤਖ਼ਤ ਦੀਆਂ ਅੰਦਰੋਂ ਪ੍ਰਕਰਮਾਂ ਕਰਨ ਦੀ ਆਗਿਆ ਨਾ ਮਿਲਣ ਕਾਰਨ ਗੁਰੂ ਬਿਨਾਂ ਸਿਮਰਨ ਤੇ ਬੰਦਗੀ ਸਾਧਨਾ ਬੇਕਾਰ ਜਾਪੇ।

ਗੁਰ ਬਿਨੁ ਘੋਰੁ ਅੰਧਾਰੁ ਗੁਰੂ ਬਿਨਾ ਸਮਝ ਨ ਆਵੈ ॥
ਗੁਰ ਬਿਨੁ ਸੁਰਤਿ ਨ ਸਿਧਿ ਗੁਰੂ ਬਿਨੁ ਮੁਕਤਿ ਨ ਪਾਵੈ ॥
(ਮ:4-1399)

ਤਾਂ ਹਜ਼ੂਰ ਸਾਹਿਬ ਤੋਂ ਸਿੱਧਾ ਊਨਾ ਪਹੁੰਚਕੇ ਬਾਬਾ ਸਾਹਿਬ ਸਿੰਘ ਜੀ ਬੇਦੀ ਅੱਗੇ ਅੰਮ੍ਰਿਤਪਾਨ ਲਈ ਬੇਨਤੀ ਕੀਤੀ। ਬਾਬਾ ਜੀ ਨੇ ਜਦ ਅੰਮ੍ਰਿਤ ਛਕਾਉਣ ਉਪਰੰਤ ਸਵਾਸਾਂ ਨੂੰ ਨਿਯਮਬੱਧ ਕਰ ਕੇ ਦਸਵੇਂ ਦੁਆਰ ਪਹੁੰਚਣ ਤੇ ਫਿਰ ਮਹਾਂਸੁੰਨ ਵਿਖੇ ਤ੍ਰਿਕੁਟੀ ਵਿੱਚੋਂ ਕੁੰਡਲਨੀ ਦੇ ਝਰਨੇ ਦੀ ਰਸਭਿੰਨੀ ਫੁਹਾਰ ਦਾ ਸਖਿਆਤ ਦ੍ਰਿਸ਼ਟ ਕਰਵਾਇਆ ਤਾਂ ਬਾਬਾ ਭਾਗ ਸਿੰਘ ਜੀ ਸ਼ਬਦ ਸੁਰਤ ਨਾਲ ਲਿਵ ਲਾ ਕੇ ਕੁਰੀ ਦੇ ਇਕ ਚੋਅ ਵਿਚ ਬਿਰਾਜ ਗਏ।

ਸਵੇਰੇ ਦੋ ਵਜੇ ਇਸ਼ਨਾਨ ਕਰਕੇ ਚੋਅ ਦੇ ਕੰਢੇ ਦਿਨ ਚੜ੍ਹੇ ਤੱਕ ਸਮਾਧੀ ਵਿੱਚ ਬੈਠਦੇ। ਭਾਵੇਂ ਗਰਮੀਆਂ ਹੋਣ ਜਾਂ ਸਰਦੀਆਂ, ਆਪ ਆਪਣਾ ਨਿਯਮ ਕਦੇ ਵਿਸਾਰਦੇ ਨਹੀਂ ਸਨ। ਫਿਰ ਹਰੀ ਕੀਰਤਨ ਕਰਦੇ, ਬਾਣੀ ਦਾ ਪਾਠ ਕਰਦੇ। ਗਿਆਰਾਂ ਵਜੇਂ ਗੁਫ਼ਾ ਵਿਚ ਜਾ ਬਹਿੰਦੇ। ਅੱਠਾਂ ਪਹਿਰਾਂ ਵਿੱਚ ਸਿਰਫ਼ ਇੱਕ ਵਾਰ ਇੱਕ ਪ੍ਰਸ਼ਾਦਾ ਛਕਦੇ। ਆਪ ਦੀ ਤਪ ਸਾਧਨਾ ਕਥਨੋਂ ਬਾਹਰ ਹੈ। ਅਠਾਰਾਂ ਵਰ੍ਹੇ ਆਪਨੇ ਇਹ ਕਰੜੀ ਸਾਧਨਾ ਦ੍ਰਿੜਾਈ। ਸੰਕੋਚ ਨਾਲ ਜੀਵਨ ਬਤੀਤ ਕਰਨ



ਵਾਲੇ ਬਾਬਾ ਭਾਗ ਸਿੰਘ ਜੀ ਅਡੰਬਰਾਂ ਤੋਂ ਕੋਹਾਂ ਦੂਰ ਸਨ। ਹਰ ਵਰਗ ਦੇ ਲੋਕ ਆਪਦੀ ਪੂਰਨਤਾ ਦੀ ਇਬਾਦਤ ਕਰਕੇ ਮੂੰਹੋਂ ਮੰਗੀਆਂ ਮੁਰਾਦਾਂ ਪਾਉਂਦੇ। ਪੋਠੋਹਾਰ ਦੀ ਧਰਤੀ ਦਾ ਹਰ ਸਖਸ਼ ਆਪ ਨੂੰ ਸਿਜਦਾ ਕਰਦਾ ਸੀ। ਬਾਬਾ ਭਾਗ ਸਿੰਘ ਦੇ ਸ਼ਰਧਾਲੂਆਂ ਵਿੱਚ ਮਹਰਾਜਾ ਰਣਜੀਤ ਸਿੰਘ ਦੇ ਫ਼ੌਜੀਆਂ ਦੀ ਇੱਕ ਬਹੁਤ ਵੱਡੀ ਗਿਣਤੀ ਸੀ। ਜਿਹਨਾਂ ਵਿਚ ਫ਼ੌਜੀ ਬੀਰ ਸਿੰਘ ਜੀ ਬਹੁਤ ਹੀ ਅਮੋਲਕ ਸਨ।

ਸ੍ਰੀ ਗੁਰੂ ਹਰਗੋਬਿੰਦ ਜੀ ਦੁਆਰਾ ਮਾਝੇ ਦੇ ਇਕ ਨਗਰ ਗੰਗੋਬੁਏ ਨੂੰ ਦਿੱਤਾ ਵਰ ਉਦੋਂ ਪੂਰਾ ਹੋਇਆ ਜਦ ਸ. ਸੇਵਾ ਸਿੰਘ ਦੇ ਘਰ ਸਾਵਨ ਸੁਦੀ ਦੀ ਤੀਜ ਬਿਕਰਮੀ 1850 ਦਿਨ ਬੁਧਵਾਰ ਨੂੰ ਇਕ ਬਾਲਕ ਜਨਮ ਲੈਂਦੇ ਸਾਰ ਹੀ ਹੱਸਿਆ। ਬਾਲਕ ਦਾ ਨਾਮ ਬੀਰ ਸਿੰਘ ਰੱਖਿਆ ਗਿਆ। ਵੱਡਾ ਹੋਕੇ ਬੀਰ ਸਿੰਘ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿਚ ਨੌਕਰੀ ਕਰਨ ਲੱਗਾ। ਜਦ ਆਪ ਜੀ ਦਾ ਮੇਲ ਸੰਤ ਬਾਬਾ ਭਾਗ ਸਿੰਘ ਜੀ ਕੁਰੀ ਵਾਲਿਆਂ ਨਾਲ ਹੋਇਆ ਤਾਂ ਆਪ ਨੇ ਘਰਬਾਰ, ਫ਼ੌਜ ਦੀ ਨੌਕਰੀ ਛੱਡਕੇ ਗੁਰੂ ਦੀ ਸਿੱਖੀ ਸੇਵਕੀ ਹੀ ਅਪਣਾ ਲਈ।

ਪੂਰਬ ਜਨਮ ਹਮ ਤੁਮਰੇ ਸੇਵਕ
ਅਬ ਤਉ ਮਿਟਿਆ ਨ ਜਾਈ।। (ਕਬੀਰ ਜੀ, 970)

ਸੰਤ ਬਾਬਾ ਭਾਗ ਸਿੰਘ ਜੀ ਨੇ ਭਾਈ ਬੀਰ ਸਿੰਘ ਜੀ ਨੂੰ ਅੰਮ੍ਰਿਤ ਛਕਾਇਆ ਅਤੇ ਭਾਈ ਦਯਾ ਸਿੰਘ ਜੀ ਦੁਆਰਾ ਦਰਸਾਇਆ ਪਰਮ ਪੁਰਖ ਦੀ ਘਾਟੀ ਦਾ ਰਹੱਸ ਅਤੇ ਪਰਮ ਆਨੰਦ ਦਾ ਖਜ਼ਾਨਾ ਆਪਦੀ ਝੋਲੀ ਵਿਚ ਪਾ ਕੇ ਮਾਲਾਮਾਲ ਕਰ ਦਿੱਤਾ। ਆਪਣੀ ਚੋਣ ਉੱਤੇ ਮੋਹਰ ਛਾਪ ਲਗਾਉਣ ਲਈ ਸੰਤ ਭਾਗ ਸਿੰਘ ਜੀ ਨੇ ਆਪ ਨੂੰ ਊਨਾ ਸਾਹਿਬ ਵਿਖੇ ਬਾਬਾ ਸਾਹਿਬ ਸਿੰਘ ਜੀ ਕੋਲ ਭੇਜਿਆ। ਜਿੱਥੇ ਤਨਦੇਹੀ ਨਾਲ ਲੰਗਰ ਦੀ ਸੇਵਾ ਅਤੇ ਇਕ ਬਾਉਲੀ ਦੇ ਨਿਰਮਾਣ ਤੋਂ ਪ੍ਰਸੰਨ ਹੋ ਕੇ ਬਾਬਾ ਸਾਹਿਬ ਸਿੰਘ ਜੀ ਨੇ ਆਪ ਉੱਪਰ ਬੇਅੰਤ ਬਖ਼ਸ਼ਿਸ਼ਾਂ ਕੀਤੀਆਂ। ਲੋਹੇ ਤੋਂ ਸੋਨਾ ਅਤੇ ਸੋਨੇ ਤੋਂ ਪਾਰਸ ਬਣਨ ਉਪਰੰਤ ਬਾਬਾ ਬੀਰ ਸਿੰਘ ਜੀ ਨੇ ਗੁਰੂ ਦੀ ਆਗਿਆ ਅਨੁਸਾਰ ਨੌਰੰਗਾਬਾਦ ਵਿਖੇ ਡੇਰਾ ਲਾ ਲਿਆ। ਉੱਥੇ ਹਰੀ ਜਸ ਕਰਨਾ ਅਤੇ ਲੰਗਰ ਲਗਾਉਣਾ ਸ਼ੁਰੂ ਕਰ ਦਿੱਤਾ। ਕਿਹਾ ਜਾਂਦਾ ਹੈ ਕਿ ਬਾਬਾ ਬੀਰ ਸਿੰਘ ਜੀ ਦੇ ਲੰਗਰ ਵਿੱਚ ਆਟੇ ਦਾ ਕੋਈ ਹਿਸਾਬ ਨਹੀਂ ਤੇ ਸਵਾ ਮਣ ਲੂਣ ਰੋਜ਼ ਲੰਗਰ ਵਿੱਚ ਪੈਂਦਾ ਸੀ। ਉਥੇ ਦੀਆਂ ਲੋਹਾਂ ਤੇ ਦੇਗਾਂ ਬਹੁਤ ਵਿਸ਼ਾਲ ਸਨ। ਕੋਈ ਵੀ ਮਨੁੱਖ ਭੁੱਖਾ ਨਹੀਂ ਸੀ ਜਾਂਦਾ। ਮਹਾਰਜਾ ਰਣਜੀਤ ਸਿੰਘ ਨੇ ਇੱਕ

ਵਾਰ ਲੰਗਰ ਦੇ ਨਾਮ ਜਾਗੀਰ ਲਗਾਉਣੀ ਚਾਹੀ ਸੀ, ਪਰ ਬਾਬਾ ਜੀ ਨੇ ਇਸਨੂੰ ਰਾਜੇ ਦੇ ਲੰਗਰ ਨਾਲੋਂ ਫ਼ਕੀਰ ਦਾ ਲੰਗਰ ਕਹਾਉਣਾ ਜ਼ਿਆਦਾ ਉਚਿਤ ਸਮਝਿਆ।

ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਦ ਲਾਹੌਰ ਦਰਬਾਰ ਦੀ ਗੱਦੀ ਹਥਿਆਉਣ ਦੀ ਖਿੱਚੋਤਾਣ ਅਤੇ ਰਾਜਨੀਤਕ ਅਸਥਿਰਤਾ ਕਾਰਨ ਕੁਝ ਭਗੋੜੇ ਆਪ ਜੀ ਦੀ ਸ਼ਰਨ ਵਿਚ ਆਏ ਤਾਂ ਲਾਹੌਰ ਦਰਬਾਰ ਨੇ ਆਪਦੇ ਖਿਲਾਫ਼ ਚੜ੍ਹਾਈ ਕਰ ਦਿੱਤੀ। ਆਪ ਸ਼ਹੀਦ ਹੋ ਗਏ ਪਰ ਨਿਆਸਰਿਆਂ ਦਾ ਆਸਰਾ ਸਮਝੇ ਜਾਣ ਵਾਲੇ ਗੁਰੂ ਘਰ ਦੀ ਸ਼ਰਨ ਵਿਚ ਆਏ ਲੋਕਾਂ ਤੋਂ ਆਸਰਾ ਵਾਪਸ ਨਾ ਲਿਆ। ਇਹਨਾਂ ਦੀ ਸ਼ਹਾਦਤ ਤੋਂ ਬਾਦ ਭਾਈ ਦਯਾ ਸਿੰਘ ਦੀ ਇਹ ਜੋਤ ਬਾਬਾ ਮਹਾਰਾਜ ਸਿੰਘ ਜੀ ਵਿਚ ਪ੍ਰਕਾਸ਼ਮਾਨ ਹੋ ਗਈ।

ਮਾਲਵੇ ਦੇ ਪਿੰਡ ਰਬੋ ਵਿਚ ਪੈਦਾ ਹੋਏ ਭਾਈ ਨਿਹਾਲ ਸਿੰਘ ਦੀ ਆਤਮ ਉਚਤਾ, ਸ਼ਾਂਤ ਸੁਭਾਅ ਤੇ ਕਰਨੀ ਵੇਖਕੇ ਸੰਤ ਸਮੁੰਦ ਸਿੰਘ ਨੇ ਜਦ ਇਹਨਾਂ ਦਾ ਮੇਲ ਬਾਬਾ ਬੀਰ ਸਿੰਘ ਜੀ ਨੌਰੰਗਾਬਾਦ ਨਾਲ ਕਰਵਾਇਆ ਤਾਂ ਉਹਨਾਂ ਅੰਮ੍ਰਿਤ ਛਕਾਉਂਦਿਆਂ ਕਿਹਾ "ਜੇ ਤੁਸੀਂ ਸਰੀਰ ਲੋਕ ਸੇਵਾ ਤੇ ਸੁਰਤ ਸ਼ਬਦ ਵਿੱਚ ਜੋੜਕੇ ਇਕ ਰੂਪ ਹੋ ਜਾਵੋਗੇ, ਤਦ ਤੁਹਾਨੂੰ ਇੱਕ ਵੱਖਰਾ ਆਨੰਦ ਅਤੇ ਨਸ਼ਾ ਪ੍ਰਾਪਤ ਹੋਵੇਗਾ, ਜੋ ਕਿਸੇ ਵਿਸ਼ੇ ਵਿਕਾਰ, ਨਸ਼ੇ ਤੇ ਸੰਸਾਰਕ ਪਦਾਰਥ ਵਿੱਚ ਨਹੀਂ ਹੈ।"

ਵਿਣੁ ਚਾਖੇ ਸਾਦੁ ਕਿਸੇ ਨ ਆਇਆ
ਗੁਰ ਕੈ ਸਬਦਿ ਅੰਮ੍ਰਿਤੁ ਪੀਆਇਆ ॥
ਅੰਮ੍ਰਿਤ ਪੀ ਅਮਰਾਪਦੁ ਹੋਇ
ਗੁਰ ਕੈ ਸਬਦਿ ਰਸੁ ਤਾਹਾ ਹੇ ॥ (ਮ: 3-1056)

ਨਿਹਾਲ ਸਿੰਘ ਨੇ ਲੰਗਰ ਕਿਨਾਰੇ ਜਾ ਆਸਣ ਲਗਾਏ। ਉਹਨਾਂ ਦੀ ਸੁਰਤੀ ਹਮੇਸ਼ਾ ਸ਼ਬਦ ਵਿੱਚ ਅਤੇ ਹੱਥ ਹਮੇਸ਼ਾ ਰੋਟੀਆਂ ਪਕਾਣ ਵਿੱਚ ਰੁੱਝੇ ਰਹਿੰਦੇ। ਉਹਨਾਂ ਨੂੰ ਖਾਣਾ, ਪੀਣਾ, ਹੱਸਣਾ, ਸੌਣਾ ਸਭ ਭੁੱਲ ਗਏ। ਲੋਹ ਹੀ ਉਹਨਾਂ ਦਾ ਨਿਵਾਸ ਅਸਥਾਨ, ਲੋਹ ਹੀ ਤਪ ਅਸਥਾਨ ਅਤੇ ਲੋਹ ਹੀ ਉਹਨਾਂ ਦਾ ਬਿਸਰਾਮ ਅਸਥਾਨ ਬਣ ਗਈ। ਸ਼ਾਇਦ ਹੀ ਕਦੇ ਕਿਸੇ ਨੇ ਉਹਨਾਂ ਨੂੰ ਪਿੱਠ ਲਾਕੇ ਵਿਸ਼ਰਾਮ ਕਰਦੇ ਵੇਖਿਆ ਹੋਵੇ। ਉਹਨਾਂ ਦੇ ਤੇੜਾ ਕਛਹਿਰਾ, ਗਲ ਭੂਰੀ ਦੀ ਕਫ਼ਨੀ ਤੇ ਸਿਰ ਭੂਰੀ ਦਾ ਟੋਟਾ ਹੁੰਦਾ ਸੀ। ਉਹ ਸਵੇਰੇ ਪੂਰੇ ਇੱਕ ਵਜੇ ਉਠਕੇ ਪਹਿਲਾਂ ਆਪ ਇਸ਼ਨਾਨ ਕਰਦੇ ਅਤੇ ਮਗਰੋਂ ਬਾਬਾ ਬੀਰ ਸਿੰਘ ਜੀ ਨੂੰ ਇਸ਼ਨਾਨ ਕਰਵਾਉਂਦੇ



ਫਿਰ ਉਹ ਕਪੜਾ ਲੈਕੇ ਬਾਬਾ ਬੀਰ ਸਿੰਘ ਜੀ ਦੇ ਜੋੜੇ ਸਾਫ਼ ਕਰਦੇ ਅਤੇ ਫਿਰ ਸਾਰੀ ਸੰਗਤ ਦੇ ਜੋੜੇ ਸਾਫ਼ ਕਰਦੇ। ਉਸਦੀ ਚਰਨਧੂੜ ਮੱਥੇ ਉੱਤੇ ਲਗਾਉਣ ਉਪਰੰਤ ਲੋਹ 'ਤੇ ਡੇਰਾ ਜਮਾ ਲੈਂਦੇ।

ਆਪੁ ਗਵਾਇ ਸੇਵਾ ਕਰੇ ਤਾ ਕਿਛੁ ਪਾਏ ਮਾਨੁ।
ਨਾਨਕ ਜਿਸਨੋ ਲਗਾ ਤਿਸੁ ਮਿਲੈ ਲਗਾ ਸੋ ਪਰਵਾਨੁ। (ਮ: 2-474)

ਨਿਹਾਲ ਸਿੰਘ ਏਨੀ ਨਿਮਰਤਾ ਵਾਲੇ ਸਨ ਕਿ ਸੇਵਕਾਂ ਦੀ ਭੁੱਲ ਨੂੰ ਵੀ ਆਪਣੀ ਕਹਿ ਸਾਹਿਬ ਬੀਰ ਸਿੰਘ ਜੀ ਅੱਗੇ ਸ਼ਰਮਿੰਦਗੀ ਉਠਾਉਂਦੇ ਸਨ। ਨਿਹਾਲ ਸਿੰਘ ਲੋਕਾਂ ਨੂੰ 'ਮਹਾਰਾਜ' ਕਹਿਕੇ ਸੰਬੋਧਿਤ ਕਰਦੇ ਸਨ। ਲੋਕ ਆਪ ਨੂੰ ਵੀ 'ਮਹਾਰਾਜ' ਕਹਿਣ ਲੱਗ ਪਏ। ਕੁਝ ਸਮੇਂ ਬਾਦ ਸਭ ਨੂੰ ਇਹ ਯਾਦ ਹੀ ਭੁੱਲ ਗਿਆ ਕਿ ਆਪ ਦਾ ਨਾਂ ਕੁਝ ਹੋਰ ਹੈ ਅਤੇ ਆਪ ਮਹਾਰਾਜ ਸਿੰਘ ਹੀ ਬਣ ਗਏ।

ਬਾਬਾ ਬੀਰ ਸਿੰਘ ਜੀ ਦੀ ਸ਼ਹਾਦਤ ਤੋਂ ਬਾਦ ਆਪ ਵਕਤ ਦੀ ਨਬਜ਼ ਨੂੰ ਪਛਾਣਦਿਆਂ ਨੌਰੰਗਾਬਾਦ ਦਾ ਡੇਰਾ ਛੱਡਕੇ ਅੰਮ੍ਰਿਤਸਰ ਸਾਹਿਬ ਆ ਗਏ। ਬਾਬਾ ਮਹਾਰਾਜ ਸਿੰਘ ਦੀ ਸਿੱਖ ਸੰਗਤਾਂ ਖ਼ਾਸ ਕਰ ਸਿੱਖ ਫ਼ੌਜਾਂ ਅੰਦਰ ਡੂੰਘੀ ਸ਼ਰਧਾ ਅਤੇ ਸਤਿਕਾਰ ਸੀ। ਜਿਸ ਕਾਰਨ ਅੰਗਰੇਜ਼ ਖ਼ੁਦ ਲਈ ਖ਼ਤਰਾ ਮੰਨਦੇ ਹੋਏ ਆਪ ਨੂੰ ਹਰ ਹਾਲ ਵਿਚ ਖ਼ਤਮ ਕਰਨਾ ਚਾਹੁੰਦੇ ਸਨ। ਆਪ ਅਨੇਕ ਇਲਾਕਿਆਂ ਵਿਚ ਵਿਚਰਦੇ ਰਹੇ। ਦੋਆਬੇ ਦੀ ਧਰਤੀ ਤੇ ਜਨਮਿਆਂ ਬਾਬਾ ਰਾਮ ਸਿੰਘ ਜਿਸਨੂੰ ਆਪਨੇ ਨੌਰੰਗਾਬਾਦ ਹੀ ਅੰਮ੍ਰਿਤ ਦੀ ਬਖਸ਼ਿਸ਼ ਕੀਤੀ ਹੋਈ ਸੀ।

ਮਨ ਮਹਿ ਜੋਤਿ ਜੋਤਿ ਮਹਿ ਮਨੂਆ
ਪੰਚ ਮਿਲੇ ਗੁਰ ਭਾਈ ॥
ਨਾਨਕ ਤਿਨਕੇ ਸਦ ਬਲਿਹਾਰੀ
ਜਿਨ ਏਕ ਸਬਦਿ ਲਿਵ ਲਾਈ ॥ (ਮ:1-879)

ਅਤੇ ਜੋ ਆਪ ਦੀ ਆਗਿਆ ਨਾਲ ਸਿੱਖ ਧਰਮ ਦਾ ਪ੍ਰਚਾਰ ਥਾਂ ਪੁਰ ਥਾਂ ਕਰ ਰਹੇ ਸਨ, ਦੀ ਬੇਨਤੀ ਤੇ ਜਦ ਦੁਆਬੇ ਦੀ ਧਰਤੀ 'ਤੇ ਆਏ ਤਾਂ ਆਦਮਪੁਰ ਨੇੜੇ ਅੰਗਰੇਜ਼ ਸਰਕਾਰ ਦੁਆਰਾ ਗ੍ਰਿਫਤਾਰ ਕਰ ਲਏ ਗਏ। ਆਪ ਨੂੰ 18 ਦਸੰਬਰ 1849 ਨੂੰ ਸਿੰਘਾਪੁਰ ਦੀ ਸ਼ਾਹੀ ਜੇਲ੍ਹ ਵਿਚ ਭੇਜ ਦਿੱਤਾ ਜਿੱਥੇ ਸ਼ਾਂਤਚਿਤ ਭਜਨ ਬੰਦਗੀ ਕਰਦਿਆਂ 5 ਜੁਲਾਈ 1856 ਈਸਵੀ ਨੂੰ ਆਪ ਅਗੰਮੀ ਜੋਤ ਵਿਚ ਲੀਨ ਹੋ ਗਏ।

## ਸੰਤ ਸੰਪਰਦਾਇ ਦੀ ਨਾਦੀ ਬੰਸਾਵਲੀ

**ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ**

ਭਾਈ ਦਇਆ ਸਿੰਘ ਜੀ (ਪੰਜ ਪਿਆਰਿਆਂ ਦੇ ਮੁੱਖੀ)

ਬਾਬਾ ਸੋਭਾ ਸਿੰਘ ਜੀ ਸੋਢੀ (ਆਨੰਦਪੁਰ)

ਬਾਬਾ ਸਾਹਿਬ ਸਿੰਘ ਜੀ ਬੇਦੀ (ਊਨਾ ਸਾਹਿਬ)

ਬਾਬਾ ਭਾਗ ਸਿੰਘ ਜੀ (ਕੁਰ੍ਹੀ ਵਾਲੇ)

ਬਾਬਾ ਬੀਰ ਸਿੰਘ ਜੀ (ਨੌਰੰਗਾਬਾਦ)

ਬਾਬਾ ਮਹਾਰਾਜ ਸਿੰਘ ਜੀ (ਨੌਰੰਗਾਬਾਦ) — ਬਾਬਾ ਖੁਦਾ ਸਿੰਘ ਜੀ ਲਾਹੌਰ

ਬਾਬਾ ਰਾਮ ਸਿੰਘ ਜੀ ਵਿਰੱਕਤ (ਨੌਰੰਗਾਬਾਦ)

ਸੰਤ ਬਾਬਾ ਕਰਮ ਸਿੰਘ ਜੀ (ਹੋਤੀ ਮਰਦਾਨ)

ਸੰਤ ਬਾਬਾ ਅਤਰ ਸਿੰਘ ਜੀ (ਰੇਰੂ ਸਾਹਿਬ)

ਸ਼੍ਰੀ ਮਾਨ ਸੰਤ ਈਸ਼ਰ ਸਿੰਘ ਜੀ ਮਹਾਰਾਜ (ਰਾੜਾ ਸਾਹਿਬ) — ਸ਼੍ਰੀ ਮਾਨ ਸੰਤ ਕਿਸ਼ਨ ਸਿੰਘ ਜੀ ਮਹਾਰਾਜ (ਰਾੜਾ ਸਾਹਿਬ)

ਸ਼੍ਰੀ ਮਾਨ ਸੰਤ ਬਾਬਾ ਤੇਜਾ ਸਿੰਘ ਜੀ ਭੋਰੇ ਵਾਲੇ (ਰਾੜਾ ਸਾਹਿਬ) — ਸ਼੍ਰੀ ਮਾਨ ਸੰਤ ਬਾਬਾ ਤੀਰਥ ਸਿੰਘ ਜੀ ਸ਼ਾਮ ਚੁਰਾਸੀ ਵਾਲੇ



ਬਾਬਾ ਮਹਾਰਾਜ ਸਿੰਘ ਜੀ ਤੋਂ ਬਾਅਦ ਬਾਬਾ ਰਾਮ ਸਿੰਘ ਜੀ ਨੇ ਸੰਤ ਸੰਪਰਾਦਇ ਦਾ ਝੰਡਾ ਬੜੇ ਉਤਸ਼ਾਹ ਨਾਲ ਉੱਚਾ ਕਰਕੇ ਰੱਖਿਆ। ਇਸ ਜੋਤ ਨੂੰ ਓਨੀ ਤਨਦੇਹੀ ਨਾਲ ਹੀ ਜਗਾਈ ਰੱਖਿਆ ਜਿੰਨੀ ਸਮਿਆਂ ਦੇ ਹਨੇਰੇ ਵਿੱਚ ਸੁਲਗਦੀਆਂ ਰੂਹਾਂ ਅੰਦਰ ਸੱਚ ਪ੍ਰਕਾਸ਼ਮਾਨ ਕਰਨ ਲਈ ਲੋੜੀਂਦੀ ਸੀ। ਆਪ ਨੇ ਉਸੇ ਸੱਚ ਨੂੰ ਪਛਾਨਣ ਅਤੇ ਸ਼ਬਦ ਨਾਲ ਸੁਰਤ ਜੋੜਨ ਦੀ ਵਕਾਲਤ ਕੀਤੀ ਜੋ ਪ੍ਰਭੂ ਦੇ ਪ੍ਰਤੱਖ ਦਰਸ਼ਨਾ ਦੀ ਮੰਜ਼ਿਲ ਲਈ ਉੱਤਮ ਮਾਰਗ ਸੀ:—

ਜਿਨੀ ਸਚੁ ਪਛਾਣਿਆ ਸਚਿ ਰਤੇ ਭਰਪੂਰਿ ॥
ਗੁਰਸਬਦੀ ਮਨੁ ਬੇਧਿਆ ਪ੍ਰਭੁ ਮਿਲਿਆ ਆਪਿ ਹਦੂਰ ।। (ਮ: 3-37)

ਆਪਨੇ ਬਾਬਾ ਕਰਮ ਸਿੰਘ ਅੰਦਰ ਇਸ ਮਹਾਨ ਸੰਪਰਦਾ ਦੇ ਸੱਚ ਅਤੇ ਆਤਮ ਮਾਰਗ ਦਾ ਐਸਾ ਪ੍ਰਕਾਸ਼ ਰੱਖਿਆ, ਜੋ ਹੋਤੀ ਮਰਦਾਨ ਵਿੱਚ ਨੂਰ ਦਾ ਸੂਰਜ ਬਣਕੇ ਚੜ੍ਹਿਆ ਅਤੇ ਕੋਈ ਵੀ ਰੂਹ ਇਸ ਦੀ ਚਮਕ ਤੋਂ ਅਣਭਿੱਜ ਨਾ ਰਹਿ ਸਕੀ। ਬਾਬਾ ਕਰਮ ਸਿੰਘ ਜੀ ਦਾ ਜਨਮ ਪਿੰਡ ਕਲਰ, ਜ਼ਿਲ੍ਹਾ ਰਾਵਲਪਿੰਡੀ ਪਾਕਿਸਤਾਨ ਵਿਚ ਹਾੜ ਮਹੀਨੇ 1883 ਵਿਚ ਬਾਬਾ ਸਾਹਿਬ ਸਿੰਘ ਜੀ ਦੇ ਬਚਨਾਂ ਨਾਲ ਹੋਇਆ। 18 ਸਾਲ ਦੀ ਉਮਰ ਵਿਚ ਆਪ ਫ਼ੌਜ ਵਿਚ ਭਰਤੀ ਹੋ ਗਏ। ਆਪ ਦੀ ਰਹਿਣੀ ਸਹਿਣੀ, ਨਿਤਨੇਮ ਅਤੇ ਉੱਚ-ਅਵਸਥਾ ਵੇਖਕੇ ਫ਼ੌਜ ਵਿਚ ਆਪਦਾ ਸਤਿਕਾਰ ਬਹੁਤ ਵਧ ਗਿਆ। ਆਪਦੀ ਪ੍ਰੇਰਨਾ ਨਾਲ ਸਭ ਫ਼ੌਜੀ ਵੀਰ ਅੰਮ੍ਰਿਤ ਵੇਲੇ ਉੱਠਕੇ ਗੁਰੂ ਚਰਨਾਂ ਨਾਲ ਜੁੜਨ ਲੱਗੇ। 1857 ਦੇ ਗਦਰ ਦੇ ਅਰਾਜਕਤਾ ਦੇ ਮਾਹੌਲ ਵਿਚ ਜਦ ਆਪਦੀ ਪਲਟਨ ਦੀ ਡਿਊਟੀ ਦਿੱਲੀ ਲੱਗ ਗਈ ਤਾਂ ਸਭ ਫ਼ੌਜੀ ਅਸਬਾਬ ਲੁੱਟਣ ਵਿਚ ਜੁੱਟ ਗਏ। ਪਰ ਆਪ ਪ੍ਰਭਾਵਿਤ ਲੋਕਾਂ ਨੂੰ ਮਾਲ ਅਸਬਾਬ ਸਮੇਤ ਸੁਰੱਖਿਅਤ ਥਾਵਾਂ 'ਤੇ ਪਹੁੰਚਾਣ ਵਿਚ ਹੀ ਵਿਅਸਤ ਰਹੇ ਅਤੇ ਧਨ ਦੌਲਤ ਵੱਲ ਅੱਖ ਚੁੱਕ ਕੇ ਵੀ ਨਾ ਵੇਖਿਆ।

ਗੁਣ ਨਿਧਾਨ ਅਪਾਰ ਠਾਕੁਰ ਮਨ ਲੋੜੀਂਦਾ ਪਾਇਆ
ਬਿਨਵੰਤਿ ਨਾਨਕੁ ਸਦਾ ਤ੍ਰਿਪਤੇ ਹਰਿਨਾਮੁ ਭੋਜਨੁ ਖਾਇਆ।
(ਮ:5-705)

ਗਦਰ ਖ਼ਤਮ ਹੋਣ ਤੇ ਜਦ ਆਪ ਘਰ ਪਹੁੰਚੇ ਤਾਂ ਸਭ ਸਕੇ ਸਬੰਧੀ ਲੁਟ ਦਾ ਮਾਲ ਨਾ ਲਿਆਉਣ ਕਾਰਣ ਨਾਰਾਜ਼ ਹੋ ਗਏ। ਆਪਦੇ ਮਨ ਨੂੰ ਇੰਨੀ ਠੇਸ ਪਹੁੰਚੀ ਕਿ ਘਰ ਬਾਰ ਤਿਆਗ ਕੇ ਵਾਪਸ ਮਰਦਾਨ ਵਿਖੇ ਨੌਕਰੀ 'ਤੇ ਹਾਜ਼ਰ ਹੋ ਗਏ ਅਤੇ ਬਹੁਤਾ ਸਮਾਂ ਸੇਵਾ ਅਤੇ ਸਿਮਰਨ ਵਿਚ ਹੀ ਬਿਤਾਉਣ ਲੱਗੇ। ਇਕ

ਦਿਨ ਸਮਾਧੀ ਇਸਥਿਤ ਹੋਣ ਕਾਰਨ ਜਦ ਆਪ ਡਿਊਟੀ 'ਤੇ ਜਾਣਾ ਹੀ ਭੁੱਲ ਗਏ ਤਾਂ ਆਪਦੀ ਆਨ ਖਾਤਰ ਅਕਾਲ ਪੁਰਖ ਨੂੰ ਪਹਿਰਾ ਦੇਣਾ ਪਿਆ। ਇਸ ਗੱਲ ਦਾ ਪਤਾ ਲੱਗਦਿਆਂ ਹੀ ਬਾਬਾ ਕਰਮ ਸਿੰਘ ਜੀ ਨੇ ਨੌਕਰੀ ਤੋਂ ਤਿਆਗ ਪੱਤਰ ਦੇ ਦਿੱਤਾ ਅਤੇ ਸੱਚੀ ਸਰਕਾਰ ਦੀ ਸੇਵਾ ਕਰਨੀ ਸ਼ੁਰੂ ਕਰ ਦਿੱਤੀ। ਆਪ ਦੀ ਤਪ ਸਾਧਨਾ ਬਹੁਤ ਕਠਿਨ ਸੀ। ਸਵੇਰੇ ਡੇਢ ਵਜੇ ਉੱਠਕੇ ਇਸ਼ਨਾਨ ਕਰਕੇ ਕਲ ਨਦੀ ਦੇ ਕੰਢੇ 'ਤੇ ਸਮਾਧੀ ਵਿੱਚ ਇਸਥਿਤ ਹੋ ਜਾਣਾ। ਸਿਆਲਾਂ ਦੇ ਦਿਨਾਂ ਵਿੱਚ ਆਪ ਉੱਪਰ ਕਈ ਵਾਰ ਬਰਫ ਜੰਮ ਜਾਂਦੀ, ਪਰ ਆਪਨੇ ਚਾਦਰ ਝਾੜਕੇ ਬਰਫ਼ ਲਾਹ ਦੇਣੀ ਅਤੇ ਫਿਰ ਸਮਾਧੀ ਵਿੱਚ ਇਸਥਿਤ ਹੋ ਜਾਣਾ। ਹਾੜ, ਸਿਆਲ, ਗੜੇਮਾਰ, ਝੱਖੜ, ਬਾਰਸ਼ਾਂ ਵਿੱਚ ਵੀ ਆਪ ਆਪਣਾ ਨਿਯਮ ਖੁੰਝਣ ਨਹੀਂ ਸੀ ਦਿੰਦੇ। ਫਿਰ 4.30 ਵਜੇ ਅਸਥਾਨ 'ਤੇ ਆ ਕੇ 101 ਗਾਗਰਾਂ ਨਾਲ ਦੁਬਾਰਾ ਇਸ਼ਨਾਨ ਕਰਦੇ। ਇੱਕ ਗਾਗਰ ਵਿੱਚ ਤੀਹ ਸੇਰ ਪੱਕਾ ਜਲ ਪੈਂਦਾ ਸੀ। ਫਿਰ ਆਪ ਗੁਰੂ ਦਰਬਾਰ ਦੀ ਹਾਜ਼ਰੀ ਭਰਦੇ। ਨਿੱਤ ਨੇਮੀ ਬਾਣੀਆਂ ਤੋਂ ਬਾਦ ਆਸਾ ਦੀ ਵਾਰ ਦਾ ਕੀਰਤਨ ਸੁਣਦੇ। ਨੌਂ ਵਜੇ ਦੀਵਾਨ ਦੀ ਸਮਾਪਤੀ ਹੁੰਦੀ। ਨੌਂ ਤੋਂ 10 ਵਜੇ ਤੱਕ ਆਪ ਸੰਗਤਾਂ ਨੂੰ ਦਰਸ਼ਨ ਦਿੰਦੇ। ਬੇਅੰਤ ਦੁਨੀਆਂਦਾਰਾਂ ਦੀਆਂ ਮੰਗਾਂ ਲਈ ਅਰਦਾਸਾਂ ਕਰਦੇ। 10 ਵਜੇ ਆਪ ਫਿਰ ਗੁਫ਼ਾ ਵੱਲ ਚਲੇ ਜਾਂਦੇ। ਪਿਛਲੇ ਪਹਿਰ ਸਾਵਧਾਨ ਹੋਕੇ ਇਸ਼ਨਾਨ ਕਰਦੇ, ਫਿਰ ਸੈਰ ਕਰਨ ਜਾਂਦੇ ਅਤੇ ਬਨੇਰੇ ਤੇ ਬੈਠਕੇ ਸੰਗਤਾਂ ਨੂੰ ਦਰਸ਼ਨ ਦਿੰਦੇ। ਫਿਰ ਰਹਿਰਾਸ ਸਾਹਿਬ ਦਾ ਪਾਠ ਸੁਣਦੇ। ਕਥਾ ਵਾਰਤਾਂ ਕਰਦੇ। 9 ਤੋਂ 11 ਵਜੇ ਤੱਕ ਫਿਰ ਦੋ ਘੰਟੇ ਇਕਾਂਤ ਵਿੱਚ ਸਮਾਧੀ ਦਾ ਆਨੰਦ ਮਾਣਦੇ। 11 ਵਜੇ ਤੋਂ ਡੇਢ ਵਜੇ ਤੱਕ ਅਰਾਮ ਕਰਦੇ। ਫਿਰ ਰੋਜ਼ਾਨਾ ਕਿਰਿਆ ਵਿੱਚ ਸ਼ਾਮਿਲ ਹੋ ਜਾਂਦੇ। ਲਗਾਤਾਰ 48 ਸਾਲ ਆਪਨੇ ਇਹ ਕਰਮ ਜਾਰੀ ਰੱਖਿਆ।

ਇਸੁ ਹਰਿ ਧਨ ਕਾ ਸਾਹੁ ਹਰਿ ਆਪ ਹੈ ਸੰਤਹੁ
ਜਿਸ ਨੋ ਦੇਇ ਸੁ ਹਰਿ ਧਨੁ ਲਦਿ ਚਲਾਈ॥
ਇਸੁ ਹਰਿ ਧਨੈ ਕਾ ਤੋਟਾ ਕਦੇ ਨ ਆਵਈ
ਜਨ ਨਾਨਕ ਕਉ ਗੁਰਿ ਸੋਝੀ ਪਾਈ॥ (ਮ: 4-734)

ਬਾਬਾ ਕਰਮ ਸਿੰਘ ਹਜ਼ਾਰਾ ਲੋਕਾਂ ਨੂੰ ਨਾਮ ਦਾਨ ਬਖਸ਼ਕੇ ਪ੍ਰਭੂ ਦੇ ਰਾਹ ਤੋਂ ਭਟਕੇ ਲੋਕਾਂ ਨੂੰ ਸਹੀ ਰਾਹ ਦਿਖਾਕੇ, ਹਜ਼ਾਰਾ ਦਾਤਾਂ ਬਖਸ਼ਕੇ ਆਖ਼ਿਰ ਸੈਦੂ ਵਿਖੇ ਆਪਣਾ ਪੰਜ ਭੂਤਕ ਸਰੀਰ ਤਿਆਗ ਗਏ। ਸੰਤ ਬਾਬਾ ਕਰਮ ਸਿੰਘ ਜੀ ਦੁਆਰਾ ਅਨੇਕ ਆਤਮ ਖੋਜੀ, ਆਤਮ ਅਭਿਆਸੀ, ਸਤ ਸਾਧਨ ਅਤੇ ਸਤ ਦੇ



ਮਹਾਨ ਸੰਤ ਵਰੋਸਾਏ ਗਏ ਜਿਹਨਾਂ ਵਿਚੋਂ ਪ੍ਰਮੁੱਖ ਹਨ ਸੰਤ ਬਾਬਾ ਆਇਆ ਸਿੰਘ ਜੀ ਹੋਤੀ ਮਰਦਾਨ ਅਤੇ ਸੰਤ ਬਾਬਾ ਅਤਰ ਸਿੰਘ ਜੀ ਰੇਰੂ ਸਾਹਿਬ।

## ਸੰਤ ਅਤਰ ਸਿੰਘ ਜੀ ਰੇਰੂ ਸਾਹਿਬ

ਅਪ੍ਰੈਲ 1864 ਵਿਚ ਸ. ਲਾਲ ਸਿੰਘ ਪਿੰਡ ਲੋਪੇ ਜ਼ਿਲ੍ਹਾ ਲੁਧਿਆਣਾ ਦੇ ਘਰ ਜਨਮੇ ਭਾਈ ਅਤਰ ਸਿੰਘ ਦਾ ਜਦ ਫ਼ੌਜ ਵਿੱਚ ਰਹਿੰਦਿਆਂ ਸੰਤ ਕਰਮ ਸਿੰਘ ਜੀ ਹੋਤੀ ਮਰਦਾਨ ਨਾਲ ਮੇਲ ਹੋਇਆ ਤਾਂ ਸੰਤ ਜੀ ਦੀ ਮਿਹਰ ਦ੍ਰਿਸ਼ਟੀ ਸਦਕਾ ਆਪ ਨੇ ਫ਼ੌਜ ਦੀ ਨੌਕਰੀ ਤੋਂ ਸੇਵਾ ਮੁਕਤ ਹੋਕੇ ਤਨ ਨੂੰ ਪ੍ਰਭੂ ਦੀ ਸੇਵਾ ਵਿਚ ਲਾਉਣ ਦਾ ਮਨ ਬਣਾ ਲਿਆ।

ਇਹੁ ਤਨੁ ਵੇਚੀ ਬੈ ਕਰੀ ਜੇ ਕੋ ਲਏ ਵਿਕਾਇ॥
ਨਾਨਕ ਕੰਮਿ ਨ ਆਵਈ ਜਿਤੁ ਤਨਿ ਨਾਹੀ ਸਚਾ ਨਾਉ॥
(ਮ:1 -730)

ਹੋਤੀ ਮਰਦਾਨ ਵਿਖੇ ਰਹਿੰਦਿਆਂ ਸੰਤ ਕਰਮ ਸਿੰਘ ਵਰਗੇ ਪੂਰਨ ਪੁਰਸ਼ ਦੀ ਦੱਸੀ ਜੁਗਤੀ ਅਨੁਸਾਰ ਐਸਾ ਸਿਮਰਨ ਕੀਤਾ ਕਿ ਆਪ ਕੋਈ ਵੀ ਸਵਾਸ ਬਿਰਥਾ ਨਹੀਂ ਸਨ ਜਾਣ ਦਿੰਦੇ। ਹਰ ਪਲ ਪ੍ਰਭੂ ਭਗਤੀ ਵਿਚ ਹੀ ਲੀਨ ਰਹਿੰਦੇ:—

ਸਾਸਿ ਸਾਸਿ ਨ ਘੜੀ ਵਿਸਰੈ ਪਲੁ ਮੂਰਤੁ ਦਿਨੁ ਰਾਤੇ।
ਨਾਨਕ ਸਾਰਿੰਗ ਜਿਉ ਪਿਆਸੇ ਕਿਉ ਮਿਲੀਐ ਪ੍ਰਭ ਦਾਤੈ।
(ਮ:5-247)

ਆਪ ਦੇ ਮਨ ਵਿਚ ਨਿਸ਼ਕਾਮ ਸੇਵਾ ਅਤੇ ਸਿਮਰਨ ਦਾ ਐਸਾ ਪ੍ਰਕਾਸ਼ ਹੋਇਆ ਕਿ ਜਦ ਪਿੰਡ ਰਾਮਪੁਰ ਤੋਂ ਆਈ ਸੰਗਤ ਨੇ ਸੰਤ ਬਾਬਾ ਕਰਮ ਸਿੰਘ ਜੀ ਦੇ ਚਰਨਾਂ ਵਿਚ ਰੇਰੂ ਸਾਹਿਬ ਇਲਾਕੇ ਨੂੰ ਤਾਰਨ ਲਈ ਆਪਣੀ ਜੋਤ ਬਖਸ਼ਿਸ਼ ਕਰਨ ਦੀ ਬੇਨਤੀ ਕੀਤੀ ਤਾਂ ਉਹਨਾਂ ਨੇ ਬਾਬਾ ਅਤਰ ਸਿੰਘ ਜੀ ਨੂੰ ਹੀ ਇਸ ਪਵਿੱਤਰ ਕਾਰਜ ਲਈ ਚੁਣਿਆ। ਸੰਤ ਜੀ ਦੀ ਆਗਿਆ ਪਾਕੇ ਆਪ ਰੇਰੂ ਸਾਹਿਬ ਆ ਗਏ ਅਤੇ ਸੇਵਾ ਕਰਨੀ ਆਰੰਭ ਕਰ ਦਿਤੀ।

ਸੰਤ ਜੀ ਦੀ ਤਪ ਸਾਧਨਾ ਬੜੀ ਕਠਿਨ ਸੀ। ਉਹ ਅੰਮ੍ਰਿਤ ਵੇਲੇ 2 ਵਜੇ ਉੱਠਦੇ। ਇੱਕ ਸੌ ਪੰਦਰਾਂ ਸੇਰ ਡੋਲ ਨਾਲ ਇਸ਼ਨਾਨ ਕਰਦੇ। ਫਿਰ ਗੋਖੇ ਦੀ ਛੱਪੜੀ ਕੋਲ ਟੋਏ ਅੰਦਰ ਸਮਾਧੀ ਲਗਾਕੇ ਬੈਠ ਜਾਂਦੇ। ਭਾਵੇਂ ਮੀਂਹ ਹੋਵੇ ਜਾਂ ਹਨੇਰੀ, ਸਰਦੀ ਹੋਵੇ ਜਾਂ ਗਰਮੀ, ਝੱਖੜ ਜਾਂ ਤੂਫਾਨ, ਕਿਸੇ ਵੀ ਰੁਕਾਵਟ ਤੋਂ ਨਾ ਤ੍ਰਹਿੰਦਿਆਂ ਆਪ ਇਸ ਜਗ੍ਹਾ 'ਤੇ ਅਖੀਰਲੇ ਦਮ ਤੱਕ ਸਮਾਧੀ ਵਿੱਚ ਲੀਨ ਹੁੰਦੇ ਰਹੇ। ਏਥੋਂ

ਤੱਕ ਕਿ ਜਦ ਬਾਬਾ ਕਰਮ ਸਿੰਘ ਜੀ ਦੇ ਜਾਨਸ਼ੀਨ ਬਾਬਾ ਆਇਆ ਸਿੰਘ ਹਰਿਦਵਾਰ ਤੋਂ ਵਾਪਸ ਆਉਂਦੇ ਸਮੇਂ ਏਥੇ ਆਏ ਤਾਂ ਆਪ ਨੇ ਕੇਵਲ ਇੱਕੋ ਹੀ ਮੰਗ ਕੀਤੀ,

ਅਰਦਾਸ ਕਰੋ, ਕਿ ਮੇਰੀ ਇਸ ਟੋਏ ਨਾਲ ਨਿਭ ਜਾਏ।

ਸਮਾਧੀ ਤੋਂ ਬਾਦ ਆਪ ਟੋਏ ਵਿੱਚੋਂ ਬਾਹਰ ਨਿਕਲਦੇ, ਗੁਰਬਾਣੀ ਦੇ ਪਾਠ ਕਰਦੇ ਅਤੇ ਕਥਾ ਕੀਰਤਨ ਸੁਣਦੇ। ਦਿਨ ਵੇਲੇ ਬਹੁਤ ਘੱਟ ਅਰਾਮ ਕਰਦੇ। ਹਰ ਵਕਤ ਲਿਵ ਉਸ ਪ੍ਰਭੂ ਨਾਲ ਹੀ ਜੋੜੀ ਰੱਖਦੇ। ਸ਼ਾਮ ਸਮੇਂ ਕੀਰਤਨ ਹੋਣ ਉਪਰੰਤ ਆਪ ਗੋਖੇ ਦੀ ਛੱਪੜੀ ਵੱਲ ਜਾਂਦੇ ਤੇ ਫਿਰ ਸਮਾਧੀ ਵਿਚ ਲੀਨ ਹੋ ਜਾਂਦੇ। ਬਾਕੀ ਸਾਧਕ ਵੀ ਉਥੇ ਸਮਾਧੀ ਲਾ ਲੈਂਦੇ। ਇਸ ਕਰੜੀ ਤੇ ਅਡੋਲ ਸਾਧਨਾ ਨੇ ਸੰਤ ਜੀ ਮਹਾਰਾਜ ਪਾਸ ਐਸੀ ਸੰਗਤ ਜਮਾ ਕਰ ਦਿੱਤੀ ਜੋ ਮਹਾਨ ਪਰਮਯੋਗੀ ਸਨ। ਸੰਤ ਭਗਵਾਨ ਸਿੰਘ ਜੀ, ਬਾਬਾ ਨੱਥਾ ਸਿੰਘ ਜੀ, ਬਾਬਾ ਸੇਵਾ ਸਿੰਘ ਜੀ, ਬਾਬਾ ਕਰਤਾਰ ਸਿੰਘ ਜੀ, ਬਾਬਾ ਸੰਤ ਸਿੰਘ ਜੀ, ਸੰਤ ਬਿਸ਼ਨ ਸਿੰਘ ਜੀ, ਸੰਤ ਮੁਕੰਦ ਸਿੰਘ ਜੀ, ਸੰਤ ਈਸ਼ਰ ਸਿੰਘ ਜੀ, ਸੰਤ ਕਿਸ਼ਨ ਸਿੰਘ ਜੀ ਆਦਿਕ ਇਸੇ ਹੀ ਟਕਸਾਲ 'ਚੋਂ ਨਿਕਲੇ, ਜੋ ਬਾਅਦ ਵਿੱਚ ਮਹਾਨ ਕਰਮਯੋਗੀ ਬਣੇ। ਆਪ ਨੇ ਸਭ ਨੂੰ ਇਕੋ ਹੀ ਸਬਕ ਸਿਖਾਇਆ ਕਿ

ਆਠ ਪਹਰ ਪ੍ਰਭੁ ਅਪਨਾ ਧਿਆਈਐ
ਗੁਰ ਪ੍ਰਸਾਦਿ ਭਉ ਤਰੀਐ ।।
ਆਪੁ ਤਿਆਗਿ ਹੋਈਐ ਸਭ ਰੇਣਾ
ਜੀਵਤਿਆ ਇਉਂ ਮਰੀਐ ॥ (ਮ:5-750)

ਜਦ ਆਪ ਮਨੁੱਖਤਾ ਦਾ ਭਲਾ ਕਰਦੇ ਕਰਦੇ, ਵਿਛੜਿਆਂ ਨੂੰ ਪ੍ਰਭੂ ਨਾਲ ਜੋੜਦੇ-ਜੋੜਦੇ ਲੱਖਾਂ ਰੂਹਾਂ ਨੂੰ ਵਿਲਕਦਿਆਂ ਛੱਡਕੇ ਸਰੀਰ ਤਿਆਗ ਗਏ ਤਾਂ ਸਭ ਪਾਸੇ ਹਾਹਾਕਾਰ ਮਚ ਗਈ ਅਤੇ ਰੋਂਦੀ ਕੁਰਲਾਉਂਦੀ ਸੰਗਤ ਨੇ ਜਲੂਸ ਦੀ ਸ਼ਕਲ ਵਿਚ ਆਪਦਾ ਸਰੀਰ ਸੈਦੂ ਵਿਖੇ ਦਰਿਆ ਸਿੰਧ ਵਿਖੇ ਲਿਜਾ ਕੇ ਸੰਤ ਬਾਬਾ ਕਰਮ ਸਿੰਘ ਜੀ ਦੇ ਅਸਥਾਨ ਪਰ ਹੀ ਅਰਦਾਸ ਕਰਕੇ ਜਲ ਪ੍ਰਵਾਹ ਕਰ ਦਿੱਤਾ। ਰੇਰੂ ਸਾਹਿਬ ਅਸਥਾਨ ਤੇ ਰਹਿ ਰਹੇ ਸੰਤ ਬਾਬਾ ਈਸ਼ਰ ਸਿੰਘ ਅਤੇ ਸੰਤ ਕਿਸ਼ਨ ਸਿੰਘ ਜੀ ਇਸ ਵੇਦਨ ਨੂੰ ਸਹਾਰ ਨਾ ਸਕੇ ਅਤੇ ਸੰਤ ਜੀ ਮਹਾਰਾਜ ਦੀਆਂ ਵਸਤਾਂ ਕੰਬਲੀ ਦੀ ਝੰਬੀ, ਇਕ ਜੇਬ ਘੜੀ ਅਤੇ ਇੱਕ ਲੋਹੇ ਦਾ ਗੜਵਾ ਵਿਰਾਸਤ ਜਾਣਕੇ ਅੱਗੇ ਤੁਰ ਪਏ ਜੋ ਰਾੜਾ ਸਾਹਿਬ ਦੀ ਮਹਾਨ ਸੰਪਰਦਾ ਦਾ ਆਰੰਭ ਸੀ।



# ਰਾੜਾ ਸਾਹਿਬ ਸੰਪਰਦਾ

ਜੋ ਗੁਰਮੁੱਖ ਮਨ ਇੰਦਰੀਆਂ ਨੂੰ ਸਾਧ ਕੇ, ਆਤਮਾ ਤੋਂ ਹਰ ਪ੍ਰਕਾਰ ਦੀਆਂ ਮੈਲਾਂ ਉਤਾਰ ਕੇ ਪ੍ਰਮੇਸ਼ਰ ਵਿੱਚ ਅਭੇਦ ਹੋ ਗਿਆ ਹੋਵੇ ਉਹ ਪੂਰਨ ਸਾਧ ਹੈ। ਇਕ ਅਜਿਹੇ ਹੀ ਜਟਾਧਾਰੀ ਸੰਤ ਜਿਸਨੇ ਪੁਰਾਣੇ ਸਮੇਂ ਦੇ ਜੋਗੀਆਂ ਵਾਂਗ ਹੱਥ ਵਿੱਚ ਚਿਮਟਾ ਫੜਿਆ ਸੀ, ਮੱਥੇ ਤੇ ਚਾਦਰ ਦਾ ਝੁੰਬ, ਗਲ਼ ਵਿੱਚ ਮਾਲਾ ਅਤੇ ਤਨ ਤੇ ਲੰਬਾ ਚੋਗਾ ਪਹਿਨਿਆ ਹੋਇਆ ਸੀ, ਜਿਸਦੇ ਬੋਲਾਂ ਵਿੱਚ ਮਿਸ਼ਰੀ ਜਿਹੀ ਮਿਠਾਸ ਅਤੇ ਅੱਖਾਂ ਵਿੱਚ ਪ੍ਰੀਤਮ ਮਿਲਣ ਦੀ ਮਸਤੀ ਸੀ, ਨੇ ਪ੍ਰਮਾਤਮਾ ਦੀ ਮੌਜ ਵਿੱਚ ਆ ਇਕ ਦਰ ਤੇ ਅਲਖ ਜਗਾਈ- ਤੇ ਇਹ ਦਰ ਸੀ ਨਿਰਮਾਣੇ ਨਗਰ (ਜ਼ਿਲ੍ਹਾ ਪਟਿਆਲਾ) ਵਾਲੇ ਸ. ਪ੍ਰੀਤਮ ਸਿੰਘ ਦਾ। ਉਸ ਸਮੇਂ ਇਹ ਇਲਾਹੀ ਦਸਤਕ ਸ. ਪ੍ਰੀਤਮ ਸਿੰਘ ਦੀ ਸੁਪਤਨੀ ਬੀਬੀ ਮਹਿਤਾਬ ਕੌਰ ਨੇ ਸੁਣੀ ਤੇ ਆਪਣੀ ਧੀ ਨੂੰ ਕਿਹਾ, "ਰਤਨ ਕੌਰੇ ਮਹਾਂਪੁਰਸ਼ ਆਏ ਨੇ ਦੌੜ ਕੇ ਇਹਨਾਂ ਨੂੰ ਪ੍ਰਸ਼ਾਦਾ ਦੇਹ।" ਗੁਰਮੁਖ ਮਾਤਾ ਪਿਤਾ ਦੇ ਸੁਭਾਅ ਤੋਂ ਹਰ ਗਲ ਸਤਿ ਬਚਨ ਕਹਿਣਾ ਸਿਖੀ ਬੀਬੀ ਰਤਨੀ ਨੇ ਤਨੋ ਮਨੋ ਭਾਵਨਾ ਪੂਰਵਕ ਸੰਤਾਂ ਨੂੰ ਨਮਸਕਾਰ ਕੀਤੀ ਅਤੇ ਬੜੀ ਸ਼ਰਧਾ ਨਾਲ ਪ੍ਰਸ਼ਾਦਾ ਫੜਾਇਆ। ਸੰਤਾਂ ਕਿਹਾ 'ਸਤਿ ਕਰਤਾਰ।' ਤੇ ਫਿਰ ਬੀਬੀ ਮਹਿਤਾਬ ਕੌਰ ਵਲ ਮਸਤਕ ਕਰਕੇ ਬੋਲੇ 'ਤੇਰੀ ਪੁਤਰੀ ਬੜੀ ਭਾਗਾਂ ਵਾਲੀ ਏ, ਰਬੀ ਕਾਰਕ ਦੀ ਮਾਤਾ ਬਣੇਗੀ- ਪੂਰਨ ਬ੍ਰਹਮ ਗਿਆਨੀ ਪ੍ਰਭੂ ਪਿਆਰਾ ਇਸ ਦੀ ਝੋਲੀ 'ਚ ਪ੍ਰਗਟ ਹੋਵੇਗਾ ਜਿਸਦੀ ਖੁਸ਼ਬੂ ਸਿੱਖ ਫੁਲਬਾੜੀ ਨੂੰ ਮਹਿਕਾ ਦੇਵੇਗੀ।'

ਗਿਰਿ ਬਸੁਧਾ ਜਲ ਪਵਨ ਜਾਇਗੋ
ਇਕਿ ਸਾਧ ਬਚਨ ਅਟਲਾਧਾ ॥ (ਮ:5-1204)

ਕੁੱਝ ਸਮੇਂ ਉਪਰੰਤ ਪ੍ਰਭੂ ਦੀ ਰਜਾ ਮੁਤਾਬਕ ਬੀਬੀ ਰਤਨ ਕੌਰ ਦਾ ਆਨੰਦ ਕਾਰਜ ਪਿੰਡ ਆਲੋਵਾਲ (ਜੋ ਕਿ ਪਟਿਆਲੇ ਸ਼ਹਿਰ ਤੋਂ 10-12 ਮੀਲਾਂ ਦੀ ਵਿਥ 'ਤੇ ਹੈ) ਵਾਸੀ ਵੀਰ ਸਿੰਘ ਚੌਧਰੀ ਦੇ ਸਪੁੱਤਰ ਸ. ਰਾਮ ਸਿੰਘ ਜੀ ਨੰਬਰਦਾਰ ਨਾਲ ਕਰ ਦਿੱਤਾ ਗਿਆ। ਭਾਈ ਰਾਮ ਸਿੰਘ ਨਾਮ ਦੇ ਹੀ ਨਹੀਂ ਕਾਮ ਦੇ ਵੀ ਰਾਮ ਹੀ ਸਨ। ਦਿਲ ਵਿੱਚ ਦੀਨ ਦੁਖੀਆਂ ਦਾ ਦਰਦ ਹੰਢਉਣ ਵਾਲਾ, ਮਿਠ-ਬੋਲੜਾ, ਮਾਲਕ ਦੀ ਰਜਾ ਵਿੱਚ ਰਹਿਣ ਵਾਲਾ, ਗੁਰੂ ਘਰ ਦਾ ਪ੍ਰੀਤਵਾਨ ਤੇ ਅੰਮ੍ਰਿਤ ਵੇਲੇ ਨੂੰ ਸਾਂਭਣ ਵਾਲਾ। ਇਕ ਦਿਨ ਜਦ ਭਾਈ ਰਾਮ ਸਿੰਘ ਰੋਜ਼ ਦੀ ਤਰ੍ਹਾਂ ਉਠਿਆ,

ਇਸ਼ਨਾਨ ਉਪਰੰਤ ਸਿਮਰਨ ਵਿੱਚ ਜੁੜਿਆ ਤੇ ਅਚਾਨਕ ਇਕ ਦ੍ਰਿਸ਼ਟਾਂਤ ਅੱਖਾਂ ਸਾਹਵੇਂ ਸੰਚਲਿਤ ਹੋ ਗਿਆ। ਇਕ ਚਿਟ-ਕੱਪੜਾ ਖੂੰਡੀ ਵਾਲ ਬ੍ਰਿਧ ਬਜੁਰਗ ਜੋ ਜਾਹੋ-ਜਲਾਲ ਤੋਂ ਮਹਾਂਪੁਰਸ਼ ਪ੍ਰਤੀਤ ਹੁੰਦਾ ਸੀ ਭਾਈ ਸਾਹਿਬ ਵਲ ਹੀ ਤੁਰਿਆ ਆ ਰਿਹਾ ਸੀ। ਭਾਈ ਸਾਹਿਬ ਨੇ ਚਰਨ ਸਪਰਸ਼ ਕੀਤੇ ਤਾਂ ਉਹ ਪ੍ਰਸੰਨ ਚਿਤ ਹੋ ਮੁਖਾਰ ਬਿੰਦ ਤੋਂ ਉਚਰਿਆ 'ਰਾਮ ਸਿਹਾਂ, ਅਸੀਂ ਤੇਰੀ ਝੋਲੀ ਗੁਲਾਬ ਦਾ ਫੁੱਲ ਪਾ ਚਲੇ ਹਾਂ ਦੁਨੀਆਂ ਮਹਿਕਾਉਣ ਵਾਸਤੇ। ਇਹ ਅਮੋਲਕ ਹੀਰਾ ਹੈ ਇਸ ਵਿੱਚ ਨਿਰੰਕਾਰੀ ਜੋਤ ਪ੍ਰਕਾਸ਼ਮਾਨ ਹੋਵੇਗੀ। ਇਹ ਦੁਨੀਆਂ ਅੰਦਰ ਫੈਲੇ ਅੰਧਕਾਰ ਨੂੰ ਰੁਸ਼ਨਾਉਣ ਦੇ ਨਾਲ ਨਾਲ ਮਿਲਣ ਵਾਲੇ ਹਿਰਦਿਆਂ ਨੂੰ ਸ਼ੁਧ ਅਤੇ ਲੋਅਬਾਨ ਕਰ ਦੇਵੇਗਾ।'

ਸਮਾਂ ਬੀਤਦਾ ਗਿਆ। ਇਕ ਅੰਮ੍ਰਿਤ ਵੇਲੇ (4 ਅਗਸਤ 1905) ਜਦ ਰਾਤ ਭਰਜੋਬਨ ਤੇ ਆ ਜਾਂਦੀ ਹੈ, ਜਦ ਬ੍ਰਹਮ ਵਿੱਚ ਪ੍ਰਮਾਰਥੀ ਤਰੰਗਾਂ ਦੀ ਭਰਮਾਰ ਹੁੰਦੀ ਹੈ, ਜਦ ਪ੍ਰਭੂ ਦੇ ਪਿਅਰੇ ਪ੍ਰੇਮ ਵੱਸ ਜੁੜ ਬੈਠਦੇ ਹਨ— ਇਕ ਬਾਲਕ ਸੰਸਾਰ ਵਿੱਚ ਪ੍ਰਗਟ ਹੋਇਆ। ਜਿਸ ਦੇ ਸੁੰਦਰ ਗੁਲਾਬ ਵਾਗੂੰ ਟਹਿ ਟਹਿ ਕਰਦੇ ਚਿਹਰੇ ਉਦਾਲੇ ਬਹੁਤ ਨਿਰਮਲ ਅਤੇ ਸੀਤਲਤਾ ਪ੍ਰਦਾਨ ਕਰਨ ਵਾਲਾ ਪ੍ਰਕਾਸ਼ ਸੀ, ਨੇ ਚੁਫੇਰਾ ਰੁਸ਼ਨਾ ਦਿਤਾ ਤੇ ਫਿਰ ਇਹ ਪ੍ਰਕਾਸ਼ ਜਿਸ ਸਰੂਪ ਚੋਂ ਪ੍ਰਗਟ ਹੋਇਆ ਉਸੇ ਵਿੱਚ ਹੀ ਸਮਾ ਗਿਆ ਜਿਵੇਂ ਸਾਗਰ ਚੋਂ ਉਠੀ ਲਹਿਰ ਸਾਗਰ ਵਿੱਚ ਹੀ ਸਮਾ ਜਾਂਦੀ ਹੈ। ਸਭ ਅਸਚਰਜ ਹੋ ਗਏ। ਇਸ ਬਾਲਕ ਦਾ ਨਾਮ ਸੁਪਨੇ ਵਾਲੇ ਮਹਾਤਮਾ ਦੇ ਕਥਨ ਅਨੁਸਾਰ ਗੁਲਾਬ ਸਿੰਘ ਰੱਖਿਆ। ਬਚਪਨ ਤੋਂ ਹੀ ਅਨੂਠੇ ਗੁਲਾਬ ਸਿੰਘ ਨੂੰ ਜਦ ਪ੍ਰਾਇਮਰੀ ਦੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਪੜ੍ਹਨ ਵਾਸਤੇ ਮਾਡਲ ਸਕੂਲ ਪਟਿਆਲਾ ਵਿਚ ਦਾਖਲ ਕਰਵਾਇਆ ਗਿਆ ਤਾਂ ਇਸਦਾ ਧਿਆਨ ਘੁੰਮਣ ਫਿਰਨ ਦੀ ਬਜਾਏ ਗੁਰਦੁਆਰਾ ਸਾਹਿਬ ਦੀ ਸੇਵਾ ਅਤੇ ਸਾਧੂਆਂ ਦੀ ਸੰਗਤ ਵਿਚ ਹੀ ਵਧੇਰੇ ਸੀ। ਸਮਿਆਂ ਦੇ ਸਾਗਰ ਤੇ ਤੀਖਣ ਬੁਧੀ ਦੀਆਂ ਲਹਿਰਾਂ ਨਾਲ ਤਰਨ ਵਾਲਾ ਗੁਲਾਬ ਸਿੰਘ ਜਦ ਸਾਥੀਆਂ ਨਾਲ ਸੰਤ ਬਾਬਾ ਅਤਰ ਸਿੰਘ ਜੀ ਰੇਰੂ ਸਾਹਿਬ ਦੇ ਦਰਸ਼ਨ ਕਰਨ ਗਿਆ

ਗੁਰੁ ਸਰਵਰੁ ਮਾਨਸਰੋਵਰੁ ਹੈ ਵਡਭਾਗੀ ਪੁਰਖ ਲਹੰਨਿ ॥
ਸੇਵਕ ਗੁਰਮੁਖਿ ਖੋਜਿਆ ਸੇ ਹੰਸੁਲੇ ਨਾਮੁ ਲਹੰਨਿ ॥ (ਮ: 3-756)

ਤਾਂ ਬਾਬਾ ਜੀ ਨੇ ਇਸਨੂੰ ਅੰਮ੍ਰਿਤ ਛਕਾ ਕੇ ਗੁਲਾਬ ਤੋਂ ਈਸ਼ਰ ਬਣਾ ਦਿੱਤਾ।



ਭਾਈ ਈਸ਼ਰ ਸਿੰਘ ਜਦ ਪਟਿਆਲੇ ਪੁੱਜੇ ਤਾਂ ਉਹਨਾਂ ਦੀ ਹਰ ਕਿਰਿਆ, ਜ਼ੁਬਾਨ, ਬਿਹਾਰ ਅਤੇ ਕਰਮ ਹੀ ਨਵਾਂ ਤੇ ਨਰੋਆ ਹੋ ਗਿਆ ਅਤੇ ਦੁਨੀਆਂ ਵੱਲੋਂ ਟੁਟਕੇ ਨਾਮ ਨਾਲ ਹੀ ਜੁੜਦੇ ਗਏ।

"ਕਬੀਰ ਗੁਰ ਲਾਗਾ ਤਬ ਜਾਨੀਐ ਮਿਟੈ ਮੋਹੁ ਤਨ ਤਾਪ ॥
ਹਰਖ ਸੋਗ ਦਾਝੈ ਨਹੀ ਤਬ ਹਰਿ ਆਪਹਿ ਆਪ ॥

(ਕਬੀਰ ਜੀ, 1374)

ਜੁਲਾਈ 1922 ਵਿਚ ਜਦ ਪਟਿਆਲੇ ਦੀ ਸੰਗਤ ਤੋਂ ਸੰਤ ਮਹਾਰਾਜ ਨੇ ਇਕ ਸੇਵਕ ਦੀ ਮੰਗ ਕੀਤੀ ਤਾਂ ਭਾਈ ਈਸ਼ਰ ਸਿੰਘ ਨੇ ਖੁਦ ਨੂੰ ਸੇਵਾ ਲਈ ਪੇਸ਼ ਕਰ ਦਿੱਤਾ। ਜਿਸ ਤੇ ਖੁਸ਼ ਹੋਕੇ ਸੰਤ ਮਹਾਰਾਜ ਨੇ ਆਪਣੀ ਕੰਬਲੀ ਦੀ ਝੁੰਬੀ, ਇਕ ਗੜਵਾ ਤੇ ਇਕ ਜੇਬ ਘੜੀ ਵਿਰਸੇ ਵਜੋਂ ਭਾਈ ਈਸ਼ਰ ਸਿੰਘ ਨੂੰ ਬਖ਼ਸ਼ਿਸ਼ ਕਰਦਿਆਂ ਤਨ ਦੀ ਗਰੀਬੀ ਧਾਰਨ ਕਰਨ ਲਈ ਕਿਹਾ। ਉਸ ਦਿਨ ਤੋਂ ਭਾਈ ਈਸ਼ਰ ਸਿੰਘ ਦਾ ਸੰਤਾਂ ਦੀ ਸੇਵਾ ਅਤੇ ਸੰਗਤਾਂ ਦੀ ਸੇਵਾ ਇੱਕੋ ਇਕ ਨਿਸ਼ਾਨਾ ਬਣ ਗਿਆ ਅਤੇ ਆਪ ਸੰਤਾਂ ਦੇ ਨਿਯਮ ਅਨੁਸਾਰ ਹਰ ਸਮੇਂ ਉਹਨਾਂ ਦੀ ਸੇਵਾ ਲਈ ਤਤਪਰ ਰਹਿੰਦੇ। ਸੰਤ ਜੀ ਮਹਾਰਾਜ ਠੀਕ 11ਵਜੇ ਰਾਤ ਨੂੰ ਕੇਵਲ ਗੜਵੇ ਦਾ ਕੁੰਡਾ ਖੜਕਾਕੇ ਗੋਖੇ ਦੀ ਛੱਪੜੀ ਤੋਂ ਚਲਕੇ ਡੇਰੇ ਨੂੰ ਜਾਂਦੇ ਸਨ। ਸਵੇਰੇ 1.30 ਵਜੇ ਉਠਕੇ ਇਸ਼ਨਾਨ ਆਦਿ ਤੋਂ ਵਿਹਲੇ ਹੋਕੇ ਤਪ ਕਰਨ ਲਈ ਗੋਖੇ ਦੀ ਛੱਪੜੀ ਵੱਲ ਜਾਂਦੇ। ਦਿਨ ਚੜ੍ਹਨੋ ਪਹਿਲਾਂ ਹੀ ਛੱਪੜੀ ਤੋਂ ਉਠਕੇ ਗੁਫ਼ਾ ਵੱਲ ਆ ਜਾਂਦੇ। ਈਸ਼ਰ ਸਿੰਘ ਜੀ ਨੇ ਵੀ ਸੰਤਾਂ ਦੀ ਆਗਿਆ ਅਨੁਸਾਰ ਹੀ ਆਪਣੀ ਕਿਰਿਆ ਬਣਾ ਲਈ। ਥੋੜੇ ਚਿਰ ਬਾਦ ਕਿਸ਼ਨ ਸਿੰਘ ਜੀ ਵੀ ਪਟਿਆਲੇ ਤੋਂ ਆ ਗਏ ਅਤੇ ਮਹਾਰਾਜ ਦੇ ਘੋੜੇ ਦੀ ਸੇਵਾ ਸੰਭਾਲ ਲਈ। ਬੇਸ਼ੱਕ ਦੋਵੇਂ ਸਮਵਿਚਾਰ, ਸਮਦੇਸ, ਸਮਕਾਲੀ ਸਨ ਪਰ ਵਾਧੂ ਗੱਲਾਂ ਵਿੱਚ ਸਮਾਂ ਅਜਾਈਂ ਕਰਨ ਦੀ ਬਜਾਏ ਸੇਵਾ, ਸਿਮਰਨ ਅਤੇ ਸਤ ਮਾਰਗ ਉੱਤੇ ਚੱਲਣ ਲਈ ਤਤਪਰ ਰਹਿੰਦੇ।

ਗੁਰਸਿਖ ਮੀਤ ਚਲਹੁ ਗੁਰ ਚਾਲੀ। (ਮ:4-667)

ਸੰਤ ਬਾਬਾ ਅਤਰ ਸਿੰਘ ਜੀ ਭਾਈ ਈਸ਼ਰ ਸਿੰਘ ਜੀ ਦੀ ਸੇਵਾ ਤੋਂ ਐਨੇ ਪ੍ਰਸੰਨ ਹੋਏ ਕਿ ਆਪਨੇ ਦੋ ਕਫਨੀਆਂ ਬਣਵਾਈਆਂ ਅਤੇ ਸੈਦੂ ਵਿਖੇ ਸਿੰਧ ਦਰਿਆ ਦੇ ਕੰਢੇ ਬਾਬਾ ਕਰਮ ਸਿੰਘ ਜੀ ਦੀ ਯਾਦਗਾਰ ਸਾਹਮਣੇ ਖੜ੍ਹੇ ਹੋਕੇ ਅਰਦਾਸ ਕੀਤੀ ਕਿ ਹੇ ਬਾਬਾ ਕਰਮ ਸਿੰਘ ਜੀ ਇਸ ਬੱਚੇ ਦੀ ਬਾਂਹ ਤੁਹਾਨੂੰ ਫੜਾਉਣ ਲੱਗੇ

ਹਾਂ। ਬਾਂਹ ਫੜੀ ਦੀ ਲਾਜ ਰੱਖਣਾ। ਇਹ ਇੰਨਾ ਤੇਜ਼ ਪ੍ਰਤਾਪੀ ਸਾਧੂ ਹੋਵੇ ਕਿ ਇਸਦੇ ਗੁਣ ਤੱਕਕੇ, ਇਸਦੀ ਕਰਣੀ ਤੱਕਕੇ ਲੋਕ ਤੇਰੀ ਕਰਣੀ ਨੂੰ ਯਾਦ ਕਰਨ। ਇਹ ਅਰਦਾਸ ਕਰਕੇ ਬਾਬਾ ਜੀ ਨੇ ਕੱਫਨੀ ਈਸ਼ਰ ਸਿੰਘ ਜੀ ਦੇ ਗਲ ਵਿੱਚ ਪਾ ਦਿੱਤੀ ਤੇ ਸਿਰ ਤੇ ਹੱਥ ਫ਼ੇਰਕੇ ਕਿਹਾ,

"ਲੈ ਬਈ ਸਾਧਾ, ਅਸੀਂ ਆਪਣਾ ਜ਼ੋਰ ਤੇਰੀ ਉਸਾਰੀ ਵਿੱਚ ਲਗਾ ਦਿੱਤਾ ਹੈ। ਅੱਗੇ ਮਾਲਕ ਦੀ ਰਜ਼ਾ ਤੇ ਤੇਰੇ ਕਰਮ। ਜਾਹ ਦੁਨੀਆਂ ਦੀ ਹਰ ਤਾਕਤ ਤੇਰੇ ਅੱਗੇ ਝੁਕੇ ਪਰ ਤੈਨੂੰ ਕਿਧਰੇ ਝੁਕਣਾ ਨਾ ਪਵੇ।" ਰੇਰੂ ਸਾਹਿਬ ਆ ਕੇ ਸੰਤ ਮਹਾਰਾਜ ਨੇ ਰੂਹਾਨੀਅਤ ਦੇ ਕੁਲ ਖਜਾਨੇ ਭਾਈ ਈਸ਼ਰ ਸਿੰਘ ਦੀ ਝੋਲੀ ਵਿਚ ਉਲੱਦ ਦਿੱਤੇ ਅਤੇ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਸੰਤ ਕਿਸ਼ਨ ਸਿੰਘ ਜੀ ਨੂੰ ਸੱਦਕੇ ਕਿਹਾ, ਭਾਈ, ਤੂੰ ਸਾਡੇ ਸਾਧ ਦਾ ਸਾਥ ਨਹੀਂ ਛੱਡਣਾ। ਇਸਨੂੰ ਦੁਨੀਆਂ ਦਾ ਕੋਈ ਪਤਾ ਨਹੀਂ। ਇਹ ਪ੍ਰਮਾਰਥ ਅੰਤਰ ਮਾਹਰ ਹੋ ਗਿਆ ਹੈ, ਪਰ ਤੇਰੇ ਨਾਲ ਰਲਕੇ ਦੁਨੀਆਂ ਅੰਦਰ ਨਿਰਬਾਹ ਵੀ ਹੋ ਜਾਵੇਗਾ।

ਕੁਝ ਸਮੇਂ ਬਾਦ ਸੰਤ ਅਤਰ ਸਿੰਘ ਜੀ ਮਹਾਰਾਜ ਜੋਤੀ ਜੋਤ ਸਮਾ ਗਏ ਪਰ ਜਾਣ ਤੋਂ ਪਹਿਲਾਂ ਉਹਨਾਂ ਨੇ ਤਿੰਨ ਅਮਰ ਤੇ ਅਜਰ ਸ਼ਕਤੀਆਂ ਸੰਤ ਈਸ਼ਰ ਸਿੰਘ ਜੀ ਨੂੰ ਵਿਰਸੇ ਵਿੱਚ ਪ੍ਰਦਾਨ ਕੀਤੀਆਂ:—

1. ਆਤਮ ਗਿਆਨ ਵਿਚ ਦ੍ਰਿੜ ਵਿਸ਼ਵਾਸ ਤੇ ਨਾਮ ਅਭਿਆਸ ਇਕ ਰਸ ਜਾਰੀ ਰੱਖਣਾ।
2. ਸਵੈਮਾਨ ਨੂੰ ਕਦੇ ਨਹੀਂ ਨੀਵਾਂ ਹੋਣ ਦੇਣਾ। ਕਿਸੇ ਅੱਗੇ ਹੱਥ ਨਹੀਂ ਅੱਡਣਾ।
3. ਸਿੱਖੀ ਦੇ ਮੁੱਖ ਅਸੂਲਾਂ ਨੂੰ ਸਦਾ ਸੁਰਜੀਤ ਤੇ ਸੰਭਾਲ ਕੇ ਰੱਖਣ। ਵਾਹਿਗੁਰ ਤੋਂ ਬਿਨਾ ਕਿਸੇ ਦੀ ਮੁਥਾਜੀ ਨਹੀਂ ਰੱਖਣੀ।

ਜਦ ਸੰਤ ਜੀ ਮਹਾਰਾਜ ਨਿਜਧਾਮ ਪ੍ਰਸਥਾਨ ਕਰ ਗਏ ਤਾਂ ਸੰਤ ਈਸ਼ਰ ਸਿੰਘ ਜੀ ਸਭ ਕੁਝ ਉਥੇ ਛੱਡਕੇ ਪਹਿਲੇ ਦਿਨ ਦੇ ਦਰਸ਼ਨਾਂ ਤੋਂ ਪ੍ਰਾਪਤ ਹੋਈ ਵਿਰਾਸਤ ਭੂਰ ਦੀ ਝੁੰਬੀ , ਇੱਕ ਜੇਬ ਘੜੀ ਤੇ ਇਕ ਲੋਹੇ ਦਾ ਗੜਵਾ ਨਾਲ ਲੈ ਕੇ ਸੰਤ ਕਿਸ਼ਨ ਸਿੰਘ ਜੀ ਨਾਲ ਡੇਰੇ ਨੂੰ ਸਦਾ ਲਈ ਛੱਡਕੇ ਇਕਾਂਤ ਸਥਾਨ ਦੀ ਭਾਲ ਵਿਚ ਤੁਰ ਗਏ। ਪਹਿਲਾਂ ਆਨੰਦਪੁਰ ਸਾਹਿਬ ਤੇ ਮਗਰੋਂ ਦਰਬਾਰ ਸਾਹਿਬ ਅੰਮ੍ਰਿਤਸਰ ਤੇ ਹੋਰ ਕਈ ਅਸਥਾਨਾਂ ਦੇ ਦਰਸ਼ਨ ਕੀਤੇ। ਇਕਾਂਤ ਸਥਾਨ ਦੀ ਭਾਲ ਕਰਦਿਆਂ



ਆਪ ਨੂੰ ਅਭਿਆਸ ਸਿਮਰਨ ਲਈ ਰਾੜੇ ਦੀ ਢੱਕੀ ਹੀ ਪਸੰਦ ਆਈ ਜੋ ਹਰ ਨੁਕਤੇ ਤੋਂ ਬਿਹਤਰ ਸੀ ਅਤੇ ਦੋਨੋਂ ਹੀ ਮਹਾਪੁਰਸ਼ ਉੱਥੇ ਟਿਕ ਗਏ।

ਭਾਈ ਗੁਰਦਾਸ ਵਲੋਂ ਪਹਿਲੀ ਵਾਰ ਵਿੱਚ ਗੁਰੂ ਨਾਨਕ ਦੀ ਤਪੱਸਿਆ ਬਾਰੇ ਕੀਤਾ ਕਥਨ ਏਨਾ ਸੰਤਾਂ ਉੱਤੇ ਕਿੰਨਾ ਢੁਕਦਾ ਹੈ:—

ਰੇਤੁ ਅਕੁ ਆਹਾਰੁ ਕਰਿ ਰੋੜਾਂ ਦੀ ਗੁਰ ਕਰੀ ਵਿਛਾਈ
ਭਾਰੀ ਕਰੀ ਤਪਸਿਆ ਵਡੇ ਭਾਗ ਹਰਿ ਸਿਉ ਬਨਿ ਆਈ।
(ਭਾਈ ਗੁਰਦਾਸ ਜੀ)

ਅੰਮ੍ਰਿਤ ਵੇਲੇ ਇਸ਼ਨਾਨ ਕਰਕੇ ਦੋ ਵਜੇ ਦੋਵੇਂ ਸੰਤ ਜੀ ਨਹਿਰ ਕਿਨਾਰੇ ਆਸਣ ਲਗਾਕੇ ਬੈਠ ਜਾਂਦੇ। ਦਿਨ ਚੜ੍ਹੇ ਬਾਣੀ ਦਾ ਪਾਠ ਕਰਦੇ, ਫਿਰ ਇਕਾਂਤ ਅੰਦਰ ਜਾਕੇ ਟਿਕ ਜਾਂਦੇ ਸਨ। ਪ੍ਰਸ਼ਾਦਾ ਬਹੁਤ ਹਲਕਾ ਖਾਂਦੇ ਸਨ। ਦਿਨ ਰਾਤ ਸਾਧਨਾ ਤੇ ਕਰੜੀ ਧਾਰਨਾ ਨੇ ਸਰੀਰ ਨਿਰਬਲ ਕਰ ਦਿੱਤਾ। ਪਰ ਇਹਨਾਂ ਨੂੰ ਤਾਂ ਪਰਵਾਹ ਹੀ ਕੋਈ ਨਹੀਂ ਸੀ। ਕਈ-ਕਈ ਘੰਟੇ ਲੰਘ ਜਾਂਦੇ, ਸਮਾਧੀ ਵਿੱਚੋਂ ਉੱਠਣ ਦਾ ਨਾਮ ਹੀ ਨਹੀਂ ਸੀ ਲੈਂਦੇ।

ਚਉਥੈ ਪਹਿਰ ਸਬਾਹ ਕੈ ਸੁਰਤਿਆ ਉਪਜੈ ਚਾਉ ॥
ਤਿਨਾ ਦਰੀਆਵਾ ਸਿਉ ਦੋਸਤੀ ਮਨਮੁਖਿ ਸਚਾ ਨਾਉ ॥ (ਮ:2-146)

ਸੰਗਤਾਂ ਦੀ ਆਵਾਜਾਈ ਵਧਦੀ ਗਈ। ਮੀਂਹ ਹਨੇਰੀ ਤੋਂ ਆਉਂਦੀ ਤਕਲੀਫ਼ ਦੇਖਕੇ ਸੰਗਤਾਂ ਨੇ ਛੋਟੀ ਜਿਹੀ ਕੋਠੜੀ ਬਣਾ ਦਿੱਤੀ। ਫਿਰ ਮਹਾਪੁਰਸ਼ਾਂ ਦਾ ਕਮਰਾ ਬਣ ਗਿਆ। ਫਿਰ ਗੁਰਦੁਆਰੇ ਨੂੰ ਵੱਡਾ ਬਣਾਉਣ ਦੀ ਯੋਜਨਾ ਬਣੀ। ਪਰ ਕਠਿਨ ਤਪ ਦੀ ਪਰੰਪਰਾ ਤਾਂ ਚਲਣੀ ਹੀ ਸੀ। ਸ਼ਾਮ ਦਾ ਪ੍ਰਸ਼ਾਦ ਛਕਕੇ ਸੰਤ ਜੀ ਸਾਥੀਆਂ ਸਮੇਤ ਟਿੱਬਿਆਂ ਪਰ ਟਿਕਦੇ।

ਉਥੋਂ ਗਿਆਰਾਂ ਵਜੇ ਵਾਪਸ ਆਕੇ ਅਰਾਮ ਕਰਦੇ ਅਤੇ ਇੱਕ ਵਜੇ ਸਵੇਰੇ ਫਿਰ ਇਸ਼ਨਾਨ ਕਰਕੇ ਸਾਥੀਆਂ ਵਿਚਕਾਰ ਸਮਾਧੀ ਲਾਕੇ ਬੈਠ ਜਾਂਦੇ। ਚੌਹੀਂ ਪਾਸੀਂ ਚਿੱਟੀਆਂ ਚਾਦਰਾਂ ਤੇ ਸਰਦੀਆਂ ਵਿਚ ਕਾਲੀਆਂ ਕੰਬਲੀਆਂ ਲਈ ਸਭ ਨਾਮ ਸਿਮਰਨ ਦਾ ਆਨੰਦ ਮਾਣਦੇ। ਉਹਨਾਂ ਨੇ ਆਪਣੇ ਭੋਰੇ ਦੇ ਚੌਂਹੀ ਪਾਸੀਂ ਤਪੀ ਜਪੀ ਵਿਰੱਕਤ ਅਭਿਆਸੀਆਂ ਲਈ ਕਮਰੇ ਬਣਾ ਦਿੱਤੇ। ਇੰਜ ਇਹ ਤਪੋਬਨ ਬਣ ਗਿਆ ਜਿਸ ਦੇ ਵਾਸੀਆਂ ਨੂੰ ਕੋਈ ਤਕਲੀਫ਼ ਨਾ ਆਉਣ ਦੇਣ ਦੀ ਜ਼ਿੰਮੇਵਾਰੀ ਸੰਤ ਕਿਸ਼ਨ ਸਿੰਘ ਜੀ ਦੀ ਸੀ। ਹਰ ਤਪੀ ਦੇ ਕਮਰੇ ਕੋਲ ਇੱਕ-ਇੱਕ ਦਰਖਤ ਸੀ,

ਜਿਸਦੇ ਗੋਲ ਬਣੇ ਥੜ੍ਹੇ ਉੱਤੇ ਰਾਤ ਗਿਆਰਾਂ ਵਜੇ ਤੱਕ ਅਤੇ ਫਿਰ ਸਵੇਰੇ ਦੋ ਵਜੇ ਤੋਂ ਛੇ ਵਜੇ ਤੱਕ ਇਹ ਸਾਰੇ ਹੰਸ ਰੂਪੀ ਮਹਾਤਮਾ ਚਿੱਟੀਆਂ ਚਾਦਰਾਂ ਲੈਕੇ ਸਮਾਧੀ ਵਿੱਚ ਲੀਨ ਦਿਸਦੇ ਸਨ। ਹਰ ਤਪੀ ਦੀ ਇਹ ਖਾਹਿਸ਼ ਹੁੰਦੀ ਕਿ ਉਹ ਵੱਧ ਤੋਂ ਵੱਧ ਤਪੀ ਅਤੇ ਕਰਮਯੋਗੀ ਹੋਵੇ। ਹਰ ਤਪੀ ਆਪਣੇ ਮਨ ਦੀਆਂ ਗੱਲਾਂ ਜਾਂ ਸ਼ੰਕਾਂ ਦਾ ਸਮਾਧਾਨ ਸੰਤ ਜੀ ਮਹਾਰਾਜ ਨਾਲ ਕਰਦਾ।

ਗੁਰੂ ਨਾਨਕ ਦੇਵ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦਾ ਗੁਰਪੁਰਬ, ਸੰਤ ਅਤਰ ਸਿੰਘ ਜੀ ਰੇਰੂ ਸਾਹਿਬ ਦਾ ਜੋਤੀ ਜੋਤ ਸਮਾਉਣ ਦਾ ਦਿਨ ਬੜੀ ਧੂਮਧਾਮ ਨਾਲ ਮਨਾਇਆ ਜਾਂਦਾ। ਸਾਰੀ ਰਾਤ ਹੀ ਕੀਰਤਨ ਹੁੰਦਾ ਰਹਿੰਦਾ। ਸੰਤ ਜੀ ਆਪ ਬੰਨੇ ਹੋਏ ਵਕਤ ਉੱਤੇ ਹੀ ਕੀਰਤਨ ਕਰਦੇ। ਬਾਕੀ ਦਿਨ ਬਾਹਰੋਂ ਆਏ ਜਥੇ ਕੀਰਤਨ ਕਰਦੇ। ਦਿਨ ਰਾਤ ਲੰਗਰ ਜਾਰੀ ਰਹਿੰਦਾ। ਲਾਂਗਰੀਆਂ ਨੂੰ ਆਗਿਆ ਸੀ ਕਿ ਰੋਟੀ ਦਾ ਕੋਈ ਸਮਾਂ ਨਾ ਰੱਖਿਆ ਜਾਵੇ। ਲਾਂਗਰੀ ਆਪਣੇ ਫ਼ਰਜ਼ ਤੋਂ ਪਿੱਛੇ ਨਹੀਂ ਸਨ ਹਟਦੇ ਅਤੇ ਨਾਹੀ ਕਦੇ ਉਹਨਾਂ ਮੱਥੇ 'ਤੇ ਵੱਟ ਪਾਇਆ ਸੀ। ਲਾਂਗਰੀ ਦੀ ਸੇਵਾ ਸਰਬ ਸ੍ਰੇਸ਼ਟ ਤੇ ਮਹਾਨ ਤਪ ਮੰਨੀ ਜਾਂਦੀ ਹੈ। ਲੰਗਰ ਦੀ ਮਹਾਨਤਾ ਉਨੀ ਹੀ ਹੈ ਜਿੰਨੀ ਸਤਸੰਗਤ ਦੀ। ਢੱਕੀ ਸਾਹਿਬ ਵਿੱਚ ਪੇਟ ਨੂੰ ਉੱਤਮ ਖੁਰਾਕ ਅਤੇ ਮਨ ਨੂੰ ਉੱਤਮ ਮਾਨਸਿਕ ਖੁਰਾਕ-ਸਿਮਰਨ ਤੇ ਹਰੀ ਕੀਰਤਨ ਦੋਵੇਂ ਪ੍ਰਾਪਤ ਹੁੰਦੇ ਸਨ। ਹਰ ਡੇਰਾ ਵਾਸੀ ਇੱਕ ਨਿਯਮਬੱਧ ਜੀਵਨ ਗੁਜ਼ਰਦਾ ਸੀ। ਇੰਜ ਤਪੋਬਨ ਸਹਿਜਯੋਗ ਦੇ ਮਾਰਗ 'ਤੇ ਤੁਰਨ ਵਾਲੇ ਸਾਧਕਾ ਲਈ ਇੱਕ ਵਿਦਿਆਲਾ ਸੀ।

ਏਥੇ ਲੋਕ ਲੱਖਾਂ ਦੀ ਗਿਣਤੀ ਵਿਚ ਕੀਰਤਨ ਸੁਣਦੇ ਹਨ। ਕਈ ਤਾਂ ਅੰਮ੍ਰਿਤ ਦੇ ਦਰਿਆ ਵਿੱਚ ਟੁੱਭੀ ਲਾਕੇ ਸਿਮਰਨ ਦੀਆਂ ਦਾਤਾਂ ਪ੍ਰਾਪਤ ਕਰਕੇ ਸਤ ਮਾਰਗ ਦੇ ਧਾਰਨੀ ਬਣਦੇ ਹਨ। ਇਥੇ ਆ ਕੇ ਕਰਮਯੋਗ ਰਾਜਯੋਗ ਵਿੱਚ ਬਦਲ ਗਿਆ। ਸੰਗਤਾਂ ਦੀ ਆਵਾਜਾਈ ਵਧ ਗਈ। ਹਰ ਸਮੇਂ ਮੇਲਾ ਲੱਗਿਆ ਰਹਿਣ ਲੱਗਾ। ਹੌਲੀ-ਹੌਲੀ ਕਰਮਸਰ ਅਸਥਾਨ ਦੀ ਰਚਨਾ ਹੁੰਦੀ ਗਈ ਅਤੇ ਸੰਤ ਜੀ ਨੇ ਬਾਹਰਲੇ ਸਥਾਨਾਂ 'ਤੇ ਜਾਕੇ ਦੀਵਾਨ ਲਗਾਉਣੇ ਸ਼ੁਰੂ ਕਰ ਦਿੱਤੇ। ਹਾਲਾਤ ਇਹ ਹੋ ਗਏ ਕਿ ਸੰਗਤ ਹਰ ਸਾਲ ਦੇ ਸ਼ੁਰੂ ਵਿਚ ਹੀ ਸਮਾਂ ਮੰਗਣ ਆ ਜਾਂਦੀ ਅਤੇ ਇਹ ਬੜੀ ਮੁਸ਼ਕਿਲ ਨਾਲ ਹੀ ਮਿਲਦੇ ਸਨ। ਇੱਕ ਪ੍ਰੋਗਰਮ ਅਜੇ ਮੁੱਕਦਾ ਨਹੀਂ ਸੀ ਕਿ ਦੂਸਰਾ ਪਹਿਲਾਂ ਹੀ ਸ਼ੁਰੂ ਹੋ ਜਾਂਦਾ। ਹਰ ਜਗ੍ਹਾ ਦੀਵਾਨਾਂ ਦੀ ਹਾਜ਼ਰੀ ਰੋਜ਼ ਪਹਿਲਾਂ ਨਾਲੋਂ ਵੱਧ ਹੀ ਹੁੰਦੀ। ਸਾਦਾ ਤੇ ਆਮ ਲੋਕਾਂ ਦੀ ਸਮਝ ਵਿੱਚ ਆਉਣ ਵਾਲੀਆਂ



ਗੱਲਾਂ ਰਾਹੀਂ ਲੰਗਰ ਦੀ ਸੇਵਾ, ਸਤਿਗੁਰ ਦੀ ਸੇਵਾ, ਕੀਰਤਨ ਦੀ ਮਹਿਮਾ, ਸੰਤਾਂ ਦੀ ਸੰਗਤ, ਵਿਸ਼ੇ ਵਿਕਾਰਾਂ ਤੋਂ ਪਰਹੇਜ਼ ਆਦਿ ਵਿਸ਼ਿਆਂ ਨੂੰ ਸਰਲ ਢੰਗ ਨਾਲ ਦੱਸਦੇ। ਅਨਪੜ੍ਹ ਤੇ ਪੜ੍ਹੇ ਲਿਖੇ ਸਭ ਲੋਕ ਇਸ ਸਿੱਧੇ ਕੀਰਤਨ ਤੋਂ ਲਾਭ ਉਠਾਉਂਦੇ ਸਨ। ਉਹ ਪੇਸ਼ਾਵਰ ਰਾਗੀ ਨਹੀਂ ਸਨ, ਜਿਹਨਾਂ ਨੇ ਸੁਣੀਆਂ ਸੁਣਾਈਆਂ ਗੱਲਾਂ ਹੀ ਕਰਨੀਆਂ ਹੁੰਦੀਆਂ ਸਨ। ਸੰਤ ਜੀ ਮਹਾਰਾਜ ਤਾਂ ਆਤਮ ਸ਼ੁੱਧੀ ਦੇ ਆਪਣੇ ਨਿੱਜੀ ਤਜ਼ਰਬੇ ਤੋਂ ਗੱਲ ਕਰਦੇ ਸਨ।

ਜੈਸੋ ਗੁਰਿ ਉਪਦੇਸਿਆ ਮੈਂ ਤੈਸੋ ਕਹਿਆ ਪੁਕਾਰਿ ॥
ਨਾਨਕ ਕਹੈ ਸੁਨਿ ਰੇ ਮਨਾ ਕਰਿ ਕੀਰਤਨੁ ਹੋਇ ਉਧਾਰ ॥

ਆਪ ਦੇ ਉਪਦੇਸ਼ ਅੰਦਰ ਏਨਾ ਆਕਰਸ਼ਣ ਹੁੰਦਾ ਕਿ ਚਾਰੇ ਪਾਸੇ ਸੁੰਨ ਅਵਸਥਾ ਹੀ ਵਾਪਰ ਜਾਂਦੀ। ਚਾਰੇ ਪਾਸੇ ਨਾਮ ਦੀ ਧੁੰਨ ਵਰਸਦੀ ਸੀ। ਸੁਰਤੀ ਬਦੋ ਬਦੀ ਸ਼ਬਦ ਨੂੰ ਆਪਣੇ ਅੰਦਰ ਵਸਾਈ ਜਾਂਦੀ ਸੀ। ਚਾਰੇ ਪਾਸੇ ਸੱਤ ਕਰਣੀ ਦੀ ਪਹਿਰੇਦਾਰੀ ਹੁੰਦੀ। ਸੰਤ ਜੀ ਮਹਾਰਾਜ ਆਪ ਵੀ ਉਸ ਰੂਪ ਵਿੱਚ ਅਭੇਦ ਹੋ ਬੈਠਦੇ। ਆਪ ਦੇ ਉਚਾਰਨ ਅੰਦਰ ਸਤ ਦੀ ਪ੍ਰਧਾਨਤਾ ਵਾਲੀ ਅਲੌਕਿਕ ਸ਼ਕਤੀ ਸੀ। ਕੋਈ ਵੀ ਸੱਚੀ ਗੱਲ ਕਹਿਣ ਅਤੇ ਤਾੜਨਾ ਕਰਨ ਤੋਂ ਝਿਜਕਦੇ ਨਹੀਂ ਸਨ। ਸੇਵਾ ਰਾਹੀਂ ਹੱਥਾਂ ਦਾ ਸੁਧਾਰ ਅਤੇ ਕੀਰਤਨ ਰਾਹੀਂ ਮਨੋਬਿਰਤੀਆਂ ਨੂੰ ਇਕਾਗਰ ਕਰਨ ਦਾ ਸੁਖੈਲਾ ਢੰਗ ਦੱਸਦੇ ਸਨ, ਸਰੀਰ ਅਤੇ ਸੰਸਾਰ ਤਾਂ ਇਹਨਾਂ ਰਾਹੀਂ ਹੀ ਸੁਧਾਰ ਹੋ ਸਕਦਾ ਹੈ, ਕਿਸੇ ਹਠ ਯੋਗ ਦੀ ਲੋੜ ਨਹੀਂ। ਮਨੁੱਖੀ ਮਨ ਦੀ ਉੱਚ ਅਵਸਥਾ ਹੀ ਹਰੇਕ ਨੀਵੀਂ ਸੋਚ, ਵਿਚਾਰ ਤੇ ਕਰਮ ਨੂੰ ਸਾਹਮਣੇ ਆਉਣ ਹੀ ਨਹੀਂ ਦਿੰਦੀ। ਰੇਖਾਂ ਭੇਖਾਂ ਦੀ ਫ਼ਕੀਰੀ ਦੇ ਉਹ ਹਾਮੀ ਨਹੀਂ ਸਨ। ਨਿਰੋਲ ਸਿੱਖੀ ਦਾ ਹੀ ਪ੍ਰਚਾਰ ਕਰਨਾ ਚਾਹੁੰਦੇ ਸਨ।

## ਅੰਮ੍ਰਿਤ ਸੰਚਾਰ

ਸੰਤ ਈਸ਼ਰ ਸਿੰਘ ਜੀ ਮਹਾਰਾਜ ਦਾ ਮੁੱਖ ਉਦੇਸ਼ ਲੋਕਾਂ ਨੂੰ ਨਾਮਬਾਣੀ ਦਾ ਉਪਦੇਸ਼ ਦੇਣਾ ਤੇ ਫਿਰ ਅੰਮ੍ਰਿਤਪਾਨ ਕਰਾਕੇ ਗੁਰੂ ਨਾਲ ਜੋੜਨਾ ਸੀ। ਸੰਤ ਜੀ ਮਹਾਰਾਜ ਅੰਦਰ ਨਿਰੰਕਾਰੀ ਜੋਤ ਪ੍ਰਕਾਸ਼ਮਾਨ ਸੀ। ਉਹ ਅਲੌਕਿਕ ਸ਼ਕਤੀ ਦੇ ਧਾਰਣੀ ਸਨ। ਉਚਾਰਣ ਅੰਦਰ ਸਤ ਦੀ ਪ੍ਰਧਾਨਤਾ ਤੇ ਹਰ ਕਿਸੇ ਦੀ ਆਤਮਾ ਨੂੰ ਪ੍ਰੇਰਣਾ ਦੇਣ ਦੀ ਸ਼ਕਤੀ ਸੀ। ਉਨਾਂ ਦਾ ਉਪਦੇਸ਼ ਇੰਨਾ ਸੀਨੇ ਵਿੱਚ ਖਿੱਚ ਪਾਉਣ ਵਾਲਾ ਹੁੰਦਾ ਕਿ ਸਾਹਮਣੇ ਬੈਠਣ ਵਾਲੀ ਸੰਗਤ ਇਕ ਦਮ ਸੁੰਨ ਅਵਸਥਾ ਵਿੱਚ

ਆ ਜਾਂਦੀ। ਹਰ ਪਾਸੇ ਨਾਮ ਦੀ ਧੁੰਨ ਹੀ ਵਰਸਦੀ। ਨਾਸਤਕਾਂ ਅੰਦਰ ਵੀ ਆਸਤਿਕਤਾ ਉਪਜਣ ਲਗਦੀ। ਸੁਰਤੀ ਮੱਲੋ-ਮਲੀ ਪ੍ਰਮਾਤਮਾ ਨਾਲ ਜੁੜਦੀ ਚਲੀ ਜਾਂਦੀ। ਉਹ ਖੁਲੇ ਦੀਵਾਨਾਂ ਵਿੱਚ ਲੋਕਾਂ ਨੂੰ ਨਾਮਬਾਣੀ ਦੇ ਅਭਿਆਸੀ ਬਣਨ ਲਈ ਪ੍ਰੇਰਦੇ। ਸੰਤਾਂ ਨੇ ਗੁਰੂਆਂ ਦੇ ਫਲਸਫੇ ਨੂੰ ਘਰ ਘਰ ਪਹੁੰਚਾ ਦਿੱਤਾ। ਪੰਜਾਬ ਵਿੱਚ ਥਾਂ ਥਾਂ ਦੀਵਾਨ ਲਾ ਕੇ ਅੰਮ੍ਰਿਤ ਛਕਾਉਣ ਤੋਂ ਇਲਾਵਾ ਭਾਰਤ ਦੇ ਹੋਰ ਕਈ ਸ਼ਹਿਰਾਂ ਅਤੇ ਇਥੋਂ ਤੱਕ ਕਿ ਵਿਦੇਸ਼ਾ ਵਿੱਚ ਰਹਿੰਦੇ ਪੰਜਾਬੀਆਂ ਨੂੰ ਵੀ ਗੁਰੂ ਵਾਲੇ ਬਣਾਉਣੋਂ ਕੋਈ ਕਸਰ ਨਹੀਂ ਛੱਡੀ। ਰਾੜਾ ਸਾਹਿਬ ਵਿਖੇ ਹਰ ਪੂਰਨਮਾਸ਼ੀ ਸੰਗਰਾਂਦ ਦੇ ਦੀਵਾਨ ਉਪਰੰਤ ਅੰਮ੍ਰਿਤ ਵੇਲੇ ਅੰਮ੍ਰਿਤ ਸੰਚਾਰ ਹੁੰਦਾ ਅਤੇ ਸੈਕੜੇ ਲੋਕ ਮਹਾਪੁਰਖਾਂ ਦੀ ਪ੍ਰੇਰਣਾ ਸਦਕਾ ਗੁਰੂ ਦੇ ਲੜ ਲਗਦੇ। ਇਹ ਸੰਤਾਂ ਦੇ ਬੋਲਾਂ ਦੀ ਖਿੱਚ ਹੀ ਸੀ, ਉਨਾ ਦੇ ਦਰਸ਼ਨਾ ਦੀ ਸਤਿਆ ਹੀ ਸੀ ਕਿ 8 ਲੱਖ ਤੋਂ ਵੱਧ ਲੋਕ ਉਹਨਾਂ ਦੀ ਪ੍ਰੇਰਨਾ ਸਦਕਾ ਅੰਮ੍ਰਿਤ ਛਕਕੇ ਤ੍ਰਿਪਤ ਹੋ ਗਏ।

ਸਾਹਿਬੁ ਸਫਲਿਓ ਰੁਖੜਾ ਅੰਮ੍ਰਿਤੁ ਜਾ ਕਾ ਨਾਉ ॥
ਜਿਨ ਪੀਆ ਤੇ ਤ੍ਰਿਪਤ ਭਏ ਹਉ ਤਿਨ ਬਲਿਹਾਰੈ ਤਾਉ ॥

(ਮ. 1-557)

ਸੰਤਾਂ ਦਾ ਇਕ ਨਿਯਮ ਸੀ ਮੰਗਣ ਨਹੀਂ ਜਾਣਾ ਤੇ ਸ਼ਰਨ ਆਇਆ ਦੀ ਪ੍ਰੀਤ ਪਾਲਣਾ ਕਰਨੀ ਹੈ। ਸੰਤ ਜੀ ਨੇ ਆਖਰਲੇ 20 ਸਾਲ ਤਾਂ ਪਰਉਪਕਾਰ ਤੇ ਲੋਕ ਭਲਾਈ ਸਾਧਨਾਂ ਪਰ ਹੀ ਲਗਾਏ। ਕਰਮਸਾਰ ਹਾਈ ਸਕੂਲ ਦੀ ਬਿਲਡਿੰਗ ਦਾ ਕੰਮ ਮੁਕਿਆ ਤਾਂ ਸੰਤਾਂ ਨੇ ਵਿੱਦਿਆ ਲਈ ਕਾਲਜ ਬਣਵਾਇਆ। ਆਪ ਵਾਰ-ਵਾਰ ਹਾਪੁੜ, ਦਿਲੀ, ਗਾਜੀਆਬਾਦ, ਲਖਨਊ, ਹਰਦੁਆਰ, ਬਲਾਸਪੁਰ, ਨਾਨਕ ਮਤਾ, ਕਲਕੱਤਾ, ਰਾਚੀਂ ਆਦਿ ਸ਼ਹਿਰਾਂ ਵਿੱਚ ਦੀਵਾਨ ਸਜਾਉਣ ਜਾਂਦੇ ਅਤੇ ਲੋਕਾਂ ਨੂੰ ਗੁਰੂ ਨਾਲ ਜੋੜਦੇ। ਸੰਗਤਾਂ ਦੀ ਆਵਾਜਾਈ ਅਸਥਾਨ ਤੇ ਵਧਦੀ ਗਈ। ਇਹ ਕੁਝ ਕੁ ਲੋਕਾਂ ਤੋਂ ਸ਼ੁਰੂ ਹੋ ਕਿ ਲੱਖਾਂ ਤਕ ਪਹੁੰਚ ਗਈ।

ਇੱਕ ਵਾਰ ਸੰਤ ਜੀ ਮਹਾਰਾਜ ਕਰਮਸਰ ਰਾੜਾ ਸਾਹਿਬ ਦੇ ਵਧਦੇ ਪਸਾਰੇ ਤੋਂ ਉਪਰਾਮ ਹੋ ਗਏ। ਕਿਸੇ ਇਕਾਂਤ ਥਾਂ ਦੀ ਭਾਲ ਕਰਨ ਲੱਗੇ। ਸੰਤ ਜੀ ਆਪਣੇ ਸੇਵਕ ਬਾਬਾ ਰਲਾ ਸਿੰਘ ਨਾਲ ਇੱਕ ਦਿਨ ਅਚਾਨਕ ਕਰਮਸਰ ਤੋਂ ਅਲੋਪ ਹੋ ਗਏ। ਅਹਿਮਦਗੜ੍ਹ ਜਾਕੇ ਧਭਲਾਨ ਲਈ ਰਵਾਨਾ ਹੋ ਗਏ। ਧਭਲਾਨ ਦੀ ਧਰਤੀ ਵੀ ਬੜੀ ਅਜੀਬ ਸੀ। ਇੱਕ ਪਾਸੇ ਏਨਾ ਹਰਿਆਵਲਾ ਅਤੇ ਉਪਜਾਊ



ਇਲਾਕਾ ਕਿ ਜੋ ਬੀਜੋ ਅਥਾਹ ਪੈਦਾਵਾਰ ਹੋਵੇ ਅਤੇ ਦੂਸਰੇ ਪਾਸੇ ਕੱਲਰ ਵਾਲੀ ਧਰਤੀ ਜੋ ਵੀਰਾਨ ਅਤੇ ਬੇਅਬਾਦ ਸੀ। ਸੰਤ ਜੀ ਇਸ ਧਰਤੀ ਉੱਪਰ ਫਿਰਦੇ ਰਹੇ। ਧਰਤੀ ਵੀ ਤਾਂ ਉਡੀਕਦੀ ਰਹਿੰਦੀ ਹੈ ਕਿ ਕਿਸੇ ਮਹਾਂਪੁਰਸ਼ ਦੇ ਚਰਨ ਪੈਣ ਤੇ ਉਸਦੇ ਸੁੱਤੇ ਭਾਗ ਜਾਗ ਜਾਣ। ਇਸ ਧਰਤੀ ਉੱਤੇ ਕੁਝ ਹਿੱਸੇ ਵਿੱਚ ਬਾਬਾ ਰਲਾ ਸਿੰਘ ਦੀ ਮਲਕੀਅਤ ਸੀ। ਪਸੰਦ ਆਉਣ 'ਤੇ ਉਸਨੇ ਸੰਤ ਮਹਾਰਾਜ ਜੀ ਅੱਗੇ ਇਹ ਜ਼ਮੀਨ ਭੇਟ ਕੀਤੀ। ਸੰਤ ਜੀ ਨੇ ਏਥੇ ਇੱਕ ਛੋਟਾ ਜਿਹਾ ਅਸਥਾਨ ਬਣਾਉਣ ਦੀ ਆਗਿਆ ਦੇ ਦਿੱਤੀ। ਸੰਤਾਂ ਦੇ ਅਜਿਹੇ ਚਰਨ ਪਏ ਕਿ ਵੇਖਦੇ ਹੀ ਵੇਖਦੇ ਇਹ ਧਰਤੀ ਗੁਲਜ਼ਾਰ ਬਣ ਗਈ ਅਤੇ ਦੀਵਾਨ ਅਸਥਾਨ, ਦੋ ਮੰਜ਼ਿਲਾ ਭੋਰਾ, ਸੰਤ ਜੀ ਦਾ ਨਿਵਾਸ ਅਸਥਾਨ, ਲੰਗਰ ਦੀ ਇਮਾਰਤ ਸਭ ਤਿਆਰ ਹੋ ਗਿਆ। ਇਹ ਅਸਥਾਨ ਬਾਅਦ ਵਿਚ ਸੰਤ ਆਸ਼ਰਮ ਧਭਲਾਨ ਦੇ ਨਾਮ ਨਾਲ ਪ੍ਰਸਿੱਧ ਹੋ ਗਿਆ।

ਧਭਲਾਨ ਤੋਂ ਵਾਪਸ ਆ ਕੇ ਸੰਗਤਾਂ ਦੀ ਬੇਨਤੀ 'ਤੇ ਲੋਕਾਈ ਨੂੰ ਤਾਰਨ ਵਾਸਤੇ ਸੰਤ ਜੀ ਮਹਾਰਾਜ ਵਿਦੇਸ਼ ਦੌਰੇ 'ਤੇ ਨਿਕਲੇ। ਸਭ ਤੋਂ ਪਹਿਲਾਂ ਉਹ ਜਨਵਰੀ 1951 ਨੂੰ ਮੁੰਬਈ ਤੋਂ ਸਮੁੰਦਰੀ ਜਹਾਜ਼ ਰਾਹੀਂ ਅਫ਼ਰੀਕਾ ਨੂੰ ਗਏ। ਸਿੱਖੀ ਘਰ ਦੀ ਮਹਾਨਤਾ ਪਰਗਟ ਕਰਨ ਅਤੇ ਅੰਮ੍ਰਿਤ ਦਾ ਛੱਟਾ ਸਾਰੇ ਸੰਸਾਰ ਵਿੱਚ ਬਿਖੇਰਨਾ ਤਾਂ ਆਪ ਦਾ ਮੰਤਵ ਹੈ ਹੀ ਸੀ। ਸੋ ਆਪਨੇ ਹਰ ਦੀਵਾਨ ਪਿੱਛੋਂ ਅੰਮ੍ਰਿਤ ਸੰਚਾਰ ਦੀ ਚੱਲੀ ਲੀਹ ਨੂੰ ਏਥੇ ਵੀ ਤੋਰਿਆ। ਹਜ਼ਾਰਾਂ ਪ੍ਰਾਣੀ ਅੰਮ੍ਰਿਤ ਧਾਰਨ ਕਰਕੇ ਗੁਰੂ ਵਾਲੇ ਹੋ ਗਏ। ਸੰਤ ਜੀ ਮਹਾਰਾਜ ਆਪ ਪੰਜਾਂ ਪਿਆਰਿਆਂ ਦੇ ਮੁਖੀ ਹੋਕੇ ਅੰਮ੍ਰਿਤ ਦਾ ਬਾਟਾ ਤਿਆਰ ਕਰਦੇ ਅਤੇ ਸਿੰਘਾਂ ਨੂੰ ਛਕਾਉਂਦੇ। ਉਹਨਾਂ ਕੋਲੋਂ ਜਿਸ ਕਿਸੇ ਨੇ ਵੀ ਅੰਮ੍ਰਿਤ ਛਕਿਆ ਉਹ ਮੁੜ ਕਦੇ ਪਤਿਤ ਨਹੀਂ ਹੋਇਆ। ਅੰਮ੍ਰਿਤ ਦੀ ਲਾਜ ਅਖੀਰੀ ਸਾਹ ਤੱਕ ਨਿਭਾਈ। ਸੰਤ ਜੀ ਮਹਾਰਾਜ ਨੇ ਆਪਣੇ 6 ਮਹੀਨੇ ਤੋਂ ਉੱਪਰ ਦੇ ਅਫਰੀਕਾ ਪ੍ਰਵਾਸ ਦੌਰਾਨ ਅਣਗਿਣਤ ਪ੍ਰਾਣੀਆਂ ਨੂੰ ਅੰਮ੍ਰਿਤ ਛਕਾਇਆ।

ਆਪਨੇ ਸੰਗਤਾਂ ਦੀ ਲੰਬੇ ਸਮੇਂ ਤੋਂ ਵਲੈਤ ਬੁਲਾਉਣ ਦੀ ਮੰਗ 1974 ਵਿੱਚ ਪੂਰੀ ਕੀਤੀ। 23 ਜੂਨ 1974 ਨੂੰ ਆਪ ਇੰਗਲੈਂਡ ਫੇਰੀ 'ਤੇ ਨਿਕਲੇ। ਲੰਡਨ ਹਵਾਈ ਅੱਡੇ ਉੱਤੇ ਆਪਦਾ ਭਰਪੂਰ ਸਵਾਗਤ ਕੀਤਾ ਗਿਆ। ਪਹਿਲਾ ਦੀਵਾਨ ਸਾਊਥਹਾਲ ਗੁਰਦਆਰੇ ਵਿੱਚ ਲੱਗਿਆ। ਸੰਗਤਾਂ ਦਾ ਇਕੱਠ ਬੇਇੰਤਹਾ ਸੀ। ਇਸਤਰੀਆਂ ਦੀ ਗਿਣਤੀ ਮੁਕਾਬਲਤਨ ਵੱਧ ਸੀ। ਏਥੇ 19 ਦੀਵਾਨ ਲੱਗੇ।

ਆਖਰੀ ਦਿਨ ਅੰਮ੍ਰਿਤ ਪ੍ਰਚਾਰ ਹੋਇਆ। ਕੋਈ ਘੋਨ ਮੋਨ ਅੰਮ੍ਰਿਤ ਅਭਿਲਾਸ਼ੀ ਹੋਏ। ਪਿੱਛੋਂ ਬਰਨਿੰਗ ਈਸਟ ਲੰਡਨ 17 ਦਿਨ ਦੀਵਾਨ ਹੋਏ। ਹਾਜ਼ਰੀ ਪਹਿਲਾਂ ਤੋਂ ਵਧਣੀ ਸ਼ੁਰੂ ਹੋ ਗਈ। ਪੰਜ ਦਿਨ ਦੀਵਾਨ ਹਿਚਰ ਟਾਉਨ ਅਤੇ ਫਿਰ ਬੈਡਫੋਰਡ ਟਾਉਨ ਹਾਲ ਵਿਚ ਕੀਤੇ। ਵੁਲਵਰਹੈਂਟਨ, ਬਰਮਿੰਘਮ, ਕਵੰਟਰੀ, ਵਾਲਸਾਲ ਆਦਿ ਵਲਾਇਤੀ ਸ਼ਹਿਰਾਂ ਵਿੱਚ ਦੀਵਾਨ ਲਾਉਣ ਤੋਂ ਬਾਦ ਅਤੇ ਅੰਮ੍ਰਿਤ ਪ੍ਰਚਾਰ ਕਰਨ ਤੋਂ ਬਾਅਦ ਆਪ ਇੰਗਲੈਂਡ ਵਿਚ ਮੁੜ ਆਉਣ ਦਾ ਵਾਅਦਾ ਕਰਕੇ ਭਾਰਤ ਰਵਾਨਾ ਹੋ ਗਏ। ਸਵਾ ਚਾਰ ਮਹੀਨੇ ਇੰਗਲੈਂਡ ਵਿੱਚ ਆਪਨੇ ਅੰਮ੍ਰਿਤ ਪ੍ਰਚਾਰ ਦਾ ਉਹ ਚੱਕਰ ਚਲਾਇਆ ਕਿ ਸਿੱਖੀ ਤੋਂ ਬੇਮੁਖ ਪ੍ਰਾਣੀਆਂ ਨੇ ਵੀ ਸਿੱਖੀ ਧਾਰਨ ਕੀਤੀ।

11 ਜੂਨ 1975 ਨੂੰ ਆਪ ਦੁਬਾਰਾ ਇੰਗਲੈਂਡ ਫੇਰੀ ਉੱਤੇ ਗਏ। ਪਹਿਲੀ ਫੇਰੀ ਦਾ ਅਸਰ ਸੀ। ਕੱਟੜ ਅਤੇ ਨਾਸਤਕ ਮਨ ਹੁਣ ਨਰਮ ਹੋਏ ਪਏ ਸਨ। ਸਾਊਥਹਾਲ, ਬੈਡਫੋਰਡ, ਲੋਟਨ ਟਾਊਨ, ਹਿਚਨ ਟਾਊਨ, ਵਲਿਚ ਟਾਊਨ, ਈਸਟਰਨ ਹੋਮ ਟਾਊਨ ਵਿਖੇ ਦੀਵਾਨ ਸਜਾਏ ਗਏ ਅਤੇ ਅਨੇਕਾਂ ਭਟਕੀਆਂ ਆਤਮਾਵਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ। ਇੰਗਲੈਂਡ ਦੀ ਸੰਗਤ ਨੂੰ ਹਰੀ ਜਸ ਸੁਣਦਿਆਂ-ਸੁਣਦਿਆਂ ਇਹ ਪਤਾ ਹੀ ਨਾ ਲੱਗਾ ਕਿ ਕਦੋਂ 26 ਅਗਸਤ 1975 ਦੀ ਉਹ ਅਭਾਗੀ ਸਵੇਰ ਆ ਪਹੁੰਚੀ ਜਦ ਸੰਤ ਆਪਣਾ ਪਾਰਥਕ ਸਰੀਰ ਤਿਆਗ ਕੇ ਪਰਮ ਪੁਰਖ ਦੀ ਘਾਟੀ ਦੇ ਪੱਕੇ ਹੀ ਵਸਨੀਕ ਹੋ ਗਏ।

ਧੰਨੁ ਸੁ ਵੰਸੁ ਧੰਨੁ ਸੁ ਮਾਤਾ ਜਿਨਿ ਜਨ ਜਣੈ ॥
ਜਿਨ ਸਾਸ ਗਿਰਾਸਿ ਧਿਆਇਆ ਮੇਰਾ ਹਰਿ ਹਰਿ
ਸੇ ਸਾਚੀ ਦਰਗਾਹ ਹਰਿ ਜਨ ਬਣੈ ॥ (ਮ: 4-1135)

ਚਾਰ ਚੁਫੇਰੇ ਤਰਥੱਲੀ ਮਚ ਗਈ, ਹਾਹਾਕਰ ਛਾ ਗਾਈ, ਲੋਕ ਧਾਹਾਂ ਮਾਰਕੇ ਰੋਣ ਲੱਗ ਪਏ। ਆਪਦੇ ਜੋਤੀ ਜੋਤ ਸਮਾਉਣ ਦੀ ਖ਼ਬਰ ਜਦ ਰਾੜਾ ਸਾਹਿਬ ਪਹੁੰਚੀ ਤਾਂ ਸਭ ਲੋਕ ਕੁਰਲਾ ਉੱਠੇ। ਸੰਤ ਬਾਬਾ ਕਿਸ਼ਨ ਸਿੰਘ ਜੀ ਦੀ ਤਾਂ ਜਿਵੇਂ ਦੁਨੀਆਂ ਹੀ ਖ਼ਤਮ ਹੋ ਗਈ। ਦੇਸ਼ ਭਰ ਤੋਂ ਸੰਗਤਾਂ ਨੇ ਆਪਣੇ ਮੁਹਾਣ ਰਾੜਾ ਸਾਹਿਬ ਵੱਲ ਮੋੜ ਲਏ। ਬਿਹਬਲ ਸੰਗਤਾਂ ਦਾ ਉਮੜਦਾ ਸਾਗਰ ਗੁਰਦਆਰਾ ਕਰਮਸਰ ਦੇ ਚੌਹੀਂ ਪਾਸੀਂ ਦਿਸ ਰਿਹਾ ਸੀ।

ਸੰਤ ਜੀ ਮਹਾਰਾਜ ਦੇ ਪਵਿੱਤਰ ਸਰੀਰ ਨੂੰ ਸੰਦਲ ਦੀ ਕੀਮਤੀ ਲੱਕੜੀ



ਤੋਂ ਤਿਆਰ ਬਕਸੇ ਵਿੱਚ ਲੰਡਨ ਤੋਂ 31 ਅਗਸਤ ਨੂੰ ਰਾੜਾ ਸਾਹਿਬ ਵਿਖੇ ਲਿਆਂਦਾ ਗਿਆ। ਸੰਤਾਂ ਦੇ ਅੰਤਿਮ ਦਰਸ਼ਨ ਕਰਕੇ ਸੰਗਤਾਂ ਭੁੱਬਾਂ ਮਾਰਕੇ ਰੋ ਰਹੀਆਂ ਸਨ। ਸਾਰੀ ਰਾਤ ਗੁਰਬਾਣੀ ਦਾ ਜਸ ਗਾਇਨ ਹੁੰਦਾ ਰਿਹਾ। ਇਲਾਕਾ ਨਿਵਾਸੀਆਂ ਨੇ ਵਿਯੋਗ ਵਿੱਚ ਚੁੱਲੇ ਨਹੀਂ ਤਪਾਏ। ਮਿਤੀ 1.9.75 ਨੂੰ ਕਰਮਸਰ ਤੋਂ ਬੈਂਡ ਬਾਜਿਆਂ ਨਾਲ ਬਿਭੌਰ ਸਾਹਿਬ ਵੱਲ ਚਾਲੇ ਪਾਏ। ਮੀਲਾਂ ਤੱਕ ਸੜਕ ਦੇ ਦੋਹੀਂ ਪਾਸੀ ਸੰਗਤ ਸੇਜਲ ਅੱਖਾਂ ਨਾਲ ਵਿਦਾਇਗੀ ਦੇ ਰਹੀ ਸੀ। ਬਿਭੌਰ ਸਾਹਿਬ ਵਿਖੇ ਸਤਲੁਜ ਵਿਚ ਆਪ ਦਾ ਸਰੀਰ ਜਲ ਪ੍ਰਵਾਹ ਕੀਤਾ ਗਿਆ। ਸੰਤ ਬਾਬਾ ਕਿਸ਼ਨ ਸਿੰਘ ਜੀ ਦੀ ਸੰਤ ਮਹਾਰਾਜ ਦੇ ਤੌਰ 'ਤੇ ਦਸਤਾਰਬੰਦੀ ਕੀਤੀ ਗਈ। ਇਸ ਤੋਂ ਮਗਰੋਂ ਵੀ ਆਪਨੇ ਭਗਤੀ ਸੇਵਾ ਸੰਭਾਲ ਦੇ ਕਾਰਜ ਓਨੀ ਹੀ ਤਨਦੇਹੀ ਨਾਲ ਕੀਤੇ ਤਾਂਕਿ ਕੋਇ ਪ੍ਰੇਮੀ ਇਹ ਗਿਲਾਂ ਨਾ ਕਰੇ ਕਿ ਡੇਰੇ ਅੰਦਰ ਕੋਈ ਘਾਟ ਆ ਗਈ ਹੈ ਜਾਂ ਸਿਮਰਨ ਸਾਧਨਾ ਵਿਚ ਕੋਈ ਅੰਤਰ ਆ ਗਿਆ ਹੈ। ਸਮਾਂ ਆਪਣੀ ਤੋਰ ਤੁਰਦਾ ਗਿਆ। ਸਮੇਂ ਦੀ ਇਸ ਨਿਰੰਤਰ ਤੋਰ ਨੂੰ ਨਤਮਸਤਕ ਕਰਦਿਆਂ ਸੰਤ ਕਿਸ਼ਨ ਸਿੰਘ ਜੀ ਵੀ ਮਿਤੀ 1990 ਨੂੰ ਪ੍ਰਭੂ ਨਾਲ ਜੋਤ ਸਰੂਪ ਹੋ ਗਏ ਅਤੇ ਅੱਜ ਕਲ੍ਹ ਇਹ ਸੰਪਰਦਾ ਉਹਨਾਂ ਮਹਾਂਪੁਰਸ਼ਾਂ ਦੁਆਰਾ ਹੀ ਵਰੋਸਾਇ ਸੰਤ ਬਾਬਾ ਤੇਜਾ ਸਿੰਘ ਜੀ ਭੋਰੇਵਾਲਿਆਂ ਦੀ ਸੁਯੋਗ ਅਗਵਾਈ ਥੱਲੇ ਵੱਧ ਫੁੱਲ ਰਹੀ ਹੈ।

ਜੇਕਰ ਕੋਈ ਕਹੇ ਕਿ ਉਸਨੇ ਅੰਬਰ ਦੇ ਤਾਰਿਆਂ ਦੀ ਗਿਣਤੀ ਕਰ ਲਈ ਤਾਂ ਮੁਸ਼ਕਲ ਹੈ, ਪਰ ਮੰਨ ਲਵਾਂਗੇ ਕਿ ਕਰ ਲਈ ਹੋਵੇਗੀ। ਜੇਕਰ ਕੋਈ ਆਖੇ ਕਿ ਡਿਗਦੀ ਮੋਹਲੇਧਾਰ ਬਾਰਸ਼ ਦੀਆਂ ਬੂੰਦਾਂ ਗਿਣ ਲਈਆਂ ਹਨ, ਮੰਨਣਯੋਗ ਤਾਂ ਨਹੀਂ, ਚਲੋ ਮੰਨ ਲਵਾਂਗੇ, ਪਰ ਜਿੰਨੇ ਰਾੜਾ ਸਾਹਿਬ ਸੰਪਰਦਾ ਤੋਂ ਤਰੇ ਹਨ ਉਹਨਾਂ ਦੀ ਗਿਣਤੀ ਨਹੀਂ ਹੋ ਸਕਦੀ। ਜੋ ਵੀ ਸ਼ਰਨ ਵਿਚ ਆਇਆ ਬਸ ਤਰਦਾ ਹੀ ਚਲਾ ਗਿਆ। ਸੰਤਾਂ ਨੇ ਤਾਂ ਕਈ ਗੁਰਮੁਖਾਂ ਨੂੰ ਐਸਾ ਜਾਗ ਲਾਇਆ ਕਿ ਉਹ ਰਬੀ ਦਰਗਾਹ ਵਿੱਚ ਕਬੂਲ ਹੋ ਗਏ। ਨਾਮ ਜਪਦੇ-ਜਪਦੇ ਪ੍ਰਮੇਸ਼ਰ ਨਾਲ ਅਭੇਦ ਹੋ ਗਏ। ਹਰੀ ਜਸ ਕਰਦੇ ਕਰਦੇ ਹਰੀ ਰੂਪ ਹੀ ਹੋ ਗਏ। ਅਜਿਹੇ ਹੀ ਸੰਤਾਂ-ਮਹਾਂਪੁਰਸ਼ਾਂ ਵਿਚੋਂ ਇਕ ਸਨ ਸੰਤ ਬਾਬਾ ਤੀਰਥ ਸਿੰਘ ਜੀ ਸ਼ਾਮ ਚੁਰਾਸੀ ਵਾਲੇ।

# ਜਨਣੀ ਜਣੈ ਤ ਭਗਤ ਜਨ

ਆਪਿ ਲੀਏ ਲੜਿ ਲਾਏ ਦਰਿ ਦਰਵੇਸ ਸੇ ॥
ਤਿਨ ਧੰਨੁ ਜਣੇਦੀ ਮਾਉ ਆਏ ਸਫਲੁ ਸੇ ॥ (ਫਰੀਦ ਜੀ, 488)

ਮਹਾਂਪੁਰਸ਼ਾਂ ਦਾ ਜਨਮ ਆਪਣੇ ਕਰਮਾਂ ਕਰਕੇ ਨਹੀਂ ਸਗੋਂ ਦੁਨੀਆਂ ਦੇ ਦੁੱਖਾਂ ਕਰਕੇ ਹੁੰਦਾ ਹੈ, ਜੀਵਾਂ ਦੇ ਭਲੇ ਲਈ ਹੁੰਦਾ ਹੈ, ਲੋਕਾਂ ਦੇ ਪਰਉਪਕਾਰ ਲਈ ਹੁੰਦਾ ਹੈ, ਧਰਤੀ ਦੀ ਪੁਕਾਰ ਕਾਰਨ ਹੁੰਦਾ ਹੈ। ਅਤੇ ਇਹ ਰੱਬ ਦੇ ਪਿਆਰੇ ਗੁਰੂ-ਹੁਕਮ ਅਧੀਨ ਆ ਕੇ ਗੁਰੂ ਹੁਕਮ ਦੀ ਕਾਰ ਕਰਕੇ ਮੁੜ ਪ੍ਰਮੇਸ਼ਰ ਨਾਲ ਅਭੇਦ ਹੋ ਜਾਂਦੇ ਹਨ।

ਤਿਸੁ ਗੁਰਸਿਖ ਕੰਉ ਹੰਉ ਸਦਾ ਨਮਸਕਾਰੀ ॥
ਜੋ ਗੁਰ ਕੈ ਭਾਣੈ ਗੁਰਸਿਖੁ ਚਲਿਆ ॥ (ਮ:3-593)

ਜੋ ਜਨਨੀ ਅਜਿਹੇ ਰਬ ਦੇ ਪਿਆਰਿਆਂ ਨੂੰ, ਭਗਤਾਂ ਨੂੰ ਜਨਮ ਦਿੰਦੀ ਹੈ ਉਹ ਵੀ ਧੰਨ ਹੁੰਦੀ ਹੈ। ਕਬੀਰ ਜੀ ਕਹਿੰਦੇ ਹਨ:

ਜਨਨੀ ਜਣੈ ਤ ਭਗਤ ਜਨ ਕੈ ਦਾਤਾ ਕੈ ਸੂਰ ॥
ਨਹਿ ਤਾ ਜਨਨੀ ਬਾਂਝ ਰਹੇ ਕਾਹੇ ਗਵਾਵੇ ਨੂਰ ॥ (ਤੁਲਸੀ ਬਾਣੀ)

ਐਸੀ ਮਾਤਾ ਬਹੁਤ ਉੱਚ ਭਾਗਾਂ ਵਾਲੀ ਹੁੰਦੀ ਹੈ, ਬਹੁਤ ਨੇਕ ਕਰਮਾਂ ਵਾਲੀ ਹੁੰਦੀ ਹੈ, ਸਾਧ ਸੰਗਤਿ ਕਰਨ ਵਾਲੀ ਹੁੰਦੀ ਹੈ ਜੋ ਭਗਤ ਜਾਂ ਸੂਰਮੇ ਨੂੰ ਜਨਮ ਦਿੰਦੀ ਹੈ। ਐਸੀ ਹੀ ਇਕ ਜਨਨੀ ਮਾਤਾ ਭਗਵੰਤ ਕੌਰ ਦੇ ਘਰ 2 ਅਗਸਤ 1930 ਨੂੰ ਪਾਕਿਸਤਾਨੀ ਪੰਜਾਬ ਦੇ ਦੋ ਦਰਿਆਵਾਂ ਜੇਹਲਮ ਅਤੇ ਝਨਾਬ ਵਿਚਾਲੇ ਵਸੇ ਜ਼ਿਲਾ ਗੁਜਰਾਤ ਤਹਿਸੀਲ ਖਾਰੀਆਂ ਦੇ ਇਕ ਪਿੰਡ ਬੀਸਾ, ਵਿਖੇ ਇਕ ਬਾਲਕ ਨੇ ਜਨਮ ਲਿਆ, ਜਿਸਦਾ ਨਾਮ ਤੀਰਥ ਸਿੰਘ ਰੱਖਿਆ ਗਿਆ। ਤੀਰਥ ਸਿੰਘ ਦਾ ਬਚਪਨ ਪਿੰਡ ਬੀਸੇ ਦੀ ਗਲੀਆਂ ਵਿਚ ਹੀ ਗੁਜ਼ਰਿਆ। ਜਿਸ ਤਰ੍ਹਾਂ ਭਾਰੀ ਬਾਰਸ਼ ਪੈਣ ਤੋਂ ਅਸੀਂ ਇਹ ਅੰਦਾਜ਼ਾ ਲਾ ਸਕਦੇ ਹਾਂ ਕਿ ਬੱਦਲਾਂ ਦਾ ਰੰਗ ਕਾਲਾ ਸਿਆਹ ਰਿਹਾ ਹੋਵੇਗਾ ਜਾਂ ਫਲਾਂ ਨਾਲ ਲੱਦੇ ਰੁੱਖ ਤੋਂ ਜ਼ਮੀਨ ਦੇ ਉਪਜਾਊਪਨ ਦਾ ਅਨੁਮਾਨ ਲਾ ਸਕਦੇ ਹਾਂ ਜਾਂ ਸ਼ਾਮ ਦੇ ਮੌਸਮ ਤੋਂ ਦਿਨ ਕਿਹੋ ਜਿਹਾ ਰਿਹਾ ਹੋਵੇਗਾ ਜਾਣ ਸਕਦੇ ਹਾਂ ਜਾਂ ਕਿਸੇ ਚੀਜ਼ ਦਾ ਅੰਤ ਹੀ ਦੱਸ ਦਿੰਦਾ ਹੈ ਕਿ ਉਸਦੀ ਸ਼ੁਰੂਆਤ ਕੈਸੀ ਰਹੀ ਹੋਵੇਗੀ, ਉਸੇ ਤਰ੍ਹਾਂ ਕਿਸੇ ਵੀ ਸ਼ਖ਼ਸੀਅਤ ਦੇ




ਬਚਪਨ ਦਾ ਅੰਦਾਜ਼ਾ ਉਸ ਵੱਲੋਂ ਹਾਸਲ ਕੀਤੇ ਮੁਕਾਮ ਤੋਂ ਲੱਗ ਜਾਂਦਾ ਹੈ। ਸੰਤਾਂ ਦੀ ਉਚ ਅਵਸਥਾ ਵੇਖ ਕੇ ਹੀ ਉਹਨਾਂ ਦੇ ਬਚਪਨ ਦਾ ਕਿਆਫ਼ਾ ਸਹਿਜੇ ਹੀ ਲਾਇਆ ਜਾ ਸਕਦਾ ਸੀ ਕਿ ਆਪਦਾ ਬਚਪਨ ਭਜਨ ਸਿਮਰਨ ਕਰਦਿਆਂ ਬੀਤਿਆ ਹੋਵੇਗਾ, ਵੱਡਿਆ ਦਾ ਸਤਿਕਾਰ ਕਰਦਿਆਂ ਗੁਜ਼ਰਿਆ ਹੋਵੇਗਾ, ਲੋੜਵੰਦਾਂ ਦੀ ਮਦਦ ਕਰਦਿਆਂ ਲੰਘਿਆ ਹੋਵੇਗਾ, ਸਾਧੂਆਂ ਦੀ ਸੇਵਾ ਵਿਚ ਰੰਗਿਆ ਹੋਵੇਗਾ। ਆਪ ਨੂੰ ਗੁੜਤੀ ਵੀ ਨਾਮ ਜਪਣ ਦੀ ਹੀ ਮਿਲੀ ਹੋਵੇਗੀ। ਮਾਤਾ ਪਿਤਾ ਨੇ ਤਾਂ ਜਨਮ ਸਮੇਂ ਇਹੋ ਅਸੀਸ ਦਿੱਤੀ ਹੋਵੇਗੀ

ਪੂਤਾ ਮਾਤਾ ਕੀ ਅਸੀਸ ॥
ਨਿਮਖ ਨ ਬਿਸਰਾਉ ਤੁਮ੍ਕਉ ਹਰਿ ਹਰਿ
ਸਦਾ ਭਜਹੁ ਜਗਦੀਸ ॥ (ਮ:5-496)

ਸੱਚੇ ਦਿਲੋਂ ਨਿਕਲੀ ਅਸੀਸ ਜੀਵਨ ਪਲਟਣ ਦੇ ਸਮਰੱਥ ਹੁੰਦੀ ਹੈ। ਇਹ ਪੰਖ ਰਹਿਤ ਪਰਿੰਦਿਆਂ ਨੂੰ ਉਡਣ ਦਾ ਬਲ ਦੇ ਸਕਦੀ ਹੈ, ਬੇਜ਼ੁਬਾਨਿਆਂ ਨੂੰ ਜ਼ੁਬਾਨ ਬਖ਼ਸ਼ ਸਕਦੀ ਹੈ, ਜੋਤਹੀਣ ਸਰੀਰਾਂ ਨੂੰ ਸੰਸਾਰ ਵਿਖਾ ਸਕਦੀ ਹੈ, ਬੋਲਿਆਂ ਨੂੰ ਸੁਣਨ ਲਾ ਸਕਦੀ ਹੈ, ਲੰਗੜੇ ਲੂਲਿਆਂ ਨੂੰ ਨਚਾ ਸਕਦੀ ਹੈ, ਬੁਜ਼ਦਿਲਾਂ ਵਿਚ ਸਾਹਸ ਭਰ ਸਕਦੀ ਹੈ, ਅਗਿਆਨੀਆਂ ਵਿਚ ਗਿਆਨ ਪੈਦਾ ਕਰ ਸਕਦੀ ਹੈ, ਵਹਿੰਦੇ ਹੋਏ ਵਹਿਣ ਅਟਕਾ ਸਕਦੀ ਹੈ, ਉਜਾੜਾਂ ਵਿਚ ਮੇਲੇ ਲਾ ਸਕਦੀ ਹੈ, ਮਾਰੂਥਲਾਂ ਵਿਚ ਫੁਲ ਖਿੜਾ ਸਕਦੀ ਹੈ, ਮਨ ਨੂੰ ਜਿੱਤ ਕੇ ਦੁਨੀਆਂ ਜਿੱਤਣ ਦਾ ਰਾਹ ਵਿਖਾ ਸਕਦੀ ਹੈ। ਤੀਰਥ ਸਿੰਘ ਜੀ ਨੂੰ ਵੀ ਅਸੀਸ ਸੀ- ਨਾਮ ਜਪਣ ਦੀ ਅਸੀਸ, ਵੰਡ ਛਕਣ ਦੀ ਅਸੀਸ। ਇਹ ਅਸੀਸ ਦਾ ਹੀ ਅਸਰ ਸੀ ਕਿ ਤੀਰਥ ਸਿੰਘ ਜੀ ਦੀ ਹਰ ਸਮੇਂ ਨਾਮ ਨਾਲ ਹੀ ਲਿਵ ਲੱਗੀ ਰਹਿੰਦੀ।

ਗੁਰਮੁਖਿ ਅੰਤਰਿ ਸਾਂਤਿ ਹੈ ਮਨਿ ਤਨਿ ਨਾਮਿ ਸਮਾਇ ॥
ਨਾਮੁ ਚਿਤਵੈ ਨਾਮੋ ਪੜੈ ਨਾਮਿ ਰਹੈ ਲਿਵ ਲਾਇ ॥ (ਮ:4-1317)

ਨਾਮ ਜਪਦਿਆਂ ਜਪਦਿਆਂ ਸਮਾਂ ਬੀਤਦਾ ਗਿਆ ਅਤੇ 1947 ਦਾ ਉਹ ਅਭਾਗਾ ਸਮਾਂ ਆ ਪਹੁੰਚਿਆ ਜਦ ਦੇਸ਼ ਦੀ ਵੰਡ ਦੀਆਂ ਚੀਕਾਂ ਤੋਂ ਕੋਈ ਵੀ ਕੰਨ ਅਣਭਿਜ ਨਾ ਰਿਹਾ।। 1947 ਦੀ ਵੰਡ ਕਈ ਚਲਦੀਆਂ ਨਬਜ਼ਾਂ ਲਈ ਰੁਕਣ ਦਾ ਫੁਰਮਾਨ ਲੈ ਕੇ ਆਈ, ਅਨੇਕਾਂ ਵਸਦੇ ਘਰਾਂ ਲਈ ਉਜਾੜੇ ਦਾ ਪੈਗ਼ਾਮ ਲੈ ਕੇ ਆਈ। ਲੋਕ ਘਰੋਂ ਬੇਘਰ ਹੋ ਗਏ। ਮਾਤਾ ਭਗਵੰਤ ਕੌਰ ਦਾ ਪਰਿਵਾਰ ਵੀ




ਜਨਮ ਸਥਾਨ ਸੰਤ ਬਾਬਾ ਤੀਰਥ ਸਿੰਘ ਜੀ



ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿਨਾਮਾ ਮਨਿ ਮੰਤੁ ॥
ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤ ॥

ਸਭ ਕੁਝ ਪਾਕਿਸਤਾਨ ਛੱਡਕੇ ਭਾਰਤ ਆ ਗਿਆ। ਉਸ ਸਮੇਂ ਤੀਰਥ ਸਿੰਘ ਜੀ ਦੀ ਉਮਰ 17 ਸਾਲ ਦੀ ਸੀ। ਇਕ ਤਾਂ ਵਸਦੇ-ਰਸਦੇ ਘਰ ਵਿਚੋਂ ਉਜਾੜੇ ਦਾ ਗ਼ਮ ਤੇ ਦੂਸਰੇ ਪਾਸੇ ਜੀਵਨ ਨਿਰਬਾਹ ਲਈ ਕੰਮਕਾਰ ਮਿਲਣ ਦੀ ਚਿੰਤਾ। ਤੀਰਥ ਸਿੰਘ ਜੀ ਨੇ ਵੀ ਮਿਹਨਤ ਕਰਨੀ ਆਰੰਭ ਕਰ ਦਿੱਤੀ। ਪਰ ਜਿਉਂ ਜਿਉਂ ਸਮਾਂ ਬੀਤਦਾ ਜਾ ਰਿਹਾ ਸੀ ਆਪਦਾ ਧਿਆਨ ਸੰਸਾਰਕ ਕੰਮਾਂ ਵਲੋਂ ਘਟਦਾ ਜਾ ਰਿਹਾ ਸੀ ਅਤੇ ਭਜਨ ਬੰਦਗੀ ਵਲ ਵਧਦਾ ਜਾ ਰਿਹਾ ਸੀ। ਫਿਰ ਤਾਂ ਪ੍ਰਾਲਬਧ ਨੇ ਐਨਾ ਜ਼ੋਰ ਪਾ ਦਿੱਤਾ ਕਿ ਆਪ ਨੇ ਸੱਚ ਦੀ ਖੋਜ ਲਈ, ਗਿਆਨ ਦੇ ਸਰੋਵਰ ਦੀ ਭਾਲ ਲਈ ਘਰ ਬਾਰ ਤਿਆਗ ਦਿੱਤਾ।

ਫਰੀਦਾ ਸੋਈ ਸਰਵਰੁ ਢੂਢਿ ਲਹੁ ਜਿਥਹੁ ਲਭੀ ਵਥੁ ॥
ਛਪੜਿ ਢੂਢੈ ਕਿਆ ਹੋਵੈ ਚਿਕੜਿ ਡੁਬੈ ਹਥੁ ॥ (ਫਰੀਦ ਜੀ, 1380)

ਆਪ ਗਿਆਨ ਦੀ ਭਾਲ ਵਿਚ ਸਨ, ਗਿਆਨੀ ਦੀ ਭਾਲ ਵਿਚ ਸਨ, ਪੂਰਨ ਬ੍ਰਹਮ ਗਿਆਨੀ ਦੀ ਭਾਲ ਵਿਚ ਸਨ। ਆਪ ਨੂੰ ਗਿਆਨ ਦਾ ਭਰਿਆ ਸਰੋਵਰ ਚਾਹੀਦਾ ਸੀ, ਅਗਿਆਨ ਦਾ ਛਲਕਦਾ ਛੱਪੜ ਨਹੀਂ। ਪ੍ਰਮਾਰਥ ਦਾ ਗਿਆਤਾ ਸੱਚਾ ਗੁਰੂ ਚਾਹੀਦਾ ਸੀ, ਮੰਜ਼ਿਲ ਤੋਂ ਭਟਕਿਆ ਕੱਚਾ ਗੁਰੂ ਨਹੀਂ। ਆਪ ਇਹ ਜਾਣਦੇ ਸਨ ਕਿ

ਕੇਤੇ ਗੁਰ ਚੇਲੇ ਫੁਨਿ ਹੂਆ ॥
ਕਾਚੇ ਗੁਰ ਤੇ ਮੁਕਤਿ ਨ ਹੂਆ ॥ (ਮ:1-932)

ਪ੍ਰਮਾਰਥ ਦਾ ਢੌਂਗ ਕਰਨ ਵਾਲੇ ਅਗਿਆਨੀ ਤਾਂ ਥਾਂ-ਥਾਂ ਮਿਲ ਜਾਂਦੇ ਹਨ ਪਰ ਪੂਰਨ ਬ੍ਰਹਮਗਿਆਨੀ ਅਲੱਭ ਹੁੰਦਾ ਹੈ ਉਹ ਹਰੀ ਦੀ ਕਿਰਪਾ ਸਦਕਾ ਹੀ ਮਿਲਦਾ ਹੈ। ਉਹ ਗਿਆਨ ਦਾ ਸੋਮਾ, ਜੁਗੋ ਜੁਗ ਪੂਰਨ ਪ੍ਰਮੇਸ਼ਰ ਹੁੰਦਾ ਹੈ।

ਗੁਰ ਕੀ ਮਹਿਮਾ ਕਿਆ ਕਹਾ ਗੁਰੁ ਬਿਬੇਕ ਸਤ ਸਰੁ ॥
ਓਹੁ ਆਦਿ ਜੁਗਾਦੀ ਜੁਗਹ ਜੁਗ ਪੂਰਾ ਪਰਮੇਸਰੁ ॥ (ਮ:5-397)

ਤੀਰਥ ਸਿੰਘ ਜੀ ਦੇ ਕਦਮ ਵੀ ਐਸੇ ਹੀ ਗੁਰੂ ਦੀ ਭਾਲ ਵਿਚ ਤੁਰ ਰਹੇ ਸਨ। ਕਹਿੰਦੇ ਹਨ ਜਿਹਨਾਂ ਪੈਰਾਂ ਨੂੰ ਤੁਰਨ ਦੀ ਆਦਤ ਹੁੰਦੀ ਹੈ ਇਕ ਨਾ ਇਕ ਦਿਨ ਮੰਜ਼ਿਲ 'ਤੇ ਜ਼ਰੂਰ ਪਹੁੰਚਦੇ ਹਨ। ਗੱਲ ਸਹੀ ਦਿਸ਼ਾ ਦੀ ਹੁੰਦੀ ਹੈ। ਦਿਸ਼ਾਹੀਣ ਤੁਰਨਾ ਮੰਜ਼ਿਲ ਵੱਲ ਨਹੀਂ ਲੈ ਕੇ ਜਾ ਸਕਦਾ। ਆਪ ਸੇਧ ਦੇਣ ਵਾਲੇ ਦੀ ਭਾਲ ਵਿਚ ਹੀ ਸਨ। ਇਹ ਭਾਲ ਆਪ ਨੂੰ ਅਨੇਕ ਦਰਾਂ 'ਤੇ ਲੈ ਕੇ ਗਈ। ਪਰ ਜੋ ਮਿਲ



ਰਿਹਾ ਸੀ, ਉਹ ਮੰਜ਼ਿਲ ਨਹੀਂ ਸੀ ਅਤੇ ਜੋ ਮੰਜ਼ਿਲ ਸੀ, ਉਹ ਮਿਲ ਨਹੀਂ ਰਹੀ ਸੀ। ਆਪਦੀ ਤਾਂ ਹੰਸ ਵਾਂਗ ਮੋਤੀ ਚੁਗਣ ਦੀ ਇੱਛਾ ਸੀ, ਬਗਲੇ ਵਾਂਗ ਮੱਛੀਆਂ ਨੂੰ ਮੰਜ਼ਿਲ ਨਹੀਂ ਸੀ ਬਣਾਇਆ। ਆਪਦੀ ਤਾਂ ਇਹ ਇੱਛਾ ਸੀ

ਮਨੁ ਮੰਦਰੁ ਤਨੁ ਵੇਸ ਕਲੰਦਰੁ ਘਟ ਹੀ ਤੀਰਥਿ ਨਾਵਾ ॥ (ਮ:1-795)

ਜਦ ਕਿਸੇ ਵੀ ਦਰ ਤੋਂ ਆਸ ਨਾ ਪੁਗੀ ਤਾਂ ਆਪ ਅਰਦਾਸ ਕਰਨ ਲਈ ਸ੍ਰੀ ਹਰਿਮੰਦਰ ਸਾਹਿਬ ਗਏ। ਗੁਰੂ ਅਮਰਦਾਸ ਜੀ ਕਥਨ ਕਰਦੇ ਹਨ

ਗੁਰੁ ਸਾਗਰੁ ਅੰਮ੍ਰਿਤ ਸਰੁ ਜੋ ਇਛੇ ਸੋ ਫਲੁ ਪਾਏ ॥
ਨਾਮੁ ਪਦਾਰਥੁ ਅਮਰੁ ਹੈ ਹਿਰਦੈ ਮੰਨਿ ਵਸਾਏ ॥ (ਮ:1-1011)

ਜਦ ਪਤਝੜ ਦੀ ਰੁੱਤੇ ਰੁੱਖ ਸਰਦੀ ਦੇ ਮਾਰੇ ਪੱਤਿਆਂ ਤੋਂ ਰਹਿਤ ਹੋ ਜਾਂਦੇ ਹਨ ਤਾਂ ਇੰਝ ਲਗਦਾ ਹੈ ਕਿ ਉਹ ਰੁੰਡ ਮਰੁੰਡ ਰੁੱਖ ਅਰਦਾਸ ਕਰਨ ਲਈ ਆਪਣੇ ਹੱਥ ਉੱਪਰ ਚੁੱਕਕੇ ਖੜੇ ਹੋਣ। ਉਹਨਾਂ ਦੀ ਅਰਦਾਸ ਪ੍ਰਵਾਨ ਵੀ ਹੁੰਦੀ ਹੈ। ਥੋੜ੍ਹੀ ਦੇਰ ਪਿੱਛੋਂ ਰੱਬ ਦੀ ਮਿਹਰ ਨਾਲ ਟਹਿਣੀਆਂ ਪੱਤਿਆਂ ਨਾਲ ਭਰ ਜਾਂਦੀਆਂ ਹਨ। ਰੱਬ ਦਾ ਦਰ ਕਦੇ ਬੰਦ ਨਹੀਂ ਹੁੰਦਾ ਅਤੇ ਨਾ ਹੀ ਉੱਪਰ ਰੱਬ ਵੱਲ ਹੱਥ ਚੁੱਕਣ ਵਾਲਿਆਂ ਨੂੰ ਨਿਰਾਸ਼ਾ ਮਿਲਦੀ ਹੈ। ਜਿਸਨੇ ਵੀ ਪੱਤਿਆਂ ਰਹਿਤ ਰੁੱਖ ਵਾਂਗ ਅਰਦਾਸ ਲਈ ਹੱਥ ਉੱਪਰ ਚੁੱਕੇ, ਉਹ ਪ੍ਰਮਾਤਮਾ ਦੀ ਕਿਰਪਾ ਨਾਲ ਹਰਿਆ ਭਰਿਆ ਹੋ ਗਿਆ। ਤੀਰਥ ਸਿੰਘ ਜੀ ਨੇ ਵੀ ਸੱਚੇ ਮਨ ਨਾਲ ਹਰਿਮੰਦਰ ਸਾਹਿਬ ਵਿਖੇ ਅਰਦਾਸ ਕੀਤੀ।

ਹਮ ਭੀਖਕ ਭੇਖਾਰੀ ਤੇਰੇ ਤੂ ਨਿਜ ਪਤਿ ਹੈ ਦਾਤਾ ॥
ਹੋਹੁ ਦੈਆਲ ਨਾਮੁ ਦੇਹੁ ਮੰਗਤ ਜਨ ਕੰਉ ਸਦਾ ਰਹਉ ਰੰਗਿ ਰਾਤਾ ॥
ਬਹੁਤੇ ਫੇਰ ਪਏ ਕਿਰਪਨ ਕਉ ਅਬ ਕਿਛੁ ਕਿਰਪਾ ਕੀਜੈ ॥
ਹੋਹੁ ਦਇਆਲ ਦਰਸਨੁ ਦੇਹੁ ਅਪੁਨਾ ਐਸੀ ਬਖਸ ਕਰੀਜੈ ॥
(ਮ: 3-666)

ਜਦ ਅਰਦਾਸ ਕਰਕੇ ਬਾਹਰ ਨਿਕਲੇ ਤਾਂ ਆਪ ਨੂੰ ਗੁਰੂ ਘਰ ਦੀ ਸੋਝੀ ਰੱਖਣ ਵਾਲਾ ਇਕ ਨਿਹੰਗ ਸਿੰਘ ਮਿਲਿਆ, ਜੋ ਫਿਰ ਤੁਰ ਕੇ ਗੁਰਧਾਮਾਂ ਦੀ ਸੇਵਾ ਕਰਿਆ ਕਰਦਾ ਸੀ। ਤੀਰਥ ਸਿੰਘ ਜੀ ਦੇ ਮਨ ਵਿਚ ਸੇਵਾ ਸਿਮਰਨ ਦੀ ਤਾਂਘ ਤਾਂ ਪਹਿਲਾਂ ਤੋਂ ਹੀ ਸੀ। ਸੋ ਆਪ ਗੁਰਧਾਮਾਂ ਦੀ ਸੇਵਾ ਲਈ ਉਸਦੇ ਨਾਲ ਹੀ ਹੋ ਤੁਰੇ। ਜਦ ਨਿਹੰਗ ਸਿੰਘ ਜੀ ਨੇ ਆਪਦੀ ਮਨੋ-ਅਵਸਥਾ ਜਾਣੀ ਤਾਂ ਉਸਨੂੰ

ਸਮਝਦਿਆਂ ਦੇਰ ਨਾ ਲੱਗੀ ਕਿ ਤੀਰਥ ਸਿੰਘ ਗਿਆਨ ਦੇ ਜਿਸ ਮਹਾਂਕੁੰਭ ਵਿਚ ਇਸ਼ਨਾਨ ਕਰਨਾ ਚਾਹੁੰਦਾ ਹੈ, ਜਿਸ ਸਰੋਵਰ ਦਾ ਅੰਮ੍ਰਿਤ ਪੀ ਅਗੰਮੀ ਜੋਤ 'ਚ ਅਭੇਦ ਹੋਣਾ ਚਾਹੁੰਦਾ ਹੈ, ਜਿਸ ਮਾਰਗ 'ਤੇ ਸੱਚ ਤੋਂ ਸੱਚਖੰਡ ਤੱਕ ਚਲਣਾ ਚਾਹੁੰਦਾ ਹੈ, ਉਹ ਧੰਨ-ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਧਿਅਨ ਬਿਨਾਂ ਮੁਸ਼ਕਲ ਹੈ। ਗੁਰਬਾਣੀ ਹੀ ਉਹਨਾਂ ਲੁਕਵੇਂ ਖਜ਼ਾਨਿਆਂ ਦੀ ਕੁੰਜੀ ਹੈ। ਇਸ ਲਈ ਉਹ ਆਪ ਨੂੰ ਗੁਰਬਾਣੀ ਦੀ ਸੰਥਿਆ ਲੈਣ ਲਈ ਗਿਆਨੀ ਅਵਤਾਰ ਸਿੰਘ ਜੀ ਜਗਰਾਵਾਂ (ਜ਼ਿਲ੍ਹਾ ਲੁਧਿਆਣਾ) ਪਾਸ ਛੱਡ ਗਿਆ।



# ਰੇ ਮਨ ਐਸੋ ਕਰ ਸੰਨਿਆਸਾ

ਗਿਆਨੀ ਅਵਤਾਰ ਸਿੰਘ ਜੀ ਗੁਰਬਾਣੀ ਦੇ ਅਧਿਐਨ ਦੇ ਨਾਲ-ਨਾਲ ਸਿੱਖ ਇਤਿਹਾਸ ਵਿਚ ਵੀ ਡੂੰਘੀ ਦਿਲਚਸਪੀ ਰੱਖਦੇ ਸਨ। ਧੰਨ-ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਉੱਚੇ-ਸੁੱਚੇ ਰਹਿਣ-ਸਹਿਣ ਲਈ ਸੇਧਾਂ, ਸੁਖਾਵੀ ਜ਼ਿੰਦਗੀ ਜੀਊਣ ਲਈ ਜਾਚਾਂ, ਸਮਾਜ ਵਿਚ ਵਿਚਰਨ ਲਈ ਅਕਲਾਂ ਅਤੇ ਪੰਜ ਵਿਕਾਰਾਂ ਤੋਂ ਬਚਣ ਸਬੰਧੀ ਸਿੱਖਿਆਵਾਂ ਨੂੰ ਜ਼ਿੰਦਗੀ ਵਿਚ ਢਾਲਣ ਦਾ ਜਤਨ ਕਰਦੇ। ਉਹ ਸਭ ਨੂੰ ਸਮਝਾਉਂਦੇ:-

ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ ॥
(ਮ: 3-600)

ਏਕੁ ਗਿਰਹੁ ਦਸ ਦੁਆਰ ਹੈ ਜਾ ਕੇ
ਅਹਿਨਿਸਿ ਤਸਕਰ ਪੰਚ ਚੋਰ ਲਗਈਆ ॥
ਧਰਮੁ ਅਰਥੁ ਸਭੁ ਹਿਰਿ ਲੇ ਜਾਵਹਿ
ਮਨਮੁਖ ਅੰਧੁਲੇ ਖਬਰਿ ਨ ਪਈਆ ॥ (ਮ: 4-833)

ਗੁਰਬਾਣੀ ਦਾ ਪ੍ਰਭਾਵ ਇਹਨਾਂ ਦੇ ਜੀਵਨ ਵਿਚ ਸਪਸ਼ਟ ਝਲਕਦਾ। ਜਿਸ ਤਰ੍ਹਾਂ ਹਵਾ ਠੰਡੇ ਬੁੱਲਿਆ ਲਈ ਜਾਣੀ ਜਾਂਦੀ ਹੈ, ਫੁਲ ਸੁਗੰਧੀਆਂ ਲਈ ਜਾਣੇ ਜਾਂਦੇ ਹਨ, ਸੂਰਜ ਰੌਸ਼ਨੀ ਲਈ ਜਾਣਿਆ ਜਾਂਦਾ ਹੈ। ਭਾਈ ਅਵਤਾਰ ਸਿੰਘ ਜੀ ਵੀ ਇਲਾਕੇ ਵਿਚ ਗੁਰਮਤਿ ਗਿਆਤਾ ਵਜੋਂ ਜਾਣੇ ਜਾਂਦੇ। ਜਿੱਥੇ ਗਿਆਨ ਹੋਵੇ, ਅਭਿਲਾਸ਼ੀਆਂ ਦੀ ਕਮੀ ਨਹੀਂ ਰਹਿੰਦੀ। ਗਿਆਨੀ ਜੀ ਕੋਲ ਵੀ ਦੂਰ-ਦੂਰ ਤੋਂ ਸਿੰਘ ਗੁਰਬਾਣੀ ਦੀ ਸੰਥਿਆ ਲੈਣ ਵਾਸਤੇ ਆਉਂਦੇ। ਗਿਆਨੀ ਜੀ ਗੁਰਮੁਖੀ ਸਿਖਾਉਣ ਅਤੇ ਸਰਲਾਰਥ ਕਰਵਾਉਣ ਦੇ ਨਾਲ-ਨਾਲ ਅਭਿਲਾਸ਼ੀਆਂ ਦਾ ਜੀਵਨ ਪੱਧਰ ਵੀ ਉੱਚਾ ਚੁੱਕਣ ਵੱਲ ਵਿਸ਼ੇਸ਼ ਧਿਆਨ ਦਿੰਦੇ। ਨਿਹੰਗ ਸਿੰਘ ਦੇ ਨਾਲ ਆਇਆ ਤੀਰਥ ਸਿੰਘ ਵੀ ਗਿਆਨੀ ਅਵਤਾਰ ਸਿੰਘ ਜੀ ਲਈ ਇਕ ਗਿਆਨ ਅਭਿਲਾਸ਼ੀ ਸੀ। ਗਿਆਨੀ ਜੀ ਦਾ ਸਬਕ ਨਿਮਰਤਾ ਤੋਂ ਸ਼ੁਰੂ ਹੁੰਦਾ:-

ਸਿੱਖ: ਸਿੱਖਣਾ, ਸਿੱਖਣ ਵਾਲਾ, ਸਭ ਤੋਂ ਨਿਮਾਣਾ ਹੁੰਦਾ ਹੈ।

ਅਰਦਾਸ: ਬੇਨਤੀ ਵੀ ਨੀਵੇਂ ਹੋ ਕੇ ਹੀ ਕਰੀ ਦੀ ਹੈ।

ਕਿਉਂਕਿ ਸਿੱਖ ਧਰਮ ਦੀ ਇਮਾਰਤ ਨਿਮਰਤਾ ਦੀ ਬੁਨਿਆਦ 'ਤੇ ਉਸਰੀ ਹੋਈ ਹੈ।

ਜਦ ਤੀਰਥ ਸਿੰਘ ਜੀ ਨੂੰ ਸਬਕ ਦੇਣਾ ਸ਼ੁਰੂ ਕੀਤਾ ਤਾਂ ਗਿਆਨੀ ਜੀ ਨੂੰ ਜਲਦੀ ਹੀ ਪਤਾ ਲੱਗ ਗਿਆ ਕਿ ਇਹ ਕੋਈ ਆਮ ਅਭਿਲਾਸ਼ੀ ਨਹੀਂ ਹੈ। ਐਸਾ ਅਭਿਲਾਸ਼ੀ ਮਿਲਣਾ ਤਾਂ ਗੁਰੂ ਦੇ ਕਿਸੇ ਚੰਗੇ ਕਰਮ ਦਾ ਫ਼ਲ ਹੀ ਹੁੰਦਾ ਹੈ। ਗਿਆਨੀ ਜੀ ਨੂੰ ਅਹਿਸਾਸ ਹੋਇਆ ਕਿ ਗਿਆਨ ਤਾਂ ਤੀਰਥ ਸਿੰਘ ਜੀ ਦੇ ਅੰਦਰ ਪਹਿਲਾਂ ਹੀ ਬਥੇਰਾ ਹੈ, ਬਸ ਪ੍ਰਗਟ ਕਰਨ ਦੀ ਹੀ ਲੋੜ ਹੈ।

ਇਕ ਆਦਮੀ ਨੇ ਬੁਤਘਾੜੇ ਕੋਲ ਬੇਨਤੀ ਕੀਤੀ ਕਿ ਮੈਂ ਬੁੱਤਘੜ ਹੁੰਦਾ ਵੇਖਣਾ ਚਾਹੁੰਦਾ ਹਾਂ। ਬੁੱਤਘਾੜੇ ਨੇ ਅਗਲੇ ਦਿਨ ਪਹਾੜ ਦੇ ਨਜ਼ਦੀਕ ਚਟਾਨ ਕੋਲ ਆਉਣ ਲਈ ਕਿਹਾ। ਅਗਲੀ ਸਵੇਰ ਬੁੱਤਘੜ ਹੁੰਦਾ ਵੇਖਣ ਲਈ ਜਗਿਆਸੂ ਮਿਥੀ ਜਗ੍ਹਾ 'ਤੇ ਪਹੁੰਚ ਗਿਆ। ਬੁੱਤਘਾੜੇ ਨੇ ਹਥੌੜਾ ਅਤੇ ਸ਼ੀਣੀ ਲਈ ਅਤੇ ਪੱਥਰ ਨੂੰ ਤੋੜਨਾ ਆਰੰਭ ਕਰ ਦਿੱਤਾ। ਜਦ ਕਈ ਘੰਟੇ ਬੀਤ ਗਏ ਤਾਂ ਜਗਿਆਸੂ ਦੇ ਸਬਰ ਦਾ ਪਿਆਲਾ ਛਲਕ ਪਿਆ ਅਤੇ ਗੁੱਸੇ ਨਾਲ ਕਹਿੰਦਾ, "ਮੈਂ ਏਥੇ ਬੁੱਤਘੜ ਹੁੰਦਾ ਵੇਖਣ ਆਇਆ ਹਾਂ ਤੈਨੂੰ ਪੱਥਰ ਤੋੜਦਾ ਨਹੀਂ। ਤੂੰ ਬੁੱਤ ਕਿਉਂ ਨਹੀਂ ਘੜ ਰਿਹੈ।" ਬੁੱਤਘਾੜੇ ਨੇ ਕਿਹਾ ਕਿ ਬੁੱਤ ਤਾਂ ਚਟਾਨ ਵਿਚ ਪਹਿਲਾਂ ਹੀ ਮੌਜੂਦ ਹੈ, ਮੈਂ ਤਾਂ ਸਿਰਫ਼ ਫਾਲਤੂ ਪਦਾਰਥ ਹੀ ਹਟਾਉਣੇ ਹਨ। ਜਦ ਵਾਧੂ ਦਾ ਪੱਥਰ ਹਟ ਜਾਵੇਗਾ ਤਾਂ ਬੁੱਤ ਆਪੇ ਹੀ ਪ੍ਰਗਟ ਹੋ ਜਾਵੇਗਾ।

ਗਿਆਨੀ ਅਵਤਾਰ ਸਿੰਘ ਜੀ ਨੂੰ ਵੀ ਲੱਗਿਆ ਕਿ ਗਿਆਨ ਤਾਂ ਤੀਰਥ ਸਿੰਘ ਅੰਦਰ ਪਹਿਲਾਂ ਹੀ ਬਥੇਰਾ ਹੈ, ਲੋੜ ਤਾਂ ਵਾਧੂ ਦੇ ਪਦਾਰਥ ਹਟਾਉਣ ਦੀ ਹੈ। ਜਦ ਹਟ ਗਏ ਤਾਂ ਗਿਆਨ ਧੁੰਦ 'ਚੋਂ ਸੂਰਜ ਵਾਂਗ ਆਪੇ ਪ੍ਰਗਟ ਹੋ ਜਾਵੇਗਾ। ਗਿਆਨੀ ਜੀ ਨੇ ਵੇਖਿਆ ਕਿ ਤੀਰਥ ਸਿੰਘ ਜੀ ਦੀ ਤਾਂ ਦੁਨੀਆਂ ਹੀ ਅਲੱਗ ਸੀ। ਜਵਾਨ ਉਮਰ ਹੋਣ ਦੇ ਬਾਵਜੂਦ ਦੁਨੀਆਂ ਵਿਚ ਕੋਈ ਦਿਲਚਸਪੀ ਨਹੀਂ ਸੀ। ਜਦ ਸਾਥੀ ਕੋਈ ਮਖੌਲ ਵੀ ਕਰਦੇ ਤਾਂ ਅੱਖਾਂ ਨੀਵੀਆਂ ਹੀ ਰੱਖਦੇ। ਅੱਖਾਂ ਨੂੰ ਬੁਰਾ ਦੇਖਣਾ ਤਾਂ ਜਿਵੇਂ ਆਉਂਦਾ ਹੀ ਨਹੀਂ ਸੀ। ਕੰਨ ਨਿੰਦਿਆਂ ਸੁਣਨਾ ਤਾਂ ਜਿਵੇਂ ਜਾਣਦੇ ਹੀ ਨਹੀਂ ਸਨ। ਜ਼ੁਬਾਨ ਨੇ ਬਿਨਾਂ ਜ਼ਰੂਰਤ ਬੋਲਣਾ ਤਾਂ ਜਿਵੇਂ ਸਿੱਖਿਆ ਹੀ ਨਹੀਂ ਸੀ। ਗੱਲ ਵੀ ਉਸ ਨਾਲ ਹੀ ਕਰਨਾ ਪਸੰਦ ਕਰਦੇ, ਜੋ ਪ੍ਰਮਾਤਮਾ ਦੀਆਂ ਸਿਫਤ ਸਲਾਹਾਂ ਕਰਨ ਵਾਲਾ ਹੁੰਦਾ। ਉਸਦੇ ਕੋਲ ਹੀ ਜਾ ਕੇ ਬਹਿੰਦੇ, ਜੋ ਪ੍ਰਭੂ ਦਾ ਨਾਮ ਜਪਣ ਦੀ ਮਤ ਦਿੰਦਾ।



ਸੋ ਸਾਜਨੁ ਸੋ ਸਖਾ ਮੀਤੁ ਜੋ ਹਰਿ ਕੀ ਮਤਿ ਦੇਇ ॥
ਨਾਨਕ ਤਿਸੁ ਬਲਿਹਾਰਣੈ ਹਰਿ ਹਰਿ ਨਾਮ ਜਪੇਇ ॥

(ਮ:5-298)

ਸੇ ਸੈਣ ਸੇ ਸਜਣਾ ਜਿ ਗੁਰਮੁਖਿ ਮਿਲਹਿ ਸੁਭਾਇ ॥
ਸਤਿਗੁਰ ਕਾ ਭਾਣਾ ਅਨਦਿਨੁ ਕਰਹਿ ਸੇ ਸਚਿ ਰਹੇ ਸਮਾਇ ॥

(ਮ: 3-643)

ਗੁਰਬਾਣੀ ਵਿਚ ਲਗਨ ਏਨੀ ਕਿ ਸਬਕ ਦੁਹਰਾਉਣਾ ਨਾ ਪੈਂਦਾ। ਸੇਵਾ ਦੀ ਸਮਝ ਏਨੀ ਕਿ ਜੋ ਦੱਸਿਆ ਮੁੜ ਕਹਿਣਾ ਨਾ ਪੈਂਦਾ। ਸਾਧੂਆਂ ਲਈ ਦਿਲ ਵਿੱਚ ਪਿਆਰ ਏਨਾ ਕਿ ਸਵਾਗਤ ਵਿਚ ਪਲਕਾਂ ਹੀ ਵਿਛਾ ਦਿੰਦੇ।

ਪਰਵਦਗਾਰ ਅਪਾਰ ਅਗਮ ਬੇਅੰਤ ਤੂ ॥
ਜਿਨਾ ਪਛਾਤਾ ਸਚੁ ਚੁੰਮਾ ਪੈਰ ਮੂੰ ॥
ਤੇਰੀ ਪਨਹ ਖੁਦਾਇ ਤੂ ਬਖ ਸੰਦਗੀ ॥
ਸੇਖ ਫਰੀਦੈ ਖੈਰੁ ਦੀਜੈ ਬੰਦਗੀ ॥

(ਫਰੀਦ ਜੀ,488)

ਅਕਥ ਕਹਾਣੀ ਪ੍ਰੇਮ ਕੀ ਕੋ ਪ੍ਰੀਤਮ ਆਖੈ ਆਇ ॥
ਤਿਸੁ ਦੇਵਾ ਮਨੁ ਆਪਣਾ ਨਿਵਿ ਨਿਵਿ ਲਾਗਾ ਪਾਇ ॥

(ਮ: 4-759)

ਗਿਆਨੀ ਜੀ ਨੂੰ ਮਹਿਸੂਸ ਹੋਇਆ ਕਿ ਤੀਰਥ ਸਿੰਘ ਜੀ ਨੂੰ ਹਰ ਸਮੇਂ ਕੋਈ ਭਾਲ ਹੀ ਰਹਿੰਦੀ ਸੀ। ਨੇਤਰ ਕੁਝ ਲੱਭਦੇ ਹੀ ਰਹਿੰਦੇ ਸਨ। ਮਸਤਕ ਸਾਧੂ ਫਕੀਰਾਂ ਦੇ ਚਰਨਾਂ ਵਿਚ ਝੁਕਣ ਲਈ ਤਿਆਰ ਹੀ ਰਹਿੰਦਾ ਸੀ ਅਤੇ ਪੈਰ ਉਹਨਾਂ ਦੀ ਸੇਵਾ ਲਈ ਆਪਣੇ ਆਪ ਹੀ ਭੱਜ ਪੈਂਦੇ ਸਨ।

ਪਾਵ ਸੁਹਾਵੇ ਜਾ ਤਉ ਧਿਰਿ ਜੁਲਦੇ ਸੀਸੁ ਸੁਹਾਵਾ ਚਰਣੀ ॥
ਮੁਖੁ ਸੁਹਾਵਾ ਜਾਂ ਤਉ ਜਸੁ ਗਾਵੈ ਜੀਉ ਪਇਆ ਤਉ ਸਰਣੀ ॥

(ਮ:5-964)

ਸੋਚਦੇ ਕਿ ਇਹ ਪ੍ਰਭੂ ਪਿਆਰ ਦੀ ਬਿਹਬਲਤਾ ਦੀਆਂ ਨਿਸ਼ਾਨੀਆਂ ਇਕ ਦਿਨ ਤੀਰਥ ਸਿੰਘ ਨੂੰ 'ਤੀਰਥ' ਬਣਾ ਦੇਣਗੀਆਂ। ਤੀਰਥ ਸਿੰਘ ਜੀ ਤਾਂ ਚੁੱਪ- ਚਾਪ ਆਪਣੀ ਮੰਜ਼ਿਲ ਵੱਲ ਵੱਧ ਰਹੇ ਸਨ। ਉਹ ਮੰਜ਼ਿਲ ਜਿੱਥੇ ਪਹੁੰਚਣਾ

ਹੈ, ਉਸਦਾ ਗਿਆਨ ਤਾਂ ਨਹੀਂ ਸੀ ਪਰ ਪੂਰਬਲੇ ਕਰਮ ਪ੍ਰੇਰਤ ਕਰ ਰਹੇ ਸਨ। ਜਿਸ ਕਰਕੇ ਸੰਜਮ ਐਨਾ ਸੀ ਕਿ ਪਹਿਨਣ ਦਾ ਵੀ ਕੋਈ ਸ਼ੌਂਕ ਨਹੀਂ ਸੀ ਰਿਹਾ ਅਤੇ ਇਕੋ ਹੀ ਵਸਤਰਾਂ ਨਾਲ ਦਿਨ ਕੱਟੀ ਕਰ ਲੈਂਦੇ। ਖਾਣ-ਪੀਣ ਦੀ ਤਾਂ ਉੱਕੀ ਹੀ ਪਰਵਾਹ ਨਹੀਂ ਸੀ। ਜੇ ਕਦੇ ਨਹੀਂ ਵੀ ਮਿਲਦਾ ਸੀ ਤਾਂ ਚਿਹਰੇ 'ਤੇ ਕੋਈ ਗਿਲਾ ਸ਼ਿਕਵਾ ਨਾ ਝਲਕਦਾ।

ਜਿਨ ਕਉ ਲਿਖਤੁ ਲਿਖੇ ਧੁਰਿ ਮਸਤਕਿ ਤੇ ਗੁਰ ਸੰਤੋਖ ਸਰਿ ਨਾਤੇ ॥
ਦੁਰਮਤਿ ਮੈਲੁ ਗਈ ਸਭ ਤਿਨ ਕੀ ਜੋ ਰਾਮ ਨਾਮ ਰੰਗਿ ਰਾਤੇ ॥

(ਮ: 4-169)

ਜਦ ਤੀਰਥ ਸਿੰਘ ਜੀ ਗੁਰਬਾਣੀ ਦੀ ਸੰਥਿਆ ਲੈਂਦੇ ਲੈਂਦੇ ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ ਜੀ ਦੇ ਸਲੋਕਾਂ ਤੱਕ ਪਹੁੰਚੇ ਤਾਂ ਮਨ ਵੈਰਾਗ ਨਾਲ ਭਰ ਗਿਆ।

ਸਭ ਸੁਖ ਦਾਤਾ ਰਾਮੁ ਹੈ ਦੂਸਰ ਨਾਹਿਨ ਕੋਇ ॥
ਕਹੁ ਨਾਨਕ ਸੁਨਿ ਰੇ ਮਨਾ ਤਿਹ ਸਿਮਰਤ ਗਤਿ ਹੋਇ ॥

(ਮ: 9-1426)

ਜਿਹ ਸਿਮਰਤਿ ਗਤਿ ਪਾਈਐ ਤਿਹ ਭਜੁ ਰੇ ਤੈ ਮੀਤ ॥
ਕਹੁ ਨਾਨਕੁ ਸੁਨੁ ਰੇ ਮਨਾ ਅਉਧ ਘਟਤ ਹੈ ਨੀਤ ॥

(ਮ: 9-1427)

ਜੋ ਉਪਜਿਓ ਸੋ ਬਿਨਸਿ ਹੈ ਪਰੋ ਆਜੁ ਕੈ ਕਾਲਿ ॥
ਨਾਨਕ ਹਰਿ ਗੁਨ ਗਾਇ ਲੇ ਛਾਡਿ ਸਗਲ ਜੰਜਾਲ ॥

(ਮ: 9-1428)

ਨਾਮੁ ਰਹਿਓ ਸਾਧੂ ਰਹਿਓ ਰਹਿਓ ਗੁਰੁ ਗੋਬਿੰਦੁ ॥
ਕਹੁ ਨਾਨਕ ਇਹ ਜਗਤ ਮਹਿ ਕਿਨ ਜਪਿਓ ਗੁਰ ਮੰਤੁ ॥

(ਮ: 9-1429)

ਸੰਸਾਰ ਦੀ ਨਾਸ਼ਵਾਨਤਾ ਦਾ ਗਿਆਨ ਹੋ ਗਿਆ। ਗਿਆਨ ਦੀ ਅਵਸਥਾ ਵਿਚ ਜਾਗਣ ਲੱਗੇ ਅਤੇ ਰਹਿੰਦੀ ਜ਼ਿੰਦਗੀ ਸ਼ਬਦ-ਸੁਰਤਿ ਦੇ ਅਭਿਆਸ ਨਾਲ ਆਤਮਾ ਪ੍ਰਮਾਤਮਾ ਵਿਚ ਅਭੇਦ ਕਰਨ ਲਈ ਸੱਚੇ ਸੰਨਿਆਸੀ ਬਣਨ ਦੀ ਠਾਣ ਲਈ। ਐਸੇ ਸੰਨਿਆਸੀ ਕਿ



ਰੇ ਮਨ, ਐਸੋ ਕਰ ਸੰਨਿਆਸਾ ॥
ਬਨ ਸੈ ਸਦਨ ਸਬੈ ਕਰ ਸਮਝਹੁ ਮਨ ਹੀ ਮਹਿ ਉਦਾਸਾ ॥
ਜਤ ਕੀ ਜਟਾ, ਜੋਗ ਕੋ ਮੱਜਨੁ ਨੇਮ ਕੇ ਨਖੁਨ ਬਢਾਓ ॥
ਗਿਆਨੁ ਗੁਰੂ ਆਤਮ ਉਪਦੇਸਹੁ ਨਾਮ ਬਿਭੂਤ ਲਗਾਓ ॥
ਅਲਪ ਅਹਾਰ ਸੁਲਪ ਸੀ ਨਿੰਦ੍ਰਾਃ ਦਯਾ ਛਿਮਾ ਤਨ ਪ੍ਰੀਤ ॥
ਸੀਲ ਸੰਤੋਖ ਸਦਾ ਨਿਰ ਬਾਹਿਬੋ ਹ੍ਵੈਬੋ ਤ੍ਰਿਗੁਣ ਅਤੀਤ ॥
ਕਾਮ ਕ੍ਰੋਧ ਹੰਕਾਰ ਲੋਭ ਹਠ, ਮੋਹ ਨ ਮਨ ਸੋ ਲਬਾਵੈ ॥
ਤਬ ਹੀ ਆਤਮੁ ਤਤ ਕੋ ਦਰਸੇ ਪਰਮ ਪੁਰਖ ਕਾ ਪਾਵੈ ॥

(ਪਾਤਿਸਾਹੀ 10)

ਐਸੀ ਹਾਲਤ ਹੋ ਗਈ ਕਿ ਜਦ ਚੌਂਕੜਾ ਮਾਰਕੇ ਬੈਠ ਜਾਣਾ ਤਾਂ ਆਪਣੇ ਆਪ ਹੀ ਨੇਤਰ ਬੰਦ ਹੋਣੇ ਸ਼ੁਰੂ ਹੋ ਜਾਣੇ ਅਤੇ ਮਨ ਟਿਕਦੇ ਸਾਰ ਹੀ ਸਮਾਧੀ ਲੱਗ ਜਾਣੀ। ਇਕ ਦਿਨ ਗਿਆਨੀ ਜੀ ਖਾਣਾ ਖਾਣ ਲੱਗੇ ਤਾਂ ਤੀਰਥ ਸਿੰਘ ਜੀ ਨੂੰ ਨਲਕੇ ਤੋਂ ਪਾਣੀ ਭਰਕੇ ਲਿਆਉਣ ਲਈ ਕਿਹਾ। ਜਦ ਤੀਰਥ ਸਿੰਘ ਜੀ ਪਾਣੀ ਭਰਨ ਲਈ ਨਲਕੇ ਕੋਲ ਜਾ ਕੇ ਖੜੇ ਹੋਏ ਤਾਂ ਸਮਾਧੀ ਲੱਗ ਗਈ। ਗਿਆਨੀ ਜੀ ਪ੍ਰਸ਼ਾਦਾ ਛੱਕ ਹਟੇ ਪਰ ਪਾਣੀ ਨਹੀਂ ਪਹੁੰਚਿਆ। ਜਦ ਆਪ ਉੱਠਕੇ ਵੇਖਣ ਗਏ ਤਾਂ ਦੰਗ ਰਹਿ ਗਏ। ਤੀਰਥ ਸਿੰਘ ਜੀ ਨਲਕੇ ਕੋਲ ਸਮਾਧੀ ਲੀਨ ਹੋਏ ਹੋਏ ਅਡੋਲ ਖੜੇ ਸਨ। ਆਸ-ਪਾਸ ਦੀ ਕੋਈ ਸੁਧ ਬੁਧ ਨਹੀਂ ਸੀ। ਜਦ ਗਿਆਨੀ ਜੀ ਨੇ ਅਜਿਹੀ ਮਸਤਾਨੀ ਦਸ਼ਾ ਵੇਖੀ ਤਾਂ ਤੀਰਥ ਸਿੰਘ ਜੀ ਨੂੰ ਬਹੁਤ ਅਦਬ ਨਾਲ ਕੋਲ ਬਿਠਾ ਕੇ ਕਿਹਾ, "ਜੋ ਮੇਰੀ ਝੋਲੀ ਵਿਚ ਸੀ ਤੁਹਾਨੂੰ ਦੇ ਦਿੱਤਾ। ਜਿਸ ਗਿਆਨ ਦੀ ਤੁਸੀਂ ਭਾਲ ਵਿਚ ਹੋ, ਉਹ ਤਾਂ ਕੋਈ ਪ੍ਰਮੇਸ਼ਰ ਨਾਲ ਅਭੇਦ ਪੁਰਸ਼ ਹੀ ਦੇ ਸਕਦਾ ਹੈ ਜੇਕਰ ਇਸ ਵਕਤ ਕੋਈ ਅਜਿਹਾ ਪੂਰਨ ਪੁਰਸ਼ ਹੈ ਤਾਂ ਰਾੜਾ ਸਾਹਿਬ ਵਾਲੇ ਸੰਤ ਬਾਬਾ ਈਸ਼ਰ ਸਿੰਘ ਜੀ ਹੀ ਹਨ।" ਏਨਾ ਕਹਿਕੇ ਗਿਆਨੀ ਜੀ ਨੇ ਸੱਚੇ ਰਾਹ ਦੇ ਪਾਂਧੀ ਨੂੰ ਰਸਤਾ ਦਿਖਾਇਆ। ਤੀਰਥ ਸਿੰਘ ਜੀ ਤਾਂ ਗਿਆਨੀ ਅਵਤਾਰ ਸਿੰਘ ਜੀ ਤੋਂ ਬਲਿਹਾਰੇ ਹੋ ਗਏ:

ਤਿਸ ਕਉ ਵਾਹੁ ਵਾਹੁ ਜਿ ਵਾਟੁ ਦਿਖਾਵੈ ॥
ਤਿਸ ਕਉ ਵਾਹੁ ਵਾਹੁ ਜਿ ਸਬਦੁ ਸੁਣਾਵੈ ॥
ਤਿਸ ਕਉ ਵਾਹੁ ਵਾਹੁ ਜਿ ਮੇਲਿ ਮਿਲਾਵੈ ॥ (ਮ:1-226)

ਕੁਝ ਦਿਨ ਬਾਅਦ ਹੀ ਰਾੜਾ ਸਾਹਿਬ ਵਾਲੇ ਸੰਤ ਬਾਬਾ ਈਸ਼ਰ ਸਿੰਘ ਜੀ ਦਾ ਕਲਿਆਣਪੁਰ ਪੁਲ ਦੇ ਨਜ਼ਦੀਕ ਦੀਵਾਣੁ ਸੀ। ਜਦ ਤੀਰਥ ਸਿੰਘ ਜੀ ਨੂੰ ਪਤਾ ਲੱਗਿਆ ਤਾਂ ਚਾਅ ਚੜ੍ਹ ਗਿਆ ਅਤੇ ਗਿਆਨੀ ਜੀ ਤੋਂ ਇਜਾਜ਼ਤ ਲੈ ਕੇ ਦੀਬਾਣ ਸੁਣਨ ਵਾਸਤੇ ਚੱਲ ਪਏ।

ਹਰਿ ਕੀਰਤਿ ਸਾਧ ਸੰਗਤਿ ਹੈ ਸਿਰਿ ਕਰਮਨ ਕੈ ਕਰਮਾ ॥
ਕਹੁ ਨਾਨਕ ਤਿਸੁ ਭਇਓ ਪਰਾਪਤਿ ਜਿਸੁ ਪੁਰਬ ਲਿਖੇ ਕਾ ਲਹਨਾ ॥

(ਮ:5-642)



# ਭਗਤੁ ਭਗਤੁ ਤਾ ਕੋ ਨਾਮੁ ਪਰਿਓ

ਸੰਤ ਬਾਬਾ ਈਸ਼ਰ ਸਿੰਘ ਜੀ ਦੀ ਤਾਂ ਗੱਲ ਹੀ ਨਿਰਾਲੀ ਸੀ। ਨਾ ਕੰਨਾਂ ਵਿਚ ਮੁੰਦਰਾਂ ਸਨ ਨਾ ਦੇਹੀ 'ਤੇ ਬਿਭੂਤੀ- ਪਰ ਜੋਗੀ ਸਨ। ਨਾ ਗਲ਼ ਵਿਚ ਮਾਲਾ ਸੀ ਨਾ ਹੱਥ ਵਿਚ ਸਿੰਙੀ-ਪਰ ਰਿਸ਼ੀ ਸਨ। ਨਾ ਮੱਥੇ ਤੇ ਤਿਲਕ ਸੀ ਨਾ ਪਿੰਡੇ ਤੇ ਭਗਵੇ- ਪਰ ਸੰਨਿਆਸੀ ਸਨ। ਹਸਤੀ ਐਸੀ ਸੀ ਕਿ ਜੋਗੀਆਂ ਦੇ ਜੋਗੀ, ਭਗਤਾਂ ਦੇ ਭਗਤ ਅਤੇ ਸੰਤਾਂ ਦੇ ਸੰਤ ਸਨ। ਜਦ ਬੋਲਦੇ ਤਾਂ ਸਤਜੁਗ ਵਰਤਦਾ। ਜਿੱਥੇ ਕਦਮ ਰੱਖ ਦਿੰਦੇ ਬੈਕੁੰਠ ਹੋ ਜਾਂਦਾ। ਜਿੱਥੇ ਬੈਠ ਜਾਂਦੇ ਤੀਰਥ ਬਣ ਜਾਂਦਾ। ਕੀਰਤਨ ਕਰਦੇ ਤਾਂ ਅੰਮ੍ਰਿਤ ਝਰਦਾ। ਬਾਣੀ ਵਿਚ ਮੰਤਰ ਐਸਾ ਕਿ ਸੁਣਨ ਵਾਲਾ ਕੀਲਿਆ ਜਾਂਦਾ। ਆਤਮਾ ਵਿਚ ਆਕਰਸ਼ਣ ਐਸਾ ਕਿ ਮਿਲਣ ਵਾਲਾ ਖਿੱਚਿਆ ਚਲਾ ਆਉਂਦਾ। ਤੱਕਣੀ ਵਿਚ ਜਾਦੂ ਐਸਾ ਕਿ ਅਗਲੇ ਦੇ ਸਿਰ ਚੜ੍ਹਕੇ ਬੋਲਦਾ। ਜਪੀ ਨੂੰ ਜਪ ਸਿਖਾ ਦਿੰਦੇ, ਤਪੀ ਨੂੰ ਤਪ ਸਿਖਾ ਦਿੰਦੇ। ਅਵਸਥਾ ਐਸੀ ਨਿਰਲੇਪ ਕਿ ਪਾਣੀ ਵਿਚ ਰਹਿ ਕੇ ਪਾਣੀ ਤੋਂ ਅਭਿੱਜ।

ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਈ ਨੈਸਾਣੇ ॥
ਸੁਰਤਿ ਸਬਦਿ ਭਵਸਾਗਰੁ ਤਰੀਐ ਨਾਨਕ ਨਾਮੁ ਵਖਾਣੈ ॥

(ਮ:1-938)

ਹਨੇਰ ਵਿਚ ਰਹਿ ਕੇ ਹਨੇਰ ਤੋਂ ਅਛੋਹ। ਦੁਨੀਆਂ ਵਿਚ ਰਹਿ ਕੇ ਵਿਕਾਰਾਂ ਤੋਂ ਬੇਦਾਗ਼। ਧਰਤੀ 'ਤੇ ਰਹਿ ਕੇ ਚਿੰਤਾਵਾਂ ਤੋਂ ਮੁਕਤ। ਸਰੀਰ ਵਿਚ ਰਹਿ ਕੇ ਪ੍ਰਭੂ ਵਿਚ ਅਭੇਦ। ਇੰਝ ਲਗਦਾ ਸੀ ਕਿ ਜੇ ਕਿਤੇ ਦੁਨੀਆਂ 'ਤੇ ਰੱਬ ਹੈ ਤਾਂ ਸੰਤ ਬਾਬਾ ਈਸ਼ਰ ਸਿੰਘ ਜੀ ਹੀ ਹਨ।

ਹਰਿ ਕਾ ਸੰਤੁ ਹਰਿ ਕੀ ਹਰਿ ਮੂਰਤਿ ਜਿਸੁ ਹਿਰਦੈ ਹਰਿਨਾਮੁ ਮੁਰਾਰਿ ॥

(ਮ: 4-1134)

ਜਦ ਤੀਰਥ ਸਿੰਘ ਜੀ 1964 ਵਿਚ ਕਲਿਆਣਪੁਰ ਵਿਖੇ ਦੀਬਾਣ ਵਿਚ ਪਹਿਲੀ ਵਾਰ ਸੰਤ ਬਾਬਾ ਈਸ਼ਰ ਸਿੰਘ ਜੀ ਦੇ ਸਾਹਮਣੇ ਹੋਏ ਤਾਂ

ਦਰਸਨ ਦੇਖਤ ਹੀ ਸੁਧ ਮੇਂ ਸੁਧ ਨਾ ਰਹੀ।
ਬੁਧ ਮੇਂ ਨ ਬੁਧ ਰਹੀ
ਮਤ ਮੇਂ ਨ ਮਤ ਰਹੀ (ਭਾਈ ਗੁਰਦਾਸ ਜੀ)

ਐਸਾ ਅਸਰ ਹੋਇਆ ਕਿ ਕੀਰਤਨ ਸੁਣਦਿਆਂ ਸੁਣਦਿਆਂ ਹੀ ਤਨ ਮਨ ਅਰਪਿਤ ਕਰ ਦਿੱਤਾ। ਕੀਰਤਨ ਦੀ ਸਮਾਪਤੀ ਉਪਰੰਤ ਜਾਣ ਲੱਗਿਆਂ ਜਦ ਮਹਾਂਪੁਰਸ਼ਾਂ ਦੀ ਦ੍ਰਿਸ਼ਟੀ ਤੀਰਥ ਸਿੰਘ ਜੀ 'ਤੇ ਪਈ ਤਾਂ ਅੰਤਰਮਨ ਨਾਲ ਹੀ ਗੱਡੀ ਵਿਚ ਬਹਿਣ ਦਾ ਇਸ਼ਾਰਾ ਕਰ ਦਿੱਤਾ। ਬੁੱਲ ਨਹੀਂ ਹਿੱਲੇ ਪਰ ਗੱਲ ਹੋ ਗਈ। ਆਵਾਜ਼ ਨਹੀਂ ਆਈ ਪਰ ਸੁਣ ਲਿਆ। ਕੁਝ ਵੇਖਿਆ ਨਹੀਂ ਪਰ ਸਮਝ ਲਿਆ ਅਤੇ ਹੁਕਮ ਤਾਮੀਲੀ ਕਰਦੇ ਹੋਏ ਰਾੜਾ ਸਾਹਿਬ ਵਿਖੇ ਆ ਗਏ।

ਤਿਨ੍ਾ ਮਿਲਿਆ ਗੁਰੁ ਆਏ ਜਿਨ ਕਉ ਲੀਖਿਆ ॥
ਅੰਮ੍ਰਿਤ ਹਰਿ ਕਾ ਨਾਉ ਦੇਵੈ ਦੀਖਿਆ ॥ (ਮ:1-729)

ਸੰਤ ਬਾਬਾ ਈਸ਼ਰ ਸਿੰਘ ਜੀ ਨੇ ਭਾਈ ਦਇਆ ਸਿੰਘ ਜੀ ਦੇ ਅਗਾਧ ਖਜਾਨਿਆਂ ਦਾ ਭੇਤ ਦਿੰਦਿਆਂ ਤੀਰਥ ਸਿੰਘ ਜੀ ਨੂੰ ਅੰਮ੍ਰਿਤ ਦੀ ਦਾਤ ਬਖ਼ਸ਼ ਕੇ

ਅੰਮ੍ਰਿਤੁ ਸਾਚਾ ਨਾਮੁ ਹੈ ਕਹਣਾ ਕਛੂ ਨ ਜਾਇ ॥
ਪੀਵਤ ਹੂ ਪਰਵਾਣੁ ਭਇਆ ਪੂਰੈ ਸਬਦਿ ਸਮਾਇ ॥ (ਮ: 3-33)

ਐਸੇ ਰੁਖ ਦੀ ਜੜ੍ਹ ਲਾ ਦਿੱਤੀ ਜਿਸਦੀ ਛਾਂ ਸਮਾਂ ਆਉਣ 'ਤੇ ਗਿਆਨ ਅਭਿਲਾਸ਼ੀਆਂ ਨੇ ਮਾਣਨੀ ਸੀ। ਇਕ ਐਸੀ ਇਮਾਰਤ ਦੀ ਨੀਂਹ ਰੱਖ ਦਿੱਤੀ ਜਿਸਦੇ ਉਸਰਨ ਨਾਲ ਬੇਅੰਤ ਸੰਸਾਰੀਆਂ ਨੂੰ ਢੋਈ ਮਿਲਣੀ ਸੀ। ਭਾਈ ਤੀਰਥ ਸਿੰਘ ਜੀ ਨੂੰ ਐਸੇ ਜੋਗ ਦਾ ਆਸਣ ਵਿਖਾ ਦਿੱਤਾ ਜੋ ਅੰਜਨ ਤੋਂ ਨਿਰੰਜਨ ਤੱਕ ਜਾਣਾ ਸੀ। ਸਥੂਲ ਤੋਂ ਸੂਖਮ ਤੱਕ ਜਾਣਾ ਸੀ, ਫੁਰ ਤੋਂ ਅਫੁਰ ਤੱਕ ਜਾਣਾ ਸੀ, ਜੀਵਤ ਤੋਂ ਨਿਰਜੀਵਿਤ ਤੱਕ ਜਾਣਾ ਸੀ, ਆਤਮਾ ਤੋਂ ਪ੍ਰਮਾਤਮਾ ਤੱਕ ਜਾਣਾ ਸੀ

ਹਰਿ ਦਰੁ ਸੇਵੇ ਅਲਖ ਅਭੇਵੇ ਨਿਹਚਲੁ ਆਸਣੁ ਪਾਇਆ ॥
ਤਹ ਜਨਮ ਨ ਮਰਣੁ ਨ ਆਵਣ ਜਾਣਾ ਸੰਸਾ ਦੂਖੁ ਮਿਟਾਇਆ ॥
(ਮ:5-79)

ਜਦ ਭਾਈ ਤੀਰਥ ਸਿੰਘ ਜੀ 'ਤੇ ਮਿਹਰ ਦੀ ਦ੍ਰਿਸ਼ਟੀ ਪੈ ਗਈ ਤਾਂ ਪੂਰਬਲੇ ਜਨਮਾਂ ਦੇ ਜਪ ਤਪ ਵੀ ਪ੍ਰਗਟ ਹੋ ਗਏ। ਮਨ ਵਿਚ ਐਸਾ ਵੈਰਾਗ ਉੱਠਿਆ ਕਿ ਸਰੀਰ ਦੀ ਵੀ ਸੋਝੀ ਨਾ ਰਹੀ ਅਤੇ ਚੁੱਪ ਹੀ ਧਾਰ ਲਈ।

ਗੋਰਖ ਕਹੇ ਸੁਣਹੁ ਰੇ ਅਵਧੂ ਜਗ ਮੇ ਐਸੇ ਰਹਿਣਾ ॥
ਆਖੇ ਦੇਖਿਆ ਕਾਨੈ ਸੁਣਿਆ ਮੁਖ ਸੇ ਕਛੂ ਨਾ ਕਹਿਣਾ ॥ (ਗੋਰਖ ਬਾਣੀ)



ਜੇ ਬੋਲਣਾ ਤਾਂ ਹਰੀ ਜਸ ਕਰਨ ਲਈ। ਜੇ ਉੱਠਣਾ ਤਾਂ ਸੇਵਾ ਕਰਨ ਲਈ। ਜੇ ਬਹਿਣਾ ਤਾਂ ਸਿਮਰਨ ਕਰਨ ਲਈ। ਜੇ ਸੁਣਨਾ ਤਾਂ ਗਿਆਨ ਲਈ। ਨਾਮ ਵਿਚ ਬਰਕਤ ਪੈਣ ਲੱਗੀ। ਬਿਰਤੀ ਅੰਤਰਮੁਖੀ ਹੁੰਦੀ ਗਈ। ਤੁਰਦੇ ਕਦਮਾਂ ਨੂੰ ਸਮਰੱਥ ਗੁਰੂ ਨੇ ਸਹੀ ਦਿਸ਼ਾ ਦਿਖਾ ਦਿੱਤੀ। ਭਾਈ ਤੀਰਥ ਸਿੰਘ ਜੀ ਵਿੰਗੀਆਂ ਟੇਢੀਆਂ ਝਾੜੀਆਂ, ਵਿਕਾਰਾਂ ਦੇ ਪਹਾੜ, ਦੁਨੀਆਂ ਦੇ ਨਦੀਆਂ ਨਾਲੇ, ਭਟਕਣ ਦੇ ਸ਼ਹਿਰ- ਰਾਸਤੇ ਵਿਚ ਜੋ ਵੀ ਆਇਆ ਨਾਮ ਦੇ ਆਸਰੇ ਲੰਘਦੇ ਗਏ। ਪਹੁੰਚ ਤੋਂ ਅਪਹੁੰਚ ਤੱਕ ਦਾ ਸਫ਼ਰ ਸ਼ੁਰੂ ਹੋ ਚੁੱਕਾ ਸੀ। ਮਹਾਂਪੁਰਸ਼ਾਂ ਤੋਂ ਸ਼ਬਦ-ਸੁਰਤ ਦੁਆਰਾ ਕੰਚਨ ਤੋਂ ਸੋਨਾ ਅਤੇ ਸੋਨੇ ਤੋਂ ਪਾਰਸ ਬਣਨ ਦਾ ਗਿਆਨ ਕਦਮ ਦਰ ਕਦਮ ਹਾਸਿਲ ਹੋ ਰਿਹਾ ਸੀ। ਜਿੱਥੇ ਧਰਤੀ ਮੁਕ ਜਾਂਦੀ ਹੈ ਜਿੱਥੇ ਅਸਮਾਨ ਖ਼ਤਮ ਹੋ ਜਾਂਦਾ ਹੈ ਜਿੱਥੇ ਪੌਣ ਵੀ ਪਹੁੰਚ ਨਹੀਂ ਸਕਦੀ ਉਹ ਘਾਟੀ ਮੁਕਾਮ ਸੀ। ਜਿੱਥੇ ਪੰਜ ਤੱਤ ਛੇਵੇਂ ਵਿਚ ਰਚ ਜਾਂਦੇ ਹਨ ਉਹ ਘਰ ਬਸੇਰਾ ਸੀ।

ਪਾਰਿ ਸਾਜਨੁ ਅਪਾਰੁ ਪ੍ਰੀਤਮੁ ਗੁਰ ਸਬਦ ਸੁਰਤਿ ਲੰਘਾਵਏ ॥
(ਮ:1-1113)

ਇਹ ਸੰਯੋਗ ਹੀ ਸੀ ਕਿ ਇਕ ਤਾਂ ਰਾੜਾ ਸਾਹਿਬ ਦੀ ਸੇਵਾ ਸਿਮਰਨ ਦੀ ਐਸੀ ਕਠਿਨ ਕੁਠਾਲੀ ਕਿ ਜਿੱਥੇ ਪਿਆ ਸੋਨਾ ਬਾਰਾਂ ਬੰਨੀ ਦਾ ਬਣ ਜਾਂਦਾ। ਐਸੀ ਸਿੱਪੀ ਕਿ ਜਿੱਥੇ ਪਾਣੀ ਦੀ ਬੂੰਦ ਵੀ ਮੋਤੀ ਬਣ ਜਾਂਦੀ। ਐਸਾ ਅੰਬਰ ਜਿੱਥੇ ਤਾਰਾ ਵੀ ਸੂਰਜ ਬਣ ਜਾਂਦਾ। ਦੂਜੇ, ਭਾਈ ਤੀਰਥ ਸਿੰਘ ਜੀ ਵਰਗੇ ਮੁਰੀਦ ਅੰਦਰ ਪ੍ਰਭੂ ਮਿਲਾਪ ਲਈ ਬਿਹਬਲਤਾ ਕਿ ਜੇ ਕੋਇਲ ਹੋਵਾਂ ਤਾਂ ਸਿਮਰਨ ਦੇ ਅੰਬ 'ਤੇ ਬੈਠ ਕੇ ਮਿਠੀ ਸੁਰ ਵਿਚ ਪ੍ਰਭੂ ਪ੍ਰਭੂ ਕੂਕਦੀ ਰਹਾਂ। ਜੇ ਪਪੀਹਾ ਹੋਵਾਂ ਤਾਂ ਧਰਤੀ 'ਤੇ ਅਤਿਅੰਤ ਪਾਣੀ ਹੁੰਦਿਆਂ ਪ੍ਰਭੂ ਪ੍ਰੇਮ ਦੀ ਬਰਖਾ ਦੀ ਬੂੰਦ ਬੂੰਦ ਨੂੰ ਤਰਸਾਂ। ਜੇ ਚਕੋਰ ਹੋਵਾਂ, ਪ੍ਰਭੂ ਰੂਪੀ ਚੰਦ ਨਾਲ ਐਸੀ ਪ੍ਰੀਤ ਪਾਵਾਂ ਕਿ ਦੁਨੀਆਂ ਰੁਸ਼ਨਾਉਣ ਲਈ ਚੜ੍ਹਿਆ ਸੂਰਜ ਵੀ ਮੇਰੇ ਲਈ ਹਨੇਰ ਹੋਵੇ। ਜੇ ਸਪਨੀ ਹੋਵਾਂ ਤਾਂ ਧਰਤੀ 'ਤੇ ਨਿਰਮਾਣਤਾ ਨਾਲ ਰਹਿੰਦਿਆਂ ਤੇਰੇ ਪਿਆਰ ਦੀ ਬੀਨ 'ਤੇ ਮਸਤੀ ਨਾਲ ਏਦਾਂ ਝੂਮਾਂ ਕਿ ਮੋਹ ਮਾਇਆ ਵਰਗੇ ਵੈਰੀਆਂ ਦੀ ਸੁਧ ਬੁਧ ਹੀ ਨਾ ਰਹੇ। ਇਹ ਭਾਈ ਤੀਰਥ ਸਿੰਘ ਜੀ ਦੀ ਬਿਹਬਲਤਾ ਅਤੇ ਪ੍ਰਭੂ ਪ੍ਰੇਮ ਸਬੰਧੀ ਤੜਪ ਹੀ ਸੀ ਕਿ ਪਹਿਲੀ ਨਜ਼ਰੇ ਹੀ ਸੰਤ ਬਾਬਾ ਈਸ਼ਰ ਸਿੰਘ ਜੀ ਨੂੰ ਤਨ ਮਨ ਸੌਂਪ ਦਿੱਤਾ।

ਤਨੁ ਮਨੁ ਅਰਪਉ ਪੂਜ ਚਰਾਵਉ ॥
ਗੁਰ ਪਰਸਾਦਿ ਨਿਰੰਜਨੁ ਪਾਵਉ ॥ (ਰਵਿਦਾਸ ਜੀ,525)

ਸੰਤ ਮਹਾਰਾਜ ਦੀ ਐਸੀ ਕਿਰਪਾ ਹੋਈ ਕਿ ਅੱਖ ਦਾ ਇਕ ਫ਼ੋਰ ਵੀ ਸਾਹ ਸਾਹ ਨਾਲ ਸਿਮਰਨ ਕਰਦਿਆਂ ਗੁਜ਼ਰਦਾ। ਅੱਖ ਦੇ 15 ਫ਼ੋਰਾਂ ਤੋਂ ਬਣਿਆ ਇਕ ਵਿਸਾ ਗੁਜ਼ਰਦਾ। 15 ਵਿਸੇ ਤੋਂ ਬਣਿਆ ਇਕ ਚਸਾ ਗੁਜ਼ਰਦਾ। 30 ਚਸੇ ਤੋਂ ਬਣਿਆ ਇਕ ਪਲ ਗੁਜ਼ਰਦਾ। 30 ਪਲਾਂ ਤੋਂ ਬਣੀ ਇਕ ਘੜੀ ਗੁਜ਼ਰਦੀ। 7½ ਘੜੀਆਂ ਤੋਂ ਬਣਿਆ ਇਕ ਪਹਿਰ ਗੁਜ਼ਰਦਾ। ਅੱਠਾ ਪਹਿਰਾਂ ਤੋਂ ਬਣਿਆ ਇਕ ਦਿਨ ਗੁਜ਼ਰਦਾ। ਦਿਨਾਂ ਤੋਂ ਬਣਿਆ ਮਹੀਨਾ ਅਤੇ ਮਹੀਨਿਆਂ ਤੋਂ ਬਣਿਆ ਸਾਲ ਗੁਜ਼ਰਦਾ। ਮਹਾਂਪੁਰਸ਼ਾਂ ਦਾ ਹੁਕਮ ਮੰਨਦਿਆਂ, ਸਾਧ ਸੰਗਤ ਦੀ ਸੇਵਾ ਕਰਦਿਆਂ ਅਤੇ ਸੁਆਸ ਸੁਆਸ ਨਾਮ ਜਪਦਿਆਂ ਸਾਲਾਂ ਦੇ ਸਾਲ ਬੀਤਣ ਲੱਗੇ। ਭਾਈ ਤੀਰਥ ਸਿੰਘ ਜੀ ਨੇ ਰੋਜ਼ਾਨਾ ਅੰਮ੍ਰਿਤ ਵੇਲੇ ਉਠਣਾ।

ਨਾਉ ਪ੍ਰਭਾਤੈ ਸਬਦਿ ਧਿਆਈਐ ਛੋਡਹੁ ਦੁਨੀ ਪਰੀਤਾ ॥
ਪ੍ਰਣਵਤਿ ਨਾਨਕ ਦਾਸਨਿ ਦਾਸਾ ਜਗਿ ਹਾਰਿਆ ਤਿਨਿ ਜੀਤਾ ॥
(ਮ:1-1330)

ਇਸ਼ਨਾਨ ਕਰਨ ਉਪਰੰਤ 2 ਵਜੇ ਨਦੀ ਕਿਨਾਰੇ ਸਿਮਰਨ ਵਿਚ ਜੁੜ ਜਾਣਾ। ਲੰਗਰ ਦੀ ਘੰਟੀ ਸਮੇਂ ਜਲ ਪਾਣੀ (ਇਕ ਗਲਾਸ ਲੱਸੀ) ਛਕਕੇ ਮੁੜ ਨਹਿਰ ਦੇ ਕੰਢੇ ਸਰਕੜੇ ਵਿਚ ਆ ਬੈਠਣਾ। ਦੁਪਹਿਰ ਸਮੇਂ ਹਲਕੇ ਹਲਕੇ ਦੋ ਫੁਲਕੇ ਮੂੰਗੀ ਦੀ ਪਤਲੀ ਜਿਹੀ ਦਾਲ ਜਾ ਲੂਣ ਮਿਰਚਾਂ ਰਹਿਤ ਸਬਜ਼ੀ ਨਾਲ ਛਕਕੇ ਇਕੋ ਘੰਟਾ ਆਰਾਮ ਕਰਨਾ ਅਤੇ ਇਸ਼ਨਾਨ ਕਰਨ ਉਪਰੰਤ ਨਹਿਰ ਦੇ ਟਿੱਬਿਆਂ ਵੱਲ ਆਸਣ ਜਮਾ ਲੈਣਾ। ਇਕੋ ਆਸਣ 'ਤੇ ਕਈ ਕਈ ਘੰਟਿਆਂ ਬੈਠੇ ਸਿਮਰਨ ਕਰਦੇ ਰਹਿਣਾ। ਸ਼ਾਮੀਂ ਰਹਿਰਾਸ ਸਾਹਿਬ ਸਮੇਂ ਦਰਬਾਰ ਵਿਚ ਹਾਜ਼ਰੀ ਭਰਨੀ। ਫਿਰ ਨਹਿਰ ਕੰਢੇ ਸਿਮਰਨ ਵਿਚ ਜੁੜ ਜਾਣਾ ਅਤੇ ਰਾਤੀਂ ਗਿਆਰਾਂ ਵਜੇ ਕਮਰੇ ਵਿਚ ਆ ਕੇ ਕੁਝ ਸਮਾਂ ਆਰਾਮ ਕਰਨਾ। ਪਰ ਜਦ ਕਦੇ ਅਫੁਰ ਅਵਸਥਾ ਵਿਚ ਬੈਠਿਆਂ ਸਮੇਂ ਦਾ ਪਤਾ ਹੀ ਨਾ ਲੱਗਣਾ ਤਾਂ ਇਕੋ ਆਸਣ 'ਤੇ ਬੈਠਿਆ ਅੰਮ੍ਰਿਤ ਵੇਲੇ ਦੀ ਘੰਟੀ ਲਗ ਜਾਣੀ ਅਤੇ ਉਸ ਸਮੇਂ ਇਕ ਵਾਰੀ ਉੱਠਕੇ ਸਰੀਰਕ ਕਿਰਿਆ ਸਾਧਣ ਅਤੇ ਇਸ਼ਨਾਨ ਕਰਨ ਉਪਰੰਤ ਸੰਤ ਬਾਬਾ ਈਸ਼ਰ ਸਿੰਘ ਜੀ ਦੀ ਹਜ਼ੂਰੀ ਵਿਚ ਨਹਿਰ ਕੰਢੇ ਸਿਮਰਨ ਵਿਚ ਜੁੜ ਜਾਣਾ। ਕਈ ਕਈ ਦਿਨ ਬਿਨਾਂ ਆਰਾਮ ਕੀਤਿਆਂ ਹੀ



ਬੀਤ ਜਾਣੇ। ਸਿਆਲਾਂ ਵਿਚ ਆਲਸ ਪੈਣ ਡਰੋਂ ਸਰੀਰ ਉੱਤੇ ਇਕੋ ਹੀ ਪਤਲੀ ਜਿਹੀ ਚਾਦਰ ਰੱਖਣੀ। ਜੇਕਰ ਨੀਂਦ ਜ਼ੋਰ ਪਾਵੇ ਤਾਂ ਨਹਿਰ ਵਿਚੋਂ ਇਸ਼ਨਾਨ ਕਰਕੇ ਫਿਰ ਬੈਠ ਜਾਣਾ। ਬਸ ਅੱਠਾ ਪਹਿਰਾਂ ਵਿਚ ਇਕ ਵਾਰ ਦੁਪਹਿਰ ਸਮੇਂ ਹੀ ਅਲਪ ਆਹਾਰ ਛਕਣਾ। ਕਈ ਕਈ ਚਿਰ ਮੌਨ ਅਵਸਥਾ ਵਿਚ ਹੀ ਲੰਘਾ ਦੇਣਾ। ਜਦ ਮੌਨ ਨਹੀਂ ਵੀ ਹੁੰਦਾ ਸੀ ਤਾਂ ਐਨਾ ਸੰਜਮ ਰੱਖਦੇ ਕਿ ਤਦ ਤੱਕ ਮੂੰਹੋਂ ਨਾ ਬੋਲਦੇ ਜਦ ਤੱਕ ਲੋੜ ਨਾ ਹੁੰਦੀ। ਜਦ ਭਾਈ ਤੀਰਥ ਸਿੰਘ ਜੀ ਨੂੰ ਇਸ ਤਰ੍ਹਾਂ ਵਿਚਰਦਿਆਂ ਵੇਖਿਆ ਤਾਂ ਇਕ ਦਿਨ ਰਾੜਾ ਸਾਹਿਬ ਵਿਖੇ ਕਈ ਸਾਰੇ ਅਭਿਆਸੀਆਂ ਵਿਚ ਬੈਠਿਆਂ ਭਾਈ ਗੁਰਚਰਨ ਸਿੰਘ ਜੀ ਕਹਿੰਦੇ ਕਿ ਇਹ ਤੀਰਥ ਸਿੰਘ ਕਿਸੇ ਨਾਲ ਬੋਲਦਾ ਹੀ ਨਹੀਂ। ਚੁੱਪ ਚਾਪ ਨੇਤਰ ਬੰਦ ਕਰਕੇ ਬੈਠਾ ਰਹਿੰਦਾ ਹੈ ਤਾਂ ਜਵਾਬ ਵਿਚ ਸ਼੍ਰੀਮਾਨ ਸੰਤ ਬਾਬਾ ਬਲਵੰਤ ਸਿੰਘ ਜੀ (ਲੰਗਰ ਵਾਲੇ) ਕਹਿੰਦੇ, "ਭਾਈ, ਇਹ ਭਗਤ ਹੈ ਭਗਤ।" ਉਸ ਦਿਨ ਤੋਂ ਭਾਈ ਤੀਰਥ ਸਿੰਘ ਜੀ ਦਾ ਨਾਮ 'ਭਗਤ ਜੀ' ਮਸ਼ਹੂਰ ਹੋ ਗਿਆ।

ਰਾਜਾ ਰਾਮ ਜਪਤ, ਕੋ ਕੋ ਨ ਤਰਿਓ ॥
ਗੁਰ ਉਪਦੇਸਿ ਸਾਧ ਕੀ ਸੰਗਤਿ,
ਭਗਤੁ ਭਗਤੁ ਤਾ ਕੋ ਨਾਮੁ ਪਰਿਓ ॥ (ਨਾਮਦੇਵ ਜੀ,1105)

ਸੰਤ ਬਾਬਾ ਈਸ਼ਰ ਸਿੰਘ ਜੀ ਦੀ ਸ਼ਰਨ ਵਿਚ ਆ ਕੇ ਤਾਂ ਭਗਤ ਜੀ ਨੂੰ ਖ਼ੁਦ ਦੀ ਵੀ ਸੁਧ ਨਾ ਰਹੀ। ਸਭ ਰਸ ਬੇਰਸ ਲੱਗਣ ਲੱਗੇ। ਦਸ਼ਾ ਮਸਤਾਨੀ ਹੋ ਗਈ। ਅਸਥਾਨ 'ਤੇ ਟਿਬਿਆ ਵਲ ਜਾਣਾ ਅਤੇ ਝਾੜੀਆਂ ਵਿਚ ਬਹਿ ਕੇ ਸ਼ਬਦ ਸੁਰਤ ਨਾਲ ਐਸਾ ਜੁੜਨਾ ਕਿ ਦੋ-ਦੋ ਦਿਨ ਬਾਦ ਸੇਵਕਾਂ ਨੇ ਲੱਭ ਕੇ ਲਿਆਉਣਾ ਕਿ ਭਗਤ ਜੀ ਕੁਝ ਛੱਕ ਲਉ। ਇਕ ਵਾਰ ਤਾਂ ਇੰਤਹਾ ਹੀ ਹੋ ਗਈ। ਕਮਰੇ ਵਿਚ ਗਏ ਤਾਂ ਜਲ ਪਾਣੀ ਛਕਣ ਲਈ ਬਾਹਰ ਹੀ ਨਾ ਨਿਕਲੇ। ਜਦ ਤੀਜਾ ਦਿਨ ਹੋਇਆ ਤਾਂ ਸੇਵਕਾਂ ਨੇ ਫਿਕਰ ਹੋ ਜਾਣ ਕਾਰਨ ਸੰਤ ਬਾਬਾ ਈਸ਼ਰ ਸਿੰਘ ਜੀ ਕੋਲ ਬੇਨਤੀ ਕੀਤੀ। ਸੰਤ ਮਹਾਰਾਜ ਨੇ ਭਗਤ ਨੂੰ ਲਿਆਉਣ ਲਈ ਕਿਹਾ। ਜਦ ਲਿਆਂਦਾ ਗਿਆ ਤਾਂ ਸੰਤਾ ਨੇ ਸਮਝਾਇਆ ਕਿ ਜੋਸ਼ ਨਾਲ ਹੋਸ਼ ਵੀ ਜ਼ਰੂਰੀ ਹੈ। ਭਗਤੀ ਵੀ ਤਦ ਹੀ ਹੋਵੇਗੀ ਜੇ ਸਰੀਰ ਰਹੇਗਾ। ਅੰਨ ਬੇਸ਼ੱਕ ਥੋੜਾ ਛਕੋ ਪਰ ਐਨਾ ਕੁ ਜ਼ਰੂਰ ਛਕੋ ਕਿ ਨਬਜ਼ ਚਲ ਸਕੇ। ਸੰਤਾਂ ਦਾ ਹਰ ਹੁਕਮ ਖਿੜੇ ਮੱਥੇ ਪ੍ਰਵਾਨ ਕਰਨ ਵਾਲੇ ਭਗਤ ਤੀਰਥ ਸਿੰਘ ਜੀ ਨੇ ਸਤਿ ਬਚਨ ਕਿਹਾ ਅਤੇ ਮੁੜ ਅਜਿਹੇ ਹਾਲਾਤ

ਨਾ ਬਣਨ ਦਿੱਤੇ।

ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ
ਹੁਕਮਿ ਮੰਨਿਐ ਪਾਈਐ ॥ (ਮ:3-918)

ਜਦ ਭਗਤ ਜੀ ਅਫੁਰ ਅਵਸਥਾ ਵਿਚ ਬੈਠ ਜਾਂਦੇ ਤਾਂ ਅਨੇਕ ਵਾਰ ਕੀਰਤਨ ਦਰਬਾਰ ਵਿਚ ਵੀ ਜਾਣ ਦੀ ਸੁਧ ਨਾ ਰਹਿੰਦੀ। ਇਕ ਵਾਰ ਸੰਤ ਬਾਬਾ ਈਸ਼ਰ ਸਿੰਘ ਜੀ ਨੇ ਸੇਵਕਾਂ ਨੂੰ ਕਿਹਾ ਕਿ ਭਗਤ ਨੂੰ ਕਹੋ ਕੀਰਤਨ-ਦਰਬਾਰ ਵਿਚ ਆਵੇ। ਭਗਤ ਜੀ ਆ ਗਏ। ਦੀਵਾਣ ਸਮਾਪਤ ਹੋ ਗਿਆ। ਸਭ ਚਲੇ ਗਏ ਪਰ ਭਗਤ ਜੀ ਉੱਥੇ ਦੇ ਉੱਥੇ ਹੀ ਬੈਠੇ ਰਹੇ। ਜਦ ਅਗਲੇ ਦਿਨ ਸੰਤ ਬਾਬਾ ਈਸ਼ਰ ਸਿੰਘ ਜੀ ਨੇ ਭਗਤ ਤੀਰਥ ਸਿੰਘ ਨੂੰ ਉੱਥੇ ਦਾ ਉੱਥੇ ਹੀ ਬੈਠਿਆਂ ਵੇਖਿਆ ਤਾਂ ਕਹਿੰਦੇ, "ਭਗਤ ਤੂੰ ਕੱਲ੍ਹ ਦਾ ਗਿਆ ਨਹੀਂ।" ਭਗਤ ਜੀ ਬੜੀ ਨਿਮਰਤਾ ਨਾਲ ਹੱਥ ਜੋੜਕੇ ਕਹਿੰਦੇ, "ਮਹਾਰਾਜ ਤੁਸੀਂ ਆਉਣ ਦਾ ਕਿਹਾ ਸੀ ਜਾਣ ਦਾ ਤਾਂ ਕਿਹਾ ਹੀ ਨਹੀਂ।"

ਸੰਤਹੁ ਸਾਗਰੁ ਪਾਰਿ ਉਤਰੀਐ ॥
ਜੇ ਕੋ ਬਚਨੁ ਕਮਾਵੈ ਸੰਤਨ ਕਾ ਸੋ ਗੁਰਪ੍ਰਸਾਦੀ ਤਰੀਐ ॥ (ਮ:5-747)

ਭਗਤ ਤੀਰਥ ਸਿੰਘ ਜੀ ਨੇ ਸ਼ਬਦ ਜਾਪ ਨੂੰ ਹੀ ਭਗਤੀ ਨਹੀਂ ਸਮਝਿਆ ਸਗੋਂ ਸਾਧ ਸੰਗਤ ਦੀ ਸੇਵਾ ਨੂੰ ਵੀ ਸਿਮਰਨ ਹੀ ਜਾਣਿਆ।

ਜੰਗਮ ਜੋਧ ਜਤੀ ਸੰਨਿਆਸੀ ਗੁਰਿ ਪੂਰੇ ਵੀਚਾਰੀ ॥
ਬਿਨੁ ਸੇਵਾ ਫਲੁ ਕਬਹੁ ਨ ਪਾਵਸਿ ਕਰਣੀ ਸਾਰੀ ॥ (ਮ:1-992)

ਜਦ ਭਗਤ ਜੀ ਨੂੰ ਸੰਤ ਬਾਬਾ ਈਸ਼ਰ ਸਿੰਘ ਜੀ ਵੱਲੋਂ ਲੰਗਰ ਵਿਚ ਸੇਵਾ ਕਰਨ ਦਾ ਹੁਕਮ ਹੋਇਆ ਤਾਂ ਖ਼ੁਦ ਨੂੰ ਲੰਗਰ ਲਈ ਸਮਰਪਿਤ ਕਰ ਦਿੱਤਾ। ਸਰੀਰ ਵਿਚ ਏਨਾ ਜੋਸ਼ ਕਿ ਪਲਾਂ ਵਿਚ ਹੀ ਬੇਅੰਤ ਸੰਗਤ ਭੁਗਤਾ ਦਿੰਦੇ। ਪੈਰਾਂ ਵਿਚ ਏਨੀ ਹਰਕਤ ਕਿ ਕਿਸੇ ਨੂੰ ਫੁਲਕੇ ਜਾਂ ਪਾਣੀ ਲਈ ਰਤੀ ਭਰ ਵੀ ਉਡੀਕ ਨਾ ਕਰਨੀ ਪੈਂਦੀ। ਹੱਥਾਂ ਵਿਚ ਏਨਾ ਫੁਰਤੀਲਾਪਨ ਕਿ ਭਾਂਡਿਆਂ ਦੇ ਟੋਕਰਿਆਂ ਦੇ ਟੋਕਰੇ ਅੱਖ ਝਪਕਦਿਆਂ ਹੀ ਸਾਫ਼ ਕਰ ਦਿੰਦੇ।

ਟਹਲ ਮਹਲ ਤਾ ਕਉ ਮਿਲੈ ਜਾ ਕਉ ਸਾਧ ਕ੍ਰਿਪਾਲ ॥
ਸਾਧੂ ਸੰਗਤਿ ਤਉ ਬਸੈ ਜਉ ਆਪਨ ਹੋਇ ਦਇਆਲ ॥ (ਮ:-255)

ਭਗਤ ਜੀ ਏਨੀ ਤਨਦੇਹੀ ਨਾਲ ਸੇਵਾ ਵਿਚ ਮਗਨ ਹੁੰਦੇ ਕਿ ਪੈਰਾਂ ਦੇ



ਦਰਦ ਦਾ ਵੀ ਅਹਿਸਾਸ ਨਾ ਹੁੰਦਾ। ਪੈਰਾਂ ਦੀਆਂ ਪਾਟੀਆਂ ਵਿਆਈਆਂ ਵੇਖਕੇ ਇੰਝ ਲੱਗਦਾ ਜਿਵੇਂ ਪੈਰਾਂ 'ਤੇ ਵਿਆਈਆਂ ਨਹੀਂ ਸਗੋਂ ਵਿਆਈਆਂ ਵਿਚ ਪੈਰ ਹੋਣ। ਰਾਤ ਨੂੰ ਵਿਹਲ ਸਮੇਂ ਸੌਣ ਦੀ ਬਜਾਏ ਲੰਗਰ ਹਾਲ ਦੀ ਛੱਤ ਤੇ ਬਹਿਕੇ ਭਰ ਸਿਆਲ ਵਿਚ ਵੀ ਨੰਗੇ ਧੜ ਪ੍ਰਭੂ ਨੂੰ ਆਰਾਧਦੇ।

ਸੋਈ ਸੇਵਕੁ ਜੇ ਸਤਿਗੁਰ ਸੇਵੇ ਚਾਲੈ ਸਤਿਗੁਰ ਭਾਏ ॥
ਸਾਚਾ ਸਬਦੁ ਸਿਫਤਿ ਹੈ ਸਾਚੀ ਸਾਚਾ ਮੰਨਿ ਵਸਾਏ ॥ (ਮ: 3-753)

ਸੇਵਾ ਕਰਦਿਆਂ ਖ਼ੁਦ ਨੂੰ ਐਨਾ ਨਿਮਾਣਾ ਸਮਝਣਾ ਕਿ ਜੇ ਕਿਸੇ ਸਿੰਘ ਨੇ ਕੋਈ ਅਜਿਹੀ ਸਲਾਹ ਦੇ ਦੇਣੀ ਜੋ ਪ੍ਰਯੋਗਿਕ ਨਾ ਹੋਵੇ ਤਾਂ ਵੀ ਸਤਿ ਬਚਨ ਕਹਿਣਾ। ਗੁਰੂ ਮਹਾਰਾਜ ਅੱਗੇ ਹੱਥ ਜੋੜਕੇ ਬੇਨਤੀ ਕਰਨੀ ਕਿ ਨਿਮਾਣਾ ਸਰੀਰ ਹਾਜ਼ਰ ਹੈ। ਸੇਵਾ ਦਾ ਮਾਣ ਤਾਂ ਆਪ ਜੀ ਨੇ ਹੀ ਬਖਸ਼ਣਾ ਹੈ। ਗੁਰਮਤਿ ਅਨੁਸਾਰ ਸੇਵਾ ਚਾਰ ਪ੍ਰਕਾਰ ਦੀ ਹੁੰਦੀ ਹੈ: ਤਨ, ਮਨ, ਧਨ ਅਤੇ ਸੁਰਤਿ ਦੀ।

1. ਤਨ ਦੀ ਸੇਵਾ: ਸਤਿਗੁਰੂ ਅਤੇ ਸਾਧ ਸੰਗਤ ਦੀ ਸਰੀਰ ਦੁਆਰਾ ਕੀਤੀ ਗਈ ਸੇਵਾ ਨੂੰ ਤਨ ਦੀ ਸੇਵਾ ਆਖਿਆ ਜਾਂਦਾ ਹੈ। ਇਸ ਨਾਲ ਤਨ ਨਿਰਮਲ ਹੁੰਦਾ ਹੈ ਅਤੇ ਨਿਮਰਤਾ ਆਉਂਦੀ ਹੈ।
2. ਧਨ ਦੀ ਸੇਵਾ: ਸਾਧ ਸੰਗਤ ਦੇ ਸੁੱਖ ਅਤੇ ਭਲਾਈ ਵਾਸਤੇ ਮਾਇਆ ਆਦਿ ਦਾ ਖਰਚ ਕਰਨਾ, ਧਨ ਦੀ ਸੇਵਾ ਹੈ। ਧਨ ਦੀ ਸੇਵਾ ਨਾਲ ਸੰਸਾਰਕ ਪਦਾਰਥਾਂ ਤੋਂ ਮੋਹ ਟੁੱਟਦਾ ਹੈ ਅਤੇ ਕਮਾਈ ਸਫ਼ਲ ਹੁੰਦੀ ਹੈ ਅਤੇ ਇਸ ਵਿਚ ਬਰਕਤ ਪੈਂਦੀ ਹੈ।
3. ਮਨ ਦੀ ਸੇਵਾ: ਮਨ ਨੂੰ ਵਿਸ਼ੇ ਵਿਕਾਰਾਂ ਤੋਂ ਰੋਕਣਾ ਅਤੇ ਮਾਲਕ ਤੇ ਸਤਿਗੁਰੂ ਦੇ ਭਾਣੇ ਜਾਂ ਹੁਕਮ ਵਿਚ ਰੱਖਣਾ, ਮਨ ਦੀ ਸੇਵਾ ਹੈ। ਮਨ ਦੀ ਸੇਵਾ ਨਾਲ ਮਨ ਪਵਿੱਤਰ ਹੁੰਦਾ ਹੈ ਅਤੇ ਹਉਮੈ ਨਾਸ਼ ਹੁੰਦੀ ਹੈ।
4. ਸੁਰਤਿ ਦੀ ਸੇਵਾ: ਇਹ ਸਭ ਤੋਂ ਉੱਤਮ ਸੇਵਾ ਹੈ। ਉੱਪਰ ਦੱਸੀ ਤਿੰਨੇ ਪ੍ਰਕਾਰ ਦੀ ਸੇਵਾ ਦਾ ਅਸਲ ਮੰਤਵ ਸੁਰਤਿ ਸ਼ਬਦ ਦੀ ਸੇਵਾ ਦੇ ਯੋਗ ਬਣਨਾ ਹੈ। ਸਰੀਰ ਦੇ ਰੋਮ ਰੋਮ ਵਿਚ ਫੈਲੀ ਹੋਈ ਸੁਰਤਿ ਨੂੰ ਸਿਮਰਨ ਅਤੇ ਧਿਆਨ ਦੁਆਰਾ ਸਰੀਰ ਦੇ ਨੌਂ ਦੁਆਰਿਆਂ ਵਿਚੋਂ ਸਮੇਟ ਕੇ ਤ੍ਰਿਕੁਟੀ ਅੰਦਰ ਸਥਿਤ ਕਰਨਾ ਹੀ ਸੁਰਤਿ ਸ਼ਬਦ ਦੀ ਸੇਵਾ ਹੈ।

ਨਾਨਕ ਸੇਵਾ ਸੁਰਤਿ ਕਮਾਵਣੀ ਜੋ ਹਰਿ ਭਾਵੈ ਸੋ ਥਾਇ ਪਾਇ ॥

(ਮ: 3-88)

ਸੇਵਾ ਸੁਰਤਿ ਭਗਤਿ ਇਹ ਸਾਚੀ ਵਿਚਹੁ ਆਪੁ ਗਵਾਈਐ ॥

(ਮ: 3-246)

ਇਹ ਸੇਵਾ ਸਰਵਸ੍ਰੇਸ਼ਟ ਹੈ ਕਿਉਂਕਿ ਇਹੋ ਹੀ ਮਾਲਕ ਨਾਲ ਮਿਲਾਪ ਦਾ ਅਸਲ ਸਾਧਨ ਹੈ। ਭਗਤ ਤੀਰਥ ਸਿੰਘ ਜੀ ਨੇ ਵੀ ਤਨ, ਮਨ ਅਤੇ ਸ਼ਬਦ ਸੁਰਤਿ ਨਾਲ ਐਸੀ ਸੇਵਾ ਕੀਤੀ ਕਿ ਦਰਗਾਹ ਵਿਚ ਪ੍ਰਵਾਨ ਹੋ ਗਏ।

ਪਵਹੁ ਚਰਣਾ ਤਲਿ ਉਪਰਿ ਆਵਹੁ ਐਸੀ ਸੇਵ ਕਮਾਵਹੁ ॥
ਆਪਸ ਤੇ ਉਪਰਿ ਸਭ ਜਾਣਹੁ ਤਉ ਦਰਗਹ ਸੁਖੁ ਪਾਵਹੁ ॥

(ਮ:5-883)

ਸੰਤ ਬਾਬਾ ਈਸ਼ਰ ਸਿੰਘ ਜੀ ਤਾਂ ਭਗਤ ਨੂੰ ਬਾਰਾਂ ਬੰਨੀ ਦਾ ਸੋਨਾ ਬਣਾਉਣਾ ਚਾਹੁੰਦੇ ਸਨ। ਮਕਸਦ ਇਕ ਸੀ ਪਰ ਜ਼ਰੀਏ ਅਲੱਗ ਅਲੱਗ ਸਨ। ਜਦ ਭਗਤ ਜੀ ਲੰਗਰ ਵਾਲੀ ਕਸੌਟੀ ’ਤੇ ਖਰੇ ਉਤਰੇ ਤਾਂ ਸੰਤ ਬਾਬਾ ਈਸ਼ਰ ਸਿੰਘ ਜੀ ਨੇ ਸੇਵਾ ਬਦਲ ਦਿੱਤੀ ਅਤੇ ਆਪਣੇ ਨਾਲ ਕੀਰਤਨ ਦੀਵਾਨਾਂ ’ਤੇ ਲਿਜਾਣ ਲੱਗੇ। ਪੰਜਾਬ ਤੋਂ ਬਾਹਰ ਦੀਵਾਨ ਲਾਉਣ ਜਾਣ ਸਮੇਂ ਜਦ ਕਦੇ ਕਦੇ ਭਗਤ ਜੀ ਨੂੰ ਅਰਦਲੀ ਦੀ ਸੇਵਾ ਵੀ ਮਿਲਣ ਲੱਗੀ ਤਾਂ ਖੁਸ਼ੀਆਂ ਦਾ ਕੋਈ ਟਿਕਾਣਾ ਹੀ ਨਾ ਰਿਹਾ।

ਕੇਸਾ ਕਾ ਕਰਿ ਬੀਜਨਾ ਸੰਤ ਚਉਰੁ ਢੁਲਾਵਉ ॥
ਸੀਸੁ ਨਿਹਾਰਉ ਚਰਣ ਤਲਿ ਧੂਰਿ ਮੁਖਿ ਲਾਵਉ ॥

(ਮ:5-745)

ਨੈਨਹੁ ਸੰਗਿ ਸੰਤਨ ਕੀ ਸੇਵਾ ਚਰਨ ਝਾਰੀ ਕੇਸਾਇਓ ॥
ਆਠ ਪਹਰ ਦਰਸਨੁ ਸੰਤਨ ਕਾ ਸੁਖੁ ਨਾਨਕ ਇਹੁ ਪਾਇਓ ॥

(ਮ:5 -1217)

ਭਗਤ ਜੀ ਨੂੰ ਸੰਤ ਮਹਾਰਾਜ ਨਾਲ ਹਾਪੁੜ, ਦਿੱਲੀ, ਗਾਜ਼ੀਆ ਬਾਦ, ਲਖਨਊ, ਹਰਿਦੁਆਰ, ਬਲਾਸਪੁਰ, ਨਾਨਕਮਤਾ, ਰਾਂਚੀ ਆਦਿ ਸ਼ਹਿਰਾਂ ਵਿਚ ਘੁੰਮ-ਘੁੰਮ ਕੇ ਗੁਰਮਤਿ ਪ੍ਰਚਾਰ ਹਿਤ ਕੀਰਤਨ ਕਰਨ ਦਾ ਅਵਸਰ ਪ੍ਰਾਪਤ ਹੋਇਆ।



ਧਰਮਸਾਲ ਹੈ ਮਾਨਸਰ, ਹੰਸ ਗੁਰ ਸਿੱਖ ਵਾਹੁ ॥
ਰਤਨ ਪਦਾਰਥ ਗੁਰਸ਼ਬਦ ਹਰ ਕੀਰਤਨ ਖਾਹੁ ॥

ਬੇਸ਼ੱਕ ਭਗਤ ਜੀ ਸਾਰੀਆਂ ਕਸੌਟੀਆਂ ’ਤੇ ਖਰੇ ਹੀ ਉਤਰਦੇ ਗਏ ਪਰ ਅਜੇ ਬਿਰਹਾ ਦੀ ਭੱਠੀ ਰਹਿੰਦੀ ਸੀ, ਜਿਸ ਵਿਚ ਪਿਆਂ ਹੀ ਰੱਬ ਦੇ ਪਿਆਰੇ ਕੁੰਦਨ ਬਣ ਸਕਦੇ ਹਨ। ਪ੍ਰਭੂ ਪ੍ਰੇਮ ਦਾ ਤਾਂ ਸਾਰ ਹੀ ਬਿਰਹਾ ਹੈ ਕਿਉਂਕਿ ਇਹ ਵਿਛੋੜੇ ਵਿਚ ਹੀ ਪਲਦਾ ਹੈ। ਸੰਤ ਮਹਾਰਾਜ ਨੇ ਭਗਤ ਜੀ ਨੂੰ ਇਹ ਰਸ ਚਖਾਉਣ ਲਈ ਆਪਣੇ ਤੋਂ ਦੂਰ ਸੰਤ ਆਸ਼ਰਮ ਧਭਲਾਨ ਵਿਖੇ ਭੇਜਣ ਦਾ ਮਨ ਬਣਾ ਲਿਆ। ਜਦ ਹੁਕਮ ਕੀਤਾ ਤਾਂ ਭਗਤ ਜੀ ਨੇ ਸਤਿ ਬਚਨ ਤਾਂ ਕਹਿ ਦਿੱਤਾ ਪਰ ਵਿਦਾ ਹੋਣ ਲੱਗਿਆਂ ਅੱਖਾਂ ਭਰ ਆਈਆਂ।

ਕਬੀਰ ਬਿਰਹੁ ਭੁਯੰਗਮੁ ਮਨਿ ਬਸੈ ਮੰਤੁ ਨ ਮਾਨੈ ਕੋਇ ॥
ਰਾਮ ਬਿਓਗੀ ਨਾ ਜੀਐ ਜੀਐ ਤ ਬਉਰਾ ਹੋਇ ॥ (ਕਬੀਰ ਜੀ, 1368)

ਭਗਤ ਜੀ ਸੰਤ ਆਸ਼ਰਮ ਧਭਲਾਨ ਚਲੇ ਤਾਂ ਗਏ। ਪਰ ਹਰ ਪਲ ਦਰਸ਼ਨਾਂ ਨਾਲ ਰਸ ਭਿੰਨੀਆਂ ਰਹਿਣ ਵਾਲੀਆਂ ਅੱਖਾਂ ਇਕ ਝਲਕ ਨੂੰ ਵੀ ਤਰਸਣ ਲੱਗੀਆਂ। ਸੇਵਾ ਕਰਦਿਆਂ ਸਿਮਰਨ ਕਰਦਿਆਂ ਵੀ ਅੰਦਰ ਇਕ ਘਾਟ ਰੜਕਦੀ ਰਹਿੰਦੀ। ਸਭ ਭਰਿਆ ਹੋਣ ਦੇ ਬਾਵਜੂਦ ਵੀ ਖਾਲੀ ਖਾਲੀ ਜਿਹਾ ਲਗਦਾ। ਦਿਨ ਬਿਤਾਇਆ ਨਾ ਬੀਤਦੇ। ਰਾਤਾਂ ਲੰਘਾਈਆਂ ਨਾ ਲੰਘਦੀਆਂ।

ਸੱਜਣ ਬਿਨ ਰਾਤੀ ਹੋਈਆਂ ਵੱਡੀਆਂ।
ਮਾਸ ਝੜੇ ਝੜ ਪਿੰਜਰ ਹੋਇਆ।
ਕਣ ਕਣ ਹੋਈਆਂ ਹੱਡੀਆਂ। (ਸ਼ਾਹ ਹੁਸੈਨ ਜੀ)

ਉਂਝ ਭਗਤ ਜੀ ਬਹੁਤ ਘੱਟ ਬੋਲਦੇ ਸਨ ਪਰ ਜਦ ਕੋਈ ਰਾੜਾ ਸਾਹਿਬ ਤੋਂ ਆਉਂਦਾ ਤਾਂ ਚਾਅ ਚੜ੍ਹ ਜਾਣਾ। ਝੱਜਕੇ ਮਹਾਪੁਰਸ਼ਾਂ ਦੀ ਸੁਖਸਾਂਦ ਪੁੱਛਣੀ। ਬਹੁਤ ਇੱਜ਼ਤ ਮਾਣ ਕਰਨਾ। ਬਾਵਰਿਆਂ ਵਾਂਗ ਮਨ ਕਰਨਾ ਕਿ ਸੰਤ ਮਹਾਰਾਜ ਦੀਆਂ ਗੱਲਾਂ ਹੀ ਕਰੀ ਜਾਵਾਂ। ਸਿਫਤ ਸਲਾਹਾਂ ਹੀ ਸੁਣੀ ਜਾਵਾਂ।

ਕੋਈ ਆਨਿ ਸਦੇਸਾ ਦੇਇ ਪ੍ਰਭ ਕੇਰਾ
ਰਿਦ ਅੰਤਰਿ ਮਨਿ ਤਨਿ ਮੀਠ ਲਗਈਆ ॥
ਮਸਤਕੁ ਕਾਟਿ ਦੇਉ ਚਰਣਾ ਤਲਿ
ਜੋ ਹਰਿਪ੍ਰਭੁ ਮੇਲੇ ਮੇਲਿ ਮਿਲਈਆ ॥ (ਮ: 4-836)

ਜਦ ਬਿਰਹਾ ਆਪਣੀ ਚਰਮ ਸੀਮਾ 'ਤੇ ਪਹੁੰਚ ਗਿਆ ਤਾਂ ਜਾਣੀਜਾਣ ਸੰਤ ਬਾਬਾ ਈਸ਼ਰ ਸਿੰਘ ਜੀ ਨੇ ਭਗਤ ਜੀ ਨੂੰ ਰਾੜਾ ਸਾਹਿਬ ਵਿਖੇ ਬੁਲਾ ਲਿਆ ਅਤੇ ਹੈੱਡ ਗ੍ਰੰਥੀ ਦੀ ਜ਼ਿੰਮੇਵਾਰੀ ਸੌਂਪ ਦਿੱਤੀ। ਇਹ ਜ਼ਿੰਮੇਵਾਰੀ ਦੀ ਜ਼ਿੰਮੇਵਾਰੀ ਸੀ ਅਤੇ ਪਰਖ ਦੀ ਪਰਖ। ਜ਼ਿੰਮੇਵਾਰੀ ਦਾ ਕਾਰਣ ਤਾਂ ਸਮੇਂ ਦੀ ਪਾਬੰਦੀ ਸੀ ਅਤੇ ਪਰਖ ਇਸ ਕਰਕੇ ਕਿ ਬੇਅੰਤ ਮਾਇਆ ਹੱਥਾਂ ਵਿਚ ਰਹਿਣੀ ਸੀ। ਭਗਤ ਜੀ ਤਾਂ ਸੱਚਮੁੱਚ ਦੇ ਭਗਤ ਹੀ ਸਨ। ਨਾ ਕਦੇ ਪੈਸੇ ਨੂੰ ਹੱਥ ਲਾਇਆ ਸੀ ਅਤੇ ਨਾ ਪੈਸਿਆਂ ਨਾਲ ਸਬੰਧਿਤ ਕਾਰ-ਬਿਹਾਰ ਹੀ ਕੀਤਾ ਸੀ। ਸੰਤ ਬਾਬਾ ਈਸ਼ਰ ਸਿੰਘ ਜੀ ਤਾਂ ਭਵਿੱਖ ਦੀ ਜ਼ਿੰਮੇਵਾਰੀ ਸੰਭਾਲਣ ਲਈ ਪਰਖ 'ਤੇ ਲਾ ਰਹੇ ਸਨ। ਭਾਂਡੇ ਨੂੰ ਪੂਰੀ ਤਰ੍ਹਾਂ ਪਕਾਉਣ ਲਈ ਮਘਦੇ ਕੋਲਿਆਂ ਦੀ ਕਸੌਟੀ 'ਤੇ ਰਾੜ ਰਹੇ ਸਨ। ਦੁਨੀਆਂ ਦੇ ਭਲੇ ਵਾਸਤੇ ਮਸਤਾਨੇ ਤੋਂ ਦਾਨੇ ਬਣਾ ਰਹੇ ਸਨ। ਸਾਧੂ ਤਿੰਨ ਤਰ੍ਹਾਂ ਦੇ ਹੁੰਦੇ ਹਨ:-

ਮਸਤਾਨੇ:- ਜੋ ਅੰਤਰ ਆਤਮਾ ਪ੍ਰਮਾਤਮਾ ਨਾਲ ਅਭੇਦ ਹੋਣ ਦੇ ਬਾਵਜੂਦ ਕਿਸੇ ਨੂੰ ਭੇਦ ਨਹੀਂ ਦਿੰਦੇ ਅਤੇ ਦਸ਼ਾ ਮਸਤਾਂ ਵਾਲੀ ਰੱਖਦੇ ਹਨ ਅਤੇ ਕਈ ਵਾਰ ਅਗਿਆਨੀ ਲੋਕ ਝੱਲੇ ਸਮਝਣ ਦਾ ਗੁਨਾਹ ਕਰ ਬੈਠਦੇ ਹਨ। ਅਜਿਹੇ ਮਹਾਂਪੁਰਸ਼ ਆਪਣੇ ਆਪ ਵਿਚ ਹੀ ਹੁੰਦੇ ਹਨ ਸੰਸਾਰ ਲਈ ਨਹੀਂ।

ਦੀਵਾਨੇ:- ਜੋ ਬਿਰਤੀ ਦਾ ਬੇਸ਼ੱਕ ਮਸਤਾਨਿਆਂ ਵਾਲੀ ਹੀ ਰੱਖਦੇ ਹਨ ਪਰ ਕਦੇ ਕਦੇ ਅਜਿਹੀਆਂ ਰਮਜ਼ਾਂ ਮਾਰ ਜਾਂਦੇ ਹਨ ਜਿਹੜੀਆਂ ਵਡਭਾਗਿਆਂ ਅੰਦਰ ਸ਼ਰਧਾ ਜਗਾਉਣ ਦੇ ਨਾਲ ਨਾਲ ਉਹਨਾਂ ਦੇ ਉਧਾਰ ਦਾ ਕਾਰਣ ਵੀ ਬਣ ਜਾਂਦੀਆਂ ਹਨ।

ਦਾਨੇ:- ਉਹ ਸਾਧੂ ਜੋ ਅੰਤਰ-ਆਤਮੇ ਪ੍ਰਮੇਸ਼ਰ ਨਾਲ ਅਭੇਦ ਹੁੰਦਿਆਂ ਹੋਇਆਂ ਵੀ ਬਾਹਰਲੀ ਕ੍ਰਿਆ ਅਜਿਹੀ ਰੱਖਦੇ ਹਨ ਕਿ ਲੋਕ ਪ੍ਰੇਰਤ ਹੋ ਕੇ ਬਦੀਆਂ ਤਿਆਗ ਕੇ ਨੇਕ ਅਮਲਾਂ ਨੂੰ ਅਪਣਾ ਲੈਣ। ਉਹ ਬ੍ਰਹਮ ਗਿਆਨੀ ਹੋ ਕੇ ਵੀ ਪਰਉਪਕਾਰ ਵਿਚ ਉਤਸ਼ਾਹ ਰੱਖਦੇ ਹਨ ਅਤੇ ਜਨਮ ਮਰਨ ਤੋਂ ਰਹਿਤ ਇਹ ਮਹਾਂਪੁਰਸ਼ ਖ਼ਲਕਤ ਦੀ ਭਲਾਈ ਵਾਸਤੇ ਹੀ ਆਉਂਦੇ ਹਨ।

ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ ॥
ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ ॥
(ਮ:5 -749)

ਭਗਤ ਜੀ ਨੇ ਹੁਕਮ ਪਾਕੇ ਹੈੱਡ ਗ੍ਰੰਥੀ ਦੀ ਸੇਵਾ ਨਿਭਾਉਣੀ ਸ਼ੁਰੂ ਕਰ



ਦਿੱਤੀ। ਉਸ ਸਮੇਂ ਬੇਅੰਤ ਮਾਇਆ ਇਹਨਾਂ ਦੇ ਹੱਥਾਂ ਵਿਚ ਹੁੰਦੀ, ਪਰ ਭਗਤ ਜੀ ਦਾ ਧਿਆਨ ਤਾਂ ਪ੍ਰਮਾਤਮਾ ਵੱਲ ਹੀ ਰਹਿੰਦਾ ਸੀ।

ਮਾਇਆ ਮਮਤਾ ਮੋਹਣੀ ਜਿਨਿ ਵਿਣੁ ਦੰਤਾਂ ਜਗੁ ਖਾਇਆ ॥
ਮਨਮੁਖ ਖਾਧੇ ਗੁਰਮੁਖਿ ਉਬਰੇ ਜਿਨੀ ਸਚਿ ਨਾਮਿ ਚਿਤੁ ਲਾਇਆ ॥
(ਮ: 3-643)

ਜੇ ਕਿਸੇ ਅਖੰਡਪਾਠੀ ਨੂੰ ਪੈਸਿਆਂ ਦਾ ਫ਼ਰਕ ਲੱਗਦਾ ਤਾਂ ਭਗਤ ਜੀ ਹੋਰ ਦੇ ਦਿੰਦੇ, ਪਰ ਨਾਰਾਜ਼ਗੀ ਜਾਂ ਇਤਰਾਜ਼ਗੀ ਨਾ ਹੋਣ ਦਿੰਦੇ। ਜ਼ਿੰਮੇਵਾਰੀਆਂ ਦੇ ਨਾਲ ਨਾਲ ਸਿਮਰਨ ਵੀ ਵਧਦਾ ਹੀ ਜਾ ਰਿਹਾ ਸੀ ਅਤੇ ਭਗਤ ਜੀ ਹਰ ਸਮੇਂ

ਅੰਤਰਿ ਗੁਰੁ ਆਰਾਧਣਾ ਜਿਹਵਾ ਜਪਿ ਗੁਰ ਨਾਉ ॥
ਨੇਤ੍ਰੀ ਸਤਿਗੁਰੁ ਪੇਖਣਾ ਸ੍ਰਵਣੀ ਸੁਨਣਾ ਗੁਰ ਨਾਉ ॥ (ਮ:5-517)

ਦੇ ਅਨੁਸਾਰ ਚਲਦਿਆਂ ਸਹਿਜ ਜੋਗ ਵਿਚ ਰਹਿੰਦੇ। ਇਸ ਲਈ ਲੋੜੀਂਦੀਆਂ ਗਿਆਨ ਦੀ ਸੱਤ ਭੂਮਿਕਾਵਾਂ ਆਪ ਨੂੰ ਸੰਤ ਬਾਬਾ ਈਸ਼ਰ ਸਿੰਘ ਜੀ ਤੋਂ ਪ੍ਰਾਪਤ ਹੋ ਗਈਆਂ ਸਨ।

1. ਸ਼ੁਭ ਇੱਛਾ:- ਚੰਗੀਆਂ ਗੱਲਾਂ ਨੂੰ ਅਪਣਾਉਣਾ ਅਤੇ ਬੁਰੀਆਂ ਦਾ ਤਿਆਗ ਕਰਨਾ ਅਤੇ ਹਰ ਵਕਤ ਪ੍ਰਮਾਤਮਾ ਦੇ ਗੁਣ ਗਾਉਂਦੇ ਰਹਿਣਾ।
2. ਸੁਵਿਚਾਰਨਾ:- ਵਿਚਾਰ ਸ਼ੁਰੂ ਹੁੰਦੇ ਹਨ ਕਿ ਮੈਂ ਕੀ ਹਾਂ, ਪ੍ਰਮੇਸ਼ਰ ਕੌਣ ਹੈ, ਜਗਤ ਝੂਠਾ ਹੈ ਜਾਂ ਸੱਚਾ, ਮੈਂ ਕੁਝ ਵੀ ਨਹੀਂ ਹਾਂ, ਸਭ ਕੁਝ ਪ੍ਰਮੇਸ਼ਰ ਆਪ ਹੀ ਹੈ।
3. ਤਨੂੰਮਾਨਸਾ:- (ਤਨੂੰ: ਮਨਦੀਆਂ, ਮਾਨਸਾ-ਇੱਛਾਵਾਂ) ਮਨ ਦੀਆਂ ਇੱਛਾਵਾਂ ਤਿਆਗਣਾ ਅਤੇ ਗੁਰੂ ਚਰਨਾਂ ਵਿਚ ਬਿਰਤੀ ਲਾਉਣੀ।
4. ਸਤੁਆਪਤ:- ਸਤਵਾਪਤੀ ਵੀ ਕਹਾਉਂਦੀ ਹੈ। ਇਸ ਭੂਮਿਕਾ ਵਾਲਾ ਗਿਆਨ ਅਵਸਥਾ ਵਿਚ ਜਾਗਦਾ ਹੈ ਅਤੇ ਸਾਰਾ ਸੰਸਾਰ ਆਤਮ ਸਰੂਪ ਵਿਚ ਪ੍ਰਤੀਤ ਹੁੰਦਾ ਹੈ।
5. ਅਸੰਸਕਤੀ:- ਇਸ ਭੂਮਿਕਾ ਵਿਚ ਪਹੁੰਚਾ ਹੋਇਆ ਜੋਗੀ ਸਮਾਧੀ ਤੋਂ ਜਾਗ ਕੇ ਖੁਦ-ਬਖੁਦ ਸਭ ਸਰੀਰ ਦੀਆਂ ਕਿਰਿਆਵਾਂ ਕਰਦਾ ਹੈ।
6. ਪਦਾਰਥ ਅਭਾਵਨੀ:- ਮਨ ਪਦਾਰਥਾ ਤੋਂ ਪਾਸੇ ਹੋਣ ਕਾਰਨ ਕੋਈ ਸੰਕਲਪ ਨਹੀਂ ਰਹਿੰਦਾ ਅਤੇ ਅਭਿਆਸੀ ਨਿਰਵਿਕਲਪ ਸਮਾਧੀ ਵਿਚ ਪਹੁੰਚ

ਜਾਂਦਾ ਹੈ ਅਤੇ ਦੂਜਿਆਂ ਦੇ ਜਗਾਣ ਨਾਲ ਹੀ ਜਾਗਦਾ ਹੈ।

7. ਤੁਰੀਆ ਪਦ:- ਇਹ ਅਵਸਥਾ ਵਿਚ ਅਭਿਲਾਸੀ ਨਿਰਵਿਕਲਪ ਸਮਾਧੀ 'ਤੇ ਨਾ ਤਾਂ ਖੁਦ ਜਾਗਦਾ ਹੈ ਅਤੇ ਨਾ ਹੀ ਕਿਸੇ ਦੇ ਜਗਾਣ 'ਤੇ ਜਾਗਦਾ ਹੈ। ਕੁਝ ਦਿਨ ਬਿਨਾਂ ਖਾਣ ਪੀਣ ਦੇ ਰਹਿਣ ਉਪਰੰਤ ਵਿਦੇਹ ਨੂੰ ਪ੍ਰਾਪਤ ਹੋ ਜਾਂਦਾ ਹੈ ਅਤੇ ਸਭ ਪਾਸੇ ਏਕ ਓਂਕਾਰ ਦੀ ਧੁਨ ਹੀ ਵਿਆਪੀ ਜਾਂ ਪਸਰੀ ਵਿਖਾਈ ਦਿੰਦੀ ਹੈ।

ਓਅੰਕਾਰਿ ਏਕ ਧੁਨਿ ਏਕੈ ਏਕੈ ਰਾਗੁ ਅਲਾਪੈ ॥
ਏਕਾ ਦੇਸੀ ਏਕੁ ਦਿਖਾਵੈ ਏਕੋ ਰਹਿਆ ਬਿਆਪੈ ॥ (ਮ:5-885)

ਗੁਰਮਤ ਦਾ ਮਾਰਗ ਸਹਿਜ ਜੋਗ ਦਾ ਮਾਰਗ ਹੈ। ਜੋਗ: ਦਾ ਅਰਥ ਹੈ ਜੋੜਨਾ, ਸਹਿਜ: ਦਾ ਅਰਥ ਹੈ ਸੁਖੈਣ ਅਤੇ ਸੁਭਾਵਿਕ। ਇੰਝ ਪ੍ਰਮੇਸ਼ਰ ਨਾਲ ਮਿਲਾਉਣ ਵਾਲੀ ਸੁਖੈਣ, ਸੁਭਾਵਿਕ ਵਿਧੀ ਨੂੰ ਸਹਿਜ ਜੋਗ ਕਹਿੰਦੇ ਹਨ। ਭਗਤ ਤੀਰਥ ਸਿੰਘ ਜੀ ਵੀ ਦਿਨੋਂ ਦਿਨ ਰੂਹਾਨੀਅਤ ਦੀਆਂ ਪੌੜੀਆਂ ਚੜ੍ਹਦੇ ਜਾ ਰਹੇ ਸਨ। ਸਤਿਗੁਰੂ ਦੀ ਕਿਰਪਾ ਨਾਲ ਮਨ ਚੰਚਲ ਤੋਂ ਨਿਹਚਲ ਹੋ ਗਿਆ ਅਤੇ ਸੁਰਤ ਆਪਣਾ ਪੰਧ ਤੈਅ ਕਰਦੀ ਹੋਈ ਦਸਮ ਦੁਆਰ ਵਿਚ ਪਹੁੰਚ ਗਈ ਜਿੱਥੇ ਸ਼ਬਦ ਦੀ ਸਹਿਜ ਧੁਨ ਦਾ ਅੰਮ੍ਰਿਤ ਪ੍ਰਾਪਤ ਹੋ ਜਾਂਦਾ ਹੈ।

ਧਾਵਤੁ ਥੰਮ੍ਹਿਆ ਸਤਿਗੁਰਿ ਮਿਲਿਐ ਦਸਵਾ ਦੁਆਰੁ ਪਾਇਆ ॥
ਤਿਥੈ ਅੰਮ੍ਰਿਤ ਭੋਜਨੁ ਸਹਜ ਧੁਨਿ ਉਪਜੈ
ਜਿਤੁ ਸਬਦਿ ਜਗਤੁ ਥੰਮ੍ਹਿ ਰਹਾਇਆ ॥ (ਮ: 3-441)

ਦਸਮ ਦੁਆਰ ਹੀ ਤਾਂ ਪ੍ਰਮਾਤਮਾ ਦਾ ਨਿਵਾਸ ਸਥਾਨ ਹੈ ਜਿਸ ਵਿਚ ਬ੍ਰਹਮ ਜੋਤ ਪ੍ਰਕਾਸ਼ਮਾਨ ਹੈ।

ਦਸਮ ਦੁਆਰਾ ਅਗਮ ਅਪਾਰਾ ਪਰਮ ਪੁਰਖ ਕੀ ਘਾਟੀ ॥
ਊਪਰਿ ਹਾਟੁ ਹਾਟ ਪਰਿ ਆਲਾ ਆਲੇ ਭੀਤਰਿ ਥਾਤੀ ॥
(ਬੇਣੀ ਜੀ, 974)

ਇਸ ਤਰ੍ਹਾਂ ਮੰਜ਼ਿਲ ਦਰ ਮੰਜ਼ਿਲ ਤਿੰਨ ਅਵਸਥਾਵਾਂ ਦੀ ਸੁੰਨ 'ਚੋਂ ਹੁੰਦਿਆਂ ਹੋਇਆ ਚੌਥੇ ਪਦ ਦੀ ਮਹਾਸੁੰਨ ਵਿਚ ਪਹੁੰਚ ਗਏ ਜੋ ਸੱਚਖੰਡ ਹੈ। ਜਿੱਥੇ ਪ੍ਰਮਾਤਮਾ ਨਾਲ ਮਿਲਾਪ ਹੋ ਜਾਂਦਾ ਹੈ।

ਅੰਤਰਿ ਸੁੰਨੰ ਬਾਹਰਿ ਸੁੰਨੰ ਤ੍ਰਿਭਵਣ ਸੁੰਨ ਮਸੁੰਨੰ ॥



ਚਉਥੇ ਸੁੰਨੈ ਜੋ ਨਰੁ ਜਾਣੈ ਤਾ ਕਉ ਪਾਪੁ ਨ ਪੁੰਨੰ ॥ (ਮ:1-943)

ਰਾੜਾ ਸਾਹਿਬ ਵਿਖੇ ਰਹਿੰਦਿਆਂ ਭਗਤ ਤੀਰਥ ਸਿੰਘ ਜੀ ਨੇ ਸੇਵਾ-ਸਿਮਰਨ ਅਤੇ ਗੁਰੂ ਦਾ ਹੁਕਮ ਮੰਨਣ ਦੀ ਇਕ ਐਸੀ ਮਿਸਾਲ ਪੇਸ਼ ਕੀਤੀ ਜੋ ਉੱਚ ਅਵਸਥਾ ਵਾਲੇ ਮਹਾਂਪੁਰਸ਼ਾਂ ਦੀ ਨਿਸ਼ਾਨੀ ਹੀ ਹੋ ਸਕਦੀ ਹੈ।

ਸੇਵਾ ਕਰਤ ਹੋਇ ਨਿਹਕਾਮੀ ॥
ਤਿਸ ਕਉ ਹੋਤ ਪਰਾਪਤਿ ਸੁਆਮੀ ॥ (ਮ:5-286)

ਭਗਤ ਤੀਰਥ ਸਿੰਘ ਜੀ ਬੇਸ਼ੱਕ ਸੇਵਾ ਅਤੇ ਸਿਮਰਨ ਨੂੰ ਹੀ ਸਮਰਪਤ ਸਨ ਪਰ ਫਿਰ ਵੀ ਮਨ ਵਿਚ ਏਨੀ ਨਿਮਰਤਾ ਸੀ ਕਿ ਆਪਣੀ ਸੇਵਾ ਨੂੰ ਤੁੱਛ ਹੀ ਸਮਝਦੇ ਸਨ ਅਤੇ ਐਸੀ ਭਾਵਨਾ ਨਾਲ ਸੇਵਾ ਕਰਣੀ ਚਾਹੁੰਦੇ ਕਿ

ਤੈ ਸਾਹਿਬ ਕੀ ਬਾਤ ਜਿ ਆਖੈ ਕਹੁ ਨਾਨਕ ਕਿਆ ਦੀਜੈ ॥
ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ ॥ (ਮ:1-558)

1964 ਤੋਂ ਚਰਨਾ ਦੀ ਪ੍ਰੀਤ ਮਾਣ ਰਹੇ ਭਗਤ ਜੀ ਨੂੰ ਪਤਾ ਹੀ ਨਾ ਲੱਗਿਆ ਕਿ ਕਦੋਂ 8 ਅਗਸਤ 1975 ਦਾ ਉਹ ਮਨਹੂਸ ਦਿਨ ਆ ਗਿਆ, ਜਦ ਸੰਤ ਬਾਬਾ ਈਸਰ ਸਿੰਘ ਜੀ ਸਰੀਰ ਤਿਆਗ ਗਏ। ਧਰਤੀ ਨੇ ਧਾਹਾਂ ਮਾਰ ਦਿੱਤੀਆਂ। ਅੰਬਰ ਰੋ ਪਿਆ। ਜਿਸਨੇ ਵੀ ਸੁਣਿਆ ਅੱਖਾਂ ਭਰ ਆਈਆਂ। ਭਗਤ ਜੀ ਦੀ ਤਾਂ ਦੁਨੀਆਂ ਹੀ ਸੰਤ ਬਾਬਾ ਈਸ਼ਰ ਸਿੰਘ ਜੀ ਸਨ। ਬਹੁਤ ਵੈਰਾਗ ਵਿਚ ਆ ਗਏ। ਹਾਲਤ ਵੇਖੀ ਨਾ ਜਾਵੇ।

ਵੈਦੁ ਬੁਲਾਇਆ ਵੈਦਗੀ ਪਕੜਿ ਢੰਢੋਲੇ ਬਾਂਹ ॥
ਭੋਲਾ ਵੈਦੁ ਨ ਜਾਣਈ ਕਰਕ ਕਲੇਜੇ ਮਾਹਿ ॥ (ਮ:1-1279)

ਭਗਤ ਜੀ ਬਹੁਤ ਵੈਰਾਗਮਈ ਜੀਵਨ ਬਿਤਾਉਣ ਲੱਗੇ। ਸੰਤ ਬਾਬਾ ਕਿਸ਼ਨ ਸਿੰਘ ਜੀ (ਛੋਟੇ ਮਹਾਰਾਜ) ਦੀ ਕ੍ਰਿਪਾ ਦ੍ਰਿਸ਼ਟੀ ਬਣੀ ਰਹੀ। ਲੱਖਾਂ ਲੋਕਾਂ ਦੇ ਦਿਲਾਂ ਵਿਚ ਵਸਣ ਵਾਲੇ, ਸਾਹਾਂ ਵਿਚ ਜੀਣ ਵਾਲੇ ਸੰਤ ਬਾਬਾ ਈਸ਼ਰ ਸਿੰਘ ਜੀ ਦੀ ਪਹਿਲੀ ਬਰਸੀ 1976 ਵਿਚ ਸੀ ਜੋ ਰਾੜਾ ਸਾਹਿਬ ਤੋਂ ਇਲਾਵਾ ਪੰਜਾਬ ਦੇ ਅਣਗਿਣਤ ਸ਼ਹਿਰਾਂ ਵਿਚ ਮਨਾਈ ਗਈ ਜਿਹਨਾਂ 'ਚੋਂ ਸ਼ਾਮ ਚੁਰਾਸੀ ਵੀ ਇਕ ਸੀ ਅਤੇ ਭਗਤ ਤੀਰਥ ਸਿੰਘ ਜੀ ਨੇ ਸੰਤ ਮਹਾਰਾਜ ਦੀ ਬਰਸੀ ਦੇ ਮੌਕੇ ਪਹਿਲੀ ਵਾਰ ਸ਼ਾਮ ਚੁਰਾਸੀ ਦੀ ਧਰਤੀ 'ਤੇ ਕਦਮ ਰੱਖਿਆ।

# ਸੇਵਕ ਕਉ ਸੇਵਾ ਬਨਿ ਆਈ

ਜਲੰਧਰ ਹਰਿਆਣਾ ਰੋਡ 'ਤੇ ਸਥਿਤ ਕਸਬਾ ਸ਼ਾਮ ਚੁਰਾਸੀ ਦੀ ਧਰਤੀ ਨੇ ਅਨੇਕਾਂ ਉਤਰਾਅ ਚੜਾਅ ਵੇਖੇ। ਬਦਲੀਆਂ ਦੇ ਮੌਸਮ ਹੰਢਾਏ। ਬਹਾਰਾਂ ਨੂੰ ਜੀਵਿਆ ਅਤੇ ਪਤਝੜਾਂ ਨੂੰ ਭੋਗਿਆ। ਮੁਹੱਬਤਾਂ ਦੀਆਂ ਰੁੱਤਾਂ ਮਾਣੀਆਂ। ਬਿਰਹਾਂ ਦੀਆਂ ਜੂਨਾਂ ਹੰਢਾਈਆਂ। ਕਦੇ ਬਲਦਾਂ ਦੀਆਂ ਟੱਲੀਆਂ ਦੀ ਟੁਣਕਾਰ ਅਤੇ ਕਦੇ ਧਰੁਪਦ ਸੰਗੀਤਕ ਘਰਾਣੇ ਦੀਆਂ ਸੰਗੀਤਕ ਧੁਨਾਂ ਦੀ ਫੁਹਾਰ ਨੂੰ ਸੁਣਿਆ। ਜਿੱਥੇ ਰੰਗਲੀਆਂ ਰੁੱਤਾਂ ਦਾ ਨਿੱਘ ਮਾਣਿਆ, ਉੱਥੇ ਬੇਰੌਣਕੇ ਮੌਸਮਾਂ ਦਾ ਸੰਤਾਪ ਵੀ ਝੱਲਿਆ। ਜੇ ਕਲੀਆਂ ਨੂੰ ਫੁੱਲ ਬਣਦੇ ਵੇਖਿਆ ਤਾਂ ਫੁੱਲਾਂ ਨੂੰ ਮੁਰਝਾਉਂਦੇ ਵੀ ਵੇਖਿਆ। ਕਦੇ ਹਵਾ ਦੇ ਬੁੱਲਿਆਂ ਨਾਲ ਆਪਣੀ ਕੁੱਖੋਂ ਜੰਮੀ ਫਸਲ ਨੂੰ ਕਲੋਲ ਕਰਦੇ ਤੱਕਿਆ, ਰੁੱਖਾਂ ਦੇ ਪੱਤਿਆਂ ਨੂੰ ਤਾੜੀਆਂ ਮਾਰਦੇ ਸੁਣਿਆ ਅਤੇ ਕਦੇ ਨੇਰ੍ਹੀ ਦੇ ਝੱਖੜ ਬਣ ਜਾਣ ਕਾਰਨ ਮੁੜ ਮੁਧੇ ਮੂੰਹ ਡਿੱਗਦੇ ਵੇਖਿਆ। ਕਦੇ ਚਿੜੀਆਂ ਦੇ ਚਹਿਕਣ ਦਾ ਅਹਿਸਾਸ ਹੋਇਆ ਅਤੇ ਕਦੇ ਨੰਨੇ-ਮੁੰਨੇ ਬਾਲਾਂ ਦੇ ਤੋਤਲੇ ਬੋਲਾਂ ਵਿਚਲੀ ਮਿਠਾਸ ਮਹਿਸੂਸ ਕੀਤੀ। ਬਸ ਜੇ ਨਹੀਂ ਮਹਿਸੂਸ ਕੀਤੀ ਤਾਂ ਮੁਕੰਮਲ ਪੁਰਸ਼ ਦੀ ਆਮਦ ਹੀ ਨਹੀਂ ਮਹਿਸੂਸ ਕੀਤੀ ਸੀ। ਐਸਾ ਪੁਰਸ਼ ਜੋ ਰਾਤ ਦਿਨ ਸਿਮਰਨ ਕਰਦਿਆਂ ਹਰੀ ਰੂਪ ਹੀ ਹੋ ਗਿਆ ਹੋਵੇ।

ਜੋ ਪ੍ਰਾਨੀ ਨਿਸਿ ਦਿਨੁ ਭਜੈ ਰੂਪ ਰਾਮ ਤਿਹ ਜਾਨੁ ॥
ਹਰਿ ਜਨ ਹਰਿ ਅੰਤਰੁ ਨਹੀਂ ਨਾਨਕ ਸਾਚੀ ਮਾਨੁ ॥ (ਮ: 9-1428)

ਧਰਤੀ ਨੂੰ ਇਕ ਐਸੇ ਹੀ ਪੂਰਨ ਪੁਰਸ਼ ਦੀ ਉਡੀਕ ਸੀ ਜੋ ਇਸਦੇ ਤਪਦੇ ਸੀਨੇ 'ਤੇ ਮੀਂਹ ਵਾਂਗਰ ਵਰ ਜਾਵੇ। ਜੋ ਇਸਦੀਆਂ ਨੇਰ੍ਹੀਆਂ ਰਾਤਾਂ 'ਤੇ ਸੂਰਜ ਵਾਂਗਰ ਚੜ੍ਹ ਜਾਵੇ। ਐਸਾ ਮਹਾਂਪੁਰਸ਼ ਜਿਸਦੇ ਮੁਬਾਰਕ ਕਦਮ ਭਾਗਹੀਣ ਧਰਤੀ ਨੂੰ ਭਾਗਾਂ ਵਾਲੀ ਬਣਾ ਦੇਣ। ਜਿਸਦੀ ਅੰਮ੍ਰਿਤਬਾਣੀ ਕੰਨਾਂ ਵਿਚ ਰਸ ਘੋਲ ਦੇਵੇ। ਜਿਸਦੇ ਦੀਦਾਰ ਤੜਪਦੀਆਂ ਰੂਹਾਂ ਨੂੰ ਸ਼ਾਂਤੀ ਬਖ਼ਸ਼ਣ। ਜਿਸਦੇ ਅੰਦਰਲਾ ਪ੍ਰਕਾਸ਼ ਭਟਕਦੀਆਂ ਰੂਹਾਂ ਲਈ ਚਾਨਣ ਮੁਨਾਰਾ ਹੋਵੇ। ਜਿਸਦੀ ਚਰਨ ਛੋਹ ਮੁਰਦਿਆਂ ਨੂੰ ਸੁਰਜੀਤ ਕਰਨ ਦੇ ਸਮਰੱਥ ਹੋਵੇ। ਧਰਤੀ ਨੂੰ ਤਾਂ ਬਸ ਉਡੀਕ ਹੀ ਉਡੀਕ ਸੀ। ਇਹ ਉਡੀਕ ਹੀ ਸੀ ਕਿ ਹਰੀਆਂ ਭਰੀਆਂ ਫਸਲਾਂ ਦੇ ਹੁੰਦਿਆਂ ਹੋਇਆਂ, ਰੁੱਖਾਂ ਵੇਲ ਬੂਟਿਆਂ ਦੇ ਹੁੰਦਿਆਂ ਹੋਇਆਂ, ਲੋਕਾਂ ਦੇ ਵਸਦਿਆਂ ਹੋਇਆਂ ਵੀ ਧਰਤੀ



ਸੁੰਨਸਾਨ ਸੀ, ਉਜਾੜ ਸੀ, ਬੀਆਬਾਨ ਸੀ।

ਜਿਥੈ ਨਾਮੁ ਨ ਜਪੀਐ ਮੇਰੇ ਗੋਇਦਾ
ਸੇਈ ਨਗਰ ਉਜਾੜੀ ਜੀਉ ॥ (ਮ:5-105)

ਪਰ ਦੂਜੇ ਪਾਸੇ ਰਾੜਾ ਸਾਹਿਬ ਦੀ ਢੱਕੀ ਦੀ ਧਰਤੀ ਉਜਾੜ ਹੁੰਦਿਆਂ, ਜੰਗਲੀ ਵੇਲ ਬੂਟੇ ਹੁੰਦਿਆਂ ਹੋਇਆਂ ਵੀ ਬੈਕੁੰਠ ਬਣ ਗਈ ਸੀ ਕਿਉਂਕਿ

ਜਿਥੈ ਨਾਮੁ ਜਪੀਐ ਪ੍ਰਭ ਪਿਆਰੇ ॥
ਸੇ ਅਸਥਲ ਸੋਇਨ ਚਉਬਾਰੇ ॥ (ਮ:5-105)

ਉੱਥੇ ਤਿੰਨ ਲੋਕਾਂ ਦੇ ਮਾਲਕ ਧੰਨ ਧੰਨ ਸੰਤ ਬਾਬਾ ਈਸ਼ਰ ਸਿੰਘ ਜੀ ਮਹਾਰਾਜ ਰਾਤ ਦਿਨ ਨਾਮ ਜਪਿਆ ਸੀ। ਉਹਨਾਂ ਦੇ ਅਨੇਕ ਸੇਵਕ ਵੀ ਰਾਤ ਦਿਨ ਭਗਤੀ ਵਿਚ ਲੀਨ ਰਹਿੰਦੇ ਸਨ। ਹਰ ਪਾਸੇ ਨਾਮ ਹੀ ਨਾਮ ਸੀ। ਕਲਯੁਗ ਵਿਚ ਸਤਯੁਗ ਵਰਤਦਾ ਸੀ। ਉੱਥੋਂ ਦੇ ਸਿੰਘ ਜੇ ਨੇਤਰ ਵੀ ਬੰਦ ਕਰਦੇ ਤਾਂ ਨਾਮ ਜਪਣ ਲਈ, ਅੰਮ੍ਰਿਤ ਵੇਲੇ ਉੱਠਦੇ ਵੀ ਸਨ ਤਾਂ ਨਾਮ ਜਪਣ ਲਈ, ਪ੍ਰਮੇਸ਼ਰ ਅੱਗੇ ਅਰਦਾਸ ਵੀ ਕਰਦੇ ਤਾਂ ਨਾਮ ਜਪਣ ਲਈ। ਗੱਲ ਕੀ ਜੇ ਸਾਹ ਵੀ ਲੈਂਦੇ ਤਾਂ ਨਾਮ ਜਪਣ ਲਈ ਹੀ ਲੈਂਦੇ ਸਨ। ਨਿਰੰਤਰ ਬਾਣੀ ਦਾ ਪ੍ਰਵਾਹ ਚਲਦਾ ਰਹਿੰਦਾ। ਸ਼ਾਮ ਸਵੇਰੇ ਕੀਰਤਨ ਹੁੰਦਾ। ਸੰਤ ਹਰੀ ਦੇ ਵਿਯੋਗ ਵਿਚ ਕੀਰਤਨ ਕਰਦੇ ਕਰਦੇ ਹਰੀ ਰੂਪ ਹੀ ਹੋ ਜਾਂਦੇ। ਅਜਿਹਾ ਤਾਂ ਕੋਈ ਲੱਖਾਂ ਕਰੋੜਾਂ 'ਚੋਂ ਇਕ ਹੀ ਪ੍ਰਭੂ ਪਿਆਰਾ ਹੁੰਦਾ ਹੈ ਜੋ ਪ੍ਰਭੂ ਨਾਲ ਅਭੇਦ ਹੋ ਜਾਂਦਾ ਹੈ।

ਰਾਮ ਸੰਤ ਮਹਿ ਭੇਦੁ ਕਿਛੁ ਨਾਹੀ ਏਕੁ ਜਨੁ ਕਈ ਮਹਿ ਲਾਖ ਕਰੋਰੀ ॥
ਜਾ ਕੈ ਹੀਐ ਪ੍ਰਗਟੁ ਪ੍ਰਭੁ ਹੋਆ ਅਨਦਿਨੁ ਕੀਰਤਨੁ ਰਸਨ ਰਮੋਰੀ ॥
(ਮ:5-208)

ਅਜਿਹੇ ਪ੍ਰਭੂ ਦੇ ਪਿਆਰੇ ਜੋ ਪ੍ਰਮਾਤਮਾ ਨਾਲ ਅਭੇਦ ਹੋ ਜਾਂਦੇ ਹਨ, ਜਿਹਨਾਂ ਦੇ ਹਿਰਦੈ ਪ੍ਰਭੂ ਪ੍ਰਗਟ ਹੋ ਜਾਂਦਾ ਹੈ ਉਹ ਰਾਤ ਦਿਨ ਹਰੀ ਜਸ ਹੀ ਕਰਦੇ ਰਹਿੰਦੇ ਹਨ। ਕਲਯੁਗ ਵਿਚ ਕੀਰਤਨ ਨੂੰ ਹੀ ਸਭ ਤੋਂ ਉੱਤਮ ਨਾਮ ਮੰਨਿਆ ਗਿਆ ਹੈ।

ਹਰਿ ਕੀਰਤਿ ਉਤਮੁ ਨਾਮੁ ਹੈ ਵਿਚਿ ਕਲਿਜੁਗ ਕਰਣੀ ਸਾਰੁ ॥
(ਮ: 4-1314)

ਜੋ ਫਲ ਕੀਰਤਨ ਕਰਨ ਅਤੇ ਸੁਣਨ ਨਾਲ ਮਿਲਦਾ ਹੈ ਉਹ ਬੇਦ ਪੁਰਾਨ

ਪੜ੍ਹਨ ਨਾਲ ਨਹੀਂ। ਕੀਰਤਨ ਵਰਗੀ ਕੋਈ ਹੋਰ ਵਿਧੀ ਨਹੀਂ। ਭਾਈ ਗੁਰਦਾਸ ਜੀ ਲਿਖਦੇ ਹਨ:-

ਲਖ ਲਖ ਬੇਦ ਪੁਰਾਣਿ ਕੀਰਤਨ ਚੂਰ ਹੈ ॥

(ਭਾਈ ਗੁਰਦਾਸ ਜੀ)

ਤੁਲਿ ਨਾ ਅੰਮ੍ਰਿਤ ਇਖ ਕੀਰਤਨ ਗਾਵਣਾ ॥

(ਭਾਈ ਗੁਰਦਾਸ ਜੀ)

ਇਸ ਲਈ ਸੰਤ ਬਾਬਾ ਈਸ਼ਰ ਸਿੰਘ ਜੀ ਨੇ ਵੀ ਕੀਰਤਨ ਨੂੰ ਤਰਜੀਹ ਦਿੱਤੀ। ਜਦ ਸੰਤ ਕੀਰਤਨ ਕਰਦੇ ਤਾਂ ਹਜ਼ਾਰਾਂ ਹੀ ਸਰੀਰ ਆ ਜੁੜਦੇ। ਉਹਨਾਂ ਦੇ ਬੋਲਾਂ ਵਿਚ ਏਨੀ ਖਿੱਚ ਸੀ, ਏਨੀ ਮਸਤੀ ਸੀ ਕਿ ਸੁਣਨ ਵਾਲੇ ਮੰਤਰ ਮੁਗਧ ਹੀ ਹੋ ਜਾਂਦੇ। ਐਬੀ ਐਬ ਭੁੱਲ ਜਾਂਦੇ, ਚੋਰ ਚੋਰੀ ਭੁੱਲ ਜਾਂਦੇ, ਬੁਰੇ ਬੁਰਾਈਆਂ ਭੁੱਲ ਜਾਂਦੇ। ਜਿਉਂ ਜਿਉਂ ਕੀਰਤਨ ਸੁਣਦੇ ਜਾਂਦੇ, ਮਨ ਦੀ ਮੈਲ ਉੱਤਰਦੀ ਜਾਂਦੀ।

ਜੋ ਜੋ ਕਥੈ ਸੁਨੈ ਹਰਿ ਕੀਰਤਨੁ ਤਾ ਕੀ ਦੁਰਮਤਿ ਨਾਸ ॥

(ਮ:5-1300)

ਜਿਸ ਮਨ ਤੋਂ ਕਲਯੁਗ ਵਿਚ ਕਰੋੜਾਂ ਤੀਰਥਾਂ 'ਤੇ ਇਸ਼ਨਾਨ ਕਰਨ ਨਾਲ ਵੀ ਮੈਲ ਨਾ ਉਤਰਦੀ ਉਹ ਸੰਤਾਂ ਦੁਆਰਾ ਹਰੀ ਮਹਿਮਾ ਸੁਣਦੇ ਸੁਣਦੇ ਨਿਰਮਲ ਹੁੰਦਾ ਜਾਂਦਾ।

ਕੋਟਿ ਤੀਰਥ ਮਜਨ ਇਸਨਾਨਾ ਇਸੁ ਕਲਿ ਮਹਿ ਮੈਲੁ ਭਰੀਜੈ ॥
ਸਾਧ ਸੰਗਿ ਜੋ ਹਰਿ ਗੁਣ ਗਾਵੈ ਸੋ ਨਿਰਮਲੁ ਕਰ ਲੀਜੈ ॥

(ਮ:5-747)

ਕੀਰਤਨ ਸੁਣਨ ਨਾਲ ਮਨ ਏਨਾ ਸ਼ੁਧ ਹੋ ਜਾਂਦਾ ਕਿ ਪ੍ਰੇਮੀ ਝਟ ਅੰਮ੍ਰਿਤ ਛਕਣ ਲਈ ਤਿਆਰ ਹੋ ਜਾਂਦੇ। ਦਿਨੋ ਦਿਨ ਵੱਖ-ਵੱਖ ਪਿੰਡਾਂ, ਵੱਖ-ਵੱਖ ਸ਼ਹਿਰਾਂ ਅਤੇ ਵੱਖ-ਵੱਖ ਇਲਾਕਿਆਂ ਵਿਚ ਸੰਤਾਂ ਦੇ ਸੇਵਕਾਂ ਦੀ ਗਿਣਤੀ ਵੱਧਦੀ ਹੀ ਜਾ ਰਹੀ ਸੀ। ਸ਼ਾਮ ਚੁਰਾਸੀ ਅਤੇ ਆਸ ਪਾਸ ਦੇ ਕੁਝ ਪਿੰਡਾਂ ਦੇ ਪ੍ਰੇਮੀਆਂ ਨੇ ਇਕੱਠੇ ਹੋ ਕੇ ਸੰਤਾਂ ਕੋਲ ਅਰਜ ਕੀਤੀ ਕਿ ਮਹਾਰਾਜ ਸਾਡੇ ਇਲਾਕੇ ਵਿਚ ਕਦੇ ਕੀਰਤਨ ਨਹੀਂ ਹੋਇਆ। ਆਪ ਦੱਸਦੇ ਹੋ ਕਿ ਕਲਯੁਗ ਵਿਚ ਕੀਰਤਨ ਹੀ ਪ੍ਰਧਾਨ ਹੈ। ਸੋ ਤੁਸੀਂ ਕਿਰਪਾ ਕਰੋ ਸਾਡੇ ਇਲਾਕੇ ਵਿਚ ਵੀ ਦੀਬਾਣੁ ਲਾਓ। ਧੰਨ ਧੰਨ ਗੁਰੂ ਅਰਜਨ ਦੇਵ ਜੀ ਜਗਿਆਸੂ ਰੂਪ ਵਿਚ ਪ੍ਰਸ਼ਨ ਕਰਦੇ ਹਨ



ਸੋ ਅਸਥਾਨੁ ਬਤਾਵਹੁ ਮੀਤਾ ॥
ਜਾ ਕੈ ਹਰਿ ਹਰਿ ਕੀਰਤਨੁ ਨੀਤਾ ॥ (ਮ:5-385)

ਉੱਤਰ ਮਿਲਦਾ ਹੈ

ਸਾਧ ਸੰਗਿ ਹਰਿ ਕੀਰਤਨੁ ਗਾਈਐ ॥
ਇਹੁ ਅਸਥਾਨੁ ਗੁਰੂ ਤੇ ਪਾਈਐ ॥ (ਮ:5-385)

ਜਦ ਇਹਨਾਂ ਨੇ ਸੰਤਾਂ ਪਾਸ ਕੀਰਤਨ ਲਈ ਸਮੇਂ ਦੀ ਮੰਗ ਕੀਤੀ ਤਾਂ ਸੰਤਾਂ ਨੇ ਪ੍ਰਵਾਨ ਕਰ ਲਈ। ਜਦ ਸੰਤ ਪਹਿਲੀ ਵਾਰ ਅਪਰੈਲ 1968 ਨੂੰ ਦੀਬਾਣ ਲਾਉਣ ਲਈ ਸ਼ਾਮ ਚੁਰਾਸੀ ਪਹੁੰਚੇ ਤਾਂ ਗੱਡੀ 'ਚੋਂ ਉੱਤਰਨ ਲੱਗਿਆਂ ਇਕ ਸਿੰਘ ਨੂੰ ਪੁੱਛਿਆ "ਬਈ ਇਹ ਕਿਹੜਾ ਨਗਰ ਹੈ।" ਸਿੰਘ ਕਹਿੰਦਾ, "ਜੀ, ਸ਼ਾਮ ਚੁਰਾਸੀ।" ਸੰਤਾਂ ਸਹਿਜ ਸੁਭਾਅ ਹੀ ਬਚਨ ਕੀਤਾ, "ਸ਼ਾਮ ਚੁਰਾਸੀ, ਬਈ ਇਸਦੀ ਤਾਂ 'ਚੁਰਾਸੀ' ਦੀ ਸ਼ਾਮ ਹੋ ਗਈ" ਭਾਵ ਚੁਰਾਸੀ ਕੱਟੀ ਗਈ। ਪੰਜ ਦੀਬਾਣ ਲੱਗੇ। ਇਲਾਕੇ ਦੀ ਸੰਗਤ ਨੇ ਹੁੰਮ ਹੁੰਮਾ ਕੇ ਭਾਗ ਲਿਆ।

ਸੰਤ ਬਾਬਾ ਈਸ਼ਰ ਸਿੰਘ ਜੀ ਨੂੰ ਤਾਂ ਅਕਾਲ ਪੁਰਖ ਨੇ ਭੇਜਿਆ ਹੀ ਨਾਮ ਜਪਣ-ਜਪਾਉਣ ਲਈ ਸੀ। ਦੂਜੀ ਵਾਰ ਮਾਰਚ 1970 ਵਿਚ ਫਿਰ ਪੰਜ ਦੀਬਾਣ ਸ਼ਾਮ ਚੁਰਾਸੀ ਦੀ ਸੰਗਤ ਦੇ ਹਿੱਸੇ ਆਏ। ਇਸ ਵਾਰੀ ਇਹ ਦੀਬਾਣ ਸ. ਅਵਤਾਰ ਸਿੰਘ ਸਾਰੋਬਾਦ ਨੇ ਆਪਣੀ ਜ਼ਮੀਨ ਵਿਚ (ਜੋ ਸ਼ਾਮ ਚੁਰਾਸੀ ਦੇ ਬਾਹਰ ਬਾਹਰ ਸੀ) ਲਗਵਾਏ ਅਤੇ ਆਪਣਾ 'ਲੋਕ ਸੁਖੀ ਪ੍ਰਲੋਕ ਸੁਹੇਲਾ' ਬਣਾਉਂਦੇ ਹੋਏ ਦੋ ਏਕੜ ਜ਼ਮੀਨ ਦੀ ਗੁਰੁਦਵਾਰਾ ਕਰਮਸਰ ਰਾੜਾ ਸਾਹਿਬ ਦੇ ਨਾਮ 'ਤੇ ਅਰਦਾਸ ਕਰਵਾ ਦਿੱਤੀ। ਇਹ ਸੰਤਾਂ ਦੇ ਇਸ ਇਲਾਕੇ ਵਿਚ ਆਖਰੀ ਦੀਬਾਣ ਸਨ। ਸੰਤਾਂ ਦੇ ਕੀਰਤਨ ਨਾਲ ਬਹੁਤ ਸੰਗਤ ਸੰਤਾਂ ਦੀ ਸੇਵਕ ਬਣ ਗਈ। ਅਵਤਾਰ ਸਿੰਘ ਸਾਰੋਬਾਦ ਅਤੇ ਨਾਜਰ ਸਿੰਘ ਕਾਠੇ ਅਧਿਕਾਰੇ ਵਰਗੇ ਅਨੇਕ ਪਿਆਕੜ ਸੰਤਾਂ ਦੇ ਪ੍ਰੇਰਣ ਸਦਕਾ ਸਿੰਘ ਸਜ ਗਏ।

ਜਿਸਕੈ ਅੰਤਰਿ ਬਸੈ ਨਿਰੰਕਾਰੁ ॥
ਤਿਸਕੀ ਸੀਖ ਤਰੈ ਸੰਸਾਰੁ ॥ (ਮ:5-269)

ਸੰਤਾਂ ਦੀ ਸਿੱਖਿਆ ਨੇ ਲੋਕਾਂ ਨੂੰ ਗੁਰੂ ਵਾਲੇ ਹੀ ਨਹੀਂ ਬਣਾਇਆ ਸਗੋਂ ਕਮਾਈ 'ਚੋਂ ਦਸਵੰਧ ਕੱਢਣ ਦੀ ਆਦਤ ਵੀ ਪਾ ਦਿੱਤੀ। ਪਿੰਡ ਕਾਠੇ ਅਧਿਕਾਰੇ

ਤੋਂ ਭਾਈ ਨਾਜਰ ਸਿੰਘ ਜਦ ਸੰਤ ਬਾਬਾ ਈਸ਼ਰ ਸਿੰਘ ਜੀ ਦੇ ਦਰਸ਼ਨਾਂ ਲਈ ਰਾੜਾ ਸਾਹਿਬ ਗਿਆ ਤਾਂ ਪਿਛਲੇ ਕੁਝ ਸਮੇਂ ਦੀ ਕਮਾਈ 'ਚੋਂ ਕੱਢਿਆ ਦਸਵੰਧ ਸੰਤਾਂ ਦੇ ਚਰਨਾਂ ਵਿਚ ਰੱਖਦਿਆਂ ਮੱਥਾ ਟੇਕਕੇ ਕਹਿਣ ਲੱਗਾ, "ਮਹਾਰਾਜ, ਸ਼ਾਮ ਚੁਰਾਸੀ ਵਿਖੇ ਭਾਈ ਅਵਤਾਰ ਸਿੰਘ ਨੇ ਜ਼ਮੀਨ ਤਾਂ ਗੁਰੁਦਵਾਰਾ ਸਾਹਿਬ ਦੇ ਨਾਮ ਅਰਦਾਸ ਕਰਵਾ ਦਿੱਤੀ ਹੈ ਜੇ ਆਪ ਕਿਰਪਾ ਕਰੋ ਤਾਂ ਉੱਥੇ ਛੋਟਾ ਜਿਹਾ ਕਮਰਾ ਬਣ ਜਾਵੇ ਤਾਂ ਕਿ ਰਾੜਾ ਸਾਹਿਬ ਤੋਂ ਆਏ ਗਏ ਸਿੰਘ ਆਰਾਮ ਕਰ ਸਕਣਗੇ।" ਜਦ ਸੰਤਾਂ ਨੇ ਭਾਈ ਨਾਜਰ ਸਿੰਘ ਦੀ ਗੱਲ ਸੁਣੀ ਤਾਂ ਪੂਰੇ ਜਾਹੋ ਜਲਾਲ ਵਿਚ ਆ ਗਏ, ਚਿਹਰਾ ਲਾਲ ਸੁਰਖ ਹੋ ਗਿਆ। ਕਹਿੰਦੇ, "ਨਾਜਰ ਸਿੰਹਾਂ, ਮਾਇਆ ਚੁੱਕ ਲੈ, ਜਦ ਸਮਾਂ ਆਇਆ ਤਾਂ ਤੇਰੀ ਸੇਵਾ ਵੀ ਲੈ ਲਵਾਂਗੇ, ਉੱਥੇ ਅਸਥਾਨ ਵੀ ਬਣ ਜਾਵੇਗਾ।" ਭਾਈ ਨਾਜਰ ਸਿੰਘ ਸਤਿ ਬਚਨ ਕਹਿ ਕੇ ਆ ਗਿਆ। ਪਰ ਸਮਝ ਨਹੀਂ ਸਕਿਆ। ਸੰਤਾਂ ਨੇ ਤਾਂ ਬਚਨ ਕਰ ਦਿੱਤਾ ਸੀ। ਪਹਿਲਾਂ ਸ਼ਾਮ ਚੁਰਾਸੀ ਦੀ ਚੁਰਾਸੀ ਕੱਟਣ ਵਾਲੀ ਰਮਜ਼ ਅਤੇ ਫਿਰ ਅਸਥਾਨ ਬਣਨ ਦਾ ਵਾਕ। ਧੰਨ ਧੰਨ ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਜੋ ਅੰਡੇ ਤੋਂ ਉਪਜਦਾ ਹੈ ਉਸਨੇ ਵਿਣਸ ਜਾਣਾ ਹੈ, ਜੇਰ 'ਚੋਂ ਜਨਮਿਆ ਹੈ ਖ਼ਤਮ ਹੋ ਜਾਣਾ ਹੈ, ਪਸੀਨੇ ਕਾਰਣ ਉਤਪੰਨ ਹੋਇਆ ਹੈ ਮੁਕ ਜਾਣਾ ਹੈ, ਜੋ ਧਰਤੀ ਤੋਂ ਪੈਦਾ ਹੁੰਦਾ ਹੈ ਉਸਨੇ ਵੀ ਨਹੀਂ ਰਹਿਣਾ। ਰੁੱਤਾਂ ਵੀ ਸਦੀਵੀ ਨਹੀਂ ਹਨ। ਜੇ ਕੁਝ ਸਦੀਵੀ ਹੈ, ਜੁਗੋ ਜੁਗ ਅਟਲ ਹੈ ਤਾਂ ਸਾਧੂ ਦਾ ਬਚਨ ਹੀ ਹੈ।

ਅੰਡ ਬਿਨਾਸੀ ਜੇਰ ਬਿਨਾਸੀ ਉਤਭੁਜ ਸੇਤ ਬਿਨਾਧਾ ॥
ਚਾਰਿ ਬਿਨਾਸੀ ਖਟਹਿ ਬਿਨਾਸੀ ਇਕਿ ਸਾਧ ਬਚਨ ਨਿਹਚਲਾਧਾ ॥
(ਮ:5-1204)

ਸੰਤਾਂ ਨੇ ਭਵਿੱਖਤਮ ਬਚਨ ਤਾਂ ਕਰ ਦਿੱਤੇ ਸਨ ਵੇਖਣ ਵਾਲੀ ਗੱਲ ਤਾਂ ਇਹ ਸੀ ਕਿ ਇਹ ਕਿਵੇਂ ਅਤੇ ਕਦੋਂ ਪੂਰੇ ਹੁੰਦੇ ਹਨ। ਸਮਾਂ ਆਪਣੀ ਤੋਰ ਤੁਰਦਾ ਗਿਆ। ਉਹ ਅਭਾਗਾ ਸਮਾਂ ਵੀ ਆ ਪਹੁੰਚਿਆ 26 ਅਗਸਤ 1975 ਦਾ, ਜਦ ਸੰਤ ਬਾਬਾ ਈਸ਼ਰ ਸਿੰਘ ਜੀ ਆਪਣਾ ਮਿਸ਼ਨ 'ਆਪ ਜਪਹੁ ਅਵਾਰਹੁ ਨਾਮ ਜਪਾਵਹੁ' ਸੰਤ ਬਾਬਾ ਕਿਸ਼ਨ ਸਿੰਘ ਜੀ ਨੂੰ ਸੌਂਪਕੇ, ਲੱਖਾਂ ਵਿਰਲਾਪ ਕਰਦੀਆਂ ਰੂਹਾਂ ਨੂੰ ਛੱਡ ਅਗੰਮੀ ਜੋਤ ਵਿਚ ਲੀਨ ਹੋ ਗਏ।



ਪਵਨੈ ਮਹਿ ਪਵਨੁ ਸਮਾਇਆ ॥
ਜੋਤੀ ਮਹਿ ਜੋਤਿ ਰਲਿ ਜਾਇਆ ॥ (ਮ:5-885)

ਅਗਸਤ, 1976 ਵਿਚ ਸੰਤ ਬਾਬਾ ਈਸ਼ਰ ਸਿੰਘ ਜੀ ਦੀ ਪਹਿਲੀ ਬਰਸੀ ਸੀ। ਸ਼ਾਮ ਚੁਰਾਸੀ, ਸਾਰੋਬਾਦ, ਮੁਹੱਦੀਪੁਰ, ਕਾਠੇ ਅਧਿਕਾਰੇ, ਜਿਆਣ ਅਤੇ ਕਈ ਹੋਰ ਨਗਰਾਂ ਦੀਆਂ ਸੰਗਤਾਂ ਨੇ ਇਕੱਠੇ ਹੋ ਕੇ ਸਲਾਹ ਕੀਤੀ ਕਿ ਉਸ ਮਹਾਨ ਆਤਮਾ ਦੀ ਸਿੱਖ ਜਗਤ ਨੂੰ ਬਹੁਤ ਦੇਣ ਹੈ, ਕਿਉਂ ਨਾ ਉਹਨਾਂ ਦੀ ਬਰਸੀ ਮਨਾਈ ਜਾਵੇ। ਸੇਵਕ ਇਕੱਠੇ ਹੋ ਕੇ ਸੰਤ ਬਾਬਾ ਕਿਸ਼ਨ ਸਿੰਘ ਜੀ ਕੋਲ ਰਾੜਾ ਸਾਹਿਬ ਬੇਨਤੀ ਕਰਨ ਗਏ। ਸੰਤਾਂ ਦੀ ਸਹਿਮਤੀ ਨਾਲ ਇਹ ਫੈਸਲਾ ਹੋਇਆ ਕਿ ਇਹ ਬਰਸੀ ਸ਼ਾਮ ਚੁਰਾਸੀ ਵਿਖੇ ਮਨਾਈ ਜਾਵੇਗੀ ਕਿਉਂਕਿ ਇਹ ਨਗਰ ਬਾਕੀ ਪਿੰਡਾਂ ਦੇ ਵਿਚਕਾਰ ਪੈਂਦਾ ਹੈ।

ਸੰਗਤ ਆ ਕੇ ਬਰਸੀ ਮਨਾਉਣ ਦੀ ਤਿਆਰੀ ਵਿਚ ਜੁਟ ਗਈ। ਭਾਈ ਮਨੀ ਸਿੰਘ ਦੇ ਖੇਤਾਂ ਵਿਚ ਪੰਡਾਲ ਸਜਾਇਆ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਕੇ ਅਖੰਡ ਪਾਠ ਸਾਹਿਬ ਆਰੰਭੇ ਗਏ। ਰਾੜਾ ਸਾਹਿਬ ਤੋਂ ਸਿੰਘ ਅਤੇ ਕੀਰਤਨੀ ਜਥਾ ਆਇਆ। ਸੰਤ ਬਾਬਾ ਈਸ਼ਰ ਸਿੰਘ ਜੀ ਨੇ ਜੋ ਕੀਰਤਨ ਦੀ ਪਰੰਪਰਾ ਤੋਰੀ ਸੀ, ਨੂੰ ਰਾਤ ਦੇ ਦੀਬਾਣ ਅਤੇ ਸਵੇਰੇ ਆਸਾ ਦੀ ਵਾਰ ਲਾ ਕੇ ਨਿਭਾਇਆ। ਕਿਉਂਕਿ ਸੰਤ ਜੀ ਕਿਹਾ ਕਰਦੇ ਸਨ ਕਿ ਕੀਰਤਨ ਆਨੰਦ ਅਤੇ ਗੁਣਾਂ ਦਾ ਖਜ਼ਾਨਾ ਹੈ।

ਕੀਰਤਨ ਨਿਰਮੋਲਕ ਹੀਰਾ ॥
ਆਨੰਦ ਗੁਣੀ ਗਹੀਰਾ ॥ (ਮ:5-1393)

ਅਨੇਕ ਸਰੀਰ ਰਾਤ ਦਿਨ ਸੇਵਾ ਵਿਚ ਡਟੇ ਰਹਿੰਦੇ। ਸਮਾਪਤੀ ਵਾਲੇ ਦਿਨ ਰਾੜਾ ਸਾਹਿਬ ਤੋਂ ਸੰਤ ਬਾਬਾ ਕਿਸ਼ਨ ਸਿੰਘ ਸਮੇਤ ਹੋਰ ਕਈ ਸੰਤ ਮਹਾਂਪੁਰਸ਼ ਵੀ ਆਏ। ਜਦ ਸੰਤ ਮਹਾਰਾਜ ਨੂੰ ਯਾਦ ਕਰਦਿਆਂ ਧਾਰਨਾ ਪੜੀਆਂ ਤਾਂ ਸਭ ਦੀਆਂ ਅੱਖਾਂ ਸੇਜਲ ਹੋ ਗਈਆਂ। ਸਭ ਪਾਸੇ ਵੈਰਾਗ ਹੀ ਵੈਰਾਗ ਸੀ, ਵੇਦਨਾ ਹੀ ਵੇਦਨਾ ਸੀ। ਪ੍ਰੇਮੀ ਧਾਹਾਂ ਮਾਰ ਮਾਰ ਕੇ ਰੋ ਰਹੇ ਸਨ। ਸੇਵਕ ਅਸਹਿਜ ਦੁੱਖ 'ਚੋਂ ਸਹਿਜ ਨਹੀਂ ਹੋ ਸਕੇ ਸਨ। ਸੰਗਤ ਵਿਚ ਹੰਝੂਆਂ ਦਾ ਹੜ੍ਹ ਆ ਗਿਆ।

ਹਮਰਾ ਮਨੁ ਬੈਰਾਗ ਬਿਰਕਤੁ ਭਇਓ ਹਰਿ ਦਰਸਨ ਮੀਤ ਕੈ ਤਾਈ ॥

ਜੈਸੇ ਅਲਿ ਕਮਲਾ ਬਿਨੁ ਰਹਿ ਨ ਸਕੈ
ਤੈਸੇ ਮੋਹਿ ਹਰਿ ਬਿਨੁ ਰਹਨੁ ਨਾ ਜਾਈ ॥ (ਮ: 4-369)

ਸਮਾਪਤੀ ਤੋਂ ਬਾਅਦ ਜਦ ਸੰਤ ਬਾਬਾ ਕਿਸ਼ਨ ਸਿੰਘ ਜੀ ਸੰਗਤ ਨੂੰ ਮਿਲਣ ਵਾਸਤੇ ਕੁਰਸੀ ਤੇ ਬਿਰਾਜਮਾਨ ਹੋਏ ਤਾਂ ਭਾਈ ਮਨੀ ਸਿੰਘ ਸ਼ਾਮਚੁਰਾਸੀ, ਡਾ. ਕੁਲਵੰਤ ਸਿੰਘ ਸ਼ਾਮ ਚੁਰਾਸੀ, ਭਾਈ ਨਾਜਰ ਸਿੰਘ ਕਾਠੇ ਅਧਿਕਾਰੇ, ਭਾਈ ਪਾਲਾ ਸਿੰਘ ਜਿਆਣ, ਭਾਈ ਮੇਵਾ ਸਿੰਘ ਸਾਰੋਬਾਦ, ਭਾਈ ਅਵਤਾਰ ਸਿੰਘ ਸਾਰੋਬਾਦ, ਭਾਈ ਹਰਬੰਸ ਸਿੰਘ ਮੁਹੱਦੀਪੁਰ, ਭਾਈ ਸਬੇਗ ਸਿੰਘ ਮੁਹੱਦੀਪੁਰ, ਭਾਈ ਜੋਗਿੰਦਰ ਸਿੰਘ ਜਿਆਣ, ਭਾਈ ਆਤਮਾ ਸਿੰਘ ਸ਼ਾਮ ਚੁਰਾਸੀ ਅਤੇ ਕੁਝ ਹੋਰ ਸਿੰਘ ਹੱਥ ਜੋੜ ਕੇ ਖੜ੍ਹੇ ਹੋ ਗਏ। ਕੁਝ ਕਹਿਣਾ ਚਾਹੁੰਦੇ ਸਨ ਪਰ ਮੂੰਹ ਵਿਚੋਂ ਆਵਾਜ਼ ਨਹੀਂ ਨਿਕਲ ਰਹੀ ਸੀ। ਸੰਤ ਕਹਿੰਦੇ ਦੱਸੋ ਭਾਈ ਕੀ ਚਾਹੁੰਦੇ ਹੋ। ਭਾਈ ਮਨੀ ਸਿੰਘ ਨੇ ਬੜੀ ਹੀ ਨਿਰਮਾਣਤਾ ਨਾਲ ਬੇਨਤੀ ਕੀਤੀ, "ਮਹਾਰਾਜ, ਅਵਤਾਰ ਸਿੰਘ ਹੁਰਾਂ ਨੇ ਜ਼ਮੀਨ ਤਾਂ ਗੁਰੁਦਵਾਰਾ ਕਰਮਸਰ ਰਾੜਾ ਸਾਹਿਬ ਦੇ ਨਾਮ ਅਰਦਾਸ ਕਰਵਾ ਹੀ ਦਿੱਤੀ ਹੈ ਅਤੇ ਰਾੜਾ ਸਾਹਿਬ ਬਹੁਤ ਦੂਰ ਪੈਂਦਾ ਹੈ। ਇਸ ਇਲਾਕੇ ਵਿਚ ਕੋਈ ਸੰਤ ਨਹੀਂ। ਆਪਦੇ ਖਜ਼ਾਨੇ ਵਿਚ ਤਾਂ ਕੋਈ ਘਾਟ ਨਹੀਂ। ਜੇ ਇਕ ਮਹਾਂਪੁਰਸ਼ ਇਲਾਕੇ ਨੂੰ ਬਖ਼ਸ਼ ਦਿਓ ਤਾਂ ਸਾਡੇ ਸੁੱਤੇ ਭਾਗ ਜਾਗ ਜਾਣਗੇ।"

ਜੋ ਰਮਜ਼ ਸੰਤ ਬਾਬਾ ਈਸ਼ਰ ਸਿੰਘ ਜੀ 8 ਸਾਲ ਪਹਿਲਾਂ ਮਾਰ ਗਏ ਸਨ, ਜੋ ਭਵਿੱਖਤਮ ਵਾਕ 6 ਸਾਲ ਪਹਿਲਾਂ ਕਰ ਗਏ ਸਨ ਪੂਰਾ ਹੋਣ ਦਾ ਸਮਾਂ ਆ ਗਿਆ ਸੀ। ਸੰਗਤ ਨੇ ਅਰਦਾਸ ਕੀਤੀ ਕਿ ਇਕ ਮਹਾਂਪੁਰਸ਼ ਸਾਨੂੰ ਬਖ਼ਸ਼ ਦਿਓ।

ਬਿਰਥੀ ਕਦੇ ਨ ਹੋਵਈ ਜਨ ਕੀ ਅਰਦਾਸਿ ॥ (ਮ:5-819)

ਸੱਚਾ ਗੁਰੂ ਵੀ ਉਹ ਹੀ ਹੈ ਜੋ ਸਿੱਖਾਂ ਦੀ ਅਰਦਾਸ ਬਿਰਥੀ ਨਹੀਂ ਜਾਣ ਦਿੰਦਾ। ਜਦ ਦੁਆਬੇ ਦੀ ਸੰਗਤ ਨੇ ਮਹਾਂਪੁਰਸ਼ ਦੀ ਮੰਗ ਕੀਤੀ ਤਾਂ ਸੰਤ ਨੇੜੇ ਹੀ ਚੌਂਕੜਾ ਮਾਰ ਕੇ ਬੈਠੇ ਭਗਤ ਤੀਰਥ ਸਿੰਘ ਜੀ ਨੂੰ ਕਹਿੰਦੇ, "ਕਿਉਂ ਬਈ ਭਗਤ, ਇਹ ਬੜੇ ਮਹਾਰਾਜ ਦੀ ਸੰਗਤ ਹੈ, ਤੂੰ ਰਹਿ ਲਏਂਗਾ ਇੱਥੇ ?" ਭਗਤ ਜੀ ਹੱਥ ਜੋੜ ਕੇ ਕਹਿੰਦੇ, "ਮਹਾਰਾਜ ਤੁਹਾਡਾ ਹੁਕਮ ਚਾਹੀਦਾ।"

ਹਰਿ ਜਨੁ ਊਤਮੁ ਭਗਤੁ ਸਦਾਵੈ ਆਗਿਆ ਮਨਿ ਸੁਖੁ ਪਾਈ ॥
ਜੋ ਤਿਸੁ ਭਾਵੈ ਸਤਿ ਕਰਿ ਮਾਨੈ ਭਾਣਾ ਮੰਨਿ ਵਸਾਈ ॥ (ਕਬੀਰ ਜੀ, 480)



ਸੰਤ ਬਾਬਾ ਤੀਰਥ ਸਿੰਘ ਜੀ ਨਿਮਰਤਾ ਨਾਲ ਹੱਥ ਜੋੜ ਕੇ ਕਹਿੰਦੇ, "ਮਹਾਰਾਜ ਤੁਹਾਡਾ ਹੁਕਮ ਚਾਹੀਦਾ ਹੈ।"

ਸੰਤ ਬਾਬਾ ਕਿਸ਼ਨ ਸਿੰਘ ਜੀ ਸੰਗਤ ਵੱਲ ਮੂੰਹ ਕਰਕੇ ਕਹਿੰਦੇ, "ਬਈ ਇਹ ਤਾਂ ਜਗਦਾ ਦੀਵਾ ਹੈ। ਜਿਧਰ ਵੀ ਜਾਏਗਾ ਰੌਸ਼ਨੀ ਹੀ ਕਰਨੀ ਹੈ।" ਗੁਣ ਵੀ ਸਾਰੇ ਹੀ ਹਨ। ਸਵਾਸ ਸਵਾਸ ਨਾਮ ਜਪਦਾ ਹੈ ॥

ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿਨਾਮਾਂ ਮਨਿ ਮੰਤੁ।
ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤ ॥ (ਮ:5-319)

ਬੈਰਾਗੀ ਵੀ ਹੈ:-

ਸੋ ਸਾਧੂ ਬੈਰਾਗੀ ਸੋਈ ਹਿਰਦੈ ਨਾਮੁ ਵਸਾਏ ॥
ਅੰਤਰਿ ਲਾਗਿ ਨ ਤਾਮਸੁ ਮੂਲੇ ਵਿਚਹੁ ਆਪੁ ਗਵਾਏ ॥ (ਮ: 3-29)

ਸਨਿਮਰ ਵੀ ਹੈ

ਜੇਤੀ ਸ੍ਰਿਸਟਿ ਕਰੀ ਜਗਦੀਸਰਿ ਤੇ ਸਭਿ ਊਚ ਹਮ ਨੀਚ ਬਿਖਿਆਸ ॥
(ਮ: 4-1295)

ਪਰਮ ਸੇਵਕ ਹੈ

ਸੋ ਸੇਵਕੁ ਹਰਿ ਆਖੀਐ ਜੋ ਹਰਿ ਰਾਖੈ ਉਰਿ ਧਾਰਿ।
ਮਨੁ ਤਨੁ ਸਉਪੇ ਆਗੈ ਧਰੇ ਹਉਮੈ ਵਿਚਹੁ ਮਾਰਿ ॥ (ਮ: 3-28)

ਦਿਆਲੂ ਅਤੇ ਸੰਤੋਖੀ ਹੈ

ਸਤੁ ਸੰਤੋਖੁ ਦਇਆ ਕਮਾਵੈ ਏਹ ਕਰਣੀ ਸਾਰ ॥
ਆਪੁ ਛੋਡਿ ਸਭ ਹੋਇ ਰੇਣਾ ਜਿਸੁ ਦੇਇ ਪ੍ਰਭੁ ਨਿਰੰਕਾਰੁ ॥
(ਮ:5-51)

ਸਿਮਰਨ ਕਰਦਾ ਅਤੇ ਕੀਰਤਨ ਸੁਣਦਾ ਹੈ

ਸ੍ਰਵਣੀ ਕੀਰਤਨੁ ਸਿਮਰਨੁ ਸੁਆਮੀ ਇਹੁ ਸਾਧ ਕੋ ਆਚਾਰੁ ॥
ਚਰਨ ਕਮਲ ਅਸਿਥਿਤ ਰਿਦ ਅੰਤਰਿ ਪੂਜਾ ਪ੍ਰਾਨ ਕੋ ਆਧਾਰੁ ॥
(ਮ:5-1222)

ਇਹ ਹੀ ਇਸ ਇਲਾਕੇ ਵਿਚ ਸੰਤ ਬਾਬਾ ਈਸ਼ਰ ਸਿੰਘ ਜੀ ਦੀ ਮਸ਼ਾਲ ਜਗ੍ਹਾ ਕੇ ਰੱਖਣਯੋਗ ਹੈ। ਸੰਤ ਬਾਬਾ ਕਿਸ਼ਨ ਸਿੰਘ ਜੀ ਨੇ ਸ਼ਾਮ ਚੁਰਾਸੀ ਦੀ ਸੰਗਤ ਦੀ ਸੇਵਾ ਭਗਤ ਤੀਰਥ ਸਿੰਘ ਜੀ ਨੂੰ ਸੌਂਪ ਦਿੱਤੀ।

ਸੇਵਕ ਕਉ ਸੇਵਾ ਬਨਿ ਆਈ ॥
ਹੁਕਮੁ ਬੂਝਿ ਪਰਮ ਪਦੁ ਪਾਈ ॥ (ਮ:5-292)

ਫਿਰ ਇਸ਼ਾਰੇ ਨਾਲ ਭਾਈ ਨਾਜਰ ਸਿੰਘ ਕਾਠੇ ਅਧਿਕਾਰੇ ਨੂੰ ਕੋਲ ਬੁਲਾਇਆ ਅਤੇ ਕਹਿੰਦੇ, "ਭਾਈ ਤੈਨੂੰ ਸੰਤ ਬਾਬਾ ਈਸ਼ਰ ਸਿੰਘ ਜੀ ਨੇ ਕਿਹਾ ਸੀ ਨਾ ਕਿ ਸਮਾਂ ਆਉਣ ਤੇ ਤੇਰੀ ਸੇਵਾ ਵੀ ਲੈ ਲਵਾਂਗੇ। ਹੁਣ ਸਮਾਂ ਆ ਗਿਆ ਹੈ। ਭਗਤ ਨੂੰ ਭੋਰਾ ਬਣਾ ਦੇਵੋ।"

ਜਦ ਸੰਤ ਬਾਬਾ ਕਿਸ਼ਨ ਸਿੰਘ ਜੀ ਜਥੇ ਸਮੇਤ ਵਾਪਸ ਰਾੜਾ ਸਾਹਿਬ ਜਾਣ ਲੱਗੇ ਤਾਂ ਸਾਰੀ ਸੰਗਤ ਨੂੰ ਸੰਬੋਧਿਤ ਹੁੰਦਿਆਂ ਬੋਲੇ, "ਬਈ ਅਸੀਂ ਤੁਹਾਨੂੰ ਰਾੜਾ ਸਾਹਿਬ ਦਾ ਹੀਰਾ ਦੇ ਚੱਲੇ ਹਾਂ, ਇਸਨੂੰ ਸਾਂਭ ਕੇ ਰੱਖਿਓ, ਗੁਆਇਓ ਨਾ। ਇਸਦੇ ਅੰਦਰ ਰਬੀ ਨੂਰ ਪ੍ਰਕਾਸ਼ਮਾਨ ਹੈ ਇਹ ਮਿਲਣ ਵਾਲਿਆਂ ਨੂੰ ਰੌਸ਼ਨ ਹੀ ਕਰਦਾ ਜਾਵੇਗਾ।" ਉਹ ਵੇਲਾ ਵੀ ਧੰਨ ਹੋ ਗਿਆ, ਉਹ ਘੜੀ ਵੀ ਧੰਨ ਹੋ ਗਈ, ਉਹ ਪਲ ਵੀ ਧੰਨ ਹੋ ਗਿਆ, ਉਹ ਦਿਨ ਵੀ ਧੰਨ ਹੋ ਗਿਆ ਜਦ ਭਾਗਭਰੀ ਧਰਤੀ ਨੇ, ਮਾਣਮਤੀ ਸੰਗਤ ਨੇ ਆਪਣੇ ਮਹਾਂਪੁਰਸ਼ਾਂ ਦੇ ਦਰਸ਼ਨ ਕਰ ਲਏ।

ਧੰਨੁ ਸੁ ਵੇਲਾ ਘੜੀ ਧੰਨੁ ਧਨੁ ਮੂਰਤੁ ਪਲੁ ਸਾਰੁ ॥
ਧੰਨ ਸੁ ਦਿਨਸ ਸੰਜੋਗੜਾ ਜਿਤੁ ਡਿਠਾ ਗੁਰ ਦਰਸਾਰੁ ॥
(ਮ:5-958)

ਧਰਤੀ ਦੀ ਉਡੀਕ ਖ਼ਤਮ ਹੋ ਗਈ। ਜੋ ਪੂਰਨ ਪੁਰਖ ਦੀ ਭਾਲ ਸੀ ਉਹ ਮਿਲ ਗਿਆ। ਜ਼ਰੂਰ ਧਰਤੀ ਨੇ ਸੱਚੇ ਦਿਲੋਂ ਪ੍ਰਮਾਤਮਾ ਅੱਗੇ ਅਰਦਾਸ ਕੀਤੀ ਹੋਵੇਗੀ। ਜ਼ਰੂਰ ਏਥੋਂ ਦੇ ਲੋਕਾਂ ਦੇ ਪੁੰਨ ਵਧ ਗਏ ਹੋਣਗੇ। ਜ਼ਰੂਰ ਕਿਸੇ ਲੰਘਦੇ ਜਾਂਦੇ ਫਕੀਰ ਨੇ ਅਸੀਸ ਦਿੱਤੀ ਹੋਵੇਗੀ। ਜ਼ਰੂਰ ਏਥੇ ਬਜ਼ੁਰਗਾਂ ਦਾ ਸਤਿਕਾਰ ਹੁੰਦਾ ਹੋਵੇਗਾ। ਜ਼ਰੂਰ ਕਿਸੇ ਭੁੱਖੇ ਢਿੱਡ ਨੂੰ ਰੱਜ ਕੇ ਖਾਣ ਨੂੰ ਮਿਲਿਆ ਹੋਵੇਗਾ। ਜ਼ਰੂਰ ਕਿਸੇ ਨਿਆਸਰੇ ਨੂੰ ਆਸਰਾ ਮਿਲਿਆ ਹੋਵੇਗਾ। ਜ਼ਰੂਰ ਗਊ ਗਰੀਬ ਦੀ ਰੱਖਿਆ ਹੋਈ ਹੋਵੇਗੀ। ਜੋ ਏਨੀ ਉੱਚ ਅਵਸਥਾ ਦਾ ਮਹਾਂਪੁਰਸ਼ ਪ੍ਰਮਾਤਮਾ ਨੇ ਇੱਥੇ ਸੇਵਾ ਲਈ ਭੇਜ ਇਲਾਕੇ ਨੂੰ ਭਾਗ ਲਾ ਦਿੱਤੇ।



# ਭਲੀ ਸੁਹਾਵੀ ਛਾਪਰੀ

ਸੰਗਤ ਦੀ ਬੇਨਤੀ ਪ੍ਰਵਾਨ ਹੋ ਚੁੱਕੀ ਸੀ। ਸੰਤ ਬਾਬਾ ਕਿਸ਼ਨ ਸਿੰਘ ਜੀ ਭਗਤ ਜੀ (ਸੰਤ ਤੀਰਥ ਸਿੰਘ ਜੀ) ਨੂੰ ਸ਼ਾਮ ਚੁਰਾਸੀ ਦੀ ਸੇਵਾ ਸੌਂਪ ਕੇ ਜਾ ਚੁੱਕੇ ਸਨ। ਜੋ ਜਗ੍ਹਾ ਸ. ਅਵਤਾਰ ਸਿੰਘ ਨੇ ਗੁਰੁਦਵਾਰਾ ਰਾੜਾ ਸਾਹਿਬ ਦੇ ਨਾਮ ਅਰਦਾਸ ਕਰਵਾਈ ਹੋਈ ਸੀ, ਵਿਚ ਫਸਲ ਬੀਜੀ ਹੋਣ ਕਾਰਨ ਭਾਈ ਮਨੀ ਸਿੰਘ ਨੇ ਸੰਤਾਂ ਨੂੰ ਆਪਣੇ ਘਰ ਰੁਕਣ ਲਈ ਬੇਨਤੀ ਕੀਤੀ। ਕੁਝ ਸਮਾਂ ਸੰਤ ਭਾਈ ਮਨੀ ਸਿੰਘ ਦੇ ਘਰ ਰਹੇ। ਅੰਮ੍ਰਿਤ ਵੇਲੇ ਉੱਠਣ ਅਤੇ ਨਾਮ ਸਿਮਰਨ ਦਾ ਨਿਯਮ ਰਾੜਾ ਸਾਹਿਬ ਵਾਲਾ ਹੀ ਰਿਹਾ। ਸੰਤ ਰਾਤ ਦੇ ਪਹਿਲੇ ਪਹਿਰ ਇਸ਼ਨਾਨ ਕਰਕੇ ਭਜਨ ਸਿਮਰਨ ਵਿਚ ਜੁੜ ਜਾਂਦੇ ਸਨ।

ਪਰਭਾਤੇ ਪ੍ਰਭ ਨਾਮੁ ਜਪਿ ਗੁਰ ਕੇ ਚਰਣ ਧਿਆਇ ॥
ਜਨਮ ਮਰਣ ਮਲੁ ਉਤਰੈ ਸਚੇ ਕੇ ਗੁਣ ਗਾਇ ॥ (ਮ:5-1099)

ਆਪਦੀ ਤਾਂ ਚਾਲ ਹੀ ਨਿਰਾਲੀ ਸੀ। ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਤਿਆਗਿਆ ਹੋਇਆ ਸੀ, ਤ੍ਰਿਸ਼ਨਾਵਾਂ ਤੋਂ ਰਹਿਤ ਸਨ ਅਤੇ ਸਾਰਾ ਦਿਨ ਭਜਨ ਬੰਦਗੀ ਵਿਚ ਹੀ ਗੁਜ਼ਰਦਾ ਸੀ।

ਚਾਲਾ ਨਿਰਾਲੀ ਭਗਤਾਹ ਕੇਰੀ ਬਿਖਮ ਮਾਰਗਿ ਚਲਣਾ ॥
ਲਬੁ ਲੋਭੁ ਅਹੰਕਾਰੁ ਤਜਿ ਤ੍ਰਿਸਨਾ ਬਹੁਤੁ ਨਾਹੀ ਬੋਲਣਾ ॥ (ਮ: 3-918)

ਬਚਨ ਤਾਂ ਕਰਦੇ ਹੀ ਨਹੀਂ ਸਨ। ਜਦ ਬਿਲਕੁਲ ਜ਼ਰੂਰਤ ਹੀ ਹੁੰਦੀ ਉਦੋਂ ਹੀ ਮੂੰਹ 'ਚੋਂ ਕੁਝ ਬੋਲਦੇ ਸਨ ਕਿਉਂਕਿ

ਬਹੁਤਾ ਬੋਲਣੁ ਝਖਣੁ ਹੋਇ ॥ (ਮ:1-661)

ਨਾ ਸੌਣ ਦੀ ਪ੍ਰਵਾਹ ਸੀ ਨਾ ਖਾਣ ਦੀ ਹਿਰਸ। ਨਾ ਪਹਿਨਣ ਦੀ ਚਾਹ ਸੀ ਨਾ ਵੱਧ ਬੋਲਣ ਦਾ ਭੁਸ। ਜੇ ਪ੍ਰਵਾਹ ਸੀ ਤਾਂ ਇਸ ਗੱਲ ਦੀ ਸੀ ਕਿ ਕਿਤੇ ਕੋਈ ਸਵਾਸ ਸਿਮਰਨ ਤੋਂ ਖਾਲੀ ਨਾ ਚਲਾ ਜਾਵੇ।

ਕਿਆ ਸਵਣਾ ਕਿਆ ਜਾਗਣਾ ਗੁਰਮੁਖਿ ਤੇ ਪਰਵਾਣੁ ॥
ਜਿਨਾ ਸਾਸਿ ਗਿਰਾਸਿ ਨ ਵਿਸਰੈ ਸੇ ਪੂਰੇ ਪੁਰਖ ਪਰਧਾਨ ॥ (ਮ:4-313)

ਸੰਤਾਂ ਦਾ ਪਹਿਰਾਵਾ ਵੀ ਬਹੁਤ ਸਾਦਾ ਸੀ। ਕਿਉਂਕਿ ਆਪ ਜਾਣਦੇ ਸਨ

ਬਾਬਾ ਹੋਰੁ ਪੈਨਣੁ ਖੁਸੀ ਖੁਆਰੁ ॥
ਜਿਤੁ ਪੈਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥ (ਮ:1-16)

ਸੰਤ ਖਾਂਦੇ ਵੀ ਬਹੁਤ ਸੰਕੋਚ ਨਾਲ ਸਨ। ਉਨਾ ਹੀ ਖਾਂਦੇ ਜਿੰਨਾ ਰਗਾਂ ਵਿਚ ਖੂਨ ਦੇ ਦੌੜਦੇ ਰਹਿਣ ਲਈ ਜ਼ਰੂਰੀ ਸੀ, ਫੇਫੜਿਆਂ ਦੇ ਸਾਹ ਲੈਣ ਲਈ ਲੋੜੀਂਦਾ ਸੀ ਤਾਂ ਕਿ ਹਰ ਸਾਹ ਨਾਲ ਨਿਰੰਤਰ ਪ੍ਰਮੇਸ਼ਰ ਦਾ ਜਾਪ ਹੋ ਸਕੇ।

ਅਲਪ ਅਹਾਰੁ ਸੁਲਪ ਸੀ ਨਿਦ੍ਰਾ ॥ (ਪਾਤਿਸ਼ਾਹੀ :10)

ਸਵੇਰੇ ਅੱਠ ਵਜੇ ਥੋੜਾ ਜਿਹਾ ਦਹੀਂ, 11 ਵਜੇ ਸਾਦੀ ਦਾਲ ਸਬਜ਼ੀ ਨਾਲ ਇਕ ਫੁਲਕਾ ਅਤੇ ਸ਼ਾਮੀਂ 3 ਵਜੇ ਇਕ ਕੱਪ ਚਾਹ। ਬਸ ਇਹ ਹੀ ਸੰਤਾਂ ਦੀ 24 ਘੰਟਿਆਂ ਦੀ ਖੁਰਾਕ ਸੀ। ਕਿਉਂਕਿ ਵਧੇਰੇ ਖਾਣ ਨਾਲ ਸਰੀਰ ਤੇ ਮਾੜਾ ਅਸਰ ਹੀ ਪੈਂਦਾ ਹੈ।

ਮਿਠਾ ਕਰਿ ਕੈ ਖਾਇਆ ਕਉੜਾ ਉਪਜਿਆ ਸਾਦੁ ॥ (ਮ:5-50)

ਇਕ ਵਾਰ ਸੰਤਾਂ ਨੂੰ ਕਿਸੇ ਨੇ ਸਵਾਲ ਕੀਤਾ ਸੀ ਕਿ ਚੰਗੇ ਪੁਰਸ਼ ਦੀਆਂ ਕੀ ਨਿਸ਼ਾਨੀਆਂ ਹਨ ਤਾਂ ਸੰਤ ਕਹਿੰਦੇ ਘੱਟ ਖਾਣਾ, ਘੱਟ ਸੌਣਾ ਅਤੇ ਘੱਟ ਬੋਲਣਾ। ਵਧੀਆ ਉਪਦੇਸ਼ ਵੀ ਉਹ ਹੀ ਦੇ ਸਕਦਾ ਹੈ ਜੋ ਆਪ ਵਧੀਆ ਜਿਉਂਦਾ ਹੋਵੇ। ਸੰਤ ਆਪ ਇਹਨਾਂ ਤਿੰਨਾਂ ਗੁਣਾਂ ਦੇ ਧਾਰਣੀ ਸਨ। ਉਹ ਬਹੁਤ ਘੱਟ ਸੌਂਦੇ ਸਨ, ਬਹੁਤ ਘਟ ਬੋਲਦੇ ਸਨ ਅਤੇ ਬਹੁਤ ਘੱਟ ਖਾਂਦੇ ਸਨ। ਜੋ ਖਾਂਦੇ ਵੀ ਸਨ ਸੰਤਾਂ ਨੂੰ ਉਸਦੇ ਸੁਆਦ ਨਾਲ ਮਤਲਬ ਨਹੀਂ ਸੀ। ਸੰਤਾਂ ਨੂੰ ਤਾਂ ਸੁਆਦਾਂ ਦਾ ਪਤਾ ਹੀ ਨਹੀਂ ਸੀ ਜੇ ਪਤਾ ਸੀ ਤਾਂ ਬਸ ਨਾਮ ਰਸ ਦਾ। ਇਕ ਵਾਰ ਭਾਈ ਮਨੀ ਸਿੰਘ ਦੇ ਘਰੋਂ ਬੀਬੀ ਪ੍ਰਗਾਸ਼ ਕੌਰ ਨੇ ਬੜੀ ਨਿਹਚਾ ਨਾਲ ਸੰਤਾਂ ਨੂੰ ਪ੍ਰਸ਼ਾਦਾ ਛਕਾਇਆ। ਬਾਦ ਵਿਚ ਪਤਾ ਲੱਗਾ ਕਿ ਦਾਲ ਵਿਚ ਤਾਂ ਲੂਣ ਹੀ ਨਹੀਂ ਸੀ। ਜਦ ਇਸਨੇ ਬੜੀ ਨਿਮਰਤਾ ਨਾਲ ਬੇਨਤੀ ਕੀਤੀ ਕਿ ਮਹਾਰਾਜ ਮੈਂ ਦਾਲ ਵਿਚ ਤਾਂ ਲੂਣ ਪਾਉਣਾ ਹੀ ਭੁੱਲ ਗਈ ਤਾਂ ਸੰਤ ਕਹਿੰਦੇ, "ਅੱਛਾ ਬਈ, ਸਾਨੂੰ ਤਾਂ ਪਤਾ ਹੀ ਨਹੀਂ ਲੱਗਿਆ।" ਸੰਤਾਂ ਨੂੰ ਤਾਂ ਬਸ ਨਾਮ ਦੇ ਰਸ ਦਾ ਹੀ ਪਤਾ ਸੀ। ਜਿਸਨੂੰ ਨਾਮ ਰਸ ਦੀ ਆਦਤ ਪੈ ਜਾਂਦੀ ਹੈ ਉਸ ਲਈ ਹੋਰ ਰਸ, ਬੇਰਸ ਹੋ ਕੇ ਰਹਿ ਜਾਂਦੇ ਹਨ।

ਉਹ ਰਸ ਆਵੇ ਤਾਂ ਇਹ ਰਸ ਨਾ ਭਾਵੇ ॥
ਹੋਰ, ਜਾਂ ਕਉ ਆਇਓ ਏਕ ਰਸਾ ॥
ਖਾਨ ਪਾਨ ਆਨ ਨਹੀਂ ਖੁਧਿਆ ਜਾ ਕੇ ਚੀਤ ਬਸਾ ॥



ਸੰਤ ਕੁਝ ਸਮਾਂ ਭਾਈ ਮਨੀ ਸਿੰਘ ਦੇ ਘਰ ਰਹੇ ਅਤੇ ਫਿਰ ਭਾਈ ਮੇਵਾ ਸਿੰਘ ਦੀ ਬੇਨਤੀ 'ਤੇ ਸਾਰੋਬਾਦ ਆ ਗਏ। ਦਿਨ ਵੇਲੇ ਸੰਤ ਅਸਥਾਨ ਵਾਲੀ ਜਗ੍ਹਾ 'ਤੇ ਚਲੇ ਜਾਂਦੇ ਅਤੇ ਸ਼ਾਮ ਤੱਕ ਬੈਠੇ ਭਗਤੀ ਕਰਦੇ ਰਹਿੰਦੇ। ਸਾਰੋਬਾਦ ਰਹਿੰਦਿਆਂ ਅਜੇ ਮਹੀਨਾ ਵੀ ਨਹੀਂ ਸੀ ਹੋਇਆ ਕਿ ਐਸੇ ਹਾਲਾਤ ਬਣੇ ਕਿ ਸੰਤਾਂ ਦਾ ਮਨ ਗ੍ਰਹਿਸਥੀਆਂ ਦੇ ਘਰ ਰਹਿਣ ਤੋਂ ਉਪਰਾਮ ਹੋ ਗਿਆ।

ਭਗਤਾ ਤੈ ਸੈਸਾਰੀਆ ਜੋੜੁ ਕਦੇ ਨ ਆਇਆ ॥ (ਮ:1-145)

ਸੰਤ ਰੋਜ ਵਾਂਗ ਕਾਲੀ ਕੰਬਲੀ ਦੀ ਬੁੱਕਲ ਮਾਰ ਕੇ ਘਰੋਂ ਸ਼ਾਮ ਚੁਰਾਸੀ ਵਲ ਆਏ ਅਤੇ ਸ਼ਾਮੀਂ ਵਾਪਸ ਨਹੀਂ ਪਰਤੇ। ਅਸਥਾਨ ਵਾਲੀ ਜਗ੍ਹਾ 'ਤੇ ਹੀ ਅੰਬ ਥੱਲੇ (ਜਿੱਥੇ ਹੁਣ ਲੰਗਰ ਹਾਲ ਹੈ) ਪਰਾਲੀ ਉੱਤੇ ਚੌਂਕੜੀ ਮਾਰ ਕੇ ਬੈਠ ਗਏ।

ਯਾਰੜੇ ਦਾ ਸਾਨੂੰ ਸਥਰੁ ਚੰਗਾ ਭੱਠ ਖੇੜਿਆ ਦਾ ਰਹਿਣਾ ॥
(ਪਾਤਿਸ਼ਾਹੀ:10)

ਪੋਹ ਦਾ ਮਹੀਨਾ ਸੀ। ਉਹ ਮਹੀਨਾ ਜਦ ਸਰਦ ਰੁੱਤ ਦਾ ਕਹਿਰ ਸਿਖ਼ਰ 'ਤੇ ਹੁੰਦਾ ਹੈ। ਜ਼ਮੀਨ 'ਚੋਂ ਸੁੰਨ ਚੜ੍ਹਦੀ ਹੈ, ਹਵਾ 'ਚੋਂ ਸੁੰਨ ਚੜ੍ਹਦੀ ਹੈ, ਰਾਤੀਂ ਆਸਮਾਨੋਂ ਸੁੰਨ ਵਰ੍ਹਦੀ ਹੈ। ਧਰਤੀ 'ਤੇ ਕੋਰੇ ਦੀ ਚਿੱਟੀ ਚਾਦਰ ਵਿਛ ਜਾਂਦੀ ਹੈ। ਰਜਾਈ 'ਚੋਂ ਹੱਥ ਬਾਹਰ ਕੱਢਣ ਦਾ ਵੀ ਹੀਆ ਨਹੀਂ ਪੈਂਦਾ। ਜੀਵ ਜੰਤੂ ਵੀ ਠੰਡ ਦੇ ਮਾਰੇ ਲੁਕ ਜਾਂਦੇ ਹਨ। ਸੰਤ ਪਤਲੀ ਜਿਹੀ ਕੰਬਲੀ ਦੀ ਬੁੱਕਲ ਮਾਰ ਕੇ ਪੱਧਰੇ ਹੀ ਬੈਠੇ ਸਨ ਨਾ ਥੱਲੇ ਮੰਜੀ ਸੀ ਨਾ ਸਿਰ 'ਤੇ ਛੱਤ। ਮਨ ਵਿਚ ਪ੍ਰਭੂ ਦਾ ਧਿਆਨ ਧਰਿਆ ਹੋਇਆ ਸੀ ਅਤੇ ਸਿਮਰਨ ਕਰੀ ਜਾ ਰਹੇ ਸਨ। ਨਾ ਭੁੱਖ ਸੀ, ਨਾ ਪਿਆਸ ਸੀ ਨਾ ਨੀਂਦ ਸੀ। ਬਸ ਸਿਮਰਨ ਹੀ ਸਿਮਰਨ ਸੀ।

ਗੁਰਮੁਖਿ ਅੰਤਰਿ ਸਹਜੁ ਹੈ ਮਨੁ ਚੜਿਆ ਦਸਵੈ ਆਕਾਸਿ ॥
ਤਿਥੈ ਊਂਘ ਨ ਭੁਖ ਹੈ ਹਰਿ ਅੰਮ੍ਰਿਤ ਨਾਮੁ ਸੁਖ ਵਾਸੁ ॥ (ਮ:3-1414)

ਜਿਸਦੀ ਬਿਰਤੀ ਪ੍ਰਭੂ ਦੇ ਸੋਹਣੇ ਚਰਨਾਂ ਵਿਚ ਭਿੱਜੀ ਰਹਿੰਦੀ ਹੈ, ਜਿਸਦਾ ਹਿਰਦਾ ਪ੍ਰਮੇਸ਼ਰ-ਪਿਆਰ ਨਾਲ ਵਿੰਨਿਆ ਰਹਿੰਦਾ ਹੈ, ਉਸ ਉੱਤੇ ਪੋਹ ਵਿਚ ਪੈਣ ਵਾਲਾ ਕੋਰਾ ਕਕਰ ਵੀ ਜ਼ੋਰ ਨਹੀਂ ਪਾ ਸਕਦਾ ਕਿਉਂਕਿ ਉਹ ਪਤੀ ਰੂਪ ਪ੍ਰਮੇਸ਼ਰ ਦੇ ਗੱਲ ਲੱਗਿਆ ਰਹਿੰਦਾ ਹੈ।

ਪੋਖਿ ਤੁਖਾਰੁ ਨ ਵਿਆਪਈ ਕੰਠਿ ਮਿਲਿਆ ਹਰਿ ਨਾਹੁ ॥
ਮਨੁ ਬੇਧਿਆ ਚਰਨਾਰਬਿੰਦ ਦਰਸਨਿ ਲਗੜਾ ਸਾਹੁ ॥ (ਮ:5-135)

ਸੰਤਾਂ 'ਤੇ ਤਾਂ ਉਸ ਬੇਪਰਵਾਹ ਦੀ ਏਨੀ ਰਹਿਮਤ ਸੀ ਕਿ ਪੋਹ ਦਾ ਮਹੀਨਾ ਵੀ ਸੁਹਾਵਣਾ ਲੱਗਦਾ ਸੀ। ਪਰਾਲੀ 'ਤੇ ਬੈਠਿਆਂ ਹੀ ਸਭ ਸੁੱਖ ਮਹਿਸੂਸ ਹੋ ਰਹੇ ਸਨ।

ਪੋਖੁ ਸੁਹੰਦਾ ਸਰਬ ਸੁਖ ਜਿਸੁ ਬਖਸੇ ਵੇਪਰਵਾਹੁ ॥

ਸੰਤ ਸਹਿਜ ਬੈਠੇ ਸਨ, ਅਡੋਲ ਬੈਠੇ ਸਨ। ਉਹਨਾਂ ਲਈ ਮਖ਼ਮਲੀ ਬਿਸਤਰ ਅਤੇ ਪਰਾਲੀ ਇਕ ਸਮਾਨ ਸਨ। ਉਹ ਤਾਂ ਪਰਾਲੀ 'ਤੇ ਬੈਠੇ ਵੀ ਪ੍ਰਭੂ ਪ੍ਰੇਮ ਨਾਲ ਆਨੰਦਿਤ ਹੋ ਰਹੇ ਸਨ।

ਜਿਸ ਪਾਇਆ ਭੇਤ ਕਲੰਦਰ ਦਾ
ਰਾਹ ਖੋਜਿਆ ਆਪਣੇ ਅੰਦਰ ਦਾ
ਉਹ ਵਾਸੀ ਹੈ ਸੁਖ ਮੰਦਰ ਦਾ
ਜਿੱਥੇ ਚੜ੍ਹਦੀ ਹੈ ਨਾ ਲਹਿੰਦੀ ਹੈ। (ਬਾਬਾ ਬੁੱਲ੍ਹੇਸ਼ਾਹ ਜੀ)

ਇਧਰ ਸੰਤਾਂ ਨੂੰ ਇਸ ਤਰ੍ਹਾਂ ਬੈਠਿਆਂ ਦੋ-ਤਿੰਨ ਦਿਨ ਬੀਤ ਗਏ ਅਤੇ ਉਧਰ ਪਿੰਡ ਮੁਹੱਦੀਪੁਰ ਦੇ ਭਾਈ ਸਬੇਗ ਸਿੰਘ ਅਤੇ ਭਾਈ ਹਰਬੰਸ ਸਿੰਘ ਜੋ ਸੰਤ ਬਾਬਾ ਕਿਸ਼ਨ ਸਿੰਘ ਜੀ ਦੇ ਕੋਲ ਗਏ ਹੋਏ ਸਨ ਕਿ ਸਾਨੂੰ ਆਪਣੀ ਸ਼ਰਨ ਵਿਚ ਰੱਖੋ, ਨੇ ਜਦ ਸੰਤਾਂ ਨੂੰ ਇਹ ਕਹਿੰਦਿਆਂ ਸੁਣਿਆ ਕਿ ਭਗਤ ਤੀਰਥ ਸਿੰਘ ਜੀ ਸਾਡਾ ਹੀ ਰੂਪ ਹਨ ਤੁਸੀਂ ਜਾ ਕੇ ਉਹਨਾਂ ਦੀ ਸੇਵਾ ਕਰੋ ਤਾਂ ਇਹ ਰਾੜਾ ਸਾਹਿਬ ਤੋਂ ਸਿੱਧੇ ਸ਼ਾਮ ਚੁਰਾਸੀ ਸੰਤਾਂ ਦੇ ਅਸਥਾਨ ਵਾਲੀ ਜਗ੍ਹਾ 'ਤੇ ਪਹੁੰਚ ਗਏ। ਸੰਤ ਬਾਬਾ ਤੀਰਥ ਸਿੰਘ ਜੀ ਪਰਾਲੀ ਉੱਤੇ ਚੌਂਕੜਾ ਮਾਰ ਅੰਤਰ ਧਿਆਨ ਹੋਕੇ ਬੈਠੇ ਸਨ। ਜਦ ਸੁਣਿਆ ਕਿ ਸੰਤ ਤਿੰਨ ਦਿਨ ਤੋਂ ਇਸੇ ਤਰ੍ਹਾਂ ਭੁੱਖੇ ਪਿਆਸੇ ਲੋਹੜੇ ਦੀ ਸਰਦੀ ਵਿਚ ਕਾਲੀ ਕੰਬਲੀ ਦੀ ਬੁੱਕਲ ਮਾਰ ਕੇ ਨੀਲੇ ਅਸਮਾਨ ਦੀ ਛੱਤ ਥੱਲੇ ਪ੍ਰਭੂ ਨੂੰ ਧਿਆਉਂਦਿਆਂ ਬੈਠੇ ਹਨ ਤਾਂ ਇਹਨਾਂ ਦੇ ਕੰਨ ਪਥਰਾ ਗਏ, ਅੱਖਾਂ ਅੱਡੀਆਂ ਰਹਿ ਗਈਆਂ, ਪੈਰ ਅਹਿੱਲ ਹੋ ਗਏ, ਮੂੰਹ 'ਚ ਜ਼ੁਬਾਨ ਹੀ ਨਾ ਰਹੀ, ਸਰੀਰ ਬੇਹਰਕਤ ਹੋ ਗਿਆ। ਮਨ ਵਿਚ ਸੋਚ ਰਹੇ ਸੀ ਕਿ ਜਿਹੜਾ ਹੀਰਾ ਇਲਾਕੇ ਦੀ ਸੰਗਤ ਨੇ ਸੰਤ ਬਾਬਾ ਕਿਸ਼ਨ ਸਿੰਘ ਜੀ ਤੋਂ ਅਰਦਾਸ ਬੇਨਤੀਆਂ ਕਰਕੇ ਲਿਆ ਸੀ ਅੱਜ ਸਾਡੀ ਅਣਗਹਿਲੀ ਕਾਰਨ ਉਸਦੀ ਇਹ ਹਾਲਤ ਹੋ ਗਈ। ਹੰਝੂਆਂ ਦਾ ਸੈਲਾਬ ਆ ਗਿਆ। ਚਰਨਾਂ 'ਤੇ ਡਿੱਗ ਪਏ। ਇਕੋ ਹੀ ਗੱਲ ਮੂੰਹ 'ਚੋਂ ਨਿਕਲੀ ਕਿ ਸਾਨੂੰ ਬਖ਼ਸ਼ ਲਓ। ਅਸੀਂ ਭੁੱਲਣਹਾਰ ਹਾਂ।



ਰਾਖਹੁ ਆਪਨੀ ਸਰਣਿ ਪ੍ਰਭ ਮੋਹਿ ਕਿਰਪਾ ਧਾਰੇ ॥
ਸੇਵਾ ਕਛੂ ਨ ਜਾਨਊ ਨੀਚੁ ਮੂਰਖਾਰੇ ॥
ਮਾਨੁ ਕਰਉ ਤੁਧੁ ਊਪਰੇ ਮੇਰੇ ਪ੍ਰੀਤਮ ਪਿਆਰੇ ॥
ਹਮ ਅਪਰਾਧੀ ਸਦ ਭੂਲਤੇ ਤੁਮ੍ ਬਖਸਨਹਾਰੇ ॥ (ਮ:5-809)

ਇਹਨਾਂ ਦਾ ਮਨ ਏਨਾ ਦ੍ਰਵਿਤ ਹੋਇਆ ਕਿ ਹੁਸ਼ਿਆਰਪੁਰ ਤੋਂ 7 ਰੁਪਏ ਦੀ ਸਿਰਕੀ (7' × 7') ਖਰੀਦ ਕੇ ਲਿਆਏ ਅਤੇ ਸੰਤਾਂ ਨੂੰ ਲਾ ਦਿੱਤੀ। ਮੰਜਾ ਬਿਸਤਰਾ ਸ. ਮੇਵਾ ਸਿੰਘ ਦੇ ਘਰੋਂ ਲੈ ਆਂਦਾ। ਬੱਦਲਵਾਈ ਤਾਂ ਪਹਿਲਾਂ ਹੀ ਸੀ। ਅਜੇ ਇਹ ਸਿਰਕੀ ਲਾ ਕੇ ਘਰ ਹੀ ਪਹੁੰਚੇ ਹੋਣਗੇ ਕਿ ਬਾਰਿਸ਼ ਆ ਗਈ। 2-3 ਦਿਨ ਝੜੀ ਲੱਗੀ ਰਹੀ। ਬਾਰਿਸ਼ ਏਨੀ ਜ਼ਿਆਦਾ ਹੋਈ ਕਿ ਖੇਤ ਨੀਵੇਂ ਹੋਣ ਕਾਰਨ ਮੰਜੇ ਜਿੰਨਾ ਉੱਚਾ ਪਾਣੀ ਭਰ ਗਿਆ। ਜਦ ਸੇਵਕ ਵੇਖਣ ਆਏ ਤਾਂ ਸੰਤ ਗਿੱਲੇ ਮੰਜੇ ਉੱਤੇ ਅੱਖਾਂ ਮੀਟ ਕੇ ਬੈਠੇ ਪ੍ਰਮਾਤਮਾ ਨੂੰ ਯਾਦ ਕਰ ਰਹੇ ਸਨ। ਪ੍ਰੇਮੀਆਂ ਦੇ ਮੂੰਹੋਂ ਆਪ ਮੁਹਾਰੇ ਹੀ ਨਿਕਲਿਆ ਕਿ ਧੰਨ ਧੰਨ ਸੰਤ ਬਾਬਾ ਈਸ਼ਰ ਸਿੰਘ ਜੀ ਅਤੇ ਧੰਨ ਹਨ ਉਹਨਾਂ ਦੇ ਸੇਵਕ ਸੰਤ ਤੀਰਥ ਸਿੰਘ ਜੀ। ਜਦ ਇਸ ਗੱਲ ਦਾ ਪਤਾ ਸ. ਅਵਤਾਰ ਸਿੰਘ ਸਾਰੋਬਾਦ ਦੇ ਘਰੋਂ ਬੀਬੀ ਗੁਰਮੇਜ ਕੌਰ ਨੂੰ ਲੱਗਾ ਤਾਂ ਉਸਨੇ ਉਸੇ ਸਮੇਂ ਭਾਈ ਹਰਬੰਸ ਸਿੰਘ ਨੂੰ ਸੱਦਿਆ ਅਤੇ ਤੰਬੂ ਦਿੰਦਿਆਂ ਕਿਹਾ ਕਿ ਮਹਾਂਪੁਰਸ਼ਾਂ ਨੂੰ ਜ਼ਮੀਨ 'ਤੇ ਉੱਚਾ ਥੜ੍ਹਾ ਬੰਨਕੇ ਤੰਬੂ ਲਾ ਦਿਓ। ਸੇਵਕਾਂ ਨੇ ਸੰਤਾਂ ਨੂੰ ਉੱਚੀ ਜਗ੍ਹਾ ਕਰਕੇ ਤੰਬੂ (10' × 10') ਲਾ ਦਿੱਤਾ ਅਤੇ ਸੰਤ ਤੰਬੂ ਵਿਚ ਰਹਿ ਕੇ ਭਜਨ ਬੰਦਗੀ ਕਰਨ ਲੱਗੇ।

ਭਲੀ ਸੁਹਾਵੀ ਛਾਪਰੀ ਜਾ ਮਹਿ ਗੁਨ ਗਾਏ ॥
ਕਿਤ ਹੀ ਕਾਮਿ ਨ ਧਉਲਹਰ ਜਿਤੁ ਹਰਿ ਬਿਸਰਾਏ ॥ (ਮ:5-745)

# ਕੰਮੁ ਕਰਾਵਣ ਆਇਆ ਰਾਮ

ਬੇਸ਼ੱਕ ਸ. ਅਵਤਾਰ ਸਿੰਘ ਨੇ ਦੋ ਏਕੜ ਜ਼ਮੀਨ ਦੀ ਅਰਦਾਸ ਕਰਵਾ ਦਿੱਤੀ ਹੋਈ ਸੀ ਪਰ ਅਜੇ ਗੁਰੁਦਵਾਰਾ ਰਾੜਾ ਸਾਹਿਬ ਦੇ ਨਾਮ 'ਤੇ ਰਜਿਸਟਰੀ ਨਹੀਂ ਸੀ ਕੀਤੀ। ਸਿਰਫ਼ ਓਨੀ ਜਗ੍ਹਾ ਜਿੱਥੇ ਤੰਬੂ ਲੱਗਾ ਹੋਇਆ ਸੀ, ਨੂੰ ਛੱਡ ਕੇ ਬਾਕੀ ਜ਼ਮੀਨ 'ਤੇ ਸ. ਅਵਤਾਰ ਸਿੰਘ ਖੇਤੀ ਕਰ ਰਿਹਾ ਸੀ। ਤੰਬੂ ਵਾਲੀ ਜਗ੍ਹਾ ਦੇ ਆਸੇ ਪਾਸੇ ਰੁੱਖ ਹੀ ਰੁੱਖ ਸਨ ਜਿਹਨਾਂ 'ਚੋਂ ਬਹੁਗਿਣਤੀ ਸਫੈਦਿਆਂ ਦੀ ਹੀ ਸੀ। ਸੰਤ ਸਾਰਾ ਦਿਨ ਤੰਬੂ ਵਿਚ ਬੈਠੇ ਭਗਤੀ ਕਰਦੇ ਰਹਿੰਦੇ, ਇਕਾਗਰ ਚਿਤ ਹੋ ਹਰੀ ਉਸਤਤ ਕਰਦੇ ਰਹਿੰਦੇ।

ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ ॥
ਸਾਵਧਾਨ ਏਕਾਗਰ ਚੀਤ ॥ (ਮ:5-295)

ਇਕ ਛਿਨ ਮਾਤਰ ਬਿਰਤੀ ਦੀ ਇਕਾਗਰਤਾ ਹਰੀ ਜਸ ਵਿਚ ਲੱਗਣ ਦਾ ਫਲ ਕਰੋੜ ਅਸ਼ਮੇਧ ਯੱਗਾਂ ਦਾ ਫਲ ਹੈ। ਮਨ ਵਿਚ ਜਿੰਨੀ ਇਕਾਗਰਤਾ ਵਧੇਗੀ ਓਨਾ ਹੀ ਵਧੇਰੇ ਸ਼ਾਂਤੀ ਅਤੇ ਸੁੱਖ ਹੋਵੇਗਾ। ਗੁਰ ਮੰਤਰ ਅਤੇ ਗੁਰੂ ਸਰੂਪ ਦੇ ਧਿਆਨ ਵਿਚ ਮਨ ਬਾਰਾਂ ਸਕਿੰਟ ਟਿਕ ਜਾਵੇ ਤਾਂ ਇਕ ਧਾਰਨਾ ਕਹਾਉਂਦੀ ਹੈ। ਬਾਰਾਂ ਧਾਰਨਾਵਾਂ ਦਾ ਇਕ ਧਿਆਨ ਹੁੰਦਾ ਹੈ ਜੋ ਕਿ ਇਕ ਸੌ ਚੁਤਾਲੀ ਸਕਿੰਟ ਜਾਂ ਲਗਭਗ ਢਾਈ ਮਿੰਟ ਦਾ ਹੁੰਦਾ ਹੈ। ਬਾਰਾਂ ਧਿਆਨਾਂ ਦੀ ਇਕ ਸਮਾਧੀ ਹੁੰਦੀ ਹੈ ਤਕਰੀਬਨ ਅੱਧਾ ਘੰਟਾ ਬਿਰਤੀ ਦੀ ਇਕਾਗਰਤਾ ਦਾ ਨਾਮ ਸਮਾਧੀ ਹੈ। ਪਰ ਸੰਤ ਤੀਰਥ ਸਿੰਘ ਜੀ ਤਾਂ ਕਈ ਕਈ ਘੰਟੇ ਸਮਾਧੀ ਵਿਚ ਲੀਨ ਰਹਿੰਦੇ ਸਨ। ਮਨ ਐਸਾ ਪ੍ਰਮੇਸ਼ਰ ਦੇ ਚਰਨਾਂ ਵਿਚ ਜੋੜਦੇ ਕਿ ਖਾਣ ਦੀ ਵੀ ਸੁਧ ਨਾ ਰਹਿੰਦੀ। ਆਪ ਫੁਲਕਾ ਤਾਂ ਪਹਿਲਾਂ ਹੀ ਇਕ ਵੇਲੇ ਛਕਦੇ ਸਨ ਜੋ ਸ. ਮੇਵਾ ਸਿੰਘ ਸਾਰੋਬਾਦ ਦੇ ਘਰੋਂ ਆਉਂਦਾ ਸੀ। ਕਦੇ ਕਦੇ ਫੁਲਕੇ ਦੀ ਬਜਾਏ ਦਲੀਆ ਵੀ ਛੱਕ ਲੈਂਦੇ ਸਨ। ਜੋ ਇਕ ਵਾਰ ਦਾ ਫੁਲਕਾ ਜਾਂ ਦਲੀਆ ਆਉਂਦਾ ਉਹ ਵੀ ਤੰਬੂ ਦੇ ਬਾਹਰ ਪਿਆ ਰਹਿੰਦਾ। ਜਦ ਜੀਅ ਕਰਦਾ ਉੱਠਕੇ ਖਾ ਲੈਂਦੇ। ਇਕ ਬਾਰ ਸੇਵਕਾਂ ਨੇ ਵੇਖਿਆ ਕਿ ਤੰਬੂ ਦੇ ਬਾਹਰ ਪਿਆ ਦਲੀਆ ਜਾਨਵਰ ਖਾ ਰਹੇ ਸਨ। ਇਸਦਾ ਮਤਲਬ ਕਿ ਜੇ ਦਲੀਆ ਜਾਨਵਰ ਖਾ ਗਏ ਤਾਂ ਸੰਤ ਅਗਲੇ 24 ਘੰਟੇ ਹੋਰ ਫਾਕਾ ਕੱਟਣਗੇ। ਸੰਤਾਂ ਦਾ ਆਹਾਰ ਭੋਜਨ ਨਹੀਂ ਸੀ, ਨਾਮ ਸੀ, ਗਿਆਨ ਸੀ।



ਜਨ ਕੀ ਭੂਖ ਤੇਰਾ ਨਾਮੁ ਆਹਾਰੁ ॥
ਤੂੰ ਦਾਤਾ ਪ੍ਰਭ ਦੇਵਣਹਾਰ ॥ (ਮ:5-743)

ਸ਼ਾਮ ਦੀ ਚਾਹ ਭਾਈ ਸਬੇਗ ਸਿੰਘ ਜਾਂ ਭਾਈ ਹਰਬੰਸ ਸਿੰਘ ਦੇ ਘਰੋਂ ਆਉਂਦੀ ਸੀ। ਅਜੇ ਪਾਣੀ ਦਾ ਕੋਈ ਸਾਧਨ ਨਹੀਂ ਸੀ। ਨਜ਼ਦੀਕ ਹੀ ਸ. ਸੋਹਣ ਸਿੰਘ ਹੁਣਾਂ ਦੀ ਮੋਟਰ ਸੀ ਜੋ ਸੰਤ ਇਸ਼ਨਾਨ ਕਰਨ ਲਈ ਵਰਤਦੇ ਸਨ। ਸੰਤ ਰਾਤ ਦੇ ਪਹਿਲੇ ਪਹਿਰ ਇਸ਼ਨਾਨ ਕਰਨ ਉਪਰੰਤ ਨਿਤਨੇਮ ਕਰਿਆ ਕਰਦੇ ਸਨ। ਸ਼ਾਮ ਨੂੰ ਰਹਿਰਾਸ ਸਾਹਿਬ ਦਾ ਪਾਠ ਭਾਈ ਸਬੇਗ ਸਿੰਘ ਤੋਂ ਸੁਣਿਆ ਕਰਦੇ ਸਨ। ਸੰਤ ਬਾਬਾ ਤੀਰਥ ਸਿੰਘ ਜੀ ਨੂੰ ਸੇਵਾ ਮਿਲਣ ਤੋਂ ਪਹਿਲਾਂ ਸ਼ਾਮ ਚੁਰਾਸੀ ਇਲਾਕੇ ਦੀ ਜ਼ਿੰਮੇਵਾਰੀ ਜਥੇਦਾਰ ਬਾਬਾ ਮਹਿੰਦਰ ਸਿੰਘ ਜੀ ਰਾੜਾ ਸਾਹਿਬ ਕੋਲ ਹੋਇਆ ਕਰਦੀ ਸੀ। ਜਥੇਦਾਰ ਸਾਹਿਬ ਜਦ ਭਗਤ ਜੀ ਨੂੰ ਮਿਲਣ ਸ਼ਾਮ ਚੁਰਾਸੀ ਆਏ ਤਾਂ ਆਪ ਨੇ ਉਹਨਾਂ ਦੀ ਖ਼ਿਦਮਤ ਵਿਚ ਪਲਕਾਂ ਵਿਛਾ ਦਿੱਤੀਆਂ। ਸੰਤ ਬਾਬਾ ਮਹਿੰਦਰ ਸਿੰਘ ਜੀ ਸ੍ਰੇਸ਼ਟ ਭਜਨੀਕ ਸਨ। ਭਜਨੀਕ ਪੁਰਸ਼ ਚਾਰ ਪ੍ਰਕਾਰ ਦੇ ਹੁੰਦੇ ਹਨ:-

1. ਕਨਿਸ਼ਟ ਭਜਨੀਕ:- ਭਜਨ ਪਾਠ ਕਰਨ ਵੇਲੇ ਜਿਨਾਂ ਦਾ ਮਨ ਨਹੀਂ ਟਿਕਦਾ। ਉਹਨਾਂ ਨੂੰ ਕਨਿਸ਼ਟ ਭਜਨੀਕ ਕਿਹਾ ਜਾਂਦਾ ਹੈ। ਨਾ ਕਰਨ ਵਾਲਿਆਂ ਨਾਲੋਂ ਬਹੁਤ ਹੀ ਚੰਗੇ ਹਨ।
2. ਮੱਧਮ ਭਜਨੀਕ:- ਭਜਨ ਕਰਨ ਵੇਲੇ ਮਨ ਨੂੰ ਰੋਕਦੇ ਹਨ। ਕਦੇ ਕਦੇ ਟਿਕ ਜਾਂਦਾ ਹੈ।
3. ਉੱਤਮ ਭਜਨੀਕ:- ਮਨ ਭਜਨ ਵੇਲੇ ਅੱਛਾ ਟਿਕਦਾ ਹੈ। ਸ਼ਾਂਤੀ ਮਿਲਦੀ ਹੈ।
4. ਸ੍ਰੇਸ਼ਟ ਭਜਨੀਕ:- ਬ੍ਰਹਮ ਗਿਆਨੀ ਪ੍ਰਮੇਸ਼ਰ ਦਾ ਰੂਪ ਹੀ ਹੋ ਗਏ ਹਨ। ਹੌਲੀ ਹੌਲੀ ਕਨਿਸ਼ਟ ਭਜਨੀਕ ਤੋਂ ਸ੍ਰੇਸ਼ਟ ਭਜਨੀਕ ਬਣ ਜਾਈਦਾ ਹੈ ਪਰ ਸ਼ੌਂਕ ਨਾਲ ਲੱਗੇ ਰਹਿਣ ਦੀ ਲੋੜ ਹੁੰਦੀ ਹੈ।

ਸੰਤ ਬਾਬਾ ਮਹਿੰਦਰ ਸਿੰਘ ਜੀ ਦਾ ਆਪ ਨੇ ਬਹੁਤ ਇੱਜ਼ਤ ਮਾਣ ਕੀਤਾ। ਜਥੇਦਾਰ ਬਾਬਾ ਮਹਿੰਦਰ ਸਿੰਘ ਨੇ ਆਪਣੀ ਜ਼ਿੰਮੇਵਾਰੀ ਬਾਬਾ ਤੀਰਥ ਸਿੰਘ ਜੀ ਨੂੰ ਸੌਂਪ ਦਿੱਤੀ ਅਤੇ ਨਾਲ ਹੀ ਬਚਨ ਕੀਤਾ ਕਿ ਹੁਣ ਥੋੜ੍ਹਾ ਜਿਹਾ ਕੀਰਤਨ ਵੀ ਕਰਿਆ ਕਰੋ।

ਹਰਿ ਕੀਰਤਿ ਕਲਜੁਗਿ ਪਦੁ ਊਤਮੁ
ਹਰਿ ਪਾਈਐ ਸਤਿਗੁਰ ਮਾਝਾ ॥ (ਮ:4-697)

ਜਦ ਸੇਵਕਾਂ ਨੇ ਸ. ਅਵਤਾਰ ਸਿੰਘ ਨਾਲ ਜ਼ਮੀਨ ਦੀ ਰਜਿਸਟਰੀ ਕਰਨ ਦੀ ਗੱਲ ਕੀਤੀ ਤਾਂ ਉਸਦਾ ਮਨ ਬਦਲ ਚੁੱਕਾ ਸੀ। ਉਹ ਜ਼ਮੀਨ ਦੇਣ ਤੋਂ ਮੁਕਰ ਗਿਆ ਅਤੇ ਸੰਤਾਂ ਦੀ ਮੁਖ਼ਾਲਫ਼ਤ ਕਰਨ ਲੱਗਾ। ਇੱਥੋਂ ਤੱਕ ਕੇ ਸੰਤਾਂ ਨੂੰ ਬੁਰਾ ਭਲਾ ਕਹਿਣੋਂ ਵੀ ਨਾ ਟਲਿਆ। ਜਦ ਸੇਵਕਾਂ ਨੇ ਸੰਤਾਂ ਨੂੰ ਆ ਕੇ ਦੱਸਿਆ ਤਾਂ ਸੰਤ ਚੁੱਪ ਰਹੇ, ਇਕ ਸ਼ਬਦ ਵੀ ਫ਼ਾਲਤੂ ਨਾ ਬੋਲਿਆ ਕਿਉਂਕਿ ਸੰਤਾਂ ਲਈ ਤਾਂ ਹਰ ਬੰਦਾ ਪਵਿੱਤਰ ਚਿਤ ਹੀ ਸੀ। ਸਾਧ ਦੀ ਦ੍ਰਿਸ਼ਟੀ ਵਿਚ ਸਭ ਸਾਧ ਹੀ ਹੁੰਦੇ ਹਨ।

ਬੁਰਾ ਨਹੀ ਸਭ ਭਲਾ ਹੀ ਹੈ ਰੇ ॥ (ਮ:5-1302)

ਪਰ ਇਹ ਸੰਤਾਂ ਦੀ ਨਿਮਰਤਾ ਨੂੰ ਕਮਜ਼ੋਰੀ ਦਾ ਨਾਮ ਦਿੰਦੇ ਸਨ ਅਤੇ ਅਭਿਮਾਨ ਨਾਲ ਕਣਕ ਵੀ ਵੱਢ ਕੇ ਲੈ ਗਏ। ਸ. ਅਵਤਾਰ ਸਿੰਘ ਦੀ ਧਰਮ ਪਤਨੀ ਬੀਬੀ ਗੁਰਮੇਜ ਕੌਰ ਸਿਦਕ ਦੀ ਪੱਕੀ ਔਰਤ ਸੀ। ਉਹ ਸੰਤਾਂ ਦੇ ਸਾਹਾਂ ਨਾਲ ਵਿਸਮਦੀ ਸੀ ਅਤੇ ਆਪ ਨੂੰ ਸੰਤ ਬਾਬਾ ਈਸ਼ਰ ਸਿੰਘ ਜੀ ਦਾ ਰੂਪ ਕਰਕੇ ਜਾਣਦੀ ਸੀ। ਜ਼ਮੀਨ ਵੀ ਉਸਦੇ ਨਾਮ ਸੀ ਅਤੇ ਉਸਨੇ ਗੁਰਦਵਾਰਾ ਰਾੜਾ ਸਾਹਿਬ ਦੇ ਨਾਮ ਕਰਨ ਦਾ ਪੱਕਾ ਮਨ ਬਣਾਇਆ ਹੋਇਆ ਸੀ। ਉਸਨੇ ਭਾਈ ਸਬੇਗ ਸਿੰਘ, ਸ. ਦੀਵਾਨ ਸਿੰਘ ਲੰਬੜਦਾਰ (ਸ਼ਾਮ ਚੁਰਾਸੀ), ਭਾਈ ਨਾਜਰ ਸਿੰਘ ਅਤੇ ਭਾਈ ਹਰਬੰਸ ਸਿੰਘ ਦੀ ਮਦਦ ਨਾਲ 2 ਏਕੜ ਜ਼ਮੀਨ ਗੁਰਦਵਾਰਾ ਰਾੜਾ ਸਾਹਿਬ ਦੇ ਨਾਮ ਕਰ ਦਿੱਤੀ।

ਸੰਤਾ ਦੇ ਕਾਰਜਿ ਆਪਿ ਖਲੋਇਆ
ਹਰਿ ਕੰਮੁ ਕਰਾਵਣਿ ਆਇਆ ਰਾਮ ॥ (ਮ:5-783)

ਪ੍ਰਮਾਤਮਾ ਨੇ ਐਸੀ ਕਿਰਪਾ ਕੀਤੀ ਕਿ ਰਜਿਸਟਰੀ ਵਾਲਾ ਕਾਰਜ ਨੇਪਰੇ ਚੜ੍ਹ ਗਿਆ। ਬੇਸ਼ੱਕ ਸੰਤਾਂ ਨੂੰ ਸ਼ਾਮ ਚੁਰਾਸੀ ਆਇਆਂ ਕਈ ਮਹੀਨੇ ਹੋ ਗਏ ਸਨ ਪਰ ਅਜੇ ਤੱਕ ਤੰਬੂ ਵਿਚ ਹੀ ਰਹਿ ਰਹੇ ਸਨ। ਜ਼ਮੀਨ ਦੀ ਰਜਿਸਟਰੀ ਹੋਣ ਨਾਲ ਸੰਤਾਂ ਲਈ ਭੋਰਾ ਛੱਤਣ ਦਾ ਰਾਹ ਪੱਧਰਾ ਹੋ ਗਿਆ।



# ਜਿਸ ਕਾ ਕਾਰਜ ਤਿਨ ਹੀ ਕੀਆ

ਚੰਗੇ ਕੰਮ ਦਾ ਉਦਮ ਕਰਨ ਵਾਲੇ ਲੋਕ ਹਮੇਸ਼ਾਂ ਚੰਗੇ ਹੀ ਨਹੀਂ ਹੁੰਦੇ। ਪ੍ਰਮਾਤਮਾ ਮਾਨਵਤਾ ਦੇ ਭਲੇ ਲਈ ਬੁਰਿਆਂ ਤੋਂ ਵੀ ਚੰਗਿਆਈਆਂ ਕਰਵਾ ਲੈਂਦਾ ਹੈ, ਪਾਪੀਆਂ ਨੂੰ ਪੁੰਨਾਂ ਲਈ ਯਤਨਸ਼ੀਲ ਕਰ ਲੈਂਦਾ ਹੈ, ਉਨਿਆ ਦੇ ਹੱਥ ਵੀ ਪੂਰਨਤਾ ਦਾ ਠੂਠਾ ਫੜਾ ਦਿੰਦਾ ਹੈ। ਸੰਤਾਂ ਨੂੰ ਸ਼ਾਮ ਚੁਰਾਸੀ ਲਿਆਉਣ ਦੇ ਮੋਹਰੀਆਂ ਵਿਚ ਵੀ ਕਈ ਅਜਿਹੇ ਲੋਕ ਸਨ ਜੋ ਗੱਲਾਂ ਹੀ ਵਧੀਆਂ ਕਰਦੇ ਸਨ ਪਰ ਕਰਨੀ ਵਿਚ ਬਹੁਤ ਬੌਣੇ ਸਨ। ਵੇਖਣ ਨੂੰ ਇਨਸਾਨ ਲੱਗਦੇ ਸਨ ਪਰ ਇਨਸਾਨੀਅਤ ਤੋਂ ਬਹੁਤ ਕੋਰੇ ਸਨ।

ਗਲੀ ਅਸੀ ਚੰਗੀਆ ਆਚਾਰੀ ਬੁਰੀਆਹ ॥
ਮਨਹੁ ਕੁਸੁਧਾ ਕਾਲੀਆ ਬਾਹਰਿ ਚਿਟਵੀਆਹ ॥ (ਮ:1-85)

ਨਾਸਮਝ ਪ੍ਰਮਾਤਮਾ ਦੀ ਰਜ਼ਾ ਨੂੰ ਸਮਝ ਨਹੀਂ ਸਕੇ ਸਨ। ਵਿਧਾਤਾ ਦੇ ਵਿਧਾਨ ਵਿਚ ਦਖ਼ਲਅੰਦਾਜ਼ੀ ਦੀ ਜ਼ੁਅਰਤ ਕਰ ਰਹੇ ਸਨ। ਜਿਸਨੂੰ ਪ੍ਰਮਾਤਮਾ ਨੇ ਇਲਾਕੇ ਦੀ ਭਲਾਈ ਲਈ ਚੁਣਿਆ ਸੀ, ਜਿਸਨੂੰ ਲੋਕਾਂ 'ਤੇ ਪਰਉਪਕਾਰ ਲਈ ਮੁਕਰੱਰ ਕੀਤਾ ਸੀ ਉਸਨੂੰ ਹੀ ਕੱਢਣ ਦੀਆਂ ਤਰਕੀਬਾਂ ਬਣਾ ਰਹੇ ਸਨ, ਅਨੇਕ ਤਰੀਕਿਆਂ ਨਾਲ ਪ੍ਰੇਸ਼ਾਨ ਕਰ ਰਹੇ ਸਨ, ਰਾਤ ਸਮੇਂ ਤੰਬੂ ਦੇ ਇਰਦ ਗਿਰਦ ਫਾਇਰ ਕਰਕੇ ਡਰਾ ਰਹੇ ਸਨ ਕਿ ਸੰਤ ਭੈਅ ਖਾ ਕੇ ਚਲੇ ਜਾਣ। ਪਰ ਜੋ ਮਾਲਕ ਦਾ ਹੋ ਗਿਆ, ਜਿਸਨੂੰ ਮਾਲਕ ਨੇ ਆਪਣਾ ਬਣਾ ਲਿਆ, ਉਸਨੂੰ ਡਰ ਕਾਹਦਾ।

ਤਿਸ ਤੇ ਊਪਰਿ ਨਾਹੀ ਕੋਇ ॥
ਕਉਣੁ ਡਰੈ ਡਰੁ ਕਿਸ ਕਾ ਹੋਇ ॥ (ਮ:3-842)

ਰੱਬ ਦੇ ਪਿਆਰੇ ਨਾ ਤਾਂ ਕਿਸੇ ਤੋਂ ਡਰਦੇ ਹਨ ਅਤੇ ਨਾ ਹੀ ਕਿਸੇ ਨੂੰ ਡਰਾਉਂਦੇ ਹਨ।

ਕਹੁ ਕਬੀਰ ਸੁਖਿ ਸਹਜਿ ਸਮਾਵਉ ॥
ਆਪ ਨਾ ਡਰਉ ਨ ਅਵਰ ਡਰਾਵਓ ॥
(ਕਬੀਰ ਜੀ, 327)

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨਿ ॥
(ਮ:9-1427)

ਡਰਾਉਂਦੇ ਇਸ ਲਈ ਨਹੀਂ ਕਿ ਪ੍ਰਮਾਤਮਾ ਦੇ ਭਾਣੇ ਵਿਚ ਰਹਿੰਦੇ ਹਨ ਅਤੇ ਡਰਦੇ ਇਸ ਲਈ ਨਹੀਂ ਕਿ

ਗੁਰੁ ਮੇਰੈ ਸੰਗਿ ਸਦਾ ਹੈ ਨਾਲੈ ॥

ਬੇਸ਼ੱਕ ਸੰਤਾਂ ਨੂੰ ਸੇਵਕ ਆ ਆ ਕੇ ਦੱਸਦੇ ਕਿ ਕੌਣ ਲੋਕ ਪ੍ਰੇਸ਼ਾਨ ਕਰ ਰਹੇ ਸਨ ਪਰ ਸੰਤ ਕਿਸੇ ਨੂੰ ਮੰਦਾ ਨਾ ਬੋਲਦੇ।

ਪਰ ਕਾ ਬੁਰਾ ਨ ਰਾਖਹੁ ਚੀਤ ॥
ਤੁਮ ਕਉ ਦੁਖੁ ਨਹੀ ਭਾਈ ਮੀਤ ॥ (ਮ:5-386)

ਸੰਤਾਂ ਦੇ ਹਿਰਦੈ ਵਿਚ ਤਾਂ ਬੁਰਾਈ ਲਈ ਕੋਈ ਥਾਂ ਹੀ ਨਹੀਂ ਸੀ। ਚਾਰੇ ਪਾਸੇ ਭਲਾਈ ਹੀ ਭਲਾਈ ਸੀ। ਸੰਤਾਂ ਨੂੰ ਨਿੰਦਕਾਂ ਨਾਲ ਨਹੀਂ ਸੀ, ਭਜਨ ਬੰਦਗੀ ਨਾਲ ਸੀ, ਸਾਂਈ ਦੇ ਨਾਮ ਨਾਲ ਸੀ।

ਚੋਰ ਕਰਨ ਨਿਤ ਚੋਰੀਆਂ। ਅਮਲੀ ਨੂੰ ਅਮਲਾਂ ਦੀਆਂ ਘੋੜੀਆਂ।
ਕਾਮੀ ਨੂੰ ਚਿੰਤਾਂ ਕਾਮ ਦੀ। ਅਸਾਂ ਤਲਬ ਸਾਂਈ ਦੇ ਨਾਮ ਦੀ।
(ਸ਼ਾਹ ਹੁਸੈਨ ਜੀ)

ਰਜਿਸਟਰੀ ਹੋਣ ਨਾਲ ਜਿਉਂ ਹੀ ਭੋਰਾ ਬਣਨ ਦੇ ਯਤਨ ਸ਼ੁਰੂ ਹੋਏ, ਦੋਖੀਆਂ ਨੇ ਸੰਤਾਂ ਨੂੰ ਕੱਢਣ ਦੀਆਂ ਕੋਸ਼ਿਸ਼ਾਂ ਵੀ ਤੇਜ਼ ਕਰ ਦਿੱਤੀਆਂ ਸਨ। ਭਾਈ ਨਾਜਰ ਸਿੰਘ ਨੇ ਸੰਤ ਬਾਬਾ ਕਿਸ਼ਨ ਸਿੰਘ ਜੀ ਦੇ ਬਚਨਾ ਅਨੁਸਾਰ ਭੋਰਾ ਤਿਆਰ ਕਰਨ ਲਈ ਲੋੜੀਂਦਾ ਸਾਮਾਨ ਮੰਗਵਾ ਦਿੱਤਾ। ਵਿਰੋਧੀ ਜਾਣਦੇ ਸਨ ਕਿ ਜੇ ਇਕ ਵਾਰੀ ਭੋਰਾ ਤਿਆਰ ਹੋ ਗਿਆ ਸੰਤਾਂ ਨੂੰ ਏਥੋਂ ਕੱਢਣਾ ਬਹੁਤ ਮੁਸ਼ਕਲ ਹੋ ਜਾਵੇਗਾ। ਇਸ ਲਈ ਭੋਰਾ ਹੀ ਰੋਕਣਾ ਪਵੇਗਾ। ਜਦ ਸੰਗਤ ਭੋਰਾ ਪੱਟਣ ਲੱਗੀ ਤਾਂ ਇਕ ਪ੍ਰੇਮੀ ਜੋ ਸ਼ਰ੍ਹੇਆਮ ਸੰਤਾਂ ਦੀ ਮੁਖ਼ਾਲਫ਼ਤ ਕਰਦਾ ਸੀ ਭੋਰਾ ਰੋਕਣ ਲਈ ਆ ਗਿਆ ਅਤੇ ਭੋਰਾ ਪੱਟਣੋਂ ਰੁਕਵਾ ਦਿੱਤਾ। ਪ੍ਰਮਾਤਮਾ ਦੀ ਮੌਜ ਕਿ ਇਹ ਸਭ ਨਜ਼ਾਰਾ ਸਾਹਮਣੇ ਮੋਟਰ 'ਤੇ ਬੈਠੇ ਸੋਹਣ ਸਿੰਘ ਅਤੇ ਗੁਲਵੰਤ ਸਿੰਘ ਸਰਪੰਚ ਵੇਖ ਰਹੇ ਸਨ। ਭਗਤਾਂ ਦਾ ਕਾਰਜ ਸੀ ਪ੍ਰਮਾਤਮਾ ਨੇ ਆਪ ਸਹਾਈ ਹੋਣਾ ਸੀ, ਰੁਕ ਕਿਵੇਂ ਸਕਦਾ ਸੀ।

ਜਿਸ ਕਾ ਕਾਰਜੁ ਤਿਨ ਹੀ ਕੀਅ ਮਾਣਸੁ ਕਿਆ ਵੇਚਾਰਾ ਰਾਮ ॥
(ਮ:5-784)

ਭਗਤ ਤਾਂ ਪ੍ਰਮਾਤਮਾ ਅੱਗੇ ਅਰਦਾਸ ਕਰਦੇ ਹਨ, ਕਾਰਜ ਰਾਸ ਆਉਣ



ਦੀ, ਮਿਹਰ ਤਾਂ ਮਿਹਰਾਂ ਵਾਲੇ ਨੇ ਹੀ ਕਰਨੀ ਹੁੰਦੀ ਹੈ।

ਸੁਖ ਦਾਤਾ ਭੈ ਭੰਜਨੋ ਤਿਸੁ ਆਗੈ ਕਰਿ ਅਰਦਾਸਿ ॥
ਮਿਹਰ ਕਰੇ ਜਿਸੁ ਮਿਹਰਵਾਨੁ ਤਾਂ ਕਾਰਜੁ ਆਵੈ ਰਾਸਿ ॥ (ਮ:5-44)

ਪ੍ਰਮਾਤਮਾ ਵੀ ਬੰਦਿਆਂ ਰਾਹੀਂ ਹੀ ਸਹਾਈ ਹੁੰਦਾ ਹੈ। ਜਦ ਸੋਹਣ ਸਿੰਘ ਅਤੇ ਗੁਲਵੰਤ ਸਿੰਘ ਨੇ ਇਹ ਸਭ ਕੁਝ ਵੇਖਿਆ ਤਾਂ ਉਹਨਾਂ ਕੋਲੋਂ ਰਿਹਾ ਨਾ ਗਿਆ, ਮੋਟਰ ਤੋਂ ਉੱਠਕੇ ਆ ਗਏ ਅਤੇ ਦੋਖੀ ਨੂੰ ਕਹਿੰਦੇ, "ਅਸੀਂ ਭੋਰਾ ਪੁੱਟ ਕੇ ਵਿਖਾਉਂਦੇ ਹਾਂ ਤੂੰ ਰੋਕ ਕੇ ਵਿਖਾ।"

ਹੱਥਾਂ ਬਾਝ ਕਰਾਰਿਆਂ ਵੈਰੀ ਹੋਇ ਨਾ ਮਿੱਤ

ਇਸਨੇ ਜਦ ਅੱਗੇ ਬਰਾਬਰ ਦੀ ਧਿਰ ਵੇਖੀ ਤਾਂ ਸੱਪ ਦੀ ਸਿਰੀ ਵਾਂਗ ਫੁੰਕਾਰੇ ਮਾਰਦਾ ਫਨ, ਦਬਕੇ ਦੇ ਡੰਡੇ ਨਾਲ ਧਰਤੀ 'ਤੇ ਸਪਾਟ ਪਸਰ ਗਿਆ। ਕਲੀ ਵਾਂਗ ਬੰਦ ਆਇਆ ਸੀ ਫੁੱਲ ਵਾਂਗ ਬਿਖਰ ਗਿਆ। ਹੌਂਸਲਾ ਪਸਤ ਹੋ ਗਿਆ। ਮੁੜ 'ਰੁਕ ਜਾਓ' ਕਹਿਣ ਦੀ ਹਿੰਮਤ ਨਾ ਪਈ ਅਤੇ ਘਰ ਵੱਲ ਨੂੰ ਤੁਰ ਪਿਆ। ਭੋਰਾ ਤਾਂ ਪੱਟ ਹੋਣਾ ਮੁੜ ਆਰੰਭ ਹੋ ਗਿਆ ਪਰ ਸੰਤਾਂ ਦੇ ਮਨ ਨੂੰ ਬਹੁਤ ਠੇਸ ਪਹੁੰਚੀ। ਬਹੁਤ ਦੁਖੀ ਹੋਏ। ਮਨ ਉਪਰਾਮ ਹੋ ਗਿਆ ਕਿ ਅਸੀਂ ਕੀ ਲੈਣਾ ਇਹਨਾਂ ਜ਼ਮੀਨਾਂ ਜਾਇਦਾਦਾਂ ਤੋਂ। ਸਾਡਾ ਮੰਤਵ ਤਾਂ ਪ੍ਰਮਾਤਮਾ ਦਾ ਨਾਮ ਜਪਾਉਣਾ ਹੈ ਇਮਾਰਤਾਂ ਬਣਾਉਣਾ ਨਹੀਂ। ਸਾਡੇ ਲਈ ਤਾਂ ਛੱਪਰੀ ਦੀ ਵੀ ਓਨ੍ਹੀ ਹੀ ਅਹਿਮੀਅਤ ਹੈ ਜਿੰਨੀ ਕਿ ਸੰਗਮਰਮਰ ਨਾਲ ਬਣੇ ਮਹਿਲ ਦੀ। ਅਸੀਂ ਏਥੇ ਕਲਾ ਕਲੇਸ਼ ਵਿਚ ਰਹਿ ਕੇ ਕੀ ਕਰਨਾ ਹੈ। ਸਾਡਾ ਘਰ ਤਾਂ ਈਸ਼ਰਪੁਰੀ ਵਿਚ ਹੈ, ਈਰਖਾਪੁਰੀ ਵਿਚ ਨਹੀਂ। ਮਨ ਉਪਰਾਮ ਹੋ ਗਿਆ। ਸੰਤਾਂ ਨੇ ਇਸ ਬਾਬਤ ਸੰਤ ਬਾਬਾ ਕਿਸ਼ਨ ਸਿੰਘ ਜੀ ਨੂੰ ਬੇਨਤੀ ਕਰਨ ਜਾਣ ਦਾ ਮਨ ਬਣਾ ਲਿਆ।

ਆਈ ਮੌਜ ਫਕੀਰ ਦੀ, ਦੀਆ ਝੌਂਪੜਾ ਫੂਕ ॥
ਚੁੱਕ ਕੁਮੰਡਲ ਚਲ ਦੀਏ, ਚਾਹੇ ਕੋਈ ਮਾਰੇ ਕੂਕ ॥

ਜਦ ਭਾਈ ਸਬੇਗ ਸਿੰਘ ਅਤੇ ਕੁਝ ਹੋਰ ਪ੍ਰੇਮੀਆਂ ਨੂੰ ਇਸ ਗੱਲ ਦੀ ਭਿਣਕ ਪਈ ਤਾਂ ਇਹਨਾਂ ਨੇ ਮੌਕਾ ਸਾਂਭਣ ਵਿਚ ਦੇਰ ਨਾ ਕੀਤੀ ਅਤੇ ਚਰਨਾਂ 'ਤੇ ਢਹਿ ਪਏ। ਭਾਈ ਸਬੇਗ ਸਿੰਘ ਨੇ ਤਦ ਤੱਕ ਪੈਰ ਨਹੀਂ ਛੱਡੇ ਜਦ ਤੱਕ ਸੰਤ ਏਥੇ ਰਹਿਣ ਲਈ ਰਾਜੀ ਨਹੀਂ ਹੋ ਗਏ। 12' × 12' ਭੋਰਾ ਪੱਟਿਆ ਗਿਆ। ਕੰਧਾਂ ਬਣਨ ਤੋਂ ਬਾਦ ਭੋਰਾ ਛੱਤ ਪਾ ਕੇ ਤਿਆਰ ਕੀਤਾ ਗਿਆ ਅਤੇ ਮਹਾਂਪੁਰਸ਼ਾਂ ਨੇ

ਭੋਰੇ ਵਿਚ ਨਿਵਾਸ ਕਰ ਲਿਆ।

ਸੂਖ ਮਹਲ ਜਾ ਕੇ ਊਚ ਦੁਆਰੇ ॥
ਤਾ ਮਹਿ ਵਾਸਹਿ ਭਗਤ ਪਿਆਰੇ ॥ (ਮ:5-739)

ਭੋਰਾ ਛੱਤ ਕੇ ਦੇਣ ਦੇ ਨਾਲ ਨਾਲ ਸੰਗਤ ਨੇ ਸੰਤਾਂ ਨੂੰ ਪਾਣੀ ਲਈ ਨਲਕਾ ਵੀ ਲਗਵਾ ਕੇ ਦਿੱਤਾ। ਭੋਰਾ ਰੋਕਣ ਵਾਲੇ ਵਾਕਿਆ ਤੋਂ ਬਾਦ ਭਾਈ ਸੁਬੇਗ ਸਿੰਘ ਰਾਤ ਪੱਕਾ ਹੀ ਸੰਤਾਂ ਕੋਲ ਰਹਿਣ ਲੱਗ ਪਿਆ। ਸ. ਸੋਹਣ ਸਿੰਘ ਜਿਸ ਦਾ ਘਰ ਨਜ਼ਦੀਕ ਹੀ ਸੀ, ਨੇ ਵੀ ਡਟਕੇ ਸੰਤਾਂ ਨੂੰ ਸਹਿਯੋਗ ਦੇਣਾ ਸ਼ੁਰੂ ਕਰ ਦਿੱਤਾ।



# ਹਰਿ ਕੋ ਭਜੇ ਸੋ ਹਰਿ ਕਾ ਹੋਏ

ਜਦ ਦਾ ਭੋਰਾ ਬਣਿਆ ਸੰਤਾਂ ਨੇ ਬਹੁਤਾ ਸਮਾਂ ਭੋਰੇ ਵਿਚ ਹੀ ਬਿਤਾਉਣਾ ਸ਼ੁਰੂ ਕਰ ਦਿੱਤਾ ਸੀ। ਚੌਂਕੜਾ ਮਾਰ ਕੇ ਜਦ ਨੇਤਰ ਬੰਦ ਕਰ ਲੈਂਦੇ ਤਾਂ ਕਈ ਕਈ ਘੰਟੇ ਸਮਾਧੀ ਵਿਚ ਬੈਠਿਆ ਹੀ ਲੰਘ ਜਾਂਦੇ। ਪੂਰਬ ਕਰਮਾਂ ਦੀ ਭਗਤੀ ਸਾਥ ਦੇ ਰਹੀ ਸੀ।

ਆਠ ਪਹਰ ਪਾਰਬ੍ਰਹਮ ਧਿਆਈਐ ॥
ਪੂਰਬਿ ਲਿਖਤੁ ਹੋਇ ਤਾ ਪਾਈਐ ॥ (ਮ:5-744)

ਸੰਤਾਂ ਦੇ ਲੇਖਾਂ ਵਿਚ ਤਾਂ ਧੁਰੋਂ ਹੀ ਫ਼ਕੀਰੀ ਲਿਖੀ ਹੋਈ ਸੀ। ਫ਼ਕੀਰੀ ਉਰਦੂ ਦਾ ਲਫ਼ਜ਼ ਹੈ ਜੋ ਫ਼ੇ-ਕਾਫ਼-ਯੇ-ਰੇ ਚਾਰ ਅੱਖਰਾਂ ਦੇ ਸੁਮੇਲ ਤੋਂ ਬਣਦਾ ਹੈ। ਫ਼ਕੀਰੀ ਵਿਚ 'ਫ਼ੇ' ਦਾ ਸੰਸਾਰ ਨੂੰ ਫ਼ਨਾਹ ਰੂਪ ਜਾਣਦਾ ਹੈ।

ਜਿਉ ਸੁਪਨਾ ਅਰੁ ਪੇਖਨਾ ਐਸੇ ਜਗ ਕਉ ਜਾਨਿ ॥
ਇਨ ਮੈ ਕਛੁ ਸਾਚੋ ਨਹੀਂ ਨਾਨਕ ਬਿਨੁ ਭਗਵਾਨ ॥ (ਮ:9-1427)

ਕਾਫ਼ (ਕਨਾਇਤ) 'ਚੋਂ ਸੰਤੋਖ ਧਾਰਨ ਕਰਨਾ, ਲਾਲਚ ਨਹੀਂ ਕਰਨਾ।

ਸੰਤ ਸੰਤੋਖੁ ਦਇਆ ਕਮਾਵੈ ਏਹ ਕਰਣੀ ਸਾਰ ॥
(ਮ:5-51)

ਲੋਭ ਵਿਕਾਰ ਜਿਨਾ ਮਨੁ ਲਾਗਾ ਹਰਿ ਵਿਸਰਿਆ ਪੁਰਖੁ ਚੰਗੇਰਾ ॥
(ਮ:3-516)

'ਯੇ' ਤੋਂ ਪ੍ਰਮੇਸ਼ਰ ਦੀ ਯਾਦ ਵਿਚ ਹਰ ਸਮੇਂ ਜੁੜੇ ਰਹਿਣਾ।

ਸਾਸਿ ਸਾਸਿ ਨ ਘੜੀ ਵਿਸਰੈ ਪਲੁ ਮੂਰਤੁ ਦਿਨੁ ਰਾਤੇ ॥
(ਮ:5-247)

ਗਗਾ ਗੋਬਿਦ ਗੁਣ ਰਵਹੁ ਸਾਸਿ ਸਾਸਿ ਜਪਿ ਨੀਤ ॥
(ਮ:1-596)

'ਰੇ' ਉਸ ਨੂੰ ਸਾਰੇ ਪਾਸੇ ਰਮਿਆ ਜਾਨਣਾ, ਸਰਵ ਵਿਆਪਕ ਮੰਨਣਾ।

ਅੰਡਜ ਜੇਰਜ ਉਤਭੁਜ ਸੇਤਜ ਤੇਰੇ ਕੀਤੇ ਜੰਤਾ ॥
ਏਕੁ ਪੁਰਬੁ ਮੈਂ ਤੇਰਾ ਦੇਖਿਆ ਤੂੰ ਸਭਨਾ ਮਹਿ ਰਵੰਤਾ ॥
(ਮ:1-596)

ਸਭ ਗੋਬਿੰਦੁ ਹੈ ਸਭੁ ਗੋਬਿੰਦੁ ਹੈ ਗੋਬਿੰਦ ਬਿਨੁ ਨਹੀ ਕੋਈ ॥
ਸੂਤੁ ਏਕੁ ਮਣਿ ਸਤ ਸਹੰਸ ਜੈਸੇ ਓਤਿ ਪੋਤਿ ਪ੍ਰਭ ਸੋਈ ॥
(ਨਾਮਦੇਵ ਜੀ, 485)

ਫ਼ਕੀਰੀ ਤਿੰਨ ਪ੍ਰਕਾਰ ਦੀ ਹੁੰਦੀ ਹੈ:-

1. ਲੇਖ ਦੀ 2. ਭੇਖ ਦੀ 3. ਪਿੱਛਾ ਮੁੜ ਮੁੜ ਦੇਖਦੀ

1. ਲੇਖ ਦੀ ਫ਼ਕੀਰੀ ਉਹ ਜਿਹਨਾਂ ਦੇ ਮਸਤਕ ਵਿਚ ਧੁਰੋਂ ਹੀ ਫ਼ਕੀਰੀ ਲਿਖੀ ਹੁੰਦੀ ਹੈ। ਸਾਰੇ ਸੁੱਖਾਂ ਅਤੇ ਪਦਾਰਥਾਂ ਦਾ ਤਿਆਗ ਕਰਕੇ ਗੋਪੀ ਚੰਦ ਅਤੇ ਭਰਥਰੀ ਹਰੀ ਵਰਗੇ ਭਗਤ ਕੇਵਲ ਪ੍ਰਮੇਸ਼ਰ ਪ੍ਰਾਪਤ ਕਰਨ ਲਈ ਫ਼ਕੀਰ ਬਣੇ।
2. ਭੇਖ ਦੀ ਫ਼ਕੀਰੀ ਉਹ ਹੁੰਦੀ ਹੈ ਜਿਸਦੇ ਅੰਦਰ ਤਾਂ ਗੁਣ ਨਾ ਹੋਣ, ਕੇਵਲ ਸਾਧੂਆਂ ਦਾ ਭੇਖ ਧਾਰਨ ਕਰਕੇ ਚਿਲੇ ਕੱਟਕੇ ਸਿੱਧੀ ਪ੍ਰਾਪਤ ਕਰਕੇ ਫ਼ਕੀਰ ਬਣ ਜਾਂਦੇ ਹਨ।
3. ਪਿੱਛਾ ਮੁੜ ਮੁੜ ਵੇਖਣ ਵਾਲੀ ਫ਼ਕੀਰੀ ਅਧੀਨ ਮੰਦ ਵੈਰਾਗੀ ਦੇ ਲੱਛਣ ਹੁੰਦੇ ਹਨ। ਕਿਸੇ ਕਾਰਨ ਘਰੋਂ ਸਾਧ ਦੇ ਡੇਰੇ ਆ ਗਿਆ ਤੇ ਕੁਝ ਦਿਨ ਠਹਿਰਕੇ ਮੁੜ ਪਿਛਲਿਆਂ ਦੀ ਉਡੀਕ ਕਰਨ ਲੱਗ ਗਿਆ।

ਸੰਤਾਂ ਵਿਚ ਤਾਂ ਲੇਖ ਦੀ ਫ਼ਕੀਰੀ ਸੀ। ਸੰਤ ਫ਼ੱਕਰਾਂ ਵਾਂਗ ਬਹੁਤ ਘੱਟ ਬਚਨ ਕਰਿਆ ਕਰਦੇ ਸਨ ਕਿਉਂਕਿ ਭਰਿਆ ਹੋਇਆ ਭਾਂਡਾ ਡੋਲਦਾ ਨਹੀਂ।

ਕਹਿਤ ਕਬੀਰ ਛੂਛਾ ਘਟ ਬੋਲੇ ॥
ਭਰਿਆ ਹੋਇ ਸੋ ਕਬਹੁੰ ਨਾ ਡੋਲੇ ॥

ਜਿਸਨੇ ਸੰਤ ਬਾਬਾ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲਿਆਂ ਦਾ ਵਚਨ ਪੁਗਾਇਆ ਹੋਵੇ, ਜਿਸਨੂੰ ਸੰਤ ਬਾਬਾ ਕਿਸ਼ਨ ਸਿੰਘ ਜੀ ਵਰਗੇ ਜੌਹਰੀਆਂ ਨੇ 'ਹੀਰਾ' ਆਖਕੇ ਸ਼ਾਮ ਚੁਰਾਸੀ ਦੀ ਸੰਗਤ ਦੀ ਝੋਲੀ ਪਾਇਆ ਹੋਵੇ, ਉਸਦੀ ਕੀਮਤ ਦਾ ਅੰਦਾਜ਼ਾ ਤਾਂ ਸਹਿਜੇ ਹੀ ਲਾਇਆ ਜਾ ਸਕਦਾ ਸੀ।

ਵਡਾ ਵਡਿਆਈਆਂ ਨਾ ਕਰੇ, ਵਡਾ ਨਾ ਬੋਲੇ ਬੋਲ।
ਹੀਰਾ ਮੂੰਹੋਂ ਨਾ ਆਖਦਾ : ਲੱਖ ਅਸਾਡਾ ਮੋਲ।

ਬੇਸ਼ੱਕ ਸੰਤਾਂ ਨੂੰ ਏਥੇ ਰਹਿੰਦਿਆਂ ਕਾਫੀ ਸਮਾਂ ਹੋ ਗਿਆ ਸੀ ਪਰ ਅਜੇ ਲੋਕਾਂ ਨੇ ਉਹਨਾਂ ਦੀ ਕੀਮਤ ਨਹੀਂ ਸੀ ਪਾਈ, ਬਣਦਾ ਇੱਜ਼ਤ ਮਾਣ ਨਹੀਂ ਸੀ



ਦਿੱਤਾ। ਕੀਮਤ ਵੀ ਉਹੀ ਪਾ ਸਕਦਾ ਹੈ ਜਿਸਨੂੰ ਪਰਖ ਹੋਵੇ। ਸੁਜਾਖਿਆਂ ਦੇ ਸ਼ਹਿਰ ਵਿਚ ਤਾਂ ਸ਼ੀਸ਼ੇ ਹੱਥੋਂ ਹੱਥ ਵਿਕ ਜਾਂਦੇ ਹਨ ਪਰ ਅੰਨ੍ਹਿਆਂ ਕੋਲ ਤਾਂ ਸ਼ੀਸ਼ੇ ਬਾਰੇ ਜ਼ਿਕਰ ਕਰਨਾ ਵੀ ਬੇਅਰਥ ਹੁੰਦਾ ਹੈ, ਅਰਥਹੀਣ ਹੁੰਦਾ ਹੈ। ਅੰਨ੍ਹਿਆਂ ਨੂੰ ਸ਼ੀਸ਼ੇ ਵੇਚਣ ਤੋਂ ਪਹਿਲਾਂ ਅੱਖਾਂ ਵੀ ਦੇਣੀਆਂ ਪੈਂਦੀਆਂ ਹਨ। ਉਂਝ ਵੀ ਸਾਡੇ ਲੋਕ ਸਿਆਣੇ ਦੀ ਗੱਲ ਤੋਂ ਓਨੇ ਪ੍ਰਭਾਵਿਤ ਨਹੀਂ ਹੁੰਦੇ ਜਿੰਨਾਂ ਮੂਰਖ ਦੀ ਚੀਕ ਪ੍ਰਤੀ ਆਕਰਸ਼ਿਤ ਹੋ ਜਾਂਦੇ ਹਨ। ਪਰ ਸੰਤਾਂ ਦਾ ਤਾਂ ਮਿਸ਼ਨ ਹੀ ਅਗਿਆਨੀਆਂ ਨੂੰ ਗਿਆਨ ਦੀਆਂ ਅੱਖਾਂ ਦੇਣੀਆਂ ਸੀ। ਉਨ੍ਹਾਂ ਵਿਚ ਇਹ ਸਮਰੱਥਾ ਸੀ, ਕਿਉਂਕਿ ਸੰਤ ਤਾਂ ਫ਼ਕੀਰ ਸਨ ਪੂਰਨ ਫ਼ਕੀਰ।

ਉਦਰ ਸਮਾਤਾ ਅਨ ਲੈ ਤਨਹਿ ਸਮਾਤਾ ਚੀਰ ॥
ਅਧਿਕਹਿ ਸੰਗ੍ਰਹਿ ਨਾ ਕਰੈ ਤਾ ਕਾ ਨਾਮ ਫਕੀਰ ॥ (ਕਬੀਰ ਬਾਣੀ)

ਸੰਤ ਜਦ ਬਚਨ ਕਰਦੇ ਤਾਂ ਇਸ ਤਰ੍ਹਾਂ ਲੱਗਦਾ ਜਿਵੇਂ ਮੂੰਹ ਵਿਚੋਂ ਫੁੱਲ ਝੜ ਰਹੇ ਹੋਣ ਜਾਂ ਕਿਸੇ ਨੇ ਦਿਲਾਂ ਨੂੰ ਛੂਹ ਜਾਣ ਵਾਲੀ ਜਾਦੂਮਈ ਸੁਰ ਛੇੜ ਦਿੱਤੀ ਹੋਵੇ ਜਾਂ ਅਕਹਿ ਘਾਟੀ 'ਚੋਂ ਅੰਮ੍ਰਿਤ ਝਰ ਰਿਹਾ ਹੋਵੇ।

ਅੰਮ੍ਰਿਤ ਬਚਨ ਸਾਧ ਕੀ ਬਾਣੀ ॥
(ਮ:5-744)

ਭਗਤਾ ਮੁਖਿ ਅੰਮ੍ਰਿਤ ਹੈ ਬਾਣੀ ॥
(ਮ:4-1070)

ਇੰਨਾ ਮਿੱਠਾ ਬੋਲਦੇ ਕਿ ਸੁਣਨ ਵਾਲੇ ਦਾ ਮਨ ਸ਼ੀਤਲ ਹੋ ਜਾਂਦਾ।

ਐਸੀ ਬਾਣੀ ਬੋਲੀਐ ਮਨ ਕਾ ਆਪਾ ਖੋਇ ॥
ਔਰਨ ਕੋ ਸੀਤਲ ਕਰੇ ਆਪੁ ਸੀਤਲ ਹੋਏ ॥ (ਕਬੀਰ ਬਾਣੀ)

ਸੰਤਾਂ ਨੂੰ ਮਿਲਦਿਆਂ ਹੀ ਏਦਾਂ ਮਹਿਸੂਸ ਹੁੰਦਾ ਜਿਵੇਂ ਕੋਈ ਦੁੱਖ ਰਿਹਾ ਹੀ ਨਾ ਹੋਵੇ, ਜਿਵੇਂ ਜਨਮ ਮਰਨ ਦੀ ਪੀੜ ਵੀ ਮਿਟ ਗਈ ਹੋਵੇ।

ਸਾਧ ਮਿਲੇ ਸਭ ਦੁਖ ਗਏ, ਨਿਰਮਲ ਭਏ ਸਰੀਰ ॥
ਬਚਨ ਸੁਣਤ ਹੀ ਮਿਟ ਗਈ ਜਨਮ ਮਰਨ ਦੀ ਪੀੜ ॥

ਸੰਤ ਮਿਲਣ ਵਾਲੇ ਅਭਿਲਾਸ਼ੀਆਂ ਨਾਲ ਏਨੇ ਮਿੱਠੇ ਬਚਨ ਕਰਦੇ ਕਿ ਸਭ ਮੰਤਰ ਮੁਗਧ ਹੀ ਹੋ ਜਾਂਦੇ। ਜਦ ਇਸ ਦਰ 'ਤੇ ਸਿਰ ਝੁਕਾ ਦਿੰਦੇ ਤਾਂ ਕਿਤੇ ਹੋਰ ਝੁਕਣ ਦੀ ਲੋੜ ਹੀ ਨਾ ਰਹਿੰਦੀ। ਇਨਸਾਨ ਤਦ ਤੱਕ ਹੀ ਦਰ ਦਰ ਭਟਕਦਾ ਹੈ

ਜਦ ਤੱਕ ਮਨ ਵਿਚ ਭਾਲ ਰਹਿੰਦੀ ਹੈ। ਜਦ ਭਾਲ ਖ਼ਤਮ ਹੋ ਜਾਂਦੀ ਹੈ ਤਾਂ ਇਕੋ ਦਰ ਦਾ ਹੀ ਹੋ ਜਾਂਦਾ ਹੈ। ਸਭ ਇਸੇ ਦਰ ਦੇ ਹੋ ਜਾਂਦੇ। ਸਭ ਦੇ ਮਨ ਵਿਚ ਬੜੀ ਜਗਿਆਸਾ ਹੁੰਦੀ ਸੰਤਾਂ ਦਾ ਨਾਮ ਜਾਨਣ ਦੀ। ਪਰ ਸੰਤ ਕਿਸੇ ਨਾਲ ਆਪਣੇ ਬਾਰੇ ਬਚਨ ਹੀ ਨਹੀਂ ਕਰਿਆ ਕਰਦੇ ਸਨ। ਲੋਕ ਸੰਤਾਂ ਨੂੰ 'ਭੋਰੇ ਵਾਲੇ ਸੰਤ' ਜਾਂ 'ਭਗਤ ਜੀ' ਦੇ ਨਾਮ ਨਾਲ ਹੀ ਜਾਣਦੇ ਸਨ। ਜਦ ਕੋਈ ਸੰਤਾਂ ਨੂੰ ਨਾਮ ਪੁੱਛਦਾ ਤਾਂ ਮੁਸਕਰਾ ਕੇ ਕਹਿੰਦੇ, "ਪ੍ਰਸ਼ਾਦਾ ਛੱਕ ਕੇ ਪਾਣੀ ਪੀ ਲੈਣਾ, ਇਹੋ ਸਾਡਾ ਨਾਮ ਹੈ।" ਜਦ ਕੋਈ ਗਿਰਾਂ ਬਾਰੇ ਪੁੱਛਦਾ ਤਾਂ ਕਹਿੰਦੇ, "ਸ਼ਾਮ ਚੁਰਾਸੀ ਸਾਡਾ ਪਿੰਡ ਹੈ ਮੁਹੱਦੀਪੁਰ ਸਾਡੇ ਨਾਨਕੇ।" ਕਿਸੇ ਵਿਚ ਹੋਰ ਕੁਝ ਪੁੱਛਣ ਦੀ ਹਿੰਮਤ ਹੀ ਨਾ ਰਹਿੰਦੀ। ਵੈਸੇ ਵੀ ਨਾਮ ਕਿਸੇ ਦੀ ਪਹਿਚਾਣ ਨਹੀਂ ਹੋ ਸਕਦੀ, ਪਹਿਚਾਣ ਤਾਂ ਹੁੰਦੀ ਹੈ ਅੰਦਰਦੀ ਰੌਸ਼ਨੀ।

ਹੀਰੇ, ਜ਼ਮੁਰਦ, ਨੀਲਮ ਰੀਠੇ ਜਿਹੇ ਨੇ ਭਾਵੇਂ,
ਪੈਂਦਾ ਹੈ ਮੁੱਲ ਆਖਰ ਅੰਦਰਦੀ ਰੌਸ਼ਨੀ ਦਾ।

ਗੁਲਾਬ ਨਾਮ ਕਰਕੇ ਨਹੀਂ ਜਾਣਿਆ ਜਾਂਦਾ ਸਗੋਂ ਖ਼ੁਸ਼ਬੂ ਕਰਕੇ ਪਹਿਚਾਣਿਆ ਜਾਂਦਾ ਹੈ। ਨਾਮ ਬਦਲਣ ਨਾਲ ਇਸਦੀ ਖ਼ੁਸ਼ਬੂ ਨਹੀਂ ਬਦਲਦੀ। ਸੰਤ ਤਾਂ ਸੰਤ ਹੁੰਦੇ ਹਨ, ਹਰੀ ਦਾ ਰੂਪ ਹੁੰਦੇ ਹਨ, ਹਰੀ ਦਾ ਨਾਮ ਹੀ ਚਲਾਉਂਦੇ ਹਨ।

ਕਹੁ ਨਾਨਕ ਸਭ ਤੇਰੀ ਵਡਿਆਈ ਕੋਈ ਨਾਉ ਨ ਜਾਣੈ ਮੇਰਾ ॥
(ਮ:5-383)

ਸੰਤ ਤਾਂ ਭਗਤ ਰਵਿਦਾਸ ਜੀ ਵਾਂਗਰ ਬੇਗਮਪੁਰ ਸ਼ਹਿਰ ਦੇ ਵਾਸੀ ਸਨ।

ਬੇਗਮਪੁਰ ਸਹਰ ਕਾ ਨਾਮ ॥
ਫਿਕਰ ਅੰਦੇਸ ਨਹੀ ਤਿਹਿ ਗ੍ਰਾਮ ॥ (ਰਵਿਦਾਸ ਜੀ, 345)

ਜੋ ਬੇਗਮਪੁਰ ਸ਼ਹਿਰ ਵਿਚ ਵਸ ਜਾਂਦਾ ਹੈ ਉਹ ਸੰਸਾਰਕ ਰਿਸ਼ਤੇ ਨਹੀਂ ਰੱਖਦਾ। ਕਿਉਂਕਿ

ਮਾਤ ਪਿਤਾ ਸੁਤ ਬੰਧਪਾ ਕੂੜੇ ਸਭੇ ਸਾਕ ॥ (ਮ:5-47)

ਸੱਚਾ ਰਿਸ਼ਤਾ ਤਾਂ ਆਪਣੇ ਗੁਰੂ ਨਾਲ ਆਪਣੇ ਪ੍ਰਮਾਤਮਾ ਨਾਲ ਹੀ ਹੋ ਸਕਦਾ ਹੈ। ਇਸੇ ਲਈ ਸੰਤਾਂ ਨੇ ਆਪਣੇ ਪਾਸਪੋਰਟ 'ਤੇ ਵੀ ਪਿਤਾ ਦਾ ਨਾਮ ਸੰਤ ਬਾਬਾ ਈਸ਼ਰ ਸਿੰਘ ਲਿਖਾਇਆ। ਸੰਤ ਜੀ ਹੀ ਤਾਂ ਉਨ੍ਹਾਂ ਦੇ ਸਭ ਕੁਝ ਸਨ।



ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ ॥
ਤੂੰ ਮੇਰਾ ਬੰਧਪ ਤੂੰ ਮੇਰਾ ਭਰਾਤਾ ॥
(ਮ:5-103)

ਤੁਮਹਿ ਪਿਤਾ ਤੁਮ ਹੀ ਫੁਨਿ ਮਾਤਾ ਤੁਮਹਿ ਮੀਤ ਹਿਤ ਭ੍ਰਾਤਾ ॥
ਤੁਮ ਪਰਵਾਰ ਤੁਮਹਿ ਆਧਾਰਾ ਤੁਮਹਿ ਜੀਅ ਪ੍ਰਾਨਦਾਤਾ ॥
(ਮ:5-1215)

ਜੋ ਗੁਰਮੁਖ ਸੱਚ ਨੂੰ ਪਹਿਚਾਣ ਲੈਂਦਾ ਹੈ ਉਸ ਲਈ ਮਾਤਾ ਪਿਤਾ ਘਰ ਪਰਿਵਾਰ ਸਭ ਪ੍ਰਮੇਸ਼ਰ ਹੀ ਹੋ ਜਾਂਦਾ ਹੈ।

ਗੁਰਮੁਖਿ ਸਾਚਾ ਸਬਿਦ ਪਛਾਤਾ ॥ ਨਾ ਤਿਸੁ ਕੁਟੰਬੁ ਨਾ ਤਿਸੁ ਮਾਤਾ ॥
ਏਕੋ ਏਕੁ ਰਵਿਆ ਸਭ ਅੰਤਰਿ ਸਭਨਾ ਜੀਆ ਕਾ ਆਧਾਰੀ ਹੇ ॥
(ਮ:3-1051)

ਐਸੇ ਪਹੁੰਚੇ ਹੋਏ ਸਾਧੂ ਦਾ ਕੋਈ ਨਾਮ ਨਹੀਂ ਹੁੰਦਾ ਕੋਈ ਜਾਤ ਨਹੀਂ ਹੁੰਦੀ ਕਿਉਂਕਿ

ਜਾਤਿ ਪਾਤਿ ਨਾ ਪੁਛੇ ਕੋਇ ॥
ਹਰਿ ਕੋ ਭਜੇ ਸੋ ਹਰਿ ਕਾ ਹੋਇ ॥

ਸੰਤ ਸੱਚੇ ਫਕੀਰ ਸਨ। ਸੱਚਾ ਫਕੀਰ ਨਾ ਤਾਂ ਆਪਣੇ ਬਾਰੇ ਕਿਸੇ ਨੂੰ ਦੱਸਦਾ ਹੈ ਅਤੇ ਨਾ ਹੀ ਦੂਜੇ ਬਾਰੇ ਜਾਨਣ ਦੀ ਕੋਸ਼ਿਸ਼ ਕਰਦਾ ਹੈ।

ਜਿਹੜਾ ਵਤਨ ਤੇ ਜਾਤ ਵੱਲ ਧਿਆਨ ਰੱਖੇ
ਦੁਨੀਆਦਾਰ ਹੈ ਉਹ, ਦਰਵੇਸ਼ ਕੇਹਾ ? (ਵਾਰਸ ਸ਼ਾਹ)

ਕਿਉਂਕਿ ਜਾਤ ਜਨਮ ਤੋਂ ਨਹੀਂ ਕਰਮ ਤੋਂ ਪਛਾਣੀ ਜਾਂਦੀ ਹੈ।

ਜਾਤਿ ਜਨਮੁ ਨਹ ਪੁਛੀਐ ਸਚ ਘਰੁ ਲੇਹੁ ਬਤਾਇ ॥
ਸਾ ਜਾਤਿ ਸਾ ਪਤਿ ਹੈ ਜੇਹੇ ਕਰਮ ਕਮਾਇ ॥ (ਮ:1-1330)

ਕਰਮ ਹੀ ਐਸੇ ਸਾਧੂਆਂ ਦੀ ਜਾਤ ਦੀ ਪਹਿਚਾਣ ਹੁੰਦੇ ਹਨ। ਕੁਲ ਵੀ ਉਹੋ ਹੀ ਭਲੀ ਹੁੰਦੀ ਹੈ ਜਿੱਥੇ ਸੰਤ ਤੀਰਥ ਸਿੰਘ ਜੀ ਵਰਗੇ ਮਹਾਂਪੁਰਸ਼ ਜਨਮ ਲੈਂਦੇ ਹਨ।

ਕਬੀਰ ਸੋਈ ਕੁਲ ਭਲੀ ਜਾ ਕੁਲ ਹਰਿ ਕੋ ਦਾਸੁ ॥
ਜਿਹ ਕੁਲ ਦਾਸੁ ਨ ਊਪਜੈ ਸੋ ਕੁਲ ਢਾਕੁ ਪਲਾਸ ॥ (ਕਬੀਰ ਜੀ, 1370)

ਜਿੱਥੇ ਵੀ ਕੁਲ ਨੂੰ ਭਾਗ ਲਾਉਣ ਵਾਲੇ ਮਹਾਂਪੁਰਸ਼ ਆਸਣ ਲਾ ਲੈਂਦੇ ਹਨ ਉਹ ਧਰਤੀ ਮਾਣਮਤੀ ਹੋ ਜਾਂਦੀ ਹੈ, ਧੰਨ ਹੋ ਜਾਂਦੀ ਹੈ। ਸ਼ਾਮ ਚੁਰਾਸੀ ਦੀ ਧਰਤੀ ਵੀ ਅਜਿਹਾ ਭਜਨ ਬੰਦਗੀ ਵਾਲਾ ਸਾਧੂ ਪਾ ਕੇ ਪੂਜਣਯੋਗ ਹੋ ਚੁੱਕੀ ਸੀ। ਸੰਤ ਏਨੀ ਉੱਚ ਅਵਸਥਾ ਦੇ ਮਾਲਕ ਸਨ ਕਿ ਘੱਟ ਸੌਣਾ ਅਤੇ ਘੱਟ ਬੋਲਣਾ ਤਾਂ ਪਹਿਲਾਂ ਹੀ ਧਾਰਣ ਕੀਤਾ ਹੋਇਆ ਸੀ।

ਹਉ ਤਿਸੁ ਘੋਲ ਘੁਮਾਇਆ ਥੋੜਾ ਸਵੈ ਥੋੜਾ ਹੀ ਖਾਵੈ ॥

(ਭਾਈ ਗੁਰਦਾਸ ਜੀ)

ਇਸਦੇ ਬਾਵਜੂਦ ਕਦੇ ਕਦੇ ਸਵਾ-ਸਵਾ ਮਹੀਨੇ ਲਈ ਮੌਨ ਵੀ ਰੱਖ ਲੈਂਦੇ ਸਨ। ਉਹਨਾਂ ਦਿਨਾਂ ਵਿਚ ਸੰਗਤ ਦੀ ਆਵਾਜਾਈ ਘੱਟ ਹੁੰਦੀ ਸੀ। ਸੰਤਾਂ ਕੋਲ ਕੋਈ ਹੁੰਦਾ ਵੀ ਨਹੀਂ ਸੀ ਜੇ ਕਦੇ ਲੋੜ ਪੈਂਦੀ ਤਾਂ ਨਜ਼ਦੀਕ ਤੋਂ ਸ. ਸੋਹਣ ਸਿੰਘ ਨੂੰ ਬੁਲਾ ਲੈਂਦੇ ਅਤੇ ਇਸ਼ਾਰੇ ਨਾਲ ਸਾਰੀ ਗੱਲਬਾਤ ਸਮਝਾ ਦਿੰਦੇ। ਸੰਤਾਂ ਨੇ ਅਨੇਕ ਵਾਰ ਮੌਨ ਰੱਖਿਆ। ਇਕ ਵਾਰ ਸੰਤ ਮੌਨ ਵਿਚ ਸਨ ਕਿ ਰਾੜਾ ਸਾਹਿਬ ਤੋਂ ਇਕ ਸਿੰਘ ਮਿਲਣ ਆ ਗਿਆ। ਜਦ ਸੰਤਾਂ ਦੀ ਦੂਰੋਂ ਹੀ ਉਸਤੇ ਨਿਗ੍ਹਾ ਪਈ ਤਾਂ ਸ. ਸੋਹਣ ਸਿੰਘ ਨੂੰ ਇਸ਼ਾਰੇ ਨਾਲ ਜਲਪਾਣੀ ਛਕਾਉਣ ਦਾ ਸਮਝਾ ਕੇ ਆਪ ਭੋਰੇ ਵਿਚ ਚਲੇ ਗਏ। ਜਦ ਸਿੰਘ ਨੂੰ ਸੰਤਾਂ ਦੇ ਮੌਨ ਬਾਬਤ ਪਤਾ ਲੱਗਿਆ ਤਾਂ ਉਸਨੇ ਜਲ-ਪਾਣੀ ਛਕਣ ਤੋਂ ਇਨਕਾਰ ਕਰ ਦਿੱਤਾ ਅਤੇ ਜ਼ਿਦ ਕੀਤੀ ਕਿ ਜੇ ਮਹਾਂਪੁਰਖ ਮੇਰੇ ਨਾਲ ਬਚਨ ਨਹੀਂ ਕਰਨਗੇ ਤਾਂ ਨਾ ਉਹ ਜਲਪਾਣੀ ਗ੍ਰਹਿਣ ਕਰੇਗਾ ਅਤੇ ਨਾ ਹੀ ਏਥੇ ਰੁਕੇਗਾ। ਉਹ ਬਿਨਾਂ ਜਲਪਾਣੀ ਛਕਿਆਂ ਸੰਤਾਂ ਦੇ ਭੋਰੇ ਦੇ ਅੱਗੇ ਹੱਥ ਜੋੜ ਕੇ ਖੜ੍ਹ ਗਿਆ। ਜਦ ਸੰਤਾਂ ਨੇ ਉਸ ਰੱਬ ਦੇ ਪਿਆਰੇ ਦਾ ਅਕਹਿ ਪ੍ਰੇਮ ਵੇਖਿਆ ਤਾਂ ਖੁਦ ਨੂੰ ਰੋਕ ਨਹੀਂ ਪਾਏ।

ਕਿਤੇ ਮਹਿੰਗੀ ਹੈ ਨਿਹੁੰ ਦੀ ਇਕ ਕਣੀ ਵੀ
ਜਗਤ ਵਿਚ ਮੋਤੀਆਂ ਦੀ ਖਾਨ ਨਾਲੋਂ (ਪ੍ਰਿੰ.ਤਖਤ ਸਿੰਘ)

ਸੰਤ ਬਾਹਰ ਆਏ। ਗੁਰੂ ਮਹਾਰਾਜ ਦੇ ਚਰਨਾਂ ਵਿਚ ਅਰਦਾਸ ਕਰਕੇ ਮੌਨ ਤੋੜਿਆ ਅਤੇ ਜਗਿਆਸੂ ਦਾ ਹਿਰਦਾ ਅੰਮ੍ਰਿਤਮਈ ਬਚਨਾਂ ਨਾਲ ਸ਼ਾਂਤ ਕਰ ਦਿੱਤਾ। ਉਹ ਸਿੰਘ ਸੰਤਾਂ ਕੋਲ 2-3 ਦਿਨ ਰਹਿਣ ਉਪਰੰਤ ਮੁੜ ਰਾੜਾ ਸਾਹਿਬ ਪਰਤ ਗਿਆ। ਸੰਤਾਂ ਦਾ ਅਜਿਹੇ ਲੋਕਾਂ ਨਾਲ ਅਥਾਹ ਪ੍ਰੇਮ ਸੀ ਜੋ ਹਰੀ ਮਹਿਮਾ ਹੀ ਕਰਦੇ ਰਹਿੰਦੇ ਸਨ, ਉਸਦੀਆਂ ਵੱਡਿਆਈਆਂ, ਸਿਫਤ-ਸਲਾਹਾਂ ਕਰਨ ਵਿਚ



ਹੀ ਲੱਗੇ ਰਹਿੰਦੇ ਸਨ।

ਸੋਈ ਹਮਾਰਾ ਮੀਤੁ
ਜੋ ਹਰਿ ਗੁਣ ਗਾਵੈ ਸੋਇ ॥

(ਮ:3-233)

ਹਰਿ ਜਸੁ ਸੁਣੀਐ ਜਿਸ ਤੇ
ਸੋਈ ਭਾਈ ਮਿਤ੍ਰ ॥

(ਮ:5-218)

ਜੋ ਸਾਧੂ ਰੋਮ ਰੋਮ ਨਾਲ ਪ੍ਰਮੇਸ਼ਰ ਨੂੰ ਧਿਆਉਂਦੇ ਹਨ ਉਹਨਾਂ ਦੇ ਸਰੀਰ ਵਿਚ ਪ੍ਰਮਾਤਮਾ ਦਾ ਵਾਸਾ ਹੋ ਜਾਂਦਾ ਹੈ। ਸੰਤਾਂ ਦੇ ਚਾਰ ਥਾਵਾਂ ਤੇ ਪ੍ਰਮੇਸ਼ਰ ਦਾ ਵਾਸਾ ਹੁੰਦਾ ਹੈ:- ਨੇਤਰਾਂ ਵਿਚ, ਹਿਰਦੈ ਵਿਚ, ਰਸਨਾ ਵਿਚ ਅਤੇ ਚਰਨਾਂ ਵਿਚ। ਅਜਿਹੇ ਮਹਾਂਪੁਰਸ਼ਾਂ ਨੂੰ ਤਾਂ ਸਦੈਵ ਨਮਸਕਾਰ ਕਰਨੀ ਚਾਹੀਦਾ ਹੈ।

ਇਕ ਬਾਰ ਭਾਈ ਨਾਜਰ ਸਿੰਘ ਨੇ ਸੰਤਾਂ ਨੂੰ ਪੁੱਛਿਆ ਕਿ ਲੋਕ ਤੁਹਾਨੂੰ ਮੱਥਾ ਕਿਉਂ ਟੇਕਦੇ ਹਨ ਤਾਂ ਸੰਤ ਮੁਸਕਰਾ ਕੇ ਕਹਿੰਦੇ, "ਛੱਡ ਨਾਜਰ ਸਿੰਹਾਂ ਤੈਂ ਕੀ ਲੈਣਾ ਹੈ।" ਜਦ ਇਹ ਨਹੀਂ ਮੰਨਿਆ ਤਾਂ ਸੰਤ ਕਹਿੰਦੇ, "ਭਾਈ ਅਸੀਂ ਤਾਂ ਇਸ ਯੋਗ ਹੀ ਨਹੀਂ ਕਿ ਮੱਥਾ ਟਿਕਾ ਸਕੀਏ, ਅਸੀਂ ਤਾਂ ਮਾਧਿਅਮ ਹਾਂ। ਮੱਥਾ ਸਾਨੂੰ ਨਹੀਂ ਟੇਕ ਹੁੰਦਾ, ਇਹ ਤਾਂ ਗੁਰੂ ਨਾਨਕ ਨੂੰ ਟੇਕ ਹੁੰਦਾ ਹੈ, ਪ੍ਰਮੇਸ਼ਰ ਨੂੰ ਟੇਕ ਹੁੰਦਾ ਹੈ।" ਐਸੀ ਉੱਚ ਅਵਸਥਾ ਤਾਂ ਪ੍ਰਮਾਤਮਾ ਨਾਲ ਅਭੇਦ ਹੋ ਚੁੱਕੇ ਕਿਸੇ ਮਹਾਂਪੁਰਸ਼ ਦੀ ਹੀ ਹੋ ਸਕਦੀ ਹੈ ਜਿੱਥੇ ਮੈਂ ਨਹੀਂ ਸਭ ਤੂੰ ਹੀ ਤੂੰ ਦਿਸਦਾ ਹੈ।

ਜਬ ਹਮ ਹੋਤੇ ਤਬ ਤੂੰ ਨਾਹੀ ਅਬ ਤੂਹੀ ਮੈਂ ਨਾਹੀ ॥
ਅਨਲ ਅਗਮ ਜੈਸੇ ਲਹਰਿ ਮਾਇ ਓਦਧਿ ਜਲ ਕੇਵਲ ਜਲ ਮਾਹੀ ॥

(ਰਵਿਦਾਸ ਜੀ,657)

ਕਬੀਰ ਤੂੰ ਤੂੰ ਕਰਤਾ ਤੂ ਹੂਆ ਮੁਝ ਮਹਿ ਰਹਾ ਨ ਹੂੰ ॥
ਜਬ ਆਪਾ ਪਰ ਕਾ ਮਿਟਿ ਗਇਆ ਜਤ ਦੇਖਉ ਤਤ ਤੂ ॥

(ਕਬੀਰ ਜੀ, 1375)

ਮੈਂ ਵਿਚ ਮੈਂ ਨਹੀਂ ਰਹੀਆ ਕਾਈ।
ਜਬ ਕੀ ਤੁਮ ਸੰਗ ਪ੍ਰੀਤ ਲਗਾਈ।

(ਬਾਬਾ ਬੁੱਲੇਸ਼ਾਹ ਜੀ)

ਰੱਬਾ ਮੇਰੇ ਹਾਲ ਦਾ ਮਹਿਰਮ ਤੂੰ।
ਅੰਦਿਰ ਤੂੰ ਹੈ ਬਾਹਿਰ ਤੂੰ ਹੈ ਰੋਮਿ ਰੋਮਿ ਵਿਚ ਤੂੰ।
ਤੂੰ ਹੈ ਤਾਣਾ ਤੂੰ ਹੈ ਮਾਣਾ ਸਭ ਕਿਛ ਮੇਰਾ ਤੂੰ।
ਕਹੈ ਹੁਸੈਨ ਫਕੀਰ ਨਿਮਾਣਾ ਮੈਂ ਨਾਹੀ ਸਭ ਤੂੰ। (ਸ਼ਾਹ ਹੁਸੈਨ ਜੀ)

ਜਦ ਪ੍ਰਭੂ ਦਾ ਭਗਤ ਇਹ ਸੋਚ ਲਵੇ ਹੈ ਕਿ

ਮੰਦੀ ਹਾਂ ਕਿ ਚੰਗੀ ਹਾਂ
ਭੀ ਸਾਹਿਬ ਤੇਰੀ ਬੰਦੀ ਹਾਂ (ਸ਼ਾਹ ਹੁਸੈਨ ਜੀ)

ਤਾਂ ਉਹ ਪ੍ਰਮਾਤਮਾ ਦੇ ਮਨ ਭਾ ਜਾਂਦਾ ਹੈ

ਜੋ ਤਿਸੁ ਭਾਵੈ ਸੋ ਪਰਵਾਣੁ ॥ (ਮ:5-743)

ਜੋ ਪਰਵਾਣ ਹੋ ਜਾਵੇ ਉਹ ਸੰਤ ਪਦ ਨੂੰ ਪ੍ਰਾਪਤ ਹੋ ਜਾਂਦਾ ਹੈ। ਜਿਸ ਤਰ੍ਹਾਂ ਸੰਤ ਬਾਬਾ ਤੀਰਥ ਸਿੰਘ ਜੀ ਹੋ ਗਏ ਸਨ।



# ਰਾਮਦਾਸ ਸਰੋਵਰ ਨਾਤੇ

ਰੋਗੀ ਤਾਂ ਅਸੀਂ ਸਾਰੇ ਹੀ ਹਾਂ। ਜਾਂ ਤਾਂ ਮਾਨਸਿਕ ਤੌਰ 'ਤੇ ਜਾਂ ਫਿਰ ਸਰੀਰਕ ਤੌਰ 'ਤੇ। ਫਰਕ ਸਿਰਫ਼ ਇੰਨਾ ਹੈ ਕਿ ਸਰੀਰਕ ਰੋਗ ਤਾਂ ਸਾਨੂੰ ਦਿਖ ਜਾਂਦੇ ਹਨ ਪਰ ਮਾਨਸਿਕ ਰੋਗ ਵੇਖਣ ਲਈ ਸੂਖਮ ਦ੍ਰਿਸ਼ਟੀ ਚਾਹੀਦੀ ਹੈ ਜੋ ਸਾਡੇ ਕੋਲ ਹੁੰਦੀ ਨਹੀਂ। ਮਨ ਦੇ ਰੋਗ ਹਨ-ਕਾਮ, ਕਰੋਧ, ਲੋਭ, ਮੋਹ, ਅਹੰਕਾਰ। ਕਿੰਨਾ ਚੰਗਾ ਹੁੰਦਾ ਜੇ ਇਹਨਾਂ ਨੂੰ ਨਾਪਣ ਦੇ ਵੀ ਯੰਤਰ ਬਣੇ ਹੁੰਦੇ। ਘੱਟੋ-ਘੱਟ ਅਸੀਂ ਸਰੀਰ ਦੇ ਨਾਲ ਨਾਲ ਮਾਨਸਿਕ ਤੌਰ 'ਤੇ ਵੀ ਤੰਦਰੁਸਤ ਹੋ ਪਾਉਂਦੇ। ਸੰਸਾਰ ਵਿਚ ਜੋ ਵੀ ਦਿਸਦਾ ਹੈ, ਰੋਗੀ ਹੈ, ਰੋਗ ਤੋਂ ਬਿਨਾਂ ਸਤਿਗੁਰ ਹੀ ਹੈ। ਗੁਰੂ ਸਾਹਿਬ ਦਾ ਫੁਰਮਾਨ ਹੈ:-

ਜੋ ਜੋ ਦੀਸੈ ਸੋ ਸੋ ਰੋਗੀ ॥
ਰੋਗ ਰਹਿਤ ਮੇਰਾ ਸਤਿਗੁਰੁ ਜੋਗੀ ॥ (ਮ:5-1140)

ਅਸੀਂ ਮਾਨਸਿਕ ਰੋਗੀ ਹਾਂ, ਪਰ ਆਪਣੇ ਆਪ ਨੂੰ ਅਰੋਗ ਸਮਝਦੇ ਹਾਂ ਕਿਉਂਕਿ ਜੋ ਹੈ ਉਹ ਦਿਖਦਾ ਨਹੀਂ, ਜੋ ਦਿਖਦਾ ਹੈ ਉਹ ਹੈ ਨਹੀਂ। ਪ੍ਰਛਾਵੇਂ ਹਨ, ਭਰਮ ਹਨ, ਵਹਿਮਾਂ ਦੇ ਮਹਿਲ ਹਨ ਜੋ ਅਸੀਂ ਆਪਣੇ ਚੌਗਿਰਦੇ ਉਸਾਰ ਲਏ। ਦਿਖਦਾ ਕੀ ਹੈ- ਸਰੀਰਕ ਰੋਗ। ਅਸੀਂ ਮਾਨਸਿਕ ਤੌਰ 'ਤੇ ਅਰੋਗ ਹੋਣ ਲਈ ਕਦੇ ਅਰਦਾਸ-ਬੇਨਤੀ ਹੀ ਨਹੀਂ ਕੀਤੀ। ਬਸ ਸਰੀਰਕ ਕਸ਼ਟ ਸਮੇਂ ਹੀ ਪ੍ਰਮਾਤਮਾ ਅਰਾਧਦੇ ਹਾਂ ਅਤੇ ਸਤਿਪੁਰਖਾਂ ਦੇ ਪਾਸ ਜਾਂਦੇ ਹਾਂ।

ਸਾਕਤ ਮੂੜ ਅਚੇਤ ਨ ਚੇਤਹਿ ਦੁਖੁ ਲਾਗੈ ਤਾ ਰਾਮ ਪੁਕਾਰਾ ਹੇ ॥

ਜਦ ਭੋਰਾ ਅਜੇ ਨਵਾਂ ਨਵਾਂ ਬਣਿਆ ਹੀ ਸੀ ਤਾਂ ਪਿੰਡ ਕਾਠੇ ਅਧਿਕਾਰਿਆਂ ਦਾ ਇਕ ਪ੍ਰੇਮੀ ਅਵਤਾਰ ਸਿੰਘ ਸਪੁੱਤਰ ਸ. ਕਰਮ ਸਿੰਘ ਆਪਣੀ ਬੇਟੀ ਨੂੰ ਸਰੀਰਕ ਕਸ਼ਟ ਕਾਰਨ ਸੰਤਾਂ ਪਾਸ ਲੈ ਕੇ ਆਇਆ। ਇਹ 4-5 ਸਾਲ ਦੀ ਬੱਚੀ ਪੋਲਿਉ ਗ੍ਰਸਤ ਸੀ, ਉੱਠ ਬੈਠ ਵੀ ਨਹੀਂ ਸਕਦੀ ਸੀ। ਚਲਣਾ-ਫਿਰਨਾ ਤਾਂ ਦੂਰ ਦੀ ਗੱਲ ਸੀ। ਸਾਰੀਆਂ ਸਰੀਰਕ ਕ੍ਰਿਆਵਾਂ ਮੰਜੇ 'ਤੇ ਹੀ ਕਰਦੀ ਸੀ। ਘਰ ਦੇ ਬਹੁਤ ਪ੍ਰੇਸ਼ਾਨ ਸਨ। ਮਹਾਂਪੁਰਸ਼ ਅੰਬ ਥੱਲੇ ਸਫ਼ ਵਿਛਾਕੇ ਬੈਠੇ ਸਨ ਅਤੇ ਇਹਨਾਂ ਨੇ ਬੱਚੀ ਆਪ ਦੇ ਚਰਨਾਂ ਵਿਚ ਰੱਖ ਦਿੱਤੀ।

ਮੈਂ ਤਾਣੁ ਦੀਬਾਣੁ ਤੂਹੈ ਮੇਰੇ ਸੁਆਮੀ ਮੈ ਤੁਧੁ ਆਗੈ ਅਰਦਾਸਿ ॥
ਮੈ ਹੋਰੁ ਥਾਉ ਨਾਹੀ ਜਿਸੁ ਪਹਿ ਕਰਉ ਬੇਨੰਤੀ ਮੇਰਾ ਦੁਖੁ ਸੁਖੁ ਤੁਝ ਹੀ ਪਾਸਿ ॥

(ਮ:4-735)

ਮਹਾਂਪੁਰਸ਼ ਕਹਿੰਦੇ ਗੁਰੂ ਨਾਨਕ ਭਲੀ ਕਰੇਗਾ, ਇਹ ਠੀਕ ਤਾਂ ਹੋ ਜਾਵੇਗੀ ਜੇਕਰ ਚੌਥੇ ਗੁਰੂ ਨਾਨਕ ਗੁਰੂ ਰਾਮਦਾਸ ਜੀ ਦੇ ਸਰੋਵਰ ਵਿਚ ਦੁਖ ਭੰਜਨੀ ਬੇਰੀ ਥੱਲੇ ਇਸ਼ਨਾਨ ਕਰਾਕੇ ਲਿਆਵੋਗੇ। ਦੁਖ ਭੰਜਨੀ ਬੇਰੀ ਅਤੇ ਅੰਮ੍ਰਿਤ ਸਰੋਵਰ ਦੀ ਕਥਾ ਵੀ ਨਿਰਾਲੀ ਹੈ।

ਇਕ ਰਾਜੇ ਦੀਆਂ ਸੱਤ ਬੇਟੀਆਂ ਸਨ। ਇਕ ਦਿਨ ਇਸਨੇ ਆਪਣੀਆਂ ਬੇਟੀਆਂ ਨੂੰ ਬੁਲਾਇਆ ਅਤੇ ਪੁੱਛਿਆ 'ਤੁਸੀਂ ਕਿਸ ਦਾ ਦਿੱਤਾ ਖਾਂਦੀਆਂ ਹੋ?' ਖ਼ੁਦੀ ਜਾਗ ਗਈ, ਮਾਣ ਹੋ ਗਿਆ ਕਿ ਮੈਂ ਹੀ ਇਹਨਾਂ ਦਾ, ਸਾਰੇ ਰਾਜ ਦਾ ਦਾਤਾ ਹਾਂ। ਮਾਨਸਿਕ ਰੋਗੀ ਹੋ ਗਿਆ, ਮਨ ਨੂੰ ਹਉਮੈ ਦਾ ਰੋਗ ਲੱਗ ਗਿਆ।

ਨਾਨਕ ਹਉਮੈ ਰੋਗ ਬੁਰੇ ॥

(ਮ:1-1153)

ਤ੍ਰਿਭਵਣ ਢੂਢੀ ਸੱਜਣਾ ਹਉਮੈ ਬੁਰੀ ਜਗਤਿ ॥

(ਮ:3-1088)

ਛੇ ਬੇਟੀਆਂ ਕਹਿੰਦੀਆਂ "ਤੁਹਾਡਾ ਦਿੱਤਾ ਖਾਂਦੀਆਂ ਹਾਂ, ਪਿਤਾ ਜੀ।" ਪਰ ਜਦ ਸੱਤਵੀਂ ਬੇਟੀ ਰਜਨੀ ਦੀ ਵਾਰੀ ਆਈ ਤਾਂ ਇਹ ਕਹਿੰਦੀ "ਪ੍ਰਮਾਤਮਾ ਦਾ ਦਿੱਤਾ ਖਾਂਦੀ ਹਾਂ।" ਰੋਗੀ ਸੀ ਕ੍ਰੋਧਿਤ ਹੋ ਗਿਆ। ਮੈਂ ਇਸਨੂੰ ਰਹਿਣ ਲਈ, ਪਹਿਨਣ-ਖਾਣ ਲਈ, ਐਸ਼ੋ ਇਸ਼ਰਤ ਲਈ ਸਭ ਸਾਧਨ ਦਿੰਦਾ ਹਾਂ ਅਤੇ ਇਹ ਕਹਿੰਦੀ ਹੈ ਕਿ ਪ੍ਰਮਾਤਮਾ ਦਾ ਦਿੱਤਾ ਖਾਂਦੀ ਹਾਂ। ਭੁਲ ਗਿਆ ਕਿ

ਇਕਿ ਦਾਤੇ ਇਕਿ ਭੇਖਾਰੀ ਜੀ
ਸਭਿ ਤੇਰੇ ਚੋਜ ਵਿਡਾਣਾ ॥ (ਮ:4-348)

ਪ੍ਰਮਾਤਮਾ ਵਿਸਾਰ ਦਿੱਤਾ। ਆਪ ਦਾਤਾ ਬਣ ਗਿਆ। ਜਿਸ ਪ੍ਰਮਾਤਮਾ ਨੇ ਰਾਜ ਭਾਗ ਦਿੱਤਾ ਉਸਨੂੰ ਵਿਸਾਰ ਦਿੱਤਾ। ਆਪ ਮਾਲਕ ਬਣ ਗਿਆ। ਮਾਂ-ਬਾਪ ਆਪਣੀਆਂ ਬੇਟੀਆਂ ਲਈ ਉੱਤਮ ਤੋਂ ਉੱਤਮ ਵਰ ਲੱਭਦੇ ਹਨ ਪਰ ਇਸਨੇ ਨਖਿੱਧ ਤੋਂ ਨਖਿੱਧ ਵਰ ਲੱਭਿਆ। ਰਜਨੀ ਨੂੰ ਸਬਕ ਸਿਖਾਉਣ ਲਈ ਉਸਦਾ ਵਿਆਹ ਇਕ ਕੋਹੜੀ ਨਾਲ ਕਰ ਦਿੱਤਾ। ਕੋਹੜ ਉਸ ਸਮੇਂ ਬਹੁਤ ਵੱਡਾ ਹਉਆ



ਸੀ। ਇਸਦਾ ਕੋਈ ਇਲਾਜ ਨਹੀਂ ਸੀ। ਲੋਕ ਮਿਲਣਾ ਤਾਂ ਦੂਰ ਉਸ ਰਾਹ 'ਚੋਂ ਵੀ ਲੰਘਣਾ ਪਸੰਦ ਨਹੀਂ ਸਨ ਕਰਦੇ, ਜਿਸ ਰਾਹ ਕੋਹੜੀ ਜਾ ਰਿਹਾ ਹੋਵੇ। ਇਹ ਰੋਗੀ ਸਮਾਜ 'ਚੋਂ ਛੇਕੇ ਹੋਏ ਸਨ। ਰਜਨੀ ਦਾ ਕੋਹੜੀ ਨਾਲ ਵਿਆਹ ਹੋ ਗਿਆ। ਇਸਨੇ ਵਿਆਹ ਤੋਂ ਬਾਦ ਬੇਟੀ ਨੂੰ ਦਰ ਦਰ ਦੀਆਂ ਠੋਕਰਾਂ ਖਾਣ ਲਈ ਘਰੋਂ ਕੱਢ ਦਿੱਤਾ। ਪ੍ਰਮਾਤਮਾ ਦਾ ਸ਼ਰੀਕ ਬਣ ਗਿਆ। ਰਜਨੀ ਪ੍ਰਮਾਤਮਾ ਨੂੰ ਆਪਣਾ ਪਿਤਾ ਸਮਝਦੀ ਸੀ। ਪ੍ਰਭੂ ਦੀ ਰਜ਼ਾ ਜਾਣ ਉਸਦਾ ਆਸਰਾ ਲੈ ਘਰੋਂ ਚੱਲ ਪਈ। ਜੇ ਆਸ ਸੀ ਤਾਂ ਸਿਰਫ ਪ੍ਰਮਾਤਮਾ 'ਤੇ ਹੀ ਸੀ।

ਕਬੀਰ ਆਸਾ ਕਰੀਐ ਰਾਮ ਕੀ ਅਵਰੈ ਆਸ ਨਿਰਾਸ ॥
ਨਰਕਿ ਪਰਹਿ ਤੇ ਮਾਨਈ ਜੋ ਹਰਿਨਾਮ ਉਦਾਸ ॥

(ਕਬੀਰ ਜੀ, 1369)

ਸਮਾਂ ਆਪਣੀ ਚਾਲ ਚਲਦਾ ਗਿਆ ਅਤੇ ਇਹ ਜ਼ਿੰਦਗੀ ਨਾਲ ਸੰਘਰਸ਼ ਕਰਦਿਆਂ-ਕਰਦਿਆਂ ਨਫ਼ਰਤ ਭਰੇ ਸਮਾਜ ਵਿਚ ਵਿਚਰਦਿਆਂ-ਵਿਚਰਦਿਆਂ ਸ੍ਰੀ ਅੰਮ੍ਰਿਤਸਰ ਸਾਹਿਬ ਦੁਖ ਭੰਜਨੀ ਬੇਰੀ ਦੇ ਪਾਸ ਆ ਪਹੁੰਚੇ। ਵੇਖਿਆ ਕਿ ਉਸ ਤਲਾਬ ਵਿਚ ਕਾਲੇ ਕਾਂ ਡੁਬਕੀ ਲਗਾਉਂਦੇ ਸਨ ਅਤੇ ਚਿੱਟੇ ਹੋ ਹੋ ਨਿਕਲਦੇ ਸਨ।

ਅੰਮ੍ਰਿਤਸਰੁ ਸਤਿਗੁਰੁ ਸਤਿਵਾਦੀ ਜਿਤੁ ਨਾਤੈ ਕਉਆ ਹੰਸੁ ਹੋਹੈ ॥

(ਮ:4-493)

ਕੋਹੜੀ ਦੇ ਮਨ ਵਿਚ ਆਇਆ ਕਿ ਹੋ ਸਕਦਾ ਮੇਰੇ ਦੁੱਖਾਂ ਦਾ ਅੰਤ ਵੀ ਇਸ ਕ੍ਰਿਸ਼ਮਈ ਤਲਾਬ ਦੀ ਇਕ ਡੁਬਕੀ ਹੀ ਕਰ ਦੇਵੇ। ਇਸ਼ਨਾਨ ਕੀਤਾ, ਕੋਹੜ ਦੂਰ ਹੋ ਗਿਆ।

ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ ਮਨ ਤਨ ਭਏ ਅਰੋਗਾ ॥
ਕੋਟਿ ਬਿਘਨ ਲਾਥੇ ਪ੍ਰਭ ਸਰਣਾ ਪ੍ਰਗਟੇ ਭਲੇ ਸੰਜੋਗਾ ॥ (ਮ:5-611)

ਸਰੋਵਰ ਵਿਚ ਇਸ਼ਨਾਨ ਕਰਨ ਨਾਲ ਕੋਹੜ ਦੂਰ ਹੋ ਗਿਆ। ਰਜਨੀ ਦੀ ਭਗਤੀ ਸਫ਼ਲ ਹੋ ਗਈ ਅਤੇ ਪ੍ਰਮਾਤਮਾ ਨੇ ਉਸਦੀ ਲਾਜ ਵੀ ਰੱਖ ਲਈ।

ਤੈਡੈ ਸਿਮਰਣਿ ਹਭੁ ਕਿਛੁ ਲਧਮੁ ਬਿਖਮੁ ਨ ਡਿਠਮੁ ਕੋਈ ॥
ਜਿਸੁ ਪਤਿ ਰਖੈ ਸਚਾ ਸਾਹਿਬੁ ਨਾਨਕ ਮੇਟਿ ਨ ਸਕੈ ਕੋਈ ॥

(ਮ:5-520)

ਸੰਤ ਬਾਬਾ ਤੀਰਥ ਸਿੰਘ ਜੀ ਨੇ ਬੇਟੀ ਨੂੰ ਅੰਮ੍ਰਿਤ ਸਰੋਵਰ ਵਿਚ ਇਸ਼ਨਾਨ

ਕਰਾਉਣ ਲਈ ਕਿਹਾ। ਇਸ਼ਨਾਨ ਕਰਾਇਆ ਗਿਆ।

ਹਮ ਮੈਲੁ ਭਰੇ ਦੁਹਚਾਰੀਆ ਹਰਿ ਰਾਖਹੁ ਅੰਗੀ ਅੰਙੁ ॥
ਗੁਰਿ ਅੰਮ੍ਰਿਤਸਰਿ ਨਵਲਾਇਆ ਸਭਿ ਲਾਥੇ ਕਿਲਵਿਖ ਪੰਙੁ ॥
(ਮ:4-732)

ਘਰ ਆ ਗਏ। ਬੇਟੀ ਸਿਹਤਯਾਬ ਹੋਣੀ ਸ਼ੁਰੂ ਹੋ ਗਈ। ਅੱਜ ਹੋਰ ਕਲ ਹੋਰ। ਬੈਠਣ ਲੱਗ ਗਈ। ਉੱਠਣ ਲੱਗ ਪਈ। ਫਹੁੜੀਆਂ ਨਾਲ ਚੱਲਣਾ ਸ਼ੁਰੂ ਕਰ ਦਿੱਤਾ ਅਤੇ ਫਿਰ ਫਹੁੜੀਆਂ ਵੀ ਹਟ ਗਈਆਂ। ਬਿਨਾਂ ਕਿਸੇ ਸਹਾਰੇ ਦੇ ਚੱਲਣ ਫਿਰਨ ਲੱਗੀ। ਇਹ ਲੜਕੀ ਆਪਣੇ ਪੈਰਾਂ ਤੇ ਚੱਲਕੇ ਮਾਂ-ਬਾਪ ਨਾਲ ਸੰਤਾਂ ਦੇ ਦਰਸ਼ਨ ਕਰਨ ਆਈ। ਪਰਿਵਾਰ ਨੇ ਹੱਥ ਜੋੜਕੇ ਬੇਨਤੀ ਕੀਤੀ "ਮਹਾਰਾਜ ਬੜੀ ਕਿਰਪਾ ਕੀਤੀ ਆਪ ਜੀ ਦੀ ਕਿਰਪਾ ਸਦਕਾ ਇਹ ਲੜਕੀ ਚੱਲਣ ਫਿਰਨ ਲੱਗ ਪਈ।" ਸੰਤ ਮਾਣ ਵਿਚ ਨਹੀਂ ਆਏ ਸਗੋਂ ਬੜੀ ਨਿਮਰਤਾ ਨਾਲ ਕਹਿੰਦੇ "ਬਈ ਉਹ ਸਰੋਵਰ ਹੀ ਐਸਾ ਹੈ ਜੋ ਵੀ ਉੱਥੇ ਸੱਚੇ ਮਨ ਨਾਲ ਇਸ਼ਨਾਨ ਕਰਦਾ ਹੈ ਉਸਦੇ ਸਾਰੇ ਦੁੱਖ ਕੱਟੇ ਜਾਂਦੇ ਹਨ।"

ਰਾਮਦਾਸ ਸਰੋਵਰ ਨਾਤੇ ਸਭ ਉਤਰੈ ਪਾਪ ਕਮਾਤੇ (ਮ:5-625)

ਧੰਨ ਧੰਨ ਸੰਤ ਬਾਬਾ ਤੀਰਥ ਸਿੰਘ ਜੀ ਮਹਾਰਾਜ।



# ਸਗਲ ਉਦਮ ਮਹਿ ਉਦਮੁ ਭਲਾ

ਫੁੱਲਾਂ ਦੀ ਖੁਸ਼ਬੂ ਹਵਾ ਦੀ ਉਲਟ ਦਿਸ਼ਾ ਵਿਚ ਨਹੀਂ ਜਾ ਸਕਦੀ ਪਰ ਗੁਣਾਂ ਦੀ ਖੁਸ਼ਬੂ ਸਭ ਦਿਸ਼ਾਵਾਂ ਵਿਚ ਫੈਲ ਜਾਂਦੀ ਹੈ। ਸੁਬ੍ਹਾ ਇਸ ਕਰਕੇ ਹੋ ਜਾਂਦੀ ਹੈ ਕਿ ਰਾਤਾਂ ਸੂਰਜ ਦਾ ਚਾਨਣ ਰੋਕ ਸਕਣ ਦੇ ਸਮਰੱਥ ਨਹੀਂ ਹੁੰਦੀਆਂ। ਹਨੇਰੇ ਵਿਚ ਜਗਦਾ ਦੀਵਾ ਬਾਰਾਂ ਕੋਹਾਂ 'ਤੇ ਵੀ ਨਜ਼ਰ ਆ ਜਾਂਦਾ ਹੈ। ਸੰਤਾਂ ਦਾ ਪ੍ਰਤਾਪ ਵਧ ਰਿਹਾ ਸੀ। ਸੰਗਤ ਨੇ ਆਉਣਾ ਸ਼ੁਰੂ ਕਰ ਦਿੱਤਾ। ਜੋ ਵੀ ਆਇਆ ਨਿਹਾਲ ਹੋ ਗਿਆ।

ਸਾਧ ਕੈ ਸੰਗਿ ਨਹੀਂ ਕਛੁ ਘਾਲ ॥
ਦਰਸਨੁ ਭੇਟਤ ਹੋਤ ਨਿਹਾਲ ॥ (ਮ:5-272)

ਸੰਤ ਬਾਬਾ ਮਹਿੰਦਰ ਸਿੰਘ ਜੀ ਤਾਂ ਕੀਰਤਨ ਕਰਨ ਦਾ ਹੁਕਮ ਪਹਿਲਾਂ ਹੀ ਦੇ ਗਏ ਸਨ। ਪਰ ਅਜੇ ਸਾਜ਼ਾਂ ਦਾ ਇੰਤਜ਼ਾਮ ਨਹੀਂ ਹੋ ਸਕਿਆ ਸੀ। ਸੰਤ ਸ਼ਾਮ ਸਮੇਂ ਸਾਜ਼ਾਂ ਤੋਂ ਵਗੈਰ ਸਿੱਧੀਆਂ ਧਾਰਨਾ ਪੜ੍ਹਦੇ ਅਤੇ ਸਭ ਸੇਵਕਾਂ ਨੂੰ ਪਿੱਛੇ ਬੋਲਣ ਲਈ ਕਹਿੰਦੇ। ਗੁਣ ਗਾਇਣ ਸਮੇਂ ਸਭ ਪਾਸੇ ਮਸਤੀ ਛਾ ਜਾਂਦੀ। ਜਦ ਸੰਤ ਸੋਹਜ ਭਰੀ ਆਵਾਜ਼ ਵਿਚ ਪੜ੍ਹਦੇ

ਦਰਸਨੁ ਦੇਖਿ ਜੀਵਾ ਗੁਰ ਤੇਰਾ ॥
ਪੂਰਨ ਕਰਮੁ ਹੋਇ ਪ੍ਰਭ ਮੇਰਾ ॥ (ਮ:5-742)

ਧਾਰਨਾ- "ਦਰਸ਼ਨ ਸਾਹਿਬਾ ਤੇਰਾ ਜੀ ਮੈਂ ਵੇਖ ਵੇਖ ਜੀਵਾਂ"

ਤਾਂ ਇੰਝ ਲਗਦਾ ਜਿਵੇਂ ਸਤਿਗੁਰੂ ਸਾਹਮਣੇ ਹੀ ਖੜ੍ਹੇ ਹੋਣ। ਸਮਾਂ ਠਹਿਰ ਗਿਆ ਹੋਵੇ। ਅਸਮਾਨ ਦੇ ਤਾਰੇ ਵੀ ਪ੍ਰਭੂ ਦੇ ਗੁਣ ਗਾ ਰਹੇ ਹੋਣ। ਫਸਲਾਂ ਅਤੇ ਰੁੱਖ ਮਸਤੀ ਵਿਚ ਝੂਮ ਰਹੇ ਹੋਣ। ਸੰਤਾਂ ਦੇ ਬੋਲਾਂ ਵਿਚ ਏਨੀ ਖਿੱਚ ਸੀ ਕਿ ਕਈ ਵਾਰ ਰਾਹਗੀਰ ਵੀ ਲੰਘਦੇ-ਲੰਘਦੇ ਹਾਜ਼ਰੀ ਭਰਨ ਆ ਜਾਂਦੇ ਕਿਉਂਕਿ

ਜਿਨ ਅੰਦਰਿ ਪ੍ਰੀਤਿ ਪਿਰੰਮ ਕੀ ਜਿਉ ਬੋਲਨਿ ਤਿਵੈ ਸੋਹੰਨਿ ॥
(ਮ:4-301)

ਪ੍ਰਭ ਦੇ ਗੁਣਾਂ ਦਾ ਗਾਇਣ ਵੀ ਉਹੋ ਹੀ ਕਰ ਸਕਦਾ ਹੈ ਜਿਸਦਾ ਅੰਦਰ ਪ੍ਰੇਮ ਨਾਲ ਰੰਗਿਆ ਹੋਵੇ। ਪ੍ਰੇਮ ਬਿਨਾਂ ਗਾਇਆ ਓਪਰਾ ਓਪਰਾ ਤੇ ਪ੍ਰਭਾਵਹੀਣ ਲੱਗਦਾ ਹੈ।

ਜਿਸੁ ਅੰਦਰਿ ਰੰਗੁ ਸੋਈ ਗੁਣ ਗਾਵੈ ॥
ਗੁਰ ਕੈ ਸਬਦਿ ਸਹਜੇ ਸੁਖਿ ਸਮਾਵੈ ॥ (ਮ: 3-114)

ਗੁਰੂ ਨਾਨਕ ਦੇਵ ਜੀ ਨੇ ਪ੍ਰਭੂ ਦਾ ਜਸ ਗਾਉਣ ਦੀ ਪ੍ਰੇਰਨਾ ਜਪੁਜੀ ਦੀ ਪੰਜਵੀਂ ਪਾਉੜੀ ਵਿਚ ਕੀਤੀ ਹੈ:-

ਗਾਵੀਐ ਸੁਣੀਐ ਮਨਿ ਰਖੀਐ ਭਾਉ ॥ (ਮ:1-2)

ਅਤੇ ਗੁਰੂ ਅਰਜਨ ਦੇਵ ਜੀ ਗੁਰਬਾਣੀ ਗਾਉਣ ਦਾ ਲਾਭ ਇਸ ਤਰ੍ਹਾਂ ਦੱਸਦੇ ਹਨ:-

ਗੁਰਬਾਣੀ ਗਾਵਹ ਭਾਈ ॥ ਓਹ ਸਫਲ ਸਦਾ ਸੁਖਦਾਈ ॥
(ਮ:5-628)

ਗੁਰੂ ਅਮਰਦਾਸ ਜੀ ਸਿੱਖ ਨੂੰ ਪ੍ਰੇਰਨਾ ਮਈ ਸੱਦਾ ਦਿੰਦੇ ਹਨ

ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ ॥
ਬਾਣੀ ਤ ਗਾਵਹੁ ਗੁਰੂ ਕੇਰੀ ਬਾਣੀਆ ਸਿਰਿ ਬਾਣੀ ॥ (ਮ:3-920)

ਸੰਗਤ ਆਉਣ ਨਾਲ ਜਿਉਂ ਹੀ ਕੁਝ ਪੈਸੇ ਇਕੱਠੇ ਹੋਏ ਤਾਂ ਸਭ ਤੋਂ ਪਹਿਲਾਂ ਸਾਜ਼ ਖਰੀਦੇ ਗਏ। ਸੰਤਾਂ ਨੇ 4-5 ਸਿੰਘਾਂ ਨੂੰ ਕੀਰਤਨ ਸਿਖਾ ਦਿੱਤਾ ਅਤੇ ਆਪਣਾ ਕੀਰਤਨੀ ਜਥਾ ਤਿਆਰ ਕਰ ਲਿਆ। ਕੀਰਤਨੀ ਜਥੇ ਵਿਚ ਮੁੱਖ ਤੌਰ 'ਤੇ ਭਾਈ ਹਰਭਜਨ ਸਿੰਘ, ਭਾਈ ਹਰਬੰਸ ਸਿੰਘ, ਭਾਈ ਪ੍ਰਗਟ ਸਿੰਘ, ਭਾਈ ਗੁਰਪਾਲ ਸਿੰਘ ਅਤੇ ਭਾਈ ਭਗਤ ਸਿੰਘ ਸਨ। ਜਦ ਕੀਰਤਨੀ ਜਥਾ ਤਿਆਰ ਹੋ ਗਿਆ ਤਾਂ ਜਿਸ ਮੰਤਵ "ਆਪਿ ਜਪਹੁ ਅਵਰਹ ਨਾਮੁ ਜਪਾਵਹੁ" ਲਈ ਸੰਤ ਏਥੇ ਆਏ ਸਨ, ਉਹ ਕਾਰਜ ਆਰੰਭ ਦਿੱਤਾ। ਆਪ ਪਿੰਡਾਂ ਵਿਚ ਕੀਰਤਨ ਕਰਨ ਜਾਣ ਲੱਗੇ। ਉਸ ਸਮੇਂ ਸੰਤਾਂ ਕੋਲ ਜਾਣ ਦਾ ਕੋਈ ਸਾਧਨ ਨਹੀਂ ਸੀ। ਜਥਾ ਸਾਇਕਲਾਂ 'ਤੇ ਸਾਜ਼ ਲੈਕੇ ਪਹੁੰਚਦਾ ਅਤੇ ਸੰਤ ਪੈਦਲ ਜਾਂਦੇ। ਸੰਤਾਂ ਨੇ ਤਾਂ ਗੁਰਮਤਿ ਦਾ ਸੰਦੇਸ਼ ਘਰ ਘਰ ਪਹੁੰਚਾਉਣਾ ਸੀ। ਪਿੰਡਾਂ ਦੇ ਲੋਕ ਕੀਰਤਨ ਲਈ ਸੰਤਾਂ ਕੋਲ ਪਹੁੰਚ ਕਰਦੇ। ਸੰਤ ਕਿਸੇ ਨੂੰ ਇਨਕਾਰ ਨਾ ਕਰਦੇ। ਆਪ ਨੇ ਪਿੰਡ-ਪਿੰਡ ਫਿਰਕੇ ਦੀਬਾਣ ਲਾਏ ਤਾਂ ਕਿ ਇਲਾਕੇ ਦੀ ਸੰਗਤ ਦੀ ਸੰਤ ਮਹਾਰਾਜ ਈਸ਼ਰ ਸਿੰਘ ਜੀ ਦੇ ਚਰਨਾਂ ਵਿਚ ਕੀਤੀ ਅਰਦਾਸ ਕਿ 'ਸਾਡੇ ਇਲਾਕੇ ਵਿਚ ਵੀ ਦੀਬਾਣ ਲਾਓ' ਪੂਰੀ ਕਰਨ ਵਿਚ ਕੋਈ ਕਸਰ ਨਾ ਰਹਿ ਜਾਵੇ। ਸੰਤ ਕਈ ਕਈ ਮੀਲ ਤੁਰਕੇ ਦੀਬਾਣ ਲਾਉਣ ਜਾਇਆ ਕਰਦੇ ਸਨ ਕਿਉਂਕਿ



ਕਲਜੁਗ ਮਹਿ ਕੀਰਤਨੁ ਪਰਧਾਨਾ ॥ (ਮ:5-1075)
ਹਰਿ ਕੀਰਤਿ ਕਲਜੁਗਿ ਪਦੁ ਊਤਮੁ (ਮ:4-697)

ਕਲਜੁਗ ਵਿਚ ਤਾਂ ਪ੍ਰਭ ਨੂੰ ਚੰਗੇ ਲੱਗਣ ਦਾ ਵਸੀਲਾ ਇਹੋ ਹੀ ਹੈ ਕਿ ਉਸਦਾ ਕੀਰਤਨ ਗਾਇਆ ਜਾਵੈ।

ਜੇ ਕੋ ਅਪਨੇ ਠਾਕੁਰ ਭਾਵੈ ॥
ਕੋਟਿ ਮਧਿ ਏਹੁ ਕੀਰਤਨੁ ਗਾਵੈ ॥ (ਮ:5-885)

ਦੀਬਾਣ ਰਾਤੀਂ 7 ਤੋਂ 10 ਵਜੇ ਤੱਕ ਪਿੰਡ ਦੇ ਗੁਰਦਵਾਰਾ ਸਾਹਿਬ ਜਾਂ ਕਿਸੇ ਹੋਰ ਸਾਂਝੀ ਜਗ੍ਹਾ 'ਤੇ ਲੱਗਦਾ। ਕਈ ਪ੍ਰੇਮੀ ਚਾਅ ਨਾਲ ਆਪਣੇ ਘਰਾਂ ਵਿਚ ਵੀ ਦੀਬਾਣ ਲਗਵਾਉਂਦੇ ਸਨ। ਸੰਤ ਕਥਾ ਕਰਦੇ ਅਤੇ ਸੇਵਕ ਮੂਹਰੇ ਵਾਜੇ ਨਾਲ ਸਿੱਧੀਆਂ ਧਾਰਨਾ ਪੜ੍ਹਦੇ। ਕਦੇ ਕਦੇ ਸੰਤ ਜਦ ਆਪਣੀ ਮੌਜ ਵਿਚ ਹੁੰਦੇ ਤਾਂ ਕਿਸੇ ਕਿਸੇ ਪਿੰਡ ਟਾਕੀ 'ਤੇ ਬੜੇ ਮਹਾਰਾਜ ਦੀ ਫ਼ਿਲਮ ਵੀ ਵਿਖਾ ਦਿੰਦੇ। ਹੌਲੀ-ਹੌਲੀ ਸੰਗਤ ਸੰਤਾਂ ਨਾਲ ਜੁੜਨੀ ਸ਼ੁਰੂ ਹੋ ਗਈ। ਸੇਵਕ ਆਪ ਨੂੰ ਘਰ ਪ੍ਰਸ਼ਾਦਾ ਛਕਾਉਣ ਲਈ ਬੇਨਤੀਆਂ ਕਰਨ ਲੱਗੇ। ਉਸ ਸਮੇਂ ਆਪ ਕੋਲ ਕੋਈ ਸਿੰਘ ਨਹੀਂ ਹੋਇਆ ਕਰਦੇ ਸਨ। ਆਪ ਸੱਦੇ 'ਤੇ ਪੈਦਲ ਇਕੱਲੇ ਹੀ ਸੇਵਕਾਂ ਦੇ ਘਰ ਪਹੁੰਚ ਜਾਇਆ ਕਰਦੇ। ਕਿਸੇ ਨੂੰ ਲੈ ਕੇ ਜਾਣ ਦਾ ਨਾ ਕਹਿੰਦੇ। ਕੋਈ ਕੋਈ ਸੇਵਕ ਆਪ ਨੂੰ ਸਾਇਕਲ 'ਤੇ ਲੈਣ ਵੀ ਆ ਜਾਂਦੇ ਅਤੇ ਕੁਝ ਸੇਵਕ ਇੱਜ਼ਤ ਮਾਣ ਵਜੋਂ ਸਾਇਕਲ ਦੀ ਪਿਛਲੀ ਕਾਠੀ 'ਤੇ ਤੌਲੀਆ ਰੱਖ ਦਿੰਦੇ ਤਾਂ ਕਿ ਸੰਤ ਆਰਾਮ ਨਾਲ ਬੈਠ ਸਕਣ। ਸੰਗਤ ਦੇ ਅਸਥਾਨ 'ਤੇ ਆਉਣ ਅਤੇ ਸੰਤਾਂ ਦੁਆਰਾ ਪਿੰਡਾਂ ਵਿਚ ਦੀਬਾਣ ਲਾਉਣ ਨਾਲ ਕੁਝ ਮਾਇਆ ਜਮ੍ਹਾ ਹੋਈ ਤਾਂ ਸੰਤਾਂ ਨੇ ਇਕ-ਦੋ ਖਾਨੇ ਦਾ ਕਮਰਾ ਤਿਆਰ ਕਰਵਾਇਆ ਜਿਸ ਉੱਤੇ ਛੱਤ ਅਸਥਾਨ ਵਾਲੀ ਜਗ੍ਹਾ ਤੋਂ ਸਫੈਦੇ ਕਟਵਾ ਕੇ, ਬਾਲਿਆਂ ਦੀ ਪਾਈ ਗਈ ਅਤੇ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰ ਦਿੱਤਾ ਗਿਆ ਜਿਸ ਨਾਲ ਇਹ ਅਸਥਾਨ ਹੋਰ ਵੀ ਸੋਹਣਾ ਲੱਗਣ ਲੱਗ ਪਿਆ।

ਜਿਥੈ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨੁ ਸੁਹਾਵਾ ਰਾਮ ਰਾਜੇ ॥
(ਮ:4-450)

ਅਸਥਾਨ ਉੱਤੇ ਪਾਣੀ ਦਾ ਪ੍ਰਬੰਧ ਤਾਂ ਪਹਿਲਾਂ ਹੀ ਹੋ ਚੁੱਕਾ ਸੀ। ਸੰਤ ਰਾਤ ਦੇ ਪਹਿਲੇ ਪਹਿਰ ਉੱਠਦੇ ਸਨ ਅਤੇ ਇਸ਼ਨਾਨ ਕਰਨ ਉਪਰੰਤ ਭਜਨ

ਬੰਦਗੀ ਵਿਚ ਜੁੜ ਜਾਂਦੇ।

ਪਹਿਲੇ ਪਹਰੈ ਫੁਲੜਾ ਫਲੁ ਭੀ ਪਛਾ ਰਾਤਿ ॥
ਜੋ ਜਾਗੰਨਿ੍ ਲਹੰਨਿ ਸੇ ਸਾਈ ਕੰਨੋ ਦਾਤਿ ॥ (ਫਰੀਦ ਜੀ, 1384)

ਤਿੰਨ ਵਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਕੇ ਹੁਕਮਨਾਮਾ ਲੈਂਦੇ। ਪਹਿਲਾਂ ਜਪੁਜੀ ਸਾਹਿਬ, ਫਿਰ ਸੁਖਮਨੀ ਸਾਹਿਬ ਅਤੇ ਫਿਰ ਬਾਕੀ ਬਾਣੀਆਂ ਦਾ ਪਾਠ ਕਰਦੇ। ਛੇ ਵਜੇ ਸਾਰੀ ਸਮਾਪਤੀ ਕਰ ਦਿੰਦੇ ਸਨ। ਸ਼ਾਮ ਵੇਲੇ ਰਹਿਰਾਸ ਦਾ ਪਾਠ ਭਾਈ ਸਬੇਗ ਸਿੰਘ ਕਰਿਆ ਕਰਦੇ ਸਨ। ਗੁਰਦੁਆਰਾ ਸਾਹਿਬ ਵਿਖੇ ਸੰਗਰਾਂਦ ਮਨਾਉਣੀ ਸ਼ੁਰੂ ਹੋ ਗਈ। ਸੰਗਰਾਂਦ ਵਾਲੇ ਦਿਨ ਦੀਬਾਣ ਲੱਗਦਾ ਜਿਸ ਵਿਚ ਇਲਾਕੇ ਤੋਂ ਅਨੇਕ ਸਰੀਰ ਇਕੱਠੇ ਹੋ ਕੇ ਕੀਰਤਨ ਦਾ ਲਾਹਾ ਲੈਂਦੇ।

ਗੁਰਦੁਆਰਾ ਸਾਹਿਬ ਵਿਖੇ ਅਜੇ ਲੰਗਰ ਤਿਆਰ ਨਹੀਂ ਕੀਤਾ ਜਾਂਦਾ ਸੀ। ਅਸਥਾਨ 'ਤੇ ਸਥਾਈ ਤੌਰ 'ਤੇ ਤਾਂ ਸੰਤ ਹੀ ਰਹਿੰਦੇ ਸਨ ਬਾਕੀ ਸਭ ਤਾਂ ਗ੍ਰਹਿਸਥੀ ਸਨ ਜੋ ਸੁਬਾ ਆਉਂਦੇ ਅਤੇ ਸ਼ਾਮੀਂ ਘਰ ਪਰਤ ਜਾਂਦੇ। ਇਕੱਲੇ ਭਾਈ ਸਬੇਗ ਸਿੰਘ ਹੀ ਰਾਤ ਸਮੇਂ ਰੁਕਦੇ ਸਨ। ਸੰਤਾਂ ਦਾ ਪ੍ਰਸ਼ਾਦਾ ਛਕਣ ਦਾ ਨੇਮ ਇਕ ਵੇਲੇ ਦਾ ਹੀ ਸੀ ਜੋ ਪਹਿਲਾਂ ਕੁਝ ਸਮਾਂ ਸ. ਮੇਵਾ ਸਿੰਘ ਦੇ ਘਰੋਂ ਆਉਂਦਾ ਰਿਹਾ ਅਤੇ ਬਾਦ ਵਿਚ ਹੋਰ ਸਿੰਘ ਵਾਰੀ ਵਾਰੀ ਆਪਣੇ ਘਰੋਂ ਲਿਆਉਣ ਲੱਗੇ। ਜਦ ਕਦੇ ਨਹੀਂ ਵੀ ਪਹੁੰਚਦਾ ਤਾਂ ਸੰਤਾਂ ਦੇ ਮੱਥੇ 'ਤੇ ਕੋਈ ਸ਼ਿਕਨ ਨਾ ਹੁੰਦੀ। ਠੰਡਾ ਪਾਣੀ ਪੀ ਕੇ ਪ੍ਰਮਾਤਮਾ ਦਾ ਸ਼ੁਕਰਾਨਾ ਕਰਦੇ। ਪਰ ਜੋ ਰਸਦ (ਆਟਾ, ਕਣਕ ਆਦਿ) ਸੰਗਤ ਲੈ ਕੇ ਆਉਂਦੀ ਉਹ ਰੱਖਣ ਲਈ ਜਗ੍ਹਾ ਦੀ ਘਾਟ ਸੀ। ਹੁਣ ਨਾਮ ਜਪਣ-ਜਪਾਉਣ ਦੇ ਉੱਦਮ

ਸਗਲ ਉਦਮ ਮਹਿ ਉਦਮੁ ਭਲਾ ॥
ਹਰਿ ਕਾ ਨਾਮੁ ਜਪਹੁ ਜੀਅ ਸਦਾ ॥ (ਮ:5-266)

ਦੇ ਨਾਲ-ਨਾਲ ਲੰਗਰ ਹਾਲ ਬਣਾਉਣ ਦੇ ਉੱਦਮ ਦੀ ਵੀ ਲੋੜ ਸੀ। ਸੰਤਾਂ ਨੇ ਸਮੇਂ ਦੀ ਮੰਗ ਨੂੰ ਵੇਖਦਿਆਂ ਹੌਲੀ-ਹੌਲੀ ਦੋ ਖਾਨੇ ਦਾ ਲੰਗਰ ਹਾਲ ਤਿਆਰ ਕਰਵਾਇਆ ਜਿਸ ਕਾਰਨ ਚਾਹ ਗੁਰਦੁਆਰਾ ਸਾਹਿਬ ਹੀ ਤਿਆਰ ਹੋਣ ਲੱਗ ਪਈ। ਇਸ ਤਰ੍ਹਾਂ ਸੰਤਾਂ ਦੀ ਤਪੱਸਿਆ ਦੇ ਜ਼ੋਰ ਅਤੇ ਭਜਨ ਬੰਦਗੀ ਦੇ ਪ੍ਰਤਾਪ ਨਾਲ ਅਸਥਾਨ ਹੌਲੀ-ਹੌਲੀ ਤਰੱਕੀ ਦੇ ਰਾਹ 'ਤੇ ਪੈ ਤੁਰਿਆ।

ਧੀਰੇ ਧੀਰੇ ਰੇ ਮਨਾ, ਧੀਰੇ ਸਭ ਕੁਛ ਹੋਏ ॥
ਮਾਲੀ ਸੀਂਚੈ ਸੌ ਘੜਾ, ਰਿਤੁ ਆਏ ਫਲ ਹੋਏ ॥



# ਬਡੇ ਬਡੇ ਅਹੰਕਾਰੀਆਂ ਨਾਨਕ ਗਰਬਿ ਗਲੇ

ਜਿਉਂ ਜਿਉਂ ਸੰਤਾਂ ਦੀ ਤਪੱਸਿਆ ਵਧਦੀ ਜਾ ਰਹੀ ਸੀ ਪ੍ਰਮਾਤਮਾ ਦੀ ਐਸੀ ਮਿਹਰ ਹੋ ਰਹੀ ਸੀ ਕਿ ਉਹਨਾਂ ਦੇ ਚਰਨਾਂ 'ਤੇ ਰੱਖੇ ਜਾਣ ਵਾਲੇ ਸਿਰਾਂ ਦੀ ਗਿਣਤੀ ਵੀ ਵਧ ਰਹੀ ਸੀ। ਕਿਉਂ ਜੋ ਉਸ ਨੂੰ ਧਿਆਉਣ ਨਾਲ ਮਾਣ ਮਿਲਣਾ ਸੁਭਾਵਿਕ ਹੈ।

ਜਿਨਿ ਸੇਵਿਆ ਤਿਨਿ ਪਾਇਆ ਮਾਨੁ ॥ (ਮ:1-2)

ਜਦ ਪੁੱਤਰ ਪਿਤਾ ਦੀ ਆਗਿਆ ਵਿਚ ਰਹਿੰਦਾ ਹੈ ਤਾਂ ਪਿਤਾ ਉਸਦੇ ਮਾਨ ਸਨਮਾਨ ਦਾ ਪੂਰਾ ਧਿਆਨ ਰੱਖਦਾ ਹੈ। ਉਸਨੂੰ ਐਸੀ ਖੁਸ਼ਬੂ ਦੇ ਯੋਗ ਬਣਾਉਂਦਾ ਹੈ ਕਿ ਸੁੰਘਣ ਵਾਲਾ ਬੇਸੁਧ ਹੋ ਜਾਵੇ ਅਤੇ ਜੋ ਉਸ ਫੁੱਲ ਦੀਆਂ ਪੰਖੜੀਆਂ ਨੂੰ ਹੱਥ ਪਾਉਣ ਦੀ ਜ਼ੁਅੱਰਤ ਕਰਦਾ ਹੈ ਉਸਨੂੰ ਕੰਡੇ ਵਾਂਗਰ ਚੁੱਭ ਜਾਂਦਾ ਹੈ। ਬੇਸ਼ੱਕ ਖੁਸ਼ਬੂ ਸਭ ਨੂੰ ਆਨੰਦ ਦਿੰਦੀ ਹੈ ਪਰ ਫਿਰ ਵੀ ਫੁੱਲ ਤੋੜਨ ਦੀਆਂ ਕੋਸ਼ਿਸ਼ਾਂ ਕਦੇ ਰੁਕੀਆਂ ਨਹੀਂ। ਕੁਝ ਇਸ ਲਈ ਕਰਦੇ ਹਨ ਕਿ ਖੁਸ਼ਬੂ 'ਤੇ ਕਾਬਜ਼ ਹੋ ਜਾਣ ਅਤੇ ਕੁਝ ਇਸ ਲਈ ਕਿ ਉਹਨਾਂ ਦੇ ਨੱਕ ਇਸ ਯੋਗ ਹੀ ਨਹੀਂ ਹੁੰਦੇ ਕਿ ਖੁਸ਼ਬੂ ਨੂੰ ਸੁੰਘਣ ਅਤੇ ਅਨੰਦਿਤ ਹੋਣ। ਪਰ ਕਿਰਨਾਂ ਦੇ ਕਾਤਲ ਭੁੱਲ ਜਾਂਦੇ ਹਨ:

ਕਾਲਖ ਦੇ ਵਣਜਾਰਿਓ ਚਾਨਣ ਕਦੇ ਹਰਿਆ ਨਹੀਂ
ਓ ਕਿਰਨਾ ਦੇ ਕਾਤਲੋ, ਸੂਰਜ ਕਦੇ ਮਰਿਆ ਨਹੀਂ

ਸੂਰਜ ਦਾ ਕੰਮ ਤਾਂ ਰੌਸ਼ਨੀ ਦੇਣਾ ਹੈ ਜੋ ਕੋਈ ਰੋਕ ਨਹੀਂ ਸਕਿਆ। ਕਈ ਗ੍ਰਹਿਣ ਬਣਕੇ ਲੱਗੇ ਅਤੇ ਮਿਟ ਗਏ। ਕਈ ਬੱਦਲ ਬਣਕੇ ਆਏ ਅਤੇ ਵਰ੍ਹ ਗਏ। ਪਰ ਸੂਰਜ ਉੱਥੇ ਦਾ ਉੱਥੇ ਹੀ ਹੈ, ਰੁਕਿਆ ਨਹੀਂ। ਬੇਸ਼ੱਕ ਅਸਮਾਨ ਨੂੰ ਝੁਕਾਉਣ ਦੇ ਯਤਨ ਚਲਦੇ ਰਹਿੰਦੇ ਹਨ। ਜੋ ਅਥਾਹ ਹੁੰਦਾ ਹੈ ਉਸਦਾ ਥਾਹ ਪਾ ਲੈਣ ਦੀਆਂ ਕੋਸ਼ਿਸ਼ਾਂ ਹੁੰਦੀਆਂ ਰਹਿੰਦੀਆਂ ਹਨ। ਕਿਉਂਕਿ ਮਨਮਤੀਆਂ ਨੂੰ ਸਮਝਾਇਆ ਨਹੀਂ ਜਾ ਸਕਦਾ।

ਮਨਮੁਖੁ ਲੋਕੁ ਸਮਝਾਈਐ ਕਦਹੁ ਸਮਝਾਇਆ ਜਾਇ ॥
ਮਨਮੁਖ ਰਲਾਇਆ ਨਾ ਰਲੈ ਪਇਐ ਕਿਰਤਿ ਫਿਰਾਇ ॥ (ਮ: 3-82)

ਅਵਤਾਰ ਸਿੰਘ ਵੀ ਤਾਂ ਉਹਨਾਂ ਵਿਚੋਂ ਹੀ ਸੀ ਜੋ ਸਾਰੀ ਜ਼ਿੰਦਗੀ ਇਹੀ ਨਾ ਮਨ ਸਕੇ ਕਿ ਸੂਰਜ ਪੂਰਬ ਵਿਚੋਂ ਨਿਕਲਦਾ ਹੈ। ਪ੍ਰਮੇਸ਼ਰ ਸੰਤਾਂ ਦੇ ਰੂਪ ਵਿਚ

ਪ੍ਰਗਟ ਹੁੰਦਾ ਹੈ। ਇਸ ਨੇ ਤਾਂ ਪੱਛਮ ਨਾਲ ਯਾਰੀ ਪਾਈ ਹੋਈ ਸੀ ਜਿੱਥੇ ਸੂਰਜ ਛੁਪ ਜਾਂਦਾ ਹੈ। ਸੂਰਜ ਛੁਪਣ ਅਤੇ ਚੜਨ ਵਿਚਲੇ ਸਮਿਆਂ ਦੇ ਹਾਣੀ ਹੀ ਤਾਂ ਇਸਦੇ ਯਾਰ ਸਨ।

ਦੁਸਟਾ ਨਾਲਿ ਦੋਸਤੀ ਨਾਲਿ ਸੰਤਾ ਵੈਰੁ ਕਰੰਨਿ ॥
ਆਪਿ ਡੁਬੇ ਕੁਟੰਬ ਸਿਉ ਸਗਲੇ ਕੁਲ ਡੋਬੰਨਿ ॥ (ਮ: 3-755)

ਉਹ ਵੀ ਹਨੇਰਾ ਢੋਅ ਰਹੇ ਸਨ ਅਤੇ ਇਹ ਵੀ ਹਨੇਰਾ ਢੋ ਰਿਹਾ ਸੀ। ਇਹਨਾਂ ਨੂੰ ਭਾਈ ਗੁਰਦਾਸ ਜੀ ਦੇ ਬਚਨ ਭੁੱਲ ਗਏ ਸਨ ਕਿ

ਗੁਰਮੁਖਿ ਸੁਖ ਫਲ ਹੈ ਮਸਕੀਣੀ ॥ (ਭਾਈ ਗੁਰਦਾਸ ਜੀ)

ਅਤੇ ਨਾ ਹੀ ਇਹ ਯਾਦ ਰਿਹਾ ਸੀ ਕਿ

ਨਾਵ ਜਿਨਾ ਸੁਲਤਾਨ ਖਾਨ ਹੋਦੇ ਡਿਠੇ ਖੇਹ ॥
ਨਾਨਕ ਉਠੀ ਚਲਿਆ ਸਭਿ ਕੂੜੇ ਤੁਟੇ ਨੇਹ ॥ (ਮ:1-16)

ਜੇ ਰੌਸ਼ਨੀ ਵੱਲ ਵੇਖਣ ਦਾ ਯਤਨ ਕਰਦੇ ਤਾਂ ਹੀ ਆਪਣੇ ਕਰੂਪ ਚਿਹਰੇ ਨਜ਼ਰ ਆਉਂਦੇ। ਹਨੇਰੇ ਵਿਚ ਤਾਂ ਸਭ ਸੋਹਣੇ ਲੱਗਦੇ ਹਨ। ਰਾਤ ਸਮੇਂ ਤਾਂ ਦੀਵਾ ਵੀ ਰੌਸ਼ਨੀ ਕਰ ਦਿੰਦਾ ਹੈ। ਸੂਰਜ ਸਾਹਮਣੇ ਉਸਦਾ ਜਗਣਾ-ਬੁਝਣਾ ਅਰਥਹੀਣ ਹੋ ਜਾਂਦਾ ਹੈ। ਜੇ ਰਾਤ ਸਮੇਂ ਜਗ ਰਿਹਾ ਦੀਵਾ ਖੁਦ ਨੂੰ ਸੂਰਜ ਦਾ ਬਦਲ ਸਮਝ ਲਵੇ ਤਾਂ ਉਸਦੀ ਅਗਿਆਨਤਾ ਹੈ। ਖ਼ੁਦ ਦੀ ਔਕਾਤ ਜਾਣਦਿਆਂ ਹੋਇਆਂ ਵੀ ਐਸਾ ਸੋਚੇ ਤਾਂ ਇਹ ਹੰਕਾਰ ਹੀ ਹੈ।

ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ ॥ (ਮ:1-140)

ਅਵਤਾਰ ਸਿੰਘ ਹੁਰੀਂ ਵੀ ਤਾਂ ਸੂਰਜ ਨੂੰ ਦੀਵਾ ਵਿਖਾ ਰਹੇ ਸਨ। ਪਰ ਉਹ ਸੂਰਜ ਜੋ ਪ੍ਰਮਾਤਮਾ ਦੀ ਕਿਰਪਾ ਸਦਕਾ ਚਮਕ ਰਿਹਾ ਹੋਵੇ, ਨੂੰ ਆਪਣੀ ਸਰਵਸ੍ਰੇਸ਼ਟਤਾ ਦਾ ਦਾਅਵਾ ਜਤਾਉਣ ਦੀ ਲੋੜ ਨਹੀਂ ਸੀ। ਕਿਉਂ ਜੋ ਉਹ ਤਾਂ ਹੈ ਹੀ ਸਭ ਤੋਂ ਉੱਤਮ। ਰੱਬੀ ਮਿਹਰ ਨਾਲ ਰੌਸ਼ਨ ਸੰਤ ਮੰਦਾ ਬੋਲਦੇ ਹੀ ਨਹੀਂ ਸਨ ਕਿਉਂਕਿ ਗਿਆਨ ਦੀ ਇਹੀ ਅਵਸਥਾ ਹੈ

ਮੰਦਾ ਕਿਸੈ ਨ ਆਖੀਐ
ਪੜਿ ਅਖਰੁ ਏਹੋ ਬੁਝੀਐ ॥
ਮੂਰਖੈ ਨਾਲਿ ਨ ਲੁਝੀਐ ॥ (ਮ:1-473)

ਚੁੱਪ ਰਹਿਣਾ ਦਾਨਸ਼ਮੰਦਾਂ ਲਈ ਸਿਆਣਪ ਅਤੇ ਹੋਛਿਆਂ ਲਈ ਕਮਜ਼ੋਰੀ



ਦਾ ਨਾਮ ਹੈ। ਸੰਤਾਂ ਦੀ ਚੁੱਪ ਅਵਤਾਰ ਸਿੰਘ ਹੁਰਾਂ ਦਾ ਹੌਂਸਲਾ ਹੋਰ ਵਧਾ ਦਿੰਦੀ। ਸੰਤਾਂ ਦੀ ਥਾਂ-ਥਾਂ ਨਿੰਦਿਆ ਕਰਕੇ ਆਪਣੀ ਹਉਮੇਂ ਦੀ ਭੱਠੀ ਵਿਚ ਹੋਰ ਬਾਲਣ ਪਾ ਰਿਹਾ ਸੀ। ਸੰਤ ਚੁੱਪ ਰਹਿੰਦੇ। ਕੁਝ ਨਾ ਕਹਿੰਦੇ। ਨਤੀਜਤਨ ਇਸ ਦਾ ਹੌਂਸਲਾ ਏਨਾ ਵਧ ਗਿਆ ਕਿ ਅਗਲੇ ਸਾਲ ਫਿਰ ਅਸਥਾਨ ਵਾਲੇ ਖੇਤਾਂ 'ਚੋਂ ਕਣਕ ਵੱਢਣ ਲਈ ਤਿਆਰੀ ਕਰ ਲਈ। ਸਿਆਣਿਆਂ ਨੇ ਰੋਕਿਆ। ਭਲਿਆਂ ਨੇ ਸਮਝਾਇਆ ਕਿ

ਲਾਲਚੁ ਛੋਡਹੁ ਅੰਧਿਹੋ ਲਾਲਚਿ ਦੁਖੁ ਭਾਰੀ ॥ (ਮ:1-419)

ਪਰ ਛੱਡਣ ਕਿਸ ਤਰ੍ਹਾਂ? ਮਨ ਵਿਚ ਤਾਂ ਖ਼ੁਦੀ ਸੀ। ਸਮਝਾਇਆ ਤਾਂ ਉਸਨੂੰ ਜਾ ਸਕਦਾ ਹੈ ਜੋ ਦੁਬਿਧਾ ਵਿਚ ਹੋਵੇ। ਪਰ ਜਿਸਨੇ ਫੈਸਲਾ ਹੀ ਕਰ ਲਿਆ ਤਾਂ ਫਿਰ ਸਮਝਾਉਣ ਦੀ ਗੁੰਜਾਇਸ਼ ਹੀ ਨਹੀਂ ਰਹਿੰਦੀ। ਕਣਕ ਵੱਢ ਲਈ। ਟਰਾਲੀ ਭਰਕੇ ਤੁਰਨ ਲੱਗਾ ਤਾਂ ਟਰੈਕਟਰ ਸਿੱਧਾ ਖੜ੍ਹਾ ਹੋ ਗਿਆ। ਕਿਸਮਤ ਚੰਗੀ ਸੀ ਕਿ ਬਚ ਗਿਆ। ਦਿਲ ਦਹਿਲ ਗਿਆ। ਪੈਰਾਂ ਹੇਠੋਂ ਜ਼ਮੀਨ ਨਿਕਲ ਗਈ। ਪੈਰਾਂ ਹੇਠੋਂ ਜ਼ਮੀਨ ਤਾਂ ਨਿਕਲੀ ਪਰ ਦਿਮਾਗ ਵਿਚੋਂ ਫ਼ਤੂਰ ਨਹੀਂ ਨਿਕਲਿਆ। ਜਦ ਦੁਬਾਰਾ ਟਰੈਕਟਰ ਸਟਾਰਟ ਕਰਕੇ ਤੋਰਿਆ ਤਾਂ ਟਰਾਲੀ ਦੀ ਹੁਕ ਟੁੱਟ ਗਈ। ਟਰਾਲੀ ਬਹੁਤ ਪੁਰਾਣੀ ਵੀ ਨਹੀਂ ਸੀ ਕਿ ਹੁਕ ਜੰਗਾਲੀ ਹੋਣ ਕਾਰਨ ਟੁੱਟ ਗਈ ਹੋਵੇਗੀ। ਕਣਕ ਵਾਲੀ ਟਰਾਲੀ ਦੀ ਹੀ ਨਹੀਂ ਸਗੋਂ ਹੁਕ ਤਾਂ ਮਨ ਵਿਚਲੇ ਹੰਕਾਰ ਵਾਲੀ ਟਰਾਲੀ ਦੀ ਵੀ ਟੁੱਟ ਗਈ। ਜਦ ਪਿੱਛੋਂ ਹੰਕਾਰ ਦੀ ਟਰਾਲੀ ਲਹਿ ਗਈ ਤਾਂ ਮਨ ਦਾ ਟਰੈਕਟਰ ਸੱਚ ਦੇ ਰਸਤੇ 'ਤੇ ਪੈ ਗਿਆ। ਐਨ ਉਸੇ ਵਕਤ ਨੌਕਰ ਨੇ ਆ ਕੇ ਦੱਸਿਆ ਕਿ ਹੋਰ ਖੇਤਾਂ ਵਿਚ ਬੀਜੀ 12 ਏਕੜ ਕਣਕ ਅੱਗ ਕਾਰਨ ਸੜਕੇ ਸੁਆਹ ਹੋ ਗਈ ਹੈ। ਵਿਲਕਣ ਲੱਗ ਪਿਆ:

ਅਰੜਾਵੈ ਬਿਲਲਾਵੈ ਨਿੰਦਕੁ ॥
ਪਾਰਬ੍ਰਹਮੁ ਪਰਮੇਸਰੁ ਬਿਸਰਿਆ ਅਪਣਾ ਕੀਤਾ ਪਾਵੈ ਨਿੰਦਕੁ ॥
(ਮ:5-373)

ਉਸੇ ਥਾਂ ਬਹਿ ਗਿਆ। ਜਿਵੇਂ ਜਾਦੂ ਦੀ ਛੜੀ ਨਾਲ ਹਵਾ 'ਚ ਉਡ ਰਹੇ ਪਰਿੰਦੇ ਦੇ ਪਰ ਗਾਇਬ ਹੋ ਜਾਣ ਅਤੇ ਉਹ ਧਰਤੀ 'ਤੇ ਆ ਡਿੱਗੇ। ਹੰਕਾਰ ਦਾ ਪੱਕ ਚੁੱਕਾ ਫਲ ਵਕਤ ਦੇ ਇਕ ਥਪੇੜੇ ਨੇ ਝਾੜ ਦਿੱਤਾ। ਮਨ ਦਾ ਸਮੁੰਦਰ ਆਕੜ ਦੀਆਂ ਲਹਿਰਾਂ ਤੋਂ ਰਹਿਤ ਹੋ ਗਿਆ। ਕੰਡਿਆਲੀਆਂ ਝਾੜੀਆਂ ਉੱਗੇ ਜ਼ਮੀਰ 'ਤੇ

ਪਹਿਲੀ ਵਾਰ ਪਛਤਾਵੇ ਦੇ ਫੁੱਲ ਨਜ਼ਰ ਆਏ। ਸਮਿਆਂ ਨੂੰ ਜੁੱਤੀ ਦੀ ਨੋਕ ਨਾਲ ਠੋਕਰ ਮਾਰਨ ਵਾਲੇ ਨੂੰ ਵਕਤ ਨੇ ਇਕ ਹੀ ਠੇਡਾ ਮਾਰ ਕੇ ਡੇਗ ਦਿੱਤਾ ਸੀ। ਜਦ ਉੱਠਿਆ ਤਾਂ ਸਭ ਕੁਝ ਬਦਲ ਚੁੱਕਾ ਸੀ। ਵਿਨਾਸ਼ ਤੋਂ ਵਗੈਰ ਨਵੀਂ ਸਿਰਜਣਾ ਸੰਭਵ ਨਹੀਂ ਹੁੰਦੀ। ਹਿਰਦੇ ਵਿਚ ਗਿਆਨ ਲਈ ਅਗਿਆਨ ਦਾ ਵਿਨਾਸ਼ ਜ਼ਰੂਰੀ ਹੈ। ਅਵਤਾਰ ਸਿੰਘ ਦਾ ਮਨ ਸ਼ੁੱਧ ਹੋ ਗਿਆ। ਕੁਝ ਪੁੱਛਿਆ ਨਹੀਂ, ਕੁਝ ਦੱਸਿਆ ਨਹੀਂ, ਸਿੱਧਾ ਭੋਰਾ ਸਾਹਿਬ ਵੱਲ ਨੂੰ ਦੌੜ ਪਿਆ। ਸੰਤਾਂ ਦੇ ਚਰਨ ਫੜ ਲਏ। ਲੋਕਾਂ ਨੂੰ ਦੁਹਾਈਆਂ ਦਿੱਤੀਆਂ ਕਿ ਸੰਤਾਂ ਨੂੰ ਤੰਗ ਨਾ ਕਰਿਓ ਨਹੀਂ ਤਾਂ ਤਬਾਹ ਹੋ ਜਾਓਗੇ, ਬਰਬਾਦ ਹੋ ਜਾਓਗੇ ਇਹ ਤਾਂ ਆਪ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਰੂਪ ਹਨ।

ਸੁਖੀ ਬਸੈ ਮਸਕੀਨੀਆ ਆਪੁ ਨਿਵਾਰਿ ਤਲੇ ॥
ਬਡੇ ਬਡੇ ਅਹੰਕਾਰੀਆ ਨਾਨਕ ਗਰਬਿ ਗਲੇ ॥

(ਮ:5-278)



## ਸਭੇ ਕਾਜ ਸੁਹੇਲੇੜੇ ਥੀਏ

ਪਿੰਡ ਪਿੰਡ ਦੀਬਾਣ ਲਾਉਣ ਦਾ ਸਿਲਸਿਲਾ ਬਾਦਸਤੂਰ ਜਾਰੀ ਸੀ। ਕੁੱਕੜ ਨੇ ਤਾਂ ਅੰਮ੍ਰਿਤ ਵੇਲੇ ਬਾਂਗ ਦੇਣੀ ਹੈ, ਉੱਠਣਾ ਜਾਂ ਨਾ ਉੱਠਣਾ ਤਾਂ ਸਾਡੇ ਹੱਥ ਹੁੰਦਾ ਹੈ। ਚੌਂਕੀਦਾਰ ਨੇ ਕਹਿਣਾ ਹੈ ਜਾਗਦੇ ਰਹੋ, ਜਾਗਣਾ ਜਾਂ ਨਾ ਜਾਗਣਾ ਤਾਂ ਸਾਡੀ ਇੱਛਾ ਹੈ। ਸੰਤ ਵੀ ਸੁੱਤਿਆਂ ਨੂੰ ਸੱਚ ਦਾ ਹੱਕਾ ਦੇ ਦੇ ਕੇ ਜਗਾਉਂਦੇ:

ਉਠ ਜਾਗ ਘਰਾੜੇ ਮਾਰ ਨਹੀਂ, ਏ ਸੌਣ ਤੇਰੇ ਦਰਕਾਰ ਨਹੀਂ,
ਇਕ ਰੋਜ਼ ਜਹਾਂ ਥੀ ਜਾਣਾ ਹੈ, ਜਾਇ ਕਬਰੇ ਵਿਚ ਸਮਾਣਾ ਹੈ,
ਤੇਰਾ ਗੋਸ਼ਤ ਕੀੜਿਆਂ ਖਾਣਾ ਹੈ, ਕਰ ਚਿੰਤਾ ਮਰਗ ਵਿਸਾਰ ਨਹੀਂ,
ਉੱਠ ਜਾਗ ਘਰਾੜੇ ਮਾਰ ਨਹੀਂ (ਬਾਬਾ ਬੁੱਲੇਸ਼ਾਹ ਜੀ)

ਆਤਮਾ ਨੂੰ ਝੰਜੋੜਦੇ:

ਪ੍ਰਾਣੀ ਤੂੰ ਆਇਆ ਲਾਹਾ ਲੈਣਿ ॥
ਲਗਾ ਕਿਤੁ ਕੁਫਕੜੇ ਸਭ ਮੁਕਦੀ ਚਲੀ ਰੈਣਿ ॥ (ਮ:5-43)

ਜਾਗਣ ਵਾਲੇ ਜਾਗ ਜਾਂਦੇ। ਜਦ ਸੰਤ ਕਹਿੰਦੇ ਭਾਈ ਉੱਠੋ ਤਾਂ ਉੱਠ ਖੜ੍ਹੇ ਹੁੰਦੇ। ਗੁਰੂ ਵਾਲੇ ਬਣਨ ਲਈ ਆਪਣਾ ਨਾਮ ਲਿਖਵਾ ਦਿੰਦੇ। ਅਭਿਲਾਸ਼ੀਆਂ ਨੂੰ ਰਾੜਾ ਸਾਹਿਬ ਭੇਜਕੇ ਅੰਮ੍ਰਿਤ ਛਕਾਇਆ ਜਾਂਦਾ। ਹੋਰ ਦੀਬਾਣ ਲੱਗਦੇ, ਹੋਰ ਅੰਮ੍ਰਿਤ ਅਭਿਲਾਸ਼ੀ ਹੁੰਦੇ, ਫਿਰ ਅੰਮ੍ਰਿਤ ਛਕਣ ਲਈ ਭੇਜਿਆਂ ਜਾਂਦਾ। ਇਸੇ ਲੜੀ ਤਹਿਤ ਜਦ ਸੰਤ ਦੀਬਾਨ ਲਾਉਣ ਲਈ ਪਿੰਡ ਧਾਮੀਆਂ ਪਹੁੰਚੇ ਤਾਂ ਸ. ਕਾਬਲ ਸਿੰਘ ਦੇ ਪਰਿਵਾਰ ਨੇ ਬਹੁਤ ਇੱਜ਼ਤ ਮਾਣ ਕੀਤਾ। ਦੀਬਾਣ ਵੀ ਆਪਣੀ ਹਵੇਲੀ ਲਗਵਾਇਆ। ਇਹਨਾਂ ਦੀ ਹਵੇਲੀ ਵਿਚ ਪਸ਼ੂ ਤਾਂ ਬਥੇਰੇ ਖੜ੍ਹੇ ਸਨ ਪਰ ਦੁੱਧ ਵਾਲਾ ਕੋਈ ਨਹੀਂ ਸੀ। ਸਭ ਢੰਡਰ ਸਨ। ਜਦ ਸੰਤਾਂ ਦੇ ਚਰਨ ਪਏ, ਜਦ ਗੁਰਬਾਣੀ ਦਾ ਗਾਇਣ ਹੋਇਆ

ਸਭ ਤੇ ਊਤਮ ਹਰਿ ਕੀ ਕਥਾ ॥
ਨਾਮ ਸੁਨਤ ਦਰਦ ਦੁਖ ਲਥਾ ॥ (ਮ:5-265)

ਤਾਂ ਸਾਰੇ ਪਸ਼ੂ ਆਸ ਹੋ ਗਏ। ਇੰਨਾ ਵਿਸ਼ਵਾਸ ਬੱਝਿਆ ਕਿ ਜਦ ਵੀ ਧਾਮੀਆਂ ਦੀਬਾਣ ਹੁੰਦੇ ਤਾਂ ਇਹਨਾਂ ਦੀ ਹਵੇਲੀ ਵਿਚ ਹੀ ਲੱਗਦੇ। ਇਕ ਵਾਰ ਸੰਤਾਂ ਨੇ ਰਾਤ ਰੁਕਣਾ ਸੀ। ਇਕ ਸੁੰਦਰ ਕੋਠੀ ਉਹਨਾਂ ਦੀ ਰਿਹਾਇਸ਼ ਲਈ

ਰਾਖਵੀਂ ਰੱਖੀ ਹੋਈ ਸੀ। ਪਰ ਸੰਤ ਤਾਂ ਪ੍ਰੇਮ ਦੇ ਭੁੱਖੇ ਹੁੰਦੇ ਹਨ ਮਹਿਲਾਂ ਦੇ ਨਹੀਂ। ਸੰਤ ਕਹਿੰਦੇ ਜੇ ਰੁਕਣਾ ਹੈ ਤਾਂ ਕਾਬਲ ਸਿੰਘ ਦੇ ਘਰ ਹੀ ਰੁਕਣਾ ਹੈ।

ਜਦੋਂ ਰਾਮ ਚੰਦਰ ਜੀ ਸੀਤਾ ਜੀ ਦੀ ਤਲਾਸ਼ ਵਿਚ ਜੰਗਲ ਵਿਚ ਫਿਰਦੇ ਹੋਏ ਪੰਪਾ ਸਰੋਵਰ ਪਹੁੰਚੇ ਜਿੱਥੇ ਕਿ ਅਨੇਕ ਰਿਸ਼ੀ ਮੁਨੀ ਤਪ ਕਰ ਰਹੇ ਸਨ ਉਥੇ ਇਕ ਭੀਲਣੀ ਦੀ ਝੌਂਪੜੀ ਵੀ ਸੀ। ਜਦ ਉਹਨਾਂ ਸਾਰਿਆਂ ਨੂੰ ਰਾਮ ਚੰਦਰ ਜੀ ਦੇ ਆਉਣ ਦਾ ਪਤਾ ਲੱਗਾ ਤਾਂ ਹਰ ਇਕ ਨੇ ਆਸ਼ਰਮ ਸਜਾ ਲਏ, ਇਸ ਆਸ ਨਾਲ ਕਿ ਰਾਮ ਚੰਦਰ ਜੀ ਮੇਰੇ ਘਰ ਆਉਣਗੇ। ਕੋਈ ਸਮਝਦਾ ਸੀ ਕਿ ਮੈਂ ਬੜਾ ਵਿਦਵਾਨ ਹਾਂ, ਕੋਈ ਆਪਣੇ ਤਪ ਦਾ ਅਭਿਮਾਨ ਕਰਦਾ ਸੀ ਕਿ ਮੇਰੇ ਕੋਲ ਆਉਣਗੇ। ਭੀਲਣੀ ਨੂੰ ਉਸਦੇ ਗੁਰੂ ਮਤੰਗ ਰਿਸ਼ੀ ਨੇ ਕਿਹਾ ਹੋਇਆ ਸੀ ਕਿ ਜਦੋਂ ਰਾਮ ਚੰਦਰ ਜੀ ਮਹਾਰਾਜ ਪੰਪਾ ਸਰੋਵਰ 'ਤੇ ਆਉਣਗੇ, ਤਾਂ ਤੇਰੇ ਕੋਲ ਨਿਵਾਸ ਕਰਨਗੇ। ਉਹ ਆਪਣਾ ਘਰ ਸਾਫ਼ ਕਰਕੇ ਜੰਗਲ ਵਿਚ ਉਹਨਾਂ ਲਈ ਫਲ ਲੈਣ ਚਲੀ ਗਈ ਅਤੇ ਉੱਥੋਂ ਬੇਰ ਲਿਆਈ। ਮਲਿਆਂ ਦੇ ਬੇਰ ਖੱਟੇ ਹੁੰਦੇ ਹਨ, ਉਹ ਹਰ ਬੇਰ ਨੂੰ ਚੱਖ ਕੇ ਵੇਖ ਲੈਂਦੀ, ਜਿਹੜਾ ਮਿੱਠਾ ਹੁੰਦਾ ਰਾਮ ਲਈ ਟੋਕਰੀ ਵਿਚ ਰੱਖ ਲੈਂਦੀ, ਕੌੜਾ ਜਾਂ ਖੱਟਾ ਬੇਰ ਸੁੱਟ ਦਿੰਦੀ। ਜਦੋਂ ਰਾਮ ਚੰਦਰ ਜੀ ਮਹਾਰਾਜ ਨੂੰ ਵਾਪਸ ਆ ਕੇ ਆਪਣੀ ਕੁਟੀਆ ਵਿਚ ਜ਼ਮੀਨ ਉੱਪਰ ਹੀ ਬੈਠੇ ਵੇਖਿਆ ਤਾਂ ਪ੍ਰੇਮ ਨਾਲ ਗਦ-ਗਦ ਹੋ ਗਈ ਅਤੇ ਜ਼ੁਬਾਨ ਬੰਦ ਹੋ ਗਈ। ਉਸ ਹਾਲਤ ਨੂੰ ਤੁਲਸੀਦਾਸ ਜੀ ਨੇ ਇਉਂ ਬਿਆਨ ਕੀਤਾ ਹੈ:

ਪ੍ਰੇਮ ਮਗਨ ਮੁਖ ਬਚਨ ਨ ਆਵਾ ॥
ਪੁਨਿ ਪੁਨਿ ਪਦ ਸਰੋਜ ਸਿਰ ਨਾਵਾ ॥ (ਤੁਲਸੀਦਾਸ ਜੀ)

ਫਿਰ ਉਹਨਾਂ ਦੇ ਚਰਨ ਧੋ ਕੇ ਜ਼ਮੀਨ ਤੋਂ ਉਠਾ ਕੇ ਸੁੰਦਰ ਆਸਣ ਉੱਪਰ ਬਿਠਾਇਆ ਅਤੇ ਉਹਨਾਂ ਅੱਗੇ ਉਹ ਫਲ ਪੇਸ਼ ਕੀਤੇ ਜੋ ਕਿ ਬੜੇ ਪ੍ਰੇਮ ਨਾਲ ਰਾਮ ਚੰਦਰ ਜੀ ਨੇ ਖਾਧੇ। ਜਦ ਭੀਲਣੀ ਕਹਿਣ ਲੱਗੀ ਮੈਂ ਸਭ ਤੋਂ ਨੀਂਵੀਂ ਜ਼ਾਤ ਦੀ ਹਾਂ ਅਤੇ ਗੰਵਾਰ ਹਾਂ, ਤਾਂ ਰਾਮ ਚੰਦਰ ਜੀ ਨੇ ਫ਼ੁਰਮਾਇਆ ਕਿ ਮੈਂ ਸਿਰਫ਼ ਇਕ ਰਿਸ਼ਤੇਦਾਰੀ ਜਾਣਦਾ ਹਾਂ ਉਹ ਹੈ ਮੇਰੀ ਭਗਤੀ, ਮੇਰਾ ਪਿਆਰ:

ਨਾਮਦੇਅ ਪ੍ਰੀਤਿ ਲਗੀ ਹਰਿ ਸੇਤੀ ਲੋਕੁ ਛੀਪਾ ਕਹੈ ਬੁਲਾਇ ॥
ਖਤ੍ਰੀ ਬ੍ਰਾਹਮਣ ਪਿਠਿ ਦੇ ਛੋਡੇ ਹਰਿ ਨਾਮਦੇਉ ਲੀਆ ਮੁਖਿ ਲਾਇ ॥
(ਮ: 4 -733)



ਪ੍ਰਮਾਤਮਾ ਦਾ ਰਿਸ਼ਤਾ ਜ਼ਾਤ ਨਾਲ ਨਹੀਂ ਪ੍ਰੇਮ ਨਾਲ ਹੁੰਦਾ ਹੈ, ਭਗਤੀ ਨਾਲ ਹੁੰਦਾ ਹੈ। ਭਗਤੀ ਤਿੰਨ ਪ੍ਰਕਾਰ ਦੀ ਹੁੰਦੀ ਹੈ। 1. ਨਵਧਾ ਭਗਤੀ, 2. ਪ੍ਰੇਮਾ ਭਗਤੀ, 3. ਪਰਾ ਭਗਤੀ।

1. ਨਵਧਾ ਭਗਤੀ ਨੌਂ ਪ੍ਰਕਾਰ ਦੀ ਹੁੰਦੀ ਹੈ:
   - ਪਹਿਲੀ ਸਰਵਨ ਭਗਤੀ ਹੈ ਜੋ ਪ੍ਰਮੇਸ਼ਰ ਦੇ ਜਸ ਨੂੰ ਕੰਨਾਂ ਦੁਆਰਾ ਸੁਣਨਾ ਹੈ। ਇਹ ਰਾਜੇ ਪ੍ਰੀਛਤ ਨੇ ਕੀਤੀ।
   - ਦੂਜੀ ਕੀਰਤਨ ਭਗਤੀ ਹੈ। ਇਹ ਸੁਖਦੇਵ ਜੀ ਨੇ ਕੀਤੀ।
   - ਤੀਜੀ ਸਿਮਰਨ ਭਗਤੀ ਹੈ ਇਹ ਪ੍ਰਹਿਲਾਦ ਜੀ ਨੇ ਕੀਤੀ।
   - ਚੌਥੀ ਪਾਦ ਸੇਵਾ ਹੈ- ਚਰਨਾਂ ਦੀ ਸੇਵਾ ਲਛਮੀ ਜੀ ਨੇ ਕੀਤੀ।
   - ਪੰਜਵੀਂ ਅਰਚਾਨ ਭਗਤੀ ਭਾਵ ਪੂਜਾ ਹੈ ਇਹ ਪ੍ਰਿਥੂ ਜੀ ਨੇ ਕੀਤੀ।
   - ਛੇਵੀਂ ਬੰਦਨਾ ਜਾਂ ਨਮਸਕਾਰ ਭਗਤੀ ਹੈ ਜੋ ਅਕਰੂਰ ਜੀ ਨੇ ਕੀਤੀ।
   - ਸਤਵੀਂ ਦਾਸਾ ਭਗਤੀ ਹੈ ਜੋ ਹਨੂਮਾਨ ਜੀ ਦੀ ਮਸ਼ਹੂਰ ਹੈ।
   - ਅੱਠਵੀਂ ਸਖਾ ਜਾਂ ਸਖੀ ਭਗਤੀ ਇਹ ਪਾਂਡਵਾਂ ਵਿਚ ਅਰਜਨ ਨੇ ਜਾਂ ਗੋਪੀਆਂ ਨੇ ਕੀਤੀ।
   - ਨੌਂਵੀਂ ਭਗਤੀ ਆਤਮ ਨਿਵੇਦਨ ਦੀ ਹੈ ਜੋ ਬਲ ਰਾਜੇ ਨੇ ਕੀਤੀ ਸੀ।
2. ਪ੍ਰੇਮਾ ਭਗਤੀ:- ਇਸਨੂੰ ਨਵਧਾ ਭਗਤੀ ਤੋਂ ਸ੍ਰੇਸ਼ਟ ਮੰਨਿਆ ਜਾਂਦਾ ਹੈ। ਇਸ ਵਿਚ ਜਗਿਆਸੂ ਦਾ ਦਿਲ ਹਰ ਸਮੇਂ ਪ੍ਰਭੂ ਪਿਆਰ ਵਿਚ ਹੀ ਡੁੱਬਾ ਰਹਿੰਦਾ ਹੈ। ਨਾ ਭੁੱਖ ਲੱਗਦੀ ਹੈ ਨਾ ਪਿਆਸ ਲੱਗਦੀ ਹੈ। ਦਸ਼ਾ ਮਸਤਾਨਿਆਂ ਵਾਲੀ ਹੋ ਜਾਂਦੀ ਹੈ।
3. ਪਰਾ ਭਗਤੀ:- ਜਦ ਪ੍ਰਮਾਤਮਾ ਦੀ ਸਰਵ ਵਿਆਪੀ ਹੋਂਦ ਸਵੀਕਾਰ ਕੇ ਮਨ ਤ੍ਰਿਪਤ ਹੋ ਜਾਂਦਾ ਹੈ, ਬ੍ਰਿਤੀ ਅੰਤਰਮੁਖੀ ਹੋ ਜਾਂਦੀ ਹੈ ਤੇ ਅਭਿਆਸ ਦੁਆਰਾ ਇਸ ਗਿਆਨ ਦਾ ਨਿਸ਼ਚਾ ਵੀ ਹੋ ਜਾਂਦਾ ਹੈ-ਇਹ ਪਰਾ ਭਗਤੀ ਹੈ।

ਪਰ ਪ੍ਰੇਮ ਤੋਂ ਬਿਨਾਂ ਸਤਿਗੁਰੂ ਨੂੰ ਪਾਇਆ ਨਹੀਂ ਜਾ ਸਕਦਾ। ਸਾਧੂ ਵੀ ਪ੍ਰੇਮ ਦੇ ਹੀ ਭੁੱਖੇ ਹੁੰਦੇ ਹਨ। ਇਹ ਸ. ਕਾਬਲ ਸਿੰਘ ਹੁਰਾਂ ਦਾ ਪ੍ਰੇਮ ਹੀ ਸੀ ਕਿ ਇਹਨਾਂ ਦਾ ਘਰ ਸੰਤਾਂ ਦਾ ਨਿਵਾਸ ਬਣਿਆ।

ਸਾਚੁ ਕਹੂੰ ਸੁਨ ਲੇਹੁ ਸਭੈ
ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ ॥ (ਪਾਤਿਸ਼ਾਹੀ:10)

ਦੀਬਾਣ ਪਿੰਡ ਵਿਚ ਹੁੰਦਾ ਜਾਂ ਅਸਥਾਨ 'ਤੇ, ਸੰਗਤ ਹੁੰਮ ਹੁੰਮਾ ਕੇ ਪਹੁੰਚਦੀ। ਜੋ ਸੰਗਤ ਸਾਰੋਬਾਦ ਜਾਂ ਮੁਹੱਦੀਪੁਰ ਵੱਲੋਂ ਆਉਂਦੀ, ਉਹਨਾਂ ਨੂੰ ਰਸਤੇ ਵਿਚ ਪਹਾੜੀ ਕਿੱਕਰ ਦੇ ਕੋਲੋਂ ਲੰਘਕੇ ਆਉਣਾ ਪੈਂਦਾ ਜੋ ਗੁਰੁਦਵਾਰਾ ਸਾਹਿਬ ਤੋਂ ਥੋੜਾ ਪਹਿਲਾਂ ਪੈਂਦੀ ਸੀ ਅਤੇ ਹੁਣ ਵੀ ਹੈ। ਜਦ ਸੰਗਤ ਨੇ ਜਾਂ ਰਾਹਗੀਰਾਂ ਨੇ ਸਿਖ਼ਰ ਦੁਪਹਿਰ ਸਮੇਂ ਜਾਂ ਦੇਰ ਸਵੇਰ ਇੱਥੋਂ ਲੰਘਣਾ ਤਾਂ ਢੋਲਕੀਆਂ ਛੈਣਿਆਂ ਦੀ ਆਵਾਜ਼ ਸੁਣਾਈ ਦੇਣੀ। ਲੋਕ ਡਰਨ ਲੱਗੇ। ਇਕ ਸਿੰਘ ਦੇ ਬੇਨਤੀ ਕਰਨ 'ਤੇ ਸੰਤਾਂ ਨੇ ਕਿਹਾ, 'ਬਈ ਨਾਮ ਜਪਿਆ ਕਰੋ, ਜਿੱਥੇ ਨਾਮ ਜਪਿਆ ਜਾਂਦਾ ਹੈ ਉੱਥੇ ਇਹ ਚੀਜ਼ਾਂ ਬਹੁਤਾ ਸਮਾਂ ਨਹੀਂ ਠਹਿਰ ਸਕਦੀਆਂ। ਸੰਤਾਂ ਨੇ ਪੁੰਨਿਆਂ ਦੇ ਰੈਣ ਸਬਾਈ ਕੀਰਤਨ ਵੀ ਸ਼ੁਰੂ ਕਰ ਦਿੱਤੇ ਅਤੇ ਸਾਰੀ ਰਾਤ ਕੀਰਤਨ ਪ੍ਰਵਾਹ ਚੱਲਣਾ। ਜਿਉਂ ਜਿਉਂ ਕੀਰਤਨ ਵਧਦਾ ਗਿਆ, ਬਾਣੀ ਦਾ ਜਾਪ ਵਧਦਾ ਗਿਆ, ਪਹਾੜੀ ਕਿੱਕਰ ਜਾਂ ਇਸਦੇ ਆਸ ਪਾਸ ਤੋਂ ਢੋਲਕੀਆਂ ਛੈਣਿਆਂ ਦੀ ਸੁਣਨ ਵਾਲੀਆਂ ਆਵਾਜ਼ਾਂ ਮੱਧਮ ਪੈਂਦੀਆਂ ਗਈਆਂ। ਆਵਾਜ਼ਾਂ ਖ਼ਤਮ ਹੋ ਗਈਆਂ। ਭੈ ਖ਼ਤਮ ਹੋ ਗਿਆ।

ਜੋ ਤੁਧੁ ਸੇਵਹਿ ਤਿਨ ਭਉ ਦੁਖੁ ਨਾਹਿ ॥ (ਮ:5-724)

ਸੰਗਤ ਦੇ ਆਉਣ ਨਾਲ ਤਿੰਨ ਬੋਰੀਆਂ ਅਨਾਜ (ਦੋ ਬੋਰੀਆਂ ਕਣਕ ਅਤੇ ਇਕ ਬੋਰੀ ਆਟਾ) ਜਮਾ ਹੋ ਚੁੱਕਾ ਸੀ। ਲੰਗਰ ਅਜੇ ਬਣਨਾ ਸ਼ੁਰੂ ਨਹੀਂ ਸੀ ਹੋਇਆ। ਜਦ ਸੰਤਾਂ ਦਾ ਇਸ ਪਾਸੇ ਧਿਆਨ ਦਿਵਾਇਆ ਗਿਆ ਤਾਂ ਸੰਤ ਕਹਿੰਦੇ ਇਸਨੂੰ ਗਰੀਬਾਂ ਵਿਚ ਵੰਡ ਦਿਓ। ਅਨਾਜ ਸ਼ਾਮ ਚੁਰਾਸੀ ਦੇ ਗੁਰਦੁਆਰਾ ਸਾਹਿਬ (ਜੋ ਕੋਟਲੀ ਵਾਲੇ ਮੋੜ 'ਤੇ ਪੈਂਦਾ ਹੈ) ਲਿਜਾ ਕੇ ਗਰੀਬਾਂ ਵਿਚ ਵੰਡ ਦਿੱਤਾ ਗਿਆ। ਜਦ ਸੇਵਕ ਵਾਪਸ ਆਏ ਤਾਂ ਸੰਤਾਂ ਨੇ ਪੁੱਛਿਆ, "ਬਈ ਕਲ੍ਹ ਸੰਗਰਾਂਦ ਹੈ ਦੇਗ ਵਾਸਤੇ ਰਸਦ ਰੱਖ ਲਈ।" ਸੇਵਕ ਕੀ ਬੋਲਣ। ਉਹ ਤਾਂ ਭੁੱਲ ਗਏ ਸਨ ਕਿ ਸੁਬ੍ਹਾ ਸੰਗਰਾਂਦ ਸੀ। ਭਾਈ ਹਰਬੰਸ ਸਿੰਘ ਨੇ ਹੱਥ ਜੋੜ ਕੇ ਕਿਹਾ, "ਅਸੀਂ ਭੁੱਲ ਗਏ ਮਹਾਰਾਜ, ਮੈਂ ਸੁਬਾ ਆਉਂਦਾ ਘਰ ਤੋਂ ਲੈ ਆਵਾਂਗਾ।" ਸੰਤ ਮੁਸਕਰਾ ਕੇ ਕਹਿੰਦੇ ਘਰੋਂ ਨਾ ਲਿਆਈਂ। ਇਹ ਗੁਰੂ ਨਾਨਕ ਦਾ ਦਰ ਹੈ। ਜੇ ਉਸਨੇ ਸੁਬ੍ਹਾ ਸੰਗਰਾਂਦ ਮਨਵਾਉਣੀ ਹੋਈ ਤਾਂ ਰਸਦ ਵੀ ਭੇਜ ਦੇਵੇਗਾ। ਏਨਾ ਵਿਸ਼ਵਾਸ ਚਾਹੀਦਾ ਹੈ ਇਕ ਸੇਵਕ ਨੂੰ ਆਪਣੇ ਸਤਿਗੁਰੂ 'ਤੇ। ਅਥਾਹ ਭਰੋਸਾ, ਅਥਾਹ ਵਿਸ਼ਵਾਸ। ਪ੍ਰਮਾਤਮਾ ਆਪਣੇ ਸੇਵਕਾਂ ਦਾ ਵਿਸ਼ਵਾਸ ਕਦੇ ਟੁੱਟਣ ਨਹੀਂ ਦਿੰਦੇ।



ਜਦ ਸ਼ਾਮ ਹੋਈ ਤਾਂ ਪਿੰਡ ਵਾਹਿਦ ਤੋਂ ਇਕ ਜਨ 5 ਕਿੱਲੋ ਆਟਾ, 5 ਕਿੱਲੋ ਘਿਓ ਅਤੇ 5 ਕਿੱਲੋ ਖੰਡ ਲੈ ਕੇ ਆਇਆ ਅਤੇ ਬੇਨਤੀ ਕੀਤੀ, "ਮਹਾਰਾਜ, ਕੱਲ੍ਹ ਲਈ ਦੇਗ ਸਾਡੀ ਮਨਜ਼ੂਰ ਕਰੋ।"

ਪੱਲੇ ਕਦੇ ਨਾ ਬੰਨਦੇ ਪੰਛੀ ਤੇ ਦਰਵੇਸ਼।
ਜਿਨਾ ਨੂੰ ਤਕਵਾ ਰਬ ਤੇ ਤਿਨਾ ਰਿਜਕ ਹਮੇਸ਼।

ਸੰਗਤ ਦਿਨੋਂ ਦਿਨ ਵਧਦੀ ਜਾ ਰਹੀ ਸੀ ਅਤੇ ਸੰਗਤ ਦਾ ਵਾਧਾ ਪ੍ਰਮਾਤਮਾ ਵੱਲੋਂ ਦਰਬਾਰ ਸਾਹਿਬ ਬਣਾਉਣ ਦੀ ਰਮਜ਼ ਸੀ। ਸੰਤ ਬਾਬਾ ਤੀਰਥ ਸਿੰਘ ਜੀ ਨੇ ਸਮੇਂ ਦੀ ਨਬਜ਼ ਅਤੇ ਰੱਬ ਦੀ ਰਜ਼ਾ ਨੂੰ ਪਛਾਣਦਿਆਂ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਓਟ ਲੈਂਦਿਆਂ ਨੀਂਹ ਪਟਾਉਣੀ ਸ਼ੁਰੂ ਕਰ ਦਿੱਤੀ। 1978 ਵਿਚ ਸੰਤ ਬਾਬਾ ਕਿਸ਼ਨ ਸਿੰਘ ਜੀ ਰਾੜਾ ਸਾਹਿਬ ਵਾਲਿਆਂ ਨੇ ਆਪਣੇ ਕਰ ਕਮਲਾਂ ਨਾਲ ਨੀਂਹ ਪੱਥਰ ਰੱਖਿਆ ਅਤੇ ਦਰਬਾਰ ਸਾਹਿਬ ਬਣਨਾ ਆਰੰਭ ਹੋ ਗਿਆ।

# ਜਾ ਕੀ ਪ੍ਰਭ ਆਗੈ ਅਰਦਾਸਿ

ਭਗਤੀ ਵਿਚ ਪ੍ਰਮੇਸ਼ਰ ਨੂੰ ਸਮਰਪਣ ਹੀ ਸਭ ਤੋਂ ਉੱਤਮ ਹੈ। ਜਦ ਅਸੀਂ ਪ੍ਰਮੇਸ਼ਰ ਦੇ ਹੋ ਜਾਂਦੇ ਹਾਂ ਤਾਂ ਪ੍ਰਮੇਸ਼ਰ ਸਾਡਾ ਹੋ ਜਾਂਦਾ ਹੈ। ਹਰੀ ਆਪਣੇ ਭਗਤਾਂ ਦੇ ਪਿਆਰ ਦਾ ਭੁੱਖਾ ਹੈ ਅਤੇ

ਅਚਿੰਤ ਕੰਮ ਕਰਹਿ ਪ੍ਰਭ ਤਿਨਕੇ ਜਿਨ ਹਰਿ ਕਾ ਨਾਮੁ ਪਿਆਰਾ ॥

ਇਹ ਸੰਤਾਂ ਦਾ ਰੱਬ ਨਾਲ ਪਿਆਰ ਹੀ ਸੀ, ਪ੍ਰਮਾਤਮਾ 'ਤੇ ਭਰੋਸਾ ਹੀ ਸੀ ਕਿ ਦਰਬਾਰ ਸਾਹਿਬ ਦਾ ਨੀਂਹ ਪੱਥਰ ਰੱਖਣ ਤੋਂ ਬਾਦ ਝਟ ਹੀ ਓਨੀ ਜਗ੍ਹਾ ਛੱਤ ਹੋ ਕੇ ਤਿਆਰ ਹੋ ਗਈ ਜਿੱਥੇ ਹੁਣ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਰੱਖਿਆ ਹੋਇਆ ਹੈ (ਕੌਲਿਆਂ ਦੇ ਵਿਚਕਾਰਲੀ) ਅਤੇ ਸੇਵਕਾਂ ਨੇ ਸੰਗਤ ਦੇ ਬੈਠਣ ਲਈ ਉਸਦੇ ਸਾਹਮਣੇ ਵਾਲਾ ਤੌੜ ਭਰਤੀ ਪਾਕੇ ਉੱਚਾ ਅਤੇ ਪੱਧਰਾ ਕਰ ਦਿੱਤਾ। ਜਦ ਖ਼ੁਦੀ ਨਹੀਂ ਰਹਿੰਦੀ ਤਾਂ ਫ਼ਿਕਰ ਵੀ ਨਹੀਂ ਰਹਿੰਦਾ। ਬੇਫਿਕਰਿਆਂ ਦਾ ਫ਼ਿਕਰ ਪ੍ਰਮਾਤਮਾ ਨੂੰ ਹੁੰਦਾ ਹੈ। ਅਚਿੰਤਿਆਂ ਦੀ ਚਿੰਤਾ ਪ੍ਰਮੇਸ਼ਰ ਨੂੰ ਹੁੰਦੀ ਹੈ ਕਿਉਂਕਿ ਜਦ ਮੈਂ ਨਹੀਂ ਰਹਿੰਦੀ ਤਾਂ ਫਿਰ ਤੂੰ ਹੀ ਤੂੰ ਆ ਜਾਂਦੀ ਹੈ ਅਤੇ ਜਦ ਮਤਬਲ ਨਹੀਂ ਰਹਿੰਦਾ ਤਾਂ

ਕਹੈ ਹੁਸੈਨ ਜਿਨ ਮਤਬਲ ਛੋਡਿਆ
ਸੋ ਮੀਰਨ ਸਿਰ ਮੀਰਾ। (ਸ਼ਾਹ ਹੁਸੈਨ ਜੀ)

ਦਰਵੇਸ਼ਾ ਦੇ ਦਰਵੇਸ਼ ਬਣ ਜਾਂਦੇ ਹੋ। ਬਾਦਸ਼ਾਹਾਂ ਦੇ ਬਾਦਸ਼ਾਹ ਬਣ ਜਾਂਦੇ ਹੋ। ਐਸੇ ਹੀ ਦਰਵੇਸ਼ਾਂ ਦੇ ਦਰਵੇਸ਼ ਸੰਤ ਬਾਬਾ ਈਸ਼ਰ ਸਿੰਘ ਜੀ ਰਾੜਾ ਸਾਹਿਬ ਜੋ 26 ਅਗਸਤ 1975 ਨੂੰ ਸਰੀਰ ਤਿਆਗ ਗਏ ਸਨ, ਦੀ ਬਰਸੀ ਨਜ਼ਦੀਕ ਆ ਗਈ ਸੀ। ਨਵੇਂ ਬਣੇ ਦਰਬਾਰ ਵਿਚ ਮਹਾਰਾਜ ਦਾ ਪ੍ਰਕਾਸ਼ ਕਰਨ ਉਪਰੰਤ ਅਖੰਡ ਪਾਠ ਸਾਹਿਬ ਆਰੰਭੇ ਗਏ। ਪਾਠੀ ਸਿੰਘ ਅਤੇ ਕੀਰਤਨੀ ਜਥਾ ਰਾੜਾ ਸਾਹਿਬ ਤੋਂ ਆਇਆ। ਤਿੰਨ ਦਿਨ ਗੁਰਬਾਣੀ ਦਾ ਅਖੰਡ ਜਾਪ ਅਤੇ ਕੀਰਤਨ ਪ੍ਰਵਾਹ ਹੋਇਆ।

ਤਹਾ ਬੈਕੁੰਠੁ ਜਹ ਕੀਰਤਨੁ ਤੇਰਾ ਤੂੰ ਆਪੇ ਸਰਧਾ ਲਾਇਹਿ ॥
(ਮ:5-749)

ਇਲਾਕੇ ਦੀਆਂ ਸੰਗਤਾਂ ਨੇ ਜ਼ੋਰ ਸ਼ੋਰ ਨਾਲ ਜੋੜ ਮੇਲਾ ਮਨਾਇਆ। ਗੁਰੂ



ਦਾ ਅਤੁੱਟ ਲੰਗਰ ਵਰਤਇਆ। ਸੇਵਾ ਵਾਲੇ ਭਾਈ ਅਤੇ ਬੀਬੀਆਂ ਰਾਤ ਬਾਰਾਂ ਵਜੇ ਸਾਰੀ ਸਮਾਪਤੀ ਉਪਰੰਤ ਜਾਂਦੇ ਅਤੇ ਆਪਣਾ ਲੋਕ ਸੁਖੀ ਪ੍ਰਲੋਕ ਸੁਹੇਲਾ ਬਣਾਉਣ ਲਈ ਸਵੇਰੇ ਚਾਰ ਵਜੇ ਫਿਰ ਹਾਜ਼ਰੀ ਭਰਦੇ।

ਵਿਚਿ ਦੁਨੀਆ ਸੇਵ ਕਮਾਈਐ ॥
ਤਾ ਦਰਗਹ ਬੈਸਣੁ ਪਾਈਐ ॥ (ਮ:1-26)

ਫਿਰ ਗੁਰੂ ਨਾਨਕ ਦੇਵ ਜੀ ਦਾ ਉਰਸ ਆਇਆ। ਸੰਗਤ ਨੇ ਬੜੇ ਉਤਸ਼ਾਹ ਨਾਲ ਮਨਾਇਆ। ਰੈਣ ਸਬਾਈ ਕੀਰਤਨ ਹੋਏ। ਬੀਬੀਆਂ ਨੇ ਵੀ ਦੇਰ ਸਵੇਰ ਨਾ ਵੇਖੀ ਅਤੇ ਬਹੁਤ ਉਦਮ ਨਾਲ ਸੇਵਾ ਅਤੇ ਰਾਮ ਨਾਮ ਦਾ ਲਾਹਾ ਲਿਆ। ਜਿਸ ਤਰ੍ਹਾਂ ਸਾਧ ਲਈ ਸਭ ਸਾਧ ਹੁੰਦੇ ਹਨ ਉਸੇ ਤਰ੍ਹਾਂ ਚੋਰ ਲਈ ਸਭ ਚੋਰ ਹੁੰਦੇ ਹਨ ਕਿਉਂਕਿ

ਮਨਿ ਮੈਲੇ ਸਭੁ ਕਿਛੁ ਮੈਲਾ ਤਨਿ ਧੋਤੈ ਮਨੁ ਹਛਾ ਨ ਹੋਇ ॥
(ਮ: 3-558)

ਪਿੰਡ ਮੁਹੱਦੀਪੁਰ ਤੋਂ ਸ. ਕਿਹਰ ਸਿੰਘ ਨੇ ਧਾਮੀਆਂ ਦੀਆਂ ਤਿੰਨ ਸੇਵਾਦਾਰਨੀਆਂ ਨੂੰ ਕਿਹਾ, "ਬੀਬੀ, ਤੁਸੀਂ ਤਾਂ ਦੇਰ ਸਵੇਰ ਵੀ ਨਹੀਂ ਵੇਖਦੀਆਂ, ਮੂੰਹ ਚੁੱਕ ਕੇ ਤੁਰ ਪੈਂਦੀਆਂ ਹੋ। ਜੇ ਕੋਈ ਰਸਤੇ ਵਿਚ ਗੱਲਬਾਤ ਹੋ ਗਈ ਤਾਂ ਕੌਣ ਜ਼ਿੰਮੇਵਾਰ ਹੋਏਗਾ ?" ਬੀਬੀਆਂ ਦਾ ਮਨ ਬਹੁਤ ਦੁਖੀ ਹੋਇਆ। ਅੰਦਰ ਕੋਈ ਐਸੀ ਚੀਜ਼ ਟੁੱਟੀ ਜਿਸਦੀ ਆਵਾਜ਼ ਵੀ ਨਹੀਂ ਆਉਂਦੀ। ਕੁਝ ਐਸਾ ਖੋ ਗਿਆ ਜੋ ਲੱਭਿਆ ਨਹੀਂ ਜਾ ਸਕਦਾ ਸੀ। ਕੁਝ ਢਹਿ ਗਿਆ ਜਿਸਦਾ ਸਾਹਮਣੇ ਵਾਲੇ ਨੂੰ ਅਹਿਸਾਸ ਵੀ ਨਹੀਂ ਹੁੰਦਾ।

ਬੁਲਿਆ ਮੰਦਰ ਢਾਹ ਮਸੀਤਾਂ ਢਾਹ ਦੇ ਢਾਹ ਦੇ ਜੋ ਕੁਝ ਢਹਿੰਦਾ।
ਪਰ ਇਕ ਨਾ ਦਿਲ ਨੂੰ ਢਾਹਵੀਂ ਮੇਰਾ ਰਬ ਦਿਲਾਂ ਵਿਚ ਰਹਿੰਦਾ।
(ਬਾਬਾ ਬੁੱਲੇਸ਼ਾਹ ਜੀ)

ਹਿਰਦੈ ਪੀੜ ਨਾਲ ਭਰ ਗਿਆ। ਜੇ ਆਖਣ ਵੀ ਤਾਂ ਕਿਸਨੂੰ ਆਖਣ। ਮਨ ਵਿਚ ਖਿਆਲ ਆਵੇ ਕਿ ਨਾਲੇ ਕਹਿੰਦੇ ਹਨ:

ਤਾ ਕਉ ਬਿਘਨੁ ਨ ਕੋਊ ਲਾਗੈ ਜਾ ਕੀ ਪ੍ਰਭ ਆਗੈ ਅਰਦਾਸਿ ॥
(ਮ:5-714)

ਅਸੀਂ ਵੀ ਤਾਂ ਘਰੋਂ ਅਰਦਾਸ ਕਰਕੇ ਹੀ ਤੁਰਦੀਆਂ ਹਾਂ। ਜੇ ਕੁਝ

ਅਣਸੁਖਾਵਾਂ ਹੀ ਵਾਪਰਨਾ ਹੈ ਤਾਂ ਅਰਦਾਸ ਦਾ ਕੀ ਮਹਾਤਮ। ਦੁੱਖ ਤਾਂ ਬਹੁਤ ਲੱਗਾ ਪਰ ਚੁੱਪ ਹੀ ਰਹੀਆਂ। ਸੰਤਾਂ ਕੋਲ ਵੀ ਕੁਝ ਨਾ ਕਿਹਾ। ਪਰ

ਘਟ ਘਟ ਕੇ ਅੰਤਰ ਕੀ ਜਾਨਤ ॥
ਭਲੇ ਬੁਰੇ ਕੀ ਪੀਰ ਪਛਾਨਤ ॥ (ਪਾਤਿਸ਼ਾਹੀ 10)

ਸ਼ਾਮ ਦਾ ਸਮਾਂ ਸੀ। ਕਿਹਰ ਸਿੰਘ ਆਪਣੇ ਖੇਤਾਂ ਨੂੰ ਪਾਣੀ ਲਾ ਰਿਹਾ ਸੀ। ਸੰਤ ਕਦੇ ਕਦੇ ਸ਼ਾਮ ਸਮੇਂ ਉਸ ਪਾਸੇ ਘੁੰਮਣ ਨਿਕਲ ਜਾਇਆ ਕਰਦੇ ਸਨ। ਸੰਤ ਉੱਥੇ ਪਹੁੰਚ ਗਏ। ਇਕ-ਦੋ ਬਚਨ ਕੀਤੇ। ਇਸਨੇ ਨੱਕਾ ਮੋੜਨ ਲਈ ਨੀਵੀਂ ਪਾਈ, ਜਦ ਮੁੜ ਉਤਾਂਹ ਵੇਖਿਆ ਤਾਂ ਸੰਤ ਹੈ ਹੀ ਨਹੀਂ ਸਨ। ਆਸੇ ਪਾਸੇ ਦੂਰ ਤੱਕ ਨਜ਼ਰ ਦੌੜਾਈ, ਪਰ ਬੇ-ਅਰਥ। ਸੋਚ ਰਿਹਾ। ਸੋਚਦਾ ਹੀ ਰਹਿ ਗਿਆ। ਉਸੀ ਹਾਲਤ ਵਿਚ ਭੋਰਾ ਸਾਹਿਬ ਵੱਲ ਭੱਜਿਆ। ਪਜਾਮਾ ਟੰਗਿਆ ਹੋਇਆ, ਪੈਰ ਮਿੱਟੀ ਨਾਲ ਲਿਬੜੇ ਹੋਏ। ਸਾਹੋ ਸਾਹ ਹੋਇਆ ਅਸਥਾਨ 'ਤੇ ਪਹੁੰਚ ਗਿਆ। ਸੰਤ ਆਸਣ 'ਤੇ ਬੈਠੇ ਸੰਗਤ ਨਾਲ ਬਚਨ ਕਰ ਰਹੇ ਸਨ। ਅਚੰਭਿਤ ਹੋ ਗਿਆ। ਜਦ ਸੰਤਾਂ ਦੀ ਇਸ 'ਤੇ ਨਿਗ੍ਹਾ ਪਈ ਤਾਂ ਮੁਸਕਰਾ ਕੇ ਕਹਿੰਦੇ, "ਕਿਹਰ ਸਿੰਹਾਂ ਕਿਸ ਤਰ੍ਹਾਂ ਆਏ ਹੋ ?" ਕਹਿੰਦਾ, "ਮਹਾਰਾਜ, ਹੁਣੇ ਤਾਂ ਤੁਸੀਂ ਉੱਥੇ ਸੀ ਤੇ ਹੁਣੇ ਏਥੇ। ਇਹ ਕੀ ਕੌਤਕ ਹੈ। ਸੰਤ ਨਿਮਰਤਾ ਨਾਲ ਕਹਿੰਦੇ, "ਬਈ ਗੁਰੂ ਨਾਨਕ ਨੂੰ ਪਤਾ ਹੋਵੇਗਾ।" ਸ਼ਰਮਿੰਦਾ ਹੋ ਗਿਆ। ਚਰਨਾਂ ਤੇ ਸੀਸ ਰੱਖ ਦਿੱਤਾ। ਚੁੱਕਣ ਨੂੰ ਜੀ ਨਾ ਕਰੇ। ਸ਼ੱਕ ਦੀ ਗੁੰਜਾਇਸ਼ ਹੀ ਨਾ ਰਹੀ। ਸਮਝ ਆ ਗਿਆ ਕਿ ਜੇ ਬੀਬੀਆਂ ਦੇਰ ਸਵੇਰ ਆਉਂਦੀਆਂ ਹਨ ਤਾਂ ਜ਼ਿੰਮੇਵਾਰੀ ਕਿਸਦੀ ਹੈ ਅਤੇ 'ਧੰਨ ਸੰਤ ਬਾਬਾ ਤੀਰਥ ਸਿੰਘ ਜੀ ਧੰਨ ਸੰਤ ਬਾਬਾ ਤੀਰਥ ਸਿੰਘ ਜੀ' ਕਰਦਾ ਬਾਹਰ ਨਿਕਲ ਗਿਆ।



# ਝੂਠਾ ਟਿਕੇ ਨਾ ਕੋਇ

ਬੇਸ਼ਕ ਤੁਸੀਂ ਸੂਰਜ ਵਾਂਗ ਹੀ ਕਿਉਂ ਨਾ ਚੜ੍ਹਦੇ ਹੋਵੋ, ਲੋਕ ਗ੍ਰਹਿਣ ਬਣਕੇ ਲਗਣੋ ਨਹੀਂ ਹਟਦੇ। ਬਲਦੇ ਅੰਗਿਆਰਿਆਂ 'ਤੇ ਚੱਲਣ ਲਈ ਕਹਿੰਦੇ ਹਨ ਅਤੇ ਇਹ ਵੇਖਦੇ ਹਨ ਕਿ ਪੈਰਾਂ 'ਤੇ ਛਾਲੇ ਤਾਂ ਨਹੀਂ ਪਏ। ਸਮੁੰਦਰ ਵਿਚ ਤਰਨ ਲਈ ਮਜਬੂਰ ਕਰਦੇ ਹਨ ਅਤੇ ਹਦਾਇਤ ਹੁੰਦੀ ਹੈ ਕਿ ਵਸਤਰ ਨਾ ਭਿੱਜਣ। ਅਸਮਾਨ 'ਤੇ ਉਡਣ ਲਈ ਕਹਿੰਦੇ ਹਨ ਅਤੇ ਖੰਭ ਵੀ ਨਹੀਂ ਮਾਰਨ ਦਿੰਦੇ। ਜੇ ਪੈਰ ਸੜ ਗਏ, ਜੇ ਕੱਪੜੇ ਭਿੱਜ ਗਏ, ਜੇ ਨਾ ਉਡ ਹੋਇਆ ਤਾਂ ਆਖਣਗੇ ਕਿ ਕੱਚਾ ਸੀ। ਜੇ ਸਫ਼ਲ ਹੋ ਗਏ ਤਾਂ ਕਹਿਣਗੇ ਕਿ ਇਸ ਵਿਚ ਕੀ ਮੁਸ਼ਕਲ ਹੈ। ਸੰਤ ਬਾਬਾ ਤੀਰਥ ਸਿੰਘ ਜੀ ਨੂੰ ਵੀ ਅਜਿਹੇ ਕਈ ਨਿੰਦਕਾਂ ਨੇ ਗ੍ਰਹਿਣ ਬਣਕੇ ਲੱਗਣਾ ਚਾਹਿਆ ਪਰ ਸੰਤਾਂ ਦੀ ਮਨੋ ਅਵਸਥਾ ਤਾਂ

ਨਾਨਕ ਸਭ ਕਿਛ ਤੁਮਰੈ ਹਾਥ ਮੈ ਤੁਮਹੀ ਹੋਤ ਸਹਾਇ ॥
(ਮ: 9-1429)

ਵਾਲੀ ਸੀ। ਜਦ ਇਹ ਨਹੀਂ ਟਲੇ ਤਾਂ ਸੰਤਾਂ ਨੇ ਸੱਦ ਕੇ ਸਮਝਾਇਆ ਕਿ "ਮਨ ਲੋਚੇ ਬੁਰਾਈਆਂ ਗੁਰਸਬਦੀ ਇਹ ਮਨ ਹੋੜੀਏ।" ਪਰ ਇਹਨਾਂ ਦੇ ਕਰਮਾਂ ਨੇ ਤਾਂ ਦਿਮਾਗ ਵਿਚੋਂ ਸਮਝਣ ਵਾਲਾ ਖ਼ਾਨਾ ਹੀ ਖ਼ਤਮ ਕਰ ਛੱਡਿਆ ਸੀ। ਉਸ ਜਗ੍ਹਾ ਤਾਂ ਹਉਮੈ ਭਰੀ ਪਈ ਸੀ, ਵਿਕਾਰ ਭਰੇ ਪਏ ਸਨ। ਭਾਈ ਗੁਰਦਾਸ ਜੀ ਕਹਿੰਦੇ ਹਨ

ਮੂਰਖ ਤਿਸਨੋ ਆਖੀਐ ਬੋਲਿ ਨ ਸਮਝੇ ਬੋਲਿ ਨ ਜਾਣੈ ॥
(ਭਾਈ ਗੁਰਦਾਸ ਜੀ)

ਨਿੰਦਕਾਂ ਦੀਆਂ ਆਤਮਾਵਾਂ ਤਾਂ ਸਦੀਆਂ ਤੋਂ ਸਫਰ ਵਿਚ ਹੀ ਹੁੰਦੀਆਂ ਹਨ ਕਿਉਂਕਿ ਠਹਰ ਤਾਂ ਤਦ ਤੱਕ ਭਗਤਾਂ ਨੂੰ ਵੀ ਨਹੀਂ ਮਿਲਦੀ ਜਦ ਤੱਕ

ਹਰਿ ਨਾਹ ਨ ਮਿਲੀਐ ਸਾਜਨੈ ਕਤ ਪਾਈਐ ਬਿਸਰਾਮ ॥
(ਮ:5-133)

ਇਹਨਾਂ ਨੇ ਤਾਂ ਰਾਹ ਹੀ ਅਜਿਹਾ ਫੜ੍ਹ ਲਿਆ ਸੀ ਜਿਸ ਉੱਤੇ ਮੰਜ਼ਿਲ ਨਹੀਂ ਸਫ਼ਰ ਹੀ ਸਫ਼ਰ ਸੀ। ਤਰਨ ਲਈ ਤਨ ਅਤੇ ਪ੍ਰਭੂ ਮਿਲਨ ਲਈ ਮਨ ਦੇ ਕੱਪੜੇ ਉਤਾਰਨਾ ਜ਼ਰੂਰੀ ਹੈ। ਕਿਸ਼ਤੀ ਵਿਚ ਬੈਠ ਚੱਪੂ ਦੀ ਪ੍ਰਵਾਹ ਕੀਤੇ ਬਿਨਾਂ

ਨਹੀਂ ਸਰਦਾ। ਜੇਕਰ ਤੇਲ ਬਿਨਾਂ ਦੀਵਾ ਜਗੇਗਾ ਤਾਂ ਯਕੀਨਨ ਬੱਤੀ ਸੜ ਜਾਵੇਗੀ। ਦਰਿਆ ਨੂੰ ਖੱਬੇ ਤੋਂ ਸੱਜੇ ਤਰਿਆ ਜਾ ਸਕਦਾ ਹੈ ਜਾਂ ਸੱਜੇ ਤੋਂ ਖੱਬੇ ਤਰਿਆ ਜਾ ਸਕਦਾ ਹੈ, ਜੇ ਲੰਬੇ ਰੁਕ ਵਹਾਅ ਦੀ ਦਿਸ਼ਾ ਵਿਚ ਤਰਨ ਦੀ ਕੋਸ਼ਿਸ਼ ਕਰੋਗੇ ਤਾਂ ਸਮੁੰਦਰ 'ਚ ਡਿੱਗ ਪਵੋਗੇ। ਮੇਰੀ ਤੇਰੀ ਦਾ ਦਵੰਦ ਤਾਂ ਯੁੱਗਾਂ ਤੋਂ ਹੈ। ਜੋ ਇਸਤੋਂ ਉੱਪਰ ਉੱਠਿਆ ਸਰਵ ਵਿਆਪਕਤਾ ਦਾ ਗਿਆਨ ਹਾਸਲ ਕਰਕੇ ਮੁਕਤ ਹੋ ਗਿਆ। ਪਰ ਰਾਤਾਂ ਨਾਲ ਪਿਆਰ ਕਰਨ ਵਾਲੇ ਲੋਕ ਸੂਰਜ ਨੂੰ ਅਸੀਸਾਂ ਨਹੀਂ ਦਿੰਦੇ। ਨਫ਼ਰਤ ਦੇ ਘਰਾਂ 'ਚ ਬਸੇਰਾ ਕਰਨ ਵਾਲੇ ਪਿਆਰ ਦੀਆਂ ਸੁੱਖਾਂ ਨਹੀਂ ਲੋੜਦੇ। ਐਸੀਆਂ ਹੀ ਰੁਚੀਆਂ ਰੱਖਣ ਵਾਲਾ ਅਸਥਾਨ ਦੇ ਲਾਗਲੇ ਪਿੰਡ ਦਾ ਇਕ ਪ੍ਰੇਮੀ ਜਿਸਨੇ ਅਵਤਾਰ ਸਿੰਘ ਦੀਆਂ ਦੁਹਾਈਆਂ ਕਿ ਸੰਤਾਂ ਨੂੰ ਤੰਗ ਨਾ ਕਰਿਓ ਬਰਬਾਦ ਹੋ ਜਾਓਗੇ ਤੋਂ ਵੀ ਸਬਕ ਨਹੀਂ ਸਿੱਖਿਆ ਅਤੇ ਇਸਦਾ ਹਉਮੈ ਭਰਿਆ ਮਨ ਸੰਤਾਂ ਦੀ ਨਿੰਦਿਆ ਤੋਂ ਬਾਜ ਨਾ ਆਉਂਦਾ।

ਸਾਕਤ ਹਰਿ ਰਸ ਸਾਦੁ ਨ ਜਾਣਿਆ
ਤਿਨ ਅੰਤਰਿ ਹਉਮੈ ਕੰਡਾ ਹੇ ॥ (ਮ:1-13)

ਗੁਰਦੁਆਰਾ ਸਾਹਿਬ ਵਿਖੇ ਜੋੜ ਮੇਲਾ ਮਨਾਉਣ ਤੋਂ ਬਾਦ ਆਮ ਦਿਨਾਂ ਵਿਚ ਵੀ ਸੇਵਾ ਲਈ ਬੀਬੀਆਂ ਆਉਣ ਲੱਗ ਪਈਆਂ ਸਨ। ਭੋਰਾ ਸਾਹਿਬ ਦੀ ਸਫਾਈ, ਦਰਬਾਰ ਸਾਹਿਬ ਦੀ ਸਫਾਈ ਅਤੇ ਸਾਰੇ ਅਸਥਾਨ ਦੀ ਸਫਾਈ। ਸੰਤ ਲੋਕ ਤਾਂ ਸਭ ਨੂੰ ਮਨ ਕਰਕੇ ਜਾਣਦੇ ਹਨ ਪਰ ਸੰਸਾਰੀ ਜੀਵ ਤਨ ਕਰਕੇ ਜਾਣਦੇ ਹਨ। ਦ੍ਰਿਸ਼ਟੀ ਦ੍ਰਿਸ਼ਟੀ ਵਿਚ ਅੰਤਰ ਹੁੰਦਾ ਹੈ। ਆਮ ਮਨੁੱਖਾਂ ਦੀ ਦ੍ਰਿਸ਼ਟੀ ਸੰਤਾਂ ਵਾਲੀ ਨਹੀਂ ਹੋ ਸਕਦੀ। ਸੰਤਾਂ ਵਾਲੀ ਦ੍ਰਿਸ਼ਟੀ ਲਈ ਤਾਂ

ਫਰੀਦਾ ਮਨੁ ਮੈਦਾਨ ਕਰਿ ਟੋਏ ਟਿਬੇ ਲਾਹਿ ॥ (ਫਰੀਦ, 1381)

ਮਨ ਹੀ ਤਾਂ ਸਾਡੇ ਸਾਫ ਨਹੀਂ, ਮੈਲੇ ਹਨ। ਮਤ ਹੀ ਤਾਂ ਸਾਡੀ ਗੰਧਲੀ ਹੈ। ਸਾਡੇ ਅੰਦਰ ਐਨੇ ਪਲੀਤ ਹਨ ਕਿ ਸਾਬਣ ਨਾਲ ਧੋਇਆਂ ਵੀ ਨਹੀਂ ਧੁਲਦੇ। ਤੀਰਥ ਇਸ਼ਨਾਨ ਵੀ ਬੇਅਰਥ ਹੋ ਜਾਂਦੇ ਹਨ। ਇਸੇ ਲਈ ਅਸੀਂ ਭਟਕ ਜਾਂਦੇ ਹਾਂ। ਇਹ ਵੀ ਇੰਨਾ ਭਟਕ ਗਿਆ ਕਿ ਕਹਿਣ ਲੱਗਾ, ਅਸਥਾਨ 'ਤੇ ਔਰਤਾਂ ਦਾ ਕੀ ਕੰਮ ? ਉਣੇ ਭਰਿਆਂ ਨੂੰ ਸਵਾਲ ਕਰ ਰਹੇ ਸਨ, ਇਕ ਪੰਜਾਹ ਸਾਲਾ ਫਕੀਰ ਤੇ ਸ਼ੱਕ ਕਰ ਰਹੇ ਸਨ, ਤਰ੍ਹਾਂ ਤਰ੍ਹਾਂ ਦੀਆਂ ਊਜਾਂ ਲਾ ਰਹੇ ਸਨ। ਪਰ ਸੰਤ ਬਾਣੀ ਵਿਚ ਮਹਾਨ ਅਤੇ ਉੱਚ ਦਰਜਾ ਪ੍ਰਾਪਤ ਕਰਨ ਵਾਲੀਆਂ ਔਰਤਾਂ ਨੂੰ ਸੇਵਾ ਤੋਂ ਰੋਕਣ



ਦਾ ਮਨਮਤ ਕਰਮ ਕਿਵੇਂ ਕਰ ਸਕਦੇ ਸਨ। ਇਹ ਨਿੰਦਕ ਇਕ-ਦੋ ਵਾਰ ਆਇਆ ਅਤੇ ਸੰਤਾਂ ਨੂੰ ਫਿੱਕਾ ਬੋਲਿਆ। ਅਪ-ਸ਼ਬਦ ਕਹੇ। ਪਰ ਸੰਤ ਚੁੱਪ ਰਹੇ।

ਖੋਦੇ ਖਾਦ ਧਰਤੀ ਸਹੇ, ਕਾਟ ਕੂਟ ਬਨ ਰਾਇ।
ਕੁਟਲ ਬਚਨ ਸਾਧੂ ਸਹੈ ਔਰ ਪਹਿ ਸਹਿਆ ਨਾ ਜਾਏ।

ਏਨੀ ਸਹਿਣਸ਼ੀਲਤਾ ਕਿ ਸੰਤਾਂ ਇਕ ਵੀ ਸ਼ਬਦ ਨਾ ਬੋਲਿਆ। ਆਮ ਆਦਮੀ ਹੁੰਦੇ ਤਾਂ ਭੜਕ ਪੈਂਦੇ ਕਿਉਂਕਿ ਆਮ ਬੰਦੇ ਤਾਂ ਮਾਚਸ ਦੀ ਤੀਲੀ ਵਾਂਗਰ ਹੁੰਦੇ ਹਨ, ਥੋੜੀ ਜਿਹੀ ਰਗੜ ਲੱਗੀ ਤੇ ਬਲ ਪਏ। ਕਿਉਂਕਿ ਤੀਲੀ ਉੱਤੇ ਸਿਰ ਤਾਂ ਹੁੰਦਾ ਹੈ, ਪਰ ਦਿਮਾਗ ਨਹੀਂ ਹੁੰਦਾ, ਧੀਰਜ ਨਹੀਂ। ਸੰਤ ਆਮ ਨਹੀਂ ਸਨ। ਜਿਸਨੂੰ ਪ੍ਰਮੇਸ਼ਰ ਨੇ ਖ਼ਾਸ ਕਾਰਜ ਵਾਸਤੇ ਚੁਣਿਆ ਹੋਵੇ ਉਹ ਆਮ ਨਹੀਂ ਹੋ ਸਕਦਾ। ਉਹ ਤਾਂ ਖ਼ਾਸ ਸਨ। ਜਗ ਤੋਂ ਨਿਆਰੇ ਸਨ

ਫਰੀਦਾ ਦੁਨੀਆਂ ਮਟਕਨ ਸ਼ਹਿਦ ਦੀ ਜੋ ਬੈਠੇ ਫਸ ਜਾਇ ॥
ਜੋ ਇਸ ਤੇ ਨਿਆਰਾ ਰਹੇ ਤਾਹੀਂ ਮਿਲੇ ਖੁਦਾਇ ॥

ਇਕ ਪ੍ਰਮਾਤਮਾ ਦੀ ਹੀ ਆਸ ਸੀ। ਜਿਸਨੂੰ ਰਬ 'ਤੇ ਆਸ ਹੋਵੇ ਉਹ ਮੰਜ਼ਿਲ ਵੱਲ ਵਧਦਿਆਂ ਚੁਰਾਹਿਆਂ ਤੇ ਅਟਕਦਾ ਨਹੀਂ, ਭਟਕਦਾ ਨਹੀਂ। ਸੌਂਗੰਧੀਆਂ ਦੀ ਇੱਛਾ ਰੱਖਣ ਵਾਲੇ ਨੂੰ ਕੰਡਿਆਂ ਲਈ ਪੋਟੇ ਤਾਂ ਤਿਆਰ ਰੱਖਣੇ ਹੀ ਪੈਂਦੇ ਹਨ। ਨਿੰਦਕ ਅਤੇ ਅਕਿਰਤਘਣ ਸੰਤਾਂ ਨੂੰ ਰੱਬ ਦੇ ਰਾਹ 'ਤੇ ਚੁੱਭਣ ਵਾਲੇ ਕੰਡੇ ਹੁੰਦੇ ਹਨ ਜੋ

ਆਪਣੇ ਹੱਥੀਂ ਆਪਣੀ ਜੜ੍ਹ ਆਪ ਉਪੱਟੇ ॥ (ਭਾਈ ਗੁਰਦਾਸ ਜੀ)

ਉਸੇ ਲੱਕੜ ਨੂੰ ਵੱਢਣ ਦੀ ਕੋਸ਼ਿਸ਼ ਕਰਦੇ ਹਨ ਜਿਸ 'ਤੇ ਬੈਠੇ ਹੁੰਦੇ ਹਨ। ਇਸਨੇ ਬਾਕੀ ਸੇਵਕਾਂ ਨੂੰ ਵੀ ਝੂਠੀਆਂ ਸੱਚੀਆਂ ਗੱਲਾਂ ਦੱਸਕੇ ਸੰਤਾਂ ਦੇ ਵਿਰੋਧ ਵਿਚ ਖੜ੍ਹਾ ਕਰ ਦਿੱਤਾ। ਅਸਰ ਇਹ ਹੋਇਆ ਕਿ ਜਦ ਸੰਤ ਤਿੰਨ ਬੀਬੀਆਂ ਅਤੇ ਚਾਰ ਭਾਈਆਂ ਸਮੇਤ ਸੱਤ ਸਰੀਰਾਂ ਨੂੰ ਰਾੜਾ ਸਾਹਿਬ ਦਰਸ਼ਨਾਂ ਲਈ ਲੈਕੇ ਗਏ ਤਾਂ ਸੰਤਾਂ ਦੀ ਇਕ ਆਵਾਜ਼ ਦੇਣ 'ਤੇ ਘਰੋਂ ਭੱਜ ਕੇ ਆਉਣ ਵਾਲਾ ਇਕ ਸੇਵਕ ਇਕ ਬੀਬੀ ਦੇ ਸਹੁਰੇ ਨੂੰ ਕਹਿੰਦਾ, "ਸਾਧ ਤੁਹਾਡੀਆਂ ਬੁੜੀਆਂ ਕੱਢ ਕੇ ਲੈ ਗਿਆ।" ਜਦ ਉਸ ਨੇ ਖੁੰਬ ਠੱਪੀ ਕਿ ਮੇਰਾ ਮੁੰਡਾ ਵੀ ਨਾਲ ਹੀ ਹੈ ਤਾਂ ਇਹ ਬਹੁਤ ਸ਼ਰਮਿੰਦਾ ਹੋਇਆ। 1-2 ਸੇਵਕਾਂ ਨੂੰ ਛੱਡ ਕੇ ਬਾਕੀ ਸਭ ਸੇਵਕ ਸੰਤਾਂ ਨਾਲ ਗੁੱਸੇ ਹੋ ਗਏ ਕਿ ਬੀਬੀਆਂ ਸੇਵਾ ਲਈ ਕਿਉਂ ਆਉਂਦੀਆਂ ਸਨ। ਉਂਝ ਸੰਤਾਂ ਨੂੰ ਜਿਸਨੇ

ਵਰੋਸਾਇਆ ਸੀ ਉਸਨੂੰ ਵੀ ਜਾਣਦੇ ਸਨ। ਸੰਤ ਜਿਸਨੂੰ ਆਰਾਧਦੇ ਸਨ ਉਸਨੂੰ ਵੀ ਜਾਣਦੇ ਸਨ, ਜੈਸਾ ਉੱਚਾ-ਸੁੱਚਾ ਜੀਵਨ ਬਤੀਤ ਕਰਦੇ ਸਨ ਉਸਨੂੰ ਵੀ ਜਾਣਦੇ ਸਨ ਪਰ ਮੱਤ 'ਤੇ ਐਸਾ ਪਰਦਾ ਪਿਆ ਕਿ ਸੇਵਾ ਛੱਡ ਕੇ ਸੰਤਾਂ ਦੀ ਰਾਖੀ ਕਰਨ ਲੱਗ ਪਏ। ਅਜਿਹੇ ਅਕਿਰਤਘਣ ਤਾਂ ਧਰਤੀ 'ਤੇ ਭਾਰ ਹੁੰਦੇ ਹਨ।

ਨਾ ਤਿਸੁ ਭਾਰੇ ਪਰਬਤਾ ਅਸਮਾਨ ਖਹੰਦੇ ॥
ਨਾ ਤਿਸੁ ਭਾਰੇ ਕੋਟ ਗੜ੍ਹ ਘਰਬਾਰ ਦਿਸੰਦੇ ॥
ਨਾ ਤਿਸੁ ਭਾਰੇ ਸਾਇਰਾਂ ਨਦ ਵਾਹ ਵਹੰਦੇ ॥
ਨਾ ਤਿਸੁ ਭਾਰੇ ਤਰੁਵਰਾਂ ਫਲ ਸੁਫਨ ਫਲੰਦੇ ॥
ਨਾ ਤਿਸੁ ਬਾਰੇ ਜੀਅ ਜੰਤ ਅਵਗਣਤ ਫਿਰੰਦੇ ॥
ਭਾਰੇ ਭੁਈ ਅਕਿਰਤਘਣ ਮੰਦੀ ਹੂੰ ਮੰਦੇ ॥ (ਭਾਈ ਗੁਰਦਾਸ ਜੀ)

ਜਿੱਥੇ ਇਹਨਾਂ ਦੀਆਂ ਗਰਦਨਾਂ ਵਿਚ ਆਕੜ ਦੇ ਕੀਲੇ ਵੜੇ ਹੋਏ ਸਨ ਉੱਥੇ ਸੰਤ ਪਾਣੀ ਵਾਂਗ ਨਿਰਮਲ ਸਨ। ਮਿੱਟੀ ਵਾਂਗ ਨਿਮਾਣੇ ਸਨ ਜਿਸਨੂੰ ਅਸੀਂ ਬੇਸ਼ੱਕ ਸਾਰੀ ਉਮਰ ਪੈਰਾਂ ਥੱਲੇ ਰੌਂਦਨੇ ਰਹਿੰਦੇ ਹਾਂ, ਜਦ ਠੇਡਾ ਲੱਗਦਾ ਹੈ ਤਾਂ ਸਾਨੂੰ ਸਹਾਰਾ ਦਿੰਦੀ ਹੈ ਅਤੇ ਅੰਤ ਸਮੇਂ ਸਾਨੂੰ ਗੱਲ ਨਾਲ ਲਾ ਲੈਂਦੀ ਹੈ। ਸੰਤਾ ਲਈ ਤਾਂ

ਨਾ ਕੋਈ ਵੈਰੀ ਨਾਹਿ ਬਿਗਾਨਾ
ਸਗਲ ਸੰਗ ਹਮ ਕੋ ਬਨ ਆਈ ॥ (ਪਾਤਸ਼ਾਹੀ 10)

ਸੇਵਕਾਂ ਨੂੰ ਮਨ ਦੇ ਅਗਿਆਨ ਨੇ ਐਸੇ ਚੁਰਾਹੇ ਤੇ ਲਿਆ ਖੜ੍ਹਾ ਕੀਤਾ ਸੀ ਜਿੱਥੇ ਉਹਨਾਂ ਨੂੰ ਇਹ ਸਮਝ ਨਹੀਂ ਸੀ ਆ ਰਹੀ ਕਿ ਮੁੜਨਾ ਕਿਸ ਤਰਫ਼ ਹੈ। ਸਮਾਂ ਕਿਸੇ ਨੂੰ ਜਗਾਉਂਦਾ ਨਹੀਂ, ਸਾਨੂੰ ਆਪ ਸਮੇਂ ਸਿਰ ਜਾਗਣਾ ਪੈਂਦਾ ਹੈ। ਜਦ ਸੇਵਕਾਂ ਨੇ ਕੁਝ ਦਿਨ ਰਾਖੀ ਕੀਤੀ ਤਾਂ ਦੁਬਿਧਾ ਮਿਟ ਗਈ ਕਿਉਂਕਿ

ਸਾਂਚ ਬਰੋਬਰ ਤਪ ਨਹੀਂ ਝੂਠ ਬਰੋਬਰ ਪਾਪ ॥
ਜਾ ਕੇ ਹਿਰਦੈ ਸਾਚ ਹੈ ਤਾ ਕੇ ਹਿਰਦੈ ਆਪ ॥ (ਕਬੀਰ ਬਾਣੀ)

ਸੂਰਜ ਸਭ ਲਈ ਬਿਨਾਂ ਭੇਦ ਭਾਵ ਦੇ ਰੌਸ਼ਨੀ ਕਰਦਾ ਹੈ ਕੋਈ ਝੁਠਲਾ ਨਹੀਂ ਸਕਿਆ ਅਤੇ ਨਾ ਹੀ ਉਸਦੀਆਂ ਕਿਰਨਾਂ ਵਿਚਲੇ ਨਿੱਘ ਤੋਂ ਇਨਕਾਰ ਕਰ ਸਕਿਆ ਹੈ। ਜੋ ਦਿਨ ਸਮੇਂ ਇਹ ਸੋਚ ਕੇ ਅੱਖਾਂ ਬੰਦ ਕਰ ਲਵੇ ਕਿ ਜਾਗਣਾ ਮੁਸ਼ਕਲ ਹੈ ਤਾਂ ਉਸਨੂੰ ਰਾਤ ਨੂੰ ਨੀਂਦ ਨਹੀਂ ਆਉਂਦੀ। ਅਸਮਾਨ ਵੱਲ ਛਾਲ ਮਾਰਨ ਵਾਲੇ ਨੂੰ ਧਰਤੀ 'ਤੇ ਹੀ ਆਉਣਾ ਪੈਂਦਾ ਹੈ। ਇਹ ਸੇਵਕ ਜਲਦੀ ਹੀ ਸੰਤਾਂ



ਦੀ ਸ਼ਰਨ ਵਿਚ ਆ ਗਏ। ਪਰ ਸੰਤ ਪਹਿਲਾਂ ਵੀ ਕੁਝ ਨਹੀਂ ਬੋਲੇ ਸਨ ਅਤੇ ਹੁਣ ਵੀ ਚੁੱਪ ਰਹੇ। ਸੰਤ ਤਾਂ ਹਰ ਸਮੇਂ ਪ੍ਰਮੇਸ਼ਰ ਦੇ ਪਿਆਰ ਵਿਚ ਲੀਨ ਰਹਿੰਦੇ ਸਨ। ਸੰਤ ਬਾਬਾ ਈਸ਼ਰ ਸਿੰਘ ਜੀ ਦੀਆਂ ਅਗਾਧ ਬਖਸ਼ਸ਼ਾਂ ਦਾ ਆਨੰਦ ਮਾਣਦੇ ਰਹਿੰਦੇ ਸਨ। ਹਰ ਸਮੇਂ ਚੁੱਪ ਰਹਿੰਦੇ ਸਨ। ਬੋਲਦਾ ਕੌਣ ਹੈ ? ਜੋ ਕਿਸੇ ਯੋਗ ਨਹੀਂ ਹੁੰਦਾ। ਜੋ ਕਿਸੇ ਯੋਗ ਹੋ ਜਾਵੇ, ਚੁੱਪ ਕਰ ਜਾਂਦਾ ਹੈ। ਚੁੱਪ ਵਿਚ ਹੀ ਪ੍ਰਮਾਤਮਾ ਮਿਲਾਪ ਦਾ ਰਾਹ ਨਿਕਲਦਾ ਹੈ। ਇਕ ਵਾਰ ਇਕ ਜਗਿਆਸੂ ਕਿਸੇ ਫਕੀਰ ਕੋਲ ਪ੍ਰਮਾਤਮਾ ਬਾਰੇ ਗਿਆਨ ਲੈਣ ਲਈ ਗਿਆ। ਫਕੀਰ ਨੇ ਪੁੱਛਿਆ, "ਰੱਬ ਹੈ।" ਤਾਂ ਜਗਿਆਸੂ ਕਹਿੰਦਾ, "ਹਾਂਜੀ ਹੈ।" ਫਕੀਰ ਕਹਿੰਦਾ ਬਈ ਜੇ ਤੈਨੂੰ ਪਤਾ ਹੀ ਸੀ ਕਿ ਰੱਬ ਹੈ ਤਾਂ ਮੇਰੇ ਕੋਲ ਕੀ ਕਰਨ ਆਏ ਹੋ। ਜਗਿਆਸੂ ਨਿਰਾਸ਼ ਹੋ ਕੇ ਪਰਤ ਗਿਆ। ਕੁਝ ਸਮਾਂ ਬੀਤ ਗਿਆ। ਜਗਿਆਸੂ ਦੇ ਮਨ ਵਿਚ ਫਿਰ ਖਿਆਲ ਆਇਆ ਕਿ ਕਿਉਂ ਨਾ ਇਕ ਵਾਰ ਫਿਰ ਉਸ ਫਕੀਰ ਦੇ ਚਰਨਾਂ ਵਿਚ ਜਾ ਪ੍ਰਮਾਤਮਾ ਬਾਰੇ ਜਾਨਣ ਲਈ ਬੇਨਤੀ ਕੀਤੀ ਜਾਵੇ। ਉਹ ਦੁਬਾਰਾ ਫਕੀਰ ਕੋਲ ਗਿਆ। ਅਦਬ ਨਾਲ ਪ੍ਰਣਾਮ ਕੀਤਾ ਅਤੇ ਬੈਠ ਗਿਆ। ਫਕੀਰ ਨੇ ਉਹੀ ਸਵਾਲ ਕੀਤਾ, "ਕੀ ਰੱਬ ਹੈ ?" ਇਹ ਤਾਂ ਪਹਿਲਾਂ ਹੀ ਸੋਚਕੇ ਆਇਆ ਸੀ ਕਿ ਜੇ ਇਸ ਵਾਰ ਰੱਬ ਬਾਰੇ ਪੁੱਛਿਆ ਗਿਆ ਤਾਂ ਨਾਂਹ ਵਿਚ ਉੱਤਰ ਦੇਵੇਗਾ ਅਤੇ ਫਕੀਰ ਰੱਬ ਬਾਰੇ ਦੱਸਣ ਲੱਗ ਜਾਵੇਗਾ। ਜਦ ਇਸਨੇ ਕਿਹਾ, "ਨਹੀਂ।" ਤਾਂ ਫਕੀਰ ਕਹਿੰਦੇ ਬਈ ਜੇ ਤੈਨੂੰ ਪਤਾ ਹੀ ਸੀ ਕਿ ਪ੍ਰਮਾਤਮਾ ਨਹੀਂ ਹੈ ਤਾਂ ਸਾਡੇ ਕੋਲ ਕੀ ਲੱਭਣ ਆਇਆ ਏ। ਜਗਿਆਸੂ ਨਿਰਾਸ਼ ਹੋ ਕੇ ਪਰਤ ਗਿਆ। ਇਹ ਫਕੀਰ ਆਪਣੀ ਜੀਵਨੀ ਵਿਚ ਲਿਖਦੇ ਹਨ ਕਿ ਮੈਂ ਉਡੀਕਦਾ ਹੀ ਰਿਹਾ ਕਿ ਜਗਿਆਸੂ ਤੀਜੀ ਵਾਰ ਆਏ ਅਤੇ ਜਦ ਮੈਂ ਪੁੱਛਾਂ ਕਿ ਪ੍ਰਮਾਤਮਾ ਹੈ ਤਾਂ ਚੁੱਪ ਕਰ ਜਾਵੇ। ਫਿਰ ਮੈਂ ਉਸਨੂੰ ਪ੍ਰਮਾਤਮਾ ਬਾਰੇ ਦੱਸਾਂ। ਕਿਉਂਕਿ ਪ੍ਰਮਾਤਮਾ ਪਾਉਣ ਦਾ ਰਾਹ ਚੁੱਪ 'ਚੋਂ ਨਿਕਲਦਾ ਹੈ ਤਰਕ 'ਚੋਂ ਨਹੀਂ। ਜਦ ਸਾਡਾ ਮਨ ਖਾਲੀ ਹੋ ਜਾਂਦਾ ਹੈ, ਵਿਚਾਰ ਰਹਿਤ ਹੋ ਜਾਂਦਾ ਹੈ ਤਾਂ ਅਸੀਂ ਚੁੱਪ ਕਰ ਜਾਂਦੇ ਹਾਂ ਅਤੇ ਉਹੀ ਉਚਿਤ ਅਵਸਥਾ ਹੁੰਦੀ ਹੈ ਪ੍ਰਮਾਤਮਾ ਬਾਰੇ ਜਾਨਣ ਦੀ ਐਸੇ ਹੀ ਰਾਹ 'ਤੇ ਚੱਲਦਿਆਂ ਸੰਤ ਬਾਬਾ ਤੀਰਥ ਸਿੰਘ ਜੀ ਨੇ ਅਮਰ ਘਾਟੀ ਦਾ ਭੇਤ ਪਾ ਲਿਆ ਸੀ।

ਜਿਸ ਨੂੰ ਚਾਟ ਅਮਰ ਦੀ ਹੋਵੇ, ਸੋਈ ਅਮਰ ਪਛਾਣੇ।
ਏਸ ਇਸ਼ਕ ਦੀ ਔਖੀ ਘਾਟੀ, ਜੋ ਚੜ੍ਹਿਆ ਸੋ ਜਾਣੇ। (ਬਾਬਾ ਬੁੱਲੇਸ਼ਾਹ ਜੀ)

ਉਹਨਾਂ ਮੰਡਲਾਂ ਵਿਚ ਪਹੁੰਚ ਗਏ ਸਨ ਜਿੱਥੇ ਚੜਨ-ਲਿਥਣ ਦੀ ਕੋਈ ਪ੍ਰਵਾਹ ਨਹੀਂ ਰਹਿੰਦੀ। ਇਸੇ ਲਈ ਅਡੋਲ ਅਚਿੰਤ ਨਾਮ ਵਿਚ ਰਸੇ ਬੈਠੇ ਰਹਿੰਦੇ। ਪਰ ਦੂਜੇ ਪਾਸੇ ਨਿੰਦਕਾਂ ਨੂੰ ਚੈਨ ਨਹੀਂ ਸੀ।

ਜਿਸਨੋ ਬਿਸਰੈ ਪੁਰਖੁ ਬਿਧਾਤਾ ॥
ਜਲਤਾ ਫਿਰੈ ਰਹੈ ਨਿਤ ਤਾਤਾ ॥ (ਮ:5-1086)

ਭਟਕ ਰਹੇ ਸਨ। ਕਲਪ ਰਹੇ ਸਨ। ਜਿੰਨਾ ਸਮਾਂ ਇਹ ਸੰਤਾਂ ਨੂੰ ਨੀਵਾਂ ਵਿਖਾਉਣ ਲਈ ਸੋਚਦੇ ਰਹਿੰਦੇ ਜੇ ਪ੍ਰਮਾਤਮਾ ਨੂੰ ਪਾਉਣ ਬਾਰੇ ਸੋਚਦੇ ਤਾਂ ਸ਼ਾਇਦ ਮਿਲ ਜਾਂਦਾ। ਪਰ ਬਿਰਤੀ ਬਿਰਤੀ ਵਿਚ ਫਰਕ ਹੁੰਦਾ ਹੈ। ਕਾਂ ਅਤੇ ਹੰਸ ਦੀ ਬਿਰਤੀ ਇਕ ਨਹੀਂ ਹੋ ਸਕਦੀ। ਅੱਗ ਅਤੇ ਪਾਣੀ ਦਾ ਸੁਭਾਅ ਵੱਖਰਾ-ਵੱਖਰਾ ਹੁੰਦਾ ਹੈ। ਅੱਗ ਤੋਂ ਠੰਡਕ ਦੀ ਆਸ ਨਹੀਂ ਰੱਖੀ ਜਾ ਸਕਦੀ ਅਤੇ ਪਾਣੀ ਕਿਸੇ ਨੂੰ ਜਲਾ ਨਹੀਂ ਸਕਦਾ। ਅੱਗ ਖੁਦ ਵੀ ਜਲਦੀ ਹੈ ਅਤੇ ਦੂਜੇ ਨੂੰ ਵੀ ਜਲਾਉਂਦੀ ਹੈ। ਇਸ ਪ੍ਰੇਮੀ ਨੇ ਇਕ ਦਿਨ ਪੰਡਤ ਦਾ ਭੇਸ ਧਾਰਿਆ ਅਤੇ

ਨਾਨਕ ਅੰਧਾ ਹੋਇ ਕੈ ਰਤਨਾ ਪਰਖਣ ਜਾਇ ॥ (ਮ:2-954)

ਸੰਤਾਂ ਨੂੰ ਪਰਖਣ ਤੁਰ ਪਿਆ। ਇਸਨੇ ਗੇਰੂਏ ਰੰਗ ਦੇ ਕੱਪੜੇ, ਮੱਥੇ ਉੱਤੇ ਤਿਲਕ, ਗਲ ਵਿਚ ਮਾਲਾ, ਹੱਥ ਵਿਚ ਲੋਟਾ ਅਤੇ ਵਾਲ ਖੋਲ੍ਹਕੇ ਪਿਛਾਂਹ ਸੁੱਟੇ ਹੋਏ ਸਨ। ਪਹਿਚਾਣ ਹੋਣ ਦੇ ਡਰੋਂ ਕੱਪੜੇ ਨਾਲ ਅੱਖਾਂ ਤੱਕ ਮੂੰਹ ਢੱਕਿਆ ਹੋਇਆ ਸੀ।

ਗਲੀ ਜਿਨ੍ਾ ਜਪਮਾਲੀਆ ਲੋਟੇ ਹਥਿ ਨਿਬਗ ॥
ਓਇ ਹਰਿ ਕੇ ਸੰਤ ਨ ਆਖੀਅਹਿ ਬਾਨਾਰਸਿ ਕੇ ਠਗ ॥
(ਕਬੀਰ ਜੀ, 476)

ਜਦ ਗੁਰਦੁਆਰਾ ਸਾਹਿਬ ਪਹੁੰਚਿਆ ਤਾਂ ਸੇਵਕ ਸੇਵਾ ਕਰ ਰਹੇ ਸਨ। ਮਹਾਰਾਜ ਮੰਜੇ ਉੱਤੇ ਬਿਰਾਜਮਾਨ ਸਨ। ਦੂਰੋਂ ਹੀ ਇਸ ਭੇਖੀ ਗੁਰੂ ਨੂੰ ਆਉਂਦਿਆਂ ਵੇਖ ਸੰਤਾਂ ਨੇ ਸੇਵਕਾਂ ਨੂੰ ਮੰਜਾ ਡਾਹੁਣ ਲਈ ਕਿਹਾ। ਮੰਜਾ ਡਹਿੰਦਾ ਵੇਖ ਇਕ ਪਲ ਤਾਂ ਇਸਨੇ ਵੀ ਸੋਚਿਆ ਕਿ ਹੁਣ ਮੰਜੇ 'ਤੇ ਬੈਠ ਕੇ ਸੰਤਾਂ ਨੂੰ ਪੈਰਾਂ ਤੋਂ ਕੱਢਾਂਗੇ। ਸੰਤਾਂ ਨੇ ਤਾਂ ਮੈਨੂੰ ਸੱਚਮੁੱਚ ਦਾ ਸੁਆਮੀ ਹੀ ਸਮਝ ਲਿਆ। ਜਦ ਨਜ਼ਦੀਕ ਆਇਆ ਤਾਂ ਸੰਤ ਅਦਬ ਵਿਚ ਉੱਠਕੇ ਖੜ੍ਹੇ ਹੋ ਗਏ। ਜਦ ਸੰਤਾਂ ਨੇ ਇਸ ਭੇਖੀ 'ਤੇ ਇਕ ਦ੍ਰਿਸ਼ਟੀ ਪਾਈ ਤਾਂ ਇਸਦੇ ਪੈਰਾਂ ਹੇਠੋਂ ਜ਼ਮੀਨ ਨਿਕਲ ਗਈ। ਸੰਤਾਂ ਨੂੰ ਪੈਰਾਂ ਤੋਂ ਕੱਢਣ ਆਇਆ ਸੀ ਖ਼ੁਦ ਦੇ ਪੈਰਾਂ 'ਤੇ ਖੜਨਾ ਵੀ ਮੁਸ਼ਕਲ ਹੋ ਗਿਆ। ਕੱਚੀਆਂ



ਤ੍ਰੇਲੀਆਂ ਆ ਗਈਆਂ। ਕੁਝ ਕਹਿਣ ਕੁਝ ਸੁਣਨ ਦੀ ਹਿੰਮਤ ਹੀ ਨਾ ਰਹੀ। ਸੰਤਾਂ ਦੇ ਤੇਜ਼ ਸਾਹਮਣੇ ਟਿਕ ਨਹੀਂ ਸਕਿਆ ਅਤੇ ਉਹਨੀ ਪੈਰੀਂ ਵਾਪਸ ਮੁੜ ਗਿਆ। ਸੇਵਕਾਂ ਨੇ ਬਥੇਰਾ ਕਿਹਾ ਮਹਾਰਾਜ! ਜਲਪਾਣੀ ਛੱਕ ਕੇ ਜਾਇਓ। ਪਰ ਇਹ ਨਿੰਮੁਝੂਣਾ ਜਿਹਾ ਹੋ ਆਪਣੇ ਘਰ ਵੱਲ ਨੂੰ ਤੁਰ ਪਿਆ।

ਕਬੀਰ ਕਸਾਉਟੀ ਰਾਮ ਕੀ ਝੂਠਾ ਟਿਕੈ ਨ ਕੋਇ ॥ (ਕਬੀਰ ਜੀ,1366)

ਪਰ ਸੰਤ ਜੇ ਇੱਥੇ ਟਿਕੇ ਹੋਏ ਸਨ ਤਾਂ ਆਪਣੀ ਭਗਤੀ ਦੇ ਜ਼ੋਰ 'ਤੇ ਟਿਕੇ ਹੋਏ ਸਨ।

ਰਾਮ ਕਸਾਉਟੀ ਸੋ ਸਹੈ ਜੋ ਮਰਿਜੀਵਾ ਹੋਇ ॥ (ਕਬੀਰ ਜੀ, 1366)

ਸੰਤਾਂ ਨੇ ਚੜ੍ਹਦਾ ਸੂਰਜ ਹੀ ਨਹੀਂ ਮਾਣਿਆ ਸੀ ਸਗੋਂ ਹਨ੍ਹੇਰੇ ਦਾ ਦਰਦ ਵੀ ਹੰਢਾਇਆ ਹੋਇਆ ਸੀ। ਪਰ ਜਿਹਨਾਂ ਨੇ ਸਿਰਫ਼ ਚੜ੍ਹਦਾ ਸੂਰਜ ਹੀ ਵੇਖਿਆ ਹੁੰਦਾ ਹੈ ਹਨ੍ਹੇਰੇ ਤੋਂ ਬਹੁਤ ਦੁਖੀ ਹੁੰਦੇ ਹਨ। ਕਿਉਂਕਿ ਜਦੋਂ ਅਸੀਂ ਆਪਣੇ ਹੱਥਾਂ ਉੱਤੇ ਦੂਜਿਆਂ ਲਈ ਕੰਡੇ ਉਗਾ ਲੈਂਦੇ ਹਾਂ ਤਾਂ ਇਹ ਇਕ ਦਿਨ ਸਾਡਾ ਆਪਣਾ ਮੂੰਹ ਵੀ ਲਹੂ ਲੁਹਾਨ ਕਰ ਦਿੰਦੇ ਹਨ।

ਸੁਖੁ ਨ ਪਾਇਨਿ ਮੁਗਧ ਨਰ ਸੰਤ ਨਾਲਿ ਖਹੰਦੇ ॥ (ਮ:4-306)

ਕੱਚੀਆਂ ਤ੍ਰੇਲੀਆਂ ਤਾਂ ਆ ਹੀ ਗਈਆਂ ਸਨ ਪਰ ਅਜੇ ਖ਼ੁਦੀ ਬਾਕੀ ਸੀ। ਕੁਝ ਤਿੜਕਿਆ ਤਾਂ ਜ਼ਰੂਰ ਸੀ ਪਰ ਪੂਰੀ ਤਰ੍ਹਾਂ ਫ਼ਨਾਹ ਨਹੀਂ ਸੀ ਹੋਇਆ। ਇਹ ਬਹੁਤ ਖ਼ੁਦੀ ਵਿਚ ਘੁੰਮ ਰਿਹਾ ਸੀ। ਖ਼ਬਰ ਮਿਲੀ ਕਿ ਇਸਦਾ ਲੜਕਾ ਨਹਿਰ ਵਿਚ ਡੁੱਬ ਗਿਆ ਹੈ। ਸੁੰਨ ਹੋ ਗਿਆ। ਸਭ ਕੀਤਾ ਕਰਾਇਆ ਅੱਖਾਂ ਸਾਹਮਣੇ ਘੁੰਮਣ ਲੱਗਾ। ਜੋ ਤਿੜਕਿਆ ਸੀ ਚੂਰ ਚੂਰ ਹੋ ਗਿਆ।

ਨਿੰਦਕੁ ਐਸੇ ਹੀ ਝਰਿ ਪਰੀਐ ॥
ਇਹ ਨੀਸਾਨੀ ਸੁਨਹੁ ਤੁਮ ਭਾਈ ਜਿਉ ਕਾਲਰ ਭੀਤਿ ਗਿਰੀਐ ॥
(ਮ:5-823)

ਨਹਿਰ ਵੱਲ ਭੱਜਾ। ਬਹੁਤ ਖੁਸ਼ ਹੋਇਆ ਕਿ ਲੜਕਾ ਬਚ ਗਿਆ। ਪ੍ਰਮਾਤਮਾ ਦਾ ਸ਼ੁਕਰਾਨਾ ਅਦਾ ਕੀਤਾ। ਪ੍ਰਮਾਤਮਾ ਕਿਸੇ ਗੋਦ ਨੂੰ ਉਜਾੜਦਾ ਨਹੀਂ ਸਿਰਫ ਸਬਕ ਦਿੰਦਾ ਹੈ। ਇਹ ਵੀ ਸਮਝ ਗਿਆ ਕਿ "ਨਾਨਕ ਗਲੀ ਕੂੜੀਈ ਕੂੜੋ ਪਲੈ ਪਾਇ" ਅਤੇ ਸੰਤਾਂ ਦੀ ਮੁਖ਼ਾਲਫ਼ਤ ਛੱਡ ਦਿੱਤੀ।

# ਜੋ ਜਨ ਸੇਵੇ ਤਿਸ ਪੂਰਨ ਕਾਜ

ਦਰਬਾਰ ਸਾਹਿਬ ਦਾ ਹਾਲ ਬਣਦਾ ਬਣਦਾ ਛੱਤ ਤੱਕ ਪਹੁੰਚ ਚੁੱਕਾ ਸੀ। ਛੱਤ ਬਾਲਿਆ ਦੀ ਪਾਈ ਗਈ। ਦਰਬਾਰ ਦੇ ਅੰਦਰ ਅਤੇ ਬਾਹਰ ਵਾਲੀ ਜ਼ਮੀਨ ਬੀਬੀਆਂ ਨੇ ਲਿਪ ਪੋਚ ਕੇ ਪੱਕੇ ਫਰਸ਼ ਵਰਗੀ ਬਣਾ ਦਿੱਤੀ। ਗੁਰਦੁਆਰਾ ਸਾਹਿਬ ਵਿਖੇ ਸੰਗਰਾਂਦ ਦੇ ਨਾਲ ਨਾਲ ਸੰਤ ਬਾਬਾ ਈਸ਼ਰ ਸਿੰਘ ਜੀ ਦੀ ਬਰਸੀ ਅਤੇ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਉਤਸਵ ਮਨਾਉਣ ਦਾ ਸਿਲਸਿਲਾ ਵੀ ਆਰੰਭਿਆ ਜਾ ਚੁੱਕਾ ਸੀ। ਲੰਗਰ ਸਿਰਫ਼ ਦਿਨ ਵਾਰ 'ਤੇ ਹੀ ਲਾਇਆ ਜਾਂਦਾ। ਸੰਗਤ ਦੀ ਮੰਗ ਨੂੰ ਵਿਚਾਰਦਿਆਂ ਐਤਵਾਰ ਦੇ ਐਤਵਾਰ ਦੀਵਾਨ ਲਾਉਣਾ ਸ਼ੁਰੂ ਕਰ ਦਿੱਤਾ। ਦੀਵਾਨ ਉਪਰੰਤ ਚਾਹ ਦਾ ਲੰਗਰ ਵਰਤਾਇਆ ਜਾਂਦਾ। ਅਸਥਾਨ 'ਤੇ ਆਉਣ ਵਾਲੀ ਸੰਗਤ ਵਿਚ ਲਾਗਲੇ ਪਿੰਡਾਂ ਦੇ ਸੇਵਕਾਂ ਦੀ ਹੀ ਬਹੁਤਾਤ ਸੀ। ਖਾਸੀਅਤ ਇਹੀ ਸੀ ਕਿ ਜੋ ਇਕ ਵਾਰ ਇਸ ਦਰ 'ਤੇ ਆ ਜਾਂਦਾ, ਉਸ ਵਿਚ ਕਿਸੇ ਹੋਰ ਦਰ 'ਤੇ ਜਾਣ ਦੀ ਇੱਛਾ ਖ਼ਤਮ ਹੋ ਜਾਂਦੀ। ਸੰਤਾਂ ਦੀ ਭਗਤੀ ਰੰਗ ਲਿਆ ਰਹੀ ਸੀ।

ਆਠ ਪਹਰ ਜਨੁ ਹਰਿ ਹਰਿ ਜਪੈ ॥
ਹਰਿ ਕਾ ਭਗਤੁ ਪ੍ਰਗਟ ਨਹੀਂ ਛਪੈ ॥ (ਮ:5-265)

ਸੇਵਕ ਸੰਤਾਂ ਨੂੰ ਦਿਨ-ਸੁਦਾਂ 'ਤੇ ਕੀਰਤਨ ਲਈ ਬੁਲਾਉਣ ਲੱਗ ਪਏ ਸਨ। ਸੰਤ ਜਾਣ ਲਈ ਟਾਂਗੇ ਦੀ ਵਰਤੋਂ ਕਰਦੇ ਜਾਂ ਫਿਰ ਪਿੰਡ ਸਾਰੋਬਾਦ ਤੋਂ ਸ. ਜਗਦੇਵ ਸਿੰਘ ਅਤੇ ਮੁਹੱਦੀਪਰ ਤੋਂ ਸ. ਆਤਮਾ ਸਿੰਘ ਵਾਰੀ ਵਾਰੀ ਸੰਤਾਂ ਨੂੰ ਲਿਜਾਣ ਲਿਆਉਣ ਦੀ ਸੇਵਾ ਆਪਣੇ ਸਕੂਟਰ 'ਤੇ ਕਰਦੇ ਸਨ। ਕੀਰਤਨੀ ਜਥਾ ਪਹੁੰਚਦਾ ਤੇ ਬਾਕਾਇਦਾ ਕਥਾ ਕੀਰਤਨ ਕੀਤਾ ਜਾਂਦਾ।

ਸੰਤ ਭੋਰਾ ਸਾਹਿਬ ਵਿਖੇ ਸੰਗਤ ਨੂੰ ਮਿਲਣ ਲਈ ਖੁੱਲ੍ਹਾ ਸਮਾਂ ਦਿੰਦੇ। ਸਿਰਫ ਢਾਈ ਵਜੇ ਤੋਂ ਸਾਢੇ ਤਿੰਨ ਵਜੇ ਤੱਕ ਹੀ ਆਰਾਮ ਕਰਦੇ। ਇਕ ਵਾਰ ਸੰਤਾਂ ਨੇ ਕਿਸੇ ਕਾਰਨਵਸ਼ ਭੋਰੇ ਦੀ ਕੁੰਡੀ ਖੋਲਣੀ ਬੰਦ ਕਰ ਦਿੱਤੀ। ਹਰ ਪਲ ਪ੍ਰਮਾਤਮਾ ਦੀ ਯਾਦ ਵਿਚ ਹੀ ਬਿਤਾਉਣ ਲੱਗੇ।

ਉਮਰ ਓਹਾ ਵਿਚ ਲੇਖੇ ਦੇ ਜੋ ਯਾਦ ਸਾਈਂ ਵਿਚ ਗੁਜ਼ਰੇ ਪੈਂਦੀ ਮੁਜਰੇ।
ਨਹੀਂ ਤਾਂ ਸਾਨੂੰ ਹਾਸਲ ਕੀ ਹੈ ਵਿਚ ਇਸ ਨੀਲੇ ਹੁਜ਼ਰੇ ਸੰਝ ਤੇ ਫਜ਼ਰੇ।
(ਬਾਬਾ ਬੁੱਲੇਸ਼ਾਹ ਜੀ)



ਸੇਵਕ ਅਸਥਾਨ ਦਾ ਕੰਮ ਕਾਜ ਉਸੇ ਮਰਿਯਾਦਾ ਅਨੁਸਾਰ ਚਲਾ ਰਹੇ ਸਨ। ਕਿਸੇ ਨੂੰ ਬਾਰ ਖੜਕਾਉਣ ਦੀ ਆਗਿਆ ਨਹੀਂ ਸੀ। ਸੰਗਤ ਆਉਂਦੀ, ਸੇਵਾ ਕਰਦੀ ਅਤੇ ਚਲੀ ਜਾਂਦੀ। ਪਰ ਸੰਤ ਨਾ ਮਿਲਦੇ। ਉਂਝ ਤਾਂ ਸੰਤਾਂ ਨੂੰ ਭੁੱਖ ਪਿਆਸ ਦੀ ਪ੍ਰਵਾਹ ਘੱਟ ਹੀ ਸੀ। ਪਰ ਜੇ ਕਦੇ ਲੋੜ ਵੀ ਹੁੰਦੀ ਤਾਂ ਇਕ ਫੁਲਕਾ ਜਾਂ ਇਕ ਕੌਲੀ ਦਲੀਆ ਜੋ ਵੀ ਸੇਵਕ ਭੌਰੇ ਦੀ ਕੁੰਡੀ ਨਾਲ ਲਟਕਾ ਦਿੰਦੇ ਰਾਤ ਦੇ ਕਿਸੇ ਪਹਿਰ ਛੱਕ ਲੈਂਦੇ। ਪਰ ਕਿਸੇ ਦੇ ਮੱਥੇ ਨਾ ਲੱਗਦੇ। ਸ਼ਾਮ ਚੁਰਾਸੀ ਤੋਂ ਭਾਈ ਸੁਖਦੇਵ ਸਿੰਘ ਵੀ ਰੋਜ਼ਾਨਾ ਦਰਸ਼ਨਾਂ ਲਈ ਆਉਂਦਾ ਅਤੇ ਮਾਯੂਸ ਹੋ ਕੇ ਪਰਤ ਜਾਂਦਾ। ਇਸ ਤਰ੍ਹਾਂ ਕਾਫ਼ੀ ਸਮਾਂ ਬੀਤ ਗਿਆ। ਭਾਈ ਸੁਖਦੇਵ ਸਿੰਘ ਦੀ ਲੜਕੀ ਦੇ ਵਿਆਹ ਦੀ ਤਾਰੀਕ ਨੇੜੇ ਆ ਰਹੀ ਸੀ। ਸੰਤਾਂ ਨੇ ਵਾਅਦਾ ਕੀਤਾ ਹੋਇਆ ਸੀ ਕਿ ਤੇਰੀ ਲੜਕੀ ਦੇ ਵਿਆਹ 'ਤੇ ਜ਼ਰੂਰ ਆਵਾਂਗੇ। ਪਰ ਸੰਤ ਤਾਂ ਭੋਰੇ ਵਿਚੋਂ ਬਾਹਰ ਹੀ ਨਹੀਂ ਸਨ ਨਿਕਲਦੇ। ਇਸਨੇ ਆਉਣਾ, ਭੋਰਾ ਸਾਹਿਬ ਨੂੰ ਬਾਹਰ ਹੀ ਨਮਸਕਾਰ ਕਰਨੀ ਅਤੇ ਮੁੜ ਜਾਣਾ। ਵਿਆਹ ਦਾ ਦਿਨ ਨੇੜੇ ਆ ਗਿਆ। ਅਖੰਡ ਪਾਠ ਸਾਹਿਬ ਆਰੰਭੇ ਗਏ। ਇਸ ਮਿਸਤਰੀ ਪਰਿਵਾਰ ਦਾ ਸੰਤਾਂ ਨਾਲ ਅਥਾਹ ਪਿਆਰ ਸੀ। ਭਾਈ ਸੁਖਦੇਵ ਸਿੰਘ ਜਦ ਰੋਜ਼ ਵਾਂਗ ਭੋਗ ਤੋਂ ਪਹਿਲੀ ਸ਼ਾਮ ਆਇਆ, ਕਿਉਂਕਿ

ਸੰਤ ਬਿਨਾ ਮੈਂ ਥਾਉ ਨ ਕੋਈ ਅਵਰ ਨਾ ਸੁਝੈ ਜਾਵਨਾ ॥

ਤਾਂ ਭੋਰਾ ਸਾਹਿਬ ਦੇ ਸਾਹਮਣੇ ਖੜ੍ਹਾ ਹੋ ਕੇ ਸੱਚੇ ਦਿਲ ਨਾਲ ਅਰਦਾਸ ਕੀਤੀ ਕਿ "ਮਹਾਰਾਜ, ਮੈਂ ਸਵੇਰੇ ਲੈਣ ਆਵਾਂਗਾ, ਜੇ ਤੁਸੀਂ ਨਾ ਆਏ ਤਾਂ ਮੈਂ ਵੀ ਭੋਗ 'ਤੇ ਨਹੀਂ ਜਾਣਾ।" ਭੋਗ ਵਾਲੀ ਸਵੇਰ ਇਸਨੇ ਕਿਰਾਏ 'ਤੇ ਟਾਂਗਾ ਕੀਤਾ ਅਤੇ ਅਸਥਾਨ ਵੱਲ ਨੂੰ ਚੱਲ ਪਿਆ। ਮਨ ਵਿਚ ਅਥਾਹ ਸ਼ਰਧਾ ਸੀ। ਇਹੀ ਸੋਚ ਰਿਹਾ ਕਿ ਜੇ ਸੰਤ ਅੱਜ ਨਾ ਆਏ ਤਾਂ ਮੈਂ ਵਾਪਸ ਘਰ ਨਹੀਂ ਮੁੜਨਾ। ਭੋਗ ਪੈ ਜਾਵੇ ਜਾਂ ਰਹਿ ਜਾਵੇ ਮੈਂ ਜਾਣਾ ਨਹੀਂ। ਪ੍ਰੀਖਿਆ ਦੀ ਘੜੀ ਆਣ ਪਹੁੰਚੀ ਸੀ। ਅੱਜ ਸੇਵਕ ਦੀ ਨਿਹਚਾ ਦੀ ਪਰਖ ਸੀ ਅਤੇ ਗੁਰੂ ਦੀ ਅੰਤਰਜਾਮਤਾ ਦਾ ਇਮਤਿਹਾਨ ਸੀ। ਟਾਂਗਾ ਅਸਥਾਨ ਦੇ ਬਾਹਰ ਖੜ੍ਹਾ ਕਰਕੇ ਜਦ ਇਹ ਭੋਰਾ ਸਾਹਿਬ ਦੇ ਸਾਹਮਣੇ ਹੱਥ ਜੋੜਕੇ ਖੜ੍ਹਾ ਹੋਇਆ ਤਾਂ ਸੰਤ ਕੁੰਡੀ ਖੋਲ੍ਹਕੇ ਕਹਿੰਦੇ, "ਸੁਖਦੇਵ ਸਿੰਹਾਂ ਆ ਗਿਆ।" ਜਦ ਸੰਤਾਂ ਦੀ ਸ਼ਹਿਦ ਵਰਗੀ ਮਿੱਠੀ ਆਵਾਜ਼ ਸੁਣੀ ਤਾਂ ਕੰਨਾਂ ਵਿਚ ਰਸ ਘੁਲ ਗਿਆ। ਯਕੀਨ ਹੀ ਨਾ ਆਇਆ। ਕਿਸਮਤ 'ਤੇ ਵਿਸ਼ਵਾਸ ਹੀ ਨਾ

ਹੋਇਆ। ਏਦਾਂ ਭਾਸਿਆ ਜਿਵੇਂ ਕੋਈ ਸੁਪਨਾ ਹੋਵੇ। ਪਰ ਇਹ ਤਾਂ ਹਕੀਕਤ ਸੀ। ਸੱਚ ਸੀ। ਕਿੰਨੀ ਖੁਸ਼ੀ ਭਰਿਆ ਸੱਚ। ਚਾਅ ਚੜ੍ਹ ਗਿਆ। ਇਸ ਤਰ੍ਹਾਂ ਲੱਗਾ ਜਿਵੇਂ ਅਸਮਾਨ ਸੁੰਗੜ ਕੇ ਬੁੱਕਲ ਵਿਚ ਸਮਾਅ ਗਿਆ ਹੋਵੇ। ਜਿਵੇਂ ਜ਼ਿੰਦਗੀ ਦਾ ਆਖਰੀ ਸਾਹ ਲੈਣ ਲੱਗੇ ਨੂੰ ਸਾਲਾਬੱਧੀ ਉਮਰ ਮਿਲ ਗਈ ਹੋਵੇ। ਜਿਵੇਂ ਅੰਮ੍ਰਿਤ ਦੀ ਬੂੰਦ ਲੱਭਣ ਆਏ ਨੂੰ ਪੂਰੇ ਦਾ ਪੂਰਾ ਸਾਗਰ ਮਿਲ ਗਿਆ ਹੋਵੇ। ਇਸਦਾ ਦਿਲ ਕਰੇ

ਬੁਲਾ ਸ਼ਹੁ ਦੀ ਪੈਰੀਂ ਪੜੀਏ।
ਸੀਸ ਕਾਟ ਕਰ ਆਗੇ ਧਰੀਏ। (ਬਾਬਾ ਬੁੱਲੇਸ਼ਾਹ ਜੀ)

ਸੰਤ ਕਹਿੰਦੇ, "ਸੁਖਦੇਵ ਸਿੰਹਾਂ ਚੱਲੀਏ।" ਇਹ ਬਊਰਾ ਹੋਇਆ ਖੜ੍ਹਾ ਵੇਖੀ ਹੀ ਜਾ ਰਿਹਾ ਸੀ ਅਤੇ ਫਿਰ ਚਰਨਾਂ ਤੇ ਡਿੱਗ ਪਿਆ। ਮਨ ਵਿਚੋਂ ਇਹੋ ਆਵਾਜ਼ ਆਈ ਕਿ ਦਾਤਿਆ! ਲਾਜਾਂ ਪਾਲਣ ਵਾਲਿਆ! ਤੂੰ ਅੱਜ ਮੇਰੀ ਗਰੀਬ ਦੀ ਲਾਜ ਰੱਖ ਲਈ। ਮੇਰੇ ਸਭ ਕਾਰਜ ਸਫ਼ਲ ਹੋ ਗਏ।

ਜੋ ਜਨੁ ਸੇਵੇ ਤਿਸੁ ਪੂਰਨ ਕਾਜ ॥ (ਮ:5-736)
ਧੰਨ ਧੰਨ ਸੰਤ ਬਾਬਾ ਤੀਰਥ ਸਿੰਘ ਜੀ ਮਹਾਰਾਜ।



# ਜਿਤੁ ਤੁਮਰੈ ਦੁਆਰੈ ਆਇਆ

ਜਨਮ ਭਾਵੇਂ ਕਿਤੇ ਵੀ ਕਿਉਂ ਨਾ ਹੋਵੇ, ਤਕਦੀਰ ਸਾਨੂੰ ਉਸੇ ਥਾਂ 'ਤੇ ਖਿੱਚ ਕੇ ਲੈ ਜਾਂਦੀ ਹੈ ਜਿੱਥੋਂ ਜ਼ਿੰਦਗੀ ਦਾ ਸਫਰ ਸ਼ੁਰੂ ਹੋਣਾ ਹੋਵੇ। ਕਿਉਂਕਿ ਜੋ ਵੀ ਘਟਦਾ ਹੈ ਵਿਧੀ ਦੇ ਵਿਧਾਨ ਅਨੁਸਾਰ ਹੀ ਘਟਦਾ ਹੈ। ਉਸਦੇ ਨਿਯਮ ਅਨੁਸਾਰ ਵਾਪਰਦਾ ਹੈ। ਲੇਖ ਅਨੁਸਾਰ ਹੁੰਦਾ ਹੈ ਜੋ ਜਨਮ ਤੋਂ ਪਹਿਲਾਂ ਹੀ ਲਿਖ ਹੋ ਜਾਂਦੇ ਹਨ। ਪਿੰਡ ਸਾਰੋਬਾਦ ਵਿਖੇ ਸ. ਹਰੀ ਸਿੰਘ ਅਤੇ ਬੀਬੀ ਜਵੰਦ ਕੌਰ ਦੇ ਘਰ ਮਿਤੀ 10 ਅਪ੍ਰੈਲ 1958 ਨੂੰ ਜਦ ਤਰਸੇਮ ਸਿੰਘ ਨੇ ਜਨਮ ਲਿਆ ਤਾਂ ਕੌਣ ਜਾਣਦਾ ਸੀ ਕਿ ਇਸ ਬਾਲਕ ਨੇ ਵੱਡਾ ਹੋ ਕੇ ਸਿੱਖ ਧਰਮ ਦੇ ਮੁੱਢਲੇ ਅਸੂਲਾਂ ਸੇਵਾ ਅਤੇ ਸਿਮਰਨ 'ਤੇ ਪਹਿਰਾ ਦੇਣਾ ਹੈ। ਮਾਨਸਰੋਵਰ ਦੇ ਹੰਸ ਵਾਂਗ ਮੋਤੀ ਚੁਗਣੇ ਹਨ-ਨਾਮ ਦੇ ਸੁੱਚੇ ਮੋਤੀ। ਤਰਸੇਮ ਸਿੰਘ ਦਾ ਮਨ ਬਚਪਨ ਤੋਂ ਹੀ ਪੜ੍ਹਾਈ ਵਿਚ ਨਾ ਲੱਗਦਾ ਅਤੇ ਨਾ ਹੀ ਆਮ ਬੱਚਿਆਂ ਵਾਂਗ ਸੁਤਾ ਖੇਡਾਂ ਵਿਚ ਰਹਿੰਦੀ। ਜਦ ਸਕੂਲ ਤੋਂ ਪੜ੍ਹ ਕੇ ਆਉਂਦੇ ਤਾਂ ਪਿੰਡ ਦੇ ਗੁਰਦੁਆਰਾ ਸਾਹਿਬ ਵਿਖੇ ਸੇਵਾ ਕਰਨ ਚਲੇ ਜਾਂਦੇ। ਇਹ ਆਪਣੇ ਪਿਤਾ ਨਾਲ ਕੰਮ ਕਾਜ ਵਿਚ ਹੱਥ ਵਟਾਉਣ ਲਈ ਹਵੇਲੀ ਆ ਜਾਂਦੇ ਜੋ ਜੱਦੀ-ਪੁਸ਼ਤੀ ਲੁਹਾਰਾ ਕੰਮ ਕਰਿਆ ਕਰਦੇ ਸਨ ਅਤੇ ਦਸਾਂ ਨਹੁੰਆਂ ਦੀ ਕਿਰਤ ਕਰਕੇ ਮਿਹਨਤ ਦੀ ਰੋਟੀ ਖਾਣਾ ਇਹਨਾਂ ਦਾ ਧਰਮ ਸੀ। ਜਦ ਸੰਤ ਬਾਬਾ ਤੀਰਥ ਸਿੰਘ ਜੀ ਕਦੇ ਕਦੇ ਸੈਰ ਕਰਦਿਆਂ ਕਰਦਿਆਂ ਇਹਨਾਂ ਦੀ ਹਵੇਲੀ ਮੂਹਰਿਓਂ ਦੀ ਲੰਘਦੇ ਤਾਂ ਤਰਸੇਮ ਸਿੰਘ ਭੱਜਕੇ ਚਰਨਾਂ ਨੂੰ ਹੱਥ ਲਾਉਂਦੇ। ਜਦ ਸੰਤ 'ਗੁਰੂ ਭਲੀ ਕਰੇਗਾ' ਕਹਿੰਦੇ ਤਾਂ ਬੜੀ ਸ਼ਾਂਤੀ ਮਿਲਦੀ। ਮਨ ਤ੍ਰਿਪਤ ਹੋ ਜਾਂਦਾ। ਜਦ ਕਦੇ ਸਕੂਲ ਤੋਂ ਆਉਂਦਿਆਂ ਆਉਂਦਿਆਂ ਸੰਤਾਂ ਕੋਲ ਚਲੇ ਜਾਂਦੇ ਤਾਂ ਘਰ ਪਰਤਣ ਨੂੰ ਜੀਅ ਨਾ ਕਰਦਾ। ਇਕ ਦਿਨ ਇਹ ਸੰਤਾਂ ਕੋਲ ਗਏ, ਚਰਨ ਸਪਰਸ਼ ਕੀਤੇ ਤਾਂ ਸੰਤਾਂ ਦਾ ਸਿਰ 'ਤੇ ਹੱਥ ਰੱਖ ਹੁੰਦਿਆਂ ਹੀ

ਅਵਰਿ ਕਾਜ ਤੇਰੈ ਕਿਤੈ ਨ ਕਾਮ ॥
ਮਿਲੁ ਸਾਧ ਸੰਗਤਿ ਭਜੁ ਕੇਵਲ ਨਾਮ ॥ (ਮ:5-378)

ਦਾ ਗਿਆਨ ਹੋ ਗਿਆ। ਸੰਤਾਂ ਨੇ ਹੁਕਮ ਕੀਤਾ, "ਤਰਸੇਮ ਸਿਹਾਂ, ਹੁਣ ਸਾਡੇ ਕੋਲ ਰਿਹਾ ਕਰ।"

ਦਾਦੂ ਸਾਹਿਬ ਦਾ ਸਤਿਸੰਗ ਲੱਗਾ ਹੋਇਆ ਸੀ ਕਿ ਸਾਹਮਣਿਓਂ ਰਜਬ

ਜੀ ਸਿਰ ਉੱਪਰ ਸਿਹਰਾ ਬੰਨ੍ਹੀ ਵਿਆਹੁਣ ਜਾ ਰਹੇ ਸਨ। ਦਾਦੂ ਜੀ ਨੇ ਸੇਵਕ ਭੇਜਿਆ ਕਿ ਉਹ ਜੋ ਜਾ ਰਿਹਾ ਹੈ ਉਸ ਨੂੰ ਬੁਲਾਓ। ਜਦ ਆਇਆ ਤਾਂ ਪੁੱਛਿਆ ਤੇਰਾ ਕੀ ਨਾਂ ਹੈ ? ਬੋਲੇ, "ਰਜਬ।" ਤਦ ਦਾਦੂ ਜੀ ਬੋਲੇ

ਰਜਬ ਤੁਮਨੇ ਗਜ਼ਬ ਕੀਆ ਜੋ ਸਿਰ ਪਰ ਬਾਂਧਾ ਮੋਰ।
ਆਇ ਥੇ ਹਰਿ ਮਿਲਨ ਕੋ ਚਲੇ ਨਰਕ ਕੀ ਔਰ।

ਰਜਬ ਜੀ ਸੰਸਕਾਰੀ ਜੀਵ ਸਨ। ਬਾਰਾਤੀਆਂ ਨੂੰ ਕਹਿਣ ਲੱਗੇ, ਤੁਸੀਂ ਚਲੋ ਮੈਂ ਆਉਂਦਾ ਹਾਂ। ਫਿਰ ਕਿਸਨੇ ਜਾਣਾ ਸੀ, ਉੱਥੋਂ ਦੇ ਹੀ ਹੋ ਰਹੇ।

ਕਾਬੇ ਗਇਆ ਨ ਦਹਰ ਗਇਆ ਨ ਕਹੀਂ ਗਇਆ।
ਘਰ ਸੇ ਨਿਕਲ ਕੇ ਕੂਚਾਏ ਜਾਨਾਂ ਮੇ ਰਹਿ ਗਇਆ।

ਜਦ ਸੁਣਿਆਂ ਤਾਂ ਤਰਸੇਮ ਸਿੰਘ ਨੂੰ ਚਾਅ ਚੜ੍ਹ ਗਿਆ। ਸੰਤਾਂ ਨੇ ਤਾਂ ਇਸਦੇ ਮਨ ਦੀ ਗੱਲ ਕਹਿ ਦਿੱਤੀ ਸੀ। ਬਹੁਤ ਖੁਸ਼ ਹੋਇਆ। ਉਸ ਘੜੀ ਦਾ ਉਸ ਵੇਲੇ ਦਾ ਕੋਟਾਨ ਕੋਟਿ ਸ਼ੁਕਰਗੁਜ਼ਾਰ ਕੀਤਾ ਕਿ

ਕੁਰਬਾਣੁ ਜਾਈ ਉਸੁ ਵੇਲਾ ਸੁਹਾਵੀ
ਜਿਤੁ ਤੁਮਰੈ ਦੁਆਰੈ ਆਇਆ॥ (ਮ:5-749)

ਉਸ ਦਿਨ ਤਰਸੇਮ ਸਿੰਘ ਜੀ ਲਈ ਸੱਚ ਦਾ ਰਾਹ ਪਛਾਨਣ ਦੇ ਬਾਰ ਖੁੱਲ੍ਹ ਗਏ ਅਤੇ ਇਹ ਘਰ ਬਾਰ ਤਿਆਗ ਕੇ ਸੰਤਾਂ ਕੋਲ ਰਹਿਣ ਲੱਗ ਪਿਆ। ਜਦ ਧਾਰਮਿਕ ਬਿਰਤੀ ਵਾਲੇ ਮਾਂ ਬਾਪ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਹ ਬਹੁਤ ਖੁਸ਼ ਹੋਏ ਅਤੇ ਪੁੱਤਰ ਨੂੰ ਨਿਸ਼ਕਾਮ ਸੇਵਾ ਕਰਨ ਦੀ ਅਸੀਸ ਦਿੱਤੀ। ਕੁਝ ਸਮੇਂ ਬਾਦ ਤਰਸੇਮ ਸਿੰਘ ਵਾਂਗ ਹੀ ਮਸਤਾਨੀ ਬਿਰਤੀ ਦਾ ਮਾਲਕ ਗੁਰਦੇਵ ਸਿੰਘ (ਮੁਹੱਦੀਪੁਰ) ਵੀ ਇਸਦੇ ਨਾਲ ਆ ਰਲਿਆ। ਜਦ ਸੰਤ ਬਾਬਾ ਕਿਸ਼ਨ ਸਿੰਘ ਜੀ ਰਾੜਾ ਸਾਹਿਬ ਵਾਲੇ ਸ਼ਾਮ ਚੁਰਾਸੀ ਆਏ ਤਾਂ ਇਹਨਾਂ ਨੂੰ ਵੇਖ ਕੇ ਕਹਿੰਦੇ, "ਬਾਈ ਭਗਤ ਨੇ ਤਾਂ ਏਥੇ ਵੀ ਮਸਤਾਨੇ ਹੀ ਇਕੱਠੇ ਕਰ ਲਏ।" ਇਹ ਦੋਵੇਂ ਮਸਤਾਨਿਆਂ ਨੂੰ ਸੰਤ ਬਾਬਾ ਤੀਰਥ ਸਿੰਘ ਜੀ ਨੇ ਅੰਮ੍ਰਿਤ ਛਕਣ ਲਈ ਰਾੜਾ ਸਾਹਿਬ ਭੇਜ ਦਿੱਤਾ।

ਸੁਰਿ ਨਰ ਮੁਨਿ ਜਨ ਅੰਮ੍ਰਿਤੁ ਖੋਜਦੇ
ਸੁ ਅੰਮ੍ਰਿਤੁ ਗੁਰ ਤੇ ਪਾਇਆ॥ (ਮ:3-918)

ਜਦ ਤਰਸੇਮ ਸਿੰਘ ਨੇ ਅੰਮ੍ਰਿਤ ਛਕਿਆ ਤਾਂ 'ਰ' ਅੱਖਰ ਨਿਕਲਣ ਕਾਰਨ ਸੰਤ ਬਾਬਾ ਕਿਸ਼ਨ ਸਿੰਘ ਜੀ ਨੇ ਇਸਦਾ ਨਾਮ ਰਣਜੋਧ ਸਿੰਘ ਰੱਖ ਦਿੱਤਾ।



ਅੰਮ੍ਰਿਤ ਛਕਣ ਉਪਰੰਤ ਇਹ ਦੋਵੇਂ ਸਿੰਘ ਗੁਰਦੁਆਰਾ ਭੋਰਾ ਸਾਹਿਬ ਵਿਖੇ ਆ ਕੇ ਸੇਵਾ ਵਿਚ ਜੁਟ ਗਏ।

ਭਾਈ ਰਣਜੋਧ ਸਿੰਘ ਦੇ ਰਹਿਣਾ ਸ਼ੁਰੂ ਕਰਨ ਨਾਲ ਸੰਤਾਂ ਦਾ ਪ੍ਰਸ਼ਾਦਾ ਗੁਰਦਵਾਰਾ ਸਾਹਿਬ ਹੀ ਬਣਨ ਲੱਗਾ। ਉਹ ਸਿਆਲ ਦੇ ਦਿਨ ਸਨ ਅਤੇ ਬਾਰਸ਼ਾਂ ਬਹੁਤ ਪੈ ਰਹੀਆਂ ਸਨ। ਇਹਨਾਂ ਦੇ ਮਨ ਵਿਚ ਏਨੀ ਨਿਹਚਾ ਹੁੰਦੀ ਸੀ ਕਿ ਸਾਰਾ ਦਿਨ ਸੁੱਕੀਆਂ ਲੱਕੜਾਂ ਹੀ ਲੱਭਦੇ ਰਹਿੰਦੇ ਕਿ ਕਿਤੇ ਸੰਤਾਂ ਨੂੰ ਪ੍ਰਸ਼ਾਦਾ ਜਾਂ ਚਾਹ ਛਕਾਉਣ ਵਿਚ ਕੋਈ ਬਿਘਨ ਨਾ ਪੈ ਜਾਵੇ।

ਸੰਤਾਂ ਦੇ ਅਸਥਾਨ 'ਤੇ ਕੋਈ ਪਹਿਰਾ ਜਾਂ ਜਿੰਦਾ ਨਾ ਲੱਗਦਾ ਕਿਉਂਕਿ ਸੰਤ ਕਿਹਾ ਕਰਦੇ ਸਨ ਕਿ ਗੁਰੂ ਨਾਨਕ ਆਪਣੇ ਅਸਥਾਨ ਦੀ ਰਖਵਾਲੀ ਆਪੇ ਹੀ ਕਰ ਲੈਂਦਾ ਹੈ। ਜੋ ਵੀ ਜੀਅ ਜੰਤ ਹਨ

ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ। (ਮ:1-1)

ਸਭ ਉਸਦੇ ਹੁਕਮ ਅੰਦਰ ਗੁਰੂ ਦੇ ਅਸਥਾਨ ਦੀ ਰਾਖੀ ਕਰਿਆ ਕਰਦੇ ਹਨ।

# ਭਗਤ ਮੁਖੈ ਤੇ ਬੋਲਦੇ ਸੇ ਵਚਨ ਹਵੰਦੇ

ਧੰਨ ਧੰਨ ਸ੍ਰੀ ਗੁਰੂ ਰਾਮਦਾਸ ਜੀ ਫੁਰਮਾਉਂਦੇ ਹਨ:-

ਹਮਰਾ ਮਨੁ ਬੈਰਾਗ ਬਿਰਕਤੁ ਭਇਓ ਹਰਿ ਦਰਸਨ ਮੀਤ ਕੈ ਤਾਈ ॥
ਜੈਸੇ ਅਲਿ ਕਮਲਾ ਬਿਨੁ ਰਹਿ ਨ ਸਕੈ ਤੈਸੇ ਮੋਹਿ ਹਰਿ ਬਿਨੁ ਰਹਨੁ ਨ ਜਾਈ ॥
(ਮ: 4-369)

ਮੇਰਾ ਮਨ ਪ੍ਰਭੂ ਦਰਸ਼ਨਾ ਲਈ ਸੰਸਾਰਕ ਪਦਾਰਥਾਂ ਤੋਂ ਬੈਰਾਗੀ ਹੋ ਗਿਆ ਹੈ। ਜਿਵੇਂ ਭੌਰਾ ਕਮਲ ਦੇ ਫੁੱਲ ਬਗੈਰ ਨਹੀਂ ਜੀ ਸਕਦਾ ਮੇਰਾ ਵੀ ਪ੍ਰਭੂ ਬਿਨ ਰਹਿਣਾ ਮੁਸ਼ਕਲ ਹੈ। ਪ੍ਰਭੂ ਮਿਲਾਪ ਲਈ ਮੈਂ ਬਿਰਹਾਂ ਵਿਚ ਤੜਪ ਰਿਹਾ ਹਾਂ। ਸਰੀਰ ਤੰਦੂਰ ਵਾਂਗ ਤਪ ਰਿਹਾ ਹੈ। ਹੱਡੀਆਂ ਬਾਲਣ ਵਾਂਗ ਬਲ ਰਹੀਆਂ ਹਨ। ਮੈ ਏਨਾ ਤਤਪਰ ਹਾਂ ਕਿ ਪੈਰ ਥਕ ਜਾਣ ਤਾਂ ਸਿਰ ਨਾਲ ਤੁਰਨਾ ਸ਼ੁਰੂ ਕਰ ਦੇਵਾਂਗਾ, ਜੇ ਕਿਤੇ ਮੇਰਾ ਪ੍ਰੀਤਮ ਨਾਲ ਮਿਲਾਪ ਹੋ ਜਾਵੇ।

ਤਨੁ ਤਪੈ ਤਨੂਰ ਜਿਉ ਬਾਲਣੁ ਹਡ ਬਲੰਨਿ੍ ॥
ਪੈਰੀ ਥਕਾਂ ਸਿਰ ਜੁਲਾਂ ਜੇ ਮੂੰ ਪਿਰੀ ਮਿਲੰਨਿ੍ ॥ (ਫਰੀਦ ਜੀ,1384)

ਜਿਹਨਾਂ ਅੰਦਰ ਪ੍ਰੀਤਮ ਮਿਲਣ ਦੀ ਤਾਂਘ ਹੁੰਦੀ ਹੈ ਉਹਨਾਂ ਦੇ ਬੋਲਾਂ ਵਿਚ ਬੈਰਾਗ ਹੁੰਦਾ ਹੈ, ਬਿਰਹਾ ਹੁੰਦਾ ਹੈ, ਸੋਹਜ ਹੁੰਦੀ ਹੈ। ਐਸੇ ਹੀ ਪ੍ਰਭੂ-ਵਿਛੋਹ ਵਿਚ ਸੁਲਘ ਰਹੇ ਬੋਲ ਬੀਬੀ ਨਿਰਮਲ ਕੌਰ ਪਿੰਡ ਰਾਏਪੁਰ ਦੇ ਕੰਨੀਂ ਪਏ ਜਦ ਇਹ ਇਕ ਹੋਰ ਔਰਤ ਨਾਲ ਗੁਰਦੁਆਰਾ ਸਾਹਿਬ ਦੇ ਸਾਹਮਣਿਓਂ ਲੰਘ ਰਹੀ ਸੀ। ਜਦ ਬੋਲ ਸੁਣੇ ਤਾਂ ਲੰਘਿਆ ਨਹੀਂ ਗਿਆ। ਬੋਲ ਸਨ:-

"ਸਿਰ ਵੱਢਕੇ ਬਣਾ ਦੇਵਾਂ ਮੂਹੜਾ ਗੱਲਾਂ ਜੋ ਸੁਣਾਵੇ ਤੇਰੀਆਂ"

ਕਦਮ ਉੱਥੇ ਹੀ ਠਹਿਰ ਗਏ ਜਿਵੇਂ ਕਿਸੇ ਅਦ੍ਰਿਸ਼ ਸ਼ਕਤੀ ਨੇ ਜਕੜ ਲਏ ਹੋਣ। ਅੱਗੇ ਨੂੰ ਤੁਰਨ ਹੀ ਨਾ। ਕਹਿਣੇ ਤੋਂ ਬਾਹਰ ਹੋ ਗਏ। ਆਪ ਮੁਹਾਰੇ ਹੀ ਅੰਦਰ ਵੱਲ ਨੂੰ ਮੁੜ ਤੁਰੇ। ਬੀਬੀਆਂ ਅੰਦਰ ਪਹੁੰਚੀਆਂ ਤਾਂ ਵੇਖਿਆ ਕਿ ਇਕ ਫ਼ਕੀਰ ਵਾਜੇ ਨਾਲ ਕੀਰਤਨ ਕਰ ਰਿਹਾ ਸੀ। ਕਰੀਬ 150-200 ਸਰੀਰ ਸੰਗਤ ਰੂਪ ਵਿਚ ਜੁੜ ਬੈਠੇ ਸਨ। ਸ਼ਾਇਦ ਇਹ ਬਰਸੀ ਜਾਂ ਕੋਈ ਹੋਰ ਜੋੜ ਮੇਲਾ ਸੀ। ਪੁੱਛਣ 'ਤੇ ਕਿਸੇ ਨੇ ਬੀਬੀਆਂ ਨੂੰ ਦੱਸਿਆ ਕਿ ਇਹੀ ਤਾਂ ਭਗਤ ਜੀ (ਸੰਤ ਬਾਬਾ ਤੀਰਥ ਸਿੰਘ ਜੀ) ਹਨ ਜੋ ਭੋਰੇ ਵਿਚ ਰਹਿੰਦੇ ਹਨ। ਨਾਮ ਤਾਂ ਸੁਣਿਆ ਸੀ ਪਰ ਕਦੇ



ਦਰਸ਼ਨ ਨਹੀਂ ਸਨ ਕੀਤੇ। ਇੱਛਾ ਤਾਂ ਪਹਿਲਾਂ ਹੀ ਸੀ ਕਿ

ਸਤਿਗੁਰੁ ਸਾਗਰੁ ਗੁਣ ਨਾਮ ਕਾ ਮੈ ਤਿਸੁ ਦੇਖਣ ਕਾ ਚਾਉ ॥
(ਮ: 4-759)

ਪਰ ਮਿਲਾਪ ਨਹੀਂ ਹੋ ਸਕਿਆ ਸੀ ਜਦ ਹੋਇਆ ਤਾਂ ਮਨ ਸ਼ਾਂਤ ਹੋ ਗਿਆ। ਰੂਹ ਤ੍ਰਿਪਤ ਹੋ ਗਈ। ਬੋਲ ਇੰਨੇ ਮਿੱਠੇ ਕਿ ਜੀਅ ਕਰੇ ਸੁਣੀ ਹੀ ਜਾਈਏ। ਦਰਸ਼ਨ ਕਰ ਅੱਖਾਂ ਏਨੀਆਂ ਸੰਤੁਸ਼ਟ ਹੋਈਆਂ ਚਾਹੁਣ ਕਿ ਵੇਖੀ ਹੀ ਜਾਈਏ। ਡੌਰ ਭੌਰ ਹੋ ਗਈਆਂ। ਕੋਈ ਸੁਧ ਹੀ ਨਾ ਰਹੀ। ਇਹਨਾਂ 'ਤੇ ਹੀ ਨਹੀਂ ਜੋ ਵੀ ਸੰਤਾਂ ਨੂੰ ਮਿਲਦਾ ਉਸਤੇ ਅਜਿਹਾ ਜਾਦੂ ਹੋ ਜਾਂਦਾ ਕਿ ਮੁੜ ਮੁੜ ਦਰਸ਼ਨਾਂ ਲਈ ਆਉਂਦਾ। ਹਾਲਤ ਇਹ ਹੋ ਜਾਂਦੀ ਕਿ

ਹਉ ਤਿਸੁ ਬਿਨੁ ਘੜੀ ਨਾ ਜੀਵਊ ਬਿਨੁ ਦੇਖੇ ਮਰਿ ਜਾਉ ॥
(ਮ:4-759)

ਸੰਤਾਂ ਦਾ ਆਪਣੇ ਸੇਵਕਾਂ ਦੇ ਘਰ ਆਉਣਾ-ਜਾਣਾ ਲੱਗਾ ਰਹਿੰਦਾ ਸੀ। ਜਿਸ ਕਾਰਨ ਉਹਨਾਂ ਨੇ ਮੋਪਿਡ ਖਰੀਦ ਲਈ ਅਤੇ ਜਦ ਕੋਈ ਸੇਵਕ ਘਰ ਚਰਨ ਪਾਉਣ ਲਈ ਬੇਨਤੀ ਕਰਦਾ ਤਾਂ ਸੰਤ ਇਕ ਸਿੰਘ ਨੂੰ ਨਾਲ ਲੈ ਕੇ ਉਸਦੀ ਇੱਛਾ ਪੂਰੀ ਕਰ ਆਉਂਦੇ। ਜਦ ਕਿਧਰੇ ਜਥੇ ਸਹਿਤ ਕੀਰਤਨ ਕਰਨ ਲਈ ਜਾਣਾ ਹੁੰਦਾ ਤਾਂ ਸ਼ਾਮ ਚੁਰਾਸੀ ਤੋਂ ਆਟੋ ਰਿਕਸ਼ਾ ਕਿਰਾਏ 'ਤੇ ਕਰ ਲਿਆ ਜਾਂਦਾ। ਸੰਤਾਂ ਨੇ ਆਪਣੇ ਨਾਲ ਨਾਲ ਭਾਈ ਰਣਜੋਧ ਸਿੰਘ ਨੂੰ ਵੀ ਮੋਨ ਰਖਾਉਣਾ ਸ਼ੁਰੂ ਕਰ ਦਿੱਤਾ ਸੀ। ਬੇਸ਼ੱਕ ਭਾਈ ਰਣਜੋਧ ਸਿੰਘ ਬਹੁਤ ਤਨਦੇਹੀ ਨਾਲ ਸੇਵਾ ਕਰਦੇ ਸਨ ਪਰ ਸਿਮਰਨ ਵਾਲੇ ਪਾਸਿਓਂ ਅਜੇ ਕੱਚੇ ਸਨ। ਸੰਤਾਂ ਨੇ ਵਕਤ ਦਾ ਤਕਾਜ਼ਾ ਭਾਂਪਦਿਆਂ ਭਾਈ ਰਣਜੋਧ ਸਿੰਘ ਨੂੰ ਰਾੜਾ ਸਾਹਿਬ ਵਿਖੇ ਗੁਰਮੁਖੀ ਸਿੱਖਣ ਲਈ ਭੇਜ ਦਿੱਤਾ। ਸੰਤਾਂ ਦਾ ਖਿਆਲ ਸੀ ਕਿ ਰਣਜੋਧ ਸਿੰਘ ਇਕ ਤਾਂ ਰਾੜਾ ਸਾਹਿਬ ਦੀ ਸਖ਼ਤ ਮਰਿਯਾਦਾ ਵਿਚ ਰਹਿ ਕੇ ਚੰਡਿਆ ਜਾਵੇਗਾ ਅਤੇ ਦੂਜਾ ਗੁਰਬਾਣੀ ਦੀ ਸੰਥਿਆ ਬਿਨਾਂ ਉਸ ਪੰਧ 'ਤੇ ਤੁਰ ਸਕਣਾ ਮੁਸ਼ਕਲ ਸੀ ਜਿਸ ਉੱਤੇ ਸੰਤ ਇਸਨੂੰ ਤੋਰਨਾ ਚਾਹੁੰਦੇ ਸਨ। ਭਾਈ ਰਣਜੋਧ ਸਿੰਘ ਦੇ ਜਾਣ ਤੋਂ ਬਾਦ ਬੀਬੀ ਗੁਰਬਚਨ ਕੌਰ (ਮੁਹੱਦੀਪੁਰ) ਲੰਗਰ ਬਣਾਉਣ ਦੀ ਸੇਵਾ ਕਰਨ ਲੱਗੀ। ਲੰਗਰ ਸਵੇਰੇ ਇਕੋ ਵੇਲੇ ਹੀ ਪਕਾਇਆ ਜਾਂਦਾ।

ਗੁਰਦੁਆਰਾ ਸਾਹਿਬ ਦੀ ਇਮਾਰਤ ਦੀ ਉਸਾਰੀ ਦਾ ਕੰਮ ਕਿਸੇ ਨਾ ਕਿਸੇ

ਰੂਪ ਵਿੱਚ ਚਲਦਾ ਹੀ ਰਹਿੰਦਾ। ਦਰਬਾਰ ਸਾਹਿਬ ਵਿੱਚ ਫਰਸ਼ ਪਾਇਆ ਜਾ ਚੁੱਕਾ ਸੀ। ਸੇਵਕਾਂ ਦੇ ਰਹਿਣ ਲਈ ਇੱਕ ਦੋ ਕਮਰੇ ਬਣਕੇ ਤਿਆਰ ਹੋ ਚੁੱਕੇ ਸਨ। ਪਹਿਲਾਂ ਛੱਤਿਆ ਦੋ ਖਾਨੇ ਕਮਰਾ ਜੋ ਰਸਦ ਰੱਖਣ ਜਾਂ ਚਾਹ ਬਣਾਉਣ ਲਈ ਵਰਤਿਆ ਜਾਂਦਾ ਸੀ, ਢਾਹ ਕੇ ਦਰਬਾਰ ਸਾਹਿਬ ਦੇ ਖੱਬੇ ਹੱਥ ਨਵਾਂ ਲੰਗਰ ਹਾਲ ਬਣਾਇਆ ਜਾ ਰਿਹਾ ਸੀ। ਮਿਸਤਰੀ ਸਿੰਘਾਂ ਵਿੱਚੋਂ ਇਕ ਨੂੰ ਆਪਣੀ ਕਾਬਲੀਅਤ ਉੱਤੇ ਬਹੁਤ ਮਾਣ ਸੀ। ਜਦ ਲੰਗਰ ਦੀ ਕੰਧ ਬਣਨ ਲੱਗੀ ਤਾਂ ਹੰਕਾਰ ਨਾਲ ਕਹਿੰਦਾ, "ਮੈਂ ਤਾਂ ਬਿਨਾ ਗੁਣੀਏ ਵਿਚ ਕਰਨ ਤੋਂ ਲੰਬੀਆਂ ਲੰਬੀਆਂ ਕੰਧਾਂ ਸਿਧੀਆਂ ਬਣਾ ਦਿੱਤੀਆਂ ਆਹ ਤਾਂ ਮੇਰੇ ਸਾਹਮਣੇ ਚੀਜ਼ ਹੀ ਕੀ ਹੈ ? ਮੈਂ ਬਿਨਾਂ ਗੁਣੀਏ ਵਿੱਚ ਕਰਨ ਤੋਂ ਕੰਧ ਬਣਾਉਂਦਾ ਹਾਂ ਜੇ ਵਿੰਗੀ ਹੋ ਜਾਵੇ ਤਾਂ ਮੇਰੀਆਂ ਬਾਹਾਂ ਵੱਢ ਦਿਓ।" ਜਦ ਪਿਛੇ ਖੜੇ ਸੰਤਾਂ ਨੇ ਸੁਣਿਆ ਤਾਂ ਮੁਸਕਰਾ ਪਏ ਅਤੇ ਭੋਰੇ ਵਿੱਚ ਚਲੇ ਗਏ। ਮਿਸਤਰੀ ਸਿੰਘ ਨੂੰ ਇਹ ਭੁਲ ਗਿਆ ਸੀ ਕਿ

ਕਹਤ ਨਾਨਕੁ ਤੂੰ ਸਾਚਾ ਸਾਹਿਬੁ ਕਉਣੁ ਜਾਣੈ ਤੇਰੇ ਕਾਮਾ ॥
ਇਕਨਾ ਘਰਿ ਮਹਿ ਦੇ ਵਡਿਆਈ ਇਕਿ ਭਰਮਿ ਭਵਹਿ ਅਭਿਮਾਨਾ ॥

(ਮ:3-797)

ਭਰਮ ਹੋ ਗਿਆ। ਅਭਿਮਾਨ ਹੋ ਗਿਆ। ਆਪਣੀ ਉੱਚਤਾ ਦਾ ਦਾਅਵਾ ਕਰਨ ਲਈ ਘੁਮੰਡ ਦਾ ਸਹਾਰਾ ਲੈ ਲਿਆ। ਯਾਦ ਹੀ ਨਾ ਰੱਖਿਆ ਕਿ ਉੱਚਤਾ ਦੇ ਸਿਰ ਨੂੰ ਨਿਮਰਤਾ ਉੱਚਾ ਕਰਦੀ ਹੈ ਅਤੇ ਘੁਮੰਡ ਮਿਟੀ ਵਿੱਚ ਮਿਲਾ ਦਿੰਦਾ ਹੈ। ਜਦ ਕੰਧ ਦਾ ਨੌਂ ਇੰਚੀ ਚੌੜਾ ਕੌਲਾ ਬਣਾਉਣ ਲੱਗਿਆ ਤਾਂ ਟੇਢਾ ਬਣ ਗਿਆ। ਬਹੁਤ ਹੈਰਾਨ ਹੋਇਆ। ਲੰਬੀ ਕੰਧ ਸਿਧੀ ਬਣਾਉਣ ਦੇ ਦਾਅਵੇ ਕਰਦਾ ਸੀ ਕੌਲਾ ਹੀ ਟੇਢਾ ਹੋ ਗਿਆ। ਪਰ ਕਿਸੇ ਵੀ ਸਦੀ ਵਿੱਚ ਬੇਸ਼ਰਮਾਂ ਦੇ ਸਿਰ ਸਿੰਗ ਨਹੀਂ ਸਨ ਅਤੇ ਇਸ ਦੇ ਵੀ ਨਹੀਂ ਸਨ। ਜਦ ਦੂਜੀ ਬਾਰ ਬਣਾਇਆ ਤਾਂ ਕੌਲਾ ਫਿਰ ਵਿੰਗਾ ਬਣ ਗਿਆ। ਤੀਜੀ ਵਾਰ ਗੁਣੀਏ ਦੀ ਮਦਦ ਨਾਲ ਵੀ ਕੌਲਾ ਸਿਧਾ ਨਾ ਬਣ ਸਕਿਆ। ਹੰਕਾਰ ਚਕਨਾਚੂਰ ਹੋ ਗਿਆ। ਜੇ ਧਰਤੀ ਵਿਹਲ ਦੇ ਦਿੰਦੀ ਤਾਂ ਸਮਾਅ ਜਾਂਦਾ। ਮੂੰਹ ਦਿਖਾਉਣ ਯੋਗ ਨਾ ਰਿਹਾ। ਜੋ ਹਉਮੈ ਦਾ ਫਨ ਉਠ ਰਿਹਾ ਸੀ ਧਰਤੀ 'ਤੇ ਵਿਛ ਗਿਆ। ਸੱਪ ਦੀ ਮੌਤ ਦਾ ਕਾਰਨ ਵੀ ਉਸਦਾ ਘੁਮੰਡ ਭਰਿਆ ਫਨ ਹੀ ਹੁੰਦਾ ਹੈ। ਸਾਡੇ ਮਨਾਂ ਵਿੱਚ ਵੀ ਵਿਕਾਰਾਂ ਦੇ ਫਨ ਖੜੇ ਰਹਿੰਦੇ ਹਨ ਜੋ ਪ੍ਰਭ ਮਿਲਨ ਦੀਆਂ ਕੋਸ਼ਿਸ਼ਾਂ ਨੂੰ ਡੰਗ ਲੈਂਦੇ ਹਨ। ਹਉਮੈ ਦਾ ਸੇਕ ਪ੍ਰਮੇਸ਼ਰ ਮਿਲਾਪ ਦੇ ਉੱਗ ਰਹੇ



ਕੋਮਲ ਫੁੱਲਾਂ ਨੂੰ ਸਾੜ ਦਿੰਦਾ ਹੈ।

ਹਉਮੈ ਕਰੀ ਤਾਂ ਤੂ ਨਾਹੀ ਤੂ ਹੋਵਹਿ ਹਉ ਨਾਹਿ ॥

(ਮ:1-1092)

ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ ॥

(ਮ:3-560)

ਕੁਝ ਸਮਾਂ ਬਾਦ ਇਹ ਗੁਰਦੁਆਰਾ ਸਹਿਬ ਕੰਮ ਕਰਨੋ ਹਟ ਗਿਆ। ਇਸ ਸਮੇਂ ਮਿਸਤਰੀਆਂ ਸਾਹਮਣੇ ਜੋ ਸਭ ਤੋਂ ਵੱਡੀ ਚਣੌਤੀ ਸੀ ਦਰਬਾਰ ਸਹਿਬ ਉੱਪਰ ਗੁੰਬਦ ਬਣਾਉਣ ਦੀ ਹੀ ਸੀ। ਮਹਾਪੁਰਸ਼ਾਂ ਨੇ ਚਾਰੋ ਮਿਸਤਰੀਆਂ ਸ. ਚਰਨ ਸਿੰਘ, ਸ. ਕਾਬਲ ਸਿੰਘ, ਸ. ਸੰਤੋਖ ਸਿੰਘ ਅਤੇ ਸ. ਕੁਲਵਿੰਦਰ ਸਿੰਘ ਨੂੰ ਗੁਬੰਦ ਦਾ ਨਿਰਮਾਣ ਕਰਨ ਲਈ ਕਿਹਾ। ਜਦ ਮਿਸਤਰੀਆਂ ਨੇ ਅਸਮਰੱਥਾ ਜਤਾਉਂਦਿਆਂ ਇੱਕ ਹੋਰ ਮਿਸਤਰੀ ਦਾ ਨਾਮ ਸੁਝਾਇਆ ਤਾਂ ਸੰਤਾਂ ਨੇ ਉਸਨੂੰ ਸੱਦਣ ਵਾਸਤੇ ਕਿਹਾ। ਉਹ ਕਈ ਵਾਰ ਆਇਆ। ਉਸਨੇ ਆਉਣਾ ਗਿਣਤੀ ਮਿਣਤੀ ਕਰਨੀ ਅਤੇ ਹਰ ਵਾਰ ਨਵੀਂ ਸਲਾਹ ਦੇ ਕੇ ਚਲੇ ਜਾਣਾ। ਕੋਈ ਲੜ ਪੱਲਾ ਨਾ ਫੜਾਉਣਾ। ਜਦ ਤਿੰਨ ਚਾਰ ਵਾਰ ਅਜਿਹਾ ਹੋਇਆ ਤਾਂ ਸੰਤ ਕਹਿੰਦੇ, "ਕਾਬਲ ਸਿੰਹਾਂ। ਹੁਣ ਇਸਦੇ ਕੋਲੋਂ ਗੁੰਬਦ ਨਹੀਂ ਬਣਨਾ ਤੁਸੀਂ ਆਪ ਹੀ ਸ਼ੁਰੂ ਕਰੋ।" ਮਿਸਤਰੀਆਂ ਨੇ ਸ਼ੁਰੂ ਕਰ ਦਿੱਤਾ। ਦੂਜੇ ਦਿਨ ਸੰਤਾਂ ਨੂੰ ਬੇਨਤੀ ਕੀਤੀ ਕਿ ਨੂਰਪੁਰ ਦਾ ਇੱਕ ਪ੍ਰੇਮੀ ਗੁੰਬਦ ਬਣਾਉਣ ਵਿੱਚ ਕਾਫੀ ਮੁਹਾਰਿਤ ਰੱਖਦਾ ਹੈ। ਆਗਿਆ ਹੋਵੇ ਤਾਂ ਬੁਲਾ ਲਈਏ। ਆਗਿਆ ਮਿਲਣ ਉਪਰੰਤ ਉਸਨੂੰ ਬੁਲਾਇਆ ਗਿਆ। ਉਸਨੇ ਆ ਕੇ ਵੇਖਿਆ ਅਤੇ ਵਾਪਸ ਚਲਾ ਗਿਆ। ਪੁੱਛਣ ਤੇ ਕਈ ਨੁਕਸ ਕੱਢੇ ਅਤੇ ਕਹਿਣ ਲੱਗਾ। ਮੈਂ 2-3 ਦਿਨਾਂ ਤੱਕ ਵੇਖਦਾ ਹਾਂ। ਜਦ ਪਤਾ ਲੱਗਾ ਤਾਂ ਸੰਤ ਕਹਿੰਦੇ, "ਗੁੰਬਦ ਹੁਣ ਉਸਤੋਂ ਵੀ ਨਹੀਂ ਬਣਨਾ, ਤੁਹਾਨੂੰ ਹੀ ਬਣਾਉਣਾ ਪੈਂਣਾ ਹੈ।" ਸੰਤ ਤਾਂ ਪਹਿਲਾਂ ਹੀ ਇਹੋ ਚਾਹੁੰਦੇ ਸਨ ਕਿ ਗੁੰਬਦ ਕਾਬਲ ਸਿੰਘ ਹੁਰੀਂ ਹੀ ਬਣਾਉਣ ਪਰ ਇਹਨਾਂ ਦੇ ਮਨ ਅੰਦਰ ਡਰ ਸੀ ਇਸ ਲਈ ਹੌਂਸਲਾ ਨਹੀਂ ਸਨ ਕਰ ਰਹੇ। ਹੁਣ ਤਾਂ ਸੰਤਾਂ ਨੇ ਸਪਸ਼ਟ ਬਚਨ ਹੀ ਕਰ ਦਿੱਤਾ ਸੀ ਕਿ ਤੁਸੀਂ ਪ੍ਰਮਾਤਮਾ ਦੀ ਓਟ ਲੈ ਕੇ ਗੁੰਬਦ ਬਣਾਉਣਾ ਸ਼ੁਰੂ ਕਿਉਂ ਨਹੀਂ ਕਰ ਦਿੰਦੇ। ਸੰਤਾਂ ਨੇ ਸਮਝਾਇਆ ਕਿ ਪ੍ਰਮਾਤਮਾ ਤਾਂ

ਜਲ ਤੇ ਥਲ ਕਰਿ ਥਲ ਤੇ ਕੂਆ ਕੂਪ ਤੇ ਮੇਰੁ ਕਰਾਵੈ ॥
ਧਰਤੀ ਤੇ ਆਕਾਸਿ ਚਢਾਵੈ ਚਢੇ ਅਕਾਸਿ ਗਿਰਾਵੈ ॥

ਭੇਖਾਰੀ ਤੇ ਰਾਜੁ ਕਰਾਵੈ ਰਾਜਾ ਤੇ ਭੇਖਾਰੀ ॥

ਖਲ ਮੂਰਖ ਤੇ ਪੰਡਿਤੁ ਕਰਿਬੋ ਪੰਡਿਤ ਤੇ ਮੁਗਧਾਰੀ ॥(ਕਬੀਰ ਜੀ,1252)

ਇਹਨਾਂ ਨੇ ਸੰਤਾਂ ਦੇ ਕਹੇ ਅਨੁਸਾਰ ਗੁੰਬਦ ਬਣਾਉਣਾ ਸ਼ੁਰੂ ਕਰ ਦਿੱਤਾ ਅਤੇ ਜਲਦੀ ਹੀ ਸੁੰਦਰ ਗੁੰਬਦ ਬਣਕੇ ਤਿਆਰ ਹੋ ਗਿਆ।

ਭਗਤ ਮੁਖੈ ਤੇ ਬੋਲਦੇ ਸੇ ਵਚਨ ਹਵੰਦੇ ॥ (ਮ:5-316)

ਮਿਸਤਰੀਆਂ ਨੂੰ ਕੰਮ ਦੇ ਨਾਲ ਨਾਲ ਮਨ ਦੀ ਤ੍ਰਿਪਤੀ ਵਾਸਤੇ ਰੂਹ ਦੀ ਖੁਰਾਕ ਵੀ ਸੰਤਾਂ ਕੋਲੋ ਹੀ ਮਿਲਦੀ ਸੀ ਅਤੇ ਇਹ ਸੰਤਾਂ ਦੁਆਰਾ ਦਿੱਤੇ ਉਪਦੇਸ਼ 'ਤੇ ਚਲਦਿਆਂ ਆਪਣਾ ਜੀਵਨ ਪੱਧਰ ਉੱਚਾ ਚੁੱਕਣ ਦੇ ਜਤਨ ਕਰਦੇ ਰਹਿੰਦੇ ਸਨ। ਇਕ ਵਾਰ ਸ. ਸੰਤੋਖ ਸਿੰਘ ਜਦ ਨਮਸਕਾਰ ਕਰਕੇ ਬੈਠਾ ਤਾਂ ਸੰਤ ਕਹਿੰਦੇ, "ਬਈ ਅਸੀਂ ਸਭ ਕੁਝ ਕਰਦੇ ਹਾਂ ਉਹੀ ਕੰਮ ਨਹੀਂ ਕਰਦੇ ਜਿਸ ਲਈ ਪ੍ਰਮਾਤਮਾ ਨੇ ਸਾਨੂੰ ਭੇਜਿਆ ਹੈ, ਮਨੁੱਖਾ ਦੇਹੀ ਬਖ਼ਸ਼ੀ ਹੈ। ਸਾਡਾ ਤਾਂ

ਰੈਣਿ ਗਵਾਈ ਸੋਇ ਕੈ ਦਿਵਸੁ ਗਵਾਇਆ ਖਾਇ ॥

ਹੀਰੇ ਜੈਸਾ ਜਨਮੁ ਹੈ ਕਉਡੀ ਬਦਲੇ ਜਾਇ ॥ (ਮ:1-156)

ਅਸੀਂ ਪ੍ਰਮਾਤਮਾ ਤੋਂ ਵੱਖ ਹੋ ਕੇ ਜੀ ਰਹੇ ਹਾਂ। ਪ੍ਰਮਾਤਮਾ ਤੋਂ ਵੱਖ ਹੋ ਕੇ ਜੀਣਾ ਅਰਥਹੀਣ ਹੁੰਦਾ ਹੈ। ਨਾਮ ਨਾਲੋਂ ਟੁੱਟ ਕੇ ਜੀਣਾ, ਜੀਣਾ ਨਹੀਂ ਮਰਨਾ ਹੁੰਦਾ ਹੈ। ਜੜ੍ਹਾਂ ਨਾਲੋਂ ਵੱਖ ਹੋ ਕੇ ਰੁੱਖ ਸੁੱਕ ਜਾਂਦਾ ਹੈ। ਜਦ ਤੱਕ ਜੜ੍ਹਾਂ ਸਲਾਮਤ ਸਨ ਤਾਂ ਹਰਿਆ ਭਰਿਆ ਸੀ। ਜੜ੍ਹ ਨਾਲੋਂ ਵੱਖ ਹੋਇਆ ਤਾਂ ਖ਼ਤਮ ਹੋ ਗਿਆ। ਪ੍ਰਮਾਤਮਾ ਸਾਡੀ ਜੜ੍ਹ ਹੈ। ਜੇਕਰ ਪ੍ਰਮਾਤਮਾ ਹੀ ਵਿਸਾਰ ਦਿੱਤਾ ਤਾਂ ਸਾਡਾ ਬਚਣਾ ਮੁਸ਼ਕਲ ਹੈ ਅਤੇ ਜੋ ਬਾਕੀ ਕੰਮ ਕਾਜ ਕਰਦੇ ਹਾਂ

ਬਿਨੁ ਹਰਿ ਭਜਨ ਜੇਤੇ ਕਾਮ ਕਰੀਅਹਿ ਤੇਤੇ ਬਿਰਥੇ ਜਾਂਹਿ ॥

(ਮ:5-1222)

ਵਿਅਰਥ ਚਲੇ ਜਾਂਦੇ ਹਨ। ਜੋ ਵਿਅਰਥ ਹੈ ਉਸਨੂੰ ਅਸੀਂ ਅਰਥ ਭਰਪੂਰ ਸਮਝਦੇ ਹਾਂ ਅਤੇ ਜਿਸਦੇ ਮਾਅਨੇ ਹਨ ਉਸ ਲਈ ਸਾਡੇ ਕੋਲ ਸਮਾਂ ਨਹੀਂ। ਕੰਮਾਂ-ਕਾਜਾਂ ਵਿੱਚ ਰੁੱਝੇ ਹੋਣ ਦੇ ਬਹਾਨੇ ਲਾ ਦਿੰਦੇ ਹਾਂ। ਭਗਤ ਕਬੀਰ ਜੀ ਨੇ ਨਾਮਦੇਵ ਜੀ ਅਤੇ ਤਿਲੋਚਨ ਜੀ ਦੇ ਮਾਧਿਅਮ ਰਾਹੀ ਭਗਤੀ ਕਰਨ ਦਾ ਹੱਲ ਕਿੰਨਾ ਸੁਖਾਲਾ ਦੱਸਿਆ ਹੈ। ਪਹਿਲਾ ਸਵਾਲ ਕਰਦੇ ਹਨ:



ਨਾਮਾ ਮਾਇਆ ਮੋਹਿਆ ਕਹੈ ਤਿਲੋਚਨੁ ਮੀਤ ॥

ਕਾਹੇ ਛੀਪਹੁ ਛਾਇਲੈ ਰਾਮ ਨ ਲਾਵਹੁ ਚੀਤੁ ॥ (ਕਬੀਰ ਜੀ,1375)

ਉੱਤਰ ਮਿਲਦਾ ਹੈ:

ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸੰਮ੍ਹਾਲਿ ॥

ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ ॥(ਕਬੀਰ ਜੀ,1376)

ਸੰਤੋਖ ਸਿੰਘ ਜੀ ਦੇ ਮਨ 'ਤੇ ਅਸਰ ਹੋਇਆ। ਸਵਾਸ ਸਵਾਸ ਨਾਲ ਪ੍ਰਭੂ ਧਿਆਨ ਵਾਲੀ ਰਸਨਾ ਤੋਂ ਨਿਕਲੇ ਬੋਲਾਂ ਨੇ ਮਨ ਸ਼ੁਧ ਕਰ ਦਿੱਤਾ। ਸੋਚ ਰਿਹਾ ਸੀ ਕਿ ਕਿੰਨੇ ਸਾਲ ਭਜਨ ਦੇ ਬਿਨਾ ਹੀ ਰੋੜ ਦਿੱਤੇ। ਜੇ ਸੰਭਲ ਗਏ ਹੁੰਦੇ ਤਾਂ ਅੱਗਾ ਹੀ ਸੰਵਰ ਜਾਂਦਾ। ਐਸਾ ਅਸਰ ਹੋਇਆ ਕਿ ਪਰਿਵਾਰ ਸਹਿਤ ਅੰਮ੍ਰਿਤ ਛਕ ਲਿਆ।

ਗੁਰਦੁਆਰਾ ਸਾਹਿਬ ਵਿਖੇ ਸੰਤੋਖ ਸਿੰਘ ਰਾਜਗਿਰੀ ਦਾ ਕੰਮ ਕਰ ਰਿਹਾ ਸੀ। ਗਰਮੀਆਂ ਦੇ ਦਿਨ ਸਨ ਜਦ ਦੁਪਿਹਰ ਸਮੇਂ ਛੁਟੀ ਕੀਤੀ ਤਾਂ ਮਨ ਵਿੱਚ ਖਿਆਲ ਆਇਆ ਕਿ ਕਿਉਂ ਨਾ ਦੋ ਘੜੀਆਂ ਸਾਹਮਣੇ ਦਿਸ ਰਹੇ ਦਰੱਖਤਾਂ ਦੀ ਸੰਘਣੀ ਛਾਂ ਥੱਲੇ ਆਰਾਮ ਕੀਤਾ ਜਾਵੇ। ਅਜੇ ਇਹ ਦਰੱਖਤਾਂ ਕੋਲ ਪਹੁੰਚੇ ਹੀ ਸਨ ਕਿ ਸੇਵਕ ਸੁਨੇਹਾ ਲੈ ਕੇ ਆਇਆ ਕਿ ਸੰਤਾਂ ਨੇ ਹੁਣੇ ਹੀ ਬੁਲਾਇਆ ਹੈ। ਥੋੜ੍ਹੇ ਜਿਹੇ ਹੈਰਾਨ ਹੋ ਗਏ ਕਿ ਸੰਤ ਤਾਂ ਇਸ ਸਮੇਂ ਆਰਾਮ ਕਰ ਰਹੇ ਹੁੰਦੇ ਹਨ ਅਜ ਅਚਨਚੇਤ ਸਾਨੂੰ ਕਿਵੇਂ ਬੁਲਾ ਲਿਆ। ਸੋਚ ਰਹੇ ਸਨ ਕਿ 5-10 ਮਿੰਟ ਪਸੀਨਾ ਸੁਕਾ ਕੇ ਜਾਂਦੇ ਹਾਂ। ਜਦ ਇਹ ਬਹਿਣ ਹੀ ਲੱਗੇ ਸਨ ਕਿ ਸਾਹਮਣਿਓ ਸੰਤ ਆਪ ਆ ਗਏ। ਸ਼ਾਇਦ ਕੋਈ ਅਣਹੋਣੀ ਦਾ ਸਮਾਂ ਨਜ਼ਦੀਕ ਆ ਰਿਹਾ ਸੀ। ਸੰਤਾਂ ਨੂੰ ਮਹਿਸੂਸ ਹੋਇਆ ਹੋਵੇਗਾ ਕਿ ਜੇ ਇਹਨਾਂ ਨੇ ਆਉਣ ਵਿੱਚ ਰਤਾ ਭਰ ਵੀ ਦੇਰੀ ਕਰ ਦਿੱਤੀ ਤਾਂ ਟਲਣਾ ਨਹੀਂ। ਆਪ ਹੀ ਆ ਗਏ। ਸੰਤਾਂ ਨੂੰ ਵੇਖ ਇਹ ਬਹਿਣ ਦੀ ਬਜਾਏ ਹੱਥ ਜੋੜ ਕੇ ਖੜ ਗਏ। ਕੋਲ ਪਹੁੰਚੇ ਹੀ ਸਨ ਕਿ ਜਿਥੇ ਇਹ ਪ੍ਰੇਮੀ ਬਹਿਣ ਲੱਗੇ ਸਨ ਉਥੇ ਇੱਕ ਜ਼ਹਿਰੀਲਾ 5-6 ਫੁੱਟ ਲੰਬਾ ਕੌਡੀਆਂ ਵਾਲਾ ਸੱਪ ਫਨ ਖਿਲਾਰ ਕੇ ਬੈਠ ਗਿਆ ਅਤੇ ਫੁੰਕਾਰੇ ਮਾਰਨ ਲੱਗਾ। ਵੇਖਣ ਤੋਂ ਹੀ ਇੰਨਾ ਜ਼ਹਿਰੀਲਾ ਲਗਦਾ ਸੀ ਕਿ ਜੇ ਡੰਗ ਲੈਂਦਾ ਤਾਂ ਦੂਜਾ ਸਾਹ ਵੀ ਨਾ ਆਉਣ ਦਿੰਦਾ। ਭਾਈ ਸੰਤੋਖ ਸਿੰਘ ਦੀ ਨਿਗ੍ਹਾ ਪਈ ਤਾਂ ਮੂੰਹੋਂ ਕਹਿੰਦਾ "ਸੱਪ"। ਸੰਤਾਂ ਦੀ ਦ੍ਰਿਸ਼ਟੀ ਪੈਂਦੇ ਸਾਰ ਹੀ ਸੱਪ ਦਾ ਫਨ ਜ਼ਮੀਨ 'ਤੇ ਡਿਗ ਪਿਆ। ਜਿਵੇਂ ਫਨ ਚੁੱਕਣ ਦੀ ਜਾਨ ਹੀ ਨਾ ਰਹੀ ਹੋਵੇ। ਸੰਤਾਂ ਦੇ ਦੇਵ ਨੇਤਰ ਨਾਲ ਸੱਪ ਦੇ ਥਾਏਂ ਹੀ ਪ੍ਰਾਣ ਨਿਕਲ ਗਏ।

ਮੁਕਤੀ ਹੋ ਗਈ। ਸੰਤੋਖ ਸਿੰਘ ਹੁਰੀਂ ਦਹਿਲ ਗਏ। ਸਮਝ ਆਉਂਦਿਆਂ ਦੇਰ ਨਾ ਲੱਗੀ ਕਿ ਸੰਤ ਸੇਵਕਾਂ ਦੀ ਰੱਖਿਆ ਕਰਨ ਲਈ ਹੀ ਅੱਜ ਭੋਰੇ ਵਿੱਚ ਨਹੀਂ ਗਏ ਸਨ। ਅਚੰਭਤ ਹੋ ਗਏ। ਖੜ੍ਹੇ ਹੀ ਰਹਿ ਗਏ। ਕੋਟ ਕੋਟ ਪ੍ਰਣਾਮ ਕੀਤਾ ਪੂਰਨ ਮਹਾਪੁਰਖਾਂ ਨੂੰ। ਅਜਿਹੇ ਮਹਾਪੁਰਖਾਂ ਨੂੰ ਜਿਹਨਾ ਦੀ ਇੱਕ ਦ੍ਰਿਸ਼ਟੀ ਪਸ਼ੂਆਂ-ਪ੍ਰੇਤਾਂ-ਜਾਨਵਰਾਂ ਨੂੰ ਵੀ ਤਾਰ ਦਿੰਦੀ ਹੈ। ਐਸੇ ਪੂਰੇ ਗੁਰੂ ਦੇ ਗੁਣ ਕੌਣ ਗਾ ਸਕਦਾ ਹੈ। ਐਸੇ ਪੂਰਨ ਪੁਰਖਾਂ ਦੇ ਤਾਂ ਸਦਾ ਕੁਰਬਾਨ ਜਾਣਾ ਚਾਹੀਦਾ ਅਤੇ ਨਾਲ ਹੀ ਉਸ ਪ੍ਰਮਾਤਮਾ ਦੇ ਵੀ ਜਿਸਨੂੰ ਸੁਣਨ ਕਰਕੇ ਇਹ ਭਗਤ ਹੁੰਦੇ ਹਨ:

ਊਚ ਅਪਾਰ ਬੇਅੰਤ ਸੁਆਮੀ ਕਉਣੁ ਜਾਣੈ ਗੁਣ ਤੇਰੇ ॥
ਗਾਵਤੇ ਉਧਰਹਿ ਸੁਣਤੇ ਉਧਰਹਿ ਬਿਨ ਸਹਿ ਪਾਪ ਘਨੇਰੇ ॥
ਪਸੂ ਪਰੇਤ ਮੁਗਧ ਕਉ ਤਾਰੇ ਪਾਹਨ ਪਾਰਿ ਉਤਾਰੈ ॥
ਨਾਨਕ ਦਾਸ ਤੇਰੀ ਸਰਣਾਈ ਸਦਾ ਸਦਾ ਬਲਿਹਾਰੈ ॥ (ਮ:5-802)



# ਰਜਿ ਰਜਿ ਭੋਜਨ ਖਾਵਹੁ ਮੇਰੇ ਭਾਈ

ਸੰਤ ਬਾਬਾ ਤੀਰਥ ਸਿੰਘ ਜੀ ਦੀ ਭਗਤੀ ਸਦਕਾ ਇਹ ਅਸਥਾਨ ਦਿਨੋਂ ਦਿਨ ਤੀਰਥ ਬਣਦਾ ਜਾ ਰਿਹਾ ਸੀ। ਅੰਬ ਦੀ ਛਾਂ ਥੱਲੇ ਆ ਬੈਠ ਜਾਣ ਵਾਲੇ ਫ਼ਕੀਰ ਨੂੰ ਲੋਕ ਪਲਕਾਂ ਦੀ ਛਾਂ ਕਰ ਰਹੇ ਸਨ।

ਜਿ ਸਤਿਗੁਰੁ ਸੇਵੇ ਆਪਣਾ ਤਿਸ ਨੋ ਪੂਜੇ ਸਭੁ ਕੋਇ ॥ (ਮ:3-511)

ਸੇਵਕਾਂ ਦੀਆਂ ਆਸਾਂ ਮੁਰਾਦਾਂ ਪੂਰੀਆਂ ਹੋ ਰਹੀਆਂ ਸਨ ਜਿਸ ਕਾਰਨ ਅਸਥਾਨ ਤੇ ਸਹਿਜ ਪਾਠ ਜਾਂ ਅਖੰਡ ਪਾਠ ਸਾਹਿਬ ਦਾ ਆਏ ਦਿਨ ਭੋਗ ਪੈਂਦਾ ਰਹਿੰਦਾ। ਅਸਥਾਨ 'ਤੇ ਪੰਜ ਛੇ ਸਿੰਘ ਰਹਿਣ ਲੱਗ ਪਏ ਸਨ ਅਤੇ ਆਸ ਪਾਸ ਦੇ ਪਿੰਡਾਂ ਤੋਂ ਵੀ ਪਾਠੀ ਸਿੰਘ ਸੇਵਾ ਕਰਨ ਆ ਜਾਇਆ ਕਰਦੇ। ਰਹਿਣ ਵਾਲੇ ਸਿੰਘਾਂ ਦੇ ਹਿਸਾਬ ਨਾਲ ਅਸਥਾਨ ਦਾ ਪਸਾਰਾ ਵੀ ਵਧ ਗਿਆ ਸੀ। ਕਮਰੇ ਬਣ ਚੁੱਕੇ ਸਨ। ਸ਼ੌਚਾਲੇ ਬਣ ਚੁੱਕੇ ਸਨ। ਲੰਗਰ ਹਾਲ ਵੱਡਾ ਕੀਤਾ ਜਾ ਚੁੱਕਾ ਸੀ। ਭਾਈ ਗੁਰਦਿਆਲ ਸਿੰਘ (ਫੌਜੀ) ਨੇ ਪੱਕੇ ਤੌਰ ਤੇ ਹੈਡ ਗ੍ਰੰਥੀ ਦੀ ਡਿਊਟੀ ਸੰਭਾਲ ਲਈ ਸੀ। ਸੰਤ ਸਵੇਰੇ ਇਕ ਵਜੇ ਉਠਕੇ ਇਸ਼ਨਾਨ ਕਰਦੇ ਅਤੇ ਨਿਤਨੇਮ ਕਰਨ ਉਪਰੰਤ ਠੀਕ ਤਿੰਨ ਵਜੇ ਦਰਬਾਰ ਸਾਹਿਬ ਪਹੁੰਚ ਜਾਂਦੇ। ਭਾਈ ਗੁਰਦਿਆਲ ਸਿੰਘ ਤਿੰਨ ਵਜੇ ਹੁਕਮਨਾਮਾ ਲੈਣ ਉਪਰੰਤ ਜਪੁਜੀ ਸਾਹਿਬ ਦਾ ਪਾਠ ਸ਼ੁਰੂ ਕਰ ਦਿੰਦਾ। ਫਿਰ ਸੁਖਮਨੀ ਸਹਿਬ ਦਾ ਪਾਠ ਹੁੰਦਾ ਜਿਸ ਉਪਰੰਤ ਆਸਾ ਦੀ ਵਾਰ ਦਾ ਕੀਰਤਨ ਕਰਦਿਆਂ 6 ਵਜੇ ਸਾਰੀ ਸਮਾਪਤੀ ਕਰ ਦਿੱਤੀ ਜਾਂਦੀ। ਸੰਤ ਤਿੰਨ ਘੰਟੇ ਦਰਬਾਰ ਸਾਹਿਬ ਹਾਜ਼ਰੀ ਭਰਨ ਤੋਂ ਬਾਅਦ ਭੋਰੇ ਵਿੱਚ ਚਲੇ ਜਾਂਦੇ। ਸ਼ਾਮ 6 ਵਜੇ ਤੱਕ (ਦੁਪਹਿਰ 1:30 ਵਜੇ ਤੋਂ 3:00 ਵਜੇ ਤੱਕ ਦਾ ਸਮਾਂ ਛੱਡ ਕੇ) ਸੰਗਤ ਨਾਲ ਬਚਨ ਵਿਲਾਸ ਕਰਦੇ। ਸ਼ਾਮ ਸਮੇਂ 6 ਵਜੇ ਰਹਿਰਾਸ ਸਾਹਿਬ ਦੇ ਪਾਠ ਉਪਰੰਤ ਕੀਰਤਨ ਕੀਤਾ ਜਾਂਦਾ ਅਤੇ ਸੰਤ ਸਾਰਾ ਸਮਾਂ ਦਰਬਾਰ ਸਾਹਿਬ ਵਿੱਚ ਹਾਜ਼ਰ ਰਹਿੰਦੇ। ਗੁਰਦੁਆਰਾ ਸਾਹਿਬ ਵਿਖੇ ਸੰਤ ਬਾਬਾ ਈਸ਼ਰ ਸਿੰਘ ਜੀ ਦੀ ਬਰਸੀ ਮਨਾਉਣ ਦੇ ਨਾਲ ਨਾਲ ਸਭ ਗੁਰਪੁਰਬ ਬੜੇ ਉਤਸ਼ਾਹ ਨਾਲ ਮਨਾਏ ਜਾਂਦੇ। ਹਰ ਜੋੜ ਮੇਲੇ 'ਤੇ ਰਾਤ ਦੇ ਦੀਵਾਨ ਹੁੰਦੇ ਜੋ ਰਾੜਾ ਸਾਹਿਬ ਤੋਂ ਆਏ ਸਿੰਘਾਂ ਦੁਆਰਾ ਲਾਏ ਜਾਂਦੇ। ਕੁਝ ਕੁ ਪਿੰਡਾਂ ਤੋਂ ਸੇਵਕ ਤਾਂ ਟਰਾਲੀਆਂ ਵਿੱਚ ਸੰਗਤ ਲੈ ਹੀ ਆਉਂਦੇ ਸਨ। ਜਿਸ ਪਿੰਡ ਵਾਲੇ ਦੂਰ ਹੋਣ ਕਾਰਨ ਆਉਣ ਵਿੱਚ ਅਸਮਰੱਥਾ

ਜਤਾਉਂਦੇ ਤਾਂ ਸੰਤ ਸੰਗਤ ਦੀ ਸਹੂਲਤ ਲਈ ਟਰਾਲੀ ਭੇਜ ਦਿੰਦੇ। ਜੋੜ ਮੇਲੇ ਦੀ ਸਮਾਪਤੀ ਵਾਲੇ ਦਿਨ ਅੰਮ੍ਰਿਤ ਸੰਚਾਰ ਹੁੰਦਾ ਜਿਸ ਵਿੱਚ ਅੰਮ੍ਰਿਤ ਅਭਿਲਾਸ਼ੀਆਂ ਨੂੰ ਅੰਮ੍ਰਿਤ ਛਕਾਇਆ ਜਾਂਦਾ। ਤਨ ਮਨ ਸੌਂਪ ਕੇ ਸੇਵਾ ਕਰਨ ਵਾਲੇ ਸੰਤ ਤੀਰਥ ਸਿੰਘ ਜੀ ਨੇ ਅਸਥਾਨ ਦਾ ਨਾਮ ਆਪਣੇ ਗੁਰੂ ਸੰਤ ਬਾਬਾ ਈਸ਼ਰ ਸਿੰਘ ਜੀ ਦੇ ਨਾਮ 'ਤੇ 'ਗੁਰਦੁਆਰਾ ਈਸ਼ਰਪੁਰੀ ਸਾਹਿਬ' ਹੀ ਰੱਖ ਦਿੱਤਾ। ਮਾਤਾ ਜਸਵੰਤ ਕੌਰ (ਲੰਗਰ ਵਾਲੀ ਬੀਬੀ) ਦੀ ਆਮਦ ਨਾਲ ਗੁਰਦੁਆਰਾ ਈਸ਼ਰਪੁਰੀ ਸਾਹਿਬ ਵਿਖੇ ਦੋ ਵੇਲੇ ਲੰਗਰ ਪੱਕਣ ਲੱਗਾ। ਸੰਤਾਂ ਨੇ ਵਰਤਾਉਣ ਦੀ ਜ਼ਿੰਮੇਵਾਰੀ ਵੱਖ ਵੱਖ ਸੇਵਕਾਂ ਨੂੰ ਸੌਂਪ ਦਿੱਤੀ ਤਾਂ ਕਿ ਲੰਗਰ ਨਿਰਵਿਘਨ ਅੱਠੇ ਪਹਿਰ ਚਲਾਇਆ ਜਾ ਸਕੇ। ਸੰਤਾਂ ਦੀ ਹਦਾਇਤ ਇਹ ਸੀ ਕਿ ਕੋਈ ਵੀ ਰੱਬ ਦਾ ਬੰਦਾ ਲੰਗਰ ਚੋਂ ਭੁੱਖੇ ਢਿੱਡ ਨਹੀਂ ਜਾਣਾ ਚਾਹੀਦਾ, ਸਮਾਂ ਬੇਸ਼ਕ ਰਾਤ ਦਾ ਹੀ ਕਿਉਂ ਨਾ ਹੋਏ। ਦਰਸ਼ਨਾ ਲਈ ਆਈ ਸੰਗਤ ਨੂੰ ਸੰਤ ਲੰਗਰ ਛਕੇ ਬਗੈਰ ਨਾ ਜਾਣ ਦਿੰਦੇ। ਕਦੇ ਕਦੇ ਵਿਸ਼ੇਸ਼ ਲੰਗਰ ਵੀ ਲਾਏ ਜਾਂਦੇ ਜਿਵੇਂ ਕਿ ਮਾਲ ਪੂੜਿਆਂ ਦਾ ਲੰਗਰ, ਪਕੌੜਿਆਂ ਦਾ ਲੰਗਰ, ਸਮੋਸਿਆਂ ਦਾ ਲੰਗਰ, ਜਲੇਬੀਆਂ ਦਾ ਲੰਗਰ ਜਾਂ ਖੀਰ ਦਾ ਲੰਗਰ। ਸੰਤਾਂ ਦੀ ਮੌਜ ਹੀ ਹੁੰਦੀ ਸੀ ਜੋ ਮਨ ਵਿੱਚ ਆਉਂਦਾ ਉਸੇ ਦਾ ਲੰਗਰ ਹੀ ਲਗਵਾ ਦਿੰਦੇ। ਇਕ ਦਿਨ ਸੰਤਾਂ ਨੇ ਸੇਵਾਦਾਰਾਂ ਨੂੰ ਬੁਲਾ ਕੇ ਕਿਹਾ ਕਿ ਕਲ ਦੁਪਿਹਰ ਸਮੇਂ ਜਲੇਬੀਆਂ ਦਾ ਲੰਗਰ ਲਾਉਣਾ ਹੈ। ਉਦੋਂ ਲੰਗਰ ਅਜੇ ਨਵਾਂ ਨਵਾਂ ਸ਼ੁਰੂ ਹੋਇਆ ਸੀ। ਸੰਤਾਂ ਦੇ ਬਚਨਾਂ ਅਨੁਸਾਰ ਜਲੇਬੀਆਂ ਬਣਵਾਈਆਂ। ਸਾਰੀ ਸੰਗਤ ਨੂੰ ਵਰਤਾਈਆਂ। ਉਸ ਦਿਨ ਲੰਗਰ ਵਿੱਚ ਬੀਬੀ ਗੁਰਮੀਤ ਕੌਰ ਅਤੇ ਬੀਬੀ ਸੁਖਦੇਵ ਕੌਰ ਧਾਮੀਆਂ, ਬੀਬੀ ਜਸਵਿੰਦਰ ਕੌਰ ਮੁਹੱਦੀਪੁਰ ਅਤੇ ਮਾਤਾ ਜਸਵੰਤ ਕੌਰ ਸ਼ਾਮਚੁਰਾਸੀ ਸੇਵਾ ਕਰ ਰਹੀਆਂ ਸਨ। ਸ਼ਾਮਚੁਰਾਸੀ ਖਾਲਸਾ ਸਕੂਲ ਦੇ ਬੱਚਿਆਂ ਨੂੰ ਵੀ ਇਸ ਗੱਲ ਦਾ ਪਤਾ ਲੱਗਾ ਕਿ ਸੰਤਾਂ ਮਹਾਪੁਰਖਾਂ ਨੇ ਆਪਣੇ ਅਸਥਾਨ ਤੇ ਜਲੇਬੀਆਂ ਦਾ ਲੰਗਰ ਲਾਇਆ ਹੋਇਆ ਹੈ। ਛੁਟੀ ਹੋਣ ਤੋਂ ਬਾਦ ਸੌ ਸਵਾ ਸੌ ਬੱਚਾ ਲੰਗਰ ਛਕਣ ਲਈ ਗੁਰਦੁਆਰਾ ਸਾਹਿਬ ਪਹੁੰਚ ਗਿਆ। ਲੰਗਰ ਨਵਾਂ ਨਵਾਂ ਸ਼ੁਰੂ ਹੋਣ ਕਾਰਨ ਜਲੇਬੀਆਂ ਸੰਗਤ ਦੇ ਹਿਸਾਬ ਨਾਲ ਹੀ ਬਣਾਈਆਂ ਸਨ। ਲੰਗਰ ਤਾਂ ਵਰਤ ਚੁੱਕਾ ਸੀ। ਕਿਲੋ ਕੁ ਜਲੇਬੀਆਂ ਹੀ ਪਰਾਤ ਵਿੱਚ ਪਈਆਂ ਸਨ। ਭਾਈ ਨਾਜਰ ਸਿੰਘ ਕਾਠੇ-ਅਧਿਕਾਰੇ ਵਾਲਾ ਦੌੜਾ ਦੌੜਾ ਸੰਤਾਂ ਕੋਲ ਗਿਆ। ਹੱਥ ਜੋੜ ਕੇ ਬੇਨਤੀ ਕੀਤੀ "ਮਹਾਰਾਜ ਜਲੇਬੀਆਂ ਤਾਂ ਮਸਾਂ ਕਿਲੋ ਕੁ ਹੀ ਬਚੀਆਂ



ਹਨ ਅਤੇ ਸੌ ਸਵਾ ਸੌ ਦੇ ਕਰੀਬ ਸੰਗਤ ਛਕਣ ਲਈ ਆ ਗਈ ਹੈ। ਹੁਣ ਕੀ ਹੋਵੇਗਾ ?" ਮਨ ਵਿੱਚ ਸੰਸਾ ਹੈ ਕਿ ਜਲੇਬੀਆਂ ਮੁਕ ਜਾਣਗੀਆਂ। ਭੁਲ ਗਿਆ ਕਿ ਇਹ ਲੰਗਰ ਤਾਂ ਗੁਰੂ ਨਾਨਕ ਦਾ ਸੀ। ਇਹ ਸੰਗਤ ਦੇ ਖਾਣ ਨਾਲ ਖਤਮ ਨਹੀਂ ਹੁੰਦਾ। ਵੱਧਦਾ ਹੀ ਜਾਂਦਾ ਹੈ।

ਖਾਵਹਿ ਖਰਚਹਿ ਰਲਿ ਮਿਲਿ ਭਾਈ ॥
ਤੋਟਿ ਨ ਆਵੈ ਵਧਦੋ ਜਾਈ ॥ (ਮ:5-186)

ਗੁਰੂ ਨਾਨਕ ਦਾ ਇਹ ਲੰਗਰ ਅਮੀਰ ਗਰੀਬ ਲਈ ਇਕੋ ਜਿਹਾ ਚਲਦਾ ਰਿਹਾ। ਕਦੇ ਤੋਟ ਨਹੀਂ ਆਈ। ਸੰਤਾਂ ਨੇ ਕਦੇ ਕਿਸੇ ਸਰੀਰ ਨੂੰ ਲੰਗਰ ਛਕਣ ਤੋਂ ਬਗੈਰ ਨਹੀਂ ਜਾਣ ਦਿੱਤਾ। ਸੇਵਾਦਾਰਾਂ ਨੂੰ ਹੁਕਮ ਸੀ ਕਿ ਕਿਸੇ ਨੂੰ ਵਰਜਣਾ ਨਹੀਂ, ਕਿਸੇ ਤੋਂ ਮੰਗਣਾ ਨਹੀਂ। ਜੇ ਕੋਈ ਪ੍ਰੇਮੀ 6 ਮਹੀਨੇ ਵੀ ਲਗਾਤਾਰ ਦੋ ਵੇਲੇ ਲੰਗਰ ਛਕਦਾ ਰਹਿੰਦਾ ਸੀ ਤਾਂ ਵੀ ਕਿਸੇ ਸੇਵਾਦਾਰ ਨੂੰ ਇਹ ਪੁੱਛਣ ਦੀ ਆਗਿਆ ਨਹੀਂ ਸੀ ਕਿ ਉਹ ਰੋਜ਼ਾਨਾ ਲੰਗਰ ਛਕਣ ਕਿਉਂ ਆਉਂਦਾ ਹੈ। ਲੰਗਰ ਦੇ ਅਤੁਟ ਭੰਡਾਰ ਵਰਤਦੇ ਰਹਿੰਦੇ। ਸੰਤ ਮਹਾਪੁਰਸ਼ ਕਹਿੰਦੇ ਸਨ ਕਿ ਗੁਰੂ ਨਾਨਕ ਦੇ ਲੰਗਰ ਚਲਦਿਆਂ ਕੋਈ ਢਿੱਡ ਭੁੱਖਾ ਕਿਉਂ ਰਹੇ। ਇਕ ਵਾਰ ਦੀ ਗੱਲ ਹੈ ਕਿ ਪਿੰਡ ਮੁਹੱਦੀਪੁਰ ਤੋਂ ਸੰਤਾਂ ਦੇ ਪ੍ਰੇਮੀ ਭਾਈ ਜਸਵਿੰਦਰ ਸਿੰਘ ਅਤੇ ਬੀਬੀ ਕਸ਼ਮੀਰ ਕੌਰ (ਜੋ ਰਾਮਾਮੰਡੀ ਜਲੰਧਰ ਰਹਿ ਰਹੇ ਸਨ) ਸ਼ਹਿਰ ਤੋਂ ਪਿੰਡ ਆਉਂਦਿਆਂ-ਆਉਂਦਿਆਂ ਲੇਟ ਹੋ ਗਏ। ਜਦ ਸ਼ਾਮਚੁਰਾਸੀ ਪਹੁੰਚੇ ਤਾਂ 10.30-11.00 ਵਜੇ ਦਾ ਸਮਾਂ ਹੋ ਚੁੱਕਾ ਸੀ। ਦੁਕਾਨਾਂ ਬੰਦ ਹੋ ਚੁੱਕੀਆਂ ਸਨ। ਇਹਨਾਂ ਨੇ ਬਹੁਤ ਕੋਸ਼ਿਸ਼ ਕੀਤੀ ਪਰ ਖਾਣੇ ਦਾ ਕੋਈ ਇੰਤਜ਼ਾਮ ਨਹੀਂ ਹੋਇਆ। ਸੋਚਦੇ ਸਨ ਕਿ ਅੱਜ ਭੁੱਖੇ ਢਿੱਡ ਹੀ ਸੌਣਾ ਪਵੇਗਾ। ਪ੍ਰਭੂ ਦੇ ਪਿਆਰਿਆਂ ਦਾ ਤਾਂ ਨਾਮ ਹੀ ਆਹਾਰ ਹੈ। ਪਰ ਆਮ ਮਨੁੱਖਾਂ ਲਈ ਤਾਂ ਅੰਨ ਹੀ ਸਭ ਕੁਝ ਹੁੰਦਾ ਹੈ। ਭੁੱਖੇ ਢਿੱਡ ਸੌਣਾ ਬਹੁਤ ਕਠਿਨ ਹੁੰਦਾ ਹੈ ਅਤੇ ਦੁਖਦਾਈ ਵੀ। ਅੱਜ ਇਹਨਾਂ ਨੂੰ ਭੁੱਖੇ ਢਿੱਡ ਹੀ ਸੌਣਾ ਪੈਣਾ ਸੀ। ਮਨ ਵਿੱਚ ਖਿਆਲ ਆ ਰਿਹਾ ਸੀ ਕਿ ਗੁਰਦੁਆਰਾ ਸਾਹਿਬ ਦੇ ਸਾਹਮਣਿਓ ਲੰਘਣਾ ਹੈ, ਕਿਉਂ ਨਾ ਅੰਦਰ ਜਾ ਸੰਤਾਂ ਨੂੰ ਬੇਨਤੀ ਕੀਤੀ ਜਾਵੇ। ਪਰ ਇਹ ਸੋਚਕੇ ਚੁੱਪ ਕਰ ਗਏ ਕਿ ਸਮਾਂ 11 ਤੋਂ ਟੱਪ ਚੁੱਕਾ ਹੈ। ਲੰਗਰ ਬੰਦ ਹੋ ਚੁੱਕਾ ਹੋਵੇਗਾ। ਸੰਤ ਭੋਰੇ ਵਿੱਚ ਹੋਣਗੇ। ਲੰਗਰ ਵਾਸਤੇ ਕਿਸਨੂੰ ਕਹਾਂਗੇ। ਪਰ ਇਹ ਭੁੱਲ ਗਏ ਕਿ

ਹਰਿ ਅੰਤਰਜਾਮੀ ਸਭ ਬਿਧਿ ਜਾਣੈ
ਤਾ ਕਿਸੁ ਪਹਿ ਆਖ ਸੁਣਾਈਐ ॥ (ਮ:5-624)

ਸੰਤ ਤਾਂ ਜਾਣੀ ਜਾਣ ਸਨ। ਅੱਜ ਗੁਰਦੁਆਰਾ ਸਾਹਿਬ ਦੇ ਅੰਦਰ ਟਹਿਲਣ ਦੀ ਬਜਾਏ ਆਪਣੇ ਇਕ ਸੇਵਕ ਨਾਲ ਬਾਹਰ ਰਾਸਤੇ 'ਤੇ ਟਹਿਲ ਰਹੇ ਸਨ। ਜਿਉਂ ਹੀ ਇਹ ਪ੍ਰੇਮੀ ਗੁਰਦੁਆਰਾ ਸਾਹਿਬ ਦੇ ਸਾਹਮਣੇ ਪਹੁੰਚੇ ਤਾਂ ਸੰਤਾਂ ਨੂੰ ਵੇਖ ਕੇ ਰੁਕ ਗਏ। ਨਮਸਕਾਰ ਕੀਤੀ। ਸੰਤ ਕਹਿੰਦੇ ਬਈ ਪਿੰਡ ਨੂੰ ਜਾ ਰਹੇ ਹੋ? ਇਹਨਾਂ ਹਾਂ ਵਿੱਚ ਸਿਰ ਹਿਲਾਇਆ। ਕਹਿੰਦੇ ਪਿੰਡ ਨੂੰ ਫਿਰ ਜਾਇਓ ਪਹਿਲਾਂ ਲੰਗਰ ਵਿੱਚ ਪ੍ਰਸ਼ਾਦਾ ਛਕ ਕੇ ਆਓ। ਨਾਲ ਹੀ ਆਪਣੇ ਸੇਵਕ ਨੂੰ ਇਸ਼ਾਰਾ ਕੀਤਾ ਕਿ ਇਹਨਾਂ ਨੂੰ ਲੰਗਰ ਛਕਾ ਕੇ ਲਿਆਓ। ਪ੍ਰੇਮੀਆਂ ਦੀ ਅੱਖਾਂ ਪਾਣੀ ਨਾਲ ਨਮ ਹੋ ਗਈਆਂ। ਬੋਲਿਆ ਨਹੀਂ ਜਾ ਰਿਹਾ ਸੀ। ਸੋਚ ਰਹੇ ਸਨ ਕਿ ਹੇ ਸੰਤ ਬਾਬਾ ਤੀਰਥ ਸਿੰਘ ਜੀ ਕੀ ਤੁਹਾਨੂੰ ਇਹ ਵੀ ਪਤਾ ਸੀ ਕਿ ਅਸੀਂ ਭੁੱਖੇ ਪਿਆਸੇ ਜਾ ਰਹੇ ਹਾਂ। ਅਸੀਂ ਤਾਂ ਚਿੰਤਾ ਵਿੱਚ ਸੀ ਕਿ ਅੱਜ ਭੁੱਖੇ ਹੀ ਸੌਣਾ ਪਵੇਗਾ। ਪਰ ਗੁਰੂ ਸਾਹਿਬ ਕਹਿੰਦੇ ਹਨ

ਨਾਨਕ ਚਿੰਤਾ ਮਤਿ ਕਰਹੁ ਚਿੰਤਾ ਤਿਸ ਹੀ ਹੇਇ ॥
ਜਲ ਮਹਿ ਜੰਤ ਉਪਾਇਅਨੁ ਤਿਨਾ ਭਿ ਰੋਜੀ ਦੇਇ ॥ (ਮ:2-955)

ਸੰਤ ਕਿਹਾ ਕਰਦੇ ਸਨ ਕਿ ਗੁਰੂ ਨਾਨਕ ਦੇ ਲੰਗਰ ਚਲਦਿਆਂ ਕੋਈ ਢਿੱਡ ਭੁੱਖਾ ਕਿਉਂ ਰਹੇ। ਲੰਗਰ ਅੱਠੇ ਪਹਿਰ ਰਹਿੰਦਾ । ਸੰਗਤ ਨੂੰ ਲੋੜ ਅਨੁਸਾਰ ਛਕਾਇਆ ਜਾਂਦਾ: ਪ੍ਰਸ਼ਾਦੇ ਵਾਲੇ ਨੂੰ ਪ੍ਰਸ਼ਾਦਾ ਅਤੇ ਚਾਹ ਵਾਲੇ ਨੂੰ ਚਾਹ। ਲੰਗਰ ਵਿੱਚ ਕੋਈ ਵਸਤ ਜਮਾਂ ਕਰਨ ਦੀ ਇਜਾਜ਼ਤ ਨਹੀਂ ਸੀ। ਸੰਤ ਕਿਹਾ ਕਰਦੇ ਸਨ ਕਿ ਇਹ ਸਭ ਕੁਝ ਸੰਗਤ ਦਾ ਹੈ ਅਤੇ ਸੰਗਤ ਨੂੰ ਹੀ ਵਰਤਾ ਦਿਆ ਕਰੋ। ਸੰਤ ਲੰਗਰ ਦਾ ਬਹੁਤ ਧਿਆਨ ਰਖਦੇ ਅਤੇ ਸਮੇਂ ਸਮੇਂ 'ਤੇ ਚੈੱਕ ਵੀ ਕਰਦੇ ਸਨ ਤਾਂ ਕਿ ਲੰਗਰ ਦਾ ਕੰਮ ਸੁਚਾਰੂ ਢੰਗ ਨਾਲ ਚਲਦਾ ਰਹੇ। ਇਕ ਵਾਰ ਮੁਹੱਦੀਪੁਰ ਤੋਂ ਦੋ ਸੇਵਕ ਭਾਈ ਹਰਭਜਨ ਸਿੰਘ ਅਤੇ ਭਾਈ ਮਨਜੀਤ ਸਿੰਘ ਫੋਰਮੈਨ ਲੰਗਰ ਵਿੱਚ ਸੇਵਾ ਕਰ ਰਹੇ ਸਨ। 12 ਕੁ ਵਜੇ ਦਾ ਸਮਾਂ ਹੋਇਆ ਹੋਵੇਗਾ। ਲੰਗਰ ਵਰਤ ਚੁੱਕਾ ਸੀ ਸਿਰਫ ਫੁਲਕੇ ਹੀ ਬਚੇ ਸਨ। ਕੀ ਵੇਖਦੇ ਕਿ 10-11 ਸਾਲ ਦਾ ਇਕ ਬਹੁਤ ਹੀ ਸੁੰਦਰ ਲੜਕਾ ਲੰਗਰ ਵਿੱਚ ਵਿਛੀ ਸਫ਼ 'ਤੇ ਆ ਕੇ ਬੈਠ ਗਿਆ। ਉਸ ਨੇ ਸਿਰ 'ਤੇ ਚਿੱਟੇ ਰੰਗ ਦਾ ਪਟਕਾ ਬੰਨਿਆ ਹੋਇਆ ਸੀ ਅਤੇ ਚਿਹਰੇ ਤੋਂ ਨੂਰ ਹੀ ਨੂਰ



ਝਲਕਦਾ ਸੀ। ਪੁੱਛਣ 'ਤੇ ਪ੍ਰਸ਼ਾਦਾ ਛਕਾਉਣ ਲਈ ਕਿਹਾ। ਭਾਈ ਹਰਭਜਨ ਸਿੰਘ ਨੇ ਫੁਲਕੇ ਗਰਮ ਕਰਕੇ ਆਚਾਰ ਨਾਲ ਦੇ ਦਿੱਤੇ। ਉਹ ਲੜਕਾ ਕਹਿੰਦਾ ਮੈਂ ਤਾਂ ਮਲਾਈ ਨਾਲ ਪ੍ਰਸ਼ਾਦਾ ਛਕਣਾ ਹੈ, ਤੁਸੀਂ ਅੰਦਰੋਂ ਮਿਲਾਈ ਲਿਆ ਕੇ ਦਿਓ। ਹਰਭਜਨ ਸਿੰਘ ਨੂੰ ਪਤਾ ਨਹੀਂ ਸੀ। ਜਦ ਇਸਨੇ ਅੰਦਰ ਜਾ ਕੇ ਵੇਖਿਆ ਤਾਂ ਦੋ ਪਤੀਲੇ ਮਲਾਈ ਨਾਲ ਭਰੇ ਪਏ ਸਨ। ਬਹੁਤ ਹੈਰਾਨ ਹੋਇਆ। ਸੋਚਾਂ ਕੰਮ ਨਹੀਂ ਕਰ ਰਹੀਆਂ। ਹੈਰਾਨੀ ਦੇ ਦੋ ਕਾਰਨ ਸਨ ਇੱਕ ਤਾਂ ਇਹ ਕਿ ਐਸ ਵਕਤ ਏਨੀ ਛੋਟੀ ਉਮਰ ਦਾ ਲੜਕਾ ਬਿਨਾ ਮਾਂ ਬਾਪ ਦੇ ਇੱਕਲਾ ਆ ਕਿਥੋਂ ਗਿਆ। ਦੂਜਾ ਇਹ ਕਿ ਇਸਨੂੰ ਪਤਾ ਕਿਵੇਂ ਲੱਗਾ ਕਿ ਅੰਦਰ ਮਲਾਈ ਪਈ ਸੀ। ਸ਼ਹੁ ਪੈ ਗਿਆ ਕਿ ਸੰਤ ਬਾਬਾ ਤੀਰਥ ਸਿੰਘ ਜੀ ਹੀ ਨਾ ਬਾਲਕ ਰੂਪ ਵਿੱਚ ਸਾਨੂੰ ਚੈੱਕ ਕਰ ਰਹੇ ਹੋਣ। ਲੜਕੇ ਨੂੰ ਚੁੱਪ-ਚਾਪ ਮਲਾਈ ਨਾਲ ਪ੍ਰਸ਼ਾਦਾ ਛਕਾਇਆ। ਹਰਭਜਨ ਸਿੰਘ ਬਾਹਰੋਂ ਚੁੱਪ ਸੀ ਪਰ ਅੰਦਰ ਵਿਚਾਰਾਂ ਦਾ ਤੂਫਾਨ ਉਠ ਪਿਆ। ਅਸ਼ਾਂਤ ਹੋ ਗਿਆ। ਅਜੇ ਉਹ ਲੜਕਾ ਲੰਗਰ ਛੱਕ ਕੇ ਬਾਹਰ ਨਿਕਲਿਆ ਹੀ ਹੋਵੇਗਾ ਕਿ ਬਿਲਕੁਲ ਉਸੇ ਹੀ ਸ਼ਕਲ ਦਾ ਸੋਹਣਾ ਸੁਨੱਖਾ ਨੂਰਾਨੀ ਚਿਹਰੇ ਵਾਲਾ ਇਕ ਹੋਰ ਲੜਕਾ ਆਇਆ ਅਤੇ ਲੰਗਰ ਮੰਗਿਆ। ਹਰਭਜਨ ਸਿੰਘ ਨੇ ਇਸ ਲੜਕੇ ਨੂੰ ਬਿਨਾ ਕਹਿਣ ਤੋਂ ਹੀ ਮਲਾਈ ਨਾਲ ਪ੍ਰਸ਼ਾਦਾ ਦੇ ਦਿੱਤਾ। ਹਰਭਜਨ ਸਿੰਘ ਇੱਕ ਟੱਕ ਉਸਦੇ ਚਿਹਰੇ ਵੱਲ ਵੇਖੀ ਜਾ ਰਿਹਾ ਸੀ। ਸ਼ੱਕ ਯਕੀਨ ਵਿੱਚ ਬਦਲ ਚੁੱਕਾ ਸੀ। ਪੜਿਆ ਸੁਣਿਆ ਪ੍ਰਤੱਖ ਹੋ ਗਿਆ ਸੀ। ਸਮਝ ਆਉਂਦਿਆਂ ਦੇਰ ਨਾ ਲੱਗੀ ਕਿ ਇਹ ਬਾਲਕ ਕੋਈ ਹੋਰ ਨਹੀਂ ਇਹ ਤਾਂ ਆਪ ਬਾਬਾ ਤੀਰਥ ਸਿੰਘ ਜੀ ਹੀ ਸਨ ਜੋ ਸੇਵਕਾਂ ਦੀ ਪ੍ਰੀਖਿਆ ਲੈ ਰਹੇ ਸਨ ਕਿ ਜੇ ਲੰਗਰ ਵਿੱਚ ਮਲਾਈ ਪਈ ਹੈ ਤਾਂ ਫਿਰ ਸੁੱਕੇ ਫੁਲਕੇ ਕਿਉਂ ਵਰਤਾਏ ਜਾ ਰਹੇ ਹਨ। ਉਹ ਬਾਲਕ ਲੰਗਰ ਛੱਕ ਕੇ ਚਲਾ ਗਿਆ। ਇਹਨਾਂ ਦੋਹਾਂ ਪ੍ਰੇਮੀਆਂ ਨੂੰ ਅਹਿਸਾਸ ਹੋ ਗਿਆ। ਇਹ ਦੋਵੇਂ ਭੋਰਾ ਸਾਹਿਬ ਵਲ ਨੂੰ ਹੱਥ ਜੋੜਕੇ ਖੜ੍ਹ ਗਏ ਕਿ

ਅਸੀ ਖਤੇ ਬਹੁਤੁ ਕਮਾਵਦੇ ਅੰਤੁ ਨ ਪਾਰਾਵਾਰੁ ॥
ਹਰਿ ਕਿਰਪਾ ਕਰਿ ਕੈ ਬਖਸਿ ਲੈਹੁ ਹਉ ਪਾਪੀ ਵਡ ਗੁਨਾਹਗਾਰੁ ॥
(ਮ:3-1416)

ਇਸੇ ਭਾਈ ਹਰਭਜਨ ਸਿੰਘ ਨੇ ਗੁਰਦੁਆਰਾ ਸਾਹਿਬ ਵਿਖੇ ਕੀਰਤਨ ਕਰਨਾ ਅਤੇ ਲੰਗਰ ਵਿੱਚ ਸੇਵਾ ਕਰਨੀ। ਜਦ ਵੀ ਸੰਤਾਂ ਨੂੰ ਨਮਸਕਾਰ ਕਰਨੀ ਤਾਂ

ਪਰਿਵਾਰ ਦੀ ਸੁਖ ਸ਼ਾਂਤੀ ਅਤੇ ਕਮਾਈ ਵਿੱਚ ਬਰਕਤਾਂ ਹੀ ਮੰਗਣੀਆਂ। ਇਸਨੇ ਆਪਣੀਆਂ ਦੋ ਕੁੜੀਆਂ ਦਾ ਵਿਆਹ ਰੱਖਿਆ। ਘਰੋਂ ਹੱਥ ਤੰਗ ਸੀ। ਮਨ ਵਿੱਚ ਬਹੁਤ ਚਿੰਤਾ ਹੋਈ। ਹਮੇਸ਼ਾ ਵਾਂਗ ਸੇਵਾ ਕਰ ਰਿਹਾ ਪਰ ਮਨ ਵਿੱਚ ਚਿੰਤਾ ਸੀ। ਚਿੰਤਾ ਵਿੱਚ ਹੀ ਤੁਰਿਆ ਫਿਰ ਰਿਹਾ ਸੀ। ਦੁਨੀਆਂ ਵਿੱਚ ਜੇ ਕੋਈ ਸਭ ਤੋਂ ਵੱਡਾ ਰੋਗ ਹੈ  ਤਾਂ ਉਹ ਹੈ ਚਿੰਤਾ। ਇਹ ਲੋਹੇ ਨੂੰ ਲੱਗੇ ਜੰਗ ਵਾਂਗ ਇਨਸਾਨ ਨੂੰ ਗਾਲ਼ ਦਿੰਦੀ ਹੈ। ਜਾਣੀ ਜਾਣ ਸੰਤਾਂ ਨੇ ਭਾਈ ਹਰਭਜਨ ਸਿੰਘ ਨੂੰ ਬੁਲਾਇਆ ਅਤੇ ਪੁੱਛਿਆ ਹੋਰ ਬਈ ਘਰ ਵਿੱਚ ਸੁਖ ਸਾਂਦ ਹੈ। ਗੁਰੂ ਆਪ ਪੁੱਛ ਰਿਹਾ ਸੀ। ਇਹ ਸਮਝ ਗਿਆ ਕਿ ਅੱਜ ਮਹਾਂਪੁਰਖ ਦਿਆਲ ਹੋਏ ਬੈਠੇ ਹਨ। ਇਸ ਨੇ ਬੇਨਤੀ ਕੀਤੀ "ਮਹਾਰਾਜ, ਥੋੜੇ ਦਿਨਾਂ ਤੱਕ ਦੋਵੇਂ ਲੜਕੀਆਂ ਦੀ ਸ਼ਾਦੀ ਹੈ। ਮੇਰੇ ਕੋਲ ਇੰਨਾ ਜ਼ਿਆਦਾ ਖਾਣ ਪੀਣ ਦਾ ਪ੍ਰਬੰਧ ਕਰਨ ਲਈ ਮਾਇਆ ਨਹੀਂ। ਮੈਂ ਇੱਥੇ ਲੰਗਰ ਦੀ ਸੇਵਾ ਕਰਦਾ ਹਾਂ। ਹਰ ਇਕ ਨੂੰ ਰਜਾ-ਰਜਾ ਕੇ ਭੇਜਦਾ ਹਾਂ। ਕੀ ਮੇਰੇ ਘਰੋਂ ਲੋਕ ਭੁੱਖੇ ਜਾਣਗੇ।" ਚੁੱਪ ਹੋ ਗਿਆ। ਗੱਚ ਭਰ ਆਇਆ। ਹੋਰ ਗੱਲ ਨਹੀਂ ਹੋ ਸਕੀ। ਅੰਦਰਲੀ ਹਾਲਤ ਬਿਆਨੀ ਨਹੀਂ ਜਾ ਸਕੀ। ਸੰਤ ਮੁਸਕਰਾ ਪਏ। ਬਹੁਤ ਹੱਸੇ, ਕਹਿੰਦੇ, "ਭਜਨ ਸਿਹਾਂ ਤੇਰੇ ਘਰ ਵੀ ਗੁਰੂ ਨਾਨਕ ਦੇ ਲੰਗਰ ਵਾਲੀਆਂ ਬਰਕਤਾਂ ਪੈਣਗੀਆਂ। ਤੂੰ ਉਸ ਦਿਨ ਥੋੜੀ ਜਿਹੀ ਮਠਿਆਈ ਖਰੀਦ ਕੇ ਲੈ ਜਾਵੀਂ।" ਵਿਆਹ ਵਾਲਾ ਦਿਨ ਆ ਗਿਆ। ਇਸਨੇ ਸੰਤਾਂ ਦੇ ਬਚਨਾਂ ਅਨੁਸਾਰ ਥੋੜੀ ਜਿਹੀ ਮਠਿਆਈ ਖਰੀਦ ਕੇ ਲੈ ਆਂਦੀ। ਰਬ ਦੀ ਕੁਦਰਤ ਬਾਰਾਤ ਵੀ ਕਹਿਣ ਸੁਣਨ ਤੋਂ ਵੱਧ ਆਈ। ਪਰ ਸੰਤਾਂ ਦੇ ਬਚਨਾਂ ਕਾਰਨ ਏਨੀ ਬਰਕਤ ਪਈ ਕੇ ਸਭ ਲੋਕਾਂ ਨੂੰ ਰਜਾ-ਰਜਾ ਕੇ ਤੋਰਿਆ। ਕੁਝ ਘਟਿਆ ਨਹੀਂ। ਗੁਰੂ ਨਾਨਕ ਦੇ ਲੰਗਰ ਵਾਲੀਆਂ ਬਰਕਤਾਂ ਹੀ ਪੈਂਦੀਆਂ ਗਈਆਂ। ਵਿਆਹ ਭੁਗਤ ਗਿਆ। ਇਹ ਜਦ ਸੰਤਾਂ ਨੂੰ ਮਿਲਿਆ ਤਾਂ ਚਰਨਾਂ ਤੇ ਢਹਿ ਪਿਆ ਕਿ ਤੁਸੀਂ ਮੇਰੀ ਗਰੀਬ ਦੀ ਲਾਜ ਰੱਖ ਲਈ। ਸੰਤ ਕਹਿੰਦੇ ਬਈ ਜੋ ਗੁਰੂ ਨਾਨਕ ਦੀ ਓਟ ਲੈ ਕੇ ਕਾਰਜ ਸ਼ੁਰੂ ਕਰਦਾ ਹੈ ਉਸਦੇ ਸਭ ਕੰਮ ਸਫਲੇ ਹੋ ਜਾਂਦੇ ਹਨ ਕਿਉਂਕਿ

ਕੀਤਾ ਲੋੜੀਐ ਕੰਮੁ ਸੁ ਹਰਿ ਪਹਿ ਆਖੀਐ ॥
ਕਾਰਜੁ ਦੇਇ ਸਵਾਰਿ ਸਤਿਗੁਰ ਸਚੁ ਸਾਖੀਐ ॥ (ਮ:1-91)



# ਤੂੰ ਕਾਹੇ ਡੋਲਹਿ ਪ੍ਰਾਣੀਆਂ

ਸੰਤ ਕਿਹਾ ਕਰਦੇ ਸਨ ਕਿ ਜਿਸ ਤਰ੍ਹਾਂ ਖਾਲਸਾ ਵਾਹਿਗੁਰੂ ਜੀ ਦਾ ਹੁੰਦਾ ਹੈ ਅਤੇ ਫਤਿਹ ਵੀ ਵਾਹਿਗੁਰੂ ਜੀ ਦੀ ਹੁੰਦੀ ਹੈ ਉਸੇ ਤਰ੍ਹਾਂ ਭਗਤ ਵੀ ਪ੍ਰਮੇਸ਼ਰ ਦੇ ਹੁੰਦੇ ਹਨ ਅਤੇ ਉਹਨਾਂ ਦੇ ਅਸਥਾਨ 'ਤੇ ਆਉਣ ਵਾਲੀ ਸੰਗਤ ਵੀ ਪ੍ਰਮੇਸ਼ਰ ਦੀ ਹੀ ਹੁੰਦੀ ਹੈ। ਉਹ ਭਗਤਾਂ ਨੂੰ ਤਾਂ ਵਡਿਆਈ ਹੀ ਦਿਵਾਉਂਦਾ ਹੈ ਕਾਰਜ ਤਾਂ ਆਪ ਹੀ ਕਰਦਾ ਹੈ ਕਿਉਂਕਿ:

ਮਤ ਕੋਈ ਜਾਣਹੁ ਅਵਰੁ ਕਛੁ ਸਭ ਪ੍ਰਭ ਕੈ ਹਾਥਿ ॥ (ਮ:5-814)

ਜਦ ਪਿੰਡ ਕਾਠੇ ਅਧਿਕਾਰੇ ਤੋਂ ਭਾਈ ਨਾਜਰ ਸਿੰਘ ਆਪਣੇ ਨੂੰਹ-ਪੁੱਤ: ਬੀਬੀ ਮਹਿੰਦਰ ਕੌਰ ਅਤੇ ਸ. ਰਣਜੀਤ ਸਿੰਘ (ਮਤਬੰਨਾ) ਨੂੰ ਪੁੱਤਰ ਦੀ ਦਾਤ ਦੇ ਅਭਿਲਾਸ਼ੀਆਂ ਵਜੋਂ ਗੁਰਦੁਆਰਾ ਈਸ਼ਰਪੁਰੀ ਸਾਹਿਬ ਲੈ ਕੇ ਆਇਆ ਤਾਂ ਸੰਤਾਂ ਨੇ ਗੁਰੂ ਮਹਾਰਾਜ ਅੱਗੇ ਅਰਦਾਸ ਕਰਕੇ ਇਹਨਾਂ ਦੀ ਝੋਲੀ ਵਿਚ ਫਲ ਪਾਉਂਦਿਆਂ ਨਿਤਨੇਮ ਕਰਦੇ ਰਹਿਣ ਲਈ ਕਿਹਾ। ਉਂਝ ਤਾਂ ਇਹਨਾਂ ਦੇ ਘਰ ਚਾਰ ਕੁੜੀਆਂ ਸਨ। ਫਿਰ ਵੀ ਜ਼ਮਾਨੇ ਦੀ ਰਵਾਇਤੀ ਸੋਚ ਹੋਣ ਕਾਰਨ

ਹੋਵਣ ਭਾਵੇਂ ਮਾਵਾਂ ਪਰੀਆਂ
ਨਾਲ ਹੁਸਨ ਦੇ ਡਕ ਡਕ ਭਰੀਆਂ
ਸ਼ਾਹਾਂ ਘਰੀਂ ਵਿਆਹੀਆਂ ਵਰੀਆਂ
ਪਹਿਨਣ ਪੱਟ, ਹੰਢਾਵਣ ਜ਼ਰੀਆਂ
ਪੂਰਾ ਕਦੀ ਸ਼ਿੰਗਾਰ ਨਾ ਹੋਵੇ
ਜੇ ਲਾਲਾਂ ਦਾ ਹਾਰ ਨਾ ਹੋਵੇ।

ਆਪਣੇ ਆਪ ਨੂੰ ਹੀਣਾ ਮਹਿਸੂਸ ਕਰਦੇ ਸਨ। ਸੰਤਾਂ ਦੇ ਬਚਨਾਂ ਨਾਲ ਜਦ ਇਹਨਾਂ ਦੇ ਘਰ ਕਾਕੇ ਜੁਝਾਰ ਸਿੰਘ ਦਾ ਜਨਮ ਹੋਇਆ ਤਾਂ ਨਾਜਰ ਸਿੰਘ ਦੀ ਖ਼ੁਸ਼ੀ ਦਾ ਕੋਈ ਟਿਕਾਣਾ ਨਾ ਰਿਹਾ। ਸੁਣਦੇ ਸਾਰ ਉਥੇ ਹੀ ਖੜ੍ਹੇ ਨੇ ਮੱਥਾ ਟੇਕਿਆ ਅਤੇ ਮਠਿਆਈ ਲੈ ਕੇ ਉਸ ਦਰ ਵਲ ਚਲ ਪਿਆ ਜਿਥੋਂ ਇਹ ਵਡਮੁੱਲੀ ਦਾਤ ਪ੍ਰਾਪਤ ਹੋਈ ਸੀ। ਇਧਰ ਜਦ ਭਾਈ ਕੁਲਵੰਤ ਸਿੰਘ (ਉਸ ਸਮੇਂ ਸੰਤਾਂ ਦਾ ਅਰਦਲੀ) ਰੋਜ਼ ਵਾਂਗੂੰ ਸਵੇਰੇ 6 ਵਜੇ ਚਾਹ ਲੈ ਕੇ ਗਿਆ ਤਾਂ ਸੰਤਾਂ ਨੇ ਕਿਹਾ ਕਿ ਭਾਈ ਨਾਜਰ ਸਿੰਘ ਦੇ ਆਇਆਂ 'ਤੇ ਮਠਿਆਈ ਨਾਲ ਛਕਦੇ ਹਾਂ।" ਜਦ

ਨਾਜਰ ਸਿੰਘ ਅਸਥਾਨ 'ਤੇ ਪਹੁੰਚਿਆ ਤਾਂ ਭਾਈ ਕੁਲਵੰਤ ਸਿੰਘ ਬਾਹਰ ਹੀ ਖੜ੍ਹਾ ਉਡੀਕ ਕਰ ਰਿਹਾ ਸੀ। ਕਹਿੰਦਾ, "ਨਾਜਰ ਸਿੰਹਾਂ ਜੇ ਤੂੰ ਕਹਿਕੇ ਗਿਆ ਸੀ ਕਿ ਕਲ੍ਹ ਮਠਿਆਈ ਲੈ ਕੇ ਆਵਾਂਗਾ ਤਾਂ ਥੋੜ੍ਹਾ ਪਹਿਲਾਂ ਆ ਜਾਣਾ ਸੀ, ਸੰਤਾਂ ਨੇ ਤੇਰੇ ਕਰਕੇ ਸਵੇਰ ਦੀ ਚਾਹ ਨਹੀਂ ਛਕੀ।" ਭਾਈ ਨਾਜਰ ਸਿੰਘ ਨੇ ਸੁਣਿਆ ਤਾਂ ਵਿਸ਼ਵਾਸ ਨਾ ਹੋਇਆ, ਕਿਉਂਕਿ ਉਸਨੇ ਤਾਂ ਮਠਿਆਈ ਲੈ ਕੇ ਆਉਣ ਬਾਰੇ ਕੋਈ ਗੱਲ ਹੀ ਨਹੀਂ ਸੀ ਕੀਤੀ। ਜਿਸ ਖ਼ੁਸ਼ੀ ਕਰਕੇ ਮਠਿਆਈ ਲੈ ਕੇ ਆਇਆ ਸੀ ਉਹ ਵੀ ਤਾਂ ਅੱਜ ਸਵੇਰੇ ਹੀ ਮਿਲੀ ਸੀ। ਸਮਝ ਕੰਮ ਨਹੀਂ ਕਰ ਰਹੀ ਸੀ। ਬਿਨਾਂ ਹੋਰ ਸਮਾਂ ਗੁਆਇਆਂ ਜਦ ਇਸਨੇ ਦਰਾਂ ਉੱਤੇ ਪੈਰ ਧਰਿਆ ਤਾਂ ਸੰਤ ਕਹਿੰਦੇ, "ਕੁਲਵੰਤ ਸਿੰਹਾਂ ਚਾਹ ਛਕਾਓ, ਨਾਜਰ ਸਿੰਘ ਆ ਗਿਆ।" ਨਾਜਰ ਸਿੰਘ ਦੰਗ ਰਹਿ ਗਿਆ। ਜੀਭ ਦੰਦਾਂ ਥੱਲੇ ਲੈ ਲਈ। ਅੱਜ ਸਮਝ ਆਇਆ ਕਿ ਲੋਕ ਸੰਤਾਂ ਨੂੰ ਮੱਥਾ ਕਿਉਂ ਟੇਕਦੇ ਸਨ:

ਜੇਹਾ ਮਨੋਰਥੁ ਕਰਿ ਆਰਾਧੇ ਸੋ ਸੰਤਨ ਤੇ ਪਾਵੈ ॥ (ਮ:5-748)

ਜਦ ਜਾਣੀਜਾਣ ਸੰਤਾਂ ਨੇ ਪੁੱਛਿਆ ਕਿ ਨਾਜਰ ਸਿੰਹਾਂ ਮਠਿਆਈ ਕਿਉਂ ਲਿਆਇਆਂ ਏਂ ਤਾਂ ਮੂੰਹੋਂ ਬੋਲਿਆ ਨਾ ਗਿਆ। ਆਪਣੀ ਕਿਸਮਤ ਤੇ ਬਲਿਹਾਰ ਜਾਂਦਿਆਂ ਸੰਤਾਂ ਦੇ ਚਰਨਾਂ 'ਤੇ ਸੀਸ ਰੱਖ ਦਿੱਤਾ।

ਚਰਨ ਸੰਤਨ ਕੇ ਮਾਥੇ ਮੇਰੇ ਊਪਰਿ ਨੈਨਹੁ ਧੂਰਿ ਬਾਂਛਾਈ ॥
ਜਿਹ ਪ੍ਰਸਾਦਿ ਮਿਲੀਐ ਪ੍ਰਭ ਨਾਨਕ ਬਲਿ ਬਲਿ ਤਾ ਕੈ ਹਉ ਜਾਈ।
(ਮ:5-1207)

ਆਪਣੀ ਕਿਸਮਤ 'ਤੇ ਬਲਿਹਾਰ ਜਾਣ ਵਾਲਾ ਇਕੱਲਾ ਭਾਈ ਨਾਜਰ ਸਿੰਘ ਹੀ ਨਹੀਂ ਸੀ ਸਗੋਂ ਹੋਰ ਵੀ ਕਈ ਸੇਵਕ ਸਨ ਜਿਨ੍ਹਾਂ ਨੂੰ ਕਦਮ-ਕਦਮ 'ਤੇ ਸੰਤਾਂ ਦੀ ਪੂਰਨਤਾ ਦਾ ਅਹਿਸਾਸ ਹੋਇਆ ਸੀ। ਜਦ ਭੋਰੇ ਅੱਗੇ ਪਹਿਰੇ 'ਤੇ ਖੜ੍ਹੇ ਭਾਈ ਹਰਬੰਸ ਸਿੰਘ ਦੇ ਅਚਨਚੇਤ ਉੱਠੀ ਅਸਹਿ ਦਰਦ ਸੰਤਾਂ ਦੁਆਰਾ ਮੂਲ ਮੰਤਰ ਦਾ ਜਾਪ ਕਰਾਉਣ ਅਤੇ ਪ੍ਰਸ਼ਾਦ ਵਜੋਂ ਇਕ ਮਖਾਣਾ ਖਿਲਾਉਣ ਨਾਲ

ਸਰਬ ਰੋਗ ਕਾ ਅਉਖਦੁ ਨਾਮੁ ॥ (ਮ:5-274)

ਦੇ ਗੁਰਵਾਕ ਅਨੁਸਾਰ ਹਟ ਗਈ ਤਾਂ ਇਸਦੇ ਪਿੰਡ ਮੁਹੱਦੀਪੁਰ ਤੋਂ ਹੀ ਸ਼੍ਰੀ ਰਾਮ ਕ੍ਰਿਸ਼ਨ ਅਤੇ ਬੀਬੀ ਦਰਸ਼ਨ ਕੌਰ ਆਪਣੀ ਬੇਟੀ ਸੀਤਲ ਕੌਰ ਨੂੰ ਸੰਤਾਂ ਕੋਲ ਲੈ ਕੇ ਆਏ ਜੋ ਵਿਆਹ ਤੋਂ ਪੰਜਵੇਂ ਦਿਨ ਸਦੈਣ ਹੋ ਗਈ ਸੀ ਅਤੇ ਸਹੁਰਾ



ਪਰਿਵਾਰ ਡਾਕਟਰੀ ਇਲਾਜ ਕਰਾ-ਕਰਾ ਕੇ ਹੰਭ ਜਾਣ ਉਪਰੰਤ ਵਾਪਸ ਮੁਹੱਦੀਪੁਰ ਛੱਡ ਗਿਆ ਸੀ। ਹਾਲਤ ਇੰਨੀ ਨਾਜ਼ੁਕ ਸੀ ਕਿ ਸਾਰਾ ਦਿਨ ਕਮਲੀ ਹੋਈ ਰਹਿੰਦੀ, ਉੱਠ-ਉੱਠ ਕੇ ਬਾਹਰ ਵਲ ਭੱਜਦੀ। ਛਾਬਾ-ਛਾਬਾ ਰੋਟੀਆਂ ਦਾ ਖਾ ਜਾਂਦੀ। ਦਾਲ ਵਾਲੀ ਤੌੜੀ ਮੂੰਹ ਲਾ ਕੇ ਪੀ ਜਾਂਦੀ......। ਚੇਲਿਆਂ ਭੂਪਿਆਂ ਰਾਹੀਂ ਮਣਾਂਮੂੰਹੀ ਪੈਸਾ ਫੂਕਣ ਤੋਂ ਬਾਅਦ ਵੀ ਕੋਈ ਸੁਧਾਰ ਨਹੀਂ ਹੋਇਆ ਸੀ। ਜਦ ਸੰਤਾਂ ਕੋਲ ਪਹੁੰਚੇ ਤਾਂ ਉਹ ਬਾਹਰ ਅੰਬ ਥੱਲੇ ਖੜ੍ਹੇ ਸਨ। ਇਹਨਾਂ ਹੱਥ ਜੋੜਕੇ ਨਮਸਕਾਰ ਕੀਤੀ ਅਤੇ ਸੰਤ ਮੁਸਕਰਾ ਪਏ। ਜਿਉਂ ਹੀ ਸੰਤਾਂ ਨੇ ਲੜਕੀ ਵੱਲ ਵਧਣਾ ਸ਼ੁਰੂ ਕੀਤਾ ਤਾਂ ਉਸਦਾ ਮੂੰਹ ਪਹਿਲਾਂ ਚੌੜਾ ਹੁੰਦਾ ਗਿਆ ਅਤੇ ਫਿਰ ਵੇਖਦਿਆਂ ਹੀ ਵੇਖਦਿਆਂ ਟੇਢਾ ਹੋਣ ਲੱਗ ਪਿਆ। ਪਲਾਂ ਵਿਚ ਹੀ ਏਨਾ ਡਰਾਉਣਾ ਹੋ ਗਿਆ ਕਿ ਵੇਖਣ ਵਾਲਿਆਂ ਨੂੰ ਭੈਅ ਆਉਣ ਲੱਗਾ। ਜਦ ਸੰਗਤ ਨੇ ਵੇਖਿਆ ਤਾਂ ਦਹਿਲ ਗਈ। ਦਿਮਾਗ ਸੁੰਨ ਹੋ ਗਏ। ਜਿਉਂ ਹੀ ਸੰਤਾਂ ਨੇ ਸਿਰ 'ਤੇ ਹੱਥ ਰੱਖ ਕੇ ਚੌਪਈ ਸਾਹਿਬ ਦਾ ਪਾਠ

ਹਮਰੀ ਕਰੋ ਹਾਥ ਦੈ ਰੱਛਾ ॥
ਪੂਰਨ ਹੋਇ ਚਿੱਤ ਕੀ ਇੱਛਾ ॥ (ਪਾਤਿਸ਼ਾਹੀ:10)

ਕਰਨਾ ਸ਼ੁਰੂ ਕੀਤਾ ਤਾਂ ਚਿਹਰਾ ਪਹਿਲੇ ਸਰੂਪ ਵਿਚ ਪਰਤਣ ਲੱਗਾ ਅਤੇ ਹੌਲੀ-ਹੌਲੀ ਸਿੱਧਾ ਹੋ ਗਿਆ। ਦੁਖਿਆਰੀ ਦਰਸ਼ਨ ਕੌਰ ਦੇ ਬੇਨਤੀ ਕਰਨ 'ਤੇ ਕਿ ਕੀ ਮੇਰੀ ਲੜਕੀ ਬਚ ਜਾਵੇਗੀ ਤਾਂ ਸੰਤਾਂ ਨੇ ਕਿਹਾ, "ਸੇਵਾ ਸਭ ਦੁੱਖਾਂ ਦਾ ਤੋੜ ਹੈ। ਸਾਧ ਸੰਗਤ ਦੀ ਸੇਵਾ ਕਰਿਆ ਕਰੋ। ਗੁਰੂ ਨਾਨਕ ਭਲੀ ਕਰਨਗੇ। ਹੁਣ ਤੁਸੀਂ ਲੰਗਰ ਛਕਕੇ ਘਰ ਜਾਓ ਅਤੇ ਇਸਨੂੰ ਉਦੋਂ ਲੈ ਕੇ ਆਉਣਾ ਜਦ ਆਪਣੇ ਆਪ ਕਹੇ ਕਿ ਗੁਰਦੁਆਰਾ ਸਾਹਿਬ ਜਾਣਾ ਹੈ।" ਇਹ ਲੜਕੀ ਤੀਸਰੇ ਦਿਨ ਅਸਥਾਨ 'ਤੇ ਜਾਣ ਦੀ ਰਟ ਲਾਉਣ ਲਗ ਪਈ ਅਤੇ ਸੰਤਾਂ ਦੇ ਬਚਨਾਂ ਅਨੁਸਾਰ ਹੌਲੀ ਹੌਲੀ ਸਾਧ ਸੰਗਤ ਦੀ ਸੇਵਾ ਕਰਦਿਆਂ-ਕਰਦਿਆਂ ਤੰਦਰੁਸਤ ਹੋ ਗਈ।

ਦੂਖੁ ਗਇਆ ਸਭੁ ਰੋਗੁ ਗਇਆ ॥
ਪ੍ਰਭ ਕੀ ਆਗਿਆ ਮਨ ਮਹਿ ਮਾਨੀ ਮਹਾਪੁਰਖ ਕਾ ਸੰਗੁ ਭਇਆ ॥
(ਮ:5-890)

ਆਗਿਆ ਹੀ ਤਾਂ ਮੰਨੀ ਨਹੀਂ ਜਾਂਦੀ। ਆਪਾ ਵੀ ਤਾਂ ਸੌਂਪਿਆ ਨਹੀਂ ਜਾਂਦਾ। ਜੋ ਆਗਿਆ ਮੰਨ ਲੈਂਦਾ ਹੈ, ਆਪਾ ਸੌਂਪ ਦਿੰਦਾ ਹੈ ਉਹ ਪ੍ਰਮੇਸ਼ਰ ਦਾ

ਸੇਵਕ ਬਣ ਜਾਂਦਾ ਹੈ ਅਤੇ

ਅਪੁਨੇ ਸੇਵਕ ਕੀ ਆਪੇ ਰਾਖੈ ਆਪੇ ਨਾਮੁ ਜਪਾਵੈ ॥ (ਮ:5-403)

ਜੋ ਗੁੰਗੇ ਤੋਂ ਗੀਤਾ ਦੇ ਅਰਥ ਕਰਵਾ ਸਕਦਾ ਹੋਵੇ ਉਹ ਪ੍ਰਮਾਤਮਾ ਹੈ, ਜੋ ਲੂਲੇ-ਲੰਗੜੇ ਨੂੰ ਪੈਰਾਂ 'ਤੇ ਤੁਰਨ ਲਾ ਸਕਦਾ ਹੋਵੇ ਉਹ ਪ੍ਰਮਾਤਮਾ ਹੈ, ਜੋ ਅੰਨ੍ਹਿਆਂ ਨੂੰ ਦੀਨ ਦੁਨੀਆਂ ਵਿਖਾ ਸਕਦਾ ਹੋਵੇ ਉਹ ਪ੍ਰਮਾਤਮਾ ਹੈ ਅਤੇ ਜੋ ਸਾਡੇ ਜਿਹੇ ਅਮਲ ਵਿਹੂਣੇ ਪੁਰਸ਼ਾਂ ਤੋਂ ਗ੍ਰੰਥ ਲਿਖਵਾ ਸਕਦਾ ਹੋਵੇ ਉਹ ਹੀ ਪ੍ਰਮਾਤਮਾ ਹੈ। ਕਿਉਂਕਿ

ਸੀਹਾ ਬਾਜਾ ਚਰਗਾ ਕੁਹੀਆ ਏਨਾ ਖਵਾਲੇ ਘਾਹ ॥
ਘਾਹੁ ਖਾਨਿ ਤਿਨਾ ਮਾਸੁ ਖਵਾਲੇ ਏਹਿ ਚਲਾਏ ਰਾਹ ॥
ਨਦੀਆ ਵਿਚਿ ਟਿਬੇ ਦੇਖਾਲੇ ਥਲੀ ਕਰੇ ਅਸਗਾਹ ॥
ਕੀੜਾ ਥਾਪਿ ਦੇਇ ਪਾਤਿਸਾਹੀ ਲਸਕਰ ਕਰੇ ਸੁਆਹ ॥ (ਮ:1-144)

ਪ੍ਰਮਾਤਮਾ ਤਾਂ ਬੇਪਰਵਾਹ ਹੈ। ਉਸ ਬੇਪਰਵਾਹ ਨੇ ਕਈਆਂ ਨੂੰ ਆਪ ਹੀ ਆਪਣੀ ਭਗਤੀ ਵਿਚ ਲਾਇਆ ਹੋਇਆ ਹੈ। ਉਸਦੀ ਇਕ ਹੋਰ ਬੇਪਰਵਾਹੀ ਵੇਖੋ ਕਿ ਜਦ ਭਾਈ ਮਹਿੰਦਰ ਸਿੰਘ (ਸ਼ਾਮ ਚੌਰਾਸੀ) ਦੀ ਕਾਲਾਪਨ ਖਤਮ ਹੋਣ ਕਾਰਨ ਸਾਰੀ ਦੀ ਸਾਰੀ ਅੱਖ ਚਿੱਟੀ ਹੋ ਗਈ ਤਾਂ ਅੰਮ੍ਰਿਤਸਰ ਤੋਂ ਅੱਖਾਂ ਦੇ ਇਕ ਵਿਸ਼ਵ ਪ੍ਰਸਿੱਧ ਮਾਹਿਰ ਨੇ ਬਿਮਾਰੀ ਨੂੰ Fungal Infection ਦਾ ਨਾਮ ਦਿੰਦਿਆਂ ਅੱਖ ਕੱਢਣਾ ਹੀ ਇਕੋ ਇਕ ਉਪਚਾਰ ਦੱਸਿਆ। ਜਦ ਭਾਈ ਮਹਿੰਦਰ ਸਿੰਘ ਨੇ ਸੁਣਿਆ ਤਾਂ ਝੁਣਝੁਣੀ ਆ ਗਈ। ਸਿਰ ਤੋਂ ਪੈਰਾਂ ਤੱਕ ਕੰਬ ਗਿਆ। ਲੂੰ-ਲੂੰ ਖੜ੍ਹਾ ਹੋ ਗਿਆ। ਯਾਦ ਆਇਆ ਕਿ ਅੱਖਾਂ ਦਾ ਜਾਣਾ ਤਾਂ ਜਹਾਨ ਜਾਣ ਦੇ ਬਰਾਬਰ ਹੁੰਦਾ ਹੈ। ਰੱਬ ਦੇ ਪਿਆਰਿਆਂ ਨੇ ਵੀ ਅੱਖਾਂ ਨੂੰ ਬੜੀਆਂ ਭਾਗਸ਼ਾਲੀ ਮੰਨਿਆ ਹੈ ਕਿਉਂ ਜੋ ਪ੍ਰਭੂ ਦੇ ਦਰਸ਼ਨ ਕਰਨ ਦਾ ਜ਼ਰੀਆ ਹੁੰਦੀਆਂ ਹਨ। ਬਾਬਾ ਫ਼ਰੀਦ ਜੀ ਤਾਂ ਏਥੋਂ ਤੱਕ ਕਹਿ ਦਿੰਦੇ ਹਨ ਕਿ

ਕਾਗਾ ਕਰੰਗ ਢੰਢੋਲਿਆ ਸਗਲਾ ਖਾਇਆ ਮਾਸੁ ॥
ਇਹ ਦੁਇ ਨੈਨਾ ਮਤਿ ਛੁਹਉ ਪਿਰ ਦੇਖਨ ਕੀ ਆਸ ॥

(ਫਰੀਦ ਜੀ,1382)

ਪਰ ਭਾਈ ਮਹਿੰਦਰ ਸਿੰਘ ਦੀ ਅੱਖ ਤਾਂ ਕੱਢਣੀ ਪੈਣੀ ਸੀ। ਬਹੁਤ ਪ੍ਰੇਸ਼ਾਨ ਹੋ ਗਿਆ। ਹਿਰਦੈ ਵਿਚ ਵੇਦਨਾ ਉੱਠੀ। ਸਿੱਧਾ ਸੰਤਾਂ ਕੋਲ ਗਿਆ ਕਿਉਂਕਿ



ਹਮਰੀ ਬੇਦਨ ਹਰਿ ਪ੍ਰਭ ਜਾਨੈ ਮੇਰੇ ਮਨ ਅੰਤਰ ਕੀ ਪੀਰ ॥ (ਮ:4-861)

ਸੰਤਾਂ ਦੇ ਚਰਨ ਫੜ ਲਏ ਕਿ ਮਹਾਰਾਜ ਡਾਕਟਰ ਤਾਂ ਅੱਖ ਕੱਢਣ ਨੂੰ ਕਹਿੰਦੇ ਹਨ, ਕਿਸ ਤਰ੍ਹਾਂ ਹੋਵੇਗਾ ? ਰੱਬ ਨੂੰ ਮੰਨਣ ਵਾਲਾ ਸੀ, ਸੰਤਾਂ ਦਾ ਅਨਿੰਨ ਸ਼ਰਧਾਲੂ ਸੀ ਪਰ ਮਨ ਡੋਲ ਗਿਆ। ਵਿਸ਼ਵਾਸ ਡੋਲ ਗਿਆ। ਸੰਤ ਕਹਿੰਦੇ

ਤੂ ਕਾਹੇ ਡੋਲਹਿ ਪ੍ਰਾਣੀਆ ਤੁਧੁ ਰਾਖੈਗਾ ਸਿਰਜਣਹਾਰੁ ॥
ਜਿਨਿ ਪੈਦਾਇਸਿ ਤੂ ਕੀਆ ਸੋਈ ਦੇਇ ਆਧਾਰੁ ॥ (ਮ:5-724)

"ਮਹਿੰਦਰ ਸਿੰਹਾਂ, ਅੱਖ ਕਢਵਾਉਣੀ ਨਹੀਂ, ਇਲਾਜ ਕਰਵਾਉਣਾ ਹੈ।" ਬਚਨ ਹੋ ਗਿਆ। ਜਿਸਦੀ ਰਸਨਾ ਤੇ ਪਾਰਬ੍ਰਹਮ ਦਾ ਵਾਸਾ ਹੁੰਦਾ ਹੈ, ਉਸਦਾ ਬਚਨ ਬੇਅਰਥ ਨਹੀਂ ਜਾਂਦਾ। ਪੀ. ਜੀ. ਆਈ. ਚੰਡੀਗੜ੍ਹ ਤੋਂ ਇਲਾਜ ਹੋਇਆ ਅਤੇ ਅੱਖ ਬਿਲਕੁੱਲ ਪਹਿਲਾਂ ਵਾਗ ਹੀ ਠੀਕ ਹੋ ਗਈ।

ਅਉਖਦ ਆਏ ਰਾਸਿ ਵਿਚਿ ਆਪਿ ਖਲੋਇਆ ॥ (ਮ:5-1363)

ਜਦ ਦੁੱਖ ਦਰਦ ਦੂਰ ਹੋ ਜਾਂਦੇ ਤਾਂ ਸੇਵਕ ਸੰਤਾਂ ਨੂੰ ਘਰ ਚਰਨ ਪੁਆਉਣ ਲਈ ਬੁਲਾਉਂਦੇ। ਸੇਵਕਾਂ ਦੇ ਪ੍ਰਸ਼ਾਦਾ ਛਕਣ ਲਈ ਪੰਜ ਸਿੰਘ ਲੈ ਕੇ ਜਾਣ ਦੀ ਮੰਗ ਉਦੋਂ ਪੂਰੀ ਹੋਈ ਜਦੋਂ ਸੰਤਾਂ ਨੇ 1985 ਵਿਚ ਹੁਸ਼ਿਆਰਪੁਰ ਤੋਂ ਚਿੱਟੇ ਰੰਗ ਦੀ ਚਲਦੀ ਫੀਅਟ ਕਾਰ ਖ਼ਰੀਦ ਲਈ। ਜਦ ਗੱਡੀ ਚਲਾਉਣ ਲਈ ਡਰਾਈਵਰ ਦੀ ਲੋੜ ਪਈ ਤਾਂ ਧਾਮੀਆਂ ਵਾਲੇ ਦਰਸ਼ਨ ਸਿੰਘ ਜਿਹੇ ਪਿਆਕੜਾਂ ਦੀਆਂ ਸੇਵਾਵਾਂ ਲਈਆਂ ਗਈਆਂ ਜੋ ਸੰਤਾਂ ਦੀ ਰਹਿਮਤ ਸਦਕਾ ਪਹਿਲੀ ਮਿਲਣੀ ਵਿਚ ਹੀ ਸ਼ਰਾਬ ਛੱਡਕੇ ਸਿੰਘ ਸਜ ਗਿਆ। ਸੇਵਕਾਂ ਦੇ ਘਰ ਲਿਜਾਣ ਦੀ ਇੱਛਾ ਪੂਰੀ ਕਰਨ ਦੇ ਨਾਲ-ਨਾਲ ਸੰਤ ਗੁਰਦੁਆਰਾ ਈਸ਼ਰਪੁਰੀ ਸਾਹਿਬ ਵਿਖੇ ਸੰਗਤ ਨਾਲ ਬਚਨ ਬਿਲਾਸ ਕਰਨ ਲਈ ਖੁਲ੍ਹਾ ਸਮਾਂ ਦਿੰਦੇ ਸਨ ਅਤੇ ਇਸ ਮੰਤਵ ਲਈ ਭੋਰੇ ਦੇ ਉੱਪਰ ਵਾਲਾ ਕਮਰਾ ਵਰਤਣਾ ਸ਼ੁਰੂ ਕਰ ਦਿੱਤਾ ਸੀ। ਪਿੰਡ ਮਹੱਦੀਪੁਰ ਤੋਂ ਭਾਈ ਬਲਵੀਰ ਸਿੰਘ ਘਰ ਬਾਰ ਤਿਆਗ ਕੇ ਅਸਥਾਨ 'ਤੇ ਰਹਿਣ ਲੱਗ ਪਿਆ ਅਤੇ ਸੰਤਾਂ ਨੇ ਉਸ ਵਿਚ ਸੇਵਾ ਅਤੇ ਸਮਰਪਨ ਦੀ ਭਾਵਨਾ ਨੂੰ ਵੇਖਦਿਆਂ ਆਪਣੇ ਗੜਵਈ ਦੀ ਡਿਊਟੀ ਸੰਭਾਲ ਦਿੱਤੀ। ਜਦ ਸੇਵਕਾਂ ਦੇ ਬੁਲਾਉਣ 'ਤੇ ਸੰਤ ਪਿੰਡ ਕਾਠੇ ਅਧਿਕਾਰੇ ਗਏ ਤਾਂ ਬੀਬੀ ਸੁਭਾਗ ਕੌਰ (ਭਾਈ ਆਤਮਾ ਸਿੰਘ ਮਹੱਦੀਪੁਰ ਵਾਲਿਆਂ ਦੀ ਸੱਸ) ਜੋ ਬਿਰਧ ਹੋਣ ਕਾਰਨ ਬਿਮਾਰ ਰਹਿੰਦੀ ਸੀ, ਦੁਆਰਾ ਹੱਥ ਜੋੜ ਕੇ ਮੁਕਤੀ ਲਈ ਬੇਨਤੀ ਕਰਨ 'ਤੇ ਸੰਤ ਮੁਸਕੁਰਾ ਪਏ ਅਤੇ ਉਸਦੀ ਹਾਲਤ

’ਤੇ ਤਰਸ ਕਰਦਿਆਂ ਮਸਤਕ ਤੇ ਹੱਥ ਫੇਰਕੇ ਕਹਿੰਦੇ, “ਗੁਰੂ ਭਲੀ ਕਰੇਗਾ।” ਕਹਿੰਦੇ ਹਨ ਕਿ ਜੋ ਰੱਬ ਦੇ ਪਿਆਰੇ ਹੁੰਦੇ ਹਨ ਉਹਨਾਂ ਦਾ ਕਿਹਾ ਤਾਂ ਪ੍ਰਮਾਤਮਾ ਵੀ ਮੋੜ ਨਹੀਂ ਸਕਦਾ ਕਿਉਂਕਿ ਉਹ ਭਗਤਾਂ ਦੇ ਪਿਆਰ ਵਿਚ ਬੱਝਾ ਹੁੰਦਾ ਹੈ। ਏਨਾ ਬੱਝਾ ਹੁੰਦਾ ਹੈ ਕਿ ਭਗਤ ਤਾਂ ਉਸਦੀ ਕੀਤੀ ਮੋੜ ਸਕਦੇ ਹਨ ਪਰ ਉਹ ਭਗਤਾਂ ਦੀ ਕੀਤੀ ਨਹੀਂ ਮੋੜ ਸਕਦਾ।

ਮੇਰੀ ਬਾਂਧੀ ਭਗਤੁ ਛਡਾਵੈ ॥
ਬਾਂਧੇ ਭਗਤੁ ਨਾ ਛੂਟੈ ਮੋਹਿ ॥ (ਨਾਮਦੇਵ ਜੀ,1253)

ਅਤੇ ਉਸੇ ਸ਼ਾਮ ਹੀ ਬੀਬੀ ਸੁਭਾਗ ਕੌਰ ਸੁਆਸ ਛੱਡ ਗਈ।



# ਜੋ ਮਾਂਗਹਿ ਠਾਕੁਰ ਅਪਨੇ ਤੇ

ਜਦ ਸ਼ਾਮਚੁਰਾਸੀ ਤੋਂ ਸੰਤਾਂ ਦੀ ਸੇਵਕ ਬੀਬੀ ਸੁਖਵਿੰਦਰ ਕੌਰ ਦਾ ਵਿਆਹ ਨਾਜਕੇ ਦੇ ਸ. ਸੇਵਾ ਸਿੰਘ ਨਾਲ ਹੋਇਆ ਤਾਂ ਇਸਨੇ ਸਹੁਰੇ ਆ ਕੇ ਵੀ ਸੰਤਾਂ ਦਾ ਲੜ ਨਹੀਂ ਛੱਡਿਆ ਅਤੇ ਦਰਸ਼ਨ ਕਰਨ ਜਾਂਦੀ ਰਹੀ। ਸ. ਸੇਵਾ ਸਿੰਘ ਦੀ ਇੱਛਾ ਬਾਹਰ ਜਾਣ ਦੀ ਸੀ। ਜਦ ਬੀਬੀ ਸੁਖਵਿੰਦਰ ਨੇ ਸੰਤਾਂ ਕੋਲ ਬੇਨਤੀ ਕੀਤੀ ਤਾਂ ਉਹਨਾਂ ਨੇ ਸੇਵਾ ਸਿੰਘ ਨੂੰ ਆਪਣੇ ਕੋਲ ਬੁਲਾਇਆ। ਸੇਵਾ ਸਿੰਘ ਗਿਆ ਤਾਂ ਸੰਤਾਂ ਨੇ ਕੋਈ ਬਚਨ ਨਾ ਕੀਤਾ। ਇਸਨੇ ਪ੍ਰਸ਼ਾਦ ਲਿਆ ਅਤੇ ਵਾਪਸ ਆ ਗਿਆ। ਇਸ ਤਰ੍ਹਾਂ ਰੋਜ਼ ਹੀ ਹੋਣ ਲੱਗੀ। ਸੇਵਾ ਸਿੰਘ ਰੋਜ਼ ਜਾਂਦਾ। ਜਦ ਸੰਤ ਪ੍ਰਸ਼ਾਦ ਦੇ ਦਿੰਦੇ ਤਾਂ ਵਾਪਸ ਆ ਜਾਂਦਾ। ਸੰਤ ਕੋਈ ਬਚਨ ਨਾ ਕਰਦੇ। ਕਈ ਦਿਨ ਬੀਤ ਗਏ। ਇਕ ਦਿਨ ਬੀਬੀ ਸੁਖਵਿੰਦਰ ਕੌਰ ਅਤੇ ਭਾਈ ਸੇਵਾ ਸਿੰਘ ਸੰਤਾਂ ਕੋਲ ਗਏ। ਸੰਤ ਬਹੁਤ ਖੁਸ਼ੀ ਦੇ ਰੌਅ ਵਿੱਚ ਬੈਠੇ ਸਨ। ਸੰਤਾਂ ਨੇ ਸ਼ਬਦ ਦੀ ਬਖਸ਼ਿਸ਼ ਕੀਤੀ। ਸੰਤ ਕਹਿੰਦੇ “ਬਈ ਸਵਾ ਮਹੀਨਾ ਅੰਮ੍ਰਿਤ ਵੇਲੇ ਉਠ ਕੇ ਸ਼ਬਦ ਦਾ ਜਾਪ ਕਰਕੇ ਗੁਰੂ ਨਾਨਕ ਦੇ ਚਰਨਾਂ ਵਿੱਚ ਬੇਨਤੀ ਕਰਿਆ ਕਰੋ ਕਿ ਹੇ ਸਤਿਗੁਰੂ ਸਾਡੇ ’ਤੇ ਕਿਰਪਾ ਕਰ।” ਬੀਬੀ ਸੁਖਵਿੰਦਰ ਕੌਰ ਨੇ ਦੱਸੀ ਮਰਿਯਾਦਾ ਅਨੁਸਾਰ ਸ਼ਬਦ ਦਾ ਜਾਪ ਸ਼ੁਰੂ ਕਰ ਦਿੱਤਾ। ਜਦ ਬੀਬੀ ਸੁਖਵਿੰਦਰ ਕੌਰ ਚਾਲੀਵੇਂ ਦਿਨ ਸ਼ਬਦ ਦੇ ਜਾਪ ਦਾ ਭੋਗ ਪਾ ਕੇ ਕੰਮ ਕਾਜ ਕਰਨ ਲਈ ਬਾਹਰ ਨਿਕਲੀ ਤਾਂ ਅਸਮਾਨ ਵਿੱਚ ਝੂਲਦਾ ਨਿਸ਼ਾਨ ਸਾਹਿਬ ਨਜ਼ਰ ਆਇਆ। ਅਚੰਭਿਤ ਹੋ ਗਈ। ਅੱਖਾਂ ਤੇ ਵਿਸ਼ਵਾਸ ਨਾ ਆਇਆ। ਜੋ ਚੀਜ਼ ਅੱਖਾਂ ਨੂੰ ਵੇਖਣ ਦੀ ਆਦਤ ਨਹੀਂ ਹੁੰਦੀ ਦਿਖ ਜਾਵੇ ਤਾਂ ਅਚੰਭਿਤ ਹੋਣਾ ਸੁਭਾਵਕ ਹੈ। ਯਕੀਨ ਹੀ ਨਹੀਂ ਆਇਆ। ਅੱਖਾਂ ਮਲਕੇ ਦੁਬਾਰਾ ਵੇਖਿਆ ਕਿ ਕਿਤੇ ਮਹਿਜ ਵਹਿਮ ਹੀ ਨਾ ਹੋਵੇ। ਪਰ ਵਹਿਮ ਨਹੀਂ ਇਹ ਤਾਂ ਸੱਚ ਸੀ, ਸਾਖਸ਼ਾਤ ਸੱਚ। ਵੇਖਿਆ ਤਾਂ ਉਸੇ ਤਰ੍ਹਾਂ ਨਿਸ਼ਾਨ ਸਹਿਬ ਝੂਲ ਰਿਹਾ ਸੀ। ਖੁਸ਼ੀ ਸਾਂਭੀ ਨਾ ਜਾਵੇ। ਦਿਲ ਕਰੇ ਕਿ ਕੋਠੇ ਚੜ ਕੇ ਹੋਕਾ ਦਿਆਂ, ਸਾਰੇ ਪਿੰਡ ਵਿੱਚ ਦੱਸਾਂ ਕਿ ਸਤਿਗੁਰ ਦੇ ਨਾਮ ਵਿੱਚ ਕਿੰਨੀ ਤਾਕਤ ਹੈ। ਚਾਅ ਡੁਲ-ਡੁਲ ਪੈ ਰਿਹਾ ਸੀ। ਸੇਵਾ ਸਿੰਘ ਨੂੰ ਜਗਾਇਆ ਅਤੇ ਸਤਿਗੁਰ ਦੀ ਕਿਰਪਾ ਬਾਰੇ ਦੱਸਿਆ। ਪਰਿਵਾਰ ਨੂੰ ਬਾਹਰਲਾ ਕੰਮ ਬਣਨ ਬਾਰੇ ਪੱਕਾ ਯਕੀਨ ਹੋ ਗਿਆ। ਉਸੇ ਦਿਨ ਹੀ ਡੁਬਈ ਜਾਣ ਦਾ ਵੀਜ਼ਾ ਘਰ ਆ ਗਿਆ। ਸਭ ਬਹੁਤ ਖੁਸ਼ ਹੋਏ।

ਸ਼ੁਕਰਾਨੇ ਵਜੋਂ ਸੰਤ ਬਾਬਾ ਤੀਰਥ ਸਿੰਘ ਜੀ ਨੂੰ ਜਾ ਕੇ ਨਮਸਕਾਰ ਕੀਤੀ ਅਤੇ ਕੁਝ ਦਿਨ ਬਾਦ ਸੇਵਾ ਸਿੰਘ ਬਾਹਰ ਚਲਾ ਗਿਆ।

ਗੁਰੁ ਕਰਤਾ ਗੁਰੁ ਕਰਣਹਾਰੁ ਗੁਰਮੁਖਿ ਸਚੀ ਸੋਇ ॥
ਗੁਰ ਤੇ ਬਾਹਰਿ ਕਿਛੁ ਨਹੀਂ ਗੁਰੁ ਕੀਤਾ ਲੋੜੇ ਸੁ ਹੋਇ ॥ (ਮ:5-52)

ਸੇਵਾ ਸਿੰਘ ਦੇ ਬਾਹਰ ਜਾਣ ਨਾਲ ਇਹਨਾ ਦੀ ਆਰਿਥਕ ਹਾਲਤ ਸੁਧਰ ਗਈ ਅਤੇ ਬੀਬੀ ਸੁਖਵਿੰਦਰ ਕੌਰ ਨੇ ਸੰਤਾਂ ਦੀ ਪ੍ਰੇਰਨਾ ਨਾਲ ਅੰਮ੍ਰਿਤ ਛਕਦਿਆਂ ਹੀ ਆਪਣੇ ਘਰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰ ਲਿਆ। ਇਹਨਾਂ ਨੇ ਹੌਲੀ ਹੌਲੀ ਸੰਤ ਬਾਬਾ ਈਸ਼ਰ ਸਿੰਘ ਜੀ ਦੀ ਬਰਸੀ ਵੀ ਆਪਣੇ ਘਰ ਮਨਾਉਣੀ ਸ਼ੁਰੂ ਕਰ ਦਿਤੀ।

ਸਮਾਂ ਬੀਤਦਾ ਗਿਆ। ਬੀਬੀ ਸੁਖਵਿੰਦਰ ਕੌਰ ਦਾ ਧਿਆਨ ਸੰਸਾਰਿਕ ਕੰਮਾਂ-ਕਾਜਾਂ ਵਿੱਚ ਘਟਦਾ ਗਿਆ। ਗੁਰਬਾਣੀ ਵਿੱਚ ਧਿਆਨ ਵਧਦਾ ਗਿਆ। ਗੁਰੂ ਚਰਨਾਂ ਨਾਲ ਪ੍ਰੀਤ ਵਧਦੀ ਗਈ। ਦੁਨੀਆਂ ਤੋਂ ਮਨ ਉਪਰਾਮ ਰਹਿਣ ਲੱਗਾ। ਇਕ ਦਿਨ ਇਸਨੇ ਗੁਰਬਾਣੀ ਵਿੱਚ ਪੜ੍ਹਿਆ

ਕਬੀਰ ਡਗਮਗ ਕਿਆ ਕਰਹਿ ਕਹਾ ਡਲਾਵਹਿ ਜੀਉ ॥
ਸਰਬ ਸੂਖ ਕੋ ਨਾਇਕੋ ਰਾਮ ਨਾਮ ਰਸੁ ਪੀਉ ॥ (ਕਬੀਰ ਜੀ,1364)

ਮਨ ਤਾਂ ਪਹਿਲਾਂ ਹੀ ਉਚਾਟ ਰਹਿੰਦਾ ਸੀ। ਹੋਰ ਸੋਚਾਂ ਵਿਚ ਪੈ ਗਈ ਕਿ ਰਾਮ ਨਾਮ ਰਸ ਕੀ ਹੈ। ਉਠਦੀ ਬਹਿੰਦੀ ਨੇ ਪ੍ਰਮਾਤਮਾ ਵਲ ਧਿਆਨ ਰੱਖਣਾ ਅਤੇ ਰਹਿ-ਰਹਿ ਕੇ ਰਾਮ ਨਾਮ ਰਸ ਦਾ ਵਿਚਾਰ ਮਨ ਵਿੱਚ ਸੁਲਗਦਾ ਰਹਿਣਾ। ਇਕ ਦਿਨ ਇਸਨੇ ਸੰਤ ਬਾਬਾ ਤੀਰਥ ਸਿੰਘ ਜੀ ਤੋਂ ਪੁਛਿਆਂ "ਮਹਾਰਾਜ, ਰਾਮ ਨਾਮ ਰਸ ਕੀ ਹੁੰਦਾ ਹੈ।" ਸੰਤ ਮੁਸਕਰਾ ਪਏ। ਪਰ ਮੂੰਹੋ ਕੁਝ ਨਾ ਕਿਹਾ ਕਿਉਂਕਿ

ਗੁਰੁ ਕਰਤਾ ਗੁਰੁ ਕਰਣੈ ਜੋਗੁ ॥
ਗੁਰੁ ਪਰਮੇਸਰੁ ਹੈ ਭੀ ਹੋਗੁ ॥ (ਮ:5-864)

ਸੰਤਾਂ ਨੇ ਬੀਬੀ ਨੂੰ ਸੰਤ ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਵਾਲਿਆਂ ਦਾ ਗ੍ਰੰਥ 'ਪੱਛਮੀ ਪ੍ਰਕਾਸ਼' ਪੜ੍ਹਨ ਨੂੰ ਦਿੱਤਾ। ਜਦ ਇਸਨੇ ਇਕ ਗ੍ਰੰਥ ਪੜ੍ਹ ਲਿਆ ਤਾਂ ਸੰਤਾਂ ਨੇ ਸੰਤ ਬਾਬਾ ਅਤਰ ਸਿੰਘ ਜੀ ਰੇਰੂ ਸਹਿਬ ਵਾਲਿਆਂ ਦੇ ਜੀਵਨ 'ਤੇ ਆਧਾਰਿਤ ਗ੍ਰੰਥ "ਜੀਵਨ ਗਾਥਾ" ਪੜਨ ਲਈ ਦਿੱਤਾ। ਇਸ ਤਰ੍ਹਾਂ ਇਕ ਇਕ ਕਰਕੇ ਕਈ ਗ੍ਰੰਥ ਪੜਾਏ। ਬੀਬੀ ਦੀ ਸੁਰਤ ਲਗਣ ਲਗ ਪਈ। ਜਿਥੇ ਬੈਠੀ ਉਥੇ



ਹੀ ਬੈਠੀ ਰਹਿਣਾ। ਪਤਾ ਹੀ ਨਾ ਲੱਗਣਾ ਕਿ ਅੱਗੇ ਕੀ ਕਰਨਾ ਹੈ। ਖੁਸ਼ੀ ਵਿੱਚ ਬਿਸਮਾਦ ਹੋਈ ਬੈਠੀ ਰਹਿਣਾ

ਹਰਿ ਰਸ ਕਾ ਤੂੰ ਚਾਖਹਿ ਸਾਦੁ ॥
ਚਾਖਤ ਹੋਇ ਰਹਹਿ ਬਿਸਮਾਦੁ ॥ (ਮ:5-180)

ਨਾ ਘਰ ਦਾ ਪਤਾ ਰਹਿਣਾ ਨਾ ਘਾਟ ਦਾ। ਸੰਤਾਂ ਨੇ ਫਿਰ ਸੰਤ ਬਾਬਾ ਈਸ਼ਰ ਸਿੰਘ ਜੀ ਰਾੜਾ ਸਹਿਬ ਵਾਲਿਆਂ ਦੀ ਹੱਥ ਲਿਖਤ ਡਾਇਰੀ 'ਤੇ ਆਧਾਰਿਤ ਗ੍ਰੰਥ "ਅਮੋਲਕ ਲਾਲ" ਪੜਨ ਨੂੰ ਦਿੱਤਾ। ਜਦ ਇਸਨੇ ਗ੍ਰੰਥ ਪੜ੍ਹਨਾ ਸ਼ੁਰੂ ਕੀਤਾ ਤਾਂ ਬਹੁਤ ਬੈਰਾਗ ਪੈਦਾ ਹੋਇਆ। ਬੀਬੀ ਸੁਖਵਿੰਦਰ ਕੌਰ ਨੂੰ ਸੰਤ ਬਾਬਾ ਈਸ਼ਰ ਸਿੰਘ ਜੀ ਦੇ ਸਾਖਿਆਤ ਦਰਸ਼ਨ ਹੋਏ। ਦਰਸ਼ਨ ਹੋਣ ਦੀ ਦੇਰ ਸੀ ਇਹ ਆਪਣੀ ਸੁਧ ਬੁਧ ਹੀ ਖੋ ਗਈ। ਮਨ ਵਿੱਚ ਆਨੰਦ ਹੀ ਆਨੰਦ ਹੋ ਗਿਆ। ਐਸਾ ਖੇੜਾ ਮਿਲਿਆ ਕਿ ਵਖਿਆਨ ਕਰਨਾ ਵੀ ਮੁਸ਼ਕਲ ਹੋ ਗਿਆ।

ਗੂੰਗੇ ਅੰਮ੍ਰਿਤੁ ਰਸੁ ਚਾਖਿਆ।
ਪੂਛੇ ਕਹਨੁ ਨ ਜਾਈ ਹੋ। (ਕਬੀਰ ਜੀ,648)

ਗ੍ਰੰਥ ਪੜਦੀ ਗਈ, ਪ੍ਰੀਤ ਵਧਦੀ ਗਈ। ਬਿਰਤੀ ਅੰਤਰਮੁਖੀ ਹੁੰਦੀ ਗਈ। ਬਾਹਰੋਂ ਟੁਟਦੀ ਗਈ ਅੰਦਰ ਜੁੜਦੀ ਗਈ। ਇਕ ਸਵੇਰ ਜਦ ਇਹ ਦੁੱਧ ਰਿੜਕਦੀ ਸੀ ਤਾਂ ਚਾਟੀ ਵਿੱਚ ਲਾਈਟ ਪਈ। ਬੀਬੀ ਵੇਖੇ ਕਿ ਪ੍ਰਕਾਸ਼ ਕਿਥੋਂ ਆ ਰਿਹਾ ਹੈ। ਪਰ ਕੁਝ ਸਮਝ ਨਾ ਆਇਆ। ਜਦ ਗ੍ਰੰਥ ਪੜਨ ਲੱਗੀ ਤਾਂ ਉਸ ਵਿੱਚ ਲਿਖਿਆ ਸੀ ਕਿ ਸਾਡੇ ਅੰਦਰ ਪ੍ਰਕਾਸ਼ ਹੈ ਜੋ ਗੁਰੂ ਦੀ ਕਿਰਪਾ ਨਾਲ ਹੀ ਪ੍ਰਗਟ ਹੁੰਦਾ ਹੈ।

ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ ॥
ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ ॥ (ਮ:5-293)

ਮਨ ਵਿੱਚ ਪ੍ਰਕਾਸ਼ ਹੋ ਗਿਆ। ਜੋ ਪ੍ਰਕਾਸ਼ ਚਾਟੀ ਤੇ ਪੈ ਰਿਹਾ ਸੀ ਰੋਜ ਵਧਦਾ ਹੀ ਗਿਆ। ਇਸਨੂੰ ਏਨਾ ਪਿਆਰ ਹੋ ਗਿਆ ਕਿ ਚਾਟੀ ਵਿੱਚੋਂ ਜੋ ਮੱਖਣ ਨਿਕਲਣਾ/ਘਿਓ ਨਿਕਲਣਾ ਕਿਸੇ ਨੂੰ ਦਿਆ ਨਾ ਕਰੇ ਕਿ ਇਸ 'ਤੇ ਸਤਿਗੁਰ ਦੀ ਕਿਰਪਾ ਰੂਪੀ ਪ੍ਰਕਾਸ਼ ਪਿਆ ਹੋਇਆ ਹੈ। ਬਾਵਰੀ ਹੋ ਗਈ। ਸੁਰਤ ਪ੍ਰਭੂ ਨਾਲ ਲੱਗੀ ਰਹਿਣ ਲੱਗ ਪਈ। ਜਦ ਸੁਰਤ ਲੱਗਣੀ ਤਾਂ ਇਸਨੂੰ ਕਈ ਤਰਾਂ ਦੇ ਨਜ਼ਾਰੇ ਵੀ ਦਿਸਣੇ। ਹੌਲੀ ਹੌਲੀ ਪ੍ਰਕਾਸ਼ ਦੇ ਨਾਲ ਨਾਲ ਅੰਦਰ ਤੋਂ ਆਵਾਜ਼ਾਂ ਸੁਣਾਈ

ਦੇਣੀਆਂ ਸ਼ੁਰੂ ਹੋ ਗਈਆਂ। ਕਦੇ ਘੜਿਆਲ ਦੀ ਆਵਾਜ਼ ਕਦੇ ਸੰਖ ਦੀ ਆਵਾਜ਼। ਸੁਰਤ ਅਤੇ ਨਿਰਤ ਆਤਮਾ ਦੀਆਂ ਦੋ ਸ਼ਕਤੀਆਂ ਹਨ। ਆਤਮਾ ਦੀ ਸੁਣਨ ਦੀ ਸ਼ਕਤੀ ਨੂੰ ਸੁਰਤ ਕਿਹਾ ਜਾਂਦਾ ਹੈ ਅਤੇ ਵੇਖਣ ਦੀ ਸ਼ਕਤੀ ਨੂੰ ਨਿਰਤ ਕਿਹਾ ਜਾਂਦਾ ਹੈ। ਜਦ ਆਵਾਜ਼ਾ ਸੁਣਾਈ ਦੇਣੀਆਂ ਤਾਂ ਸਭ ਤੋਂ ਪਹਿਲਾਂ ਇਹ ਆਸੇ ਪਾਸੇ ਲੱਭੇ ਕਿ ਆਵਾਜ਼ਾ ਕਿਥੋਂ ਆ ਰਹੀਆਂ ਹਨ। ਹੌਲੀ-ਹੌਲੀ ਪਤਾ ਲਗਾ ਕਿ ਇਹ ਤਾਂ ਅੰਦਰੋਂ ਆ ਰਹੀਆਂ ਹਨ। ਇਹੀ ਤਾਂ ਸ਼ਬਦ ਧੁਨ ਹੈ। ਇਕ ਵਾਰ ਬੀਬੀ ਸੁਖਵਿੰਦਰ ਕੌਰ ਦੀ ਐਸੀ ਸੁਰਤੀ ਲੱਗੀ ਕਿ ਡੇਢ ਸਾਲ ਇਸਨੂੰ ਬੇਸੁਧ ਹੀ ਬੀਤ ਗਿਆ। ਇਸ ਵਿਚ ਉਠਣ ਦੀ ਸ਼ਕਤੀ ਨਾ ਰਹੀ। ਸਹੁਰਾ ਪਰਿਵਾਰ ਕਹਿਣ ਲੱਗ ਪਿਆ ਕਿ ਜੇ ਅਜਿਹੇ ਕੰਮ ਹੀ ਕਰਨੇ ਸੀ ਤਾਂ ਵਿਆਹ ਕਾਹਨੂੰ ਕਰਵਾਉਣਾ ਸੀ। ਜੇ ਤੂੰ ਬੇਸੁਧ ਰਹੇਗੀ ਤਾਂ ਤੇਰਾ ਪਰਿਵਾਰ ਕੌਣ ਸਾਂਭੇਗਾ? ਇਹਨਾਂ ਗੱਲਾਂ ਦਾ ਬੀਬੀ ਦੇ ਮਨ ਤੇ ਡੂੰਘਾ ਅਸਰ ਹੋਇਆ। ਇਸਨੇ ਸੰਤ ਬਾਬਾ ਤੀਰਥ ਸਿੰਘ ਜੀ ਦੇ ਚਰਨਾਂ ਵਿਚ ਬੇਨਤੀ ਕੀਤੀ,

"ਮਹਾਰਾਜ ਆਪ ਜੀ ਦੀ ਮੈਂ ਗਰੀਬਣੀ ਤੇ ਆਪਾਰ ਕਿਰਪਾ ਹੈ। ਸੁਰਤੀ ਲੱਗਣ ਲਗ ਪਈ ਹੈ। ਪਰ ਜਦ ਸੁਰਤੀ ਲਗ ਜਾਂਦੀ ਹੈ ਤਾਂ ਮੈਂ ਬੇਸੁਧ ਹੋ ਜਾਂਦੀ ਹਾਂ, ਘਰਦਾ ਕੰਮ ਕਾਜ ਨਹੀਂ ਹੁੰਦਾ। ਕਿਰਪਾ ਕਰੋ ਕਿ ਮੈਂ ਘਰਦਾ ਕੰਮ ਕਾਜ ਕਰ ਸਕਾਂ।" ਸੰਤਾਂ ਨੇ ਬੀਬੀ ਨੂੰ ਪੰਜ ਪੰਜ ਦਿਨ ਪੀਣ ਵਾਸਤੇ ਅੰਮ੍ਰਿਤ ਦਿੱਤਾ। ਬੀਬੀ ਨੇ ਅੰਮ੍ਰਿਤ ਪੀਤਾ ਅਤੇ ਸੁਧ ਵਿੱਚ ਰਹਿਣ ਲਗ ਪਈ। ਜਦ ਸੰਤਾਂ ਨੂੰ ਦੱਸਣ ਗਈ ਤਾਂ ਸੰਤ ਕਹਿੰਦੇ ਜੈਸੀ ਤੇਰੀ ਇੱਛਾ ਸੀ ਸੋਈ ਤੈਨੂੰ ਦਿਖ ਰਿਹਾ ਸੀ। ਇਹ ਗੁਰੂ ਨਾਨਕ ਦਾ ਦਰ ਹੈ। ਇਥੋਂ ਕੋਈ ਖਾਲੀ ਹੱਥ ਨਹੀਂ ਜਾਂਦਾ। ਜੈਸੀ ਕਿਸੇ ਦੀ ਭਾਵਨਾ ਹੁੰਦੀ ਹੈ ਤੈਸਾ ਹੀ ਫਲ ਮਿਲ ਜਾਂਦਾ ਹੈ।

ਜੋ ਮਾਗਹਿ ਠਾਕੁਰ ਅਪੁਨੇ ਤੇ ਸੋਈ ਸੋਈ ਦੇਵੈ ॥ (ਮ:5-681)



# ਚਾਲੇ ਥੇ ਹਰਿ ਮਿਲਨ ਕਉ

ਬੇਸ਼ੱਕ ਅਸਥਾਨ ਤੇ ਕਈ ਸਿੰਘਾਂ ਨੇ ਰਹਿਣਾ ਸ਼ੁਰੂ ਕਰ ਦਿੱਤਾ ਸੀ ਪਰ ਉਹਨਾਂ ਵਿਚੋਂ ਕਈ ਅਜਿਹੇ ਸਨ ਜੋ ਘਰ ਘਾਟ ਨਾ ਹੋਣ ਕਾਰਨ ਹੀ ਸੰਤਾਂ ਕੋਲ ਰਹਿ ਰਹੇ ਸਨ ਜਾਂ ਕੰਮ ਕਾਜ ਕਰਨ ਦੀ ਸਮਰੱਥਾ ਨਾ ਹੋਣ ਕਾਰਣ ਕਰਕੇ ਹੀ ਸਾਧੂਆਂ ਵਾਲਾ ਲਿਬਾਸ ਪਹਿਨਿਆ ਹੋਇਆ ਸੀ। ਕਈ ਵਾਰ ਅਸੀਂ ਭੈੜੀ ਵਸਤੂ ਢੱਕਣ ਲਈ ਵੀ ਚਿੱਟੇ ਕੱਪੜੇ ਦਾ ਸਹਾਰਾ ਲੈਂਦੇ ਹਾਂ, ਕੁਚੱਜ ਲੁਕਾਉਣ ਲਈ ਵੀ ਪਰਦੇ ਵਰਤ ਲੈਂਦੇ ਹਾਂ। ਭੇਦ ਜ਼ਾਹਰ ਹੋਣ ਡਰੋਂ ਵੀ ਚੁੱਪ ਧਾਰ ਲੈਂਦੇ ਹਾਂ। ਕਿਉਂਕਿ ਮਨੁੱਖ ਦੀ ਪ੍ਰਵਿਰਤੀ ਹੈ ਕਿ ਉਹ ਕੁੱਬਾ ਹੋਣ ਦੇ ਬਾਵਜੂਦ ਸਿੱਧਾ ਖੜ੍ਹਨ ਦਾ ਜਤਨ ਕਰਦਾ ਹੈ। ਮਾਨਸਿਕ ਰੋਗੀ ਹੋਣ ਦੇ ਬਾਵਜੂਦ ਅਰੋਗ ਦਿਸਣ ਦੀ ਕੋਸ਼ਿਸ਼ ਕਰਦਾ ਹੈ। ਅਸਥਾਨ 'ਤੇ ਵੀ ਇਕ ਅਜਿਹਾ ਮਨਮਤੀਆ ਸਿੰਘ ਰਹਿੰਦਾ ਸੀ ਜੋ ਗੁਟਕਾ ਇਸ ਲਈ ਫੜਦਾ ਕਿ ਸਭ ਸਮਝਣ ਗੁਣੀ ਗਿਆਨੀ ਹੈ। ਲੰਗਰ ਵਿਚ ਸੇਵਾ ਇਸ ਲਈ ਕਰਦਾ ਕਿ ਵੇਖਣ ਵਾਲੇ ਕਹਿਣ ਉੱਤਮ ਸੇਵਕ ਹੈ ਪਰ

ਦੇਖਾ ਦੇਖੀ ਸਭ ਕਰੇ ਮਨਮੁਖਿ ਬੂਝ ਨ ਪਾਇ ॥
ਜਿਨ ਗੁਰਮੁਖਿ ਹਿਰਦਾ ਸੁਧੁ ਹੈ ਸੇਵ ਪਈ ਤਿਨ ਥਾਇ ॥ (ਮ:3-28)

ਮਨ ਵਿਚ ਪਾਪ ਰੱਖਕੇ ਕੀਤੀ ਸੇਵਾ ਸਫ਼ਲ ਨਹੀਂ ਹੁੰਦੀ ਕਿਉਂਕਿ

ਸਾ ਸੇਵਾ ਕੀਤੀ ਸਫ਼ਲ ਹੈ ਜਿਤੁ ਸਤਿਗੁਰ ਕਾ ਮਨੁ ਮੰਨੈ ॥ (ਮ:3-314)

ਇਸ ਸਿੰਘ ਦੀ ਡਿਊਟੀ ਸਵੇਰੇ 6 ਵਜੇ ਲੰਗਰ ਵਿਚ ਚਾਹ ਤਿਆਰ ਕਰਕੇ ਵਰਤਾਉਣ 'ਤੇ ਸੀ। ਇਹ ਸਿੰਘ ਅੰਮ੍ਰਿਤ ਛਕਿਆ ਹੋਣ ਦੇ ਬਾਵਜੂਦ ਵੀ ਅੰਦਰੋਂ ਬਿਖ਼ ਨਾਲ ਭਰਿਆ ਪਿਆ ਸੀ। ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਖੋਟੇ ਮਨ ਨਾਲ ਤਾਂ ਤੀਰਥ ਨਾਹੁਣਾ ਵੀ ਬੇਕਾਰ ਹੋ ਜਾਂਦਾ ਹੈ।

ਨਾਵਣ ਚਲੇ ਤੀਰਥੀ ਮਨਿ ਖੋਟੈ ਤਨਿ ਚੋਰ ॥
ਇਕੁ ਭਾਉ ਲਥੀ ਨਾਤਿਆ ਦੁਇ ਭਾ ਚੜੀਅਸੁ ਹੋਰ ॥
ਬਾਹਰਿ ਧੋਤੀ ਤੂਮੜੀ ਅੰਦਰਿ ਵਿਸੁ ਨਿਕੋਰ ॥
ਸਾਧ ਭਲੇ ਅਣਨਾਤਿਆ ਚੋਰ ਸਿ ਚੋਰਾ ਚੋਰ ॥ (ਮ:1-789)

ਜਦ ਅੰਮ੍ਰਿਤ ਵੇਲੇ ਗੁਰਮੁਖ ਪ੍ਮਾਤਮਾ ਦੇ ਸਿਮਰਨ ਵਿਚ ਲੀਨ ਹੋ ਜਾਂਦੇ ਸਨ, ਇਹ ਮਨਮੁਖ ਅਸਥਾਨ 'ਤੇ ਕਬਜ਼ਾ ਕਰਨ ਬਾਰੇ ਸੋਚਣ ਲੱਗ ਜਾਂਦਾ।

ਕਿਉਂਕਿ ਆਪੋ ਆਪਣੀ ਬਿਰਤੀ ਹੈ। ਧਰਮੀ ਬੰਦਿਆਂ ਦੀ ਬਿਰਤੀ ਧਰਮ ਕਮਾਉਣ ਦੀ ਹੁੰਦੀ ਹੈ ਅਤੇ ਪਾਪੀ ਲੋਕ ਪਾਪ ਕਰਨ ਵਲ ਹੀ ਧਿਆਨ ਰੱਖਦੇ ਹਨ। ਸੱਪ ਨੇ ਜਦ ਵੀ ਸੋਚਣਾ ਹੈ ਡੰਗ ਮਾਰਨ ਬਾਰੇ ਹੀ ਸੋਚਣਾ ਹੈ ਪਰ ਰੇਸ਼ਮ ਦਾ ਕੀੜਾ ਸ਼ਹਿਤੂਤ ਦੇ ਪੱਤਿਆਂ ਨੂੰ ਰੇਸ਼ਮ ਵਿਚ ਬਦਲਣ ਵਿਚ ਹੀ ਮਸਤ ਰਹਿੰਦਾ ਹੈ। ਫੁੱਲ ਸੁਗੰਧੀਆਂ ਹੀ ਵੰਡਦੇ ਰਹਿੰਦੇ ਹਨ ਅਤੇ ਕੰਡਿਆਂ ਨੂੰ ਚੁੱਭਣ ਤੋਂ ਹੀ ਵਿਹਲ ਨਹੀਂ ਮਿਲਦੀ। ਕਬੀਰ ਜੀ ਕਹਿੰਦੇ ਹਨ:

ਕਬੀਰ ਪਾਪੀ ਭਗਤਿ ਨ ਭਾਵਈ ਹਰਿ ਪੂਜਾ ਨ ਸੁਹਾਇ।
ਮਾਖੀ ਚੰਦਨ ਪਰਹਰੈ ਜਹ ਬਿਗੰਧ ਤਹ ਜਾਇ ॥ (ਕਬੀਰ ਜੀ,1368)

ਇਸਨੇ ਇਕ ਸਵੇਰ ਲੰਗਰ ਦੀ ਚਾਹ ਵਿਚ ਜ਼ਹਿਰ ਪਾ ਦਿੱਤੀ। ਸੰਤ ਜੋ ਹਾਜ਼ਰੀ ਦੀ ਚਾਹ ਹਮੇਸ਼ਾਂ ਭੋਰੇ ਵਿਚ ਹੀ ਛਕਿਆ ਕਰਦੇ ਸਨ, ਅੱਜ ਚਾਹ ਛਕਣ ਲਈ ਆਪ ਲੰਗਰ ਵਿਚ ਆ ਗਏ। ਮਨ ਵਿਚ ਸੀ ਕਿ ਸਾਡੇ ਤੋਂ ਪਹਿਲਾਂ ਕੋਈ ਹੋਰ ਸੇਵਕ ਜ਼ਹਿਰ ਵਾਲੀ ਚਾਹ ਨਾ ਛਕ ਲਏ। ਜਦ ਚਾਹ ਦਾ ਘੁੱਟ ਭਰਿਆ ਤਾਂ ਸੰਤ ਆਪਣੇ ਗੜਵਈ ਨੂੰ ਕਹਿੰਦੇ, "ਬਲਵੀਰ ਸਿੰਹਾਂ! ਸਾਨੂੰ ਚਾਹ ਦੇ ਸੁਆਦ ਵਿਚ ਕੁਝ ਫਰਕ ਲਗਦਾ।" ਜਦ ਉਸਨੇ ਘੁੱਟ ਭਰਕੇ ਵੇਖਿਆ ਤਾਂ ਰੌਲਾ ਪਾ ਦਿੱਤਾ ਕਿ ਇਸ ਵਿਚ ਤਾਂ ਜ਼ਹਿਰ ਹੈ। ਸੰਤਾਂ ਨੇ ਚਾਹ ਸਮੇਤ ਲੰਗਰ ਵਿਚ ਖਾਣ-ਪੀਣ ਵਾਲਾ ਸਾਰਾ ਸਮਾਨ ਧਰਤ-ਭੇਂਟ ਕਰਵਾ ਦਿੱਤਾ ਅਤੇ ਲੰਗਰ ਹਾਲ ਦੀ ਸਫਾਈ ਕਰਨ ਨੂੰ ਕਿਹਾ। ਸਫਾਈ ਦੌਰਾਨ ਸਲਫਾਸ ਦੀਆਂ ਗੋਲੀਆਂ ਵਾਲੀ ਖਾਲੀ ਟਿਊਬ ਲੰਗਰ ਹਾਲ ਵਿਚੋਂ ਮਿਲ ਗਈ। ਕੁਝ ਸੇਵਾਦਾਰਾਂ ਨੇ ਸੰਤਾਂ ਕੋਲ ਬੇਨਤੀ ਕੀਤੀ ਕਿ ਜਿਸ ਪ੍ਰੇਮੀ ਨੇ ਚਾਹ ਵਿਚ ਜ਼ਹਿਰ ਪਾਈ, ਉਸਨੂੰ ਅਸਥਾਨ ਤੋਂ ਕੱਢ ਕਿਉਂ ਨਹੀਂ ਦਿੰਦੇ। ਤਾਂ ਆਪ ਨੇ ਫ਼ੁਰਮਾਇਆ:

ਆਪਿ ਉਪਾਏ ਨਾਨਕਾ ਆਪੇ ਰਖੈ ਵੇਕ ॥
ਮੰਦਾ ਕਿਸ ਨੋ ਆਖੀਐ ਜਾਂ ਸਭਨਾ ਸਾਹਿਬੁ ਏਕੁ ॥ (ਮ:2-1238)

ਸੇਵਕ ਤਾਂ ਸੰਤਾਂ ਦੀ ਨਿਰਵੈਰਤਾ ਵਾਲੀ ਦ੍ਰਿਸ਼ਟੀ ਵੇਖਕੇ ਧੰਨ ਕਰਦੇ ਬਾਹਰ ਆ ਗਏ। ਪਰ ਇਹ ਸਿੰਘ ਸ਼ਾਮ ਤੱਕ ਬਹੁਤ ਪ੍ਰੇਸ਼ਾਨ ਸੀ। ਇਸਦਾ ਮਨ ਦੁਬਿਧਾ ਵਿਚ ਸੀ। ਅੰਦਰ ਇਕ ਦਵੰਦ ਚਲ ਰਿਹਾ ਸੀ। ਇਕ ਮਨ ਕਹਿ ਰਿਹਾ ਸੀ ਕਿ ਸੰਤਾਂ ਦੇ ਚਰਨਾਂ 'ਤੇ ਡਿੱਗ ਕੇ ਭੁੱਲ ਬਖ਼ਸ਼ਾ ਲੈ, "ਹੇ ਮਹਾਰਾਜ ਮੈਂ ਔਗੁਣਹਾਰ ਹਾਂ, ਗੁਨਾਹਗਾਰ ਹਾਂ, ਬਖ਼ਸ਼ ਲੈ ਤੂੰ ਬਖ਼ਸ਼ਣਹਾਰ ਹੈ। ਜੇਕਰ ਮੈਂ ਗੁਨਾਹਗਾਰ ਨਾ



ਹੁੰਦਾ ਤਾਂ ਤੂੰ ਬਖ਼ਸ਼ਣਹਾਰ ਕਿਸ ਤਰ੍ਹਾਂ ਬਣਦਾ?" ਦੂਸਰਾ ਮਨ ਕਹਿ ਰਿਹਾ ਸੀ ਕਿ ਕਿਸੇ ਨੂੰ ਕੀ ਪਤਾ ਕਿ ਜ਼ਹਿਰ ਮੈਂ ਮਿਲਾਈ ਸੀ। ਅੱਜ ਨਹੀਂ ਤਾਂ ਕਦੇ ਫਿਰ ਕਾਮਯਾਬ ਹੋ ਜਾਵਾਂਗੇ। ਸਾਡੇ ਦੋ ਮਨ ਹੁੰਦੇ ਹਨ। ਚੰਗਾ ਮਨ ਚੰਗਿਆਈਆਂ ਵਲ ਪ੍ਰੇਰਿਤ ਕਰਦਾ ਹੈ ਜਦਕਿ ਬੁਰਾ ਮਨ ਬੁਰਾਈਆਂ ਵਲ ਖਿੱਚਦਾ ਹੈ। ਜਦ ਬੁਰਾ ਮਨ ਵਿਵੇਕ 'ਤੇ ਭਾਰੂ ਹੋ ਜਾਂਦਾ ਹੈ ਤਾਂ ਪਾਪ ਹੀ ਉਪਜਦੇ ਹਨ, ਬਦੀਆਂ ਹੀ ਜਨਮ ਲੈਂਦੀਆਂ ਹਨ। ਇਹ ਸਿੰਘ ਕਦੇ ਭੁੱਲ ਹੀ ਨਾ ਬਖ਼ਸ਼ਾ ਸਕਿਆ ਕਿ ਸੰਤਾਂ ਕੋਲ ਕਿਹੜਾ ਸਬੂਤ ਹੈ ਕਿ ਜ਼ਹਿਰ ਮੈਂ ਹੀ ਪਾਈ ਸੀ। ਮਨ 'ਤੇ ਅਗਿਆਨ ਨੇ ਐਸਾ ਪਰਦਾ ਪਾਇਆ ਕਿ ਯਾਦ ਹੀ ਨਾ ਰਿਹਾ ਕਿ:

ਲੁਕਿ ਕਮਾਵੈ ਕਿਸ ਤੇ ਜਾ ਵੇਖੈ ਸਦਾ ਹਦੂਰਿ ॥
ਥਾਨ ਥਨੰਤਰਿ ਰਵਿ ਰਹਿਆ ਪ੍ਰਭੁ ਮੇਰਾ ਭਰਪੂਰਿ ॥ (ਮ:5-48)

ਅਜੇ ਦਿਮਾਗ ਦੇ ਅੰਬਰਾਂ 'ਤੇ ਬਦੀਆਂ ਦੀ ਗਹਿਰ ਘਟੀ ਨਹੀਂ ਸੀ। ਅਜੇ ਵੀ ਕੁਝ ਅਜਿਹਾ ਕਰਨਾ ਚਾਹੁੰਦਾ ਸੀ ਜਿਸ ਨਾਲ ਅਸਥਾਨ ਦੀ ਬਦਨਾਮੀ ਹੋਵੇ। ਇਹ ਤਾਂ

ਉਸੇ ਰੁੱਖ ਦਾ ਮੁਕਬਲਾ ਬੁਰਾ ਮੰਗੇ,
ਜਿਸ ਦਾ ਖਾਏ ਮੇਵਾ ਮਾਣੇ ਛਾਉਂ ਮੀਆਂ। (ਮੁਕਬਲ)

ਉੱਠਦਿਆਂ, ਬਹਿੰਦਿਆਂ ਇਹੋ ਹੀ ਸੋਚਦਾ ਰਹਿੰਦਾ ਕਿ ਸੰਤਾਂ ਦਾ ਬੁਰਾ ਕਿਵੇਂ ਕਰਨਾ ਹੈ। ਬੋਲਾਂ ਵਿਚ ਮਿਠਾਸ ਸੀ, ਨਿਮਰਤਾ ਸੀ। ਚਿਹਰੇ 'ਤੇ ਹਾਸਾ ਸੀ ਪਰ ਅੰਦਰ ਅੱਗ ਦੇ ਭਾਂਬੜ ਬਲ ਰਹੇ ਸਨ। ਅੱਗ ਵਿਚ ਪੁੰਨ ਦੇ ਬੀਜ ਨਹੀਂ ਪੁੰਗਰਦੇ, ਪਾਪ ਹੀ ਵਧ ਫੁੱਲ ਸਕਦਾ ਹੈ। ਸੋਚਾਂ ਗੰਦਲੀਆਂ ਹੀ ਹੁੰਦੀਆਂ ਜਾ ਰਹੀਆਂ ਸਨ। ਮੱਤ ਖੋਟੀ ਹੀ ਹੁੰਦੀ ਜਾ ਰਹੀ ਸੀ। ਮਤ ਵਿਚ ਇੰਨੇ ਪਾਪ ਭਰ ਗਏ ਸਨ ਕਿ ਪੁੰਨਾਂ ਲਈ ਥਾਂ ਹੀ ਨਹੀਂ ਸੀ ਬਚਿਆ। ਜੋ:

ਭਰੀਐ ਮਤਿ ਪਾਪਾ ਕੈ ਸੰਗਿ ॥
ਓਹੁ ਧੋਪੈ ਨਾਵੈ ਕੈ ਰੰਗਿ ॥ (ਮ:1-4)

ਨਾਮ ਹੀ ਨਹੀਂ ਜਪੋਗੇ, ਸਿਮਰਨ ਹੀ ਨਹੀਂ ਕਰੋਗੇ ਤਾਂ ਮਤ ਕਿਸ ਤਰ੍ਹਾਂ ਨਿਰਮਲ ਹੋਵੇਗੀ। ਬਾਣਾ ਪਾਉਣ ਨਾਲ ਜਾਂ ਭੇਖ ਬਣਾਉਣ ਨਾਲ ਤਾਂ ਮਤ ਨਿਰਮਲ ਨਹੀਂ ਹੋ ਜਾਂਦੀ। ਤਨ ਦਾ ਸਾਧ ਹੋਣਾ ਤਾਂ ਬਹੁਤ ਸੁਖਾਲਾ ਹੁੰਦਾ ਹੈ, ਮਨ ਦਾ ਸਾਧ ਹੀ ਨਹੀਂ ਹੋਇਆ ਜਾਂਦਾ। ਕਈ ਤਨ ਦੇ ਸਾਧੂ ਮਨ ਦੇ ਚੋਰ ਹੋਇਆ

ਕਰਦੇ ਹਨ। ਬਾਹਰੋਂ ਵੇਖਣ ਨੂੰ ਸਾਬਤ-ਸਾਬਤ, ਭਰੇ-ਭਰੇ ਲਗਦੇ ਹਨ ਪਰ ਅੰਦਰੋਂ ਬਹੁਤ ਊਣੇ, ਬਹੁਤ ਖਾਲੀ-ਖਾਲੀ ਹੁੰਦੇ ਹਨ। ਇਹ ਜਨ ਵੀ ਗੱਲਾਂ ਹੀ ਰੌਸ਼ਨੀ ਦੀਆਂ ਕਰਦਾ, ਪਰ ਮਨ ਵਿਚ ਘੋਰ ਅੰਧਕਾਰ ਸੀ। ਜਦ ਕਾਲਖ਼ ਵਧੇਰੇ ਹੋ ਜਾਂਦੀ ਤਾਂ ਚਿੱਟਾ ਚੋਲਾ ਵੀ ਉਸਨੂੰ ਲੁਕਾਉਣ ਦੇ ਸਮਰੱਥ ਨਹੀਂ ਰਹਿੰਦਾ। ਪਹਿਰਾਵੇ ਨਾਲ ਰੱਬ ਨਹੀਂ ਪਾਇਆ ਜਾ ਸਕਦਾ। ਰੱਬ ਤਾਂ ਸਾਫ ਦਿਲਾਂ ਦੇ ਹਿੱਸੇ ਹੀ ਆਉਂਦਾ ਹੈ।

ਜੇ ਰੱਬ ਮਿਲਦਾ ਜੰਗਲ ਭਵਿਆਂ, ਮਿਲਦਾ ਗਊਆਂ ਵੱਛੀਆਂ ਹੂ।
ਜੇ ਰੱਬ ਮਿਲਦਾ ਤੀਰਥ ਨ੍ਹਾਇਆਂ, ਮਿਲਦਾ ਡੱਡੂਆਂ ਮੱਛੀਆਂ ਹੂ।
ਜੇ ਰੱਬ ਮਿਲਦਾ ਵਾਲ ਵਧਾਇਆਂ, ਮਿਲਦਾ ਭੇਡਾਂ ਸੱਸੀਆਂ ਹੂ।
ਸਾਈਂ ਬਾਹੂ ਰੱਬ ਉਹਨਾਂ ਨੂੰ ਮਿਲਦਾ, ਨੀਤਾਂ ਜਿਹਨਾਂ ਦੀਆਂ ਹੱਛੀਆਂ ਹੂ।
(ਸੁਲਤਾਨ ਬਾਹੂ ਜੀ)

ਫ਼ਰੀਦ ਜੀ ਫ਼ੁਰਮਾਉਂਦੇ ਹਨ ਕਿ

ਫ਼ਰੀਦਾ ਪਾੜਿ ਪਟੋਲਾ ਧਜ ਕਰੀ ਕੰਬਲੜੀ ਪਹਿਰੇਉ ॥
ਜਿਨੀ ਵੇਸੀ ਸਹੁ ਮਿਲੈ ਸੇਈ ਵੇਸ ਕਰੇਉ ॥ (ਫਰੀਦ ਜੀ, 1383)

ਮੈਂ ਬਸਤਰ ਪਾੜ ਕੇ ਲੀਰਾਂ-ਲੀਰਾਂ ਕਰ ਦੇਵਾਂ ਅਤੇ ਕੰਬਲੀ ਪਹਿਨ ਲਵਾਂ। ਭਾਵ ਫ਼ਕੀਰ ਬਣ ਜਾਵਾ ਜੇਕਰ ਇਸ ਤਰ੍ਹਾਂ ਕਰਨ ਨਾਲ ਪ੍ਰਭੂ ਮਿਲ ਜਾਵੈ। ਅਗਲੇ ਸਲੋਕ ਵਿਚ ਜਵਾਬ ਮਿਲਦਾ ਹੈ ਕਿ:

ਕਾਇ ਪਟੋਲਾ ਪਾੜਤੀ ਕੰਬਲੜੀ ਪਹਿਰੇਇ ॥
ਨਾਨਕ ਘਰ ਹੀ ਬੈਠਿਆ ਸਹੁ ਮਿਲੈ ਜੇ ਨੀਅਤਿ ਰਾਸਿ ਕਰੇਇ ॥
(ਮ:3-1383)

ਬਸਤਰ ਪਾੜ ਕੇ ਕੰਬਲੀ ਧਾਰਣ ਕਰਨ ਭਾਵ ਫ਼ਕੀਰ ਬਣ ਜਾਣ ਦੀ ਕੀ ਲੋੜ ਹੈ, ਜੇਕਰ ਨੀਅਤ ਖਰੀ ਹੋਵੇ ਤਾਂ ਪ੍ਰਮਾਤਮਾ ਘਰ ਬੈਠਿਆਂ ਹੀ ਮਿਲ ਜਾਂਦਾ ਹੈ।

ਇਹਨਾਂ ਦੀਆਂ ਨੀਅਤਾਂ ਹੀ ਤਾਂ ਮਾੜੀਆਂ ਸਨ, ਸੋਚ ਹੀ ਤਾਂ ਬੁਰੀ ਸੀ। ਰੋਜ਼ੀ-ਰੋਟੀ ਦੇ ਮਾਰੇ ਸਾਧ ਤਾਂ ਹੋ ਗਏ ਸਨ ਪਰ ਮਨ ਨਹੀਂ ਸਾਧ ਹੋਇਆ ਸੀ। ਇਹਨਾਂ ਨੇ ਤਾਂ ਪਾਪਾਂ ਨੂੰ ਹੀ ਮਿੱਤਰ ਬਣਾ ਲਿਆ ਸੀ।

ਕਬੀਰ ਸਿਖ ਸਾਖਾ ਬਹੁਤੇ ਕੀਏ ਕੇਸੋ ਕੀਓ ਨਾ ਮੀਤੁ।
ਚਾਲੇ ਥੇ ਹਰਿ ਮਿਲਨ ਕਉ ਬੀਚੈ ਅਟਕਿਓ ਚੀਤੁ ॥
(ਕਬੀਰ ਜੀ,1369)



ਜ਼ਿੰਦਗੀ ਦੇ ਅਸਲ ਮਨੋਰਥ ਤੋਂ ਐਨਾ ਭਟਕ ਗਏ ਕਿ ਜਿਸ ਗੁਰੂ ਅੱਗੇ ਮੋਕਸ਼ ਲਈ ਅਰਦਾਸ ਕਰਦੇ ਹਾਂ ਉਸਦੇ ਦਰਬਾਰ ਵਿਚ ਹੀ ਜ਼ਹਿਰ ਮਿਲੇ ਕੜਾਹ ਪ੍ਰਸ਼ਾਦ ਦੀ ਦੇਗ ਚੜ੍ਹਾ ਦਿੱਤੀ। ਦੂਜੇ ਪਾਸੇ ਸੰਤਾਂ ਜੋ ਨੇਤਰ ਬੰਦ ਕਰਕੇ ਕੁਝ ਸਮੇਂ ਤੋਂ ਸੰਗਤ ਦੇ ਸਨਮੁੱਖ ਬੈਠੇ ਸਭ ਕੁਝ ਵੇਖ ਰਹੇ ਸਨ, ਨੇ ਚੁੱਪ ਤੋੜਦਿਆਂ ਕੋਲ ਬੈਠੀ ਬੀਬੀ ਗੁਰਮੀਤ ਕੌਰ ਧਾਮੀਆਂ ਨੂੰ ਦਰਬਾਰ ਸਾਹਿਬ ਵਿਚੋਂ ਹੁਣੇ ਚੜ੍ਹੀ ਕੜਾਹ ਪ੍ਰਸ਼ਾਦ ਦੀ ਦੇਗ ਲਿਆਉਣ ਵਾਸਤੇ ਕਿਹਾ। ਦੇਗ ਲਿਆਂਦੀ ਗਈ ਅਤੇ ਆਪਣੇ ਇਕ ਸੇਵਕ ਕੋਲੋਂ ਧਰਤੀ ਵਿਚ ਡੂੰਘਾ ਟੋਇਆ ਪਟਾਕੇ ਦਬਾ ਦਿੱਤੀ। ਬੀਬੀ ਦੇ ਪੁੱਛਣ ’ਤੇ ਦੱਸਿਆ ਕਿ ਇਸ ਵਿਚੋਂ ਜ਼ਹਿਰ ਮਿਲਿਆ ਹੋਇਆ ਸੀ। ਜਦ ਸੰਗਤ ਨੇ ਸੁਣਿਆ ਤਾਂ ਅੱਖਾਂ ਅੱਡੀਆਂ ਹੀ ਰਹਿ ਗਈਆਂ, ਮੂੰਹ ਖੁੱਲ੍ਹਾ ਹੀ ਰਹਿ ਗਿਆ, ਸਾਹ ਸੰਘ ਵਿਚ ਹੀ ਅਟਕ ਗਏ ਕਿ ਐਡਾ ਅਕ੍ਰਿਤਘਣ ਕੌਣ ਹੋ ਸਕਦਾ ਹੈ ਜਿਸਨੇ ਪ੍ਰਮੇਸ਼ਰ ਰੂਪੀ ਸੰਗਤ ਨੂੰ ਜ਼ਹਿਰ ਦੇਣ ਦੀ ਕੋਸ਼ਿਸ਼ ਕੀਤੀ। ਸੰਤ ਤਾਂ ਜਾਣੀਜਾਣ ਸਨ। ਜ਼ਹਿਰ ਨੂੰ ਵੀ ਜਾਣਦੇ ਸਨ ਅਤੇ ਜ਼ਹਿਰ ਪਾਉਣ ਵਾਲੇ ਨੂੰ ਵੀ ਜਾਣਦੇ ਸਨ। ਜਦ ਸੰਗਤ ਨੇ ਪੁੱਛਿਆ ਤਾਂ ਸੰਤ ਕਹਿੰਦੇ ਕਿ ਕੋਈ ਰੱਬ ਨੂੰ ਵਿਸਾਰ ਚੁੱਕਿਆ ਅਭਾਗਾ ਹੀ ਹੋਵੇਗਾ। ਇਹ ਕਬਜ਼ਾ ਹੋਣ ਦੇ ਮਨਸੂਬੇ ਨਾ ਪੂਰੇ ਹੁੰਦੇ ਦੇਖ ਕੇ ਅਸਥਾਨ ਤੋਂ ਤਾਂ ਚਲਾ ਗਿਆ ਪਰ

ਅਕਿਰਤਘਣੈ ਕਉ ਰਖੈ ਨ ਕੋਈ ਨਰਕ ਘੋਰ ਮਹਿ ਪਾਵਣਾ ॥
(ਮ:5-1086)

ਘਰ ਦਾ ਤਾਂ ਪਹਿਲਾਂ ਨਹੀਂ ਸੀ, ਘਾਟ ਦਾ ਵੀ ਨਾ ਰਿਹਾ ਅਤੇ ਜਿਸ ਲੜਕੇ ਨੂੰ ਮਾਲਕ ਬਣਾਉਣ ਦੀ ਖ਼ਾਤਰ ਅਸਥਾਨ ’ਤੇ ਕਬਜ਼ਾ ਕਰਨਾ ਚਾਹੁੰਦਾ ਸੀ ਉਹ ਨਸ਼ਿਆਂ ਦਾ ਜ਼ਹਿਰ ਖਾ-ਖਾ ਕੇ ਮਰਿਆ।

# ਸੇਵਕ ਕੀ ਓੜਕ ਨਿਬਹੀ ਪ੍ਰੀਤਿ

ਸੰਤ ਬਾਬਾ ਤੀਰਥ ਸਿੰਘ ਜੀ ਦੀ ਦਿਨ ਰਾਤ ਦੀ ਕਰੜੀ ਤਪੱਸਿਆ ਅਤੇ ਬਾਣੀ ਦਾ ਨਿਰੰਤਰ ਪ੍ਰਵਾਹ ਨੇ ਇਸ ਅਸਥਾਨ ਨੂੰ ਤੀਰਥ ਬਣਾਉਣ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ ਸੀ।

ਸੰਤ ਜਨਾ ਮਿਲੁ ਸੰਗਤੀ ਗੁਰਮੁਖਿ ਤੀਰਥੁ ਹੋਇ ॥
ਅਠਸਠਿ ਤੀਰਥ ਮਜਨਾ ਗੁਰਦਰਸੁ ਪਰਾਪਤਿ ਹੋਇ ॥ (ਮ:1-597)

ਸੰਤਾਂ ਦਾ ਰਹਿਣ ਸਹਿਣ ਅਤੇ ਮਰਿਯਾਦਾ ਸਤਿਯੁਗ ਵਾਲੀ ਸੀ। ਉਨ੍ਹਾਂ ਦੇ ਕਾਰ ਵਿਹਾਰ ਅਤੇ ਬੋਲਚਾਲ ਵਿਚ ਸਤ ਹੀ ਪ੍ਰਧਾਨ ਸੀ। ਸਮ ਦ੍ਰਿਸ਼ਟੀ, ਨਿਮਰਤਾ ਅਤੇ ਮਿਠਾਸ ਕਾਰਨ ਇਹ ਅਸਥਾਨ ਬੈਕੁੰਠ ਬਣ ਗਿਆ।

ਬੈਕੁੰਠ ਨਗਰੁ ਜਹਾ ਸੰਤ ਵਾਸਾ ॥ (ਮ:5-742)

ਸੰਤ ਚੱਤੋ-ਪਹਿਰ ਆਪ ਵੀ ਵਿਸਮਾਦ ਵਿਚ ਰਹਿੰਦੇ ਅਤੇ ਮਿਲਣ ਵਾਲੇ ਵੀ ਆਨੰਦਿਤ ਹੁੰਦੇ। ਹਿਰਦੇ ਵਿਚ ਪ੍ਰਭੂ ਦਾ ਨਾਮ ਵਸਾ ਲੈਣ ਨਾਲ ਸੰਤਾਂ ਦੇ ਚਿਹਰੇ 'ਤੇ ਹਮੇਸ਼ਾ ਖੇੜਾ ਰਹਿੰਦਾ। ਕਦੇ ਚਿੰਤਾ ਜਾਂ ਗਿਲੇ-ਸ਼ਿਕਵੇ ਦਾ ਪ੍ਰਛਾਵਾਂ ਨਾ ਦਿਸਦਾ। ਸੰਤਾਂ ਨੇ ਤਾਂ ਫਕੀਰੀ ਦਾ ਮੁਸ਼ਕਲ ਘਾਟ ਪਾਰ ਕਰ ਲਿਆ ਹੋਇਆ ਸੀ।

ਮੁਸ਼ਕਲ ਘਾਟ ਫ਼ਕੀਰੀ ਦਾ ਵੋ
ਮੁਸ਼ਕਲ ਘਾਟ ਫ਼ਕੀਰੀ ਦਾ।
ਪਾਇ ਕੁਠਾਲੀ ਦੁਰਮਤਿ ਗਾਲੀ
ਕਰਮ ਜਗਾਇ ਸ਼ਰੀਰੀ ਦਾ ਵੋ।
ਛੋਡਿ ਤਕੱਬਰੀ ਪਕੜੀ ਹਲੀਮੀ
ਰਾਹਿ ਪਕੜੋ ਸ਼ੀਰੀ ਦਾ ਵੋ।
ਕਹੈ ਹੁਸੈਨ ਫਕੀਰ ਨਿਮਾਣਾ,
ਦਫ਼ਤਰ ਪਾੜੋ ਮੀਰੀ ਦਾ ਵੋ। (ਸ਼ਾਹ ਹੁਸੈਨ ਜੀ)

ਦਿਨੋ ਦਿਨ ਇਸ ਫਕੀਰ ਦੇ ਦਰ 'ਤੇ ਆਉਣ ਵਾਲੀ ਸੰਗਤ ਵਿਚ ਵਾਧਾ ਹੋ ਰਿਹਾ ਸੀ ਅਤੇ ਅਸਥਾਨ 'ਤੇ ਰਹਿਣ ਵਾਲੇ ਸਿੰਘਾਂ ਦੀ ਗਿਣਤੀ ਵੀ ਵਧ ਰਹੀ ਸੀ। ਉਸੇ ਹਿਸਾਬ ਨਾਲ ਅਸਥਾਨ ਦੀ ਇਮਾਰਤ ਵੀ ਵਧਦੀ ਜਾ ਰਹੀ



ਸੀ। ਸੰਗਤ ਨੇ ਸਰੋਵਰ ਦੀ ਮੰਗ ਕੀਤੀ ਤਾਂ ਸੰਤਾਂ ਨੇ ਭੋਰੇ ਦੇ ਸਾਹਮਣੇ ਇਕ ਛੋਟਾ ਸਰੋਵਰ ਬਣਾਇਆ ਤਾਂ ਕਿ ਸੰਗਤ ਇਸ਼ਨਾਨ ਕਰ ਸਕੇ। ਅਣਗਿਣਤ ਸੇਵਕ ਸੇਵਾ ਕਰਨ ਆਉਂਦੇ। ਸਭ ਨਾਲ ਸੰਤ ਬਹੁਤ ਪਿਆਰ ਕਰਦੇ। ਭਾਈ ਸਬੇਗ ਸਿੰਘ ਜੋ 1976 ਤੋਂ ਸੰਤਾਂ ਦਾ ਅਨਿੰਨ ਸ਼ਰਧਾਲੂ ਸੀ, ਨਾਲ ਸੰਤਾਂ ਦਾ ਅਤਿਅੰਤ ਮੋਹ ਸੀ। ਉਹ ਸੰਤਾਂ ਦੁਆਰਾ ਦਰਸਾਏ ਰਾਮ ਨਾਮ ਦੇ ਮਾਰਗ 'ਤੇ ਚੱਲਦਿਆਂ 1990 ਵਿਚ ਗੁਰਪੁਰੀ ਸਿਧਾਰ ਗਿਆ।

ਸੇਵਕ ਕੀ ਓੜਕਿ ਨਿਬਹੀ ਪ੍ਰੀਤਿ ॥
ਜੀਵਤ ਸਾਹਿਬੁ ਸੇਵਿਓ ਅਪਨਾ ਚਲਤੇ ਰਾਖਿਓ ਚੀਤਿ ॥ (ਮ:5-1000)

ਮਹਾਂਪੁਰਸ਼ਾਂ ਦਾ ਭਾਈ ਜੀ ਨਾਲ ਐਨਾ ਪਿਆਰ ਸੀ ਕਿ ਉਸ ਦੀਆਂ ਅੰਤਿਮ ਕਿਰਿਆਵਾਂ ਆਪਣੇ ਹੱਥੀਂ ਅਸਥਾਨ ਵਿਖੇ ਹੀ ਕੀਤਿਆਂ ਅਤੇ ਉਸੇ ਜਗ੍ਹਾ ਉਤੇ ਉਸ ਦੇ ਨਾਮ ਦਾ ਇਕ ਕਮਰਾ ਬਣਾਇਆ ਜੋ ਅੱਜ ਵੀ ਮੌਜੂਦ ਹੈ। ਇਹ ਸਾਧੂ ਦੀ ਪ੍ਰੀਤ ਹੀ ਹੈ ਜੋ ਆਖਰ ਤੱਕ ਨਿਭਦੀ ਹੈ। ਭਾਈ ਜੀ ਦੀ ਵੀ ਇਹ ਹੀ ਇੱਛਾ ਸੀ ਕਿ :

ਆਦਿ ਮਧਿ ਜੋ ਅੰਤਿ ਨਿਬਾਹੈ ॥
ਸੋ ਸਾਜਨੁ ਮੇਰਾ ਮਨੁ ਚਾਹੈ ॥ (ਮ:5-240)

ਪਿੰਡ ਮੁਹੱਦੀਪੁਰ ਤੋਂ ਬਲਵੀਰ ਸਿੰਘ ਜਿਸ ਨੂੰ ਸੰਤਾਂ ਦੇ ਗੜਵਈ ਦੀ ਸੇਵਾ ਕਰਦਿਆਂ 6-7 ਸਾਲ ਹੋ ਗਏ ਸਨ। ਨਿਸ਼ਕਾਮ ਸੇਵਾ ਅਤੇ ਸੰਤਾਂ ਦਾ ਹੁਕਮ ਮੰਨਣ ਕਾਰਨ ਸੰਤਾਂ ਦੀਆਂ ਅਪਾਰ ਬਖਸ਼ਿਸ਼ਾਂ ਮਾਣ ਰਿਹਾ ਸੀ। ਇਸ ਨੇ ਏਨੀ ਤਨਦੇਹੀ ਨਾਲ ਸੰਤਾਂ ਦੀ ਸੇਵਾ ਕੀਤੀ ਜਿਸ ਨੂੰ ਅੱਜ ਵੀ ਅਸਥਾਨ ਅੰਦਰ ਯਾਦ ਕੀਤਾ ਜਾਂਦਾ ਹੈ।

ਇਸ ਉੱਤੇ ਸੰਤਾਂ ਦੀ ਅਜਿਹੀ ਕਿਰਪਾ ਸੀ ਕਿ ਇਕ ਪਲ ਵੀ ਸੇਵਾ ਅਤੇ ਸਿਮਰਨ ਤੋਂ ਬਗੈਰ ਨਾ ਗੁਜ਼ਾਰਦਾ। ਥੋੜ੍ਹੇ ਸਮੇਂ ਵਿਚ ਹੀ ਬਹੁਤੀ ਸੇਵਾ ਕਰਕੇ, ਭਾਈ ਸਬੇਗ ਸਿੰਘ ਤੋਂ ਕੁਝ ਮਹੀਨਿਆਂ ਬਾਅਦ ਹੀ ਇਹ ਵਿਧੀ ਦੇ ਵਿਧਾਨ ਅਨੁਸਾਰ ਪ੍ਰਲੋਕ ਗਮਨ ਕਰ ਗਿਆ ਅਤੇ ਸੰਤ ਇਸ ਦੇ ਅਸਤ ਤਾਰਨ ਕੀਰਤਪੁਰ ਸਾਹਿਬ ਵਿਖੇ ਆਪ ਗਏ। ਭਾਈ ਬਲਵੀਰ ਸਿੰਘ ਤੋਂ ਪਿੱਛੋਂ ਗੜਵਈ ਦੀ ਸੇਵਾ ਭਾਈ ਰਣਜੋਧ ਸਿੰਘ ਜੀ ਕੋਲ ਆ ਗਈ ਅਤੇ ਆਪ ਤਨੋਂ-ਮਨੋਂ ਸੰਤਾਂ ਦੀ ਸੇਵਾ ਵਿਚ ਜੁਟ ਗਏ।

# ਸਾਧੂ ਬੋਲੇ ਸਹਿਜ ਸੁਭਾਇ

ਸੰਤ ਬਾਬਾ ਤੀਰਥ ਸਿੰਘ ਜੀ ਪੂਰਨ ਸਾਧੂ ਸਨ-ਸ਼ੀਲ ਅਤੇ ਸਦਗੁਣਾਂ ਦੀ ਖਾਣ। ਉਨ੍ਹਾਂ ਨੂੰ ਪਰਾਇਆ ਦੁੱਖ ਵੇਖ ਕੇ ਦੁੱਖ ਅਤੇ ਸੁੱਖ ਵੇਖ ਕੇ ਸੁੱਖ ਮਿਲਦਾ ਸੀ। ਉਹ ਰਾਤ ਦਿਨ ਪ੍ਰਭੂ ਦਾ ਸਿਮਰਨ ਕਰ ਕਰ ਕੇ ਪ੍ਰਭੂ ਨਾਲ ਅਭੇਦ ਹੋ ਚੁੱਕੇ ਸਨ।

ਆਠ ਪਹਿਰ ਪ੍ਰਭ ਬਸਹਿ ਹਜੂਰੇ ॥
ਕਹੁ ਨਾਨਕ ਸੇਈ ਜਨ ਪੂਰੇ ॥ (ਮ:5-286)

ਜੋ ਸੰਤ ਪ੍ਰਭੂ ਨਾਲ ਅਭੇਦ ਹੋ ਜਾਂਦੇ ਹਨ ਉਹ ਪੂਰਨ ਹੁੰਦੇ ਹਨ। ਉਨ੍ਹਾਂ ਦੀ ਰਸਨਾ ਤੇ ਪ੍ਰਮੇਸ਼ਰ ਦਾ ਵਾਸਾ ਹੋ ਜਾਂਦਾ ਹੈ। ਸੰਤ ਬਾਬਾ ਤੀਰਥ ਸਿੰਘ ਜੀ ਵਿਚ ਪੂਰਨਤਾ ਤਾਂ ਏਨੀ ਸੀ ਕਿ ਮੂੰਹ ਚੋਂ ਸਹਿਜ-ਸੁਤੇ ਨਿਕਲਿਆ ਬਚਨ ਵੀ ਪੂਰਾ ਹੋ ਜਾਂਦਾ। ਪਿੰਡ ਮੁਹੱਦੀਪੁਰ ਤੋਂ ਬੀਬੀ ਗਿਆਨ ਕੌਰ। ਇਸਦਾ ਪਤੀ ਗੁਰਨਾਮ ਸਿੰਘ ਨਸ਼ੇ-ਪੱਤੇ ਦਾ ਆਦੀ ਹੋਣ ਕਾਰਨ ਘਰੋਂ ਚਲਾ ਜਾਂਦਾ। ਕਈ ਕਈ ਮਹੀਨੇ ਕਿਸੇ ਜੱਟ ਨਾਲ ਕੰਮ ਕਰਦਾ ਰਹਿੰਦਾ ਅਤੇ ਖਾਲੀ ਹੱਥੀਂ ਘਰ ਪਰਤ ਆਉਂਦਾ। ਬੀਬੀ ਗਿਆਨ ਕੌਰ ਬਹੁਤ ਦੁੱਖੀ ਸੀ। ਘਰ ਦਾ ਗੁਜ਼ਾਰਾ ਵੀ ਬੜੀ ਮੁਸ਼ਕਿਲ ਨਾਲ ਚੱਲਦਾ ਸੀ। ਇਕ ਬਾਰ ਬੀਬੀ ਨਵੀਂ ਮੱਕੀ ਪੀਹ ਕੇ ਆਟੇ ਦਾ ਡੋਲੂ ਭਰਕੇ ਗੁਰਦੁਆਰਾ ਈਸ਼ਰਪੁਰੀ ਸਾਹਿਬ ਵਿਖੇ ਚੜ੍ਹਾਉਣ ਗਈ। ਜਦ ਸੰਤਾਂ ਨੇ ਇਸ ਦੇ ਹੱਥ ਵਿਚ ਡੋਲੂ ਵੇਖਿਆ ਤਾਂ ਸਹਿਜ ਸੁਭਾਅ ਹੀ ਕਹਿੰਦੇ ਬੀਬੀ ਦੁੱਧ ਹੈ ? ਬੀਬੀ ਨੇ ਦੱਸਿਆ ਕਿ ਆਟਾ ਹੈ। ਰੱਬ ਦੀ ਐਸੀ ਕੁਦਰਤ ਕਿ ਦੂਜੇ ਦਿਨ ਗੁਰਨਾਮ ਸਿੰਘ ਜਿਸ ਜੱਟ ਦਾ ਕੰਮ ਕਰਦਾ ਸੀ ਉਹ ਇਨ੍ਹਾਂ ਦੇ ਘਰ ਸੱਜਰ ਸੂਈ ਮੱਝ ਬੰਨ੍ਹ ਗਿਆ ਅਤੇ ਘਰ ਵਿਚ ਦੁੱਧ ਹੀ ਦੁੱਧ ਹੋ ਗਿਆ। ਸੰਤਾਂ ਦਾ ਸਹਿ ਸੁਤੇ ਕਿਹਾ ਬਚਨ ਪੂਰਾ ਹੋ ਗਿਆ। ਬੀਬੀ ਅਗਲੇ ਦਿਨ ਦੁੱਧ ਦਾ ਡੋਲੂ ਭਰ ਕੇ ਗੁਰਦੁਆਰਾ ਸਾਹਿਬ ਚੜ੍ਹਾਉਣ ਗਈ।

ਸਾਧੂ ਬੋਲੇ ਸਹਿਜ ਸੁਭਾਇ ॥
ਸਾਧੂ ਕਾ ਬੋਲਿਆ ਬਿਰਥਾ ਨਾ ਜਾਇ ॥

ਪਿੰਡ ਕੋਟਲੀ ਅਰਾਈਆਂ ਤੋਂ ਸ: ਪਰਮਜੀਤ ਸਿੰਘ ਦਾ ਲੜਕਾ ਅਸਥਾਨ 'ਤੇ ਗੱਡੀ ਚਲਾਉਂਦਾ ਸੀ। ਕਣਕ ਬੀਜਣ ਵਾਲੀ ਪਈ ਸੀ। ਰੌਣੀ ਕਰਨੀ ਰਹਿੰਦੀ



ਸੀ। ਜਦ ਪਰਮਜੀਤ ਸਿੰਘ ਨੇ ਸੰਤਾਂ ਨੂੰ ਬੇਨਤੀ ਕੀਤੀ ਕਿ ਮਹਾਰਾਜ ਇੰਦਰਵੀਰ ਸਿੰਘ ਨੂੰ ਕੁਝ ਦਿਨ ਭੇਜ ਦਿਓ ਤਾਂ ਕਿ ਕਣਕ ਦੀ ਬਿਜਾਈ ਹੋ ਸਕੇ ਤਾਂ ਸੰਤ ਕਹਿੰਦੇ ਕਿ ਸੁੱਕੇ ਖੇਤਾਂ ਵਿਚ ਹੀ ਬੀਜ ਦਿਓ, ਇਸ ਨੂੰ ਛੁੱਟੀ ਨਹੀਂ ਮਿਲਣੀ। ਪਰਮਜੀਤ ਸਿੰਘ ਨੇ ਸੁੱਕੇ ਖੇਤਾਂ ਵਿਚ ਹੀ ਕਣਕ ਬੀਜ ਦਿੱਤੀ। ਲੋਕੀਂ ਮਜ਼ਾਕ ਕਰਨ ਕਿ ਖੇਤਾਂ ਵਿਚ ਤਾਂ ਧੂੜ ਉੱਡਦੀ ਹੈ, ਕਣਕ ਕਿਵੇਂ ਜੰਮੇਗੀ ? ਪਰ ਸਾਧੂ ਦਾ ਸਹਿਜ ਸੁਭਾਏ ਮੂੰਹੋਂ ਕੱਢਿਆ ਵਾਕ ਐਨਾ ਪ੍ਰਭਾਵੀ ਹੋਇਆ ਕਿ ਸ਼ਾਇਦ ਹੀ ਕੋਈ ਦਾਣਾ ਹੋਵੇਗਾ ਜੋ ਨਾ ਜੰਮਿਆ ਹੋਵੇ ਅਤੇ ਉਸ ਸਾਲ ਇਨ੍ਹਾਂ ਦੇ ਸਭ ਲੋਕਾਂ ਤੋਂ ਕਣਕ ਦਾ ਵੱਧ ਝਾੜ ਨਿਕਲਿਆ। ਵੇਖਣ ਵਾਲੇ ਹੈਰਾਨ ਰਹਿ ਗਏ। ਵਿਸ਼ਵਾਸ ਹੋ ਗਿਆ ਕਿ

ਕਰਣ ਕਾਰਣ ਪ੍ਰਭੁ ਏਕੁ ਹੈ ਦੂਸਰ ਨਾਹੀ ਕੋਇ ॥
ਨਾਨਕ ਤਿਸੁ ਬਲਿਹਾਰਣੈ ਜਲਿ ਥਲਿ ਮਹੀਅਲਿ ਸੋਇ ॥ (ਮ:5-276)

ਪਿੰਡ ਵਾਹਿਦ ਤੋਂ ਭਾਈ ਅਮਰੀਕ ਸਿੰਘ ਸੰਤਾਂ ਦੇ ਪੱਕੇ ਪ੍ਰੇਮੀ ਸਨ। ਇਨ੍ਹਾਂ ਦਾ ਨਲਕਾ ਪਾਣੀ ਦੇਣੋਂ ਹਟ ਗਿਆ। ਸਭ ਕਹਿਣ ਕਿ ਪਾਣੀ ਡੂੰਘੇ ਹੋ ਗਏ ਹਨ ਅਤੇ ਬੋਰ ਕਰਵਾਉਣਾ ਪਵੇਗਾ। ਇਨ੍ਹਾਂ ਨੇ ਸੰਤਾਂ ਕੋਲ ਬੇਨਤੀ ਕਰਨ ਦਾ ਮੰਨ ਬਣਾ ਲਿਆ।

ਕਹੈ ਹੁਸੈਨ ਫਕੀਰ ਨਿਮਾਣਾ। ਤੈ ਬਾਝਹੁ ਕੋਈ ਹੋਰ ਨਾ ਜਾਣਾ।
ਤੂੰ ਹੀ ਦਾਨਾ ਤੂੰ ਹੀ ਬੀਨਾ। ਤੂੰ ਹੈ ਤਾਣਿ ਨਿਤਾਣੀ ਦਾ। (ਸ਼ਾਹ ਹੁਸੈਨ ਜੀ)

ਜਦ ਸੰਤਾਂ ਨੂੰ ਬੇਨਤੀ ਕੀਤੀ ਤਾਂ ਸੰਤ ਸਹਿਜ ਸੁਭਾਅ ਹੀ ਕਹਿੰਦੇ "ਬਈ ਜਦ ਪਾਣੀ ਧਰਤੀ ਚੋਂ ਹੀ ਨਿਕਲਣਾ ਹੈ, ਇਹ ਤਾਂ ਗੁਰੂ ਨਾਨਕ ਦੀ ਇੱਛਾ ਹੈ ਥੱਲਿਓਂ ਕੱਢ ਦਏ ਜਾਂ ਉੱਪਰੋਂ ਕੱਢ ਦਏ। ਤੁਸੀਂ ਨਲਕੇ ਵਿਚ ਕੁਝ ਦਿਨ ਪਾਣੀ ਪਾਓ।" ਅਮਰੀਕ ਸਿੰਘ ਹੁਰਾਂ ਨੇ ਬਚਨ ਮੰਨ ਕੇ ਨਲਕੇ ਵਿੱਚ ਪਾਣੀ ਪਾਉਣਾ ਸ਼ੁਰੂ ਕਰ ਦਿੱਤਾ।

ਸਤਿਗੁਰ ਬਚਨ ਕਮਾਵਣੇ ਸਚਾ ਏਹੁ ਵੀਚਾਰੁ। (ਮ:5-52)

ਕੁਝ ਦਿਨ ਪਾਣੀ ਪਾਇਆ ਤਾਂ ਨਲਕਾ ਚੱਲਣਾ ਸ਼ੁਰੂ ਹੋ ਗਿਆ। ਬਾਕੀ ਘਰਾਂ ਵਾਲੇ ਕਈ ਵਾਰ ਨਲਕੇ ਪਟਾ ਕੇ ਡੂੰਘੇ ਕਰਵਾ ਚੁੱਕੇ ਹਨ ਪਰ ਭਾਈ ਅਮਰੀਕ ਸਿੰਘ ਦੇ ਘਰ ਲੱਗਾ ਨਲਕਾ ਅੱਜ ਤੱਕ ਮਹਿਜ਼ ਚਾਲੀ ਫੁੱਟ ਦੀ ਡੂੰਘਾਈ

’ਤੇ ਹੀ ਪੂਰਾ ਪਾਣੀ ਦੇ ਰਿਹਾ ਹੈ।

ਕਹੁ ਮਾਨੁਖ ਤੇ ਕਿਆ ਹੋਇ ਆਵੈ ॥
ਜੋ ਤਿਸੁ ਭਾਵੈ ਸੋਈ ਕਰਾਵੈ ॥ (ਮ:5-277)

ਭਾਈ ਅਮਰੀਕ ਸਿੰਘ ਦੀ ਪਤਨੀ ਬੀਬੀ ਰਮਨਜੀਤ ਕੌਰ ਜਦ ਵਾਹਿਦ ਰਹਿੰਦੀ ਸੀ, ਇਕ ਦਿਨ ਸੰਤਾਂ ਕੋਲ ਆਈ ਅਤੇ ਨਮਸਕਾਰ ਕਰਕੇ ਬੈਠ ਗਈ। ਸੰਤ ਕਹਿੰਦੇ ਬਈ ਰਮਨ ਹੁਣ ਦੁੱਧ ਪੀਆ ਕਰ। ਰਮਨ ਬਾਹਰ ਆ ਕੇ ਸੋਚਣ ਲੱਗੀ ਕਿ ਵੱਡਾ ਪਰਿਵਾਰ ਹੈ ਅਤੇ ਇਕੋ ਤੋਕੜ ਮੱਝ। ਦੁੱਧ ਦਾ ਗੁਜ਼ਾਰਾ ਤਾਂ ਪਹਿਲਾਂ ਹੀ ਬੜੀ ਮੁਸ਼ਕਿਲ ਨਾਲ ਹੁੰਦਾ ਹੈ ਮੈਨੂੰ ਪੀਣ ਨੂੰ ਦੁੱਧ ਕਿੱਥੋਂ ਮਿਲਣਾ ਹੈ। ਜਦ ਸ਼ਾਮੀ ਘਰ ਪਹੁੰਚੀ ਤਾਂ ਇਨ੍ਹਾਂ ਦੇ ਕੀਲੇ ਤੇ ਬੱਝੀ ਇਕ ਗਾਂ, ਜਿਸ ਨੂੰ ਸੂਣ ਵਿਚ ਅਜੇ 1½-2 ਮਹੀਨੇ ਪਏ ਸਨ, ਸੂਅ ਪਈ। ਸੂਣ ਤੋਂ ਬਾਅਦ ਦੁੱਧ ਪੈ ਗਈ ਅਤੇ ਕੁਝ ਹੀ ਦਿਨਾਂ ਵਿਚ 14 ਗੜਵੀਆਂ ਦੁੱਧ ਦੀਆਂ ਕਰ ਦਿੱਤੀਆਂ। ਘਰ ਵਿਚ ਦੁੱਧ ਦੀਆਂ ਲਹਿਰਾਂ ਬਹਿਰਾਂ ਹੋ ਗਈਆਂ। ਐਨਾ ਦੁੱਧ ਹੋ ਗਿਆ ਕਿ ਸਾਂਭਿਆ ਨਾ ਜਾਵੇ। ਐਸੀਆਂ ਬਰਕਤਾਂ ਉਸ ਦੇ ਬੋਲਾਂ ਵਿਚ ਹੀ ਹੁੰਦੀਆਂ ਹਨ ਜੋ ਅੱਠੋ ਪਹਿਰ ਪ੍ਰਭੂ ਨੂੰ ਸਿਮਰਦੇ ਹਨ। ਕਿਉਂਕਿ ਰਾਤ ਦਿਨ ਪ੍ਰਭੂ ਦਾ ਸਿਮਰਨ ਕਰਕੇ ਇਹ ਪ੍ਰਭੂ ਦੇ ਨੇੜੇ ਪਹੁੰਚ ਜਾਂਦੇ ਹਨ ਅਤੇ ਪ੍ਰਮੇਸ਼ਰ ਉਨ੍ਹਾਂ ਦੀ ਜ਼ੁਬਾਨ ਚੋਂ ਨਿਕਲੇ ਹਰ ਬਚਨ ਆਪ ਪੂਰਾ ਕਰਦੇ ਹਨ।

ਪ੍ਰਭ ਕਉ ਸਿਮਰਹਿ ਬਸਹਿ ਹਰਿ ਨੇਰੇ ॥ (ਮ:5-263)



## ਪ੍ਰਭ ਭਾਵੈ ਬਿਨੁ ਸਾਸ ਤੇ ਰਾਖੈ

ਸ਼ਾਮਚੁਰਾਸੀ ਤੋਂ ਬੀਬੀ ਸਤਿੰਦਰ ਕੌਰ (ਰਾਣੋ) ਨੂੰ ਗੁਰਦੁਆਰਾ ਈਸ਼ਰਪੁਰੀ ਸਾਹਿਬ ਵਿਖੇ ਸੇਵਾ ਕਰਦਿਆਂ ਮਸਾਂ 2 ਕੁ ਸਾਲ ਹੀ ਹੋਏ ਹੋਣਗੇ ਕਿ ਬਹੁਤ ਬਿਮਾਰ ਹੋ ਗਈ। ਉਟਲੀਆਂ ਆਈਆਂ। ਸਿਰ ਦੁਖਣ ਲਗ ਪਿਆ। ਕਠਾਰ ਵਿਖੇ ਗਾਂਧੀ ਹਸਪਤਾਲ ਵਿਚ ਦਾਖਲ ਕਰਵਾਈ। ਪਤਾ ਲੱਗਾ ਕਿ ਦਿਮਾਗ ਵਿਚ ਰੇਸ਼ਾ ਭਰ ਗਿਆ ਸੀ। ਅਧਰੰਗ ਹੋ ਗਿਆ। ਖੱਬੀ ਲੱਤ ਅਤੇ ਖੱਬੀ ਬਾਂਹ ਖੜ ਗਈ। ਬੇਸੁਧ ਹੋ ਗਈ। ਦਿਨੋ ਦਿਨ ਹਾਲਤ ਵਿਚ ਨਿਘਾਰ ਹੀ ਹੁੰਦਾ ਗਿਆ। ਇਕ ਰਾਤ ਜਦ ਮਾਤਾ ਨਿਰੰਜਨ ਕੌਰ ਕੋਲ ਸੀ ਤਾਂ ਰਾਣੋ ਦੇ ਦਿਲ ਦੀ ਧੜਕਣ ਰੁਕ ਗਈ। ਡਾਕਟਰਾਂ ਨੇ ਚੈਕ ਕੀਤਾ ਅਤੇ ਜਵਾਬ ਦੇ ਦਿੱਤਾ। ਰਾਣੋ ਨਹੀਂ ਰਹੀਂ। ਮਰਨਾ ਤਾਂ ਮੁੱਢ ਤੋਂ ਸੱਚ ਹੈ। ਇਕ ਐਸਾ ਸੱਚ ਜੋ ਕਦੇ ਵੀ ਸੁਣਨ ਦਾ ਹਿਆਂ ਨਹੀਂ ਪੈਂਦਾ। ਅਸੀਂ ਸਾਰੇ ਝੂਠ ਵਿਚ ਹੀ ਜਿਉਂਦੇ ਹਾਂ। ਅਸੀਂ ਝੂਠ ਦੇ ਇੰਨੇ ਆਦੀ ਹੋ ਗਏ ਹਾਂ ਕਿ ਸੱਚ ਸੁਣਨ ਨੂੰ ਸਾਡਾ ਜੀਅ ਹੀ ਨਹੀਂ ਕਰਦਾ। ਚਾਰੇ ਪਾਸੇ ਝੂਠ ਦਾ ਹੀ ਪਸਾਰਾ ਹੈ ਪਰ ਅਸੀਂ ਸੱਚ ਕਰਕੇ ਹੀ ਜਾਣਦੇ ਹਾਂ। ਇੱਕ ਕੋਰਾ ਕਾਗਜ਼ ਹੈ। ਕੱਚੀ ਪੈਨਸਲ ਨਾਲ ਕਾਗਜ਼ ’ਤੇ ਇੱਕ ਬਿੰਦੂ ਬਣਾ ਦਿਤਾ। ਬਿੰਦੂ ਦੀ ਹੋਂਦ ਹੋ ਗਈ। ਜਦ ਰਬੜ ਨਾਲ ਸਾਫ ਕਰ ਦਿਆਂਗੇ ਤਾਂ ਬਿੰਦੂ ਨਹੀਂ ਰਹੇਗਾ। ਇਸਦੀ ਹੋਂਦ ਨਹੀਂ ਰਹੇਗੀ। ਕਾਗਜ਼ ਪਹਿਲਾ ਵੀ ਸਾਫ ਸੀ ਕਾਗਜ਼ ਹੁਣ ਵੀ ਸਾਫ ਹੈ। ਤਾਂ ਫਿਰ ਬਿੰਦੂ ਦੇ ਖਤਮ ਹੋਣ ਦਾ ਦੁੱਖ ਕੈਸਾ? ਇਨਸਾਨ ਵੀ ਦੁਨੀਆਂ ਰੂਪੀ ਕਾਗਜ਼ ’ਤੇ ਰੱਬ ਦੁਆਰਾ ਉਕਰੇ ਬਿੰਦੂ ਵਾਂਗ ਹੀ ਹੁੰਦੇ ਹਨ ਅਤੇ ਜਦ ਉਸਦਾ ਮਨ ਕਰੇ ਮਿਟਾ ਦਿੰਦਾ ਹੈ। ਜੋ ਪਹਿਲਾ ਸੀ ਹੀ ਨਹੀਂ, ਜੇ ਬਾਦ ਵਿਚ ਨਾ ਰਹੇ ਤਾਂ ਦੁੱਖ ਕੇਹਾ? ਪਰ ਅਸੀਂ ਝੂਠ ਵਿੱਚ ਜਿਉਣ ਦੀ ਆਦਤ ਪਾ ਲਈ ਹੈ। ਆਪਣੇ ਆਲੇ ਦੁਆਲੇ ਝੂਠ ਦੇ ਮਹਿਲ ਉਸਾਰ ਲਏ ਹਨ। ਅਹਿਸਾਸ ਹੀ ਨਹੀਂ ਕਿ ਜੋ ਦਿਖਦਾ ਹੈ ਉਹ ਸਥਿਰ ਨਹੀਂ, ਰੇਤ ਦੀ ਕੰਧ ਦੇ ਸਾਮਾਨ ਹੈ- ਨਾਸ਼ਵਾਨ। ਅਨਿਸ਼ਚਿਤ।

ਜਗ ਰਚਨਾ ਸਭ ਝੂਠ ਹੈ ਜਾਨਿ ਲੇਹੁ ਰੇ ਮੀਤ ॥
ਕਹਿ ਨਾਨਕ ਥਿਰੁ ਨਾ ਰਹੈ ਜਿਉ ਬਾਲੂ ਕੀ ਭੀਤਿ ॥ (ਮ:9-1429)

ਅਸੀਂ ਸਥਿਰ ਸਮਝਦੇ ਹਾਂ। ਸਦੀਵੀ ਸਮਝਦੇ ਹਾਂ। ਰਾਣੋ ਦੀ ਮਾਤਾ ਵੀ ਇਸੇ ਲਈ ਦੁਖੀ ਹੋਈ। ਰੋਂਦੀ ਕੁਰਲਾਉਂਦੀ ਗੁਰਦੁਆਰਾ ਸਾਹਿਬ ਸੰਤਾਂ ਪਾਸ

ਪਹੁੰਚ ਗਈ। ਜਦ ਪਹੁੰਚੀ ਤਾਂ ਪੂਰਨਮਾਸ਼ੀ ਦੇ ਰੈਣ ਸੁਬਾਈ ਕੀਰਤਨ ਦਾ ਭੋਗ ਪੈ ਕੇ ਹਟਿਆ ਸੀ। ਧਾਹਾਂ ਮਾਰ ਦਿਤੀਆਂ। ਸੰਭਲ ਨਹੀਂ ਸਕੀ ਸੰਤਾਂ ਦੇ ਚਰਨਾ ਵਿਚ ਡਿਗ ਪਈ। ਰੱਖਣ ਹਾਰਿਆ, ਰੱਖ ਲੈ। ਮੈਂ ਤਾਂ ਸਭ ਕੁਝ ਗੁਆ ਦਿੱਤਾ। ਮੈਂ ਤਾਂ ਹਸਪਤਾਲ ਤੋਂ ਖਾਲੀ ਹੱਥੀਂ ਵਾਪਸ ਆ ਗਈ ਹਾਂ। ਭੁਲ ਗਈ ਕਿ ਪ੍ਰਮਾਤਮਾ ਨੇ ਸਾਨੂੰ ਖਾਲੀ ਹੱਥ ਹੀ ਜਗਤ ਤੇ ਭੇਜਿਆ ਸੀ। ਅਸੀਂ ਆਪਣੇ ਹੱਥ ਭਰ ਲਏ। ਹਰ ਵਸਤ ਨਾਲ ਮੇਰਾ-ਤੇਰਾ ਜੋੜ ਲਿਆ। ਇਹ ਮੇਰਾ, ਇਹ ਤੇਰਾ ਹੀ ਦੁੱਖਾਂ ਦਾ ਕਾਰਣ ਬਣ ਗਿਆ। ਇਕ ਭੱਦਰਪੁਰਸ਼ ਜੋ ਆਪਣੇ ਦੋਸਤਾਂ ਵਿੱਚ ਬੈਠਾ ਗੱਪਾਂ ਮਾਰ ਰਿਹਾ ਸੀ। ਉਸਨੂੰ ਕਿਸੇ ਵਿਅਕਤੀ ਨੇ ਆ ਕੇ ਦੱਸਿਆ ਕਿ ਤੇਰੀ ਗੱਡੀ ਦਾ ਐਕਸੀਡੈਂਟ ਹੋ ਗਿਆ। ਚਕਨਾਚੂਰ ਹੋ ਗਈ। ਤੂੰ ਬਰਬਾਦ ਹੋ ਗਿਆ। ਰੋਣ ਲੱਗ ਪਿਆ। ਮੇਰੀ ਗੱਡੀ ਟੁਟ ਗਈ। ਮੇਰਾ ਨੁਕਸਾਨ ਹੋ ਗਿਆ। ਮੈਂ ਲੁਟਿਆ ਗਿਆ। ਕੁਝ ਪਲਾਂ ਬਾਦ ਹੀ ਦੂਸਰਾ ਵਿਅਕਤੀ ਖ਼ਬਰ ਲੈ ਕੇ ਆਇਆ ਅਤੇ ਕਹਿਣ ਲੱਗਾ ਬਈ ਟੁਟਣ ਵਾਲੀ ਗੱਡੀ ਤੇਰੀ ਨਹੀਂ ਤੇਰੇ ਗੁਆਂਢੀ ਦੀ ਸੀ। ਝਟ ਰੋਣੋ ਹੱਟ ਗਿਆ। ਖੁਸ਼ ਹੋ ਗਿਆ। ਮੇਰੀ ਗੱਡੀ ਨਹੀਂ ਟੁੱਟੀ। ਮੇਰਾ ਨੁਕਸਾਨ ਨਹੀਂ ਹੋਇਆ। ਤੀਜਾ ਵਿਅਕਤੀ ਆਇਆ ਕਹਿੰਦਾ ਬਈ ਤੇਰੀ ਗੱਡੀ ਵਿੱਚ ਹੀ ਤਾਂ ਤੇਰੇ ਗੁਆਂਢੀ ਨੇ ਗੱਡੀ ਮਾਰੀ ਹੈ। ਦੋਵੇਂ ਟੁੱਟ ਗਈਆਂ ਹਨ। ਫਿਰ ਰੋਣ ਲੱਗਾ ਕਿ ਮੇਰੀ ਗੱਡੀ ਟੁੱਟ ਗਈ। ਅਸਲ ਵਿਚ 'ਮੇਰਾ' ਸ਼ਬਦ ਹੀ ਦੁੱਖਾਂ ਦਾ ਕਾਰਣ ਹੈ। ਜਦ ਗੱਡੀ ਨਾਲ 'ਮੇਰਾ' ਸ਼ਬਦ ਜੁੜ ਗਿਆ- ਮੇਰੀ ਗੱਡੀ, ਉਦੋਂ ਹੀ ਦੁੱਖਾਂ ਦਾ ਕਾਰਣ ਬਣ ਗਿਆ। ਜਦ ਤਕ 'ਤੇਰਾ' ਸ਼ਬਦ ਜੁੜਿਆ ਸੀ ਤਦ ਤੱਕ ਠੀਕ ਸੀ। ਗੱਡੀ ਤਾਂ ਪਹਿਲਾ ਵੀ ਟੁਟੀ ਸੀ। ਪਰ ਪਹਿਲਾ ਤੇਰਾ ਸ਼ਬਦ ਜੁੜਿਆ ਹੋਇਆ ਸੀ। ਹੁਣ 'ਮੇਰਾ' ਜੁੜ ਗਿਆ ਤਾਂ ਧਾਹਾਂ ਮਾਰ ਰਿਹਾ। ਸੰਸਾਰ ਵਿੱਚ ਸਾਰੇ ਦੁੱਖਾਂ ਦਾ ਕਾਰਣ 'ਮੈਂ', 'ਮੇਰਾ' ਹੀ ਹੈ। ਬੀਬੀ ਨਰੰਜਨ ਕੌਰ ਨੂੰ ਪਤਾ ਲਗਾ ਮੇਰੀ ਧੀ ਮਰ ਗਈ। ਉਸਨੇ ਧਾਹਾਂ ਮਾਰ ਦਿਤੀਆਂ। ਸੰਤ ਕਹਿੰਦੇ, "ਬਈ ਰਾਣੋ ਨੂੰ ਤਾਂ ਕੁਝ ਵੀ ਨਹੀਂ ਹੋਇਆ। ਉਸਨੇ ਤਾਂ ਸਾਡੇ ਅਸਥਾਨ ਤੇ ਕੀਰਤਨ ਕਰਿਆ ਕਰਨਾ ਹੈ।" ਆਪਣੇ ਦੋ ਸੇਵਾਦਾਰ ਬੀਬੀ ਨਾਲ ਭੇਜਦੇ ਹੋਏ ਕਿਹਾ, "ਜਾਓ ਰਾਣੋ ਨੂੰ ਵੇਖ ਕੇ ਆਵੋ।" ਜਦ ਗਏ ਤਾਂ ਰਾਣੋ ਨੇ ਸੱਜਾ ਪੈਰ ਹਿਲਾਇਆ ਸਭ ਹੈਰਾਨ ਹੋ ਗਏ।

ਪ੍ਰਭ ਭਾਵੈ ਬਿਨੁ ਸਾਸ ਤੇ ਰਾਖੈ ॥ (ਮ:5-277)

ਬੀਬੀ ਕਹੇ ਕਿ ਮੈਨੂੰ ਤਾਂ ਡਾਕਟਰਾਂ ਨੇ ਆਪ ਕਿਹਾ ਸੀ ਕਿ ਬਸ ਖਤਮ



ਹੁਣ ਘਰ ਨੂੰ ਲੈ ਜਾਓ। ਛਡਕੇ ਤਾਂ ਮਰੀ ਨੂੰ ਗਈ ਸਾਂ। ਆਉਂਦਿਆਂ ਨੂੰ ਜਿੰਦਾ ਕਿਵੇਂ ਹੋ ਗਈ। ਉਥੇ ਹੀ ਖੜੀ ਨੇ ਸੰਤ ਬਾਬਾ ਤੀਰਥ ਸਿੰਘ ਜੀ ਨੂੰ ਜ਼ਮੀਨ ਤੇ ਮੱਥਾ ਟੇਕ ਦਿਤਾ ਕਿ ਹੇ ਪ੍ਰਭੂ ਮੈਂ ਦੁੱਖਾਂ ਮਾਰੀ ਗਰੀਬਣੀ ਦੀ ਲਾਜ ਰੱਖ ਲਈ। ਹਰਕਤ ਵੇਖ ਡਾਕਟਰਾਂ 'ਚ ਭੱਜਦੌੜ ਮੱਚ ਗਈ। ਇਲਾਜ ਫਿਰ ਸ਼ੁਰੂ ਹੋ ਗਿਆ। ਸੰਤਾਂ ਦੀ ਕਿਰਪਾ ਨਾਲ ਜਾਨ ਤਾਂ ਆ ਗਈ ਸੀ ਪਰ ਅਜੇ ਵੀ ਰਾਣੋ ਦੀ ਹਾਲਤ ਖ਼ਰਾਬ ਹੀ ਸੀ। ਅੰਨ ਪਾਣੀ ਛੁੱਟ ਚੁੱਕਾ ਸੀ। ਗੁਲਕੋਜ਼ ਦੀਆਂ ਬੋਤਲਾਂ ਹੀ ਊਰਜਾ ਦਾ ਸ੍ਰੋਤ ਸਨ। ਕਠਾਰ ਹਸਪਤਾਲ ਤੋਂ ਜਵਾਬ ਮਿਲਣ ਤੇ ਗੁਲਾਬਦੇਈ ਹਸਪਤਾਲ ਜਲੰਧਰ ਲੈ ਗਏ। ਉਹਨਾ ਨੇ ਜਦ ਸੀ. ਐਮ. ਸੀ. ਲੁਧਿਆਣਾ ਰੈਫ਼ਰ ਕੀਤਾ ਤਾਂ ਸੰਤ ਆਪ ਆਪਣੀ ਗੱਡੀ ਵਿੱਚ ਲੈ ਕੇ ਗਏ। ਡਾਕਟਰਾਂ ਨੇ ਰਾਣੋ ਨੂੰ ਦਾਖ਼ਲ ਕਰਨ ਤੋਂ ਇਹ ਕਹਿੰਦਿਆਂ ਨਾਂਹ ਕਰ ਦਿਤੀ ਕਿ ਇਸ ਵਿਚ ਤਾਂ ਸਾਹ ਸੱਤ ਹੀ ਨਹੀਂ ਹਨ। ਅਸੀਂ ਹਸਪਤਾਲ ਵਿੱਚ ਮੁਰਦੇ ਦਾਖ਼ਲ ਨਹੀਂ ਕਰਦੇ। ਸੰਤ ਕਹਿੰਦੇ, "ਬਈ ਤੁਹਾਡਾ ਕੰਮ ਹੈ ਕੋਸ਼ਿਸ਼ ਕਰਨੀ। ਸਾਹ ਸੱਤ ਤਾਂ ਪ੍ਰਮਾਤਮਾ ਦੇ ਹੱਥ ਵਿੱਚ ਹਨ। ਤੁਸੀਂ ਆਪਣਾ ਕੰਮ ਕਰੋ ਉਹ ਆਪਣਾ ਕੰਮ ਕਰੇਗਾ।" ਇਲਾਜ ਸ਼ੁਰੂ ਹੋ ਗਿਆ। ਰਾਣੋ 15 ਦਿਨ ਹਸਪਤਾਲ ਰਹੀ। ਦੁੱਖ ਸਮੇਂ

ਇਹ ਜਗਿ ਮੀਤੁ ਨ ਦੇਖਿਓ ਕੋਈ ॥
ਸਗਲ ਜਗਤੁ ਅਪਨੈ ਸੁਖਿ ਲਾਗਿਓ ਦੁਖ ਮੈ ਸੰਗਿ ਨ ਹੋਈ ॥
(ਮ:9-633)

ਜਦ ਸਭ ਸਾਥ ਛੱਡ ਜਾਂਦੇ ਹਨ ਤਾਂ ਭੋਰੇ ਦੇ ਬੂਹੇ ਅੱਗੇ ਪਹਿਰਾ ਦੇਣ ਵਾਲੀ ਰਾਣੋ ਦੀ ਮੌਤ ਅੱਗੇ ਸੰਤ ਪਹਿਰਾ ਦੇ ਰਹੇ ਸਨ। ਫਰਕ ਨਾ ਪੈਂਦਾ ਵੇਖਕੇ ਸੰਤ ਰਾਣੋ ਨੂੰ ਹਸਪਤਾਲ ਤੋਂ ਛੁੱਟੀ ਦੁਆ ਕੇ ਗੁਰੁਦਵਾਰਾ ਸਹਿਬ ਵਿਖੇ ਲੈ ਆਏ ਅਤੇ ਰੋਜ਼ਾਨਾ ਸਵੇਰੇ ਚਾਰ ਵਜੇ ਸਿਮਰਨ ਕਰਨ ਤੋਂ ਬਾਦ ਰਾਣੋ ਦੇ ਛੱਕਣ ਲਈ ਅੰਮ੍ਰਿਤ ਭੇਜਣ ਲੱਗੇ।

ਅੰਮ੍ਰਿਤ ਪੀਵਹੁ ਸਦਾ ਚਿਰ ਜੀਵਹੁ ॥

ਰਾਣੋ 24 ਘੰਟਿਆਂ ਵਿੱਚ ਕੁਝ ਬੂੰਦਾਂ ਅੰਮ੍ਰਿਤ ਹੀ ਛਕਿਆ ਕਰਦੀ ਸੀ। ਫਿਰ ਹੌਲੀ-ਹੌਲੀ ਖਾਣਾ ਵੀ ਸ਼ੁਰੂ ਕਰ ਦਿਤਾ। ਪਹਿਲਾ ਦੋ ਜਣੇ ਫੜਕੇ ਦਰਬਾਰ ਸਹਿਬ ਮੱਥਾ ਟਿਕਾਉਣ ਲਈ ਲਿਜਾਂਦੇ ਸਨ ਅਤੇ ਫਿਰ ਆਪਣੇ ਆਪ ਜਾਣ ਲਗੀ। ਸੰਤਾਂ ਨੇ ਕਿਹਾ ਜਿੰਨੀ ਹੋ ਸਕੇ ਸੇਵਾ ਕਰਿਆ ਕਰ। ਰਾਣੋ ਦਰਬਾਰ

ਸਹਿਬ ਅੱਗੇ ਥੋੜੀ ਥੋੜੀ ਝਾੜੂ ਦੀ ਸੇਵਾ ਕਰਨ ਲਗੀ। ਹੌਲੀ-ਹੌਲੀ ਠੀਕ ਹੁੰਦੀ ਗਈ। ਕਈ ਮਹੀਨਿਆਂ ਦੇ ਸੰਘਰਸ਼ ਬਾਦ ਬਿਲਕੁਲ ਤੰਦਰੁਸਤ ਹੋ ਗਈ। ਬਿਲਕੁਲ ਤੰਦਰੁਸਤ ਹੋ ਕੇ ਜਦ ਸੰਤਾਂ ਕੋਲ ਗਈ ਤਾਂ ਜਾ ਕੇ ਹੱਥ ਜੋੜ ਕੇ ਖੜ੍ਹ ਗਈ। ਮੂੰਹ ਬੋਲ ਨਹੀਂ ਹੋ ਰਿਹਾ ਸੀ। ਕੁਝ ਕਹਿਣਾ ਚਾਹੁੰਦੀ ਸੀ ਕਹਿ ਨਹੀਂ ਹੋ ਰਿਹਾ ਸੀ। ਕਹਿਣ ਨੂੰ ਸ਼ਬਦ ਨਹੀਂ ਮਿਲ ਰਹੇ ਸਨ। ਮਨ ਵਿੱਚ ਵਿਚਾਰ ਹੀ ਵਿਚਾਰ ਸਨ। ਜਦ ਵਿਚਾਰ ਜ਼ਿਆਦਾ ਹੋਣ ਤਾਂ ਸ਼ਬਦ ਘਟਣ ਲੱਗਦੇ ਹਨ। ਅਸੀਂ ਆਪਾ ਵਿਅਕਤ ਹੀ ਨਹੀਂ ਕਰ ਸਕਦੇ। ਸਾਧੂ ਵੀ ਇਸੇ ਲਈ ਚੁਪ ਕਰ ਜਾਂਦੇ ਹਨ, ਗਿਆਨਵਾਨ ਵੀ ਇਸੇ ਲਈ ਚੁਪ ਕਰ ਜਾਂਦੇ ਹਨ ਕਿਉਂਕਿ ਉਹਨਾਂ ਜਿੰਨਾ ਕੁਝ ਜਾਣ ਲਿਆ ਹੁੰਦਾ ਹੈ, ਜਿੰਨਾ ਕੁਝ ਵੇਖ ਲਿਆ ਹੁੰਦਾ ਹੈ ਉਸਨੂੰ ਬਿਆਨਣ ਲਈ ਸ਼ਬਦ ਥੁੜ ਜਾਂਦੇ ਹਨ, ਹਰਫ਼ ਘੱਟ ਜਾਂਦੇ ਹਨ। ਰਾਣੋ ਨੂੰ ਵੀ ਅੱਖਰ ਨਹੀਂ ਮਿਲ ਰਹੇ ਸਨ। ਅੱਖਾਂ ਪਾਣੀ ਨਾਲ ਭਰ ਆਈਆਂ। ਖੜ੍ਹੀ ਸੋਚ ਰਹੀ ਸੀ ਕਿ ਮੈਂ ਤਾਂ ਇੰਨੀ ਸੇਵਾ ਵੀ ਨਹੀਂ ਕੀਤੀ ਸੀ ਜਿੰਨੀ ਤੂੰ ਅਉਗਣਹਾਰੀ ਤੇ ਕਿਰਪਾ ਕਰ ਦਿਤੀ।

ਤੇਰੇ ਸਾਨੀ ਕੋਈ ਨਾ ਡਿਠਾ, ਢੂੰਢ ਲਿਆ ਜਗ ਸਾਰੇ ਨੂੰ।
ਬੁੱਲ੍ਹੇ ਸ਼ਹੁ ਦੀ ਪ੍ਰੀਤ ਅਨੋਖੀ ਤਾਰੇ ਅਉਗਣ ਹਾਰੇ ਨੂੰ।

(ਬਾਬਾ ਬੁੱਲੇਸ਼ਾਹ ਜੀ)

ਜਦ ਆਪਣੇ ਆਪ ਤੇ ਵਸ ਨਾ ਰਿਹਾ ਤਾਂ ਚਰਨਾ ਵਿਚ ਡਿਗ ਕੇ ਰੋਣ ਲਗ ਪਈ। ਹੰਝੂਆਂ ਨਾਲ ਸੰਤਾਂ ਦੇ ਚਰਨ ਧੋ ਦਿਤੇ। ਤੰਦਰੁਸਤ ਹੋਣ ਉਪਰੰਤ ਰਾਣੋ ਗੁਰਦੁਆਰਾ ਸਹਿਬ ਵਿਖੇ ਕੀਰਤਨ ਕਰਨ ਲਗੀ। ਕੁਝ ਸਾਲਾਂ ਬਾਦ ਪਿੰਡ ਰਕਬਾ ਜ਼ਿਲ੍ਹਾ ਲੁਧਿਆਣਾ ਵਿਖੇ ਇਸਦਾ ਵਿਆਹ ਹੋ ਗਿਆ, ਜਿਥੇ ਅੱਜਕਲ ਪਰਿਵਾਰ ਸਮੇਤ ਰਹਿ ਰਹੀ ਹੈ।



# ਜੋ ਮੈ ਕੀਆ ਸੋ ਮੈ ਪਾਇਆ

ਗੁਰਦੁਆਰਾ ਈਸ਼ਰਪੁਰੀ ਸਾਹਿਬ ਵਿਖੇ ਗੁਰਬਾਣੀ ਦੇ ਪ੍ਰਕਾਸ਼ ਥੱਲ੍ਹੇ ਰਹਿੰਦੇ ਰਹਿੰਦੇ ਵੀ ਇਕ ਗ੍ਰੰਥੀ ਸਿੰਘ ਦੇ ਦਿਲ ਵਿੱਚ ਹਨੇਰ ਪਸਰ ਚੁੱਕਾ ਸੀ। ਹੀਰਿਆਂ ਦੇ ਸ਼ਹਿਰ ਵਿੱਚ ਰਹਿੰਦਿਆਂ ਵੀ ਕੋਲਿਆਂ ਦੀਆਂ ਬਾਤਾਂ ਪਾਉਣੋ ਨਾ ਹੱਟਦਾ। ਹੰਸਾਂ ਵਾਲਾ ਬਾਣਾ ਪਹਿਨਣ ਦੇ ਬਾਵਜੂਦ ਵੀ ਮੱਛਲੀਆਂ ਦੀ ਭਾਲ ਵਿੱਚ ਰਹਿੰਦਾ ਸੀ।

ਹਰਿ ਸੋ ਹੀਰਾ ਛਾਡਿ ਕੈ ਕਰਹਿ ਆਨ ਕੀ ਆਸ ॥
ਤੇ ਨਰ ਦੋਜਕ ਜਾਹਿਗੇ ਸਤਿ ਭਾਖੈ ਰਵਿਦਾਸ ॥

(ਕਬੀਰ ਜੀ,1377)

ਹਰ ਸਮੇਂ ਸਹਿਕਦੇ ਹੋਏ ਜ਼ਮੀਰ ਦਾ ਬੋਝ ਆਪਣੇ ਮੋਢਿਆਂ 'ਤੇ ਢੋਂਦਾ ਰਹਿੰਦਾ। ਇਸ ਲਈ ਮਹਾਂਪੁਰਸ਼ਾਂ ਦੀਆਂ ਸਿਖਿਆਵਾਂ ਰਾਹਾਂ 'ਤੇ ਲਿਖੇ ਫੱਟਿਆਂ ਤੋਂ ਵਧਕੇ ਨਹੀਂ ਸਨ ਅਤੇ ਨਿਤਨੇਮ ਪਹਿਲੀ ਦੇ ਬੱਚਿਆਂ ਵਾਂਗ ਕਾਇਦਾ ਬਿਨਾ ਸਮਝੇ ਪੜ੍ਹਨ ਵਾਂਗ ਹੀ ਸੀ। ਉੱਚੀ ਸੁੱਚੀ ਜ਼ਿੰਦਗੀ ਜਿਉਣ ਲਈ ਗੁਰਬਾਣੀ ਵਿੱਚਲਾ ਆਧਾਰ ਇਸਦੀ ਸਮਝ ਤੋਂ ਬਾਹਰ ਸੀ। ਗੁਰਬਾਣੀ ਵਿੱਚ ਆਇਆ ਮਾਇਆ ਦਾ ਜ਼ਿਕਰ ਇਸਦੀਆਂ ਲਲਚਾਈਆਂ ਨਜ਼ਰਾਂ ਅੱਗੇ ਨੋਟਾਂ ਦਾ ਝੌਲਾ ਪਾ ਜਾਂਦਾ। ਸੰਤਾਂ ਨੇ ਇਕ ਦੋ ਵਾਰ ਸਮਝਾਇਆ ਕਿ

ਜੈਸੀ ਅਗਨਿ ਉਦਰ ਮਹਿ ਤੈਸੀ ਬਾਹਰਿ ਮਾਇਆ ॥
ਮਾਇਆ ਅਗਨਿ ਸਭ ਇਕੋ ਜੇਹੀ ਕਰਤੈ ਖੇਲੁ ਰਚਾਇਆ ॥

(ਮ:3-921)

ਪਰ ਅਸਰ ਨਹੀਂ ਹੋਇਆ। ਇਸ ਸਿੰਘ ਲਈ ਉਪਦੇਸ਼ ਤਾਂ ਢਾਲਾਨ ਤੇ ਪਾਏ ਪਾਣੀ ਵਾਂਗ ਸੀ। ਇਸਦੇ ਮਨ ਦੀ ਉਬੜ-ਖਾਬੜ ਧਰਤੀ ਮਾਇਆ ਦੇ ਝਾੜੀਆਂ-ਬੂਝਿਆਂ ਨਾਲ ਭਰ ਚੁੱਕੀ ਸੀ। ਉਪਦੇਸ਼ ਬੇਅਸਰ ਹੋ ਰਹੇ ਸਨ।

ਥਾਕੇ ਨੈਨ ਸ੍ਰਵਨ ਸੁਨਿ ਥਾਕੇ ਥਾਕੀ ਸੁੰਦਰਿ ਕਾਇਆ ॥
ਜਰਾ ਹਾਕਦੀ ਸਭ ਮਤਿ ਥਾਕੀ ਏਕ ਨ ਥਾਕਸਿ ਮਾਇਆ ॥

(ਕਬੀਰ ਜੀ,793)

ਜਦ ਕਾਲੇ ਮਨ 'ਤੇ ਚਿੱਟਾ ਰੰਗ ਨਾ ਚੜ ਸਕਿਆ ਤਾਂ ਇਸਨੇ ਕਾਲਖ

ਫੈਲਾਉਣੀ ਸ਼ੁਰੂ ਕਰ ਦਿੱਤੀ। ਚੋਰੀ ਛੁਪੇ ਅਸਥਾਨ ਦੇ ਨਾਮ 'ਤੇ ਪੈਸੇ ਇਕੱਠੇ ਕਰਨ ਲੱਗਾ। ਪਰ

ਅਗਹੁ ਦੇਖੈ ਪਿਛਹੁ ਦੇਖੈ ਤੁਝਤੇ ਕਹਾ ਛੁਪਾਵੈ ॥ (ਮ:1-156)

ਇਕ ਦਿਨ ਜਦ ਕੋਟਲੀ ਅਰਾਈਆਂ ਦੀ ਬੀਬੀ ਗੁਰਪਾਲ ਕੌਰ ਨੇ ਮਾਇਆ ਇਸ ਸਿੰਘ ਦੀ ਬਜਾਏ ਸਿਧਿਆਂ ਸੰਤਾਂ ਨੂੰ ਫੜਾ ਦਿਤੀ ਤਾਂ ਸਾਰਾ ਭੇਤ ਉਜਾਗਰ ਹੋ ਗਿਆ। ਜਦ ਇਸ ਸਿੰਘ ਕੋਲੋਂ ਸੰਤਾਂ ਨੇ ਪੁੱਛਿਆ ਤਾਂ ਚੁੱਪ ਧਾਰ ਗਿਆ। ਸਦੀਆਂ ਤੋਂ ਤੁਰੀ ਆ ਰਹੀ 'ਮੰਗਣ ਨਾ ਜਾਣ' ਦੀ ਪ੍ਰੰਪਰਾ ਤੋੜਨ ਦੇ ਜਤਨ ਬਹੁਤ ਮੰਦਭਾਗੇ ਸਨ। ਸੰਤਾਂ ਨੂੰ ਬਹੁਤ ਦੁੱਖ ਹੋਇਆ ਕਿ ਲੋਕਾਂ ਅੱਗੇ ਹੱਥ ਅੱਡਣ ਕਾਰਨ ਭਾਈ ਦਇਆ ਸਿੰਘ ਜੀ ਦੀ ਮਹਾਨ ਸੰਪਰਦਾ ਦਾ ਅਪਮਾਨ ਹੋਇਆ ਹੈ। ਸਮਝਾਇਆ ਕਿ ਜੇਕਰ ਤੂੰ ਚਾਹੁੰਦਾ ਹੈ ਪ੍ਰਮਾਤਮਾ ਤੇਰੇ 'ਤੇ ਭਲੀ ਕਰਨ ਤਾਂ ਭੁਲ ਬਖਸ਼ਾਉਣ ਦਾ ਇਕ ਹੀ ਤਰੀਕਾ ਹੈ- ਜਿਥੋਂ-ਜਿਥੋਂ ਮਾਇਆ ਇਕੱਤਰ ਕੀਤੀ ਹੈ ਵਾਪਸ ਕਰਕੇ ਆਓ। ਇਹ ਚੁਪਚਾਪ ਉਠਕੇ ਚਲਾ ਗਿਆ। ਦੁਨੀਆਂ ਵਿੱਚ ਸਭ ਤੋਂ ਵਧ ਤਰਸਯੋਗ ਉਹੀ ਇਨਸਾਨ ਹੁੰਦਾ ਹੈ ਜੋ ਗ਼ਲਤੀ ਦਾ ਅਹਿਸਾਸ ਹੋਣਦੇ ਬਾਵਜੂਦ ਵੀ ਸਵੀਕਾਰ ਨਾ ਕਰ ਸਕੇ ਅਤੇ ਇਹ ਵੀ ਏਨਾ ਅਭਾਗਾ ਨਿਕਲਿਆ ਕਿ ਭੁਲ ਬਖਸ਼ਾਉਣ ਦੀ ਬਜਾਏ ਅਸਥਾਨ ਹੀ ਛਡਕੇ ਚਲਾ ਗਿਆ।

ਵਹੁ ਕੌਣ ਹੈ ਜਿਨ੍ਹੇ ਤੌਬਾ ਕੀ ਮਿਲ ਗਈ ਫੁਰਸਤ
ਯਹਾਂ ਗੁਨਾਹ ਭੀ ਕਰਨੇ ਕੋ ਜ਼ਿੰਦਗੀ ਕਮ ਹੈ।

ਅਸਥਾਨ ਦੇ ਲਾਗਲੇ ਪਿੰਡ ਦਾ ਇਕ ਹੋਰ ਅਭਾਗਾ ਸ਼ਰਾਬ ਨਾਲ ਰੱਜਕੇ ਗੁਰਦੁਆਰਾ ਸਹਿਬ ਆ ਗਿਆ। ਜਦ ਸਿੰਘਾਂ ਨੇ ਦਰਬਾਰ ਸਹਿਬ ਦੇ ਅੰਦਰ ਜਾਣੋ ਰੋਕ ਦਿੱਤਾ ਤਾਂ ਆਪਣੀ ਹੱਤਕ ਸਮਝਦਾ ਹੋਇਆ ਬਾਹਰ ਰਾਸਤੇ ਵਿੱਚ ਖੜਾ ਹੋ ਕੇ ਗਾਲਾਂ ਕੱਢਣ ਲੱਗ ਪਿਆ

ਇਤੁ ਮਦਿ ਪੀਤੈ ਨਾਨਕਾ ਬਹੁਤੇ ਖਟੀਅਹਿ ਬਿਕਾਰ ॥
(ਮਰਦਾਨਾ ਜੀ,553)

ਸੇਵਕਾਂ ਨੇ ਜਾ ਕੇ ਸਾਰੀ ਵਿਥਿਆ ਦਸਦਿਆਂ ਹੋਇਆਂ ਸੋਧ ਦੇਣ ਦੀ ਆਗਿਆ ਮੰਗੀ ਤਾਂ ਸੰਤ ਕਹਿੰਦੇ, "ਇਹ ਗੁਰੂ ਨਾਨਕ ਦਾ ਘਰ ਹੈ। ਅਸੀਂ ਕੌਣ ਹੁੰਦੇ ਹਾਂ ਕਿਸੇ ਨੂੰ ਸੋਧਣ ਵਾਲੇ। ਨਸ਼ਾ ਉਸਨੇ ਕੀਤਾ ਹੈ ਆਪਾਂ ਤਾਂ ਹੋਸ਼ ਵਿੱਚ ਹਾਂ।' ਸੇਵਕਾਂ ਦਾ ਉਬਲ ਰਿਹਾ ਖ਼ੂਨ ਬਰਫ਼ ਹੋ ਗਿਆ। ਸੇਵਕ ਸੰਤਾਂ ਦੀ ਨਿਰਵੈਰਤਾ ਦੇ



ਤਾਂ ਪਹਿਲਾਂ ਹੀ ਕਾਇਲ ਸਨ। ਸੰਤਾਂ ਲਈ ਤਾਂ

ਜੀਅ ਜੰਤ ਸਭਿ ਤਿਸ ਦੇ ਸਭਨਾ ਕਾ ਸੋਈ ॥
ਮੰਦਾ ਕਿਸ ਨੋ ਆਖੀਐ ਜੇ ਦੂਜਾ ਹੋਈ ॥
(ਮ:3-425)

ਸਭੇ ਸਾਂਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ ॥
(ਮ:5-97)

ਕੋਈ ਵਿਰੋਧ ਨਾ ਹੋਣ ਕਾਰਣ ਇਹ ਮਨਮੁਖ ਘਰ ਵਲ ਨੂੰ ਤੁਰ ਪਿਆ। ਪਰ ਮਨ ਵਿੱਚ ਖ਼ੁਦੀ ਦੇ ਝੂਲਦੇ ਨਿਸ਼ਾਨ ਨਿਹੱਥਿਆਂ ਅਤੇ ਨਿਮਾਣਿਆਂ ਨੂੰ ਬੁਰਾ ਭਲਾ ਕਹਿਣ ਨਾਲ ਹੋਰ ਉੱਚੇ ਹੋ ਚੱਕੇ ਸਨ ਪਰ ਇਹ ਮਨਮੁਖ ਭੁਲ ਗਿਆ ਸੀ ਕਿ

ਹਉਮੈ ਵਡਾ ਰੋਗੁ ਹੈ ਭਾਇ ਦੂਜੈ ਕਰਮ ਕਮਾਇ ॥
ਨਾਨਕ ਮਨਮੁਖਿ ਜੀਵਦਿਆ ਮੁਏ ਹਰਿ ਵਿਸਰਿਆ ਦੁਖੁ ਪਾਇ ॥
(ਮ:3-589)

ਹਉਮੈ ਸਭਾ ਗਣਤ ਹੈ ਗਣਤੈ ਨਉ ਸੁਖੁ ਨਾਹਿ ॥
ਬਿਖੁ ਕੀ ਕਾਰ ਕਮਾਵਣੀ ਬਿਖੁ ਹੀ ਮਹਿ ਸਮਾਹਿ ॥
(ਮ:3-36)

ਜਦ 'ਨਿਹੱਥਿਆਂ' ਨੂੰ ਅੱਖਾਂ ਵਿਖਾ ਕੇ ਪਿੰਡ ਪਹੁੰਚਿਆ ਤਾਂ 'ਹੱਥਾਂ ਵਾਲਿਆਂ' ਵੱਲ ਵੀ ਕੈੜ੍ਹਾ ਵੇਖਿਆ ਗਿਆ। ਸਭ ਸਾਧ ਨਹੀਂ ਹੋਇਆ ਕਰਦੇ। ਜਦ ਦੂਜੀ ਧਿਰ ਨੇ ਅੱਗੋਂ ਅੱਖਾਂ ਵਿਖਾਈਆਂ ਤਾਂ ਇਸਨੇ ਮੰਦ ਬਚਨ ਬੋਲ ਦਿੱਤੇ। ਪੰਛੀ ਆਪਣੇ ਪੈਰਾਂ ਕਰਕੇ ਅਤੇ ਇਨਸਾਨ ਆਪਣੀ ਜ਼ੁਬਾਨ ਕਰਕੇ ਕਿਤੇ ਨਾ ਕਿਤੇ ਫਸ ਜਾਂਦੇ ਹਨ। ਲੜਾਈ ਹੋ ਗਈ। ਕਿਰਪਾਨਾਂ ਚੱਲੀਆਂ। ਸਿਰ ਪਾਟ ਗਏ। ਕੋਟ ਕਚਹਿਰੀਆਂ ਦੇ ਚੱਕਰ ਪੈ ਗਏ। ਬਹੁਤ ਪਛਤਾਇਆ।

ਐਸਾ ਕੰਮ ਮੂਲ ਨਾ ਕੀਚੈ ਜਿਤ ਅੰਤੁ ਪਛੋਤਾਈਐ ॥ (ਮ:3-918)

ਜਦ ਸੰਤ ਬਾਬਾ ਤੀਰਥ ਸਿੰਘ ਜੀ ਨੂੰ ਪਤਾ ਲੱਗਿਆ ਤਾਂ ਕਹਿੰਦੇ, "ਬਈ ਗੁਰੂ ਘਰ ਤਾਂ ਸ਼ੀਸ਼ਾ ਹੈ। ਜਿਹੋ ਜਿਹਾ ਮੂੰਹ ਲੈ ਕੇ ਜਾਵੋਗੇ ਉਹੋ ਜਿਹਾ ਅਕਸ ਹੀ ਵੇਖਣ ਨੂੰ ਮਿਲੇਗਾ। ਮਨ ਦੇ ਨਿਰਮਲ ਜਲ ਵਿਚ ਵਿਕਾਰਾਂ ਦਾ ਪੱਥਰ ਸੁਟੋਗੇ ਤਾਂ ਸਾਬਤ ਸਰੂਪ ਦਿਸਣੋ ਹੱਟ ਜਾਵੇਗਾ। ਆਪਣਾ ਬੀਜਿਆ ਆਪ ਹੀ ਵੱਢਣਾ ਪਵੇਗਾ।"

ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ ॥
ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ ॥
(ਮ:1-438)

ਕਰਮ ਧਰਤੀ ਸਰੀਰੁ ਜੁਗ ਅੰਤਰਿ ਜੋ ਬੋਵੇ ਸੋ ਖਾਤ ॥
(ਮ:5-78)

ਜੇਹਾ ਬੀਜੈ ਸੋ ਲੁਣੈ ਜੇਹਾ ਬੀਉ ਤੇਹਾ ਫਲ ਪਾਈ ॥
(ਭਾਈ ਗੁਰਦਾਸ ਜੀ)



# ਜਾਚਿਕ ਕੀ ਅਰਦਾਸ

ਸ. ਅਮਰਜੀਤ ਸਿੰਘ (ਮਾਲਕ, ਲਾਡੀ ਵਰਕਸ਼ਾਪ, ਬੀ.ਐਮ.ਸੀ. ਚੌਂਕ ਜਲੰਧਰ) ਨੇ ਸਤਿਸੰਗ ਵਿੱਚ ਸੁਣਿਆ

ਲਖ ਪੀਰ ਪੈਗੰਬਰ ਆਉਲੀਏ, ਲਖ ਕਾਜੀ ਮੁੱਲਾ ਸ਼ੇਖ ॥
ਕਿਸੇ ਸਾਂਤਿ ਨ ਆਈਆ ਬਿਨ ਸਤਿਗੁਰ ਕੇ ਉਪਦੇਸ਼ ॥

ਤਾਂ ਪੂਰਨ ਪੁਰਸ਼ ਦੀ ਭਾਲ ਕਰਨ ਲੱਗਾ। ਐਸੇ ਮਹਾਨ ਪੁਰਸ਼ ਦੀ ਭਾਲ ਜੋ ਰਸਹੀਣੀ ਜ਼ਿੰਦਗੀ ਦਾ ਬੋਝਾ ਸੌਗੰਧੀਆਂ ਨਾਲ ਭਰ ਦੇਵੇ। ਜੋ ਚੜਦੇ ਸੂਰਜ ਦਾ ਨਿਘ ਇਸਦੇ ਨਾਮ ਕਰ ਦੇਵੇ। ਜੋ ਕੁਰਾਹੀਂ ਭਟਕਦੀ ਆਤਮਾ ਨੂੰ ਠਹਿਰਨ ਦਾ ਵਰ ਦੇਵੇ। ਇਕ ਦਿਨ ਭਾਲ ਦੇ ਮਾਰਗ ’ਤੇ ਤੁਰਦਿਆਂ ਇਸਨੇ ਗੁਰਦੁਆਰਾ ਸਾਹਿਬ ਵਿਖੇ ਅਰਦਾਸ ਕੀਤੀ ਕਿ:

ਜਿਨੀ ਗੁਰਮੁਖਿ ਨਾਮੁ ਸਲਾਹਿਆ ਤਿਨਾ ਸਭ ਕੋ ਕਹੈ ਸਾਬਾਸਿ ॥
ਤਿਨ ਕੀ ਸੰਗਤਿ ਦੇਹਿ ਪ੍ਰਭ ਮੈ ਜਾਚਿਕ ਕੀ ਅਰਦਾਸਿ ॥ (ਮ:4-42)

ਜੇ ਮੰਗਣਵਾਲੇ ਦਾ ਮੰਨ ਸਵਾਰਥ ਰਹਿਤ ਹੋਵੇ ਤਾਂ ਹੋਣ ਵਾਲੀ ਅਰਦਾਸ ਸੱਚੀ ਹੋਣ ਕਾਰਨ ਪ੍ਰਮਾਤਮਾ ਦੇ ਦਰ ਤੇ ਕਬੂਲੀ ਜਾਂਦੀ ਹੈ। ਸ. ਅਮਰਜੀਤ ਸਿੰਘ ਦੀ ਅਰਦਾਸ ਵੀ ਕਬੂਲ ਹੋ ਗਈ ਜਦ ਸੰਤ ਬਾਬਾ ਤੀਰਥ ਸਿੰਘ ਜੀ ਗੱਡੀ ਠੀਕ ਕਰਵਾਉਣ ਵਰਕਸ਼ਾਪ ਆਏ। ਉਹਨਾਂ ਦੀ ਆਮਦ ਨੂੰ ਪ੍ਰਮਾਤਮਾ ਦੀ ਰਮਜ਼ ਸਮਝਕੇ ਸ. ਅਮਰਜੀਤ ਸਿੰਘ ਅਤੇ ਬੀਬੀ ਪਰਮਿੰਦਰ ਕੌਰ (ਪਤਨੀ) ਸੰਤਾਂ ਦੇ ਦਰਸ਼ਨ ਕਰਨ ਗੁਰਦੁਆਰਾ ਈਸ਼ਰਪੁਰੀ ਸਾਹਿਬ ਸ਼ਾਮਚੁਰਾਸੀ ਗਏ।

ਮਹਾ ਅਨੰਦ ਭਏ ਸੁਖੁ ਪਾਇਆ ਸੰਤਨ ਕੈ ਪਰਸਾਦੈ ॥ (ਮ:5-614)

ਤਾਂ ਇੰਝ ਲੱਗਾ ਜਿਵੇਂ ਅਰਦਾਸ ਸਹੀ ਮਾਅਨਿਆ ਵਿੱਚ ਪੂਰੀ ਹੋ ਗਈ ਹੋਵੇ। ਸੰਤਾਂ ਨੇ ਪੁੱਛਿਆ “ਅਮਰਜੀਤ ਸਿੰਹਾ, ਕਾਰੋਬਾਰ ਦਾ ਕੀ ਹਾਲ ਹੈ।” ਸੰਸਾਰੀ ਜੀਵ ਅਰਸ਼ਾਂ ਦੇ ਜਿੰਨੇ ਮਰਜ਼ੀ ਸੁਪਨੇ ਲਏ ਪਰ ਧਰਤੀ ਦੀ ਸਚਾਈ ਤੋਂ ਮੂੰਹ ਨਹੀਂ ਫੇਰ ਸਕਦਾ। ਕਹਿੰਦਾ ਕੰਮ ਤਾਂ ਪ੍ਰਮਾਤਮਾ ਦੀ ਕਰੋਪੀ ਕਾਰਨ ਢਿੱਲਾ ਚੱਲ ਰਿਹਾ ਹੈ। ਸੰਤਾਂ ਨੇ ਬਚਨ ਕੀਤਾ ਕਿ ਨਿਤਨੇਮ ਕਰਨਾ ਸ਼ੁਰੂ ਕਰੋ ਕੰਮ ਤਾਂ 15 ਦਿਨਾਂ ਵਿੱਚ ਠੀਕ ਹੋ ਜਾਏਗਾ। ਨਿਤਨੇਮ ਕਰਦਿਆਂ ਕਰਦਿਆਂ 14 ਦਿਨ ਬੀਤ ਗਏ। ਕਾਰੋਬਾਰ ਵਿੱਚ ਫਰਕ ਨਹੀਂ ਪਿਆ। ਪੰਦਰਵਾਂ ਦਿਨ ਚੜਿਆ ਤਾਂ ਅਮਰਜੀਤ

ਸਿੰਘ ਸੰਤਾਂ ਕੋਲ ਜਾਣ ਲਈ ਤਿਆਰ ਹੋਣ ਲੱਗਾ। ਵਰਕਸ਼ਾਪ ਵਿੱਚ ਦੋ ਪੁਰਾਣੀਆਂ ਗੱਡੀਆਂ ਮੁਰੰਮਤ ਕਰਕੇ ਵੇਚਣ ਲਈ ਤਿਆਰ ਖੜੀਆਂ ਸਨ। ਜਦ ਇਹ ਘਰੋਂ ਨਿਕਲਣ ਲੱਗੇ ਤਾਂ ਦੋ ਸਕੂਟਰ ਸਵਾਰ ਨੌਜਵਾਨ ਆਏ ਅਤੇ ਗੱਡੀ ਬਾਰੇ ਪੁੱਛਿਆ। ਅੱਧੇ ਘੰਟੇ ਵਿੱਚ ਸੌਦਾ ਸਿਰੇ ਚੜ੍ਹ ਗਿਆ ਅਤੇ ਗੱਡੀ ਵਿਕ ਗਈ। ਜਦ ਦੂਜੀ ਗੱਡੀ ਸੰਤਾਂ ਦੇ ਅਸਥਾਨ 'ਤੇ ਆਉਣ ਲਈ ਬਾਹਰ ਕੱਢੀ ਤਾਂ ਫਿਰ ਉਸ ਤਰ੍ਹਾਂ ਹੀ ਹੋਈ। ਦੋਵੇਂ ਗੱਡੀਆਂ ਵਿਕ ਗਈਆਂ।

ਸਤਿਗੁਰ ਨੋ ਜੇਹਾ ਕੋ ਇਛਦਾ ਤੇਹਾ ਫਲੁ ਪਾਏ ਕੋਏ ॥ (ਮ:4-302)

ਜਦ ਅਮਰਜੀਤ ਸਿੰਘ ਹੁਰੀਂ ਅਸਥਾਨ 'ਤੇ ਪਹੁੰਚੇ ਤਾਂ ਸੰਤ ਕਹਿੰਦੇ, ਕੀ ਕੁਝ ਕੰਮ 'ਤੇ ਪ੍ਰਮਾਤਮਾ ਨੇ ਕਿਰਪਾ ਕੀਤੀ ? ਅਮਰਜੀਤ ਸਿੰਘ ਹੱਥ ਜੋੜਕੇ ਕਹਿੰਦਾ, "ਜੀ ਕਿਰਪਾ ਤਾਂ ਬਹੁਤ ਕੀਤੀ ਜੇ ਇਸੇ ਤਰ੍ਹਾਂ ਰਹੇ ਤਾਂ।" ਮਹਾਂਪੁਰਸ਼ ਕਹਿੰਦੇ ਜੇ ਪ੍ਰਮਾਤਮਾ ਨੂੰ ਯਾਦ ਰੱਖੋਗੇ ਤਾਂ ਕਿਰਪਾ ਵੀ ਇਸੇ ਤਰ੍ਹਾਂ ਹੀ ਰਹੇਗੀ। ਅਮਰਜੀਤ ਸਿੰਘ ਗੁਰਦੁਆਰਾ ਸਹਿਬ ਵਿਖੇ ਸੇਵਾ ਕਰਨ ਆਉਣ ਲਗ ਪਿਆ।

ਕਾਰੋਬਾਰ ਬਹੁਤ ਵਧੀਆ ਚੱਲਣ ਲੱਗਾ। ਇਕ ਦਿਨ ਕੰਮ ਦੌਰਾਨ ਅਮਰਜੀਤ ਸਿੰਘ ਨੂੰ ਲੱਤ ਵਿੱਚ ਹਲਕੀ ਜਿਹੀ ਦਰਦ ਮਹਿਸੂਸ ਹੋਈ। ਮਾਹਿਰਾਂ ਨੇ ਦੱਸਿਆ ਕਿ ਗੀਹ ਹੈ। ਇਲਾਜ ਕਰਵਾਇਆ ਪਰ ਫਰਕ ਨਾ ਪਿਆ। ਜਦ ਗੁਰਦੁਆਰਾ ਸਾਹਿਬ ਆਇਆ ਤਾਂ ਸੰਤ ਕਹਿੰਦੇ ਦਵਾ ਵੀ ਤਦ ਹੀ ਅਸਰ ਕਰਦੀ ਹੈ ਜੇ ਪ੍ਰਮਾਤਮਾ ਦੀ ਕਿਰਪਾ ਹੋਵੇ। ਅਸਥਾਨ 'ਤੇ ਰਹਿ ਕੇ ਸੇਵਾ ਕਰ ਪ੍ਰਮਾਤਮਾ ਭਲੀ ਕਰਨਗੇ। ਸ. ਅਮਰਜੀਤ ਸਿੰਘ ਰਹਿਣ ਲੱਗਾ। ਦਿਨ ਬੀਤਦੇ ਗਏ ਪਰ ਦਰਦ ਨੂੰ ਕੋਈ ਫਰਕ ਨਾ ਪਿਆ। ਦਿਨੋ ਦਿਨ ਵਧਦੀ ਹੀ ਗਈ। ਦਰਦ ਸਹਿ ਤੋਂ ਅਸਹਿ ਹੁੰਦੀ ਗਈ। ਇਕ ਰਾਤ ਏਨੀ ਦਰਦ ਹੋਈ ਕਿ ਅਜਿਹੇ ਜੀਣ ਨਾਲੋਂ ਮਰਨਾ ਹੀ ਬਿਹਤਰ ਦਿਸਣ ਲੱਗਾ। ਇਸਦਾ ਮਨ ਡੋਲ ਗਿਆ।

ਇਹ ਮਨ ਕੇਤੜਿਆ ਜੁਗ ਭਰਮਿਆ ਥਿਰ ਰਹੈ ਨ ਆਵੈ ਜਾਇ ॥
(ਮ:3-513)

ਸੋਚਣ ਲੱਗਾ ਕਿ ਜੇ ਸੰਤ ਛੁਟੀ ਦੇ ਦੇਣ ਤਾਂ ਕਿਸੇ ਵਧੀਆ ਹਸਪਤਾਲ ਤੋਂ ਇਲਾਜ ਕਰਵਾਈਏ। ਉਸ ਰਾਤ ਏਨੀ ਦਰਦ ਹੋਈ ਕਿ ਜੀਣਾ ਮੁਹਾਲ ਹੋ ਗਿਆ। ਜਦ ਹਿੰਮਤ ਕਰਕੇ ਅਧੀ ਰਾਤੀਂ ਕਿਸੇ ਨੂੰ ਆਵਾਜ਼ ਮਾਰਨ ਲਈ ਬੂਹਾ ਖੋਲਿਆ ਤਾਂ ਸੰਤ ਬਾਬਾ ਤੀਰਥ ਸਿੰਘ ਜੀ ਦਰਦ ਨਿਵਾਰਨ ਗੋਲੀ ਲੈ ਕੇ ਦਰਾਂ



ਵਿੱਚ ਖੜੇ ਸਨ। ਬਹੁਤ ਸ਼ਰਮਿੰਦਾ ਹੋਇਆ ਮਨ ਨੂੰ ਲਾਹਣਤਾਂ ਪਾਈਆਂ। ਪਰ ਸਮੱਸਿਆ ਤਾਂ ਵਧਦੀ ਹੀ ਜਾ ਰਹੀ ਸੀ। ਲਤ ਦੇ ਨਾਲ ਨਾਲ ਉਸੇ ਪਾਸੇ ਦੀ ਬਾਂਹ ਵੀ ਸੁੰਨ ਹੋਣੀ ਸ਼ੁਰੂ ਹੋ ਗਈ। ਇੰਝ ਲੱਗੇ ਕਿ ਅਧਰੰਗ ਹੋ ਜਾਵੇਗਾ। ਜਦ ਸਵੇਰ ਹੋਈ।

ਚਿੜੀ ਚੁਹਕੀ ਪਹੁ ਫੁਟੀ ॥ (ਮ:5-319)

ਤਾਂ ਅਮਰਜੀਤ ਸਿੰਘ ਲੱਤ ਘਸੀਟਦਾ ਘਸੀਟਦਾ ਸੰਤਾਂ ਦੇ ਭੋਰੇ ਅੱਗੇ ਜਾ ਕੇ ਲੰਮਾ ਪੈ ਗਿਆ। ਸੰਤ ਬਾਹਰ ਆਏ ਅਤੇ ਦਰਦ ਨਾਲ ਕਰਾਹ ਰਹੇ ਅਮਰਜੀਤ ਸਿੰਘ ਦੇ ਸਿਰ ਉੱਤੇ ਹੱਥ ਰੱਖ ਦਿੱਤਾ। ਸਪਰਸ਼ ਹੋਇਆ ਤਾਂ ਸਰੀਰ ਵਿੱਚ ਬਿਜਲੀ ਦੀ ਤਾਰ ਫਿਰ ਗਈ। ਐਸੀ ਬਿਜਲੀ ਜੋ ਰੋਗੀ ਵਿੱਚ ਅਰੋਗਤਾ ਭਰ ਸਕਦੀ ਹੈ। ਹਨੇਰੇ ਮਨਾਂ ਵਿੱਚ ਗਿਆਨ ਦਾ ਪ੍ਰਕਾਸ਼ ਕਰ ਸਕਦੀ ਹੈ। ਦੁਖੀਏ ਦੀ ਬੁਕਲ 'ਤੇ ਸੁੱਖਾਂ ਦੇ ਸਿਤਾਰੇ ਜੜ ਸਕਦੀ ਹੈ। ਅਮਰਜੀਤ ਸਿੰਘ ਤੰਦਰੁਸਤ ਹੋਣ ਲੱਗਾ।

ਰੋਗ ਮਿਟਾਏ ਪ੍ਰਭੁ ਆਪਿ ॥
ਬਾਲਕ ਰਾਖੇ ਅਪਨੇ ਕਰ ਥਾਪਿ ॥ (ਮ:5-1184)

ਅਰੋਗ ਹੋ ਕੇ ਅਮਰਜੀਤ ਸਿੰਘ ਜਲੰਧਰ ਆਗਿਆ। ਜਦ ਇਸਨੇ ਕਿਸੇ ਜਾਣਕਾਰ ਡਾਕਟਰ ਨੂੰ ਬੀਤੇ ਦਿਨਾਂ ਵਿੱਚ ਹੋਣ ਵਾਲੀ ਦਰਦ ਦਾ ਲਹਿਜ਼ਾ ਅਤੇ ਲੱਛਣ ਦੱਸੇ ਤਾਂ ਉਹ ਹੈਰਾਨ ਹੋ ਗਿਆ ਕਿ ਤੈਨੂੰ ਤਾਂ ਅਧਰੰਗ ਦਾ ਦੌਰਾ ਪੈਣਾ ਚਾਹੀਦਾ ਸੀ। ਤੂੰ ਬਚ ਕਿਵੇਂ ਗਿਆ। ਤਾਂ ਅਮਰਜੀਤ ਸਿੰਘ ਹੱਥ ਜੋੜਕੇ ਕਹਿੰਦੇ ਜੇ ਮੈਂ ਅਧਰੰਗ ਤੋਂ ਬਚ ਗਿਆ ਤਾਂ ਸੰਤ ਬਾਬਾ ਤੀਰਥ ਸਿੰਘ ਜੀ ਦੀ ਕਿਰਪਾ ਸਦਕਾ ਹੀ ਬਚ ਗਿਆ। ਜਦ ਅਮਰਜੀਤ ਸਿੰਘ ਨੇ ਡਾਕਟਰ ਵਾਲੀ ਗੱਲ ਦਸੀ ਤਾਂ ਸੰਤ ਕਹਿੰਦੇ ਕਿ ਜਿੱਥੇ ਭਜਨ ਕੀਰਤਨ ਹੁੰਦਾ ਹੋਵੇ ਉਥੋਂ ਤਾਂ ਜਮ ਦੇ ਦੂਤ ਦੌੜ ਜਾਂਦੇ ਹਨ। ਅਧਰੰਗ ਵਰਗੇ ਰੋਗ ਤਾਂ ਕਿਸਦੇ ਸਾਨੀ ਹਨ।

ਜਹ ਸਾਧੂ ਗੋਬਿਦ ਭਜਨੁ ਕੀਰਤਨੁ ਨਾਨਕ ਨੀਤ ॥
ਣਾ ਹਉ ਣਾ ਤੂੰ ਣਹ ਛੁਟਹਿ ਨਿਕਟਿ ਨ ਜਾਈਅਹੁ ਦੂਤ ॥ (ਮ:5-256)

# ਰੇ ਮਨ ਹੰਉਮੈ ਛੋੜਿ ਕਰਿ

ਵਿਦੇਸ਼ ਤੋਂ ਕੋਈ ਪ੍ਰੇਮੀ ਸੰਤਾਂ ਦੇ ਦਰਸ਼ਨਾਂ ਲਈ ਆਇਆ। ਮਹਾਂਪੁਰਸ਼ ਆਪਣੇ ਆਸਣ 'ਤੇ ਬਿਰਾਜਮਾਨ ਸਨ ਅਤੇ ਬੀਬੀ ਰਮਨਜੀਤ ਕੌਰ ਸੇਵਾ 'ਤੇ ਖੜ੍ਹੀ ਸੀ। ਨਮਸਕਾਰ ਕਰਨ ਉਪਰੰਤ ਉਸ ਨੇ ਸੰਤਾਂ ਨੂੰ ਇਕ ਬਹੁਮੁੱਲੀ ਮਾਲਾ ਭੇਟ ਕੀਤੀ। ਸੰਤ ਬਾਬਾ ਤੀਰਥ ਸਿੰਘ ਜੀ ਨੇ ਫੜੀ ਅਤੇ ਇਕ ਪਾਸੇ ਰੱਖ ਦਿੱਤੀ। ਉਸਦੇ ਅੰਦਰ ਕਿਤੇ ਨਾ ਕਿਤੇ ਕੁਝ ਅੜਿਆ ਹੋਇਆ ਸੀ ਸ਼ਾਇਦ ਹੰਕਾਰ ਦਾ ਕੀਲਾ। ਮਨ ਵਿਚ ਸੀ ਕਿ ਐਨੀ ਸੁੰਦਰ ਮਾਲਾ ਮਹਾਂਪੁਰਸ਼ਾਂ ਨੇ ਕਦੇ ਵੇਖੀ ਨਹੀਂ ਹੋਣੀ।

ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ ॥<br>
ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ ॥ (ਮ:2-466)

ਜਦ ਕੋਈ ਗੱਲ ਨਾ ਛਿੜੀ ਤਾਂ ਇਸ ਨੇ ਆਪੇ ਹੀ ਕਿਹਾ ਕਿ ਮਹਾਰਾਜ ਇਹ ਮਾਲਾ ਤੁਹਾਡੇ ਲਈ ਉਚੇਚੇ ਤੌਰ 'ਤੇ ਲਿਆਂਦੀ ਹੈ। ਸੰਤ ਤਾਂ ਇਸ ਦੇ ਧੁਰ ਅੰਦਰ ਤੋਂ ਜਾਣੀ ਜਾਣ ਸਨ। ਜੋ ਇਸ ਦੇ ਅੰਦਰ ਉੱਤਮ ਸੇਵਾ ਕਰਨ ਦਾ ਜਵਾਰਭਾਟਾ ਉੱਠਿਆ ਹੋਇਆ ਸੀ, ਵੇਖ ਰਹੇ ਸਨ। ਸੰਤ ਚੁੱਪ ਰਹੇ। ਫਿਰ ਗੱਲ ਨਾ ਬਣਦੀ ਵੇਖ ਕੇ ਇਸ ਦੇ ਤੀਜੀ ਵਾਰ ਕਿਹਾ ਕਿ ਮਹਾਰਾਜ ਇਹ ਮਹਿੰਗੀ ਮਾਲਾ ਤੁਹਾਡੇ ਸਿਮਰਨ ਕਰਨ ਨੂੰ ਹੀ ਲਿਆਂਦੀ ਹੈ। ਜਦ ਤੀਜੀ ਵਾਰ ਕਿਹਾ ਤਾਂ ਸੰਤ ਮੁਸਕਰਾ ਪਏ। ਮਹਾਂਪੁਰਸ਼ਾਂ ਨੇ ਸਾਖੀ ਸੁਣਾਉਣੀ ਸ਼ੁਰੂ ਕੀਤੀ ਕਿ ਜਦ ਰਾਮਚੰਦਰ ਜੀ ਬਨਵਾਸ 'ਤੇ ਸਨ ਤਾਂ ਸੀਤਾ ਜੀ ਦਾ ਹਰਣ ਹੋ ਗਿਆ। ਸੀਤਾ ਜੀ ਨੂੰ ਲੱਭਣ ਲਈ ਸਭ ਦਿਸ਼ਾਵਾਂ ਵਿਚ ਦੂਤ ਗਏ। ਉਨ੍ਹਾਂ ਵਿਚ ਇਕ ਪਰਮ ਭਗਤ ਹਨੂੰਮਾਨ ਜੀ ਵੀ ਸਨ। ਲੱਭਦੇ-ਲੱਭਦੇ ਹਨੂੰਮਾਨ ਜੀ ਜਦ ਲੰਕਾਂ ਪਹੁੰਚੇ ਤਾਂ ਸੀਤਾ ਜੀ ਰਾਮ ਜੀ ਦੇ ਵਿਯੋਗ ਵਿਚ ਮੁਰਝਾਏ ਹੋਏ ਇਕ ਦਰੱਖਤ ਥੱਲੇ ਬੈਠੇ ਸਨ। ਹਨੂੰਮਾਨ ਜੀ ਨੇ ਰਾਮ ਜੀ ਦਾ ਸੁੱਖ ਸੁਨੇਹਾ ਦਿੱਤਾ ਤਾਂ ਸੀਤਾ ਜੀ ਬਹੁਤ ਪ੍ਰਸੰਨ ਹੋਏ। ਉਨ੍ਹਾਂ ਨੇ ਹਨੂੰਮਾਨ ਜੀ ਨੂੰ ਰਾਮ ਨਾਮ ਜੱਪਣ ਲਈ ਇਕ ਮਾਲਾ ਦਿੱਤੀ। ਹਨੂੰਮਾਨ ਜੀ ਦਰੱਖਤ 'ਤੇ ਬੈਠ ਗਏ ਅਤੇ ਇਕੱਲਾ-ਇਕੱਲਾ ਮਣਕਾ ਤੋੜ-ਤੋੜ ਕੇ ਸੁੱਟਣ ਲੱਗੇ। ਜਦ ਸੀਤਾ ਜੀ ਕਹਿੰਦੇ ਕਿ ਤੂੰ ਐਨੀ ਮਹਿੰਗੀ ਮਾਲਾ ਕਿਉਂ ਖਰਾਬ ਕਰ ਰਿਹਾ ਏਂ ਤਾਂ ਹਨੂੰਮਾਨ ਜੀ ਬੋਲੇ "ਵੇਖ ਰਿਹਾ ਹਾਂ ਕਿ ਇਸ ਵਿਚ ਰਾਮ ਨਾਮ ਹੈ।"



ਸੀਤਾ ਜੀ ਕਹਿੰਦੇ ਕਿ ਇਹ ਤਾਂ ਰਾਮ ਨਾਮ ਜੱਪਣ ਲਈ ਹੈ। ਹਨੂੰਮਾਨ ਜੀ ਹੱਥ ਜੋੜ ਕੇ ਖੜ੍ਹ ਗਏ ਕਿਹਾ ਕਿ ਰਾਮ ਨਾਮ ਤਾਂ ਦਿਲ ਵਿਚ ਹੋਣਾ ਚਾਹੀਦਾ ਹੈ, ਮਾਲਾ ਨਾਲ ਨਹੀਂ ਸਿਮਰਿਆ ਜਾ ਸਕਦਾ। ਉਨ੍ਹਾਂ ਇਹ ਕਹਿੰਦਿਆਂ ਆਪਣਾ ਸੀਨਾ ਚੀਰ ਕੇ ਵਿਖਾਇਆ ਤਾਂ ਵਿਚ ਰਾਮ-ਨਾਮ ਵਸਿਆ ਹੋਇਆ ਸੀ। ਸੰਤ ਬਾਬਾ ਤੀਰਥ ਸਿੰਘ ਜੀ ਕਹਿੰਦੇ ਕਿ ਭਗਤੀ ਮਾਲਾ ਨੇ ਨਹੀਂ ਕਰਨੀ। ਪ੍ਰਮਾਤਮਾ ਦਾ ਨਾਮ ਤਾਂ ਦਿਲ ਵਿਚ ਹੋਣਾ ਚਾਹੀਦਾ ਹੈ। ਬਾਹਰੀ ਮਾਲਾ ਨਾਲੋਂ ਅੰਦਰਲੀ ਮਨ ਦੀ ਮਾਲਾ ਦਾ ਜਾਪ ਹੋਣਾ ਜ਼ਰੂਰੀ ਹੈ।

ਇਕ ਵਾਰ ਹੁਸ਼ਿਆਰਪੁਰ ਤੋਂ ਐੱਸ.ਐੱਸ.ਪੀ. ਮਹਾਂਪੁਰਸ਼ਾਂ ਨੂੰ ਮਿਲਣ ਆਇਆ। ਸਰਕਾਰੀ ਵਰਦੀ ਪਾਈ ਹੋਈ ਸੀ ਅਤੇ ਨਾਲ ਹੀ ਬਾਡੀਗਾਰਡ ਹਥਿਆਰਾਂ ਨਾਲ ਲੈੱਸ ਸਨ। ਮਹਾਂਪੁਰਸ਼ ਭੋਰੇ ਵਿਚ ਆਰਾਮ ਕਰ ਰਹੇ ਸਨ। ਭਾਈ ਇੰਦਰਵੀਰ ਸਿੰਘ ਪਿੰਡ ਕੋਟਲੀ ਅਰਾਈਆਂ ਤੋਂ ਪਹਿਰੇ 'ਤੇ ਸੀ। ਐੱਸ. ਐੱਸ. ਪੀ. ਨੇ ਇੰਦਰਵੀਰ ਸਿੰਘ ਨੂੰ ਪੁਲਿਸ ਵਾਲੇ ਰੋਅਬ ਨਾਲ ਕਿਹਾ ਕਿ ਮਹਾਂਪੁਰਸ਼ਾਂ ਨੂੰ ਮਿਲਣਾ ਹੈ। ਇਹ ਪਤਾ ਲੱਗਣ 'ਤੇ ਕਿ ਸੰਤ ਭੋਰੇ ਵਿਚ ਹਨ ਤਾਂ ਕਹਿੰਦਾ "ਜਾ ਕੇ ਪੁੱਛ ਕੇ ਆਓ ਕਿ ਮੈਂ ਮਿਲਣਾ ਚਾਹੁੰਦਾ ਹਾਂ।" ਮਹਾਂਪੁਰਸ਼ ਤਾਂ ਉਸ ਸੱਚੀ ਸਰਕਾਰ ਦੀ ਨੌਕਰੀ ਕਰ ਰਹੇ ਸਨ ਉਨ੍ਹਾਂ ਲਈ ਦੁਨਿਆਵੀ ਅਹੁਦਿਆਂ ਦਾ ਕੋਈ ਮੁੱਲ ਨਹੀਂ ਸੀ। ਇੰਦਰਵੀਰ ਸਿੰਘ ਪੁੱਛਣ ਗਿਆ ਤਾਂ ਸੰਤ ਕਹਿੰਦੇ ਬਈ ਉਸ ਨੂੰ ਕਹੋ ਸ਼ਾਮੀ ਆਵੇ। ਜਦ ਇਸ ਨੇ ਬਾਹਰ ਆ ਕੇ ਦੱਸਿਆ ਤਾਂ ਐੱਸ. ਐੱਸ. ਪੀ. ਰੋਅਬ ਨਾਲ ਕਹਿੰਦਾ ਕਿ ਤੂੰ ਠੀਕ ਤਰ੍ਹਾਂ ਦੱਸਿਆ ਨਹੀਂ ਹੋਣਾ। ਜਾਹ ਜਾ ਕੇ ਦੁਬਾਰਾ ਦੱਸ ਕਿ ਹੁਸ਼ਿਆਰਪੁਰ ਵਾਲੇ ਐੱਸ. ਐੱਸ.ਪੀ. ਸਾਹਿਬ ਆਏ ਹਨ। ਮਾਣ ਵਿਚ ਇਹ ਭੁੱਲ ਗਿਆ ਕਿ ਦੁਨਿਆਵੀ ਅਹੁਦਿਆਂ ਨਾਲ ਕੋਈ ਗੁਰੂ ਘਰ ਵਿਚ ਵੱਡਾ ਛੋਟਾ ਨਹੀਂ ਹੋ ਜਾਂਦਾ।

ਜਿਸ ਨੋ ਸਾਹਿਬੁ ਵਡਾ ਕਰੇ ਸੋਈ ਵਡ ਜਾਣੀ ॥<br>
ਜਿਸੁ ਸਾਹਿਬ ਭਾਵੈ ਤਿਸੁ ਬਖਸਿ ਲਏ ਸੋ ਸਾਹਿਬ ਮਨਿ ਭਾਣੀ ॥<br>
ਜੇ ਕੋ ਓਸ ਦੀ ਰੀਸ ਕਰੇ ਸੋ ਮੂੜ ਅਜਾਣੀ ॥ (ਮ:4-302)

ਮਹਾਂਪੁਰਸ਼ ਕਹਿੰਦੇ ਬਈ ਉਸ ਨੂੰ ਕਹੋ ਅਸੀਂ ਅੱਜ ਨਹੀਂ ਮਿਲਣਾ ਕੱਲ੍ਹ ਨੂੰ ਆਵੇ। ਜਦ ਇਸ ਨੇ ਸੁਣਿਆ ਤਾਂ ਸਭ ਹੰਕਾਰ ਚੂਰ ਹੋ ਗਿਆ। ਮਨ ਵਿਚ

ਅੜਿਆ ਹੰਕਾਰ ਦਾ ਕੀਲਾ ਨਿਕਲ ਗਿਆ। ਬਹੁਤ ਸ਼ਰਮਸਾਰ ਹੋਇਆ। ਕੀਤੇ 'ਤੇ ਬਹੁਤ ਪਛਤਾਇਆ ਅਤੇ ਚਲਾ ਗਿਆ। ਅਗਲੀ ਸਵੇਰ ਸਾਦਾ ਕੱਪੜਿਆਂ ਵਿਚ ਬਿਨਾ ਅੰਗ ਰੱਖਿਅਕਾਂ ਤੋਂ ਆਇਆ ਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ।

ਸੰਤ ਮਹਾਰਾਜ ਸੰਗਤ ਸਮੇਤ ਹਜ਼ੂਰ ਸਾਹਿਬ ਨੂੰ ਜਾ ਰਹੇ ਸਨ। ਜਦ ਇਕ ਪ੍ਰਾਂਤ ਤੋਂ ਦੂਜੇ ਪ੍ਰਾਂਤ ਵਿਚ ਪ੍ਰਵੇਸ਼ ਕਰਨ ਲੱਗੇ ਤਾਂ ਬੈਰੀਅਰ 'ਤੇ ਮੌਜੂਦ ਪੁਲਿਸ ਨੇ ਰੋਕ ਲਿਆ ਅਤੇ ਉੱਤਰ ਕੇ ਤਲਾਸ਼ੀ ਦੇਣ ਨੂੰ ਕਿਹਾ। ਸਭ ਉੱਤਰ ਗਏ ਪਰ ਸੰਤ ਬੈਠੇ ਰਹੇ। ਸਿਪਾਹੀ ਨੇ ਨਜ਼ਦੀਕ ਆ ਕੇ ਸੰਤਾਂ ਨੂੰ ਥੱਲੇ ਉੱਤਰਨ ਲਈ ਕਿਹਾ। ਸਭ ਸੇਵਕ ਕਹਿਣ ਕਿ ਇਹ ਮਹਾਂਪੁਰਸ਼ ਹਨ ਤੂੰ ਇਸੇ ਤਰ੍ਹਾਂ ਬੈਠਿਆਂ ਬੈਠਿਆਂ ਹੀ ਗੱਡੀ ਦੀ ਤਲਾਸ਼ੀ ਲੈ ਲੈ। ਸਿਪਾਹੀ ਨਾ ਮੰਨਿਆ। ਜਦ ਦੂਜੀ ਬਾਰ ਸੰਤਾਂ ਨੂੰ ਗੱਡੀ ਚੋਂ ਉਤਰਨ ਲਈ ਕਿਹਾ ਤਾਂ ਸੰਤ ਹੱਸ ਪਏ। ਸਿਪਾਹੀ ਵਾਰ ਵਾਰ ਪੁਲਿਸ ਵਾਲੇ ਰੋਅਬ ਨਾਲ ਥੱਲੇ ਉਤਰਨ ਦਾ ਕਹਿ ਰਿਹਾ ਸੀ ਅਤੇ ਸੰਤ ਪ੍ਰਮਾਤਮਾ ਦੀ ਮੌਜ ਵਿਚ ਬੈਠੇ ਹੱਸੀ ਜਾ ਰਹੇ ਸਨ। ਦੂਰ ਇੰਸਪੈਕਟਰ ਬੈਠਾ ਇਹ ਸਭ ਕੁਝ ਵੇਖ ਰਿਹਾ ਸੀ। ਪਤਾ ਨਹੀਂ ਉਸ ਨੂੰ ਕੀ ਦਿੱਸਿਆ ਕਿ ਉਹ ਉੱਠਿਆ ਅਤੇ ਗੱਡੀ ਕੋਲ ਆ ਗਿਆ। ਸਿਪਾਹੀ ਨੂੰ ਕਾਲਰ ਤੋਂ ਫੜ ਕੇ ਜ਼ੋਰ ਨਾਲ ਮੂੰਹ ਉੱਤੇ ਥੱਪੜ ਮਾਰਿਆ ਅਤੇ ਕਿਹਾ, "ਕੈਸਾ ਆਦਮੀ ਹੈ ਸਾਧੂ ਲੋਕ ਕੋ ਭੀ ਜਾਨੇ ਨਹੀਂ ਦੇਤਾ।"

ਅਵਗੁਣ ਛੋਡਿ ਗੁਣਾ ਕਉ ਧਾਵਹੁ ਕਰਿ ਅਵਗੁਣ ਪਛੁਤਾਹੀ ਜੀਉ ॥
(ਮ:1-598)

ਸਿਪਾਹੀ ਠਠੰਬਰ ਗਿਆ। ਇੰਸਪੈਕਟਰ ਨੇ ਸੰਤਾਂ ਨੂੰ ਨਮਸਕਾਰ ਕੀਤੀ ਅਤੇ ਗੱਡੀ ਆਪਣੀ ਮੰਜ਼ਿਲ ਵੱਲ ਨੂੰ ਤੁਰ ਪਈ।

ਸ਼ਾਮਚੁਰਾਸੀ ਤੋਂ ਭਾਈ ਗੁਰਮੀਤ ਸਿੰਘ ਜੀ। ਇਸ ਦੀ ਪਤਨੀ ਬੀਬੀ ਮਨਮੋਹਣ ਕੌਰ ਸੰਤਾਂ ਦੀ ਪਰਮ ਸੇਵਕ ਬਣ ਗਈ। ਭਾਈ ਗੁਰਮੀਤ ਸਿੰਘ ਰੱਬ ਦੇ ਭੈਅ ਵਿਚ ਰਹਿਣ ਵਾਲੇ ਨੇਕ ਇਨਸਾਨ ਤਾਂ ਸਨ ਪਰ ਸੰਤਾਂ ਵਿਚ ਵਿਸ਼ਵਾਸ ਨਹੀਂ ਸੀ ਰੱਖਦੇ। ਜਦ ਬੀਬੀ ਮਨਮੋਹਣ ਕੌਰ ਨੇ ਗੁਰਦੁਆਰਾ ਈਸ਼ਰਪੁਰੀ ਸਾਹਿਬ ਸੇਵਾ 'ਤੇ ਆਉਣਾ ਸ਼ੁਰੂ ਕੀਤਾ ਤਾਂ ਸਭ ਉਸ ਦੇ ਵਿਰੁੱਧ ਹੋ ਗਏ। ਘਰ ਦਾ ਕੋਈ ਵੀ ਜੀਅ ਇਸ ਹੱਕ ਵਿਚ ਨਹੀਂ ਸੀ ਕਿ ਬੀਬੀ ਸੰਤਾਂ ਦੇ ਅਸਥਾਨ 'ਤੇ ਜਾਵੇ। ਪਰ



ਬੀਬੀ ਆਪਣੇ ਸਿਦਕ ਦੀ ਪੱਕੀ ਸੀ ਅਤੇ ਲੱਖ ਮੁਸੀਬਤਾਂ ਸਹਿ ਕੇ ਵੀ ਸੇਵਾਂ ਤੋਂ ਨਾ ਖੁੰਝਦੀ। ਪੂਰੇ ਤਨ-ਮਨ ਨਾਲ ਪੂਰਨ ਮਹਾਂਪੁਰਸ਼ਾਂ ਦੀ ਸੇਵਾ ਕਰਦੀ।

ਹਸਤੀ ਸਿਰਿ ਜਿਉ ਅੰਕਸੁ ਹੈ ਅਹਰਣਿ ਜਿਉ ਸਿਰੁ ਦੇਇ ॥
ਮਨੁ ਤਨੁ ਆਗੈ ਰਾਖਿ ਕੈ ਊਭੀ ਸੇਵ ਕਰੇਇ ॥ (ਮ:3-647)

ਬੀਬੀ ਮਨਮੋਹਣ ਕੌਰ ਸੇਵਾ ਤਾਂ ਕਰਦੀ ਸੀ ਪਰ ਇਸ ਦੇ ਮਨ ਵਿਚ ਇਕ ਘਾਟ ਰੜਕਦੀ ਰਹਿੰਦੀ। ਉਹ ਘਾਟ ਸੀ ਪੁੱਤਰ ਦੀ। ਬੇਸ਼ੱਕ ਇਹ ਤਿੰਨ ਲੜਕੀਆਂ ਦੀ ਮਾਂ ਬਣ ਚੁੱਕੀ ਸੀ ਪਰ ਅਜੇ ਪੁੱਤਰ ਪ੍ਰਾਪਤੀ ਨਹੀਂ ਹੋਈ ਸੀ। ਬੀਬੀ ਨੇ ਸੰਤਾਂ ਕੋਲ ਬੇਨਤੀ ਕੀਤੀ ਤਾਂ ਮਹਾਂਪੁਰਸ਼ਾਂ ਨੇ ਗੁਰੂ ਘਰ ਅਰਦਾਸ ਕਰ ਦਿੱਤੀ। ਆਉਂਦੇ ਸਾਲ ਇਨ੍ਹਾਂ ਦੇ ਘਰ ਪੁੱਤਰ ਨੇ ਜਨਮ ਲਿਆ। ਜਿਸਦਾ ਨਾਮ ਮਹਾਂਪੁਰਸ਼ਾਂ ਨੇ ਗੁਰੂ ਮਹਾਰਾਜ ਦੀ ਆਗਿਆ ਨਾਲ ਗੁਰਪ੍ਰੀਤ ਸਿੰਘ ਰੱਖਿਆ। ਜਦ ਕੋਈ ਤੁਹਾਡੀ ਜ਼ਿੰਦਗੀ ਦੀ ਸਭ ਤੋਂ ਵੱਡੀ ਊਣਤਾਈ ਭਰ ਦੇਵੇ ਤਾਂ ਮਨ ਪਰਿਵਰਤਨ ਸੁਭਾਵਿਕ ਹੈ। ਹੌਲੀ ਹੌਲੀ ਭਾਈ ਗੁਰਮੀਤ ਸਿੰਘ ਦਾ ਝੁਕਾਅ ਸੰਤਾਂ ਵੱਲ ਹੋਣ ਲੱਗਾ। ਜੋ ਇਸ ਦੇ ਮਨ ਅੰਦਰ ਸੰਤਾਂ ਨੂੰ ਨਾ ਮੰਨਣ ਦੀ ਦੀਵਾਰ ਉਸਰ ਚੁੱਕੀ ਸੀ, ਢਹਿਣੀ ਸ਼ੁਰੂ ਹੋ ਗਈ। ਕੁਝ ਹੀ ਸਮੇਂ ਵਿਚ ਮਨ ਦਾ ਮੈਦਾਨ ਬਿਲਕੁਲ ਸਮਤਲ ਹੋ ਗਿਆ ਅਤੇ ਇਹ ਨਿਰੰਤਰ ਸੇਵਾ 'ਤੇ ਜਾਣ ਲੱਗਾ। ਸਭ ਹਉਮੈ ਹੰਕਾਰ ਮਿਟ ਗਏ। ਐਸੀ ਸ਼ਰਧਾ ਬਣੀ ਕਿ ਹਰ ਹੁਕਮ ਮੰਨਣ ਵਾਲਾ ਪੱਕਾ ਸ਼ਰਧਾਲੂ ਬਣ ਗਿਆ।

ਸਤਿਗੁਰ ਕੀ ਸੇਵਾ ਸੋ ਕਰੇ ਜਿਸੁ ਬਿਨਸੈ ਹਉਮੈ ਤਾਪੁ ॥
ਨਾਨਕ ਕਉ ਗੁਰੁ ਭੇਟਿਆ ਬਿਨਸੇ ਸਗਲ ਸੰਤਾਪ ॥ (ਮ:5-45)

ਕਿਸੇ ਪ੍ਰੇਮੀ ਨੇ ਹੁਸ਼ਿਆਰਪੁਰ ਚੰਡੀਗੜ੍ਹ ਰੋਡ 'ਤੇ ਕੈਂਪ ਨੇੜੇ ਚੋਅ ਦੇ ਕੰਢੇ ਤੇ ਜ਼ਮੀਨ ਮੁੱਲ ਲਈ। ਜ਼ਮੀਨ ਪਾਣੀ ਦੀ ਮਾਰ ਥੱਲੇ ਸੀ ਅਤੇ ਦੂਸਰਾ ਉਸ ਪਾਸੇ ਕੋਈ ਆਬਾਦੀ ਨਾ ਹੋਣ ਕਾਰਨ ਮੁੜ ਵਿਕ ਨਾ ਸਕੀ। ਜਦ ਕੋਈ ਚਾਰਾ ਨਾ ਚੱਲਿਆ ਤਾਂ ਉਸ ਨੇ ਜ਼ਮੀਨ ਸੰਤ ਬਾਬਾ ਤੀਰਥ ਸਿੰਘ ਜੀ ਨੂੰ ਗੁਰਦੁਆਰਾ ਸਾਹਿਬ ਬਣਾਉਣ ਲਈ ਦਾਨ ਕਰ ਦਿੱਤੀ। ਜਿਸ ਦਿਨ ਮਹਾਂਪੁਰਸ਼ ਸੇਵਕਾਂ ਸਮੇਤ ਗੁਰਦੁਆਰਾ ਸਾਹਿਬ ਦੀ ਨੀਂਹ ਪਾਉਣ ਗਏ ਤਾਂ ਉਸ ਪ੍ਰੇਮੀ ਨੇ ਸੰਤਾਂ ਨੂੰ ਸੜਕ ਵਾਲੇ ਪਾਸੇ ਦੀ ਬਜਾਏ ਦੂਜੇ ਪਾਸੇ ਵੱਲ ਨੀਹਾਂ ਪੱਟਣ ਲਈ ਕਿਹਾ। ਮਹਾਂਪੁਰਸ਼ਾਂ ਨੇ ਪ੍ਰਵਾਨ ਕਰ ਲਿਆ ਅਤੇ ਜ਼ਮੀਨ ਦਾ ਉਹ ਹਿੱਸਾ ਜੋ ਸੜਕ ਤੋਂ ਦੂਰ ਸੀ, ਵਿਚ ਇਕ ਛੋਟਾ

ਜਿਹਾ ਗੁਰਦੁਆਰਾ ਸਾਹਿਬ ਬਣਾ ਦਿੱਤਾ। ਭਾਈ ਕਸ਼ਮੀਰ ਸਿੰਘ ਨੂੰ ਸੇਵਾਦਾਰ ਥਾਪ ਦਿੱਤਾ। ਸਭ ਕਹਿਣ ਕੇ ਬਰਸਾਤਾਂ ਵਿਚ ਗੁਰਦੁਆਰਾ ਸਾਹਿਬ ਨਹੀਂ ਬਚੇਗਾ। ਪਰ ਕਈ ਬਰਸਾਤਾਂ ਲੰਘ ਗਈਆਂ ਅਤੇ ਉਸ ਪਾਸੇ ਪਾਣੀ ਨੇ ਮਾਰ ਹੀ ਨਾ ਕੀਤੀ। ਜਦ ਜਗ੍ਹਾ ਆਬਾਦ ਹੁੰਦੀ ਵੇਖੀ ਤਾਂ ਜ਼ਮੀਨ ਨੂੰ ਗਾਹਕ ਪੈਣ ਲੱਗ ਪਏ। ਉਸ ਪ੍ਰੇਮੀ ਨੇ ਗੁਰਦੁਆਰਾ ਸਾਹਿਬ ਦੀ ਥੋੜ੍ਹੀ ਜਿਹੀ ਜਗ੍ਹਾ ਛੱਡ ਕੇ ਸੜਕ ਵਾਲੇ ਪਾਸਿਓਂ ਸਾਰੀ ਜ਼ਮੀਨ ਹੋਟਲ ਬਣਾਉਣ ਲਈ ਵੇਚ ਦਿੱਤੀ। ਉਸ ਦੇ ਮਨ ਵਿਚ ਐਨਾ ਲਾਲਚ ਆ ਗਿਆ ਕਿ ਗੁਰਦੁਆਰਾ ਸਾਹਿਬ ਜਾਣ ਲਈ ਲਾਂਘਾ ਵੀ ਨਾ ਛੱਡਿਆ। ਅੱਖਾਂ 'ਤੇ ਮਾਇਆ ਦਾ ਪਰਦਾ ਪੈ ਗਿਆ। ਮਨਮੋਹਣੀ ਮਾਇਆ ਦੇ ਆਕਰਸ਼ਣ ਵਿਚ ਬੱਝ ਗਿਆ। ਉਹ ਮਾਇਆ ਜੋ ਸਭ ਨੂੰ ਮੋਂਹਦੀ ਅਤੇ ਸੋਹਣੀ ਲੱਗਦੀ ਹੈ।

ਨਹ ਸੁਣੀਐ ਨਹ ਮੁਖ ਤੇ ਬਕੀਐ ਨਹ ਮੋਹੈ ਉਹ ਡੀਠੀ।
ਐਸੀ ਠਗਉਰੀ ਪਾਇ ਭੁਲਾਵੈ ਮਨਿ ਸਭ ਕੈ ਲਾਗੈ ਮੀਠੀ॥(ਮ:5-673)

ਮਹਾਂਪੁਰਸ਼ਾਂ ਨੇ ਉਸ ਨੂੰ ਸੱਦ ਕੇ ਕਿਹਾ ਕਿ ਬਈ ਤੂੰ ਆਪਣੀ ਜ਼ੁਬਾਨ ਤੋਂ ਨਾ ਫਿਰ। ਜੇ ਰਾਸਤਾ ਹੀ ਨਹੀਂ ਹੋਵੇਗਾ ਤਾਂ ਸੰਗਤ ਗੁਰਦੁਆਰਾ ਸਾਹਿਬ ਜਾਵੇਗੀ ਕਿਸ ਤਰ੍ਹਾਂ। ਇਸ ਦੇ ਮਨ ਵਿਚ ਤਾਂ ਹੰਕਾਰ ਸੀ। ਅੱਖਾਂ ਮੂਹਰੇ ਮਾਇਆ ਘੁੰਮ ਰਹੀ ਸੀ। ਇਸ ਨੇ ਰਾਸਤਾ ਛੱਡਣ ਤੋਂ ਨਾਂਹ ਕਰ ਦਿੱਤੀ। ਜਦ ਇਹ ਮੁੱਕਰ ਗਿਆ ਤਾਂ ਸੰਤ ਪੂਰੇ ਜਾਹੋ-ਜਲਾਲ ਵਿਚ ਆ ਗਏ। ਚਿਹਰਾ ਲਾਲ ਸੁਰਖ ਹੋ ਗਿਆ। ਕਹਿੰਦੇ ਕਿ "ਜਦ ਤੂੰ ਹੀ ਜ਼ੁਬਾਨ ਤੋਂ ਫਿਰ ਗਿਆ ਤਾਂ ਅਸੀਂ ਵੀ ਖੁਆਜੇ ਬਲੀ ਨੂੰ ਖੁੱਲ੍ਹੀ ਛੁੱਟੀ ਦੇ ਦਿੰਦੇ ਹਾਂ।" ਉਹ ਪ੍ਰੇਮੀ ਆਕੜ ਵਿਚ ਚਲਾ ਗਿਆ। ਬਰਸਾਤਾਂ ਆਈਆਂ। ਮਹਾਂਪੁਰਸ਼ਾਂ ਨੇ ਸੁਨੇਹਾ ਭੇਜ ਕੇ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਵਾਪਸ ਅਸਥਾਨ 'ਤੇ ਮੰਗਵਾ ਲਿਆ। ਚੋਅ ਵਿਚ ਪਾਣੀ ਦੀਆਂ ਐਸੀਆਂ ਛੱਲਾਂ ਆਈਆਂ ਕਿ ਇਮਾਰਤ ਦਾ ਨਾਮੋ-ਨਿਸ਼ਾਨ ਵੀ ਨਾ ਰਿਹਾ।

ਅਟਲ ਬਚਨ ਸਾਧੂ ਜਨਾ ਸਭ ਮਹਿ ਪ੍ਰਗਟਾਇਆ॥ (ਮ:5-812)

ਜਿਸ ਨੂੰ ਜ਼ਮੀਨ ਹੋਟਲ ਬਣਾਉਣ ਨੂੰ ਵੇਚੀ ਹੋਈ ਸੀ ਉਹ ਵੀ ਸੌਦਾ ਛੱਡ ਗਿਆ ਅਤੇ ਜ਼ਮੀਨ ਪਹਿਲਾਂ ਵਾਂਗ ਬੇਆਬਾਦ ਹੀ ਪਈ ਰਹਿ ਗਈ। ਮਹਾਂਪੁਰਸ਼ ਕਿਹਾ ਕਰਦੇ ਸਨ ਕਿ ਮਾਇਆ ਬਹੁਤ ਜ਼ੋਰਾਵਰ ਹੈ। ਕਲਯੁਗ ਵਿਚ ਮਾਇਆ ਤੋਂ



ਬਚਣ ਦਾ ਗੁਰਸ਼ਬਦ ਹੀ ਇਕੋ ਇਕ ਸਾਧਨ ਹੈ

ਮਾਇਆ ਕੀ ਛਾਇਆ ਵਡੀ ਹੈ, ਭਰਮ ਮੋਹਿ ਕੀ ਭੀਤਿ॥
ਨਾਨਕ ਦਾਸ ਗੁਰ ਸਬਦ ਤੇ, ਹਰਿ ਪ੍ਰਭ ਆਵੈ ਚੀਤਿ॥ (ਮ:-610)

ਅਤੇ ਜੋ ਕਰਮ ਕਰਨ ਲਈ ਸਾਨੂੰ ਪ੍ਰਮਾਤਮਾ ਨੇ ਭੇਜਿਆ ਹੈ, ਜਿਸ ਲਈ ਮਨੁੱਖਾਂ ਦੇਹੀ ਦੀ ਬਖਸ਼ਿਸ਼ ਕੀਤੀ ਹੈ ਉਸ ਲਈ ਸਭ ਵਿਚਾਰ ਤਿਆਗਣੇ ਪੈਣਗੇ। ਮਨ ਦੀ ਹਉਮੈ ਨੂੰ ਛੱਡ ਕੇ ਪ੍ਰਮਾਤਮਾ ਦੀ ਸੇਵਾ ਕਰਨੀ ਪਏਗੀ।

ਰੇ ਮਨ ਹੰਉਮੈ ਛੋਡਿ ਕਰਿ ਕਰਹ ਰਾਮ ਕੀ ਸੇਵ॥
ਜਨਮ ਮਰਨ ਦੁਖੁ ਕਟੀਐ, ਸਰਨਿ ਪਰਹੁ ਗੁਰਦੇਵ॥

# ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ

ਸੰਤ ਬਾਬਾ ਤੀਰਥ ਸਿੰਘ ਜੀ ਕੁਰਸੀ 'ਤੇ ਸਜੇ ਬੈਠੇ ਸਨ। ਭਾਈ ਰਣਜੋਧ ਸਿੰਘ ਜੀ ਪਹਿਰੇ ਤੇ ਖੜੇ ਸਨ। ਅੱਤਵਾਦ ਦਾ ਦੌਰ ਸੀ। ਦੋ ਅੱਤਵਾਦੀ ਆਏ ਅਤੇ ਨਮਸ਼ਕਾਰ ਕਰਕੇ ਬੈਠ ਗਏ। ਇਹਨਾ ਨੇ ਪਿਸਤੌਲ ਕੱਢਕੇ ਆਪਣੇ ਸਾਹਮਣੇ ਰੱਖ ਲਿਆ। ਸੰਤ ਮੁਸਕਰਾ ਕੇ ਕਹਿੰਦੇ ਬਈ ਇਹ ਕੀ ਹੈ। ਇਹ ਪ੍ਰੇਮੀ ਕਹਿੰਦੇ ਆਪਣੀ ਹਿਫਾਜ਼ਤ ਵਾਸਤੇ ਰੱਖਿਆ ਹੈ। ਸੰਤ ਕਹਿੰਦੇ ਬਈ ਸਾਡੇ ਅਸਥਾਨ 'ਤੇ ਹਿਫਾਜ਼ਤ ਤਾਂ ਗੁਰੂ ਨਾਨਕ ਕਰਦਾ ਹੈ ਤੁਸੀਂ ਇਸ ਨੂੰ ਚੁਕ ਲਉ। ਪਰ ਇਹ ਨਾ ਮੰਨੇ। ਇਹ ਤਾਂ ਸੰਤਾਂ ਨੂੰ ਲੁਟਣ ਆਏ ਸਨ।

ਜਮਾਨੇ ਮੇ ਭੀ ਐਸੇ ਕਈ ਨਾਦਾਨ ਹੋਤੇਂ ਹੈ।
ਵਹੀਂ ਲੇ ਜਾਤੇ ਹੈ ਕਿਸ਼ਤੀ ਜਹਾਂ ਤੂਫਾਨ ਹੋਤੇਂ ਹੈ।

ਮਾਝੇ ਦੇ ਇਹ ਸਿੰਘ ਭਾਈ ਦਇਆ ਸਿੰਘ ਜੀ ਦੀ ਸੱਚੀ ਸੁਚੀ ਸੰਪਰਦਾ ਤੋਂ ਅਣਜਾਣ ਸਨ, ਨਾਵਾਕਿਫ ਸਨ। ਇਹ ਤਾਂ ਸੰਤਾਂ ਨੂੰ, ਲੋਕਾਂ ਨੂੰ ਭਰਮਾਉਣ ਵਾਲੇ ਆਮ ਸਾਧੂ ਸਮਝ ਕੇ ਹੀ ਆ ਬੜੇ ਸਨ। ਪ੍ਰਸ਼ਾਦ ਲੈਣ ਉਪਰੰਤ ਇਹਨਾਂ ਨੇ ਸੰਤਾਂ ਕੋਲੋਂ ਇਕ ਲੱਖ ਰੁਪਏ ਦੀ ਮੰਗ ਕੀਤੀ। ਜਦ ਪੈਸਿਆਂ ਦੀ ਮੰਗ ਸੁਣੀ ਤਾਂ ਸੰਤਾਂ ਨੇ ਬੜੀ ਨਿਮਰਤਾ ਨਾਲ ਕਿਹਾ ਕਿ ਸਾਧੂਆਂ ਕੋਲ ਮਾਇਆ ਨਹੀਂ ਰਾਮ ਨਾਮ ਦਾ ਭੰਡਾਰ ਹੀ ਹੁੰਦਾ ਹੈ। ਪਰ ਇਹ ਪ੍ਰੇਮੀ ਤਾਂ ਮਾਇਆ 'ਤੇ ਅੜੇ ਸਨ। ਸੰਤ ਕਹਿੰਦੇ ਮਾਇਆ ਤਾਂ ਸਾਡੇ ਕੋਲ ਨਹੀਂ ਹੈ। ਜੋ ਤੁਸੀਂ ਅਸਥਾਨ 'ਤੇ ਕੰਮ ਚਲਦਾ ਵੇਖ ਰਹੇ ਹੋ ਇਹ ਤਾਂ ਸੰਗਤ ਹੀ ਚਲਾ ਰਹੀ ਹੈ। ਇਹ ਮਨਮੁੱਖ ਨਹੀਂ ਮੰਨੇ। ਸੰਤਾਂ ਨੇ ਬਥੇਰਾ ਸਮਝਾਇਆ ਕਿ ਗੁਰੂ ਘਰ ਨਾਲ ਜ਼ਿਦ ਨਹੀਂ ਕਰੀਦੀ। ਜੇ ਲੁਟਣਾ ਹੀ ਸੀ ਤਾਂ ਕੋਈ ਬੈਂਕ ਵੇਖਦੇ, ਗੁਰੂ ਘਰ ਨੂੰ ਲੁਟਣ ਕਿਉਂ ਆਏ ਹੋ। ਪਰ

ਮਨਮੁਖ ਬੋਲਿ ਨ ਜਾਣਨੀ ਓਨਾ ਅੰਦਰਿ ਕਾਮੁ ਕ੍ਰੋਧੁ ਅਹੰਕਾਰੁ ॥
ਥਾਉ ਕੁਥਾਉ ਨ ਜਾਣਨੀ ਸਦਾ ਚਿਤਵਹਿ ਬਿਕਾਰ ॥ (ਮ:3-1248)

ਜਦ ਵੇਖਿਆ ਕਿ ਸੰਤ ਅਡੋਲ ਬੈਠੇ ਹਨ ਪਿਸਤੌਲ ਕਢਕੇ ਰੱਖਣ ਦਾ ਵੀ ਕੋਈ ਅਸਰ ਨਹੀਂ ਹੋਇਆ ਤਾਂ 50,000 ਰੁਪਏ ਦੀ ਮੰਗ ਕਰਨ ਲੱਗੇ। ਪਰ ਸੰਤ ਨਹੀਂ ਮੰਨੇ। ਇਹ ਪ੍ਰੇਮੀ ਇਹ ਕਹਿੰਦੇ ਹੋਏ ਉਠ ਪਏ ਕਿ ਅਸੀਂ ਅੱਜ ਤੋਂ ਅੱਠਵੇਂ ਦਿਨ ਨੂੰ ਪੈਸੇ ਲੈਣ ਆਉਣਾ ਹੈ ਇੰਤਜਾਮ ਕਰਕੇ ਰੱਖਿਓ। ਜੇ ਪੁਲਿਸ ਨੂੰ ਇਤਲਾਹ



ਕੀਤੀ ਤਾਂ ਅਸਥਾਨ ਨੂੰ ਉਡਾ ਦੇਵਾਂਗੇ। ਮਨਮੁਖ ਸੀ, ਮਨ ਵਿਚ ਹੰਕਾਰ ਆ ਗਿਆ। ਜੇ ਪੈਸਾ ਨਹੀਂ ਦਿਓਗੇ, ਪੁਲਿਸ ਨੂੰ ਬੁਲਾਓਗੇ ਤਾਂ ਗੁਰੂ ਘਰ ਉਡਾ ਦੇਵਾਂਗੇ। ਖ਼ੁਦੀ ਜਾਗ ਪਈ। ਜਦ ਦਿਨ ਮਾੜੇ ਆਉਂਦੇ ਹਨ ਤਾਂ ਹੰਕਾਰ ਸਿਖ਼ਰ 'ਤੇ ਪਹੁੰਚ ਜਾਂਦਾ ਹੈ। ਇਹਨਾਂ ਦੀ ਹਉਮੈ ਵੀ ਆਪਣੀ ਚਰਮ ਸੀਮਾ ਨੂੰ ਛੂਹ ਰਹੀ ਸੀ। ਸੰਤ ਨਿਮਰਤਾ ਨਾਲ ਕਹਿੰਦੇ ਕਿ ਪ੍ਰਸ਼ਾਦਾ ਛਕ ਕੇ ਜਾਓ। ਭਾਈ ਰਣਜੋਧ ਸਿੰਘ ਨੂੰ ਸੰਤਾਂ ਨੇ ਲੰਗਰ ਛਕਾਉਣ ਲਈ ਭੇਜਿਆ। ਇਹਨਾਂ ਪ੍ਰੇਮੀਆਂ ਨੇ ਲੰਗਰ ਛਕਿਆ। ਕਾਫੀ ਸਾਰਾ ਲੰਗਰ ਲਿਜਾਣ ਲਈ ਬੰਨ ਲਿਆ ਅਤੇ ਧਮਕੀ ਦੁਹਰਾਉਂਦੇ ਹੋਏ ਚਲੇ ਗਏ। ਸੰਤਾਂ ਦੇ ਚਿਹਰੇ ਤੇ ਕਿਸੇ ਕਿਸਮ ਦਾ ਕੋਈ ਭੈਅ ਨਹੀਂ ਸੀ। ਨਿਰਭਉ ਨੂੰ ਮੰਨਣ ਵਾਲਾ ਭਉ ਵਿਚ ਨਹੀਂ ਆ ਸਕਦਾ। 8 ਦਿਨ ਬੀਤ ਗਏ। ਕੋਈ ਨਹੀਂ ਆਇਆ। ਦੋ ਮਹੀਨਿਆਂ ਬਾਦ ਉਹਨਾਂ ਵਿੱਚੋਂ ਇਕ ਪ੍ਰੇਮੀ ਆਇਆ। ਉਸ ਕੋਲੋਂ ਬਹੁਤ ਮੁਸ਼ਕਲ ਨਾਲ ਤੁਰਿਆ ਜਾ ਰਿਹਾ ਸੀ। ਆਉਂਦੇ ਸਾਰ ਹੀ ਸੰਤਾਂ ਦੇ ਚਰਨਾਂ ਵਿਚ ਡਿਗ ਪਿਆ। ਬਹੁਤ ਰੋਇਆ। ਮਾਫ਼ੀ ਹੀ ਮੰਗੀ ਜਾਏ। ਉੱਚੀ ਉੱਚੀ ਆਖੇ ਬਖਸ਼ ਲਉ ਅਸੀਂ ਬਹੁਤ ਵੱਡਾ ਗੁਨਾਹ ਕੀਤਾ ਜੋ ਤੁਹਾਨੂੰ ਤੰਗ ਕੀਤਾ। ਤੁਸੀਂ ਬਖਸ਼ਣਹਾਰ ਹੋ ਬਖਸ਼ ਲਉ। ਅਸੀਂ ਭੁਲਣਹਾਰ ਹਾਂ। ਇਸ ਪ੍ਰੇਮੀ ਨੇ ਦੱਸਿਆ ਕਿ ਜਿਸ ਦਿਨ ਅਸੀਂ ਇਥੋਂ ਮੰਦ ਭਾਵਨਾ ਨਾਲ ਗਏ ਤਾਂ ਜਾਂਦਿਆਂ ਹੀ ਤਰਨਤਾਰਨ ਪੁਲਿਸ ਨੇ ਫੜ ਲਿਆ। ਬਹੁਤ ਤਸੀਹੇ ਦਿੱਤੇ। ਬਹੁਤ ਮਾਰ ਪਈ। ਹੱਡ ਹੱਡ ਤੋੜ ਸੁਟਿਆ। ਅਸੀਂ ਜੇਲ ਵਿਚ ਵੀ ਸੰਤਾਂ ਕੋਲੋਂ ਮਾਫੀਆਂ ਹੀ ਮੰਗੀ ਜਾਂਦੇ ਸਾਂ। ਜਿਸ ਦਿਨ ਸੰਤਾਂ ਨੇ ਸਾਨੂੰ ਸੁਪਨੇ ਵਿਚ ਦਰਸ਼ਨ ਦਿੱਤੇ ਉਸ ਦਿਨ ਸਾਡੀ ਜ਼ਮਾਨਤ ਹੋਈ। ਜੇ ਅੱਜ ਅਸੀਂ ਰਿਹਾ ਹੋ ਗਏ ਹਾਂ ਤਾਂ ਇਹ ਸੰਤਾਂ ਦਾ ਹੀ ਪ੍ਰਤਾਪ ਹੈ। ਮੇਰਾ ਸਾਥੀ ਆਉਣ ਵਾਲੀ ਹਾਲਤ ਵਿਚ ਨਹੀਂ ਸੀ, ਇਸੇ ਲਈ ਮੈਂ ਇਕੱਲਾ ਆਇਆ ਹਾਂ। ਸੰਤਾਂ ਨੇ ਲੰਗਰ ਚੋਂ ਮੰਗਵਾ ਕੇ ਚਾਹ ਛਕਾਈ। ਸੰਤ ਕਹਿੰਦੇ ਬਈ ਇਹ ਗੁਰੂ ਨਾਨਕ ਦਾ ਦਰ ਹੈ ਜੋ ਜੈਸੀ ਭਾਵਨਾ ਨਾਲ ਆਉਂਦਾ ਹੈ ਵੈਸਾ ਹੀ ਫਲ ਮਿਲ ਜਾਂਦਾ ਹੈ।

ਫਲੁ ਤੇਵੇਹੋ ਪਾਈਐ ਜੇਵੇਹੀ ਕਾਰ ਕਮਾਈਐ ॥ (ਮ:1-468)

ਜੋ ਮੰਦੇ ਕਰਮ ਕਰਦਾ ਹੈ ਸਮਾਂ ਉਸਦੇ ਰਾਸਤੇ ਵਿਚ ਫੁਲ ਨਹੀਂ ਵਿਛਾਉਂਦਾ ਅਤੇ ਜੋ ਚੰਗੇ ਕਰਮ ਕਰਦਾ ਹੈ ਪ੍ਰਮਾਤਮਾ ਉਸਦੇ ਰਾਸਤੇ ਦੇ ਸਾਰੇ ਕੰਡੇ ਚੁਗ ਦਿੰਦਾ ਹੈ।

ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ ॥ (ਮ:1-470)

ਜਦ ਮਨ ਨੂੰ ਵਿਕਾਰਾਂ ਦੀ ਮੈਲ ਚੜ੍ਹ ਜਾਵੇ ਤਾਂ ਤੀਰਥ ਨਾਉਣ ਨਾਲ ਵੀ ਦੂਰ ਨਹੀਂ ਹੁੰਦੀ।

ਦੁਰਮਤ ਮੈਲ ਨਾ ਉਤਰੈ ਕਿਉਂ ਤੀਰਥ ਨਾਈਐ ?

(ਭਾਈ ਗੁਰਦਾਸ ਜੀ)

ਪਰ ਜੇ ਅੱਜ ਠੋਕਰ ਲੱਗਣ ਨਾਲ ਗੁਰੂ ਨਾਨਕ ਪਾਤਸ਼ਾਹ ਨੇ ਤੁਹਾਨੂੰ ਸੋਝੀ ਬਖਸ਼ ਦਿਤੀ ਹੈ, ਤੁਹਾਡਾ ਮਨ ਨਿਰਮਲ ਹੋ ਗਿਆ ਹੈ ਤਾਂ ਅਜ ਤੋਂ ਬਾਦ ਬਦੀਆਂ ਵਾਲਾ ਵਰਕਾ ਪਾੜ ਦਿਓ

ਫਰੀਦਾ ਜਿਨੀ ਕੰਮੀ ਨਾਹਿ ਗੁਣ ਤੇ ਕੰਮੜੇ ਵਿਸਾਰਿ ॥

ਮਤੁ ਸਰਮਿੰਦਾ ਥੀਵਹੀ ਸਾਂਈ ਦੈ ਦਰਬਾਰਿ ॥ (ਫਰੀਦ ਜੀ,1381)

ਤਾਂ ਕਿ ਅਸੀਂ ਆਪਣੀਆਂ ਬੁਰਾਈਆਂ ਕਾਰਨ ਪ੍ਰਮਾਤਮਾ ਤੋਂ ਦੂਰ ਨਾ ਹੋ ਜਾਈਏ।

ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ ॥

ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ ॥ (ਮ:1-8)

ਕਿਉਂਕਿ ਪਾਰ ਉਹਨਾਂ ਨੇ ਹੀ ਲੰਘਣਾ ਹੈ:

ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ ॥

ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ ॥ (ਮ:1-8)



# ਜੋ ਬੀਤੀ ਸੋ ਬੀਤੀ

ਸੰਤ ਬਾਬਾ ਤੀਰਥ ਸਿੰਘ ਜੀ ਨੇ ਭਾਈ ਸੇਵਾ ਸਿੰਘ (ਨਾਜਕਾ) ਦੀ ਮਾਤਾ ਦੇ ਭੋਗ 'ਤੇ ਕਥਾ ਵਿੱਚ ਦੱਸਿਆ ਕਿ ਪ੍ਰਮਾਤਮਾ ਨੇ ਜਿੰਨੀਆਂ ਜੂਨਾਂ ਬਣਾਈਆਂ ਹਨ:

ਲਖ ਚਉਰਾਸੀਹ ਜੋਨਿ ਵਿਚਿ ਉਤਮ ਜੁਨ ਸੁ ਮਾਣਸ ਦੇਹੀ ॥

(ਭਾਈ ਗੁਰਦਾਸ ਜੀ)

ਉਹਨਾਂ ਵਿਚ ਸਭ ਤੋਂ ਉੱਤਮ ਮਨੁੱਖਾ ਦੇਹੀ ਹੀ ਹੈ। ਅਸੀਂ ਸਭ ਨਖਿਧ ਜੂਨਾਂ ਵਿੱਚ ਜਨਮ ਲਿਆ:

ਕਈ ਜਨਮ ਭਏ ਕੀਟ ਪਤੰਗਾ ॥

ਕਈ ਜਨਮ ਗਜ ਮੀਨ ਕੁਰੰਗਾ ॥

ਕਈ ਜਨਮ ਪੰਖੀ ਸਰਪ ਹੋਇਓ ॥

ਕਈ ਜਨਮ ਹੈਵਰ ਬ੍ਰਿਖ ਜੋਇਓ ॥ (ਮ:5-176)

ਜਦ ਕੀੜੇ-ਮਕੌੜੇ, ਪਸ਼ੂ-ਪੰਛੀ ਆਦਿ ਜੂਨਾਂ ਵਿਚ ਜਨਮ ਲੈ ਲੈ ਕੇ ਅੱਕ ਗਈ ਤਾਂ ਸਾਡੀ ਆਤਮਾ ਨੇ ਪ੍ਰੇਮਸ਼ਰ ਅੱਗੇ ਮਨੁੱਖਾ ਜੂਨ ਵਿਚ ਆਉਣ ਲਈ ਨੱਕ ਰਗੜੇ। ਕਰਮਹੀਣ ਧਨ ਕਰੈ ਬਿਨੰਤੀ ਕਦਿ ਨਾਨਕ ਆਵੈ ਵਾਰੀ ॥ ਤਰਸ ਖਾ ਕੇ ਪ੍ਰਮਾਤਮਾ ਨੇ ਬੇਨਤੀ ਸਵੀਕਾਰ ਕਰ ਲਈ ਅਤੇ ਸਾਨੂੰ ਮਨੁੱਖ ਬਣਾ ਕੇ ਧਰਤੀ 'ਤੇ ਭੇਜ ਦਿੱਤਾ।

ਭਈ ਪਰਾਪਤਿ ਮਾਨੁਖ ਦੇਹੁਰੀਆ ॥

(ਮ:5-12)

ਚਿਰੰਕਾਲ ਇਹ ਦੇਹ ਸੰਜਰੀਆ ॥

(ਮ:5-176)

ਪਰ ਨਾਲ ਹੀ ਨਸੀਹਤ ਦਿਤੀ ਕਿ ਇਹ ਜੂਨ ਪ੍ਰਭੂ ਮਿਲਨ ਲਈ ਦਿੱਤੀ ਗਈ ਹੈ। ਇਸਨੂੰ ਅਜਾਈਂ ਨਾ ਗਵਾਉਣਾ।

ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥

(ਮ:5-12)

ਮਿਲੁ ਜਗਦੀਸ ਮਿਲਨ ਕੀ ਬਰੀਆ ॥ (ਮ:5-176)

ਪਰ ਜਗਦੀਸ ਨੂੰ ਮਿਲਣਾ ਕਿਸ ਤਰਾਂ ਹੈ ? ਸਿਖ ਧਰਮ ਦੇ ਮੁਢਲੇ ਅਸੂਲਾਂ 'ਤੇ ਚੱਲਕੇ : ਕਿਰਤ ਕਰਨੀ, ਨਾਮ ਜਪਣਾ, ਵੰਡ ਛੱਕਣਾ। ਭਜਨ ਸਿਮਰਨ ਦੇ ਨਾਲ ਨਾਲ ਜੇਕਰ ਹੇਠ ਲਿਖੀਆਂ ਚਾਰ ਗੱਲਾਂ ਮਨ ਵਿਚ ਵਸਾ ਕੇ ਅਮਲ ਕੀਤਾ ਜਾਵੇ ਤਾਂ ਜਗਦੀਸ਼ ਮਿਲਨ ਦਾ ਰਾਹ ਅਖ਼ਤਿਆਰ ਕੀਤਾ ਜਾ ਸਕਦਾ ਹੈ।

1. ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ ॥

(ਮ:1-470)

2. ਘਾਲਿ ਖਾਇ ਕਿਛੁ ਹਥਹੁ ਦੇਇ ॥
ਨਾਨਕ ਰਾਹੁ ਪਛਾਣਹਿ ਸੇਇ ॥

(ਮ:1-1245)

3. ਫਰੀਦਾ ਜੇ ਤੂੰ ਅਕਲਿ ਲਤੀਫੁ ਕਾਲੇ ਲਿਖੁ ਨ ਲੇਖੁ ॥
ਆਪਨੜੇ ਗਿਰੀਵਾਨ ਮਹਿ, ਸਿਰਿ ਨੀਵਾ ਕਰਿ ਦੇਖੁ ॥

(ਫਰੀਦ ਜੀ,1378)

4. ਸਤੁ ਸੰਤੋਖੁ ਦਇਆ ਧਰਮੁ ਸੀਗਾਰੁ ਬਨਾਵਉ ॥
ਸਫਲ ਸੁਹਾਗਣਿ ਨਾਨਕਾ ਅਪੁਨੇ ਪ੍ਰਭ ਭਾਵਉ ॥

(ਮ:5-812)

ਪ੍ਰਭੂ ਨੂੰ ਮਿਲਣਾ ਹੀ ਜ਼ਿੰਦਗੀ ਦਾ ਮੰਤਵ ਹੈ। ਸਾਨੂੰ ਸਤਪੁਰਖਾਂ ਨੇ ਵੀ ਥਾਂ-ਥਾਂ ਵਕਤ ਰਹਿੰਦਿਆਂ ਹੀ ਉਪਰਾਲੇ ਕਰਨ ਨੂੰ ਕਿਹਾ ਹੈ:

ਕਬੀਰ ਲੂਟਨਾ ਹੈ ਤ ਲੂਟਿ ਲੈ ਰਾਮ ਨਾਮ ਹੈ ਲੂਟਿ ॥
ਫਿਰਿ ਪਾਛੈ ਪਛੁਤਾਹੁਗੇ ਪ੍ਰਾਨ ਜਾਹਿਗੇ ਛੂਟਿ ॥

(ਕਬੀਰ ਜੀ,1366)

ਭਜਹੁ ਗੋਬਿੰਦ ਭੂਲਿ ਮਤ ਜਾਹੁ ॥
ਮਾਨਸ ਜਨਮ ਕਾ ਏਹੀ ਲਾਹੁ ॥

(ਕਬੀਰ ਜੀ,1159)

ਨਿਤ ਮਤੀਂ ਦਿਆ ਵਲਲੀ ਨੂੰ, ਇਸ ਭੋਲੀ ਕਮਲੀ ਝਲੀ ਨੂੰ,
ਜਦ ਪਵੇਗਾ ਵਖਤ ਇਕਲੀ ਨੂੰ, ਤਦ ਹਾਏ ਹਾਏ ਕਰਸੀ ਜਾਨ ਕੁੜੇ,
ਕਰ ਕੱਤਣ ਵਲ ਧਿਆਨ ਕੁੜੇ। (ਬਾਬਾ ਬੁੱਲੇਸ਼ਾਹ ਜੀ)

ਸਮਾਪਤੀ ਤੋਂ ਬਾਅਦ ਪਰਿਵਾਰ ਨੇ ਬਹੁਤ ਸ਼ਰਧਾ ਨਾਲ ਪ੍ਰਸ਼ਾਦਾ



ਛਕਾਇਆ। ਸੰਤ ਭਾਈ ਸੇਵਾ ਸਿੰਘ ਦੇ ਪਿਤਾ ਸ. ਸਾਧੂ ਸਿੰਘ ਨੂੰ ਕਹਿੰਦੇ, "ਸਾਧੂ ਸਿੰਹਾ ਸਿਮਰਨ ਕਰਿਆ ਕਰੋ। ਜਿੰਨਾ ਵੀ ਸਮਾਂ ਪ੍ਰਮਾਤਮਾ ਦੇ ਲੇਖੇ ਲੱਗ ਜਾਏ ਉਹ ਚੰਗਾ ਹੀ ਚੰਗਾ ਹੈ।"

ਜੋ ਉਪਜਿਓ ਸੋ ਬਿਨਸਿ ਹੈ ਪਰੋ ਆਜੁ ਕੈ ਕਾਲਿ ॥
ਨਾਨਕ ਹਰਿ ਗੁਨ ਗਾਇ ਲੇ ਛਾਡਿ ਸਗਲ ਜੰਜਾਲ ॥

(ਮ: 9-1429)

ਸਾਧੂ ਸਿੰਘ ਮਨਮੁਖ ਸੀ। ਸਤਿ ਬਚਨ ਨਹੀਂ ਕਹਿ ਸਕਿਆ। ਤਰਕ ਵਿੱਚ ਪੈ ਗਿਆ ਕਿ ਹੁਣ ਤਾਂ ਸਾਰੀ ਉਮਰ ਹੀ ਲੰਘ ਚੁੱਕੀ ਹੈ, ਇਸ ਉਮਰ ਵਿਚ ਬੰਦਗੀ ਕਰਕੇ ਕੀ ਕਰਾਂਗਾ। ਸੰਤਾਂ ਨੇ ਸਮਝਾਇਆ ਕਿ:

ਪਿਛਲੀ ਉਮਰ ਗੁਨਾਹੀ ਬੀਤੀ, ਹਰਿ ਕੀ ਭਗਤ ਨਾ ਕੀਤੀ ॥
ਆਗੇ ਸਮਝ ਚਲੋ ਨੰਦ ਲਾਲਾ ਜੋ ਬੀਤੀ ਸੋ ਬੀਤੀ ॥

(ਨੰਦ ਲਾਲ ਜੀ)

ਅੱਗਾ ਹੀ ਸੁਆਰ ਲੈ। ਪਰ ਇਹ ਨਾਮ ਦਾ ਹੀ ਸਾਧੂ ਸੀ ਅਤੇ ਮਤ ਦੁਨੀਆਂ-ਦਾਰਾਂ ਵਾਲੀ ਹੀ ਸੀ। ਕਿਉਂਕਿ ਜਿਸ ਤਰ੍ਹਾਂ ਗੁਰਮੁਖ ਨਾਮ ਰੱਖਣ ਨਾਲ ਕੋਈ ਗੁਰਮੁਖ ਨਹੀਂ ਹੋ ਜਾਂਦਾ ਉਸੇ ਤਰ੍ਹਾਂ ਸਾਧੂ ਨਾਮ ਰੱਖਣ ਨਾਲ ਵੀ ਸਾਧੂ ਨਹੀਂ ਬਣਿਆ ਜਾਂਦਾ। ਸੰਤਾਂ ਦੀ ਰਮਜ਼ ਸਮਝ ਨਹੀਂ ਸਕਿਆ। ਸਾਧੂ ਦੀ ਰਮਜ਼ ਵੀ ਉਹੀ ਸਮਝ ਸਕਦਾ ਹੈ ਜੋ ਸਾਧ-ਸੰਗਤ ਕਰਦਾ ਰਿਹਾ ਹੋਵੇ। ਇਕ ਮਹੀਨੇ ਬਾਦ ਹੀ ਸਾਧੂ ਸਿੰਘ ਪ੍ਰਲੋਕ ਸੁਧਾਰ ਗਿਆ। ਜਿਸ ਕੰਮ ਲਈ ਪ੍ਰਮਾਤਮਾ ਨੇ ਜਨਮ ਦਿੱਤਾ ਸੀ, ਉਹ ਅਧੂਰਾ ਹੀ ਰਹਿ ਗਿਆ।

# ਜਾ ਕਉ ਰਾਖੈ ਰਾਖਣਹਾਰੁ

ਦੁਨੀਆਂ ਚੱਲਣਹਾਰ ਹੈ। ਜੇਕਰ ਨਾਸ਼ਵਾਨ ਦੁਨੀਆਂ ਵਿਚ ਕੁਝ ਸਦੀਵੀ ਹੈ ਤਾਂ ਉਹ ਪ੍ਰਮਾਤਮਾ ਹੈ। ਦੁਨੀਆਂ ਭਰ ਦੇ ਦੁੱਖ, ਕੁਲ ਜਹਾਨ ਦੀਆਂ ਆਫਤਾਂ, ਸਭ ਸ੍ਰਿਸ਼ਟੀ ਦੇ ਬਿਘਨ ਉਸ ਲਈ ਹਨ ਜਿਸਨੇ ਪ੍ਰਮਾਤਮਾ ਵਿਸਾਰ ਦਿੱਤਾ।

ਕੋਟਿ ਬਿਘਨ ਤਿਸੁ ਲਾਗਤੇ ਜਿਸ ਨੋ ਵਿਸਰੈ ਨਾਉ ॥
ਨਾਨਕ ਅਨਦਿਨੁ ਬਿਲਪਤੇ ਜਿਉ ਸੁੰਞੈ ਘਰਿ ਕਾਉ ॥ (ਮ:5-522)

ਜੋ ਉਸ ਨੂੰ ਜਾਣ ਲੈਂਦਾ ਹੈ, ਰਾਮ ਨਾਮ ਹਿਰਦੈ ਵਿਚ ਵਸਾ ਲੈਂਦਾ ਹੈ ਉਸ ਦੇ ਰਾਹ ਵਿਚ ਬਿਖਰੇ ਕੰਡੇ ਵੀ ਫੁੱਲ ਬਣ ਜਾਂਦੇ ਹਨ। ਗਲ਼ ਵਿਚ ਪਏ ਦੁੱਖਾਂ ਦੇ ਫੰਧੇ ਵੀ ਸੁੱਖਾਂ ਦੇ ਹਾਰ ਬਣ ਜਾਂਦੇ ਹਨ।

ਤਾ ਕਉ ਬਿਘਨੁ ਨ ਲਾਗੈ ਕੋਇ ॥
ਜਾ ਕੈ ਰਿਦੈ ਬਸੈ ਹਰਿ ਸੋਇ ॥ (ਮ:5-288)

ਪਿੰਡ ਕੋਟਲੀ ਅਰਾਈਆਂ ਤੋਂ ਇੰਦਰਵੀਰ ਸਿੰਘ। ਸੰਤ ਬਾਬਾ ਤੀਰਥ ਸਿੰਘ ਜੀ ਦਾ ਪੱਕਾ ਸ਼ਰਧਾਲੂ। ਸ਼ਾਮਚੁਰਾਸੀ ਵਿਖੇ ਟੈਕਸੀ ਚਲਾਉਣ ਦਾ ਕੰਮ ਕਰਿਆ ਕਰਦਾ ਸੀ। ਕਈ ਵਾਰ ਇਸ ਦੀ ਗੱਡੀ 'ਤੇ ਖ਼ੂਨ ਦੇ ਛਿੱਟੇ ਵੀ ਪਏ। ਪਰ ਇਸ ਨੇ ਸੰਤਾਂ ਨਾਲ ਗੱਲ ਨਾ ਕੀਤੀ ਪਰ ਸੰਤ ਤਾਂ ਜਾਣੀਜਾਣ ਸਨ। ਧੁਰ ਅੰਦਰ ਦੀਆਂ ਜਾਨਣ ਵਾਲੇ। ਜਨਮਾਂ ਜਨਮਾਂ ਦੇ ਗਿਆਤਾ। ਇਕ ਦਿਨ ਇੰਦਰਵੀਰ ਸਿੰਘ ਨੇ ਸਟੈਂਡ 'ਤੇ ਗੱਡੀ ਲਾਈ ਅਤੇ ਗਾਹਕ ਦੇ ਇੰਤਜ਼ਾਰ ਵਿਚ ਬੈਠ ਗਿਆ। ਉਸੇ ਵਕਤ ਸੰਤ ਬਾਬਾ ਤੀਰਥ ਸਿੰਘ ਜੀ ਦਾ ਸੁਨੇਹਾ ਆਇਆ ਕਿ ਹੁਣੇ ਸਾਡੇ ਕੋਲ ਆਓ। ਜਾਣਦਾ ਸੀ ਕਿ ਸੰਤ ਗੁਰੂ ਨਾਨਕ ਮਹਾਰਾਜ ਦਾ ਹੀ ਰੂਪ ਹਨ। ਕਦੇ ਬਚਨ ਨਹੀਂ ਮੋੜਿਆ। ਗੁਰਦੁਆਰਾ ਈਸ਼ਰਪੁਰੀ ਵਿਖੇ ਪਹੁੰਚ ਗਿਆ। ਸੰਤਾਂ ਕੋਲ ਬੈਠਿਆਂ ਬੈਠਿਆਂ ਇਕ ਘੰਟਾ ਬੀਤ ਗਿਆ। ਨਾ ਤਾਂ ਸੰਤਾਂ ਨੇ ਕਿਤੇ ਜਾਣ ਲਈ ਕਿਹਾ ਅਤੇ ਨਾ ਹੀ ਕੋਈ ਕੰਮ ਦੱਸਿਆ। ਜਦ ਇਸ ਨੇ ਛੁੱਟੀ ਮੰਗੀ ਤਾਂ ਕਹਿੰਦੇ ਅਜੇ ਬੈਠਾ ਰਹਿ। ਕਾਫੀ ਸਮਾਂ ਬੀਤ ਜਾਣ ਉਪਰੰਤ ਸੰਤ ਜੀ ਕਹਿੰਦੇ ਬਈ ਹੁਣ ਲੰਗਰ ਛੱਕ ਕੇ ਆਓ। ਜਦ ਇਹ ਲੰਗਰ ਛੱਕਣ ਗਿਆ ਤਾਂ ਸਾਹਮਣੇ ਫੰਬੀਆਂ ਵਾਲਾ ਮਲਕੀਤ ਸਿੰਘ ਮਿਲ ਪਿਆ। ਉਹ ਮਜ਼ਾਕ ਨਾਲ ਕਹਿੰਦਾ, "ਹੁਣ ਐਨੇ



ਮਾੜੇ ਦਿਨ ਆ ਗਏ ਕਿ, ਕਮੀਜ਼ਾਂ ਵੀ ਪਾਟੀਆਂ ਪਾਉਣ ਲੱਗ ਪਏ।" ਇੰਦਰਵੀਰ ਸਿੰਘ ਦਾ ਧਿਆਨ ਕਮੀਜ਼ 'ਤੇ ਪਿਆ ਤਾਂ ਹੱਥ ਕੁ ਜਿੰਨੀ ਜਗ੍ਹਾ ਤੋਂ ਪਾਟ ਚੁੱਕੀ ਸੀ। ਬਹੁਤ ਹੈਰਾਨ ਹੋਇਆ। ਕਮੀਜ਼ ਸੀ ਵੀ ਨਵੀਂ। ਇਹ ਵੀ ਨਹੀਂ ਕਹਿ ਸਕਦਾ ਸੀ ਕਿ ਘਸ ਕੇ ਪਾਟ ਗਈ ਹੋਵੇਗੀ। ਲੰਗਰ ਛਕਣਾ ਤਾਂ ਭੁੱਲ ਗਿਆ ਓਨ੍ਹੀਂ ਪੈਰੀਂ ਮੁੜ ਸੰਤਾਂ ਕੋਲ ਹਾਜ਼ਰ ਹੋਇਆ। ਹੱਥ ਜੋੜ ਕੇ ਕਹਿੰਦਾ, "ਮਹਾਰਾਜ ਇਹ ਕੀ ਕੌਤਕ ਹੈ?" ਸੰਤ ਮੁਸਕਰਾ ਪਏ। ਕਹਿੰਦੇ, "ਕਮੀਜ਼ ਦਾ ਕੋਈ ਨਹੀਂ ਤੂੰ ਤਾਂ ਠੀਕ ਆਂ।" ਇੰਦਰਵੀਰ ਸਿੰਘ ਨੂੰ ਸਮਝ ਲੱਗ ਗਈ ਕਿ ਸੰਤਾਂ ਨੇ ਇਥੇ ਬੁਲਾ ਕੇ ਹੋਣ ਵਾਲੀ ਕਿਡੀ ਵੱਡੀ ਅਣਹੋਣੀ ਤੋਂ ਰੱਖਿਆ ਕੀਤੀ ਹੈ।

ਵਿਚਿ ਕਰਤਾ ਪੁਰਖੁ ਖਲੋਆ ॥
ਵਾਲੁ ਨ ਵਿੰਗਾ ਹੋਆ ॥ (ਮ:5-623)

ਰਾਮਾ ਮੰਡੀ ਤੋਂ ਬੀਬੀ ਬਲਜਿੰਦਰ ਕੌਰ ਆਪਣੇ ਪੇਕੇ ਘਰ ਤੋਂ ਹੀ ਗੁਰਦੁਆਰਾ ਈਸ਼ਰਪੁਰੀ ਸਾਹਿਬ ਦੀ ਸ਼ਰਧਾਲੂ ਸੀ। ਹੌਲੀ ਹੌਲੀ ਸਹੁਰਾ ਪਰਿਵਾਰ ਵੀ ਸੰਤਾਂ ਦਾ ਸੇਵਕ ਬਣ ਗਿਆ। ਘਰ ਵਿਚ ਸੰਤ ਬਾਬਾ ਈਸ਼ਰ ਸਿੰਘ ਜੀ ਰਾੜਾ ਸਾਹਿਬ ਅਤੇ ਸੰਤ ਬਾਬਾ ਤੀਰਥ ਸਿੰਘ ਜੀ ਦੀ ਜੋਤ ਜਗਾਉਣ ਲੱਗੇ। ਸਮਾਂ ਬੀਤਦਾ ਗਿਆ। ਇਕ ਦਿਨ ਜਦ ਸ਼ਿੰਗਾਰਾ ਸਿੰਘ (ਪਤੀ) ਡਿਊਟੀ 'ਤੇ ਜਾਣ ਲਈ ਘਰੋਂ ਤੁਰਿਆ ਤਾਂ ਚੁਗਿੱਟੀ ਚੌਕ ਵਿਚ ਹੀ ਪਹੁੰਚਿਆ ਹੋਵੇਗਾ ਕਿ ਪਿੱਛਿਓਂ ਆ ਰਹੀ ਤੇਜ਼ ਰਫਤਾਰ ਸੂਮੋ ਵਿਚ ਲੱਗੀ ਅਤੇ ਡਿੱਗ ਪਿਆ। ਸਾਈਕਲ ਟੁੱਟ ਗਿਆ। ਉੱਠਕੇ ਵੇਖਿਆ ਤਾਂ ਬਿਲਕੁਲ ਠੀਕ। ਹੱਥ ਪੈਰ ਦਬਾਅ ਦਬਾਅ ਕੇ ਚੈੱਕ ਕਰੇ। ਬਿਲਕੁਲ ਸਾਬਤ। ਸਭ ਹੈਰਾਨ ਕਿ ਬਚ ਕਿਵੇਂ ਗਿਆ। ਕੁਝ ਦਿਨ ਬੀਤ ਗਏ। ਇਕ ਦਿਨ ਇਨ੍ਹਾਂ ਦੇ ਘਰ ਫਿਰਦਾ ਫਿਰਦਾ ਰਮਤਾ ਸਾਧੂ ਆ ਗਿਆ। ਦਰ 'ਤੇ ਅਲਖ ਜਗਾਈ। ਜਦ ਬੀਬੀ ਖੈਰ ਪਾਉਣ ਲਈ ਆਈ ਤਾਂ ਮਸਤਕ ਵੱਲ ਵੇਖ ਕੇ ਕਹਿੰਦਾ, "ਭਲੀ ਹੋ ਗਈ। ਬਿਪਤਾ ਟਲ ਗਈ। ਟਲਦੀ ਵੀ ਕਿਵੇਂ ਨਾ ? ਬੀਬੀ ਤੂੰ ਜਿਸ ਦੀ ਜੋਤ ਜਗਾਉਂਦੀ ਹੈਂ ਉਹ ਸੰਤ ਉਸ ਦਿਨ ਪੰਜ ਸਿੰਘਾਂ ਸਮੇਤ ਘਰੋਂ ਹੀ ਤੇਰੇ ਪਤੀ ਦੇ ਨਾਲ ਗਏ ਸਨ।" ਫਕੀਰ ਚਲਾ ਗਿਆ। ਬੀਬੀ ਸੁੰਨ ਹੋ ਗਈ। ਅੰਦੇਸ਼ਾਂ ਤਾਂ ਪਹਿਲਾਂ ਹੀ ਸੀ ਕਿ ਐਸੀ ਬਿਪਤਾ ਤੋਂ ਸੰਤ ਤੀਰਥ ਸਿੰਘ ਜੀ ਤੋਂ ਬਿਨਾ ਰੱਖਿਆ ਹੋਰ ਕੌਣ ਕਰ ਸਕਦਾ ਸੀ। ਅੱਜ ਵਿਸ਼ਵਾਸ ਹੋ ਗਿਆ। ਖੜ੍ਹੀ-

ਖੜ੍ਹੀ ਧਰਤੀ 'ਤੇ ਸੰਤਾਂ ਨੂੰ ਨਮਸਕਾਰ ਕੀਤੇ ਬਿਨਾਂ ਨਾ ਰਹਿ ਸਕੀ। ਬੀਬੀ ਨੂੰ ਆਪਣਾ ਗੁਰੂ ਧਿਆਉਣ ਦਾ ਫਲ ਮਿਲ ਗਿਆ।

ਪ੍ਰਭ ਸਿਮਰਤ ਕਛੁ ਬਿਘਨੁ ਨ ਲਾਗੈ॥ (ਮ:5-262)

ਪਿੰਡ ਮੁਹੱਦੀਪੁਰ ਤੋਂ ਬੀਬੀ ਗੁਰਬਚਨ ਕੌਰ। ਜਿਸ ਨੇ ਸਭ ਤੋਂ ਪਹਿਲਾਂ ਗੁਰਦੁਆਰਾ ਸਾਹਿਬ ਵਿਖੇ ਇਕ ਵੇਲੇ ਲੰਗਰ ਪਕਾਉਣਾ ਸ਼ੁਰੂ ਕੀਤਾ ਸੀ। ਇਸ ਦਾ ਲੜਕਾ ਸ. ਮਹਿੰਦਰ ਸਿੰਘ ਭੂਟਾਨ ਗਿਆ ਹੋਇਆ ਸੀ। ਉਸ ਨੂੰ 1980 ਵਿਚ ਦਿਲ ਦਾ ਦੌਰਾ ਪੈ ਗਿਆ। ਚਾਰ ਦਿਨ ਬੇਹੋਸ਼ ਰਿਹਾ। ਬਚਣ ਦਾ ਕੋਈ ਪਤਾ ਨਹੀਂ ਸੀ। ਬੀਬੀ ਗੁਰਬਚਨ ਕੌਰ ਅਤੇ ਬੀਬੀ ਪਰਮਜੀਤ ਕੌਰ (ਪਤਨੀ) ਨੇ ਸੰਤਾਂ ਕੋਲ ਆ ਕੇ ਬੇਨਤੀ ਕੀਤੀ :

ਅਬ ਹਮ ਚਲੀ ਠਾਕੁਰ ਪਹਿ ਹਾਰਿ॥
ਜਬ ਹਮ ਸਰਣਿ ਪ੍ਰਭੂ ਕੀ ਆਈ ਰਾਖੁ ਪ੍ਰਭੂ ਭਾਵੈ ਮਾਰਿ॥ (ਮ:4-527)

ਬਹੁਤ ਨੱਕ ਰਗੜੇ। ਬਹੁਤ ਅਰਦਾਸਾਂ ਕੀਤੀਆਂ। ਪੰਜਵੇਂ ਦਿਨ ਸ. ਮਹਿੰਦਰ ਸਿੰਘ ਨੇ ਸੁਰਤ ਸੰਭਾਲੀ। ਉਸ ਨੇ ਦੱਸਿਆ ਕਿ ਇਸ ਸਮੇਂ ਦੌਰਾਨ ਸੰਤ ਬਾਬਾ ਤੀਰਥ ਸਿੰਘ ਜੀ ਮੇਰੇ ਸੁਪਨੇ ਵਿਚ ਆਏ ਅਤੇ ਪੁੱਛਿਆ ਕਿ ਤੈਨੂੰ ਕਿੰਨੀ ਉਮਰ ਹੋਰ ਚਾਹੀਦੀ ਹੈ ਤੇ ਮੈਂ ਕਿਹਾ 20 ਸਾਲ। ਅਗਲੇ ਦਿਨ ਹੋਸ਼ ਆ ਗਈ। ਹੋਸ਼ ਤਾਂ ਆ ਗਈ ਪਰ ਪ੍ਰਹੇਜ਼ ਬਹੁਤ ਸੀ। ਸਭ ਕੁਝ ਉਬਲਿਆਂ ਹੀ ਖਾਂਦਾ ਸੀ। ਜਦ ਭੂਟਾਨ ਤੋਂ ਵਾਪਸ ਆ ਕੇ ਸੰਤਾਂ ਦੇ ਚਰਨਾਂ ਵਿਚ ਗਿਆ ਤਾਂ ਉਨ੍ਹਾਂ ਇਸ ਨੂੰ ਲੰਗਰ ਖਾਣ ਭੇਜਿਆ। ਉਸ ਦਿਨ ਤੋਂ ਸਿਹਤਮੰਦਾਂ ਵਾਲਾ ਖਾਣਾ ਹਜ਼ਮ ਹੋਣ ਲੱਗਾ। ਸੰਨ 2000 ਵਿਚ ਮਹਿੰਦਰ ਸਿੰਘ ਮੁੜ ਬਿਮਾਰ ਹੋਇਆ। ਸਾਹ ਰੁਕ ਗਿਆ। ਇਸ ਦੀ ਲੜਕੀ ਸੁਖਜੀਤ ਕੌਰ ਨੇ ਸੰਤਾਂ ਨੂੰ ਬੇਨਤੀ ਕੀਤੀ ਕਿ ਪਿਤਾ ਜੀ ਦੀ ਹਾਲਤ ਬਹੁਤ ਖਰਾਬ ਹੈ ਕਿਰਪਾ ਕਰੋ। ਸੰਤ ਕਹਿੰਦੇ ਬਈ ਅੱਧੇ ਘੰਟੇ ਬਾਅਦ ਆਇਓ। ਸੰਤ ਤਾਂ ਜਾਣਦੇ ਸਨ। ਮਹਿੰਦਰ ਸਿੰਘ ਦਾ 20 ਸਾਲ ਦਾ ਮੰਗਿਆ ਸਮਾਂ ਪੂਰਾ ਹੋ ਚੁੱਕਾ ਸੀ। ਸੰਤਾਂ ਨੇ ਭਾਈ ਰਣਜੋਧ ਸਿੰਘ ਨੂੰ ਪਾਠੀ ਤਾਰਾ ਸਿੰਘ ਨੂੰ ਲੈਣ ਭੇਜਿਆ ਤਾਂ ਕਿ ਪਾਠ ਰੱਖਣ ਸਬੰਧੀ ਸਲਾਹ ਕੀਤੀ ਜਾ ਸਕੇ। ਅੱਧੇ ਘੰਟੇ ਬਾਅਦ ਸੁਨੇਹਾ ਆ ਗਿਆ ਮਹਿੰਦਰ ਸਿੰਘ ਸੁਆਸ ਛੱਡ ਗਿਆ। ਕਾਲ ਨੇ ਤਾਂ ਸਮਾਂ ਪੂਰਾ ਹੋਣ 'ਤੇ ਆਉਣਾ ਹੀ ਹੈ। ਉਸ ਅੱਗੇ ਕੋਈ ਅਮੀਰ-ਗ਼ਰੀਬ, ਕੋਈ ਰਾਜਾ -ਪਰਜਾ ਨਹੀਂ:-



ਧਨਵੰਤਾ ਅਰੁ ਨਿਰਧਨ ਮਨਈ ਤਾ ਕੀ ਕਛੂ ਨ ਕਾਨੀ ਰੇ॥
ਰਾਜਾ ਪਰਜਾ ਸਮ ਕਰਿ ਮਾਰੈ ਐਸੋ ਕਾਲੁ ਬਡਾਨੀ ਰੇ॥

(ਕਬੀਰ ਜੀ, 855)

ਪਿੰਡ ਕਾਰੀ ਤੋਂ ਸ. ਲਹਿੰਬਰ ਸਿੰਘ, ਜਿਸ ਦੀ ਸੀਮਿੰਟ, ਸਰੀਆ, ਬਜਰੀ ਆਦਿ ਦੀ ਨਸਰਾਲੇ ਵਿਖੇ ਦੁਕਾਨ ਹੈ, ਦਾ ਜਦ ਸੰਤਾਂ ਨੇ ਪਿੰਡ ਦਿਓਵਾਲ ਵਿਖੇ ਗੁਰਦੁਆਰਾ ਸਾਹਿਬ ਸਥਾਪਿਤ ਕੀਤਾ ਹੌਲੀ-ਹੌਲੀ ਸੰਤਾਂ ਨਾਲ ਪਿਆਰ ਪੈ ਗਿਆ। ਐਨਾ ਪਿਆਰ ਕਿ ਜਦ ਕਦੇ ਸੰਤਾਂ ਨੇ ਦਿਓਵਾਲ ਗੁਰਦੁਆਰਾ ਸਾਹਿਬ ਜਾਂ ਹੁਸ਼ਿਆਰਪੁਰ ਨੂੰ ਜਾਣਾ ਤਾਂ ਇਸ ਨੂੰ ਨਾਲ ਲੈ ਕੇ ਜਾਣਾ। ਸੰਤਾਂ ਨੇ ਦੁਕਾਨ ਅੱਗੇ ਗੱਡੀ ਰੋਕਣੀ। ਲਹਿੰਬਰ ਸਿੰਘ ਨੇ ਬਿਨਾਂ ਪੁੱਛੇ ਕਿ ਕਿੱਥੇ ਜਾਣਾ ਹੈ, ਵਿੱਚ ਬਹਿ ਜਾਣਾ। ਕਾਫੀ ਸਮਾਂ ਇਸ ਤਰ੍ਹਾਂ ਹੁੰਦੀ ਰਹੀ। ਇਕ ਦਿਨ ਸੰਤ ਕਹਿੰਦੇ, "ਲਹਿੰਬਰ ਸਿੰਹਾ, ਜਦ ਅਸੀਂ ਗੱਡੀ ਰੋਕਦੇ ਹਾਂ ਤੂੰ ਵਿਚ ਬੈਠ ਜਾਂਦਾ ਹੈ, ਦੁਕਾਨ ਨੂੰ ਤਾਲਾ ਨਹੀਂ ਲਾਉਂਦਾ ?" ਲਹਿੰਬਰ ਸਿੰਘ ਕਹਿੰਦਾ ਮਹਾਰਾਜ ਮੈਂ ਤਾਂ ਆਪਦਾ ਬਚਨ ਮੰਨਦਾ ਹਾਂ। ਸੰਤ ਕਹਿੰਦੇ, "ਬਈ ਅੱਗੇ ਤੋਂ ਦੁਕਾਨ ਨੂੰ ਤਾਲਾ ਲਾ ਕੇ ਆਇਆ ਕਰ। ਅਜ ਡੇਢ ਸਾਲ ਹੋ ਗਿਆ ਸਾਨੂੰ ਤੇਰੀ ਦੁਕਾਨ ਦੀ ਪਹਿਰੇਦਾਰੀ ਕਰਦਿਆਂ ਨੂੰ।" ਲਹਿੰਬਰ ਸਿੰਘ ਨੇ ਸੁਣਿਆਂ ਤਾਂ ਸੁਣਦਾ ਹੀ ਰਹਿ ਗਿਆ। ਸੋਚ ਰਿਹਾ ਕਿ ਮੇਰੇ ਜਿਹੇ ਔਗੁਣਹਾਰੇ ਤੇ ਐਡੀ ਵੱਡੀ ਕਿਰਪਾ। ਸਮਰੱਥ ਗੁਰੂ ਦੇ ਕਦਮਾਂ ਵਿਚ ਡਿੱਗ ਪਿਆ। ਇਹੋ ਬੇਨਤੀ ਕੀਤੀ ਕਿ :

ਮੋਹ ਭਰਮ ਬੂਡਤ ਘਣੋ ਮਹਾ ਨਰਕ ਮਹਿ ਵਾਸ॥
ਕਰਿ ਕਿਰਪਾ ਪ੍ਰਭ ਰਾਖਿ ਲੇਹੁ ਨਾਨਕ ਤੇਰੀ ਆਸ॥ (ਮ:5-297)

ਅੱਤਵਾਦ ਦਾ ਦੌਰ ਸੀ। ਆਮ ਆਦਮੀ, ਪੁਲਿਸ ਵਾਲੇ ਜਾਂ ਫਿਰ ਉਹ ਸਿੱਖ ਨੌਜਵਾਨ ਜਿਨ੍ਹਾਂ ਨੇ ਹਥਿਆਰ ਚੁੱਕ ਲਏ: ਸਭ ਅਸੁਰੱਖਿਅਤ ਸਨ। ਮਨੁੱਖ-ਮਨੁੱਖ ਦਾ ਵੈਰੀ ਹੋ ਗਿਆ ਸੀ। ਅਜਿਹੇ ਕਾਲੇ ਬੋਲੇ ਸਮੇਂ ਵਿਚ ਸੱਚ ਦੀ ਸੁਣਵਾਈ ਨਹੀਂ ਸੀ। ਨੌਜਵਾਨਾਂ 'ਤੇ ਬਹੁਤ ਭਾਰੀ ਸੀ। ਕੁਝ ਖਾੜਕੂਆਂ ਦੇ ਹੱਥੇ ਚੜ ਜਾਂਦੇ ਅਤੇ ਬਹੁਤਿਆਂ ਨੂੰ ਪੁਲਿਸ ਦਰੜ ਦਿੰਦੀ। ਹਿੰਸਾ ਹੀ ਅਦਾਲਤ ਸੀ ਅਤੇ ਹਿੰਸਾ ਹੀ ਇਨਸਾਫ। ਲੋਕ ਅੱਤਵਾਦ ਦੇ ਨਾਮ 'ਤੇ ਆਪਣੀਆਂ ਪੁਰਾਣੀਆਂ ਰੜਕਾਂ ਕੱਢ ਰਹੇ ਸਨ। ਪੁਲਿਸ ਨੂੰ ਝੂਠੀ ਇਤਲਾਹ ਕਰ ਦਿੰਦੇ ਕਿ ਇਨ੍ਹਾਂ ਦੇ ਘਰ ਖਾੜਕੂ

ਆਉਂਦੇ ਹਨ। ਪੁਲਿਸ ਪਰਿਵਾਰ ਸਮੇਤ ਚੁੱਕ ਲੈਂਦੀ। ਪਿੰਡ ਸਾਰੋਬਾਦ ਤੋਂ ਸ: ਬਲਦੇਵ ਸਿੰਘ ਦਾ ਹੱਸਦਾ ਖੇਡਦਾ ਪਰਿਵਾਰ। ਜਿਸ ਦੇ ਬੱਚੇ ਸੰਤਾਂ ਦੀ ਮਿਹਰ ਸਦਕਾ ਰੌਸ਼ਨ ਦਿਮਾਗ ਸਨ ਅਤੇ ਉੱਚ ਵਿੱਦਿਆ ਪ੍ਰਾਪਤ ਕਰ ਰਹੇ ਸਨ। ਕੁਝ ਲੋਕਾਂ ਦੀ ਅੱਖ ਵਿਚ ਰੜਕਦੇ ਰਹਿੰਦੇ। ਕਿਸੇ ਨੇ ਪੁਲਿਸ ਨੂੰ ਅੱਤਵਾਦੀਆਂ ਦੇ ਸੰਗੀ ਹੋਣ ਦੀ ਝੂਠੀ ਇਤਲਾਹ ਦੇ ਦਿੱਤੀ। ਛੋਟੇ ਲੜਕੇ ਨੂੰ ਪੁਲਿਸ ਨੇ ਚੁੱਕ ਲਿਆ ਜਦ ਘਰ ਪਤਾ ਲੱਗਿਆ ਤਾਂ ਬੀਬੀ ਸੁਰਿੰਦਰ ਕੌਰ (ਮਾਂ) ਦੀਆਂ ਅੱਖਾਂ ਅੱਗੇ ਹਨੇਰਾ ਛਾ ਗਿਆ। ਨਾ ਐਨੀ ਅਮੀਰ ਕਿ ਮੁੱਲ ਤਾਰ ਕੇ ਬਚਾ ਲੈਣ, ਨਾ ਕੋਈ ਰਾਜਨੀਤਿਕ ਹੋਂਦ। ਸਭ ਕੁਝ ਹੱਥੋਂ ਨਿਕਲਦਾ ਨਜ਼ਰ ਆਇਆ। ਬੱਸ ਹੁਣ ਤਾਂ ਇਕੋ ਹੀ ਦਰ ਤੇ ਆਸ ਸੀ।

ਨਾਨਕ ਟੇਕ ਭਈ ਕਰਤੇ ਕੀ ਹੋਰ ਆਸ ਬਿਡਾਣੀ ਲਾਹੀ ॥

(ਮ:5-499)

ਬੀਬੀ ਸੁਰਿੰਦਰ ਕੌਰ ਗੁਰਦੁਆਰਾ ਈਸ਼ਰਪੁਰੀ ਸਾਹਿਬ ਗਈ। ਆਪਣੇ ਆਪ ਨੂੰ ਸੰਭਾਲ ਨਹੀਂ ਪਾਈ ਅਤੇ ਧਾਹਾਂ ਮਾਰ ਦਿੱਤੀਆਂ। ਗਰੀਬਣੀ ਨੇ ਪੱਲਾ ਅੱਡ ਦਿੱਤਾ। ਮਹਾਰਾਜ ਕਿ ਮੇਰੇ ਪੁੱਤ ਦੀ ਜਾਨ ਬਖਸ਼ ਦਿਓ। ਮਹਾਂਪੁਰਸ਼ਾਂ ਨੇ ਭੁੱਖਣ-ਭਾਣੀ ਨੂੰ ਲੰਗਰ ਛਕਾਇਆ ਅਤੇ ਬਚਨ ਕੀਤਾ, "ਰੱਬ 'ਤੇ ਭਰੋਸਾ ਰੱਖੋ, ਉਹ ਤੇਰੇ ਪੁੱਤ ਨੂੰ ਬਲਦੀ ਅੱਗ 'ਚੋਂ ਹੱਥ ਦੇ ਕੇ ਰੱਖੇਗਾ।" ਬੀਬੀ ਨੇ ਰੋਜ਼ ਆਉਣਾ ਅਤੇ ਹੱਥ ਜੋੜ ਕੇ ਮਹਾਂਪੁਰਸ਼ਾਂ ਅੱਗੇ ਅਰਦਾਸ ਕਰਨੀ।

ਬਿਘਨ ਨਾ ਕਊ ਲਾਗਤਾ ਗੁਰ ਪਹਿ ਅਰਦਾਸਿ ॥
ਰਖਵਾਲਾ ਗੋਬਿੰਦ ਰਾਇ ਭਗਤਨ ਕੀ ਰਾਸਿ ॥ (ਮ:5-816)

ਸੰਤ ਬਹੁਤ ਕ੍ਰਿਪਾਲੂ ਸਨ। ਅਰਦਾਸ ਤਾਂ ਪਹਿਲੇ ਦਿਨ ਹੀ ਪੂਰੀ ਹੋ ਗਈ ਸੀ। ਪਰ ਮਨੁੱਖ ਨੂੰ ਅੱਖੀਂ ਵੇਖਣ ਬਿਨਾਂ ਧਰਵਾਸ ਨਹੀਂ ਆਉਂਦਾ। ਪੰਜ ਦਿਨ ਬਾਅਦ ਸਾਰੇ ਪਿੰਡ ਦੁਆਰਾ ਇਕ ਸੁਰ ਵਿਚ ਹਾਮੀ ਭਰਨ 'ਤੇ ਪੁਲਿਸ ਨੇ ਛੱਡਿਆ। ਸਭ ਸੋਚਦੇ ਸਨ ਕਿ ਐਨੀ ਮਾਰ ਪਈ ਹੋਵੇਗੀ ਕਿ ਉਹ ਸ਼ਾਇਦ ਹੀ ਤੁਰ ਸਕੇ। ਇਹ ਸੰਤ ਬਾਬਾ ਤੀਰਥ ਸਿੰਘ ਜੀ ਦੁਆਰਾ ਮਨਜ਼ੂਰ ਕੀਤੀ ਅਰਦਾਸ ਦਾ ਫਲ ਹੀ ਸੀ ਕਿ ਕਿਸੇ ਪੁਲਿਸ ਵਾਲੇ ਨੇ ਅੱਖਾਂ ਚੁੱਕ ਕੇ ਨਾ ਵੇਖਿਆ ਅਤੇ ਪੰਜ ਦਿਨ ਹਵਾਲਾਤ ਵਿਚ ਉਵੇਂ ਹੀ ਬਿਠਾਈ ਰੱਖਿਆ। ਰਿਹਾਅ ਹੁੰਦੇ ਸਾਰ ਹੀ ਪਰਿਵਾਰ ਨੇ



ਗੁਰਦੁਆਰਾ ਸਾਹਿਬ ਵਿਖੇ ਅਰਦਾਸ ਕਰਵਾਈ ਅਤੇ ਸੰਤ ਬਾਬਾ ਤੀਰਥ ਸਿੰਘ ਜੀ ਦਾ ਲੱਖ-ਲੱਖ ਸ਼ੁਕਰਾਨਾ ਕੀਤਾ ਜਿਨ੍ਹਾਂ ਕਰਕੇ ਲੜਕਾ ਸਹੀ ਸਲਾਮਤ ਘਰ ਆਉਣ ਦਾ ਸੁੱਖ ਮਿਲਿਆ।

ਜਿਸ ਸੁਖ ਕਉ ਨਿਤ ਬਾਛਹਿ ਮੀਤ ॥
ਸੋ ਸੁਖੁ ਸਾਧੂ ਸੰਗਿ ਪਰੀਤਿ ॥ (ਮ:5-288)

ਇਸੇ ਤਰ੍ਹਾਂ ਹੀ ਪਿੰਡ ਮਹੱਦੀਪੁਰ ਤੋਂ ਸ: ਕੇਵਲ ਸਿੰਘ, ਜਿਸ ਦੇ ਨਿਰਦੋਸ਼ ਲੜਕਿਆਂ ਨੂੰ ਵਿਰੋਧੀ ਪੁਲਿਸ ਹੱਥੋਂ ਮਰਵਾਉਣਾ ਚਾਹੁੰਦੇ ਸਨ। ਇਸ ਕੰਮ ਲਈ ਅੱਤਵਾਦ ਦੇ ਮੋਢਿਆਂ ਦਾ ਸਹਾਰਾ ਲਿਆ ਜਾ ਰਿਹਾ ਸੀ। ਉਸਦੇ ਲੜਕਿਆਂ ਨੂੰ ਵੀ ਪੁਲਿਸ ਫੜ ਕੇ ਲੈ ਗਈ। ਜਦ ਕੋਈ ਵਾਹ ਨਾ ਚੱਲਦੀ ਵੇਖ ਕੇ ਸ: ਕੇਵਲ ਸਿੰਘ ਸੰਤਾਂ ਦੀ ਸ਼ਰਨ ਵਿਚ ਗਿਆ ਤਾਂ ਸੰਤਾਂ ਨੇ ਲੰਗਰ ਦੀ ਸੇਵਾ ਕਰਨ ਲਈ ਕਿਹਾ। ਕੇਵਲ ਸਿੰਘ ਲੰਗਰ ਵਿਚ ਸੇਵਾ ਕਰਨ ਲੱਗਾ। ਬਚਨ ਮੰਨਣ ਸਦਕਾ ਸੰਤਾਂ ਦੀ ਐਸੀ ਕਿਰਪਾ ਹੋਈ ਕਿ ਪੁਲਿਸ ਨੇ ਲੜਕਿਆਂ ਨੂੰ ਮਾਰਨਾ-ਕੁੱਟਣਾ ਤਾਂ ਕੀ ਸੀ ਇਨ੍ਹਾਂ ਦਾ ਵਾਲ ਵੀ ਵਿੰਗਾ ਨਾ ਕਰ ਸਕੀ।

ਜਿਸਦਾ ਸਾਹਿਬੁ ਡਾਢਾ ਹੋਇ ॥
ਤਿਸਨੋ ਮਾਰਿ ਨ ਸਾਕੈ ਕੋਇ ॥ (ਮ:3-142)

ਪਿੰਡ ਫੰਬੀਆਂ ਤੋਂ ਭਾਈ ਮਲਕੀਤ ਸਿੰਘ। ਸੰਤਾਂ ਦਾ ਸੇਵਕ। ਨਸਰਾਲੇ ਫੈਕਟਰੀ ਵਿਚ ਕੰਮ ਕਰਨ ਲੱਗ ਪਿਆ। ਇਕ ਸ਼ਾਮ ਜਦ ਪੰਛੀ ਘਰਾਂ ਨੂੰ ਪਰਤਦੇ ਹਨ ਇਹ ਵੀ ਘਰ ਪਰਤ ਰਿਹਾ ਸੀ। ਬੁੱਲਾਂ ਉੱਤੇ ਸੰਤ ਬਾਬਾ ਤੀਰਥ ਸਿੰਘ ਜੀ ਦੁਆਰਾ ਦੱਸਿਆ ਜਾਪ ਸੀ। ਸੋਚਾਂ ਅਸਥਾਨ ਦੀ ਪ੍ਰਕਰਮਾ ਕਰਨ ਵਿਚ ਮਘਨ ਸਨ। ਕੁਝ ਹੋਰ ਲੜਕੇ ਵੀ ਨਾਲ ਜਾ ਰਹੇ ਸਨ। ਕਿਸੇ ਨੇ ਦੱਸਿਆ ਕਿ ਪਿੱਛਿਓਂ ਇਕ ਗੱਡੀ ਘੁੰਮਦੀ ਆ ਰਹੀ ਹੈ। ਸ਼ਾਇਦ ਕੋਈ ਸ਼ਰਾਬੀ ਚਲਾ ਰਿਹਾ ਹੋਵੇਗਾ। ਮਲਕੀਤ ਸਿੰਘ ਨੇ ਸਾਈਕਲ ਕੱਚੇ 'ਤੇ ਲਾਹ ਲਿਆ ਕਿ ਕਿਤੇ ਅਣਹੋਣੀ ਹੀ ਨਾ ਵਾਪਰ ਜਾਵੇ। ਏਨੇ ਨੂੰ ਉਸ ਨੇ ਗੱਡੀ ਲਿਆ ਕੇ ਸਾਈਕਲ ਵਿਚ ਮਾਰੀ। ਮਲਕੀਤ ਸਿੰਘ ਨੂੰ ਇੰਝ ਲੱਗਾ ਜਿਵੇਂ ਕਿਸੇ ਨੇ ਧੱਕਾ ਦੇ ਕੇ ਸੜਕ ਦੇ ਇਕ ਪਾਸੇ ਸੁੱਟ ਦਿੱਤਾ। ਗੱਡੀ ਸਾਇਕਲ ਦੇ ਉੱਪਰੋਂ ਦੀ ਲੰਘ ਗਈ। ਸਾਈਕਲ ਟੁੱਟ ਗਿਆ ਪਰ ਮਲਕੀਤ ਸਿੰਘ ਦੇ ਸ਼ਰੀਟ ਤੱਕ ਨਹੀਂ ਆਈ। ਜਦ ਅਸਥਾਨ 'ਤੇ ਆਇਆ ਤਾਂ ਸੰਤ ਦੂਰੋਂ

ਵੇਖ ਦੇ ਸਾਰ ਹੀ ਕਹਿੰਦੇ "ਕਿਉਂ ਬਈ ਠੀਕ ਏਂ ?" ਮਲਕੀਤ ਸਿੰਘ ਦੀਆਂ ਅੱਖਾਂ ਭਰ ਆਈਆਂ। ਹੱਥ ਜੋੜ ਕੇ ਕਹਿੰਦਾ, "ਮਹਾਰਾਜ, ਜਦ ਤੁਸੀਂ ਨਾਲ ਸੀ ਤਾਂ ਮੈਨੂੰ ਕੀ ਹੋਣਾ ਸੀ ?" ਸੰਤ ਬੜੀ ਨਿਮਰਤਾ ਨਾਲ ਕਹਿੰਦੇ ਬਈ ਪ੍ਰਮਾਤਮਾ ਦਾ ਨਾਮ ਤੇ ਮੋਇਆਂ ਨੂੰ ਜਿਉਂਦੇ ਕਰ ਸਕਦਾ ਹੈ ਛੋਟੀ ਮੋਟੀ ਔਕੜ ਤਾਂ ਕਿਸਦੀ ਵਿਚਾਰੀ ਹੈ।

ਜਹ ਮੁਸਕਲ ਹੋਵੈ ਅਤਿ ਭਾਰੀ ॥
ਹਰਿ ਕੋ ਨਾਮੁ ਖਿਨ ਮਾਹਿ ਉਧਾਰੀ ॥ (ਮ:5-264)

ਪਿੰਡ ਅਰਜਨਵਾਲ ਤੋਂ ਬਾਬਾ ਜੀ ਦਾ ਸੇਵਕ ਅਮਰਜੀਤ ਸਿੰਘ ਪੁੱਤਰ ਸੰਤੋਖ ਸਿੰਘ। ਸੰਤਾਂ ਕੋਲ ਬਾਹਰ ਜਾਣ ਲਈ ਬੇਨਤੀ ਕੀਤੀ। ਬੇਨਤੀ ਪ੍ਰਵਾਨ ਹੋ ਗਈ ਅਤੇ ਇਟਲੀ ਚਲਿਆ ਗਿਆ। ਬਹੁਤ ਵੱਡੇ ਡੇਅਰੀ ਫਾਰਮ ਵਿਚ ਪਸ਼ੂਆਂ ਦੀ ਚੁਆਈ ਦੀ ਨਿਗਰਾਨੀ ਦਾ ਕੰਮ ਮਿਲ ਗਿਆ। ਬਾਹਰਲੇ ਮੁਲਕ ਆਪਣੇ ਲੋਕਾਂ ਦੀ ਸਿਹਤ ਪ੍ਰਤੀ ਬਹੁਤ ਜਾਗਰੂਕ ਹਨ। ਨਿਯਮਾਂ ਮੁਤਾਬਕ ਰੋਗੀ ਪਸ਼ੂ ਦਾ ਦੁੱਧ ਪੀਣਾ ਨੁਕਸਾਨਦੇਹ ਹੋਣ ਕਾਰਨ ਜਨਤਕ ਸਪਲਾਈ 'ਤੇ ਪਾਬੰਦੀ ਹੈ। ਬਿਮਾਰ ਪਸ਼ੂ ਦਾ ਆਖਰੀ ਟੀਕਾ ਲੱਗਣ ਤੋਂ 4 ਤੋਂ 7 ਦਿਨ (ਟੀਕੇ ਦੀ ਕਿਸਮ ਅਨੁਸਾਰ) ਬਾਅਦ ਤੱਕ ਦੁੱਧ ਜਨਤਾ ਨੂੰ ਸਪਲਾਈ ਨਹੀਂ ਕੀਤਾ ਜਾ ਸਕਦਾ। ਅਜਿਹਾ ਕਰਨ ਦੀ ਸੂਰਤ ਵਿਚ ਜਨਤਾ ਦੀ ਸਿਹਤ ਨਾਲ ਖਿਲਵਾੜ ਕਰਨ ਦੇ ਜੁਰਮ ਅਧੀਨ ਸਜ਼ਾ ਜਾਂ ਜੁਰਮਾਨਾ ਹੋ ਸਕਦਾ ਹੈ। ਅਮਰਜੀਤ ਸਿੰਘ ਦੀ ਡਿਊਟੀ ਚੁਆਈ 'ਤੇ ਸੀ। ਇਸ ਤੋਂ ਬੇਧਿਆਨੀ ਵਿਚ ਇਕ ਇਲਾਜ ਅਧੀਨ ਪਸ਼ੂ ਦਾ ਦੁੱਧ ਸਿਹਤਮੰਦ ਪਸ਼ੂਆਂ ਦੇ ਦੁੱਧ ਨਾਲ ਹੀ ਚੁਆ ਹੋ ਗਿਆ। ਕੁਝ ਰੱਬ ਦੀ ਐਸੀ ਕੁਦਰਤ ਕਿ ਉਸੇ ਦਿਨ ਹੀ ਜਨਤਾ ਸਿਹਤ ਮਹਿਕਮੇ ਦੀ ਟੀਮ ਦੁੱਧ ਦਾ ਮਿਆਰ ਚੈੱਕ ਕਰਨ ਆ ਧਮਕੀ। ਅਮਰਜੀਤ ਸਿੰਘ ਨੂੰ ਹੱਥਾਂ ਪੈਰਾਂ ਦੀ ਪੈ ਗਈ ਅਤੇ ਮੁਸ਼ਕਲ ਸਮੇਂ ਇਕੋ ਹੀ ਦਰ ਯਾਦ ਆਇਆ—ਸੰਤ ਬਾਬਾ ਤੀਰਥ ਸਿੰਘ ਜੀ ਦਾ। ਇਕ ਲੱਤ ਦੇ ਭਾਰ ਖੜਾ ਹੋ ਕੇ ਮਦਦ ਲਈ ਪੁਕਾਰ ਕਰਨ ਲੱਗਾ। ਬਾਰ ਬਾਰ ਸੰਤਾਂ ਨੂੰ ਯਾਦ ਕਰਨ ਲੱਗਾ।

ਜਿਹ ਨਰ ਜਸੁ ਕਿਰਪਾ ਨਿਧਿ ਗਾਇਓ ਤਾ ਕਉ ਭਇਓ ਸਹਾਈ ॥
(ਮ:9-1008)

ਪੂਰਨ ਗੁਰੂ ਤਾਂ ਕਦੇ ਸੇਵਕਾਂ ਵੱਲੋਂ ਬੇਧਿਆਨਾ ਹੋਇਆ ਹੀ ਨਹੀਂ। ਟੀਮ



ਨੇ ਵਾਰੀ-ਵਾਰੀ ਕਈ ਤਰ੍ਹਾਂ ਦੇ ਸੈਂਪਲ ਭਰੇ। ਸਭ ਠੀਕ। ਰੋਗ ਜਾਂ ਦਵਾਈ ਦੇ ਅੰਸ਼ ਦੁੱਧ ਵਿਚ ਨਾ ਮਿਲੇ। ਦੁੱਧ ਪਾਸ ਕਰ ਦਿੱਤਾ ਅਤੇ ਚਲੇ ਗਏ। ਤਾਂ ਜਾ ਕੇ ਅਮਰਜੀਤ ਸਿੰਘ ਨੇ ਸੁੱਖ ਦਾ ਸਾਹ ਲਿਆ।

ਜਿਸੁ ਤੂ ਆਵਹਿ ਚਿਤਿ ਤਿਸੁ ਨੋ ਸਦਾ ਸੁਖ ॥
ਜਿਸੁ ਤੂ ਆਵਹਿ ਚਿਤਿ ਤਿਸੁ ਜਮ ਨਾਹਿ ਦੁਖ ॥ (ਮ:5-960)

ਕੋਟਾਨ-ਕੋਟਾਨ ਧੰਨਵਾਦ ਕੀਤਾ ਸੰਤ ਬਾਬਾ ਤੀਰਥ ਸਿੰਘ ਜੀ ਦਾ। ਜਿਨ੍ਹਾਂ ਦੇ ਸਹਾਈ ਹੋਣ 'ਤੇ ਬਹੁਤ ਵੱਡੀ ਬਿਪਤਾ ਟਲ ਗਈ।

ਸੰਤ ਦਾ ਦਰ ਸੇਵਕਾਂ ਲਈ ਹੀ ਨਹੀਂ ਸਗੋਂ ਹਰ ਸ਼ਖਸ ਲਈ ਖੁੱਲ੍ਹਾ ਰਹਿੰਦਾ। ਜੋ ਵੀ ਆਉਂਦਾ, ਬੁਰਾ ਹੁੰਦਾ ਜਾਂ ਭਲਾ, ਸੰਤ ਰੱਬ ਦਾ ਅੰਸ਼ ਜਾਣ ਕੇ ਮਿਹਰ ਕਰ ਦਿੰਦੇ। ਪਿੰਡ ਲੁਹਾਰਾਂ ਤੋਂ ਭਾਈ ਬਲਜਿੰਦਰ ਸਿੰਘ ਜੀ। ਜਿਨ੍ਹਾਂ 'ਤੇ ਸਤਿਗੁਰੂ ਦੀ ਐਨੀ ਮਿਹਰ ਸੀ ਕਿ ਕੀਰਤਨ ਕਰਦੇ ਤਾਂ ਸਮਾਂ ਬੰਨ ਦਿੰਦੇ। ਲੁਹਾਰਾਂ ਨੇੜੇ ਹੀ ਕਿਤੇ ਸੇਵਾ ਲਈ ਖਡੂਰ ਸਾਹਿਬ ਵਾਲੇ ਸਿੰਘ ਆਏ। ਅਤਵਾਦ ਦਾ ਦੌਰ ਸੀ। ਖਡੂਰ ਸਾਹਿਬ ਵਾਲਿਆਂ ਨਾਲ ਇਕ ਸਿੰਘ ਸੇਵਾ ਕਰਿਆ ਕਰਦਾ ਸੀ। ਭਾਈ ਬਲਜਿੰਦਰ ਸਿੰਘ ਜੀ ਧਾਰਮਿਕ ਬਿਰਤੀ ਦੇ ਹੋਣ ਕਾਰਨ ਸਿੰਘਾਂ ਨਾਲ ਵਾਹ ਪੈਣਾ ਸੁਭਾਵਿਕ ਸੀ। ਉਸ ਸਿੰਘ ਨੇ ਭਾਈ ਸਾਹਿਬ ਨੂੰ ਬੇਨਤੀ ਕੀਤੀ ਕਿ ਮੈਂ ਹੁਣ ਖਡੂਰ ਸਾਹਿਬ ਵਾਲਿਆਂ ਨਾਲ ਨਹੀਂ ਰਹਿਣਾ ਚਾਹੁੰਦਾ। ਤੁਹਾਡੀ ਨਿਗ੍ਹਾ ਵਿਚ ਕੋਈ ਅਸਥਾਨ ਹੋਵੇ ਤਾਂ ਮੈਨੂੰ ਉਥੇ ਛੱਡ ਆਓ। ਅਸਲ ਵਿਚ ਉਹ ਨੌਜਵਾਨ ਅੱਤਵਾਦੀ ਸੀ ਜਿਸ ਤੋਂ ਭਾਈ ਸਾਹਿਬ ਅਣਜਾਣ ਸਨ। ਭਾਈ ਸਾਹਿਬ ਉਸ ਨੂੰ ਸੰਤ ਬਾਬਾ ਤੀਰਥ ਸਿੰਘ ਜੀ ਦੇ ਕੋਲ ਲੈ ਆਏ। ਉਹ ਨੌਜਵਾਨ ਸਿੰਘ ਜਦ ਸੰਤਾਂ ਦੇ ਸਾਹਮਣੇ ਹੋਇਆ ਤਾਂ ਸੰਤਾਂ ਨੇ ਕੰਮ ਕਾਜ ਬਾਰੇ ਪੁੱਛਿਆ ਕਿ ਕੀ ਕਰਦੇ ਹੋ ? ਸੰਤਾਂ ਦੇ ਚਿਹਰੇ ਦਾ ਤੇਜ਼ ਵੇਖ ਕੇ, ਉਨ੍ਹਾਂ ਦੇ ਬੋਲਾਂ ਵਿਚ ਸੱਚ ਦੀ ਤਾਕਤ ਵੇਖ ਕੇ ਇਹ ਸੁਧ ਹੀ ਭੁਲ ਗਿਆ। ਝੂਠ ਬੋਲ ਹੀ ਨਾ ਸਕਿਆ। ਸੱਚ ਨਿਕਲ ਗਿਆ ਕਿ ਖਾੜਕੂ ਹੈ। ਸੰਤ ਤਾਂ ਜਾਣੀ ਜਾਣ ਸਨ। ਸਹਿਜ ਸੁਭਾਅ ਕਹਿੰਦੇ ਬਈ ਸਾਡੇ ਕੋਲ ਤਾਂ ਪੁਲਿਸ ਚੌਕੀ ਨਜ਼ਦੀਕ ਹੀ ਹੈ। ਤੁਹਾਡਾ ਇੱਥੇ ਰਹਿਣਾ ਵਾਜਬ ਨਹੀਂ। ਸੰਤਾਂ ਨੇ ਇਕ ਸੇਵਕ ਨੂੰ ਬੁਲਾਇਆ। ਹੁਕਮ ਕੀਤਾ ਕਿ ਇਸ ਨੂੰ ਕੱਚੇ ਰਾਸਤੇ ਲਿਜਾ ਕੇ ਕਠਾਰ ਬੱਸ ਚੜਾ ਆਓ। ਸੇਵਕ ਵੀ ਹੈਰਾਨ ਸੀ ਕਿ ਸ਼ਾਮਚੁਰਾਸੀ ਤੋਂ ਵੀ ਬੱਸਾਂ ਅਤੇ ਟੈਂਪੂ ਚੱਲਦੇ

ਹਨ, ਸੰਤਾਂ ਨੇ ਕਠਾਰ ਚੜ੍ਹਾਉਣ ਦਾ ਹੀ ਕਿਉਂ ਕਿਹਾ। ਦੂਜਾ, ਸ਼ਾਮ ਚੁਰਾਸੀ ਤੋਂ ਤਾਂ ਕਠਾਰ ਨੂੰ ਸਿੱਧੀ ਪੱਕੀ ਸੜਕ ਜਾਂਦੀ ਹੈ ਸੰਤ ਕੱਚੇ ਰਾਸਤੇ ਜਾਣ ਦਾ ਕਿਉਂ ਕਹਿੰਦੇ ਹਨ। ਸੇਵਕ ਬਚਨ ਮੰਨ ਕੇ ਕੱਚੇ ਰਾਸਤੇ ਉਸ ਸਿੰਘ ਨੂੰ ਕਠਾਰ ਬੱਸ ਚੜ੍ਹਾਉਣ ਤੁਰ ਪਿਆ। ਉਨ੍ਹਾਂ ਨੂੰ ਗਿਆਂ ਨੂੰ ਅਜੇ ਦੱਸ ਮਿੰਟ ਹੀ ਹੋਏ ਹੋਣਗੇ ਕਿ ਸ਼ਾਮਚੁਰਾਸੀ ਚੌਂਕੀ ਤੋਂ ਪੁਲਿਸ ਆ ਗਈ। ਥਾਣੇਦਾਰ ਨੇ ਸਭ ਪਾਸੇ ਵੇਖਿਆ ਪਰ ਸੰਤਾਂ ਤੋਂ ਪੁੱਛਣ ਦੀ ਹਿੰਮਤ ਨਾ ਹੋਈ ਅਤੇ ਨਮਸਕਾਰ ਕਰਕੇ ਵਾਪਸ ਚਲਾ ਗਿਆ। ਭਾਈ ਬਲਜਿੰਦਰ ਸਿੰਘ ਜੀ ਹੈਰਾਨ ਰਹਿ ਗਏ ਕਿ ਰਤਾ ਭਰ ਵੀ ਦੇਰੀ ਹੋ ਜਾਂਦੀ ਤਾਂ ਉਸ ਨੇ ਫੜਿਆ ਜਾਣਾ ਸੀ। ਸੰਤਾਂ ਵਿਚ ਕੈਸੀ ਨਿਰਵੈਰਤਾ ਹੈ ਕੈਸੀ ਸਮ ਦ੍ਰਿਸ਼ਟੀ ਹੈ ਜੋ ਆਪਣੇ ਬੇਗਾਨੇ ਸਭ ਦੀ ਰੱਖਿਆ ਕਰਦੇ ਹਨ।

ਸਾਧ ਸੰਗਿ ਕਿਸ ਸਿਉ ਨਹੀਂ ਬੈਰੁ ॥
ਸਾਧੂ ਕੈ ਸੰਗਿ ਨ ਬੀਗਾ ਪੈਰੁ ॥ (ਮ:5-271)



# ਹੁਕਮ ਮੰਨੇ ਸੋਈ ਸੁਖੁ ਪਾਏ

ਪ੍ਰਮੇਸ਼ਰ ਦੇ ਹੁਕਮ ਅੰਦਰ ਹੀ ਸ੍ਰਿਸ਼ਟੀ ਦਾ ਪਸਾਰਾ ਹੈ। ਉਸ ਦਾ ਹੁਕਮ ਕਥਨ ਨਹੀਂ ਕੀਤਾ ਜਾ ਸਕਦਾ। ਉਹ ਅਕੱਥ ਹੈ। ਉਸ ਦੇ ਹੁਕਮ ਅੰਦਰ ਹੀ ਜੀਵ ਪੈਦਾ ਹੁੰਦੇ ਹਨ, ਮਾਣ ਵਡਿਆਈ ਮਿਲਦੀ ਹੈ ਅਤੇ ਦੁੱਖ ਸੁੱਖ ਭੋਗਦੇ ਹਨ। ਜੋ ਉਸਦਾ ਹੁਕਮ ਪਛਾਣ ਲੈਂਦਾ ਹੈ ਉਹ ਸੁੱਖਾਂ ਦਾ ਪਾਤਰ ਹੋ ਜਾਂਦਾ ਹੈ।

ਗੁਰਮੁਖਿ ਹੁਕਮ ਮੰਨੇ ਸਹ ਕੇਰਾ ਹੁਕਮੈ ਹੀ ਸੁਖੁ ਪਾਏ ॥
ਹੁਕਮੋ ਸੇਵੇ ਹੁਕਮੁ ਅਰਾਧੇ ਹੁਕਮੇ ਸਮੈ ਸਮਾਏ ॥ (ਮ:4-1423)

ਸੰਤ ਪ੍ਰਮੇਸ਼ਰ ਦਾ ਰੂਪ ਹੁੰਦੇ ਹਨ ਅਤੇ ਉਨ੍ਹਾਂ ਦਾ ਹੁਕਮ ਵੀ ਪ੍ਰਮਾਤਮਾ ਦਾ ਹੁਕਮ ਹੀ ਹੁੰਦਾ ਹੈ। ਜੋ ਬਚਨ ਮੰਨਦੇ ਹਨ ਤਰ ਜਾਂਦੇ ਹਨ।

ਜੇ ਕੋ ਬਚਨੁ ਕਮਾਵੈ ਸੰਤਨ ਕਾ ਸੋ ਗੁਰਪਰਸਾਦੀ ਤਰੀਐ ॥
(ਮ:5-747)

ਗੁਰੂ ਦਾ ਸਿੱਖ ਵੀ ਉਹੋ ਹੀ ਹੈ ਜੋ ਭਾਣੇ ਅੰਦਰ ਚੱਲਦਾ ਹੈ। ਜੋ ਰਜ਼ਾ ਵਿਚ ਨਹੀਂ ਚੱਲਦਾ ਉਹ ਗੁਰਮੁਖ ਨਹੀਂ ਮਨਮੁਖ ਹੋ ਜਾਂਦਾ ਹੈ।

ਸੋ ਸਿਖੁ ਸਖਾ ਬੰਧਪੁ ਹੈ ਭਾਈ ਜਿ ਗੁਰ ਕੇ ਭਾਣੇ ਵਿਚਿ ਆਵੈ ॥
ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ ॥ (ਮ:3-601)

ਜੋ ਰਜ਼ਾ ਵਿਚ ਨਾ ਚੱਲਕੇ ਮਨ ਦੀ ਮਤ ਅਨੁਸਾਰ ਚੱਲਦਾ ਹੈ, ਦੁੱਖ ਪਾਉਂਦਾ ਹੈ। ਪਿੰਡ ਧਾਮੀਆਂ ਤੋਂ ਭਾਈ ਕਾਬਲ ਸਿੰਘ। ਗੁਰੂ ਘਰ ਦਾ ਪ੍ਰੀਤਵਾਨ। ਦਿਨ ਭਰ ਮਿਸਤਰੀਪੁਣੇ ਦਾ ਕੰਮ ਕਰਨ ਤੋਂ ਵਿਹਲਾ ਹੋ ਕੇ ਸ਼ਾਮ ਸਮੇਂ ਸੰਤਾਂ ਦੀ ਸੰਗਤ ਕਰਦਾ। ਗੁਰਬਾਣੀ ਵਿਚਾਰ ਸੁਣਦਾ ਅਤੇ ਫਿਰ ਆਗਿਆ ਲੈ ਕੇ ਘਰ ਵੱਲ ਚਾਲੇ ਪਾਉਂਦਾ। ਇਕ ਦਿਨ ਜਦ ਸ਼ਾਮ ਸਮੇਂ ਇਹ ਸੰਤ ਬਾਬਾ ਤੀਰਥ ਸਿੰਘ ਜੀ ਕੋਲ ਆਇਆ ਤਾਂ ਜਲਦੀ ਹੀ ਘਰ ਜਾਣ ਲਈ ਆਗਿਆ ਮੰਗੀ। ਪਰ ਮਹਾਂਪੁਰਸ਼ਾਂ ਨੇ ਆਗਿਆ ਦੇਣ ਦੀ ਬਜਾਏ ਬਹਿ ਜਾਣ ਦਾ ਹੁਕਮ ਕੀਤਾ। ਕੁਝ ਸਮੇਂ ਬਾਅਦ ਫਿਰ ਆਗਿਆ ਮੰਗੀ ਪਰ ਅਸਫਲ ਰਿਹਾ। ਜਦ ਤੀਜੀ ਵਾਰ ਆਗਿਆ ਮੰਗੀ ਤਾਂ ਮਹਾਂਪੁਰਸ਼ ਕਹਿੰਦੇ ਬਈ ਅਸੀਂ ਤਾਂ ਜਾਣ ਲਈ ਨਹੀਂ ਕਹਿੰਦੇ ਤੇਰੀ ਮਰਜ਼ੀ ਹੈ। ਆਪਣੀ ਮਰਜ਼ੀ ਅਨੁਸਾਰ ਹੀ ਉੱਠ ਪਿਆ। ਜਦ ਸੌਦਾ ਲੈ ਕੇ ਘਰ ਵੱਲ ਨੂੰ ਸਾਈਕਲ ਤੋਰਿਆ ਤਾਂ ਹਨੇਰਾ ਹੋ ਚੁੱਕਾ ਸੀ। ਅਜੇ ਸ਼ਾਮ ਚੁਰਾਸੀ ਤੋਂ

ਕੁਝ ਦੂਰ ਹੀ ਗਿਆ ਹੋਵੇਗਾ ਕਿ ਸਾਹਮਣਿਓਂ ਆ ਰਹੇ ਸਾਈਕਲ ਵਿਚ ਸਿੱਧਾ ਹੀ ਟਕਰਾ ਗਿਆ। ਸੌਦੇ ਖਿੱਲਰ ਗਏ। ਸਾਈਕਲ ਟੁੱਟ ਗਿਆ। ਸੱਟ ਚੋਟ ਤੋਂ ਬਿਲਕਲ ਬਚਾਅ ਹੋ ਗਿਆ। ਇੰਝ ਮਹਿਸੂਸ ਹੋਇਆ ਜਿਵੇਂ ਕਿਸੇ ਨੇ ਚੁੱਕ ਕੇ ਹੀ ਸਾਈਕਲ ਤੋਂ ਉਤਾਰ ਦਿੱਤਾ ਹੋਵੇ। ਸਮਝ ਤਾਂ ਆ ਗਈ ਕਿ ਸੰਤ ਆਉਣ ਦੀ ਆਗਿਆ ਕਿਉਂ ਨਹੀਂ ਦਿੰਦੇ ਸਨ ਪਰ ਅਜੇ ਮਨ ਪੂਰੀ ਤਰ੍ਹਾਂ ਕਬੂਲ ਨਹੀਂ ਸਕਿਆ ਸੀ।

ਕਬੀਰ ਮਨੁ ਜਾਨੈ ਸਭ ਬਾਤ ਜਾਨਤ ਹੀ ਅਉਗਨੁ ਕਰੈ ॥
ਕਾਹੇ ਕੀ ਕੁਸਲਾਤ ਹਾਥਿ ਦੀਪੁ ਕੂਏ ਪਰੈ ॥ (ਕਬੀਰ ਜੀ,1376)

ਕੁਝ ਸਮਾਂ ਬੀਤ ਗਿਆ ਬਚਨ ਮੰਨਣਾ ਵਿਸਰ ਗਿਆ। ਜੰਡੀ ਵਿਖੇ ਰਾਜ-ਗਿਰੀ ਦਾ ਕੰਮ ਚੱਲ ਰਿਹਾ ਸੀ। ਕੰਮ 'ਤੇ ਜਾਣ ਤੋਂ ਪਹਿਲਾਂ ਭਾਈ ਕਾਬਲ ਸਿੰਘ ਸੰਤਾਂ ਨੂੰ ਨਮਸਕਾਰ ਕਰਨ ਆਉਂਦਾ। ਇਕ ਦਿਨ ਜਦ ਨਮਸਕਾਰ ਕਰਨ ਆਇਆ ਤਾਂ ਸੰਤਾਂ ਨੇ ਜਾਣ ਦੀ ਆਗਿਆ ਨਾ ਦਿੱਤੀ। ਕੰਮ ਤੋਂ ਦੇਰੀ ਹੋ ਰਹੀ ਸੀ ਪਰ ਸੰਤ ਆਗਿਆ ਨਹੀਂ ਸਨ ਦੇ ਰਹੇ। ਜਦ ਇਸ ਨੇ ਕਈ ਵਾਰ ਆਗਿਆ ਮੰਗੀ ਤਾਂ ਸੰਤ ਕਹਿੰਦੇ, "ਕਾਬਲ ਸਿੰਹਾਂ ਤੇਰੀ ਇੱਛਾ ਹੈ ਅਸੀਂ ਨਹੀਂ ਕਹਿੰਦੇ ਜਾਣ ਨੂੰ।" ਪਰ ਇਹ ਮਨ ਦੇ ਆਖੇ ਲੱਗ ਉਠ ਤੁਰਿਆ। ਜਦ ਜੰਡੀ ਵਾਲੇ ਮੋੜ 'ਤੇ ਪਹੁੰਚਿਆ ਤਾਂ ਸਾਈਕਲ ਅਜਿਹਾ ਸਲਿਪ ਕੀਤਾ ਕਿ ਡਿੱਗ ਪਿਆ। ਸਿਰ ਪੱਥਰ ਵਿਚ ਵੱਜਾ ਅਤੇ ਲਹੂ ਲੁਹਾਨ ਹੋ ਗਿਆ। ਮਨ ਬੜਾ ਪਛਤਾਇਆ। ਮੁੜ ਕਦੇ ਬਚਨ ਨਾ ਮੋੜਿਆ। ਕਾਬਲ ਸਿੰਘ ਨੂੰ ਸਮਝ ਆ ਗਈ ਕਿ :

ਜੋ ਸੁਣੈ ਕਮਾਵੈ ਸੁ ਉਤਰੈ ਪਾਰਿ ॥ (ਮ:5-370)

ਸ਼ਾਮਚੁਰਾਸੀ ਦੀ ਬੀਬੀ ਸਤਿੰਦਰ ਕੌਰ ਜੋ ਸੰਤਾਂ ਦੀ ਸੇਵਾ ਕਰਿਆ ਕਰਦੀ ਸੀ, ਦੇ ਮਨ ਵਿਚ ਵਿਚਾਰ ਆਇਆ ਕਿ ਸੰਤਾਂ ਦੇ ਬਸਤਰ ਪ੍ਰੈੱਸ ਕੀਤੇ ਜਾਇਆ ਕਰਨ। ਉਸ ਸਮੇਂ ਅਸਥਾਨ ਦਾ ਬਹੁਤਾ ਪਸਾਰਾ ਨਹੀਂ ਹੋਇਆ ਸੀ ਅਤੇ ਨਾ ਹੀ ਸੰਤ ਬਸਤਰ ਪ੍ਰੈੱਸ ਕਰਾਉਣ ਵੱਲ ਧਿਆਨ ਦਿੰਦੇ ਸਨ। ਜਦ ਇਸਨੇ ਬੇਨਤੀ ਕੀਤੀ ਤਾਂ ਸੰਤਾਂ ਨੇ ਮਨ੍ਹਾ ਕਰ ਦਿੱਤਾ। ਜਦ ਦੁਪਹਿਰ ਸਮੇਂ ਸੰਤ ਭੋਰੇ ਵਿਚ ਆਰਾਮ ਕਰਨ ਗਏ ਤਾਂ ਬੀਬੀ ਸਤਿੰਦਰ ਕੌਰ ਨੇ ਬਸਤਰ ਇਕੱਠੇ ਕੀਤੇ ਅਤੇ ਸਾਈਕਲ ਦੀ ਟੋਕਰੀ ਵਿਚ ਰੱਖ ਕੇ ਘਰ ਪ੍ਰੈੱਸ ਕਰਨ ਲਈ ਤੁਰ ਪਈ। ਅਜੇ ਅਸਥਾਨ ਤੋਂ ਕੁਝ ਫਰਲਾਂਗ 'ਤੇ ਹੀ ਗਈ ਹੋਵੇਗੀ ਕਿ ਸਾਈਕਲ ਤੋਂ ਡਿੱਗ ਪਈ। ਗੁੱਟ ਟੁੱਟ ਗਿਆ। ਬਹੁਤ ਪਛਤਾਈ ਅਤੇ ਅੱਗੇ ਤੋਂ ਮਨ ਦੀ ਮੱਤ ਤਿਆਗ



ਦਿੱਤੀ।

ਮਨਿ ਕੀ ਮਤਿ ਤਿਆਗਹੁ ਹਰਿ ਜਨ ਏਹਾ ਬਾਤ ਕਠੈਨੀ।
ਅਨਦਿਨੁ ਹਰਿ ਹਰਿ ਨਾਮੁ ਧਿਆਵਹੁ ਗੁਰ ਸਤਿਗੁਰ ਕੀ ਮਤਿ ਲੈਨੀ ॥
(ਮ:4-800)

ਪਿੰਡ ਲੁਹਾਰਾਂ ਤੋਂ ਬੀਬੀ ਚੰਨਣ ਕੌਰ। ਅਸਥਾਨ 'ਤੇ ਸੇਵਾ ਕਰਿਆ ਕਰਦੀ ਸੀ। ਇਕ ਦਿਨ ਇਸਦਾ ਪਿਸ਼ਾਬ ਰੁਕ ਗਿਆ। ਬਹੁਤ ਦਰਦ ਹੋਈ। ਮਹਾਂਪੁਰਸ਼ਾਂ ਨੇ ਕਿਹਾ ਕਿ ਦਵਾ ਖਾਣ ਦੀ ਜ਼ਰੂਰਤ ਨਹੀਂ ਸ਼ਾਮ ਤੱਕ ਠੀਕ ਹੋ ਜਾਵੇਗਾ। ਪਰ ਬੀਬੀ ਤੇ ਮਨ ਮੱਤ ਭਾਰੂ ਹੋ ਗਈ। ਇਸਨੇ ਦਵਾਈ ਲਿਆ ਕੇ ਖਾਧੀ ਪਰ ਕੋਈ ਫਰਕ ਨਾ ਪਿਆ। ਸਗੋਂ ਦਰਦ ਵਧਦੀ ਹੀ ਗਈ। ਉਸ ਰਾਤ ਇਸ ਕੋਲ ਮੁਹੱਦੀਪੁਰ ਤੋਂ ਬੀਬੀ ਗੁਰਦੇਵ ਕੌਰ ਸੀ। ਜਦ ਰਾਤ ਦੇ ਬਾਰਾਂ ਵੱਜੇ ਤਾਂ ਤਕਲੀਫ ਅਸਹਿ ਹੋ ਗਈ। ਬੀਬੀ ਚੰਨਣ ਕੌਰ ਤੜਪਣ ਲੱਗੀ। ਉਸ ਨੇ ਬੀਬੀ ਗੁਰਦੇਵ ਕੌਰ ਨੂੰ ਸੰਤਾਂ ਕੋਲ ਭੇਜਿਆ ਕਿ ਜੋ ਬਚਨਾਂ ਦੇ ਉਲਟ ਦਵਾ ਖਾਧੀ ਹੈ ਉਸ ਲਈ ਮੇਰੇ ਵੱਲੋਂ ਮਾਫੀ ਮੰਗ ਕੇ ਆਓ। ਬੀਬੀ ਗਈ ਤਾਂ ਸੰਤ ਜਾਗਦੇ ਬੈਠੇ ਸਨ। ਉਸ ਨੇ ਚੰਨਣ ਕੌਰ ਵੱਲੋਂ ਮਾਫੀ ਮੰਗੀ ਤਾਂ ਸੰਤਾਂ ਨੇ ਸਾਹਮਣੇ ਪਏ ਮਠਿਆਈ ਦੇ ਡੱਬੇ 'ਚੋਂ ਧਾਗਾ ਕੱਢ ਕੇ ਕਿਹਾ ਕਿ ਅੰਗੂਠੇ ਨੂੰ ਬੰਨ੍ਹ ਦਿਓ। ਧਾਗਾ ਬੰਨਿਆ ਗਿਆ। ਦਰਦ ਘਟਣੀ ਸ਼ੁਰੂ ਹੋ ਗਈ। ਕੁਝ ਸਮੇਂ ਬਾਅਦ ਬਿਲਕੁਲ ਬੰਦ ਹੋ ਗਈ ਅਤੇ ਸਵੇਰੇ ਤੱਕ ਪਿਸ਼ਾਬ ਦਾ ਪਿਆ ਬੰਨ ਵੀ ਠੀਕ ਹੋ ਗਿਆ। ਸਮਝ ਆ ਗਿਆ ਕਿ :

ਮਨ ਕੀ ਮਤਿ ਤਿਆਗੀਐ ਸੁਣੀਐ ਉਪਦੇਸੁ ॥ (ਮ:5-814)

ਪਿੰਡ ਨਾਜਕੇ ਤੋਂ ਸ: ਸੇਵਾ ਸਿੰਘ ਲੱਕੜ ਦਾ ਕੰਮ ਜਾਣਦਾ ਸੀ। ਇਕ ਵਾਰ ਸੰਤ ਬਾਬਾ ਤੀਰਥ ਸਿੰਘ ਜੀ ਨੇ ਇਸ ਨੂੰ ਰਸੋਈ ਦਾ ਦਰਵਾਜ਼ਾ ਠੀਕ ਕਰਨ ਲਈ ਕਿਹਾ ਪਰ ਇਸ ਪ੍ਰੇਮੀ ਨੇ ਬਚਨ ਨਾ ਮੰਨਿਆ ਅਤੇ ਦਰਵਾਜ਼ਾ ਠੀਕ ਕਰਨ ਦੀ ਬਜਾਏ ਸਕੂਟਰ 'ਤੇ ਕਠਾਰ ਨੂੰ ਚਲਾ ਗਿਆ। ਅਜੇ ਰਾਸਤੇ ਵਿਚ ਹੀ ਸੀ ਕਿ ਸਕੂਟਰ ਤੋਂ ਡਿੱਗ ਪਿਆ ਅਤੇ ਬਾਂਹ ਟੁੱਟ ਗਈ। ਇਕ ਵਾਰ ਪਿੰਡ ਰਾਏਪੁਰ ਤੋਂ ਬੀਬੀ ਨਿਰਮਲ ਕੌਰ ਗੁਰਦੁਆਰਾ ਈਸ਼ਰਪੁਰੀ ਸਾਹਿਬ ਵਿਖੇ ਆਈ ਹੋਈ ਸੀ। ਮਹਾਂਪੁਰਸ਼ਾਂ ਨੇ ਬਚਨ ਕੀਤਾ ਕਿ ਅੱਜ ਆਪਣੇ ਲੜਕੇ ਹਰਜਿੰਦਰ ਸਿੰਘ ਨੂੰ ਸਾਡੇ ਕੋਲ ਸੇਵਾ ਲਈ ਭੇਜ ਦਿਓ ਪਰ ਬੀਬੀ ਨੇ ਬਚਨ ਮੋੜ ਦਿੱਤਾ ਕਿ ਉਸ ਨੇ ਸੁਬ੍ਹਾ ਸਕੂਲ ਜਾਣਾ ਹੈ। ਸੰਤ ਕਹਿੰਦੇ ਕਿ ਸੁਬ੍ਹਾ ਇਥੋਂ ਉੱਠਕੇ ਸਕੂਲ ਚਲਾ ਜਾਵੇਗਾ ਪਰ

ਬੀਬੀ ਨਾ ਮੰਨੀ ਅਤੇ ਘਰ ਚਲੀ ਗਈ। ਉਸੇ ਸ਼ਾਮ ਹਰਜਿੰਦਰ ਸਿੰਘ ਦਾ ਐਕਸੀਡੈਂਟ ਹੋ ਗਿਆ। ਤਿੰਨ ਚਾਰ ਘੰਟੇ ਬੇਹੋਸ਼ ਰਿਹਾ। ਜਦ ਸੰਤਾਂ ਨੇ ਪ੍ਰਸ਼ਾਦ ਦੇ ਕੇ ਇਕ ਸਿੰਘ ਭੇਜਿਆ ਤਾਂ ਉਸ ਨੂੰ ਹੋਸ਼ ਆਈ। ਸ: ਸੇਵਾ ਸਿੰਘ ਨੂੰ ਵੀ ਅਤੇ ਬੀਬੀ ਨਿਰਮਲ ਕੌਰ ਨੂੰ ਇਹ ਸਮਝਦਿਆਂ ਦੇਰ ਨਾ ਲੱਗੀ ਕਿ ਸੰਤ ਆਨੇ ਬਹਾਨੇ ਸੇਵਾ ਵਿਚ ਲਾ ਕੇ ਬਿਪਤਾ ਟਾਲਣਾ ਚਾਹੁੰਦੇ ਸਨ।

ਅਨਿਕ ਬਿਘਨ ਤੇ ਸਾਧੂ ਰਾਖੈ ॥ (ਮ:5-283)

ਪਰ ਇਹ ਰਮਜ਼ ਨਹੀਂ ਸਮਝ ਸਕੇ। ਬਚਨ ਨਹੀਂ ਮੰਨਿਆ, ਤਾਂ ਇਹ ਦਿਨ ਵੇਖਣ ਨੂੰ ਮਿਲਿਆ ਕਿਉਂਕਿ ਜਿਸ ਨੇ ਵੀ ਬਚਨ ਨਹੀਂ ਮੰਨਿਆ ਦੁੱਖ ਹੀ ਦੁੱਖ ਮਿਲੇ ਹਨ।

ਪਿੰਡ ਕਾਲਕਟ ਤੋਂ ਸ੍ਰੀ ਰਾਮ ਲਾਲ ਅਤੇ ਬੀਬੀ ਸੁਰਜੀਤ ਕੌਰ ਸੰਤਾਂ ਕੋਲ ਆਏ ਅਤੇ ਆਪਣੇ ਲੜਕੇ ਜਤਿੰਦਰ ਸਿੰਘ ਦੇ ਬਾਹਰ ਜਾਣ ਬਾਰੇ ਪੁੱਛਿਆ। ਸੰਤ ਬਾਬਾ ਤੀਰਥ ਸਿੰਘ ਜੀ ਨੇ ਬਚਨ ਕੀਤਾ ਕਿ ਅਜੇ ਰਹਿਣ ਦਿਓ ਪਰ ਲੜਕੇ ਦਾ ਮਨੀਲਾ ਦਾ ਕੰਮ ਬਣਦਾ ਸੀ। ਇਹਨਾਂ ਨੇ ਬਚਨ ਨਾ ਮੰਨਿਆ ਅਤੇ ਉਸ ਨੂੰ ਬਾਹਰ ਭੇਜ ਦਿੱਤਾ। ਉਸ ਨੇ ਕਈ ਸਾਲ ਮਨੀਲਾ ਜਾ ਕੇ ਕਮਾਈ ਕੀਤੀ ਅਤੇ ਪੈਸੇ ਜੋੜਦਾ ਰਿਹਾ। ਜਦ ਉਸ ਨੇ ਵਾਪਸ ਆਉਣਾ ਸੀ ਤਾਂ ਸਭ ਸਾਮਾਨ ਲਿਆਉਣ ਲਈ ਇਕੱਠਾ ਕਰ ਲਿਆ ਅਤੇ ਉਸ ਦਿਨ ਹੜ੍ਹ ਆ ਗਿਆ ਤੇ ਜੋ ਕਮਾਇਆ ਸੀ ਸਭ ਹੜ੍ਹ ਗਿਆ। ਜਾਨ ਵੀ ਬੜੀ ਮੁਸ਼ਕਿਲ ਬਚੀ। ਖਾਲੀ ਹੱਥ ਪੰਜਾਬ ਪਰਤ ਆਇਆ। ਪਿੰਡ ਢੱਡੇ ਫਤਿਹ ਸਿੰਘ ਤੋਂ ਸ: ਗੁਰਦਿਆਲ ਸਿੰਘ ਦਾ ਲੜਕਾ ਸੁਰਜੀਤ ਸਿੰਘ ਗਰੀਸ ਜਾਣ ਦਾ ਇੱਛੁਕ ਸੀ। ਜਦ ਇਨ੍ਹਾਂ ਨੇ ਸੰਤਾਂ ਨਾਲ ਬਚਨ ਕੀਤਾ ਤਾਂ ਸੰਤਾਂ ਨੇ ਇਨਕਾਰ ਕਰ ਦਿੱਤਾ ਪਰ ਪਰਿਵਾਰ ਨਹੀਂ ਮੰਨਿਆ ਅਤੇ ਸਮੁੰਦਰ ਦੇ ਰਾਸਤੇ ਵਿਦੇਸ਼ ਭੇਜ ਦਿੱਤਾ। ਰਾਸਤੇ ਵਿਚ ਹੀ ਫੜਿਆ ਗਿਆ ਅਤੇ ਉਨ੍ਹਾਂ ਵਾਪਸ ਪੰਜਾਬ ਭੇਜ ਦਿੱਤਾ। ਇਸ ਨੇ ਇਕ ਸਾਲ ਗੁਰਦੁਆਰਾ ਸਾਹਿਬ ਸੇਵਾ ਕੀਤੀ। ਸਾਲ ਬਾਅਦ ਸੰਤ ਕਹਿੰਦੇ ਬਈ ਤੇਰੀ ਸੇਵਾ ਪੂਰੀ ਹੋ ਗਈ। ਹੁਣ ਬਾਹਰ ਦਾ ਕੰਮ ਬਣਾਓ, ਕੋਈ ਰੁਕਾਵਟ ਨਹੀਂ ਹੈ। ਇਹ ਜਲਦੀ ਹੀ ਬਾਹਰ ਚਲਾ ਗਿਆ ਅਤੇ ਅੱਜ ਕੱਲ੍ਹ ਪੱਕੇ ਤੌਰ 'ਤੇ ਗਰੀਸ ਰਹਿ ਰਿਹਾ ਹੈ। ਸ਼ਾਮਚੁਰਾਸੀ ਤੋਂ ਭਾਈ ਮੋਹਣ ਸਿੰਘ ਨੇ ਜਦ ਨੌਕਰੀ ਛੱਡੀ ਤਾਂ ਬਾਹਰ ਜਾਣ ਦਾ ਮਨ ਬਣਾ ਲਿਆ। ਸੰਤਾਂ ਨੇ ਮਨਾ ਕੀਤਾ ਪਰ ਇਹ ਨਾ ਮੰਨਿਆ ਅਤੇ ਸਾਗਰ ਦੇ ਰਾਸਤੇ



ਅਮਰੀਕਾ ਨੂੰ ਚੱਲ ਪਿਆ। ਲੁਕ ਲੁਕ ਕੇ ਕਈ ਮੁਲਕਾਂ ਵਿਚ ਘੁੰਮਦਾ ਰਿਹਾ ਪਰ ਅਮਰੀਕਾ ਨਾ ਪਹੁੰਚ ਸਕਿਆ। ਆਖਰਕਾਰ ਥੱਕ ਹਾਰ ਕੇ ਚਾਰ ਸਾਲ ਬਾਅਦ ਖਾਲੀ ਹੱਥੀਂ ਹੀ ਵਾਪਸ ਪਰਤ ਆਇਆ। ਸਭ ਨੂੰ ਸਮਝ ਲੱਗ ਗਈ ਕਿ ਹੁਕਮ ਮੰਨਣ ਵਿਚ ਹੀ ਸੁੱਖ ਹੈ। ਭਾਣਾ ਨਾ ਮੰਨਣ ਜਾਂ ਮਨ ਦੀ ਮੱਤ ਅਨੁਸਾਰ ਚੱਲਣ ਵਿਚ ਤਾਂ ਦੁੱਖ ਹੀ ਦੁੱਖ ਹਨ।

ਹੁਕਮੁ ਮੰਨੇ ਸੋਈ ਸੁਖੁ ਪਾਏ ਹੁਕਮੁ ਸਿਰਿ ਸਾਹਾ ਪਤਿਸਾਹਾ ਹੇ ॥

(ਮ:3-1055)

# ਮੰਨੇ ਕੀ ਗਤਿ ਕਹੀ ਨ ਜਾਇ

ਜਿਸ ਨੇ ਪ੍ਰਮਾਤਮਾ ਨੂੰ ਮੰਨ ਲਿਆ ਉਸਦੀ ਅਵਸਥਾ ਕਹੀ ਨਹੀਂ ਜਾ ਸਕਦੀ। ਅਕੱਥ ਹੋ ਜਾਂਦੀ ਹੈ। ਦੁਨੀਆਂ 'ਤੇ ਕੋਈ ਕਾਗਜ਼ ਕਲਮ ਨਹੀਂ ਅਤੇ ਨਾ ਹੀ ਕੋਈ ਲਿਖਣ ਵਾਲਾ ਹੈ ਜੋ ਮੰਨਣ ਵਾਲੇ ਨੂੰ ਕਥਨ ਕਰ ਸਕੇ ਕਿਉਂਕਿ ਉਹ ਪ੍ਰਮੇਸ਼ਰ ਨੂੰ ਮੰਨਦਾ ਮੰਨਦਾ ਉਸ ਦਾ ਰੂਪ ਹੀ ਹੋ ਜਾਂਦਾ ਹੈ।

ਜਿਨ ਹਰਿ ਜਪਿਆ ਸੇ ਹਰਿ ਹੋਏ॥ (ਮ:4-667)

ਪ੍ਰਮੇਸ਼ਰ ਨੂੰ ਮੰਨਣ ਵਾਲਿਆਂ ਦੀਆਂ ਕਥਾ ਕਹਾਣੀਆਂ ਵੀ ਨਿਰਾਲੀਆਂ ਹੀ ਹੁੰਦੀਆਂ ਹਨ। ਉਨ੍ਹਾਂ ਦੇ ਬਚਨ ਅਸਹਿਜ ਨੂੰ ਸਹਿਜ ਕਰਨ ਦੇ ਸਮਰੱਥ ਹੁੰਦੇ ਹਨ। ਚੰਦ ਸੂਰਜ ਨੂੰ ਧਰਤੀ 'ਤੇ ਲਾਹੁਣ ਦੇ ਸਮਰੱਥ। ਸੰਤ ਬਾਬਾ ਤੀਰਥ ਸਿੰਘ ਜੀ ਪੂਰਨ ਬ੍ਰਹਮਗਿਆਨੀ ਸਨ। ਪਰਮੇਸ਼ਰ ਦੀ ਰੰਗਤ ਵਿਚ ਰੰਗੇ ਆਪਣੇ ਆਸਣ 'ਤੇ ਬਿਰਾਜਮਾਨ ਸਨ। ਲੁਹਾਰਾਂ ਤੋਂ ਭਾਈ ਬਲਜਿੰਦਰ ਸਿੰਘ ਆਪ ਜੀ ਦੇ ਹਜ਼ੂਰ ਹਾਜ਼ਰ ਹੋਏ। ਉਸ ਸਾਲ ਬਾਰਿਸ਼ਾਂ ਬਹੁਤ ਪੈ ਰਹੀਆਂ ਸਨ। ਫਰਵਰੀ ਮਹੀਨਾ ਸੀ। ਭਾਈ ਸਾਹਿਬ ਨੇ ਆਪਣੇ ਘਰ ਅਖੰਡ ਪਾਠ ਸਾਹਿਬ ਕਰਵਾਉਣ ਦਾ ਦਿਨ ਨਿਯਤ ਕੀਤਾ ਹੋਇਆ ਸੀ। ਲਗਾਤਾਰ ਹੀ ਬਾਰਿਸ਼ਾਂ ਹੋਣ ਕਾਰਨ ਪ੍ਰੋਗਰਾਮ ਖਰਾਬ ਹੋਣ ਦਾ ਡਰ ਸੀ। ਭਾਈ ਬਲਜਿੰਦਰ ਸਿੰਘ ਨੇ ਮਹਾਂਪੁਰਸ਼ਾਂ ਨੂੰ ਬੇਨਤੀ ਕੀਤੀ ਕਿ ਮਹਾਰਾਜ ਕਿਰਪਾ ਕਰੋ ਕਿ ਭੋਗ ਵਾਲਾ ਦਿਨ ਸੁੱਕਾ ਹੀ ਲੰਘ ਜਾਵੇ ਤਾਂ ਕਿ ਹੋਣ ਵਾਲੀ ਪ੍ਰੇਸ਼ਾਨੀ ਤੋਂ ਬਚਿਆ ਜਾ ਸਕੇ। ਜਦ ਬੇਨਤੀ ਸੁਣੀ ਤਾਂ ਮਹਾਂਪੁਰਸ਼ਾਂ ਨੇ ਭਾਈ ਰਣਜੋਧ ਸਿੰਘ ਜੀ ਨੂੰ ਲੰਗਰ ਵਿਚ ਖੀਰ ਪੂੜੇ ਤਿਆਰ ਕਰਵਾਉਣ ਲਈ ਕਿਹਾ। ਹੁਕਮ ਦੇ ਬੱਧੇ ਭਾਈ ਰਣਜੋਧ ਸਿੰਘ ਨੇ ਖੀਰ ਪੂੜੇ ਤਿਆਰ ਕਰਵਾਏ ਤਾਂ ਮਹਾਂਪੁਰਸ਼ਾਂ ਨੇ ਭੋਗ ਵਾਲਾ ਦਿਨ ਸੁੱਕਾ ਲੰਘਾਉਣ ਲਈ ਗੁਰੂ ਨਾਨਕ ਮਹਾਰਾਜ ਅੱਗੇ ਅਰਦਾਸ ਕਰ ਦਿੱਤੀ। ਮਹਾਂਪੁਰਸ਼ਾਂ ਦੀ ਅਰਦਾਸ ਦਾ ਐਸਾ ਅਸਰ ਹੋਇਆ ਕਿ ਇਕ ਭੋਗ ਵਾਲਾ ਦਿਨ ਹੀ ਸੁੱਕਾ ਰਿਹਾ, ਪਹਿਲਾਂ ਅਤੇ ਬਾਅਦ ਵਾਲੇ ਦਿਨਾਂ ਵਿਚ ਮੋਹਲੇਧਾਰ ਬਾਰਿਸ਼ ਹੋਈ।

ਸਭ ਕੋ ਤੇਰੇ ਬਸ ਅਗਮ ਅਗੋਚਰਾ
ਤੂੰ ਭਗਤਾ ਕੈ ਬਸ ਭਗਤਾ ਤਾਣੁ ਤੇਰਾ॥

ਸ਼ਾਮਚੁਰਾਸੀ ਤੋਂ ਸ: ਮਹਿੰਦਰ ਸਿੰਘ ਦੇ ਲੜਕੇ ਅਵਤਾਰ ਸਿੰਘ ਦਾ ਬੀ.



ਐੱਡ ਦਾ ਪ੍ਰਯੋਗਿਕ ਇਮਤਿਹਾਨ ਸੀ। ਅਵਤਾਰ ਸਿੰਘ ਪ੍ਰੈਕਟੀਕਲ ਦੇਣ ਜਾਣ ਤੋਂ ਪਹਿਲਾਂ ਸੰਤ ਬਾਬਾ ਤੀਰਥ ਸਿੰਘ ਜੀ ਨੂੰ ਨਮਸਕਾਰ ਕਰਨ ਗੁਰਦੁਆਰਾ ਸਾਹਿਬ ਗਿਆ। ਮਹਾਂਪੁਰਸ਼ਾਂ ਨੇ ਇਸ ਨੂੰ ਆਪਣੇ ਇਕ ਸੇਵਕ ਨੂੰ ਦਵਾ ਦਿਵਾਉਣ ਲਈ ਪਿੰਡ ਕਹੁਜੇ ਭੇਜ ਦਿੱਤਾ। ਕਿਉਂਕਿ ਪੇਪਰ ਹੁਸ਼ਿਆਰਪੁਰ 10 ਵਜੇ ਸੀ, ਬਹੁਤਾ ਸਮਾਂ ਨਾ ਹੋਣ ਕਾਰਨ ਇਹ ਕਾਹਲੀ ਕਾਹਲੀ ਬਿਮਾਰ ਸੇਵਕ ਨੂੰ ਲੈ ਕੇ ਕਹੁਜੇ ਪਿੰਡ ਗਿਆ। ਡਾਕਟਰ ਨੇ ਦਵਾਈ ਤਾਂ ਦੇ ਦਿੱਤੀ ਪਰ ਇੰਜੈਕਸ਼ਨ ਲਾ ਕੇ ਕਹਿੰਦਾ ਕਿ ਵੀਹ ਮਿੰਟ ਇੰਤਜ਼ਾਰ ਕਰਨਾ ਪੈਣਾ ਹੈ ਕਿਤੇ ਇਹ ਰੀਐਕਸ਼ਨ ਨਾ ਕਰ ਜਾਵੇ। ਅਵਤਾਰ ਸਿੰਘ ਨੂੰ ਲੱਗਾ ਕਿ ਅੱਜ ਪੇਪਰ ਨਹੀਂ ਦੇ ਹੋਣਾ। ਪਰ ਸੰਤਾਂ ਦਾ ਬਚਨ ਸੀ ਕਿ ਸੇਵਕ ਨੂੰ ਦਵਾ ਦੁਆ ਕੇ ਵਾਪਸ ਛੱਡ ਕੇ ਜਾਣਾ ਹੈ। ਜੋ ਮੋੜਿਆ ਨਹੀਂ ਜਾ ਸਕਦਾ ਸੀ। ਜਦ ਡਾਕਟਰ ਨੇ ਤਸੱਲੀ ਕਰ ਲਈ ਤਾਂ ਇਹ ਸੇਵਕ ਨੂੰ ਨਾਲ ਲੈ ਕੇ ਅਸਥਾਨ ਵਿਖੇ ਆ ਗਿਆ। ਸੰਤਾਂ ਕੋਲੋਂ ਆਗਿਆ ਲਈ ਅਤੇ ਹੁਸ਼ਿਆਰਪੁਰ ਨੂੰ ਚੱਲ ਪਿਆ। ਪ੍ਰੈਕਟੀਕਲ ਦਾ ਪੇਪਰ ਦਸ ਵਜੇ ਸ਼ੁਰੂ ਹੋਣਾ ਸੀ ਅਤੇ ਇਹ ਗਿਆਰਾਂ ਵਜੇ ਪਹੁੰਚਿਆ। ਸੋਚ ਰਿਹਾ ਸੀ ਕਿ ਹੁਣ ਤੱਕ ਤਾਂ ਅੱਧਿਓਂ ਜ਼ਿਆਦਾ ਪ੍ਰੈਕਟੀਕਲ ਹੋ ਗਿਆ ਹੋਵੇਗਾ। ਜਦ ਕਾਲਜ ਪਹੁੰਚਿਆ ਤਾਂ ਸਭ ਬੱਚੇ ਇਕ ਕਮਰੇ ਵਿਚ ਇਕੱਠੇ ਬੈਠੇ ਸਨ। ਵੇਖ ਦੇ ਸਾਰ ਹੀ ਇਸ ਦੇ ਹੋਸ਼ ਉੱਡ ਗਏ ਕਿ ਸਭ ਪ੍ਰੈਕਟੀਕਲ ਮੁਕਾ ਕੇ ਬੈਠੇ ਹਨ। ਜਦ ਇਸ ਨੇ ਜਾ ਕੇ ਆਪਣੇ ਇਕ ਮਿੱਤਰ ਤੋਂ ਪੁੱਛਿਆ ਕਿ ਪ੍ਰੈਕਟੀਕਲ ਹੋ ਗਿਆ ਤਾਂ ਉਹ ਕਹਿੰਦਾ ਹੋਣਾ ਕਿੱਥੋਂ ਸੀ ਜਿਸ ਲੈਬ ਵਿਚ ਪ੍ਰੈਕਟੀਕਲ ਹੋਣਾ ਸੀ ਉਸ ਦੀਆਂ ਤਾਂ ਚਾਬੀਆਂ ਹੀ ਨਹੀਂ ਲੱਭ ਰਹੀਆਂ। ਉਸੇ ਵਕਤ ਰੌਲਾ ਪੈ ਗਿਆ ਕਿ ਚਾਬੀਆਂ ਮਿਲ ਗਈਆਂ ਅਤੇ ਪ੍ਰੈਕਟੀਕਲ ਸ਼ੁਰੂ ਹੋ ਗਿਆ।

ਤਿਸਕਾ ਹੁਕਮੁ ਬੂਝਿ ਸੁਖੁ ਹੋਇ॥
ਤਿਸਕਾ ਨਾਮੁ ਰਖੁ ਕੰਠਿ ਪਰੋਇ॥
ਸਿਮਰਿ ਸਿਮਰਿ ਸਿਮਰਿ ਪ੍ਰਭੁ ਸੋਇ॥
ਨਾਨਕ ਬਿਘਨੁ ਨ ਲਾਗੈ ਕੋਇ॥ (ਮ:5-281)

ਪਿੰਡ ਖਾਨਪੁਰ ਤੋਂ ਬੀਬੀ ਮਹਿੰਦਰ ਕੌਰ ਅਤੇ ਭਾਈ ਗੁਰਮੀਤ ਸਿੰਘ। ਇਨ੍ਹਾਂ ਨੇ ਆਪਣੇ ਪਿੰਡ ਦਸ ਮਰਲੇ ਥਾਂ ਖਰੀਦਿਆ। ਜਦ ਨਲਕਾ ਲਾਉਣ ਲਈ ਬੋਰ ਕੀਤਾ ਤਾਂ ਪਾਣੀ ਨਾ ਆਇਆ। ਦੂਜੇ ਥਾਂ 'ਤੇ ਕੋਸ਼ਿਸ਼ ਕੀਤੀ ਪਰ ਅਸਫਲ ਰਹੇ। ਜਿਸ ਤੋਂ ਥਾਂ ਖਰੀਦਿਆ ਸੀ ਉਹ ਕਹਿੰਦਾ ਕਿ ਪਾਣੀ ਕਿੱਥੋਂ ਆਉਣਾ ਹੈ?

ਅਸੀਂ ਤਾਂ ਪਹਿਲਾਂ ਹੀ ਖੇਤਾਂ ਨੂੰ ਪਾਣੀ ਲਾਉਣ ਲਈ ਡੂੰਘੇ ਬੋਰ ਕਰਵਾ ਕਰਵਾ ਕੇ ਥਾਂ ਪੋਲ੍ਹਾ ਕੀਤਾ ਹੋਇਆ ਹੈ। ਜਦ ਇਹ ਗੱਲ ਬੀਬੀ ਮਹਿੰਦਰ ਕੌਰ ਨੇ ਸੁਣੀ ਤਾਂ ਬਹੁਤ ਪ੍ਰੇਸ਼ਾਨ ਹੋਈ। ਕਿਸੇ ਨਾਲ ਗੱਲ ਕਰਨ ਨੂੰ ਜੀਅ ਨਾ ਕਰੇ। ਇਵੇਂ ਹੀ ਭਰੇ ਮਨ ਨਾਲ ਗੁਰਦੁਆਰਾ ਈਸ਼ਰਪੁਰੀ ਸਾਹਿਬ ਵਿਖੇ ਆ ਗਈ। ਜਦ ਬੀਬੀ ਨੇ ਸੰਤਾਂ ਨੂੰ ਬੇਨਤੀ ਕੀਤੀ ਤਾਂ ਅੱਖਾਂ ਭਰ ਆਈਆਂ। ਜਦ ਸੁਣਿਆ ਤਾਂ ਸੰਤ ਮੁਸਕਰਾ ਪਏ। ਕਹਿੰਦੇ ਬੀਬੀ ਜਾਓ ਪ੍ਰਮਾਤਮਾ ਦਾ ਨਾਮ ਲੈਕੇ ਜਿੱਥੇ ਮਰਜ਼ੀ ਬੋਰ ਕਰ ਦਿਓ, ਪਾਣੀ ਆ ਜਾਵੇਗਾ। ਇਹਨਾਂ ਨੇ ਆ ਕੇ ਬੋਰ ਕਰਵਾਇਆ ਤਾਂ ਪਾਣੀ ਆ ਗਿਆ।

ਪ੍ਰਭ ਜੀ ਬਸਹਿ ਸਾਧ ਕੀ ਰਸਨਾ ॥ (ਮ:5-263)

ਪਿੰਡ ਮੁਹੱਦੀਪੁਰ ਤੋਂ ਭਾਈ ਗੁਰਦੇਵ ਸਿੰਘ ਦਾ ਪਿਤਾ ਸ: ਸਰਵਣ ਸਿੰਘ ਕਿਸੇ ਕੰਪਨੀ ਵਿਚ ਵੱਡੀ ਮਸ਼ੀਨ ਚਲਾਉਣ ਦੀ ਨੌਕਰੀ ਕਰਦਾ ਸੀ। ਇਸ ਪਾਸੋਂ ਕੰਮ ਵਿਚ ਲਾਪਰਵਾਹੀ ਹੋ ਗਈ। ਜਿਸ ਕਾਰਨ ਇਸ ਦਾ ਅਹੁਦਾ ਘਟਾ ਕੇ ਛੋਟੀ ਮਸ਼ੀਨ 'ਤੇ ਕਰ ਦਿੱਤਾ ਗਿਆ। ਜਿਸ ਦੇ ਨਤੀਜੇ ਵਜੋਂ ਇੱਜ਼ਤ ਮਾਣ ਅਤੇ ਤਨਖਾਹ ਦੋਵੇਂ ਹੀ ਘਟ ਗਏ। ਬਹੁਤ ਪ੍ਰੇਸ਼ਾਨ ਰਹਿਣ ਲੱਗਾ। ਬੀਬੀ ਮਹਿੰਦਰ ਕੌਰ (ਪਤਨੀ) ਨੇ ਸੰਤਾਂ ਕੋਲ ਬੇਨਤੀ ਕੀਤੀ ਤਾਂ ਕਹਿੰਦੇ ਕਿ ਅੱਜ ਤੋਂ ਛੇ ਮਹੀਨੇ ਬਾਅਦ ਉਸ ਦੀ ਇਧਰਲੀ ਸਰਕਾਰ ਅਤੇ ਉਧਰਲੀ ਸਰਕਾਰ ਬਹੁਤ ਇੱਜ਼ਤ ਕਰੇਗੀ। ਉਸ ਵਕਤ ਇਹ ਬਿਲਕੁਲ ਪਤਾ ਨਹੀਂ ਸੀ ਕਿ ਕੰਪਨੀ ਬਾਹਰ ਚਲੀ ਜਾਵੇਗੀ। ਮਹਾਂਪੁਰਸ਼ਾਂ ਦੇ ਬਚਨਾਂ ਅਨੁਸਾਰ ਠੀਕ ਛੇ ਮਹੀਨੇ ਬਾਅਦ ਕੰਪਨੀ ਲੀਬੀਆ ਚਲੀ ਗਈ। ਸਰਵਣ ਸਿੰਘ ਵੀ ਨਾਲ ਹੀ ਬਾਹਰ ਚਲੇ ਗਿਆ ਅਤੇ ਕੰਪਨੀ ਨੇ ਉਸ ਨੂੰ ਫਿਰ ਬੜੀ ਮਸ਼ੀਨ 'ਤੇ ਲਾ ਦਿੱਤਾ।

ਜਿਨਿ ਸੇਵਿਆ ਤਿਨਿ ਪਾਇਆ ਮਾਨੁ ॥
ਨਾਨਕ ਗਾਵੀਐ ਗੁਣੀ ਨਿਧਾਨੁ ॥ (ਮ:1-2)

ਸ਼ਾਮਚੁਰਾਸੀ ਤੋਂ ਸ: ਸੁਰਿੰਦਰ ਸਿੰਘ ਮਾਸਕਟ ਗਿਆ ਹੋਇਆ ਸੀ। ਇਹ ਐਸਾ ਗਿਆ ਕਿ ਫਿਰ ਨਾ ਪਰਤਿਆ। ਇਹ ਨਾ ਹੀ ਵਾਪਸ ਆਉਂਦਾ ਅਤੇ ਨਾ ਹੀ ਆਪਣੀ ਪਤਨੀ ਬੀਬੀ ਸੁਖਵਿੰਦਰ ਕੌਰ ਨੂੰ ਕੋਈ ਫੋਨ ਕਰਦਾ ਜਾਂ ਚਿੱਠੀ ਪਾਉਂਦਾ। ਕਈ ਸਾਲ ਬੀਤ ਗਏ। ਬੀਬੀ ਸੁਖਵਿੰਦਰ ਕੌਰ ਦੀ ਜੂਨ ਬਹੁਤ ਖਰਾਬ ਹੋਈ। ਇਹ ਸੰਤ ਬਾਬਾ ਤੀਰਥ ਸਿੰਘ ਜੀ ਦੇ ਅਸਥਾਨ 'ਤੇ ਸੇਵਾ ਕਰਨ ਆਉਣ



ਲੱਗ ਪਈ। 15 ਸਾਲ ਬੀਤ ਚੱਲੇ ਸਨ ਪਰ ਸੁਰਿੰਦਰ ਸਿੰਘ ਨੇ ਘਰ ਆਉਣ ਦਾ ਨਾਮ ਨਹੀਂ ਲਿਆ ਸੀ। ਬੀਬੀ ਸੁਖਵਿੰਦਰ ਕੌਰ ਬਿਲਕੁਲ ਨਿਰਾਸ਼ ਹੋ ਚੁੱਕੀ ਸੀ। ਜੇ ਮਨ ਵਿਚ ਕਿਤੇ ਆਸ ਦੀ ਕਿਰਨ ਜਗਦੀ ਸੀ ਤਾਂ ਉਹ ਸਿਰਫ ਸੰਤ ਬਾਬਾ ਤੀਰਥ ਸਿੰਘ ਜੀ 'ਤੇ ਵਿਸ਼ਵਾਸ ਦੀ ਬਦੌਲਤ ਹੀ ਸੀ। ਇਕ ਦਿਨ ਇਸ ਦੇ ਸਬਰ ਦਾ ਬੰਨ੍ਹ ਟੁੱਟ ਗਿਆ। ਇਹ ਸੰਤਾਂ ਕੋਲ ਗਈ ਅਤੇ ਚਰਨਾਂ 'ਤੇ ਸਿਰ ਰੱਖ ਕੇ ਰੋਣ ਲੱਗ ਪਈ। ਏਨਾ ਰੋਈ ਕਿ ਰੋਣਾ ਥੰਮਿਆ ਨਾ ਥੰਮ ਹੋਵੇ। ਏਨੇ ਸਾਲਾਂ ਦਾ ਭਰਿਆ ਮਨ ਅੱਥਰੂ ਬਣ ਬਣ ਕਿਰ ਗਿਆ। ਸੰਤ ਅਡੋਲ ਬੈਠੇ ਰਹੇ। ਬਿਲਕੁਲ ਚੁੱਪ। ਜਦ ਕੁਝ ਮਨ ਹਲਕਾ ਹੋਇਆ ਤਾਂ ਉੱਠ ਕੇ ਚਲੀ ਗਈ। ਪਰ ਸੰਤ ਚੁੱਪ ਰਹੇ। ਦੋ ਮਹੀਨਿਆਂ ਬਾਅਦ ਜੋੜਮੇਲਾ ਸੀ ਅਤੇ ਉਸ ਨੂੰ ਸਾਰਾ ਦਿਨ ਪੂੜੇ ਬਣਾਉਣ ਦੀ ਸੇਵਾ ਕਰਨ ਨੂੰ ਕਿਹਾ। ਬਚਨ ਕੀਤਾ ਕਿ ਤੇਰੇ ਪੂੜੇ ਹੀ ਪ੍ਰਵਾਨ ਹੋਣੇ ਹਨ। ਬੀਬੀ ਨੇ ਸੰਤਾਂ ਦੇ ਦੱਸੇ ਅਨੁਸਾਰ ਸਾਰਾ ਦਿਨ ਸੇਵਾ ਕੀਤੀ। ਮਹਾਂਪੁਰਸ਼ਾਂ ਦੀ ਐਸੀ ਕਿਰਪਾ ਹੋਈ ਕਿ ਅਗਲੇ ਮਹੀਨੇ ਹੀ ਸੁਰਿੰਦਰ ਸਿੰਘ ਘਰ ਵਾਪਸ ਆ ਗਿਆ।

ਹਰਿ ਕੀ ਟਹਲ ਕਮਾਵਣੀ ਜਪੀਐ ਪ੍ਰਭ ਕਾ ਨਾਮੁ ॥
ਗੁਰ ਪੂਰੇ ਤੇ ਪਾਇਆ ਨਾਨਕ ਸੁਖ ਬਿਸ੍ਰਾਮੁ ॥ (ਮ:5-300)

ਪਿੰਡ ਸਾਰੋਬਾਦ ਤੋਂ ਬੀਬੀ ਕੇਵਲ ਕੌਰ ਦੇ ਸੱਤ ਸਾਲ ਦੇ ਦੋਹਤੇ ਨੂੰ ਬਹੁਤ ਡਰ ਲੱਗਦਾ ਸੀ। ਜਦ ਅੱਖ ਲੱਗਣੀ ਤਾਂ ਐਨੇ ਭੈੜੇ-ਭੈੜੇ ਸੁਪਨੇ ਆਉਣੇ ਕਿ ਤ੍ਰਭਕ ਕੇ ਉੱਠਣਾ। ਦਿਨੋ ਦਿਨ ਡਰ ਲੱਗਣ ਦੀ ਸਮੱਸਿਆ ਵਧਦੀ ਹੀ ਜਾ ਰਹੀ ਸੀ। ਇਕ ਦਿਨ ਜਦ ਇਹ ਸੰਤ ਬਾਬਾ ਤੀਰਥ ਸਿੰਘ ਜੀ ਦੇ ਦਰਸ਼ਨਾਂ ਲਈ ਗਏ ਤਾਂ ਸਜਨੀਤ ਸਿੰਘ ਬਾਰੇ ਬੇਨਤੀ ਕੀਤੀ। ਸੰਤ ਕਾਕੇ ਦੇ ਸਿਰ 'ਤੇ ਹੱਥ ਰੱਖ ਕੇ ਕਹਿੰਦੇ ਕਿ ਕੇਸ ਰੱਖ ਲੈ ਬਈ ਡਰ ਵੀ ਲੱਗਣੋਂ ਹੱਟ ਜਾਵੇਗਾ। ਸਜਨੀਤ ਸਿੰਘ ਦੇ ਕੇਸ ਰੱਖ ਦਿੱਤੇ ਗਏ ਅਤੇ ਉਸ ਨੂੰ ਮੁੜ ਕਦੇ ਡਰ ਨਹੀਂ ਲੱਗਾ। ਪਿੰਡ ਮੁਹੱਦੀਪੁਰ ਤੋਂ ਸੁਰਿੰਦਰ ਸਿੰਘ ਪੁੱਤਰ ਸ: ਨਿਰਮਲ ਸਿੰਘ ਅਤੇ ਗੁਰਦੇਵ ਸਿੰਘ ਪੁੱਤਰ ਦਿਲਬਾਗ ਸਿੰਘ ਨੇ ਜਦ ਵੱਖ-ਵੱਖ ਕੋਰਟ ਕੇਸਾਂ ਦੇ ਚੱਕਰ ਕਾਰਣ ਸੰਤ ਬਾਬਾ ਤੀਰਥ ਸਿੰਘ ਜੀ ਦੇ ਅਸਥਾਨ 'ਤੇ ਅਰਦਾਸ ਕਰਵਾਈ ਤਾਂ ਮੁਕੱਦਮਿਆਂ ਵਿਚ ਜਿੱਤ ਹਾਸਲ ਹੋ ਗਈ। ਸੰਤ ਜੀ ਗੁਰੂ ਮਹਾਰਾਜ ਅੱਗੇ ਅਰਦਾਸ ਕਰਨ 'ਤੇ ਬਹੁਤ ਜ਼ੋਰ ਦਿਆ ਕਰਦੇ ਸਨ। ਇਕ ਬਾਰ ਜਦ ਪਿੰਡ ਖੱਖਾਂ ਤੋਂ ਸ: ਗੁਰਪ੍ਰੀਤ ਸਿੰਘ ਦੀ ਸਕੂਟਰ ਏਜੰਸੀ ਦਾ ਕੰਮ ਘੱਟ ਗਿਆ ਤਾਂ ਇਹ ਸੰਤਾਂ ਕੋਲ ਬੇਨਤੀ ਕਰਨ ਆਏ। ਸੰਤ

ਕਹਿੰਦੇ ਬਈ ਗੁਰੂ ਘਰ ਅਰਦਾਸ ਕਰਵਾਈ ਹੈ ? ਸੰਤ ਕਿਹਾ ਕਰਦੇ ਸਨ ਕਿ ਹਰ ਬਾਰ ਕੰਮ ਲਈ ਅਰਦਾਸ ਕਰਵਾਉਣੀ ਬਹੁਤ ਜ਼ਰੂਰੀ ਹੈ ਉਸ ਗੁਰਦੁਆਰਾ ਸਾਹਿਬ ਵਿਖੇ ਜਿਥੇ ਸੰਗਤ ਜੁੜਦੀ ਹੋਵੇ ਕਿਉਂਕਿ ਸੰਗਤ ਦੀ ਅਰਦਾਸ ਹੀ ਪ੍ਰਵਾਨ ਹੁੰਦੀ ਹੈ।

ਜਿਸ ਦਾ ਦਿਤਾ ਖਾਵਣਾ ਤਿਸੁ ਕਹੀਐ ਸਾਬਾਸਿ ॥
ਨਾਨਕ ਹੁਕਮੁ ਨ ਚਲਈ ਨਾਲਿ ਖਸਮ ਚਲੈ ਅਰਦਾਸਿ ॥
(ਮ: 2-474)

ਗੁਰਪ੍ਰੀਤ ਸਿੰਘ ਨੇ ਅਰਦਾਸ ਕਰਵਾਈ ਅਤੇ ਇਨ੍ਹਾਂ ਦਾ ਬਿਜ਼ਨੈੱਸ ਠੀਕ ਚੱਲਣ ਲੱਗਾ। ਸਮਾਂ ਬੀਤਦਾ ਗਿਆ। ਇਕ ਦਿਨ ਸੰਤਾਂ ਨੇ ਗੁਰਪ੍ਰੀਤ ਸਿੰਘ ਅਤੇ ਗੁਰਦੀਪ ਕੌਰ (ਪਤਨੀ) ਨੂੰ ਸੱਦ ਕੇ ਅੰਮ੍ਰਿਤ ਛਕਣ ਲਈ ਕਿਹਾ। ਦੋਵਾਂ ਨੇ ਬਚਨ ਮੰਨ ਕੇ ਅੰਮ੍ਰਿਤ ਛਕ ਲਿਆ।

ਨਿਰਮਲ ਰਸਨਾ ਅੰਮ੍ਰਿਤ ਪੀਉ ।
ਸਦਾ ਸੁਹੇਲਾ ਕਰਿ ਲੇਹਿ ਜੀਉ ॥ (ਮ:5-281)

ਅੰਮ੍ਰਿਤ ਛੱਕਣ ਤੋਂ ਛੇ ਮਹੀਨੇ ਬਾਅਦ ਹੀ ਇਹ ਇਕ ਮਿੱਤਰ ਦੁਆਰਾ 30 ਲੱਖ ਦਾ ਧੋਖਾ ਕਰਨ ਕਾਰਨ ਅਰਸ਼ ਤੋਂ ਫਰਸ਼ 'ਤੇ ਆ ਗਏ। ਘਾਟੇ ਦੀ ਪੂਰਤੀ ਲਈ ਘਰ ਨੂੰ ਛੱਡ ਕੇ ਸਭ ਕੁਝ ਵਿਕ ਗਿਆ। ਹਾਲਾਤ ਇਹ ਹੋ ਗਏ ਕਿ ਲੂਣ ਖਰੀਦਣ ਜੋਗੇ ਵੀ ਘਰ ਵਿਚ ਪੈਸੇ ਨਾ ਰਹੇ। ਮਹਾਂਪੁਰਸ਼ਾਂ ਨੇ ਘਰ ਦੀ ਸਾਰੀ ਰਸਦ ਅਸਥਾਨ ਤੋਂ ਭੇਜਣੀ ਸ਼ੁਰੂ ਕਰ ਦਿੱਤੀ। ਭਾਈ ਗੁਰਪ੍ਰੀਤ ਸਿੰਘ ਨੂੰ ਅਸਥਾਨ 'ਤੇ ਨੌਕਰੀ ਦੇ ਦਿੱਤੀ। ਜਦ ਗੁਰਪ੍ਰੀਤ ਸਿੰਘ ਨੇ ਬੇਨਤੀ ਕੀਤੀ ਕਿ ਹੁਣ ਕੰਮ ਕਿਵੇਂ ਚੱਲੇਗਾ ਤਾਂ ਸੰਤਾਂ ਨੇ ਪੂਰੀ ਖੁਸ਼ੀ ਵਿਚ ਆ ਕੇ ਬਚਨ ਕੀਤਾ ਕਿ ਤੈਨੂੰ ਘਰ ਬੈਠਿਆਂ ਹੀ ਲੱਖਾਂ ਰੁਪਏ ਆਉਣਗੇ। ਗੁਰਪ੍ਰੀਤ ਸਿੰਘ ਦੇ ਇਟਲੀ ਤੋਂ ਦੋਸਤ ਆਏ। ਜਿਨ੍ਹਾਂ ਬੰਦੇ ਬਾਹਰ ਭੇਜਣ ਦਾ ਕੰਮ ਸ਼ੁਰੂ ਕੀਤਾ। ਗੁਰਪ੍ਰੀਤ ਸਿੰਘ ਵੀ ਸੰਤਾਂ ਤੋਂ ਆਗਿਆ ਲੈ ਕੇ ਵਾਹਿਗੁਰੂ ਅੱਗੇ ਅਰਦਾਸ ਕਰਕੇ ਕੰਮ ਵਿਚ ਜੁਟ ਗਿਆ। ਅਜਿਹਾ ਕੰਮ ਚੱਲਿਆ ਕਿ ਘਰ ਬੈਠੇ ਨੂੰ ਹੀ ਆਮਦਨ ਹੋਣ ਲੱਗੀ ਅਤੇ ਐਡੇ ਵੱਡੇ ਘਾਟੇ ਦੇ ਬਾਵਜੂਦ ਮਹਿਜ ਤਿੰਨ ਸਾਲਾਂ ਵਿਚ ਹੀ ਇਹ ਫਿਰ ਆਮ ਜ਼ਿੰਦਗੀ ਜਿਉਣ ਲੱਗੇ।

ਧੰਨ ਧੰਨ ਸੰਤ ਬਾਬਾ ਤੀਰਥ ਸਿੰਘ ਜੀ



# ਸਰਬ ਸੁਖਾ ਹਰਿ ਹਰਿ ਗੁਣ ਗਾਏ

ਸੰਸਾਰ ਨਹੀਂ ਸੀ ਤਾਂ ਦੁੱਖ ਵੀ ਨਹੀਂ ਸਨ। ਜਦ ਦੁਨੀਆਂ ਹੋਂਦ ਵਿੱਚ ਆਈ ਤਾਂ ਪ੍ਰਮਾਤਮਾ ਨੇ ਸਰੀਰਕ ਰੋਗ ਇਸ ਲਈ ਬਣਾਏ ਤਾਂ ਕਿ ਮਨੁੱਖ ਨੂੰ ਵਾਹਿਗੁਰੂ ਪ੍ਰਾਪਤੀ ਦਾ ਮਾਰਗ ਮਿਲ ਸਕੇ ਕਿਉਂਕਿ

ਦੁਖੁ ਦਾਰੂ ਸੁਖੁ ਰੋਗੁ ਭਇਆ।
ਜਾ ਸੁਖੁ ਤਾਮਿ ਨ ਹੋਈ ॥ (ਮ:1-469)

ਸੁੱਖਾਂ ਸਮੇਂ ਪ੍ਰਭੂ ਮਿਲਾਪ ਦੀ ਇੱਛਾ ਨਹੀਂ ਰਹਿੰਦੀ ਅਤੇ ਸੋਚ ਬਾਬਰ ਵਾਲੀ ਹੋ ਜਾਂਦੀ ਹੈ।

ਬਾਬਰ ਬ-ਐਸ਼ ਕੁਨ ਕਿ ਆਲਮ ਦੁਬਾਰਾ ਨੇਸਤ।

ਭਾਵ: ਜੇ ਕੋਈ ਬਹਿਸ਼ਤ ਹੈ ਤਾਂ ਇਹ ਸੰਸਾਰ ਹੀ ਹੈ, ਰਲਕੇ ਮੌਜਾਂ ਮਾਣ ਲਵੋ, ਫਿਰ ਕਿਸੇ ਨੂੰ ਸ਼ਾਇਦ ਹੀ ਇਸ ਬਹਿਸ਼ਤ ਦਾ ਅਵਸਰ ਮਿਲੇ।

ਬਾਦਸ਼ਾਹ ਹੋਵੇ ਜਾਂ ਆਮ ਮਨੁੱਖ ਸੋਚ ਨਹੀਂ ਬਦਲਦੀ। ਸਾਧਨਾਂ ਦੀ ਘਾਟ ਹੁੰਦੀ ਹੈ ਅਤੇ ਸਾਰੀ ਉਮਰ ਬਾਦਸ਼ਾਹਾਂ ਵਾਂਗ ਜਿਉਣ ਲਈ ਸਾਧਨ ਜਟਾਉਣ ਵਿਚ ਹੀ ਲੰਘ ਜਾਂਦੀ ਹੈ। ਜਿਸ ਕਰਕੇ:

ਆਇਓ ਸੁਨਨ ਪੜਨ ਕਉ ਬਾਣੀ ॥
ਨਾਮੁ ਵਿਸਾਰਿ ਲਗਹਿ ਅਨ ਲਾਲਚਿ ਬਿਰਥਾ ਜਨਮੁ ਪੁਰਾਣੀ ॥
(ਮ:5-1219)

ਕਲਜੁਗ ਵਿੱਚ ਭਲਾ ਭਲਾਈਆਂ ਤੋਂ ਡੋਲ ਜਾਂਦਾ ਹੈ ਬੁਰਾ ਬੁਰਾਈਆਂ ਤੋਂ ਨਹੀਂ ਡੋਲਦਾ। ਸਾਧਨ ਜਟਾਉਣ ਦੀ ਖੁਮਾਰੀ ਵਿੱਚ ਹੀ ਹਵਾ 'ਤੇ ਸਵਾਰ ਰਹਿੰਦੇ ਹਾਂ। ਪਰ ਹਵਾ ਦਾ ਬੁੱਲਾ ਜਿਸ ਵਿਚ ਆਨੰਦ ਦਾ ਅਹਿਸਾਸ ਹੁੰਦਾ ਹੈ ਜਦ ਝੱਖੜ ਬਣਕੇ ਝੁਲਦਾ ਹੈ ਤਾਂ ਅੱਖਾਂ ਮਿਟੀ ਘਟੇ ਨਾਲ ਭਰ ਜਾਂਦੀਆਂ ਹਨ। ਆਸਾਂ ਦੇ ਮਹਿਲ ਸੁੱਖਾਂ ਦੀ ਛੱਤ ਸਮੇਤ ਉਡ ਜਾਂਦੇ ਹਨ ਅਤੇ ਚੁਫੇਰੇ ਰੁੱਖਾਂ ਦੇ ਸੁੱਕੇ ਪੱਤਿਆਂ ਵਾਂਗ ਦੁੱਖ ਹੀ ਦੁੱਖ ਬਿਖਰ ਜਾਂਦੇ ਹਨ। ਜਦ ਸੁੱਖਾਂ ਦਾ ਰਾਜਾ ਦੁੱਖਾਂ ਦੀਆਂ ਜੰਜ਼ੀਰਾਂ ਵਿਚ ਜਕੜ ਹੋ ਜਾਂਦਾ ਹੈ ਤਾਂ

ਬਿਖੈ ਰਾਜ ਤੇ ਅੰਧੁਲਾ ਭਾਰੀ ॥
ਦੁਖਿ ਲਾਗੈ ਰਾਮ ਨਾਮ ਚਿਤਾਰੀ ॥

ਪ੍ਰਮਾਤਮਾ ਯਾਦ ਆ ਜਾਂਦਾ ਹੈ। ਬੇਨਤੀਆਂ ਕਰਦਾ ਹੈ। ਖ਼ੁਦ ਨੂੰ ਉਹਨਾਂ ਸੁੱਕੇ ਰੁੱਖਾਂ ਦੇ ਤੁੱਲ ਦੱਸਦਾ ਹੈ ਜੋ ਪੱਤਿਆਂ ਨਾਲ ਭਰ ਜਾਂਦੇ ਹਨ, ਉਹਨਾਂ ਪੱਥਰਾਂ ਦੇ ਤੁਲ ਦੱਸਦਾ ਹੈ ਜੋ ਤਰ ਜਾਂਦੇ ਹਨ।

ਜੇਤਾ ਸਮੁੰਦੁ ਸਾਗਰੁ ਨੀਰਿ ਭਰਿਆ, ਤੇਤੇ ਅਉਗਣ ਹਮਾਰੇ ॥
ਦਇਆ ਕਰਹੁ ਕਿਛੁ ਮਿਹਰ ਉਪਾਵਹੁ ਡੁਬਦੇ ਪਥਰ ਤਾਰੇ ॥
(ਮ:1-156)

ਖੁਦ ਨੂੰ ਨਿਮਾਣਾ ਸਮਝਦਾ ਹੈ, ਨਿਤਾਣਾ ਸਮਝਦਾ ਹੈ, ਨਿਆਸਰਾ ਸਮਝਦਾ ਹੈ, ਨਿਥਾਵਾਂ ਸਮਝਦਾ ਹੈ। ਸੋਝੀ ਪੈ ਜਾਂਦੀ ਹੈ ਕਿਉਂਕਿ

ਕਹੁ ਕਬੀਰ ਤਬ ਹੀ ਨਰੁ ਜਾਗੈ ॥
ਜਮ ਕਾ ਡੰਡੁ ਮੂੰਡ ਮਹਿ ਲਾਗੈ ॥ (ਕਬੀਰ ਜੀ, 870)

ਡੰਡਾਉਤ ਬੰਦਨਾ ਕਰਦਾ ਹੈ। ਪ੍ਰਮਾਤਮਾ ਦੀ ਕਿਰਪਾ ਲੈਣ ਦੀ ਖਾਤਰ ਦਾਸਾਂ ਦਾ ਦਾਸ ਬਣ ਜਾਂਦਾ ਹੈ। ਤੁਛ ਬਣ ਜਾਂਦਾ ਹੈ।

ਨਾਨਕ ਗਰੀਬੁ ਬੰਦਾ ਜਨੁ ਤੇਰਾ ॥
ਰਾਖਿ ਲੇਇ ਸਾਹਿਬੁ ਪ੍ਰਭੁ ਮੇਰਾ ॥ (ਮ:5-676)

ਉਹ ਬਖਸ਼ਣਹਾਰਾ ਬਖਸ਼ ਦਿੰਦਾ ਹੈ ਕਿ ਜੀਵ ਭੁਲਣਹਾਰ ਹੈ ਭੁਲਿਆ ਸੀ ਵਾਪਸ ਆ ਗਿਆ। ਅਸੀਂ ਫਿਰ ਭੁਲ ਜਾਂਦੇ ਹਾਂ। ਜਨਮ ਦਰ ਜਨਮ ਇਹ ਭੁਲਣ ਅਤੇ ਬਖਸ਼ਣ ਦੀ ਖੇਡ ਚਲਦੀ ਰਹਿੰਦੀ ਹੈ। ਸਤਿਗੁਰੂ ਸਮਝਾਉਂਦੇ ਹਨ ਕਿ

ਸੁਖੁ ਨਾਹੀ ਬਹੁਤੈ ਧਨਿ ਖਾਟੇ ॥
ਸੁਖੁ ਨਾਹੀ ਪੇਖੇ ਨਿਰਤਿ ਨਾਟੇ ॥
ਸੁਖੁ ਨਾਹੀ ਬਹੁ ਦੇਸ ਕਮਾਏ ॥
ਸਰਬ ਸੁਖਾ ਹਰਿ ਹਰਿ ਗੁਣ ਗਾਏ ॥ (ਮ:5-1147)

ਇਹ ਉਪਦੇਸ਼ ਸੰਤ ਬਾਬਾ ਤੀਰਥ ਸਿੰਘ ਜੀ ਹਰ ਦੁਖੀਏ ਨੂੰ ਦਿਆ ਕਰਦੇ ਸਨ। ਸੰਤਾਂ ਕੋਲ ਤਾਂ ਨਾਮ ਦੀ ਔਸ਼ੁਧੀ ਸੀ। ਜਿਸਨੇ ਵੀ ਬੇਨਤੀ ਕੀਤੀ ਅਰੋਗ ਹੀ ਹੁੰਦਾ ਗਿਆ। ਕਿਉਂਕਿ

ਨਾਮ ਤੁਲਿ ਕਛੁ ਅਵਰੁ ਨ ਹੋਇ ॥ (ਮ:5-265)

ਜਦ ਸੰਤਾਂ ਨੇ ਪਿੰਡ ਕਾਠੇ ਅਧਿਕਾਰੇ ਤੋਂ ਭਾਈ ਨਾਜਰ ਸਿੰਘ ਨੂੰ ਕੁੱਬਾ ਹੋ ਕੇ ਤੁਰਦਾ ਵੇਖਿਆ ਤਾਂ ਕੋਲ ਸੱਦ ਕੇ ਕਾਰਣ ਪੁਛਿਆ। ਉਸਨੇ ਦੱਸਿਆ ਕਿ



ਮਣਕਾ ਹਿਲਣ ਕਾਰਣ ਬਹੁਤ ਦੁੱਖ ਭੋਗ ਰਿਹਾ ਹੈ। ਇਲਾਕੇ ਦੇ ਸਭ ਡਾਕਟਰ ਵੀ ਅਜ਼ਮਾ ਲਏ । ਇਥੋ ਤੱਕ ਕੇ ਬਿਜਲੀਆਂ ਵੀ ਲੁਆ ਲਈਆਂ ਪਰ ਸਭ ਜਤਨ ਅਸਫਲ ਹੋ ਗਏ। ਜੇ ਥੋੜਾ ਜਿਹਾ ਤੁਰ ਰਿਹਾ ਹਾਂ ਤਾਂ ਲੱਕ ਨੂੰ ਬੰਨੀ ਪੇਟੀ ਕਾਰਨ ਹੀ ਤੁਰ ਰਿਹਾ ਹਾਂ। ਸੰਤ ਕਹਿੰਦੇ ਤੂੰ ਸਾਨੂੰ ਕਿਉਂ ਨਾ ਦਸਿਆ ਤਾਂ ਨਿਮਰਤਾ ਨਾਲ ਭਾਈ ਨਾਜਰ ਸਿੰਘ ਕਹਿੰਦਾ ਕਿ ਸਾਧੂ ਲੋਕ ਕਸ਼ਟ ਆਪਣੇ ਸਰੀਰ ਉਪਰ ਲੈ ਲੈਂਦੇ ਹਨ, ਇਸ ਕਰਕੇ। ਸੰਤ ਮੁਸਕਰਾ ਪਏ। ਕਹਿੰਦੇ ਬਈ ਹੋਰ ਵੀ ਕਈ ਤਰੀਕੇ ਹੁੰਦੇ ਹਨ ਦੁਖ ਹਰਣ ਦੇ। ਤੂੰ ਇਸ ਤਰਾਂ ਕਰੀ ਅੱਜ ਤੋਂ ਛੇਵੇ ਦਿਨ ਨੂੰ ਆਵੀਂ। ਭਾਈ ਨਾਜਰ ਸਿੰਘ ਘਰ ਗਿਆ ਅਤੇ ਜੋ ਦੇਸੀ ਦਵਾ ਕੁਝ ਹੀ ਦਿਨ ਪਹਿਲਾਂ ਖਾਣੀ ਸ਼ੁਰੂ ਕੀਤੀ ਸੀ ਜਾਰੀ ਰੱਖੀ। ਪੰਜਵੇਂ ਦਿਨ ਤਕ ਤਕਲੀਫ ਨਾ ਘਟੀ। ਜਦ ਛੇਵੇਂ ਦਿਨ ਅੰਮ੍ਰਿਤ ਵੇਲੇ ਉੱਠਿਆ ਤਾਂ ਸਰੀਰ ਬਿਲਕੁਲ ਅਰੋਗ ਸੀ। ਇਸਨੇ ਸੋਚਿਆ ਕਿ ਆਖਰ ਦੇਸੀ ਦਵਾ ਅਸਰ ਕਰ ਹੀ ਗਈ। ਸੰਤਾਂ ਨੂੰ ਮਿਲਣ ਆ ਗਿਆ। ਗੁਰੁਦਵਾਰਾ ਈਸ਼ਰਪੁਰੀ ਸਾਹਿਬ ਪਹੁੰਚਿਆ ਤਾਂ ਹੈੱਡ ਗ੍ਰੰਥੀ ਭਾਈ ਗੁਰਦਿਆਲ ਸਿੰਘ ਕਹਿੰਦਾ, "ਨਾਜਰ ਸਿੰਹਾਂ, ਤੂੰ ਚੰਗੀ ਕੀਤੀ ਨਾ ਅਖੰਡ ਪਾਠ ਸਾਹਿਬ ਰਖਾਉਣ ਵੇਲੇ ਆਇਆਂ ਅਤੇ ਨਾ ਭੋਗ ਪਵਾਉਣ ਵੇਲੇ ਆਇਆਂ। ਭਾਈ ਨਾਜਰ ਸਿੰਘ ਹੈਰਾਨ ਹੋ ਕੇ ਕਹਿੰਦਾ ਕਿਹੜਾ ਅਖੰਡ ਪਾਠ ਸਾਹਿਬ? ਹੈੱਡ ਗ੍ਰੰਥੀ ਕਹਿੰਦਾ ਦੇਹ ਅਰੋਗਤਾ ਦਾ। ਕੱਲ ਸੰਤਾਂ ਨੇ ਤਾਂ ਆਪ ਭੋਰੇ ਚੋਂ ਬਾਹਰ ਆ ਕੇ ਤੇਰੀ ਦੇਹ ਅਰੋਗਤਾ ਲਈ ਅਰਦਾਸ ਕੀਤੀ ਸੀ। ਜਦ ਸੁਣਿਆ ਤਾਂ ਨਾਜਰ ਸਿੰਘ ਦੇ ਧੁਰ ਅੰਦਰ ਕੁਝ ਟੁਟ ਗਿਆ। ਉਹ ਭਰਮ ਜੋ ਦੇਸੀ ਦਵਾ ਖਾਣੀ ਬਿਮਾਰੀ ਠੀਕ ਹੋਣ ਦਾ ਵਿਚਾਰ ਆਉਣ ਨਾਲ ਬਣਿਆ ਸੀ। ਸਮਝ ਆਉਂਦਿਆਂ ਦੇਰ ਨਾ ਲੱਗੀ ਕਿ ਅੱਜ ਸਵੇਰ ਸਮੇਂ ਦਰਦ ਨਾ ਹੋਣ ਦਾ ਕਾਰਨ ਕਲ ਅਖੰਡ ਪਾਠ ਸਾਹਿਬ ਦੇ ਭੋਗ ਸਮੇਂ ਕੀਤੀ ਗਈ ਦੇਹ ਅਰੋਗਤਾ ਦੀ ਅਰਦਾਸ ਹੀ ਸੀ।

ਤੀਨੇ ਤਾਪ ਨਿਵਾਰਣ ਹਾਰਾ ਦੁਖ ਹੰਤਾ ਸੁਖ ਰਾਸਿ।
ਤਾਕਉ ਬਿਘਨੁ ਨ ਕੋਊ ਲਾਗੈ ਜਾ ਕੀ ਪ੍ਰਭ ਆਗੈ ਅਰਦਾਸਿ ॥
(ਮ:5-714)

ਜਦ ਅਮਰੀਕਾ ਵਿਖੇ ਬੀਬੀ ਬਲਵੀਰ ਕੌਰ ਦੇ ਘਰ ਬੱਚੀ ਅਨੁਵੀਰ ਕੌਰ ਦਾ ਜਨਮ ਹੋਇਆ ਤਾਂ ਦਿਲ ਵਿੱਚ ਸੁਰਾਖ (Foramin Ovale) ਹੋਣ ਕਾਰਣ ਅਪ੍ਰੇਸ਼ਨ ਤੋਂ ਬਗੈਰ ਲੜਕੀ ਦੀ ਜ਼ਿੰਦਗੀ 2 ਸਾਲ ਹੀ ਦੱਸੀ ਗਈ। ਵਿਦੇਸ਼ਾਂ ਵਿਚ

ਕੰਮ ਦੀਆਂ ਮਜਬੂਰੀਆਂ ਔਲਾਦ ਦੀ ਪਰਵਰਿਸ਼ ਹੱਥੀ ਕਰਨ ਤੋਂ ਵਰਜ ਦਿੰਦੀਆਂ ਹਨ। ਇਸੇ ਕਾਰਣ ਬੀਬੀ ਬਲਵੀਰ ਕੌਰ ਨੂੰ ਵੀ ਆਪਣੀ ਬੇਟੀ ਮਾਤਾ ਸੁਰਿੰਦਰ ਕੌਰ (ਸਾਰੋਬਾਦ) ਕੋਲ ਛੱਡਣੀ ਪਈ। ਮੁਲਕਾਂ ਦੇ ਪੌਣ ਪਾਣੀ ਵਿਚਲੇ ਅੰਤਰ ਅਤੇ ਦਿਲ ਵਿਚਲੇ ਸੁਰਾਖ ਨੇ ਸਾਰੋਬਾਦੀਆਂ ਨੂੰ ਜਲੰਧਰ ਦੇ ਹਿਰਦੇ ਰੋਗਾਂ ਨਾਲ ਸੰਬੰਧਿਤ ਹਸਪਤਾਲਾਂ ਤੋਂ ਲੈ ਕੇ ਦਿੱਲੀ ਤਕ ਪਹੁੰਚਾ ਦਿੱਤਾ। ਜਦ ਬਚਣ ਦੇ ਕੋਈ ਲੱਲ ਨਾ ਦਿਸੇ ਤਾਂ ਬੀਬੀ ਬਲਵੀਰ ਕੌਰ ਨੂੰ ਦੁਆ ਬੇਨਤੀ ਕਰਨ ਲਈ ਇਕੋ ਹੀ ਦੁਆਰਾ ਨਜ਼ਰ ਆਇਆ। ਬੇਨਤੀ ਕੀਤੀ:

ਹਉ ਆਇਆ ਦੂਰਹੁ ਚਲਿਕੈ ਮੈ ਤਕੀ ਤਉ ਸਰਣਾਇ ਜੀਉ ॥
ਮੈ ਆਸਾ ਰਖੀ ਚਿਤਿ ਮਹਿ, ਮੇਰਾ ਸਭੋ ਦੁਖੁ ਗਵਾਇ ਜੀਉ ॥
(ਮ:5-763)

ਸੰਤ ਬਾਬਾ ਤੀਰਥ ਸਿੰਘ ਜੀ ਨੇ ਬੀਬੀ ਬਲਵੀਰ ਕੌਰ ਨੂੰ ਕਿਹਾ ਕਿ ਆਪਣੀ ਮਾਤਾ ਨੂੰ ਕਹਿਓ ਬੱਚੀ ਨੂੰ ਸਾਡੇ ਕੋਲ ਲੈ ਕੇ ਆਉਣ। ਜਦ ਬੀਬੀ ਸੁਰਿੰਦਰ ਕੌਰ ਰੋਂਦੀ ਕੁਰਲਾਉਂਦੀ ਗਈ ਤਾਂ ਸੰਤ ਅਨੁਵੀਰ ਕੌਰ ਦੇ ਸਿਰ 'ਤੇ ਹੱਥ ਫੇਰਕੇ ਕਹਿੰਦੇ, "ਤੁਹਾਡੇ ਤਾਂ ਪਿੰਡ ਵਾਲਾ ਡਾਕਟਰ ਬਹੁਤ ਸਿਆਣਾ ਹੈ ਹੁਣ ਇਸਨੂੰ ਸ਼ਹਿਰ ਦਿਆ ਹਸਪਤਾਲਾਂ ਵਿੱਚ ਨਹੀਂ ਲੈ ਕੇ ਜਾਣਾ।" ਸੰਤਾਂ ਨੇ ਬਚਨ ਕੀਤਾ ਅਤੇ ਬੀਬੀ ਨੇ ਮੰਨ ਲਿਆ। ਜਿਸ ਲੜਕੀ ਨੂੰ ਦਿੱਲੀ ਦੇ ਡਾਕਟਰ ਦਵਾਈਆਂ ਦੇ ਕੇ ਕਿਹਾ ਕਰਦੇ ਸਨ ਕਿ ਬਚਣਾ ਨਹੀਂ ਉਹ ਪਿੰਡ ਦੇ RMP ਡਾਕਟਰ ਦੀਆਂ ਕਦੇ ਕਦੇ ਨਜ਼ਲੇ ਜ਼ੁਕਾਮ ਤੋਂ ਦਿਤੀਆਂ ਨੀਲੀਆਂ ਪੀਲੀਆਂ ਗੋਲੀਆਂ ਨਾਲ ਜੀਣ ਲਗੀ। ਖੁਸ਼ੀ ਵਜੋਂ ਬੀਬੀ ਬਲਵੀਰ ਕੌਰ ਨੇ ਹਰ ਸਾਲ ਗੁਰੁਦਵਾਰਾ ਈਸ਼ਰਪੁਰੀ ਸਾਹਿਬ ਵਿਖੇ ਅਨੁਵੀਰ ਦੇ ਜਨਮ ਦਿਨ 'ਤੇ ਅਖੰਡ ਪਾਠ ਸਾਹਿਬ ਕਰਵਾਉਣਾ ਆਰੰਭ ਕਰ ਦਿੱਤਾ। ਜਦ ਪੰਜ ਸਾਲ ਬਾਦ ਲੜਕੀ ਨੂੰ ਅਮਰੀਕਾ ਲਿਜਾਇਆ ਗਿਆ ਤਾਂ ਸਾਰੇ ਡਾਕਟਰਾਂ ਦੀ ਟੀਮ ਨੇ ਜਨਮ ਸਮੇਂ ਦੀਆਂ ਰਿਪੋਰਟਾਂ ਪੜ੍ਹਕੇ ਲੜਕੀ ਨੂੰ ਚੈਕ ਕੀਤਾ ਅਤੇ ਬੀਬੀ ਬਲਵੀਰ ਨੂੰ ਬੁਲਾ ਕੇ ਹੈਰਾਨੀ ਨਾਲ ਪੁੱਛਿਆ ਕਿ ਸਾਡੇ ਮੁਤਾਬਕ ਤਾਂ ਇਹ ਲੜਕੀ ਅੱਜ ਤਕ ਮਰ ਜਾਣੀ ਚਾਹੀਦੀ ਸੀ ਫਿਰ ਜ਼ਿੰਦਾ ਕਿਸ ਕਰਕੇ ਹੈ ? ਤਾਂ ਬੀਬੀ ਬਲਵੀਰ ਕੌਰ ਦੀਆਂ ਅੱਖਾਂ ਭਰ ਆਈਆਂ ਅਤੇ ਹੱਥ ਜੋੜਕੇ ਕਹਿੰਦੀ, "ਸੰਤ ਬਾਬਾ ਤੀਰਥ ਸਿੰਘ ਜੀ ਕਰਕੇ।"



ਤਾਤੀ ਵਾਉ ਨ ਲਗਈ ਪਾਰਬ੍ਰਹਮ ਸਰਣਾਈ ॥
ਚਉਗਿਰਦ ਹਮਾਰੈ ਰਾਮ ਕਾਰ ਦੁਖੁ ਲਗੈ ਨ ਭਾਈ ॥੧॥
ਸਤਿਗੁਰੁ ਪੂਰਾ ਭੇਟਿਆ ਜਿਨਿ ਬਣਤ ਬਣਾਈ ॥
ਰਾਮ ਨਾਮੁ ਅਉਖਧੁ ਦੀਆ ਏਕਾ ਲਿਵ ਲਾਈ ॥੧॥ ਰਹਾਉ ॥
ਰਾਖਿ ਲੀਏ ਤਿਨਿ ਰਖਨਹਾਰਿ ਸਭ ਬਿਆਧਿ ਮਿਟਾਈ ॥
ਕਹੁ ਨਾਨਕ ਕਿਰਪਾ ਭਈ ਪ੍ਰਭ ਭਏ ਸਹਾਈ ॥੨॥ (ਮ:5-819)

ਪਿੰਡ ਦਿਓਵਾਲ ਦੀ ਬੀਬੀ ਕਮਲੇਸ਼ ਰਾਣੀ ਦਾ ਪਤੀ ਟੀ.ਬੀ. ਵਰਗੇ ਰੋਗ ਤੋਂ ਪੀੜਿਤ ਹੋਣ ਕਾਰਣ ਕਈ ਸਾਲਾਂ ਤੋਂ ਮੰਜੇ ਤੇ ਪਿਆ ਉਠਣ ਬੈਠਣ ਦੇ ਵੀ ਸਮੱਰਥ ਨਹੀਂ ਸੀ। ਜਦ ਭਾਈ ਅਮਰੀਕ ਸਿੰਘ ਦਿਓਵਾਲ ਦੇ ਨਾਲ ਜਾ ਕੇ ਸੰਤ ਬਾਬਾ ਤੀਰਥ ਸਿੰਘ ਜੀ ਦੇ ਚਰਨਾਂ ਵਿਚ ਦੇਹ ਅਰੋਗਤਾ ਲਈ ਬੇਨਤੀ ਕੀਤੀ ਤਾਂ ਸੰਤਾਂ ਨੇ ਕਦੇ ਨਾ ਖਤਮ ਹੋਣ ਦੇਣ ਦਾ ਬਚਨ ਕਰਕੇ ਬੀਬੀ ਕਮਲੇਸ਼ ਰਾਣੀ ਨੂੰ ਕੁੰਭ ਦਾ ਜਲ

ਅਉਖਧੁ ਨਾਮੁ ਨਿਰਮਲ ਜਲੁ ਅੰਮ੍ਰਿਤ ਪਾਈਐ ਗੁਰੂ ਦੁਆਰੀ ॥
(ਮ:5-616)

ਦਿੰਦਿਆ ਕਿਹਾ ਕਿ ਇਹ ਅੰਮ੍ਰਿਤ ਤੇਰੇ ਪਤੀ ਦੀ ਆਖਰੀ ਦਵਾਈ ਹੈ। ਰੋਜਾਨਾ 108 ਵਾਰ ਮੂਲਮੰਤਰ ਦਾ ਪਾਠ ਕਰਕੇ ਛਕਾਉਣਾ ਹੈ। ਤੇਰੇ ਪਤੀ ਦੇ ਸੁਆਸ ਇਸਦੇ ਚਲੱਣ ਨਾਲ ਚਲਣਗੇ ਅਤੇ ਮੁਕ ਜਾਣ ਨਾਲ ਮੁਕ ਜਾਣਗੇ। ਅੱਠੇ ਪਹਿਰ ਗੁਰਬਾਣੀ ਦਾ ਜਾਪ ਹੋ ਹੋ ਕੇ ਸਾਗਰ ਮੰਥਨ ਸਮੇਂ ਨਿਕਲੇ ਅੰਮ੍ਰਿਤ ਵਰਗਾ ਬਣ ਚੁੱਕਾ ਇਹ ਕੁੰਭ ਦਾ ਜਲ ਮੂੰਹ ਵਿਚ ਪੈਂਦਿਆ ਹੀ ਕਮਲੇਸ਼ ਰਾਣੀ ਦਾ ਪਤੀ ਤੰਦਰੁਸਤੀ ਦੀਆਂ ਪੌੜੀਆਂ ਚੜ੍ਹਨ ਲੱਗਾ। ਪਤੀ ਦੇ ਬਿਲਕੁਲ ਨੌ-ਬਰ-ਨੌ ਹੋ ਕੇ ਕਾਰੋਬਾਰ ਦੀ ਗੱਡੀ ਸੰਭਾਲਦਿਆਂ ਹੀ ਬੀਬੀ ਨੇ ਸੰਤਾਂ ਦਾ ਅੰਮ੍ਰਿਤ ਖਤਮ ਨਾ ਹੋਣ ਦੇਣ ਦਾ ਬਚਨ ਵਿਸਾਰ ਦਿੱਤਾ। ਕੁਝ ਮਹੀਨਿਆ ਬਾਦ ਪਤੀ ਜਦ ਦੁਬਾਰਾ ਬਿਮਾਰ ਹੋਇਆ ਤਾਂ ਆਖਰੀ ਦਵਾਈ (ਕੁੰਭ ਦਾ ਅੰਮ੍ਰਿਤ) ਮੁਕਾ ਚੁੱਕੇ ਇਸ ਅਭਾਗੇ ਨੂੰ ਕੋਈ ਹੋਰ ਦਵਾਈ ਰਾਸ ਨਾ ਆਈ।

ਜੜੀ ਬੂਟੀ ਜੇ ਜੀਵੀਐ ਕਿਉਂ ਮਰੈ ਧਨੰਤਰ ॥ (ਭਾਈ ਗੁਰਦਾਸ ਜੀ)

ਅਤੇ ਥੋੜੇ ਦਿਨਾਂ ਵਿੱਚ ਹੀ ਇਸਦੇ ਪ੍ਰਲੋਕ ਸੁਧਾਰਨ ਕਾਰਨ ਪਰਿਵਾਰ ਦੇ ਹਿੱਸੇ ਦੁੱਖ ਹੀ ਦੁੱਖ ਆ ਗਏ। ਸੰਤ ਬਾਬਾ ਤੀਰਥ ਸਿੰਘ ਜੀ ਕਿਹਾ ਕਰਦੇ ਸਨ ਕਿ

ਜੋ ਦੁੱਖ ਹਨ ਇਹ ਸਾਡੇ ਸੁੱਖਾਂ ਦਾ ਕਾਰਨ ਬਣਦੇ ਹਨ ਅਤੇ ਜੋ ਸੁੱਖ ਹਨ ਇਹ ਸਾਡੇ ਦੁੱਖਾਂ ਦਾ ਕਾਰਨ ਬਣਦੇ ਹਨ ਕਿਉਂਕਿ ਸੁੱਖ ਵੇਲੇ ਪ੍ਰਮਾਤਮਾ ਵਿਸਰ ਜਾਂਦਾ ਹੈ ਜਿਸ ਕਾਰਨ ਸਾਡੇ ਵਿੱਚ ਆਈਆਂ ਤਬਦੀਲੀਆਂ ਵਿਕਾਰਾਂ ਵਿਚ ਵਾਧੇ ਦਾ ਕਾਰਨ ਬਣਦੀਆਂ ਹਨ ਜੋ ਦੁੱਖਾਂ ਨੂੰ ਜਨਮ ਦਿੰਦੇ ਹਨ।

ਨਾਮੁ ਬਿਸਾਰਿ ਕਰੇ ਰਸ ਭੋਗ ॥
ਸੁਖੁ ਸੁਪਨੈ ਨਹੀਂ ਤਨ ਮਹਿ ਰੋਗ ॥ (ਮ:5-240)

ਜਿਸਨੇ ਆਪਣੇ ਹਿਰਦੈ ਨੂੰ ਵਿਕਾਰਾਂ ਤੋਂ ਖਾਲੀ ਕਰ ਲਿਆ ਜਾਂ ਮਨ ਨੂੰ ਨਿਰਮਲ ਕਰਕੇ ਪ੍ਰਭੂ ਨੂੰ ਟਿਕਣ ਯੋਗੀ ਥਾਂ ਦੇ ਦਿਤੀ ਦੁਨੀਆਂ ਉੱਤੇ ਅਸਲ ਸੁੱਖਾ ਦਾ ਹੱਕਦਾਰ ਓਹੀ ਇਨਸਾਨ ਹੈ।

ਸੋ ਸੁਖੀਆ ਸਭ ਤੇ ਊਤਮੁ ਸੋਇ ॥
ਜਾ ਕੈ ਹ੍ਰਿਦੈ ਵਸਿਆ ਪ੍ਰਭੁ ਸੋਇ ॥ (ਮ:5-1338)

ਪ੍ਰਭੂ ਇਕ ਵਾਰ ਹਿਰਦੇ ਵਿਚ ਟਿਕ ਜਾਣ ਫਿਰ "ਦੁਖੁ ਨਾਹੀ ਸਭ ਸੁਖੁ ਹੀ ਹੈ ਰੇ" ਵਾਲੀ ਦ੍ਰਿਸ਼ਟੀ ਹੋ ਜਾਂਦੀ ਹੈ ਅਤੇ ਅਸੀਂ ਪ੍ਰਭੂ ਨਾਲ ਅਭੇਦ ਹੋਣ ਦੇ ਮਾਰਗ 'ਤੇ ਚਲ ਪੈਂਦੇ ਹਾਂ।



# ਵਿਛੜਿਆ ਮੇਲੇ ਪ੍ਰਭੂ

ਜਦ ਬੀਬੀ ਸੁਖਦੇਵ ਕੌਰ ਪਹਿਲੀ ਵਾਰ ਪਿੰਡ ਅਰਜਨਵਾਲ ਜ਼ਿਲ੍ਹਾ ਜਲੰਧਰ ਤੋਂ ਸੰਤ ਬਾਬਾ ਤੀਰਥ ਸਿੰਘ ਜੀ ਦੇ ਦਰਸ਼ਨਾ ਲਈ ਸ਼ਾਮਚੁਰਾਸੀ ਗੁਰੁਦਵਾਰਾ ਸਾਹਿਬ ਵਿਖੇ ਆਈ ਤਾਂ ਮਨ ਵਿੱਚ ਵਿਚਾਰ ਆਇਆ ਕਿ ਕੀ ਸੰਤ ਉਸ ਤਰ੍ਹਾਂ ਦੇ ਹੀ ਹੋਣਗੇ ਜਿਸ ਤਰ੍ਹਾਂ ਦੀ ਮਹਿਮਾ ਗੁਰਬਾਣੀ ਵਿੱਚ ਪੜਦੇ-ਸੁਣਦੇ ਹਾਂ। ਪਹਿਲਾਂ ਦਰਬਾਰ ਸਾਹਿਬ ਨਮਸਕਾਰ ਕੀਤੀ। ਫਿਰ ਸੰਤਾਂ ਦੇ ਦਰਸ਼ਨਾਂ ਲਈ ਗਈ। ਜਦ ਦਰਸ਼ਨ ਕੀਤੇ ਤਾਂ ਨਿਹਾਲ ਹੋ ਗਈ। ਕੁਝ ਕਹਿਣ ਲਈ, ਕੁਝ ਸੁਣਨ ਲਈ ਬਚਿਆ ਹੀ ਨਹੀਂ। ਜੋ ਪੜ੍ਹਿਆ ਸੀ, ਜੋ ਸੁਣਿਆ ਸੀ ਪ੍ਰਤੱਖ ਹੋ ਗਿਆ। ਥਿਉਰੀ ਪ੍ਰੈਕਟੀਕਲ ਵਿੱਚ ਬਦਲ ਗਈ। ਸੰਤਾਂ ਦੇ ਚਿਹਰੇ 'ਤੇ ਏਨਾ ਨੂਰ ਸੀ ਕਿ ਇਸਨੂੰ ਸਰੀਰ ਵਿਚ ਬੈਠਾ ਨਿਰੰਕਾਰ ਨਜ਼ਰ ਆਇਆ।

ਸਤਿਗੁਰ ਦੇਉ ਪਰਤਖਿ ਹਰਿ ਮੂਰਤਿ ਜੋ ਅੰਮ੍ਰਿਤ ਬਚਨ ਸੁਣਾਵੈ ॥
(ਮ:4 -1264)

ਜਦ ਮਹਾਂਪੁਰਸ਼ਾ ਨਾਲ ਬਚਨ ਬਿਲਾਸ ਕੀਤੇ ਤਾਂ ਇਉਂ ਲੱਗਾ ਜਿਵੇਂ ਅੰਮ੍ਰਿਤ ਝਰ ਰਿਹਾ ਹੋਵੇ। ਰੂਹ ਦੇ ਤਪਦੇ ਥਲਾਂ 'ਤੇ ਠੰਡਕ ਦੇ ਫੁਲ ਉਗ ਆਏ ਹੋਣ। ਮਨ ਦੀ ਔੜਾਂ ਮਾਰੀ ਧਰਤੀ ਤੇ ਸ਼ਾਂਤੀ ਦੀ ਬਾਰਸ਼ ਹੋ ਗਈ ਹੋਵੇ। ਭਟਕਣ ਦੇ ਸ਼ਹਿਰ ਵਿੱਚ ਠੋਕਰਾਂ ਖਾ ਰਹੀ ਨਿਮਾਣੀ ਆਤਮਾ ਨੂੰ ਮਾਣ ਮਿਲ ਗਿਆ ਹੋਵੇ। ਆਪਣੇ ਭਾਗਾਂ ਤੇ ਏਨਾਂ ਮਾਣ ਮਹਿਸੂਸ ਹੋਇਆ ਕਿ

ਨਾਨਕ ਭਾਗ ਭਲੇ ਤਿਸੁ ਜਨ ਕੇ ਜੋ ਹਰਿ ਚਰਣੀ ਚਿਤੁ ਲਾਵੈ ॥
(ਮ:4 -1264)

ਚਰਨਾਂ ਤੇ ਸੀਸ ਰੱਖ ਦਿੱਤਾ। ਪਰ ਮਨ ਵਿਚ ਇਕ ਸੰਸਾਂ ਬਣ ਗਿਆ, ਇਕ ਫੁਰਨਾ ਬਣ ਗਿਆ। ਅਸੀਂ ਮਨ ਦੇ ਵਸ ਹੀ ਚਲਦੇ ਹਾਂ। ਤਨ ਨੂੰ ਚੱਲਣ ਲਈ ਪੈਰਾਂ ਦੀ ਲੋੜ ਹੁੰਦੀ ਹੈ, ਪੈੜਾਂ ਦੀ ਲੋੜ ਹੁੰਦੀ ਹੈ, ਰਾਹਾਂ ਦੀ ਲੋੜ ਹੁੰਦੀ ਹੈ ਪਰ ਮਨ ਨਵੇਂ ਰਾਹ ਸਿਰਜਦਾ ਹੈ, ਨਵੀਆਂ ਪੈੜਾਂ ਪਾਉਂਦਾ ਹੈ। ਤਨ ਜ਼ਮੀਨ 'ਤੇ ਕਦਮ ਦਰ ਕਦਮ ਚਲਦਾ ਹੈ ਪਰ ਮਨ ਅੰਬਰਾਂ ਵਿੱਚ ਉਡਾਰੀਆਂ ਭਰਦਾ ਹੈ। ਇਸ ਬੀਬੀ ਦੇ ਮਨ ਦੇ ਆਕਾਸ਼ 'ਤੇ ਵੀ ਸ਼ੱਕ ਦੀ ਗਹਿਰ ਚੜ ਗਈ। ਬੇਯਕੀਨੀ ਹੋ ਗਈ ਕਿ ਸਾਨੂੰ ਕਿਵੇਂ ਪਤਾ ਲਗੂ ਕਿ ਸੰਤ ਸਰਵ ਕਲਾ ਸੰਪੂਰਨ ਹਨ। ਮਨ ਦੇ ਸਮੁੰਦਰ ਵਿੱਚ

ਵਿਚਾਰਾਂ ਦੀਆਂ ਤਰੰਗਾਂ ਉਠਦੀਆਂ ਉਠਦੀਆਂ ਤੂਫਾਨ ਦਾ ਰੂਪ ਲੈ ਗਈਆਂ। ਬਹੁਤ ਉਥਲ ਪੁਥਲ ਹੋਈ। ਵਿਚਾਰ ਬਣਿਆ ਕਿ ਅਸੀ ਸੰਤਾਂ ਨੂੰ ਤਾਂ ਹੀ ਪੂਰਨ ਮੰਨਾਂਗੇ ਜੇ ਆਪਣੇ ਮੂੰਹੋਂ ਕਹਿਣਗੇ ਤੁਹਾਡੇ ਘਰ ਜਾਣਾ ਹੈ। ਪੂਰਨ ਸੰਤਾਂ ਨੂੰ ਮੰਨਿਆ ਨਹੀਂ, ਜੋ ਆਤਮਾ ਨੇ ਸਕੂਨ ਮਹਿਸੂਸ ਕੀਤਾ, ਜੋ ਦਰਸ਼ਨ ਕਰਕੇ ਚੈਨ ਮਿਲਿਆ ਉਸਨੂੰ ਕਬੂਲਿਆ ਨਹੀਂ। ਪਰਖ ਵਿੱਚ ਪੈ ਗਏ ਕਿ ਅਸੀਂ ਤਾਂ ਗੁਰੂ ਤੱਦ ਹੀ ਮੰਨਾਂਗੇ ਜੇ ਸਾਡੀ ਕਸੌਟੀ ਤੇ ਖਰਾ ਉਤਰੇਗਾ।

ਇੱਕ ਦਿਨ 12 ਸਾਲ ਦਾ ਜਗਿਆਸੂ, ਦਾਦੂ ਜੀ (ਇਕ ਫਕੀਰ ਹੋਏ ਹਨ) ਦੇ ਦਰਸ਼ਨ ਕਰਨ ਲਈ ਆ ਰਿਹਾ ਸੀ। ਕਿਸੇ ਨਾ ਕਿਸੇ ਕਾਰਣ ਕਰਕੇ ਉਹਨਾ ਦਾ ਸਿਰ ਰੋਮਾਂ ਤੋਂ ਰਹਿਤ ਸੀ। ਇਕ ਟਿੱਬੇ ਤੇ ਬੈਠੇ ਸਮਾਧੀ ਅਸਥਿਤ ਹੋ ਗਏ। ਨਗਰ ਦੇ ਕੁਝ ਮੁੰਡੇ ਉੱਥੇ ਆ ਪਹੁੰਚੇ ਅਤੇ ਇਹਨਾਂ ਦੇ ਸਿਰ 'ਤੇ ਠੋਲੇ ਮਾਰਨ ਲੱਗ ਪਏ। ਉਧਰੋਂ ਇਹ ਜਗਿਆਸੂ ਵੀ ਏਥੇ ਆ ਨਿਕਲਿਆ। ਆਪਣੀ ਉਮਰ ਦੇ ਪ੍ਰੇਮੀਆਂ ਨੂੰ ਇਹ ਖੇਡ ਕਰਦੇ ਵੇਖ ਕੇ ਉਹਦੇ ਦਿਲ ਵਿੱਚ ਵੀ ਮੁੰਡਪੁਣਾ ਜਾਗ ਪਿਆ। ਝੱਟ ਘੋੜੀ ਤੋਂ ਉਤਰਕੇ ਇਹ ਵੀ ਠੋਲੇ ਮਾਰਨ ਲੱਗ ਪਿਆ। ਹੁਣ ਦਾਦੂ ਦੇ ਨੇਤਰ ਖੁਲ
ਗਏ ਅਤੇ ਇਹ ਚੁਪੀਤੇ ਹੀ ਆਪਣੀ ਚਿਪੀ ਲੈ ਆਪਣੇ ਅਸਥਾਨ 'ਤੇ ਆ ਗਏ ਅਤੇ ਗੱਦੀ ਤੇ ਆ ਬਿਰਾਜੇ। ਜਗਿਆਸੂ ਵੀ ਦਰਸ਼ਨ ਕਰਨ ਲਈ ਦਰਬਾਰ ਵਿੱਚ ਪਹੁੰਚ ਗਿਆ। ਨੇਤਰ ਨੀਵੇ ਰੱਖ ਦਾਦੂ ਜੀ ਦੇ ਚਰਨਾ ਵਿਚ ਨਮਸ਼ਕਾਰ ਕੀਤੀ। ਜਦੋਂ ਦਰਸ਼ਨਾਂ ਲਈ ਸਿਰ ਚੁਕਿਆ ਤਾਂ ਹੱਕਾ ਬੱਕਾ ਰਹਿ ਗਿਆ। ਮੂੰਹ ਪੀਲਾ ਪਿਜਾ ਹੋ ਗਿਆ ਅਤੇ ਬੜਾ ਹੀ ਘਬਰਾਇਆ। ਦਾਦੂ ਜੀ ਹੱਸ ਪਏ ਅਤੇ ਆਖਿਆ, "ਭਾਈ ਤੂੰ ਤਾਂ ਗੁਰੂ ਕਰਨ ਆਇਆ ਹੈ। ਘੁਮਿਆਰੀ ਕੋਲੋਂ ਦੋ ਆਨੇ ਦਾ ਭਾਂਡਾ ਲਈਦਾ ਹੈ, ਉਹਨੂੰ ਵੀ ਠੋਲਾ ਮਾਰ ਕੇ ਪਰਖ ਕੇ ਦੇਖੀਦਾ ਹੈ।"

ਬੀਬੀ ਸੁਖਦੇਵ ਕੌਰ ਨੇ ਗੁਰਦੁਆਰਾ ਸਹਿਬ ਆਉਣਾ, ਦਰਸ਼ਨ ਕਰਨੇ ਅਤੇ ਜਦ ਸੰਤਾਂ ਨੇ ਪੁੱਛਣਾ ਕਿ ਬੀਬੀ ਤੁਸੀਂ ਕੁਝ ਬੋਲਦੇ ਕਿਉਂ ਨਹੀਂ ਤਾਂ ਚੁਪ ਰਹਿਣਾ। ਕਿਉਂਕਿ ਇਹ ਬੋਲਣ ਨਹੀਂ ਇਹ ਤਾਂ ਸੁਣਨ ਆਉਂਦੀ ਸੀ, ਸੰਤਾਂ ਨੂੰ ਪਰਖਣ ਆਉਂਦੀ ਸੀ। ਜਦ ਚੌਥੀ ਵਾਰ ਆਪਣੇ ਬੇਟੇ ਨਾਲ ਸੰਤਾਂ ਨੂੰ ਨਮਸ਼ਕਾਰ ਕਰਨ ਆਈ ਤਾਂ ਸੰਤ ਬੜੀ ਨਿਮਰਤਾ ਨਾਲ ਲੜਕੇ ਦੇ ਸਿਰ 'ਤੇ ਹਥ ਰੱਖਕੇ ਕਹਿੰਦੇ ਬਈ ਅਸੀਂ ਤੁਹਾਡੇ ਘਰ ਆਉਂਣਾ ਹੈ। ਬੀਬੀ ਨੇ ਇਹ ਬਚਨ ਸੁਣਿਆ। ਜਦ ਸੁਣਿਆਂ ਤਾਂ ਪਹਿਲੀ ਬਾਰ ਬੋਲਣ ਨੂੰ ਜੀ ਕੀਤਾ। ਵਿਚਾਰਾਂ ਦੀਆਂ ਤਰੰਗਾਂ



ਮਨ ਦੇ ਸਾਗਰ ਵਿੱਚ ਅਲੋਪ ਹੋ ਗਈਆਂ। ਤੂਫ਼ਾਨ ਠਲ ਗਏ। ਜਦ ਮਨ ਵਿਚਾਰਾਂ ਤੋਂ ਖਾਲੀ ਹੋ ਜਾਵੇ ਤਾਂ ਵੈਰਾਗ ਨਾਲ ਭਰ ਜਾਂਦਾ ਹੈ। ਮਨ ਭਰ ਆਇਆ, ਨੇਤਰ ਸੇਜਲ ਹੋ ਗਏ ਅਤੇ ਬੀਬੀ ਸੁਖਦੇਵ ਕੌਰ ਨੇ ਉਠਕੇ ਮਹਾਂਪੁਰਸ਼ਾਂ ਦੇ ਚਰਨ ਫੜ ਲਏ।

ਗੁਰੂ ਅੰਗਦ ਦੇਵ ਜੀ ਫ਼ੁਰਮਾਉਂਦੇ ਹਨ :

ਨਕਿ ਨਥ ਖਸਮ ਹਥ ਕਿਰਤੁ ਧਕੇ ਦੇ।
ਜਹਾ ਦਾਣੇ ਤਹਾਂ ਖਾਣੇ ਨਾਨਕਾ ਸਚੁ ਹੇ॥ (ਮ: 2-653)

ਲਾਡ-ਪਿਆਰਾਂ ਵਿਚ ਪਲਿਆ ਸ. ਗੁਰਦਿਆਲ ਸਿੰਘ ਰਾਏਪੁਰ ਜਦ ਰੋਜ਼ੀ-ਰੋਟੀ ਦੀ ਭਾਲ ਵਿਚ ਦੁਬਈ ਚਲਾ ਗਿਆ ਤਾਂ ਕੰਮ ਹੀ ਉਸਦੀ ਤਕਦੀਰ ਬਣ ਗਿਆ। ਪ੍ਰਦੇਸਾਂ ਵਿਚ ਸਭ ਕੰਮ ਦੇ ਮੁਥਾਜ਼ ਹੋ ਜਾਂਦੇ ਹਨ। ਜ਼ਿੰਦਗੀ ਜਿਊਣ ਦੀ ਥਾਂ ਕੰਮ ਲਈ ਜਿਉਣ ਲੱਗ ਪੈਂਦੇ ਹਨ। ਕੰਮ ਲਈ ਜਿਉਂਦੇ ਹਨ ਅਤੇ ਕੰਮ ਲਈ ਮਰਨ ਲਗ ਜਾਂਦੇ ਹਨ। ਸੀਨੇ ਵਿਚ ਰੜਕ ਹੁੰਦੀ ਹੈ ਤਾਂ ਕੰਮ ਯਾਦ ਆਉਂਦਾ ਹੈ। ਕਲੇਜੇ ਵਿਚ ਤੜਪ ਹੁੰਦੀ ਹੈ ਤਾਂ ਕੰਮ ਯਾਦ ਆਉਂਦਾ ਹੈ। ਮਨ ਵਿਚ ਕੋਈ ਖਾਹਸ਼ ਹੁੰਦੀ ਹੈ ਤਾਂ ਕੰਮ ਯਾਦ ਆਉਂਦਾ ਹੈ। ਆਪਣਿਆਂ ਨੂੰ ਮਿਲਣ ਦੀ ਪਿਆਸ ਹੁੰਦੀ ਹੈ ਤਾਂ ਕੰਮ ਯਾਦ ਆਉਂਦਾ ਹੈ। ਹਾਲਾਤ ਇਹ ਹੋ ਜਾਂਦੇ ਹਨ ਕਿ ਸੁਪਨੇ ਵੀ ਕੰਮ ਦੇ ਹੀ ਆਉਂਦੇ ਹਨ। ਪਰ ਇਕ ਰਾਤ ਜਦ ਗੁਰਦਿਆਲ ਸਿੰਘ ਨੂੰ ਸੁਪਨਾ ਆਇਆ ਤਾਂ ਉਸਨੇ ਸੁਪਨੇ ਵਿਚ ਇਕ ਖ਼ਤ ਪੜ੍ਹਿਆ, ਜਿਸ ਵਿਚ ਮੋਟੇ ਸ਼ਬਦਾਂ ਵਿਚ 'ਬਾਬਾ ਕਰਮ ਸਿੰਘ ਹੋਤੀ ਮਰਦਾਨ' ਲਿਖਿਆ ਹੋਇਆ ਸੀ। ਅਜਿਹਾ ਸੁਪਨਾ ਕਦੇ ਪਹਿਲਾਂ ਨਹੀਂ ਸੀ ਆਇਆ। ਜਦ ਘਰ ਜ਼ਿਕਰ ਕੀਤਾ ਤਾਂ ਮਾਤਾ ਨੇ ਦੱਸਿਆ ਕਿ ਆਪਾਂ ਪਾਕਿਤਸਾਨ ਵਿੱਚ ਰਹਿੰਦਿਆਂ ਸੰਤ ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਵਾਲਿਆਂ ਦੇ ਸੇਵਕ ਸਾਂ। ਜਦ ਸੁਣਿਆ ਤਾਂ ਸੋਚਾਂ ਵਿਚ ਪੈ ਗਿਆ। ਸੰਤਾਂ ਬਾਰੇ ਜਾਨਣ ਦੀ ਬਹੁਤ ਕੋਸ਼ਿਸ਼ ਕੀਤੀ।

ਬਨੁ ਬਨੁ ਫਿਰਤੀ ਖੋਜਤੀ ਹਾਰੀ ਬਹੁ ਅਵਗਾਹਿ॥ (ਮ:5-455)

ਪਰ ਕੋਈ ਖੁਰਾ ਖੋਜ ਨਾ ਮਿਲਿਆ ਅਤੇ ਨਿਰਾਸ਼ ਹੋ ਗਿਆ। ਕੰਮ ਵਿਚ ਧਿਆਨ ਲੱਗਣੋਂ ਘੱਟ ਗਿਆ ਅਤੇ ਇਹ ਪੰਜਾਬ ਆ ਗਿਆ। ਇਕ ਦਿਨ ਪਤਨੀ ਦੇ ਪ੍ਰੇਰਨ 'ਤੇ ਸੰਤ ਬਾਬਾ ਤੀਰਥ ਸਿੰਘ ਜੀ ਦੇ ਦਰਸ਼ਨ ਕਰਨ ਆਇਆ। ਬਚਨ ਸੁਣੇ ਤਾਂ ਨਿਹਾਲ ਹੋ ਗਿਆ। ਬਹੁਤ ਸ਼ਾਂਤੀ ਮਿਲੀ। ਆਤਮਿਕ ਆਨੰਦ ਮਿਲਿਆ। ਜਦ ਆਉਣ ਲੱਗਾ ਤਾਂ ਸੰਤ ਬਾਬਾ ਤੀਰਥ ਸਿੰਘ ਜੀ ਨੇ ਇਕ ਗ੍ਰੰਥ ਦਿੰਦਿਆਂ

ਵਿਹਲੇ ਸਮੇਂ ਪੜ੍ਹਨ ਲਈ ਕਿਹਾ। ਜਦ ਘਰ ਆ ਕੇ ਇਸਨੇ ਖੋਲ੍ਹਿਆ ਤਾਂ ਇਹ ਸੰਤ ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਵਾਲਿਆਂ ਦਾ ਜੀਵਨ ਸੀ: ਪੱਛਮੀ ਪ੍ਰਕਾਸ਼। ਹੱਕਾ ਬੱਕਾ ਰਹਿ ਗਿਆ। ਸੋਚ ਰਿਹਾ ਸੀ ਕਿ ਜੋ ਸੁਪਨਾ ਸਾਲ ਪਹਿਲਾਂ ਆਇਆ, ਜਿਸ ਬਾਰੇ ਜਾਨਣ ਦੀ ਮੇਰੀ ਪ੍ਰਬਲ ਇੱਛਾ ਸੀ, ਸੰਤਾਂ ਨੇ ਇਕੋ ਮਿਲਣੀ ਵਿਚ ਹੀ ਪੂਰੀ ਕਰ ਦਿੱਤੀ। ਉਹੀ ਗ੍ਰੰਥ ਪੜ੍ਹਣ ਨੂੰ ਦੇ ਦਿੱਤਾ, ਜਿਸਦੀ ਮੈਨੂੰ ਭਾਲ ਸੀ। ਜਦ ਪਤਾ ਲੱਗਾ ਕਿ ਸੰਤ ਬਾਬਾ ਤੀਰਥ ਸਿੰਘ ਜੀ ਵੀ ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਵਾਲਿਆਂ ਦੀ ਸੰਪਰਦਾ ਦੇ ਵਿਚੋਂ ਹੀ ਹਨ ਤਾਂ ਕਹਿਣ ਸੁਣਨ ਲਈ ਕੁਝ ਬਚਿਆ ਹੀ ਨਹੀਂ। ਸਾਖੀਆਂ ਹੀ ਸੁਣੀਆਂ ਸਨ ਕਿ ਸੰਤ ਮਹਾਤਮਾ ਜਨਮ-ਜਮਾਂਤਰਾਂ ਤੱਕ ਸਾਥ ਨਿਭਾਉਂਦੇ ਹਨ, ਪ੍ਰਤੱਖ ਹੋ ਗਿਆ। ਵਿਸ਼ਵਾਸ ਹੋ ਗਿਆ ਕਿ:

ਜੈਸੋ ਸਤਿਗੁਰੁ ਸੁਣੀਦਾ ਤੈਸੋ ਹੀ ਮੈ ਡੀਠੁ ॥
ਵਿਛੁੜਿਆਂ ਮੇਲੇ ਪ੍ਰਭੂ ਹਰਿ ਦਰਗਹ ਕਾ ਬਸੀਠੁ ॥ (ਮ:5-957)

ਅਤੇ ਇਹ ਸੰਤ ਬਾਬਾ ਤੀਰਥ ਸਿੰਘ ਜੀ ਦੇ ਪੱਕੇ ਸ਼ਰਧਾਲੂ ਬਣ ਗਏ। ਇਸੇ ਪਿੰਡ ਤੋਂ ਸ. ਤਰਸੇਮ ਸਿੰਘ ਮਿਸਤਰੀ ਦਾ ਲੜਕਾ ਹਰਮਿੰਦਰ ਸਿੰਘ ਅਸਥਾਨ 'ਤੇ ਸੇਵਾ ਕਰਦਿਆਂ ਕਰਦਿਆਂ ਸੰਤਾਂ ਦੀ ਕਿਰਪਾ ਸਦਕਾ ਦੁਬਈ ਚਲਾ ਗਿਆ। ਕੁਝ ਸਮੇਂ ਬਾਅਦ ਇਸਦਾ ਕੰਮ ਮੰਦਾ ਪੈਣਾ ਸ਼ੁਰੂ ਹੋ ਗਿਆ। ਐਸਾ ਸਮਾਂ ਬਦਲਿਆ ਕਿ ਸਭ ਪਾਸੇ ਹਾਰ ਹੀ ਹਾਰ। ਨਿਰਾਸ਼ਾ ਹੀ ਨਿਰਾਸ਼ਾ। ਸੋਨੇ ਨੂੰ ਹੱਥ ਲੱਗੇ ਤਾਂ ਮਿੱਟੀ ਬਣ ਜਾਵੇ। ਹੀਰੇ ਨੂੰ ਹੱਥ ਲੱਗੇ ਤਾਂ ਕੱਚ ਬਣ ਜਾਵੇ। ਮਨ ਏਨਾ ਦੁਖੀ ਹੋਇਆ ਕਿ ਸੰਤ ਬਾਬਾ ਤੀਰਥ ਸਿੰਘ ਜੀ ਦੀ ਤਸਵੀਰ ਸਾਹਮਣੇ ਰੋਣ ਲੱਗ ਪਿਆ, "ਹੇ ਮਹਾਰਾਜ, ਜੇ ਸਾਡੇ ਕੰਮ ਹੀ ਨਹੀਂ ਬਣਨੇ ਤਾਂ ਤੁਹਾਡੀ ਸੇਵਾ ਕਰਨ ਦਾ ਕੀ ਲਾਭ, ਤੁਹਾਨੂੰ ਸੁਆਸ-ਸੁਆਸ ਧਿਆਉਣ ਦਾ ਕੀ ਫਾਇਦਾ, ਤੁਹਾਨੂੰ ਮੰਨਣ ਦਾ ਕੀ ਮਹਾਤਮ॥ ਜਦ ਕੁਝ ਦਿਨ ਇਸੇ ਤਰ੍ਹਾਂ ਬੈਰਾਗ ਦੇ ਆਲਮ ਵਿਚ ਬੀਤੇ ਤਾਂ ਸੰਤਾਂ ਦਾ ਖ਼ਤ ਮਿਲਿਆ, ਜਿਸ ਵਿਚ ਲਿਖਿਆ ਸੀ

ਹਰਮਿੰਦਰ ਸਿੰਘ ਗੁਰੂ ਚਿਤ ਆਵੇ॥

"ਗੁਰੂ ਨਾਨਕ ਸੁਖ ਬਖ਼ਸ਼ੇ। ਕੰਮ ਕਰਦੇ ਰਹੋ ਅਤੇ ਨਾਲ ਨਿਤਨੇਮ ਵੀ ਕਰੀ ਚਲੋ। ਜੋ ਮੁਸਲਮਾਨ ਪੰਜ ਨਮਾਜ਼ਾਂ ਪੜ੍ਹਦੇ ਹਨ ਭਾਵ ਆਪਣਾ ਨਿਤਨੇਮ ਪੂਰਾ ਕਰਦੇ ਹਨ ਪ੍ਰਮਾਤਮਾ ਉਹਨਾਂ ਨੂੰ ਸੁੱਖ ਬਖ਼ਸ਼ਦਾ ਹੈ। ਤੂੰ ਵੀ ਨਿਤਨੇਮ ਕਰਿਆ



ਕਰ। ਮਾਲਿਕ ਤੈਨੂੰ ਵੀ ਸੁੱਖ ਬਖ਼ਸ਼ੇਗਾ। ਆਪਣੀ ਕਮਾਈ ਵਿਚੋਂ ਲੰਗਰ ਵਾਸਤੇ ਦਸਵੰਜ ਕੱਢਣ ਨਾਲ ਜਾਂ ਅਖੰਡ ਪਾਠ ਸਾਹਿਬ ਕਰਵਾਉਣ ਨਾਲ ਬਰਕਤ ਪੈਂਦੀ ਹੈ। ਤਿੰਨ ਲੋਕਾਂ ਵਿਚ ਸੁੱਖ ਦਾ ਆਧਾਰ ਤਾਂ ਨਾਮ ਹੀ ਹੈ।"

ਨਾਨਕ ਦੁਖੀਆ ਸਭ ਸੰਸਾਰ॥
ਸੋ ਸੁਖੀ ਜਿਸ ਨਾਮੁ ਆਧਾਰ॥

ਅਤੇ ਮਹਾਂਪੁਰਸ਼ਾਂ ਦੀ ਐਸੀ ਰਹਿਮਤ ਹੋਈ ਕਿ ਉਸ ਦਿਨ ਤੋਂ ਬਾਅਦ ਇਸਦਾ ਹੱਥ ਲੱਗਣ ਨਾਲ ਮਿੱਟੀ ਵੀ ਸੋਨਾ ਬਣਦੀ ਚਲੀ ਗਈ।

# ਕਾਮ ਪਰੇ ਹਰਿ ਸਿਮਰੀਐ

ਜਦ ਸੰਤ ਨਾਮ ਬਾਣੀ ਦਾ ਉਪਦੇਸ਼ ਦੇ ਰਹੇ ਸਨ ਤਾਂ ਭਾਈ ਮਨੋਹਰ ਸਿੰਘ-ਬੀਬੀ ਰਾਜਵਿੰਦਰ ਕੌਰ (ਕੋਟਲੀ ਅਰਾਈਆਂ) ਨੇ ਬੇਨਤੀ ਕੀਤੀ, "ਮਹਾਂਰਾਜ ਸਾਡੀ ਬੇਟੀ ਗੁਰਿੰਦਰ ਕੌਰ ਪਹਿਲਾਂ ਤਾਂ ਅੰਮ੍ਰਿਤ ਵੇਲੇ ਉਠਕੇ ਸੁਖਮਨੀ ਸਹਿਬ ਦਾ ਪਾਠ ਕਰਿਆ ਕਰਦੀ ਸੀ ਪਰ ਹੁਣ ਉਸਨੇ ਪਾਠ ਕਰਨਾ ਬੰਦ ਕਰ ਦਿਤਾ ਹੈ।" ਜਾਣੀ ਜਾਣ ਪਿਤਾ ਜੀ ਬਹੁਤ ਹੱਸੇ। ਕਹਿੰਦੇ ਕਿ ਉਸ ਦੇ ਮਨ ਵਿੱਚ ਫੁਰਨਾ ਬਣਿਆ ਸੀ ਤਾਂ ਸਿਮਰਨ ਕਰਿਆ ਕਰਦੀ ਸੀ। ਫੁਰਨਾ ਪੂਰਾ ਹੋ ਗਿਆ, ਤਾਂ ਪਾਠ ਕਰਨਾ ਬੰਦ ਕਰ ਦਿੱਤਾ। ਪਲ ਕੁ ਬਾਦ ਉਚਾਰਿਆ ਕਿ ਜਦ ਨਵਾਂ ਫੁਰਨਾ ਉਠੇਗਾ ਤਾਂ ਫਿਰ ਸਿਮਰਨ ਕਰਨਾ ਆਰੰਭ ਕਰ ਦੇਵੇਗੀ। ਸੰਤ ਬਾਬਾ ਤੀਰਥ ਸਿੰਘ ਜੀ ਕਹਿੰਦੇ ਅਸੀਂ ਬਹੁਤ ਲਾਲਚੀ ਹੋ ਗਏ ਹਾਂ।

ਕਬੀਰ ਕਾਮ ਪਰੇ ਹਰਿ ਸਿਮਰੀਐ ਐਸਾ ਸਿਮਰਹੁ ਨਿਤ ॥
ਅਮਰਾ ਪੁਰ ਬਾਸਾ ਕਰਹੁ ਹਰਿ ਗਇਆ ਬਹੋਰੇ ਬਿਤ ॥

(ਕਬੀਰ ਜੀ, 1373)

ਜੋ ਨਿਤ ਸਿਜਦਿਆਂ ਦੇ ਯੋਗ ਹੈ ਉਸਨੂੰ ਮਤਲਬ ਵੇਲੇ ਹੀ ਸਿਮਰਦੇ ਹਾਂ। ਸਾਧ ਸੰਤ ਦਾ ਦਰ ਵੀ ਉਦੋਂ ਹੀ ਨਜ਼ਰ ਆਉਂਦਾ ਹੈ ਜਦ ਖ਼ੁਦ ਨੂੰ ਊਣਾ ਮਹਿਸੂਸ ਕਰਦੇ ਹਾਂ। ਗੁਰਦੁਆਰਾ ਸਾਹਿਬ ਮੱਥਾ ਟੇਕਣ ਦਾ ਖਿਆਲ ਵੀ ਤਦ ਹੀ ਉਪਜਦਾ ਹੈ ਜਦ ਦੁੱਖਾਂ ਵਿੱਚ ਪਰੁੰਨ ਹੋ ਜਾਂਦੇ ਹਾਂ।

ਜਾ ਕਉ ਮੁਸਕਲੁ ਅਤਿ ਬਣੈ ਢੋਈ ਕੋਇ ਨ ਦੇਇ ॥
ਲਾਗੂ ਹੋਏ ਦੁਸਮਨਾ ਸਾਕ ਭਿ ਭਜਿ ਖਲੇ ॥
ਸਭੋ ਭਜੈ ਆਸਰਾ ਚੁਕੈ ਸਭੁ ਅਸਰਾਉ ॥
ਚਿਤਿ ਆਵੈ ਓਸੁ ਪਾਰਬ੍ਰਹਮ ਲਗੈ ਨ ਤਤੀ ਵਾਉ ॥ (ਮ:5-70)

ਆਪਣੇ ਸਹੁਰੇ ਪਿੰਡ (ਭੇਲਾਂ) ਰਹਿੰਦਾ ਮਸਤਾਨੀ ਜਿਹੀ ਬਿਰਤੀ ਦਾ ਮਾਲਕ ਭਾਈ ਕੇਵਲ ਸਿੰਘ ਜਦ ਝਿੜਕਣ ਕਰਕੇ ਘਰੋਂ ਬਾਹਰ ਨਿਕਲਿਆ ਵਾਪਸ ਨਾ ਪਰਤਿਆ ਤਾਂ ਬੀਬੀ ਬਲਵੀਰ ਕੌਰ (ਪਤਨੀ) 'ਤੇ ਮੁਸ਼ਕਲ ਦੀ ਘੜੀ ਆਣ ਬਣੀ। ਬਹੁਤ ਭਾਲ ਕੀਤੀ ਪਰ ਬੇਆਸ ਹੋ ਗਈ। ਜਿਸਨੂੰ ਨਹੀਂ ਵੀ



ਬੁਲਾਉਂਦੇ ਸਨ ਉਸਦਾ ਵੀ ਸਹਿਯੋਗ ਲਿਆ, ਟੈਲੀਵਿਜ਼ਨ 'ਤੇ ਵੀ ਕਢਵਾਇਆ ਪਰ ਨਿਸਫਲ ਰਿਹਾ। ਜਦ ਕਿਤੋਂ ਵੀ ਖ਼ੈਰ ਨਾ ਪਈ ਤਾਂ ਕਿਸੇ ਨੇ ਦੱਸਿਆ ਕਿ ਜੇ ਕੋਈ ਇਲਾਕੇ ਵਿੱਚ ਨਿਓਟਿਆਂ ਦੀ ਓਟ ਹੈ ਤਾਂ ਸੰਤ ਬਾਬਾ ਤੀਰਥ ਸਿੰਘ ਜੀ ਦਾ ਦਰ ਹੀ ਹੈ। ਸਭ ਨਿਆਸਰੇ ਉਸੇ ਅਸਥਾਨ 'ਤੇ ਜਾ ਕੇ ਆਸਰਾ ਮੰਗਦੇ ਹਨ। ਜਦ ਕਈ ਦਿਨਾਂ ਤੋਂ ਭੁੱਖੀ-ਨਿਭਾਣੀ ਭਟਕ ਰਹੀ ਬੀਬੀ ਬਲਵੀਰ ਕੌਰ ਸੰਤਾਂ ਕੋਲ ਪਹੁੰਚੀ ਤਾਂ ਸਬਰ ਦਾ ਬੰਨ੍ਹ ਟੁਟ ਗਿਆ। ਜੋ ਅੰਦਰ ਸਾਂਭਿਆ ਸੀ ਉਹ ਕਿਰ ਗਿਆ। ਧਾਹਾਂ ਮਾਰ ਦਿਤੀਆਂ। ਸੰਤ ਕਹਿੰਦੇ, "ਬੀਬੀ ਲੰਗਰ ਛੱਕਕੇ ਆਓ।" ਬੀਬੀ ਕਹਿੰਦੀ, "ਮਹਾਰਾਜ ਮੇਰਾ ਘਰ ਵਾਲਾ ਪਤਾ ਨਹੀਂ ਕਦੋਂ ਦਾ ਭੁੱਖਾ ਤਿਹਾਇਆ ਫਿਰਦਾ ਹੋਣਾ, ਮੈਨੂੰ ਫੁਲਕਾ ਕਿੱਥੋਂ ਸੁਝਦਾ ਹੈ।" ਜਦ ਸੰਤਾਂ ਦੇ ਤਿੰਨ ਬਾਰ ਬਚਨ ਕਰਨ 'ਤੇ ਬੀਬੀ ਨੇ ਇਹੋ ਹੀ ਜਵਾਬ ਦਿਤਾ ਤਾਂ ਸੰਤ ਜਾਹੋ-ਜਲਾਲ ਵਿੱਚ ਆ ਗਏ। ਕਹਿੰਦੇ, "ਬੀਬੀ, ਜੇ ਐਨਾ ਹੀ ਪਿਆਰ ਸੀ ਤਾਂ ਉਸ ਰਬ ਦੇ ਬੰਦੇ ਨੂੰ ਝਿੜਕ ਕੇ ਘਰੋਂ ਕਿਉਂ ਕੱਢਿਆ ਸੀ।" ਬੀਬੀ ਨੇ ਘੁੱਟ ਕੇ ਚਰਨ ਫੜ ਲਏ। ਕਹਿੰਦੀ, "ਮਹਾਰਾਜ ਜੇ ਤੁਹਾਨੂੰ ਝਿੜਕਣ ਬਾਰੇ ਪਤਾ ਹੈ ਫਿਰ ਕੇਵਲ ਸਿੰਘ ਬਾਰੇ ਵੀ ਪਤਾ ਹੋਵੇਗਾ। ਮੇਰੇ ਗਰੀਬਣੀ 'ਤੇ ਤਰਸ ਕਰੋ। ਮੇਰਾ ਤੁਹਾਡੇ ਬਿਨਾ ਕੋਈ ਸਹਾਰਾ ਨਹੀਂ। ਉਹ ਤੇ ਕਿਸੇ ਦੇ ਹੱਥੋਂ ਅੰਨ ਪਾਣੀ ਵੀ ਨਹੀਂ ਛੱਕਦਾ।" ਸੰਤਾਂ ਦਾ ਹਿਰਦਾ ਰਹਿਮ ਨਾਲ ਭਰ ਗਿਆ। ਆਮ ਤੌਰ 'ਤੇ ਸਿਧੇ ਬਚਨ ਘਟ ਹੀ ਕਰਿਆ ਕਰਦੇ ਸਨ ਪਰ ਬੀਬੀ ਦੀ ਅਸਹਿਜ ਅਵਸਥਾ ਵੇਖਕੇ ਕਹਿੰਦੇ, "ਬੀਬੀ ਪਹਿਲੇ ਦੋ ਦਿਨ ਤਾਂ ਉਹ ਭੁੱਖਾ ਹੀ ਫਿਰਦਾ ਰਿਹਾ ਪਰ ਹੁਣ ਟਿਕਾਣੇ 'ਤੇ ਪਹੁੰਚ ਜਾਣ ਕਾਰਨ ਅੰਨ ਪਾਣੀ ਛਕ ਰਿਹਾ ਹੈ। ਤੂੰ ਫਿਕਰ ਨਾ ਕਰ, ਮਿਲੇਗਾ ਜ਼ਰੂਰ ਪਰ ਤੂੰ ਇਕ ਵਾਰ 27 ਤਾਰੀਕ ਨੂੰ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਕੇ ਆਵੀਂ। ਬੀਬੀ ਨੂੰ ਸੁੱਖਾਂ ਸੁਖਦਿਆਂ ਮਸਾਂ 27 ਤਰੀਕ ਆਈ ਅਤੇ ਅੰਮ੍ਰਿਤਸਰ ਸਹਿਬ ਵਿਖੇ ਮੱਥਾ ਟੇਕਣ ਚਲੀ ਗਈ। ਜਦ ਮੱਥਾ ਟੇਕਕੇ ਵਾਪਸ ਪਰਤ ਰਹੀ ਸੀ ਤਾਂ ਕਰਤਾਰਪੁਰ ਨੇੜੇ ਪੁਰਾਣੇ ਜਿਹੇ ਮਕਾਨ ਕੋਲ ਸੁੰਗੜ ਕੇ ਬੈਠਾ ਕੇਵਲ ਸਿੰਘ ਨਜ਼ਰੀ ਪੈ ਗਿਆ। ਬੀਬੀ ਨੇ ਰੌਲਾ ਪਾ ਕੇ ਬਸ ਰੁਕਵਾ ਲਈ ਅਤੇ ਆਪਣੇ ਪਤੀ ਨੂੰ ਘਰ ਲੈ ਆਈ। ਪਹਿਲੀ ਬਾਰ ਸੰਤਾਂ ਕੋਲ ਫਰਿਆਦ ਕਰਨ ਗਈ ਬੀਬੀ ਬਲਵੀਰ ਕੌਰ ਨੂੰ ਸੰਤਾਂ ਦੀ ਦਇਆ ਦ੍ਰਿਸ਼ਟੀ ਨਾਲ ਗੁਆਚੀਆਂ ਖੁਸ਼ੀਆਂ ਵਾਪਸ ਮਿਲ ਗਈਆਂ।

ਸਤਿਗੁਰੁ ਭੇਟੇ ਸੋ ਸੁਖੁ ਪਾਏ ॥ (ਮ:1-468)

ਜਦ ਪਿੰਡ ਸਫੀਪੁਰ ਤੋਂ ਸ੍ਰੀ ਸਪਿੰਦਰ ਦਾਸ ਪੁੱਤਰ ਸ੍ਰੀ ਹਰਦਾਸ ਦੇ ਭਰਾ ਨੂੰ ਹਿਚਕੀਆਂ ਲੱਗ ਗਈਆਂ ਤਾਂ ਵੱਡੇ-ਵੱਡੇ ਡਾਕਟਰਾਂ ਦੀਆਂ ਸਭ ਕੋਸ਼ਿਸ਼ਾਂ ਸੂਰਜ ਨੂੰ ਦੀਵਾ ਦਿਖਾਉਣ ਵਾਂਗ ਹੀ ਸਾਬਤ ਹੋਈਆਂ। ਹਿਚਕੀਆਂ ਆਉਣ ਦੀ ਰਫ਼ਤਾਰ ਇੰਨੀ ਜ਼ਿਆਦਾ ਸੀ ਕਿ ਡਾਕਟਰਾਂ ਨੇ ਦੱਸਿਆ ਕਿ ਜੇ 72 ਘੰਟਿਆਂ ਦੇ ਵਿੱਚ-ਵਿੱਚ ਨਾ ਰੁਕੀਆਂ ਤਾਂ ਜਾਨ ਨੂੰ ਖਤਰਾ ਵੀ ਹੋ ਸਕਦਾ ਹੈ। ਦੂਸਰਾ ਦਿਨ ਵੀ ਢਲ਼ਣ ਕਿਨਾਰੇ ਸੀ ਪਰ ਸੂਰਜ ਦੇ ਨਾਲ-ਨਾਲ ਹਿਚਕੀਆਂ ਹਟਣ ਦੀਆਂ ਆਸਾਂ ਵੀ ਡੁਬ ਰਹੀਆਂ ਸਨ। ਸ੍ਰੀ ਸਪਿੰਦਰ ਦਾਸ ਨੇ ਸੰਤ ਬਾਬਾ ਤੀਰਥ ਸਿੰਘ ਜੀ ਬਾਰੇ ਸੁਣਿਆ ਸੀ ਕਿ ਆਪ ਰਾੜਾ ਸਾਹਿਬ ਸੰਪਰਦਾ 'ਚੋਂ ਇਲਾਕੇ ਵਿੱਚ ਸ਼੍ਰੋਮਣੀ ਸੰਤ ਹਨ। ਚੰਗੇ ਭਾਗਾਂ ਨੂੰ ਰਾਤ 8 ਕੁ ਵਜੇ ਇਹ ਗੁਰਦੁਆਰਾ ਈਸ਼ਰਪੁਰੀ ਸਾਹਿਬ ਵਿਖੇ ਪਹੁੰਚ ਗਏ। ਸੰਤ ਲੰਬੇ ਸਫਰ 'ਤੇ ਗਏ ਹੋਣ ਕਾਰਣ ਰਾਤੀ ਸਾਢੇ ਦੱਸ-ਗਿਆਰਾਂ ਵਜੇ ਦੇ ਕਰੀਬ ਪਹੁੰਚੇ। ਜਦ ਸੰਤਾਂ ਨੇ ਕਿਸੇ ਦੁਖੀਏ ਦੇ ਆਉਣ ਬਾਰੇ ਸੁਣਿਆਂ ਤਾਂ ਥਕਾਵਟ ਨਾਲ ਚੂਰ ਹੋਣ ਦੇ ਬਾਵਜੂਦ ਜਲਪਾਣੀ ਛਕਣ ਤੋਂ ਪਹਿਲਾਂ ਇਹਨਾਂ ਨੂੰ ਸੱਦਿਆ ਅਤੇ ਪ੍ਰਸ਼ਾਦ ਦਿੰਦਿਆਂ ਕਿਹਾ, "ਗੁਰੂ ਨਾਨਕ ਭਲੀ ਕਰੇ।" ਲੜਕੇ ਨੇ ਪ੍ਰਸ਼ਾਦ ਖਾਧਾ ਅਤੇ ਹਿਚਕੀਆਂ ਘਟਣ ਲਗੀਆਂ। ਸੰਤਾਂ ਨੇ ਸਮਝਾਇਆ ਕਿ ਜ਼ਿੰਦਗੀ ਦੀ ਧਰਤੀ 'ਤੇ ਦੁੱਖਾਂ ਦਾ ਮੀਂਹ ਤਦ ਹੀ ਪੈਂਦਾ ਹੈ ਜੇ ਸਾਡੇ ਅਸਮਾਨ ਉੱਪਰ ਨਾਮ ਨਾ ਜਪਣ ਕਾਰਨ ਮੁਸੀਬਤ ਦੇ ਕਾਲੇ ਬੋਲੇ ਬੱਦਲ ਛਾ ਜਾਣ। ਜੇਕਰ ਜ਼ਿੰਦਗੀ ਦੇ ਅਸਮਾਨ 'ਤੇ ਨਿੰਬਲ ਵੇਖਣਾ ਚਾਹੁੰਦੇ ਹੋ ਤਾਂ ਪ੍ਰਭ ਦਾ ਨਾਮ ਜਪਿਆ ਕਰੋ।

ਪ੍ਰਭ ਸਿਮਰਤ ਦੂਖ ਬਿਨਾਸੀ ॥
ਭਇਓ ਕ੍ਰਿਪਾਲੁ ਜੀਅ ਸੁਖਦਾਤਾ ਹੋਇ ਸਗਲੀ ਖਲਾਸੀ ॥

(ਮ:5-1214)

ਪਰ ਮਨੁੱਖ ਭੁਲਣਹਾਰ ਹੈ ਭੁਲ ਜਾਂਦਾ ਹੈ। ਜਿਸਨੇ ਵੀ ਉਸਨੂੰ ਚੇਤਿਆਂ ਵਿੱਚ ਸਾਂਭਿਆ ਹੈ। ਅੱਧੀ ਜ਼ੁਬਾਨ ਨਾਲ ਯਾਦ ਕਰਨ 'ਤੇ ਵੀ ਬਹੁੜਿਆ ਹੈ। ਜਿਸਨੇ ਉਸਦੇ ਭਗਤਾਂ ਦੀ ਸੰਗਤ ਕੀਤੀ ਹੈ ਉਹਨਾਂ ਦੇ ਘਰ ਮੁਸ਼ਕਲਾਂ ਠਹਿਰ ਨਹੀਂ ਸਕੀਆਂ। ਜਦ ਬੀਬੀ ਚਰਨ ਕੌਰ ਦਾ ਭਤੀਜਾ ਪ੍ਰਮਿੰਦਰ ਸਿੰਘ (ਆਦਮਪੁਰ)



ਕੰਮ ਕਾਜ ਕਰਨਾ ਛੱਡ ਕੇ ਘਰ ਹੀ ਰਹਿਣ ਲਗ ਪਿਆ ਤਾਂ ਸਭ ਪ੍ਰੇਸ਼ਾਨ ਰਹਿਣ ਲੱਗੇ। ਨਾ ਇਹ ਮੋਟਰ ਗੈਰੇਜ ਜਾਇਆ ਕਰੇ ਅਤੇ ਨਾ ਹੀ ਸੰਤਾਂ ਕੋਲ ਜਾਣ ਨੂੰ ਮੰਨਿਆ ਕਰੇ। ਜਦ ਇਸਨੂੰ ਸੰਤਾਂ ਕੋਲ ਲਿਜਾਣ ਦੇ ਸਾਰੇ ਜਤਨ ਅਸਫਲ ਹੋ ਗਏ ਤਾਂ ਬਹੁਤ ਹੀ ਦੁਖੀ ਮਨ ਨਾਲ ਬੀਬੀ ਚਰਨ ਕੌਰ ਨੇ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਅੱਗੇ ਅਰਦਾਸ ਕੀਤੀ

ਹਰਿ ਜੀਉ ਸੋਈ ਕਰਹਿ ਜਿ ਭਗਤ ਤੇਰੇ ਜਾਚਹਿ ਏਹੁ ਤੇਰਾ ਬਿਰਦੁ ॥
ਕਰ ਜੋੜਿ ਨਾਨਕ ਦਾਨੁ ਮਾਂਗੈ ਆਪਣਿਆ ਸੰਤਾ ਦੇਹਿ ਹਰਿ ਦਰਸੁ ॥

(ਮ:5-406)

ਅਰਦਾਸ ਕੀਤੀ ਨੂੰ ਲਗਭਗ 2-3 ਦਿਨ ਹੀ ਹੋਏ ਸਨ ਕਿ ਦਰਵਾਜ਼ਾ ਖੜਕਿਆ। ਜਦ ਬਾਰ ਖੋਲਿਆ ਤਾਂ ਸਾਹਮਣੇ ਸੰਤ ਬਾਬਾ ਤੀਰਥ ਸਿੰਘ ਜੀ ਖੜੇ ਸਨ। ਮਨ ਖੁਸ਼ੀ ਵਿੱਚ ਝੂਮ ਉਠਿਆ। ਬੀਬੀ ਨੇ ਤੇਲ ਚੋਇਆ ਅਤੇ ਕੋਟ ਕੋਟ ਸਿਜਦੇ ਕਰਦਿਆਂ ਬਹੁਤ ਹੀ ਅਦਬ ਨਾਲ ਅੰਦਰ ਲੰਘਾਇਆ।

ਜਿਨ੍ ਨਾਨਕੁ ਸਤਿਗੁਰੁ ਪੂਜਿਆ ਤਿਨ ਹਰਿ ਪੂਜ ਕਰਾਵਾ ॥

(ਮ: 4-450)

ਜਦ ਸੰਤਾਂ ਨੇ ਪ੍ਰਮਿੰਦਰ ਸਿੰਘ ਦੇ ਸਿਰ 'ਤੇ ਮਿਹਰ ਭਰਿਆ ਹੱਥ ਧਰਿਆ ਤਾਂ ਸਭ ਦੁੱਖ ਦਲਿਦਰ ਦੂਰ ਹੋ ਗਏ ਅਤੇ ਇਹ ਕੰਮ 'ਤੇ ਜਾਣ ਲੱਗਾ।

ਸੰਤ ਕਿਹਾ ਕਰਦੇ ਸਨ ਕਿ ਪ੍ਰਭੂ ਨੂੰ ਹਮੇਸ਼ਾ ਲੋੜ ਵੇਲੇ ਜਾਂ ਦਾਤਾਂ ਲੈਣ ਦੀ ਖ਼ਾਤਰ ਹੀ ਨਹੀਂ ਸਿਮਰਨਾ ਚਾਹੀਦਾ, ਸਗੋਂ ਸਿਮਰਦੇ ਰਹਿਣਾ ਚਾਹੀਦਾ ਹੈ। ਸੁੱਖ ਹੋਵੇ, ਸਿਮਰਦੇ ਰਹਿਣਾ ਚਾਹੀਦਾ ਹੈ। ਦੁੱਖ ਹੋਵੇ, ਸਿਮਰਦੇ ਰਹਿਣਾ ਚਾਹੀਦਾ ਹੈ। ਉਸਦੀ ਕਿਰਪਾ ਮੰਗਦੇ ਰਹਿਣਾ ਚਾਹੀਦਾ ਹੈ। ਜੇ ਹੋ ਸਕੇ ਤਾਂ ਉਸ ਕੋਲੋਂ ਉਸਨੂੰ ਹੀ ਮੰਗਦੇ ਰਹਿਣਾ ਚਾਹੀਦਾ ਹੈ।

ਮਾਗਨਾ ਮਾਗਨੁ ਨੀਕਾ ਹਰਿ ਜਸੁ ਗੁਰ ਤੇ ਮਾਗਨਾ ॥

(ਮ:5-1018)

ਮਾਗਉ ਦਾਨੁ ਠਾਕੁਰ ਨਾਮ ॥
ਅਵਰ ਕਛੂ ਮੇਰੈ ਸੰਗਿ ਨ ਚਾਲੈ ਮਿਲੈ ਕ੍ਰਿਪਾ ਗੁਣ ਗਾਮ ॥

(ਮ:5-713)

ਨਾ ਸੁੱਖ ਸਦੀਵੀ ਹਨ। ਨਾ ਦੁੱਖ ਸਦੀਵੀ ਹਨ। ਨਾ ਮੋਹ ਮਾਇਆ ਸਦੀਵੀ ਹੈ। ਜੋ ਹੰਢਾ ਰਹੇ ਹਾਂ ਇਹ ਵੀ ਸਦੀਵੀ ਨਹੀਂ ਅਤੇ ਜੋ ਮੰਗਣਾ ਹੈ ਉਹ ਵੀ ਸਦੀਵੀ ਨਹੀਂ ਰਹਿਣਾ।

ਕਿਆ ਮਾਗਉ ਕਿਛੁ ਥਿਰੁ ਨ ਰਹਾਈ ॥
ਦੇਖਤ ਨੈਨ ਚਲਿਓ ਜਗੁ ਜਾਈ ॥ (ਕਬੀਰ ਜੀ, 481)

ਜੇ ਸਦੀਵੀ ਹੈ ਤਾਂ ਪ੍ਰਮਾਤਮਾ ਦਾ ਨਾਮ ਹੀ ਹੈ ਅਤੇ ਜਦ ਵੀ ਕੁਝ ਮੰਗਣਾ ਹੋਵੇ ਤਾਂ ਪ੍ਰਮਾਤਮਾ ਦਾ ਨਾਮ ਹੀ ਮੰਗਣਾ ਚਾਹੀਦਾ ਹੈ।

ਸਭੁ ਕਿਛੁ ਤੁਮ ਤੇ ਮਾਗਨਾ ਵਡਭਾਗੀ ਪਾਏ ॥
ਨਾਨਕ ਕੀ ਅਰਦਾਸਿ ਪ੍ਰਭ ਜੀਵਾ ਗੁਨ ਗਾਏ ॥ (ਮ:5-811)



# ਸਾਚੇ ਸਾਹਿਬਾ ਕਿਆ ਨਾਹੀ ਘਰਿ ਤੇਰੈ

ਮਿਰਜ਼ਾਪੁਰ ਦੇ ਸ. ਸੁਖਵਿੰਦਰ ਸਿੰਘ ਦੀ ਝੋਲੀ ਜਦ ਵਿਆਹ ਤੋਂ ਕਈ ਸਾਲ ਬਾਦ ਵੀ ਔਲਾਦ ਦੀ ਬਜਾਏ ਸਰੀਰਕ ਅਤੇ ਮਾਨਸਿਕ ਪ੍ਰੇਸ਼ਾਨੀਆਂ ਨਾਲ ਹੀ ਭਰਦੀ ਰਹੀ ਤਾਂ ਦੁਖੀ ਹੋ ਕੇ ਇਹਨਾਂ ਨੇ ਪੰਡਿਤ ਤੋਂ ਪੱਤਰੀ ਖੁਲਾਈ। ਜਿਸਨੇ ਦੱਸਿਆ ਕਿ ਤੁਹਾਡੀ ਕੁੰਡਲੀ ਵਿੱਚ ਪੂਰਨ ਸਾਧੂ ਨਾਲ ਮਿਲਾਪ ਹੋਣਾ ਲਿਖਿਆ ਹੈ। ਤੁਹਾਨੂੰ ਉਸ ਦਰ 'ਤੇ ਪਹੁੰਚਿਆਂ ਬਿਨਾ ਕੋਈ ਸੁੱਖ ਨਹੀਂ ਮਿਲ ਸਕਦਾ। ਰਹੀ ਗੱਲ ਔਲਾਦ ਦੀ ਉਹ ਸੁੱਖ ਤੁਹਾਡੇ ਕਰਮਾਂ ਵਿੱਚ ਨਹੀਂ ਹੈ। ਪੰਡਿਤ ਤੋਂ ਸੁਣਿਆ ਤਾਂ ਮਨ ਉਦਾਸ ਤਾਂ ਜ਼ਰੂਰ ਹੋਇਆ। ਪਰ ਪੂਰਨ ਪੁਰਸ਼ ਨਾਲ ਮਿਲਾਪ ਵਾਲੀ ਗੱਲ 'ਤੇ ਖੁਸ਼ੀ ਵੀ ਬਹੁਤ ਹੋਈ। ਗੁਰਬਾਣੀ ਵਿੱਚ ਪੜ੍ਹਿਆ ਸੀ

ਜਿਸੁ ਮਿਲਿਐ ਮਨਿ ਹੋਇ ਅਨੰਦੁ ਸੋ ਸਤਿਗੁਰੁ ਕਹੀਐ ॥
(ਮ: 4-168)

ਲੱਭਦਿਆਂ-ਲੱਭਦਿਆਂ ਚਾਰ ਸਾਲ ਬੀਤ ਗਏ ਪਰ ਐਸਾ ਮਹਾਪੁਰਸ਼ ਨਹੀਂ ਮਿਲਿਆ ਜਿਸਦੀ ਪਹਿਲੀ ਮਿਲਣੀ ਹੀ ਰੂਹ ਵਿੱਚ ਸਦੀਵੀ ਖੇੜਾ ਭਰਨ ਦੇ ਸਮਰੱਥ ਹੋਵੇ। 1992 ਵਿੱਚ ਬੀਬੀ ਮਨਦੀਪ ਕੌਰ (ਪਤਨੀ) ਨੂੰ ਨੌਕਰੀ ਲਈ ਆਦਮਪੁਰ ਆਉਣਾ ਪਿਆ ਜੋ ਸ਼ਾਮਚੁਰਾਸੀ ਤੋਂ 8 ਕਿਲੋਮੀਟਰ ਦੀ ਦੂਰੀ 'ਤੇ ਹੈ। ਆਪਣੀ ਸਹਿਕਰਮੀ ਦੇ ਪ੍ਰੇਰਣ 'ਤੇ ਪਤੀ ਸਹਿਤ ਗੁਰਦੁਆਰਾ ਈਸ਼ਰਪੁਰੀ ਸਾਹਿਬ ਪਹੁੰਚੀ ਤਾਂ ਸੰਤ ਬਾਬਾ ਤੀਰਥ ਸਿੰਘ ਜੀ ਬੈਠੇ ਸੰਗਤ ਨਾਲ ਬਚਨ ਕਰ ਰਹੇ ਸਨ। ਜਦ ਦੀਦਾਰ ਹੋਏ ਤਾਂ ਨਜ਼ਰਾਂ ਚਿਹਰੇ ਉੱਤੇ ਹੀ ਠਹਿਰ ਗਈਆਂ। ਬਚਨ ਸੁਣੇ ਤਾਂ ਮਨ ਖੁਸ਼ੀਆਂ ਨਾਲ ਭਰ ਗਿਆ। ਦਿਲ ਕਰੇ

ਜੇ ਤਨ ਮੇਰਾ ਚਸ਼ਮਾ ਹੋਵੇ ਮੁਰਸ਼ਦ ਵੇਖ ਨਾ ਰੱਜਾਂ ਹੂ ॥
ਰੋਮ ਰੋਮ ਤੇ ਲੱਖ ਲੱਖ ਚਸ਼ਮਾ ਇਕ ਖੋਲਾਂ ਇਕ ਕੱਜਾਂ ਹੂ ॥
ਮੁਰਸ਼ਦ ਦਾ ਦੀਦਾਰ ਹੈ ਬਾਹੂ ਲੱਖ ਕਰੋੜਾ ਹੱਜਾਂ ਹੂ ॥
(ਸੁਲਤਾਨ ਬਾਹੂ ਜੀ)

ਮਨ ਐਨਾ ਸ਼ਾਂਤ ਹੋਇਆ ਲੱਗਾ ਕਿ ਭਾਲ ਖਤਮ ਹੋ ਗਈ। ਪੂਰਨ ਪੁਰਸ਼ ਮਿਲ ਗਿਆ। ਜਦ ਸੰਤਾਂ ਨੇ ਹਾਲ ਚਾਲ ਪੁੱਛਿਆ ਤਾਂ ਸੁਖਵਿੰਦਰ ਸਿੰਘ ਦੀ ਇਹ ਦੱਸਦਿਆਂ ਭੁੱਬ ਨਿਕਲ ਗਈ ਕਿ ਸਾਡੇ ਘਰ ਔਲਾਦ ਨਹੀਂ ਹੈ। ਡਾਕਟਰ ਜਵਾਬ

ਦੇ ਚੁੱਕੇ ਹਨ। ਜਿਸਨੂੰ ਪੁੱਛਦੇ ਹਾਂ ਇਹੀ ਦੱਸਦਾ ਹੈ ਕਿ ਤੁਹਾਡੀ ਕਿਸਮਤ ਵਿੱਚ ਔਲਾਦ ਦਾ ਸੁੱਖ ਨਹੀਂ ਲਿਖਿਆ। ਜਦ ਸੁਣਿਆਂ ਤਾਂ ਸੰਤ ਅੰਤਰ ਧਿਆਨ ਹੋ ਕੇ ਬੈਠ ਗਏ ਅਤੇ ਫੁਰਮਾਇਆ

ਸਾਚੇ ਸਾਹਿਬਾ ਕਿਆ ਨਾਹੀ ਘਰਿ ਤੇਰੈ ॥
ਘਰਿ ਤ ਤੇਰੈ ਸਭੁ ਕਿਛੁ ਹੈ ਜਿਸੁ ਦੇਹਿ ਸੁ ਪਾਵਏ ॥ (ਮ:3-917)

"ਧੁਰ ਦਰਗਾਹ ਵਿੱਚ ਵੀ ਸਿੱਖ ਦੇ ਲੇਖ ਗੁਰੂ ਨਾਨਕ ਦੇਵ ਜੀ ਹੀ ਲਿਖਦੇ ਹਨ ਜੇ ਉੱਥੇ ਔਲਾਦ ਨਹੀਂ ਲਿਖੀ ਤਾਂ ਸੰਗਤ ਦੀ ਸੇਵਾ ਕਰੋ ਐਥੇ ਲਿਖ ਦੇਣਗੇ।" ਦੋਵੇ ਜਨ ਐਤਵਾਰ ਦੇ ਐਤਵਾਰ ਸੇਵਾ ਤੇ ਆਉਣ ਲੱਗੇ। ਸੰਤਾਂ 'ਤੇ ਪੂਰਨ ਵਿਸ਼ਵਾਸ਼ ਰੱਖਿਆ। ਮਨ ਡੋਲਣ ਨਹੀਂ ਦਿੱਤਾ। ਬਾਰਾਂ ਸਾਲ ਲੰਗਰ ਦੀ ਸੇਵਾ ਕੀਤੀ ਅਤੇ 2004 ਵਿੱਚ ਸੰਤਾਂ ਦੀ ਕਿਰਪਾ ਸਦਕਾ ਇਹਨਾਂ ਦੇ ਘਰ ਇਕ ਬੱਚੀ ਨੇ ਜਨਮ ਲਿਆ ਖੁਸ਼ੀਆਂ ਦੀ ਕੋਈ ਸੀਮਾ ਨਾ ਰਹੀ। ਚਾਅ ਸਭ ਹੱਦ ਬੰਨੇ ਟੱਪ ਗਿਆ। ਜੋ ਕੰਨ ਬੱਚੇ ਦੀ ਕਿਲਕਾਰੀ ਸੁਣਨ ਲਈ ਤਰਸ ਰਹੇ ਸਨ ਉਹਨਾਂ ਦੀ ਉਡੀਕ ਪੂਰੀ ਹੋ ਗਈ। ਜੋ ਅੱਖਾਂ ਬੱਚੇ ਦਾ ਮੂੰਹ ਵੇਖਣ ਲਈ ਪੱਕ ਗਈਆਂ ਸਨ ਉਹਨਾਂ ਦਾ ਇੰਤਜ਼ਾਰ ਖਤਮ ਹੋ ਗਿਆ। ਸਭ ਪਾਸੇ ਚਹਿਲ ਪਹਿਲ ਹੋ ਗਈ। ਵਧਾਈਆਂ ਮਿਲਣ ਲੱਗੀਆਂ। ਜਦ ਸੁਖਵਿੰਦਰ ਸਿੰਘ ਸ਼ੁਕਰਾਨਾ ਕਰਨ ਆਇਆ ਤਾਂ ਸੰਤ ਬਾਬਾ ਤੀਰਥ ਸਿੰਘ ਜੀ ਬੜੀ ਨਿਮਰਤਾ ਨਾਲ ਕਹਿੰਦੇ ਬਈ ਤੁਹਾਡੀ ਸੇਵਾ ਹੀ ਏਨੀ ਸੀ ਕਿ ਗੁਰੂ ਨਾਨਕ ਨੇ ਖੁਸ਼ ਹੋਕੇ ਔਲਾਦ ਦੀ ਬਖਸ਼ਿਸ਼ ਕਰ ਦਿਤੀ।

ਗੁਰੁ ਨਾਰਾਇਣੁ ਦਯੁ ਗੁਰੁ ਗੁਰੁ ਸਚਾ ਸਿਰਜਣਹਾਰੁ ॥
ਗੁਰਿ ਤੁਠੈ ਸਭ ਕਿਛੁ ਪਾਇਆ ਜਨ ਨਾਨਕ ਸਦ ਬਲਿਹਾਰ ॥
(ਮ:5-218)

ਭਾਈ ਤਰਸੇਮ ਸਿੰਘ ਡੀਂਗਰੀਆਂ ਦੇ ਵਿਆਹ ਨੂੰ ਵੀ 6 ਸਾਲ ਹੋ ਗਏ ਸਨ ਪਰ ਘਰ ਵਿੱਚ ਕੋਈ ਔਲਾਦ ਨਹੀਂ ਸੀ। ਜਿੱਥੇ ਵੀ ਕਿਸੇ ਨੇ ਦੱਸਿਆ ਇਲਾਜ ਕਰਵਾ ਕੇ ਵੇਖਿਆ। ਬੜੇ ਉਹੜ ਪੋਹੜ ਕੀਤੇ। ਪਰ ਔਲਾਦ ਦਾ ਮੂੰਹ ਵੇਖਣਾ ਨਸੀਬ ਨਹੀਂ ਹੋਇਆ। ਬੜੇ-ਬੜੇ ਹਿਕਮਤ ਦੇ ਮਾਹਿਰਾਂ ਨੇ ਵੀ ਹੱਥ ਖੜੇ ਕਰ ਦਿੱਤੇ । ਦੁਨੀਆਂ ਭਰਦਾ ਇਲਾਜ ਵੀ ਕੋਈ ਖੋਹਣ ਨਾ ਖੋ ਸਕਿਆ। ਜਦ ਕੋਈ ਵਾਹ ਨਾ ਗਈ ਤਾਂ ਭਾਈ ਤਰਸੇਮ ਸਿੰਘ ਉਦਾਸ ਰਹਿਣ ਲੱਗਾ। ਨੀਰਸ ਜ਼ਿੰਦਗੀ ਜੀਣ ਲੱਗਾ। ਬੱਚਿਆਂ ਨਾਲ ਹੀ ਤਾਂ ਘਰ ਵਿੱਚ ਰੌਣਕ ਹੁੰਦੀ ਹੈ। ਸੰਸਾਰ ਉੱਤੇ



ਜੀਣਾ ਧਿਰਕਾਰ ਲੱਗਿਆ।

ਵਜੀਦ ਜਿਸ ਘਰ ਦੀਵਾ ਨਾ ਬਲੇ, ਬੂਹੇ ਨਾ ਖੇਡੇ ਬਾਲ ॥
ਧ੍ਰਿਗ ਖਾਣਾ ਧ੍ਰਿਗ ਪਹਿਣਨਾ ਧ੍ਰਿਗ ਜੀਣਾ ਸੰਸਾਰ ॥ (ਵਜੀਦ ਜੀ)

ਉਤਸ਼ਾਹ ਹੀਣ ਅਤੇ ਨੀਰਸ ਜ਼ਿੰਦਗੀ ਬਸਰ ਕਰਦਿਆਂ ਜਦ ਇਸਦੀ ਮੁਲਾਕਾਤ ਸੰਤਾਂ ਦੇ ਸੇਵਕ ਮਾਸਟਰ ਜੋਗਿੰਦਰ ਸਿੰਘ ਪੰਡੋਰੀ ਨਿਝਰਾਂ ਨਾਲ ਹੋਈ ਤਾਂ ਉਸਦੀ ਪ੍ਰੇਰਣਾ ਸਦਕਾ ਆਪਣੀ ਪਤਨੀ ਸਮੇਤ ਗੁਰਦੁਆਰਾ ਈਸ਼ਰਪੁਰੀ ਸਾਹਿਬ ਵਿਖੇ ਪਹੁੰਚਿਆ। ਨਮਸ਼ਕਾਰ ਕੀਤੀ ਅਤੇ ਬੈਠ ਗਿਆ। ਜਦ ਬੱਚੇ ਬਾਬਤ ਬੇਨਤੀ ਕੀਤੀ ਤਾਂ ਸੰਤ ਕਹਿੰਦੇ ਕੀ ਕੰਮ ਕਰਦੇ ਹੋ ? ਭਾਈ ਤਰਸੇਮ ਸਿੰਘ ਨੇ ਦੱਸਿਆ ਕਿ ਢਾਡੀ ਜਥਾ ਹੈ, ਕੀਰਤਨ ਕਰਦੇ ਹਾਂ, ਅਖੰਡਪਾਠੀ ਹਾਂ। ਸੰਤ ਕਹਿੰਦੇ ਨਿਤਨੇਮ ? ਤਰਸੇਮ ਸਿੰਘ ਚੁੱਪ ਹੋ ਗਿਆ। ਕੋਈ ਜਵਾਬ ਨਹੀਂ ਆਇਆ, ਸ਼ਬਦਹੀਣ ਹੋ ਗਿਆ।

ਕਬੀਰ ਅਵਰਹ ਕਉ ਉਪਦੇਸਤੇ ਮੁਖ ਮੈ ਪਰਿ ਹੈ ਰੇਤੁ ॥
ਰਾਸਿ ਬਿਰਾਨੀ ਰਾਖਤੇ ਖਾਯਾ ਘਰ ਕਾ ਖੇਤੁ ॥ (ਕਬੀਰ ਜੀ, 1369)

ਪਹਿਲੀ ਬਾਰ ਗਰਦਨ ਨੂੰ ਸਿਰ ਭਾਰਾ ਭਾਰਾ ਜਿਹਾ ਲੱਗਿਆ। ਜਿਵੇਂ ਬਹੁਤ ਦੇਰ ਤੱਕ ਧੌਣ ਭਾਰ ਚੁੱਕਣ ਦੇ ਸਮੱਰਥ ਹੀ ਨਹੀਂ ਰਹੀ। ਮਨ ਵਿੱਚ ਬੈਰਾਗ ਉਪਜਿਆ। ਏਨਾ ਬੈਰਾਗ ਕਿ ਸੰਤਾਂ ਦੇ ਚਰਨਾਂ ਵਿੱਚ ਸਿਰ ਰੱਖ ਦਿੱਤਾ। ਗਰਦਨ ਨੂੰ ਵੀ ਕੁਝ ਰਾਹਤ ਮਹਿਸੂਸ ਹੋਈ। ਕਹਿੰਦਾ ਮਹਾਂਰਾਜ ਜੇ ਤੁਹਾਡੇ ਦਰ 'ਤੇ ਆ ਕੇ ਵੀ ਝੂਠ ਹੀ ਬੋਲਿਆ ਤਾਂ ਮੈਨੂੰ ਕਿਤੇ ਢੋਈ ਨਹੀਂ ਮਿਲਣੀ। ਮਨ ਸਾਫ ਹੋ ਗਿਆ। ਸ਼ੀਸ਼ੇ ਵਾਂਗ ਨਿਰਮਲ ਹੋ ਗਿਆ। ਕਹਿੰਦਾ, "ਨਿਤਨੇਮ ਤਾਂ ਕਦੇ ਕਦਾਈ ਹੀ ਕਰਦਾ ਹਾਂ।" ਸੰਤ ਕਹਿੰਦੇ ਬਈ ਕਿਸੇ ਰਿਸ਼ਤੇਦਾਰ ਨੂੰ ਯਾਦ ਕਰਨਾ ਛੱਡ ਦੇਈਏ ਤਾਂ ਉਹ ਵੀ ਸਾਨੂੰ ਭੁੱਲ ਜਾਂਦਾ ਹੈ। ਤੁਸੀਂ ਤਾਂ ਰਬ ਨੂੰ ਹੀ ਵਿਸਾਰ ਦਿੱਤਾ।

ਵੇਮੁਖ ਹੋਏ ਰਾਮ ਤੇ ਲਗਨਿ ਜਨਮ ਵਿਜੋਗ ॥ (ਮ:5-135)

ਤੁਹਾਨੂੰ ਦਾਤਾਂ ਕਿਵੇਂ ਮਿਲਣਗੀਆਂ । ਸੰਤਾਂ ਨੇ ਉਪਦੇਸ਼ ਕੀਤਾ ਕਿ ਜੇ ਗੁਰੂ ਘਰ ਤੋਂ ਕੋਈ ਦਾਤ ਲੈਣੀ ਹੈ ਤਾਂ ਅੱਜ ਤੋਂ ਬਾਦ ਅੰਮ੍ਰਿਤ ਵੇਲੇ ਇਸ਼ਨਾਨ ਕਰਕੇ ਪੰਜਾਂ ਬਾਣੀਆਂ ਦਾ ਨਿਤਨੇਮ ਕਰਿਆ ਕਰੋ। ਉਸ ਪ੍ਰਮੇਸ਼ਰ ਨੂੰ ਯਾਦ ਕਰਿਆ ਕਰੋ ਜੋ ਜ਼ਿੰਦਗੀ ਮੌਤ (ਭੰਨਣ-ਘੜਨ) ਦ ਮਾਲਕ ਹੈ।

ਵਡੜੈ ਝਾਲਿ ਝਲੁੰਭਲੈ ਨਾਵੜਾ ਲਈਐ ਕਿਸੁ ॥
ਨਾਉ ਲਈਐ ਪਰਮੇਸਰੈ ਭੰਨਣ ਘੜਣ ਸਮਰਥੁ ॥ (ਮ: 3-1420)

ਜੇ ਅਜਿਹੇ ਸਮਰੱਥ ਗੁਰੂ ਦਾ ਅੰਮ੍ਰਿਤ ਵੇਲੇ ਨਾਮ ਲਵੋਗੇ ਤਾਂ ਤੁਹਾਡੇ ਘਰ ਵੀ ਨਵੀਂ ਜ਼ਿੰਦਗੀ ਘੜ ਦੇਵੇਗਾ। ਭਾਵ ਬੱਚੇ ਦੀ ਕਿਰਪਾ ਕਰ ਦੇਵੇਗਾ। ਅਸੀਂ ਵੀ ਤਾਂ ਉਸ ਅੱਗੇ ਹੀ ਅਰਦਾਸ ਕਰਨੀ ਹੈ। ਦੇਣਾ ਤਾਂ ਉਸ ਮਾਲਕ ਨੇ ਹੀ ਹੈ। ਸੰਤਾਂ ਨੇ ਬਾਬਾ ਰਣਜੋਧ ਸਿੰਘ ਜੀ ਨੂੰ ਭੇਜ ਕੇ ਜੁਗੋ ਜੁਗ ਅਟਲ ਧੰਨ-ਧੰਨ ਸ੍ਰੀ ਗੁਰੂ ਗ੍ਰੰਥ ਸਹਿਬ ਜੀ ਸਾਹਵੇਂ ਅਰਦਾਸ ਕਰਵਾ ਦਿੱਤੀ। ਪ੍ਰੇਮੀਆਂ ਨੇ ਸਿਮਰਨ ਸ਼ੁਰੂ ਕਰ ਦਿਤਾ। ਸੰਤਾਂ ਦੀ ਐਸੀ ਬਖਸ਼ਿਸ਼ ਹੋਈ ਕਿ ਸਾਲ ਦੇ ਅੰਦਰ-ਅੰਦਰ ਭਾਈ ਤਰਸੇਮ ਸਿੰਘ ਦੇ ਘਰ ਇਕ ਬਹੁਤ ਹੀ ਸੁੰਦਰ ਬਾਲਿਕਾ ਨੇ ਜਨਮ ਲਿਆ। ਬੱਚੇ ਦੇ ਰੋਣ ਦੀ ਆਵਾਜ਼ ਸੱਖਣਾ ਵਿਹੜਾ ਖੁਸ਼ੀਆਂ ਨਾਲ ਭਰ ਗਈ। ਸਭ ਪਾਸੇ ਚਹਿਲ ਪਹਿਲ ਹੋ ਗਈ। ਵਧਾਈਆਂ ਮਿਲਣ ਲੱਗੀਆਂ। ਸਿਮਰਨ ਕਰਦਿਆਂ-ਕਰਦਿਆਂ ਜੋ ਦਾਤ ਪ੍ਰਾਪਤ ਹੋਈ ਉਸਦਾ ਨਾਮ ਵੀ ਗੁਰੂ ਗ੍ਰੰਥ ਸਹਿਬ ਦਾ ਓਟ ਆਸਰਾ ਲੈ ਕੇ ਸਿਮਰਨ ਹੀ ਰੱਖ ਦਿੱਤਾ। ਜਦ ਭਾਈ ਤਰਸੇਮ ਸਿੰਘ ਲੱਡੂਆਂ ਦਾ ਪ੍ਰਸ਼ਾਦ ਲੈ ਕੇ ਸੰਤਾਂ ਦੇ ਚਰਨਾਂ ਵਿੱਚ ਮੱਥਾ ਟੇਕਣ ਗਿਆ ਤਾਂ ਸੰਤ ਕਹਿੰਦੇ ਬਈ ਇਹ ਤਾਂ ਸਤਿਗੁਰੂ ਦੀ ਦੇਣ ਹੈ। ਜੇ ਤੁਸੀਂ ਨਮਸ਼ਕਾਰ ਹੀ ਕਰਨੀ ਹੈ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਕਰੋ। ਜਦ ਸੁਣਿਆਂ ਤਾਂ ਸਾਰੀ ਸੰਗਤ ਅਸ਼-ਅਸ਼ ਕਰ ਉੱਠੀ।

ਧੰਨ ਧੰਨ ਸੰਤ ਬਾਬਾ ਤੀਰਥ ਸਿੰਘ ਜੀ ਮਹਾਰਾਜ।



# ਨਾਨਕ ਕੈ ਘਰਿ ਕੇਵਲ ਨਾਮ

ਸਿਰਮਨ 'ਸਮਰਣ' ਤੋਂ ਬਣਿਆ ਹੈ ਜਿਸਦਾ ਅਰਥ ਹੈ ਯਾਦ ਕਰਨਾ। ਗੁਰਮਤਿ ਅਨੁਸਾਰ ਪ੍ਰਮਾਤਮਾ ਦਾ ਵਾਰ-ਵਾਰ ਨਾਮ ਜਪਣਾ ਹੀ ਸਿਮਰਨ ਕਹਾਉਂਦਾ ਹੈ। ਨਾਮ ਗੁਰੂ ਦੁਆਰਾ ਬਖਸ਼ਿਸ਼ ਕੀਤਾ ਸ਼ਬਦ ਹੈ। ਨਾਮ ਦੋ ਪ੍ਰਕਾਰ ਦਾ ਹੁੰਦਾ ਹੈ ਵਰਣਾਤਮਕ ਨਾਮ ਅਤੇ ਧੁਨਾਤਮਕ ਨਾਮ। ਜੋ ਨਾਮ ਲਿਖਣ, ਪੜਣ, ਬੋਲਣ ਵਿੱਚ ਆ ਸਕਦਾ ਹੈ- ਵਾਹਿਗੁਰੂ, ਅੱਲਾ, ਰਾਮ ਆਦਿ ਵਰਣਾਤਮਕ ਨਾਮ ਕਹਾਉਂਦਾ ਹੈ। ਧੁਨਾਤਮਕ ਨਾਮ ਸ਼ਬਦ ਧੁਨ ਹੈ ਅਤੇ ਇਹ ਸਾਰੀ ਸ੍ਰਿਸ਼ਟੀ ਦਾ ਰਚਣਹਾਰਾ ਹੈ। ਵਰਣਾਤਮਕ ਨਾਮ ਦਾ ਮੁੱਖ ਮੰਤਵ ਧੁਨਾਤਮਕ ਨਾਮ ਨਾਲ ਜੋੜਨਾ ਹੀ ਹੁੰਦਾ ਹੈ। ਵਰਣਾਤਮਕ ਨਾਮ ਅਨੇਕ ਹਨ ਪਰ ਧੁਨਾਤਮਕ ਨਾਮ ਇਕ ਅਤੇ ਅਨਾਦੀ ਹੈ। ਇਹ ਸਮੇਂ, ਸਥਾਨ, ਧਰਮ, ਮੁਲਕ ਤੋਂ ਉੱਪਰ ਹੈ ਪਰ ਸਾਡੇ ਅੰਦਰ ਹੈ ਅਤੇ ਅੰਦਰੋਂ ਹੀ ਪ੍ਰਾਪਤ ਹੋ ਸਕਦਾ ਹੈ। ਨਾਮ ਜਪਣ ਨਾਲ ਧਿਆਨ ਜਗਤ ਦੀ ਥਾਂ ਜਗਦੀਸ਼ਵਰ ਵਲ ਹੋਣ ਕਾਰਣ ਬਿਰਤੀ ਅੰਤਰਮੁਖੀ ਹੋ ਜਾਂਦੀ ਹੈ ਅਤੇ

ਊਠਤ ਬੈਠਤ ਸੋਵਤ ਜਾਗਤ ਸਾਸਿ ਸਾਸਿ ਸਾਸਿ ਹਰਿ ਜਪਨੇ ॥
(ਮ:5-1298)

ਦੀ ਅਵਸਥਾ 'ਤੇ ਪਹੁੰਚਿਆਂ ਹੀ ਮੋਕਸ਼ ਦੀ ਪ੍ਰਾਪਤੀ ਹੋ ਜਾਂਦੀ ਹੈ। ਸੰਤ ਬਾਬਾ ਤੀਰਥ ਸਿੰਘ ਜੀ ਉਪਦੇਸ਼ ਦਿਆ ਕਰਦੇ ਸਨ ਕਿ

ਮਾਨਸ ਦੇਹ ਬਹੁਰਿ ਨਾ ਪਾਵੈ ਕਛੂ ਉਪਾਉ ਮੁਕਤਿ ਕਾ ਕਰੁ ਰੇ ॥
ਨਾਨਕ ਕਹਤ ਗਾਇ ਕਰੁਨਾ ਮੈ ਭਵ ਸਾਗਰ ਕੈ ਪਾਰਿ ਉਤਰੁ ਰੇ ॥
(ਮ: 9-220)

ਪ੍ਰਭੂ ਦਾ ਨਾਮ ਵਿਸਾਰਨਾ ਅਤੇ ਮੋਹ ਮਾਇਆ ਤੋਂ ਨਿਜ਼ਾਤ ਨਾ ਪਾ ਸਕਣਾ ਹੀ ਮੋਕਸ਼ ਦੇ ਰਾਹ ਵਿੱਚ ਸਭ ਤੋਂ ਵੱਡੀ ਅੜਚਣ ਹੈ। ਪ੍ਰਮਾਤਮਾ ਦਾ ਪ੍ਰਕਾਸ਼ ਤਾਂ ਸਭ ਲਈ ਇਕੋ ਜਿਹਾ ਹੈ ਸਾਡੀਆਂ ਉਸਾਰੀਆਂ ਹੋਈਆਂ ਮਨਮੱਤ ਦੀਵਾਰਾਂ ਦੀ ਰੁਕਾਵਟ ਹੋਣ ਕਾਰਨ ਹੀ ਅਸੀਂ ਹਨੇਰੇ ਨਾਲ ਜੂਝ ਰਹੇ ਹਾਂ।

ਮਨ ਰੇ ਕਉਨੁ ਕੁਮਤਿ ਤੈ ਲੀਨੀ ॥
ਪਰ ਦਾਰਾ ਨਿੰਦਿਆ ਰਸ ਰਚਿਓ ਰਾਮ ਭਗਤਿ ਨਹਿ ਕੀਨੀ ॥
(ਮ: 9-631)

ਜੇਕਰ ਉਸਦੇ ਚਾਨਣ ਨਾਲ ਨੂਰੋ ਨੂਰ ਹੋਣਾ ਹੈ ਤਾਂ ਮਨ ਦੁਆਲੇ ਉਸਾਰੀਆਂ ਵਿਕਾਰਾਂ ਦੀਆਂ ਕੰਧਾਂ ਸਮਤਲ ਕਰਕੇ ਨਾਮ ਦੇ ਖੁੱਲੇ ਅੰਬਰਾਂ ਵਿੱਚ ਪਰਵਾਜ਼ ਭਰਨੀ ਪੈਣੀ ਹੈ। ਝੂਠ ਦੇ ਘੋੜੇ ਤੋਂ ਕਾਠੀ ਉਤਾਰ ਕੇ ਸੱਚ ਦੇ ਮਾਰਗ 'ਤੇ ਸਵਾਰ ਹੋਣਾ ਪੈਣਾ ਹੈ। ਮੋਹ ਮਾਇਆ ਦੇ ਤਲਿਸਮ 'ਚੋਂ ਬਾਹਰ ਆ ਕੇ ਇੱਕ ਓਂਕਾਰ ਨੂੰ ਜਾਨਣਾ ਪੈਣਾ ਹੈ। ਹਉਮੈ ਦੁਆਰਾ ਵਿਛਾਏ ਜਾਲ ਨੂੰ ਕੁਤਰ ਕੇ ਨਿਮਰਤਾ ਹੰਢਾਉਣੀ ਪੈਣੀ ਹੈ। ਬਦੀਆਂ ਦੇ ਮਹਿਲ ਤਿਆਗਕੇ ਨੇਕ ਅਮਲਾਂ ਨੂੰ ਅਪਣਾਉਣਾ ਪੈਣਾ ਹੈ। ਮਨਮੁਖਾਂ ਦੀ ਢਾਣੀ 'ਚੋਂ ਉਠਕੇ ਗੁਰਮੁਖਾਂ ਦੀ ਸੰਗਤ ਵਿੱਚ ਬੈਠਣਾ ਪੈਣਾ ਹੈ।

ਸੇ ਸੰਜੋਗ ਕਰਹੁ ਮੇਰੇ ਪਿਆਰੇ ॥
ਜਿਤੁ ਰਸਨਾ ਹਰਿ ਨਾਮੁ ਉਚਾਰੇ ॥ (ਮ:5-743)

ਕਿਉਂਕਿ ਪ੍ਰਭੂ ਮਿਲਾਪ ਲਈ ਕੀਤੇ ਜਤਨ ਹੀ ਸਭ ਤੋਂ ਚੰਗੇ ਹੁੰਦੇ ਹਨ। ਪ੍ਰਭੂ ਮਿਲਾਪ ਲਈ ਕੀਤਾ ਉਦਮ ਹੀ ਸਭ ਤੋਂ ਭਲਾ ਹੁੰਦਾ ਹੈ ਅਤੇ

ਸਰਬ ਧਰਮ ਮਹਿ ਸ੍ਰੇਸਟ ਧਰਮੁ ॥
ਹਰਿ ਕੋ ਨਾਮੁ ਜਪਿ ਨਿਰਮਲ ਕਰਮੁ ॥ ਮ:5-266)

ਕਲਜੁਗ ਵਿੱਚ ਪ੍ਰਭ ਨੂੰ ਸਿਮਰਨਾ ਹੀ ਸਭ ਤੋਂ ਉੱਤਮ ਧਰਮ ਹੈ। ਜਦ ਭਾਈ ਜਗਜੀਤ ਸਿੰਘ (ਹੁਸ਼ਿਆਰਪੁਰ) ਨੇ ਪੁੱਛਿਆ ਕਿ ਸਿਮਰਨ ਹੁੰਦਾ ਕੀ ਹੈ ਤਾਂ ਸੰਤ ਬਾਬਾ ਤੀਰਥ ਸਿੰਘ ਜੀ ਕਹਿੰਦੇ, "ਬਈ, ਗੁਰੂ ਨਾਨਕ ਨੇ ਤਾਂ ਆਪਣੇ ਸਿੱਖਾਂ ਨੂੰ ਸਿਮਰਨ ਬਹੁਤ ਸਹਿਜ ਕਰਕੇ ਦਿੱਤਾ ਹੈ। ਅੰਮ੍ਰਿਤ ਵੇਲੇ ਉਠ ਕੇ ਅਚਿੰਤ ਅਵਸਥਾ ਵਿੱਚ ਨਾਮ ਜਪਣਾ ਸਿਮਰਨ ਹੈ। ਕੰਮ ਕਾਜ ਕਰਦਿਆਂ ਪ੍ਰਭੂ ਚਰਨਾਂ ਵਿਚ ਧਿਆਨ ਰੱਖਣਾ ਵੀ ਸਿਮਰਨ ਹੈ। ਬਾਣੀ ਜਾਂ ਕੀਰਤਨ ਰਾਹੀਂ ਹੋਰਨਾਂ ਨੂੰ ਨਾਮ ਜਪਾਉਣਾ ਵੀ ਸਿਮਰਨ ਹੈ। ਦੁਖੀਏ ਅਤੇ ਗਰੀਬ ਦੀ ਸੇਵਾ ਕਰਨੀ ਵੀ ਸਿਮਰਨ ਹੈ। ਨਿਰਸਵਾਰਥ ਹੋ ਕੇ ਭੁੱਖੇ ਨੂੰ ਖਾਣ ਲਈ ਅੰਨ ਦੇਣਾ ਵੀ ਸਿਮਰਨ ਹੈ।"

ਸੰਤਹੁ ਰਾਮ ਨਾਮਿ ਨਿਸਤਰੀਐ ॥
ਊਠਤ ਬੈਠਤ ਹਰਿ ਹਰਿ ਧਿਆਈਐ ਅਨਦਿਨੁ ਸੁਕ੍ਰਿਤੁ ਕਰੀਐ ॥
(ਮ:5-621)

ਜਦ ਪਰਮਜੀਤ ਸਿੰਘ ਮਠਾਰੂ (ਜਲੰਧਰ) ਨੇ ਪੁੱਛਿਆ ਕਿ ਮਹਾਰਾਜ, ਪ੍ਰਭੂ ਦਾ ਸਿਮਰਨ ਕਰਨਾ ਕਿਵੇਂ ਚਾਹੀਦਾ ਹੈ ਤਾਂ ਸੰਤ ਕਹਿੰਦੇ ਬਈ ਇਹ ਵੇਖੋ ਗੁਰੂ



ਨਾਨਕ ਨਾਲ ਪਿਆਰ ਕਿਵੇਂ ਪੈਂਦਾ ਹੈ। ਬੰਧਨਾਂ ਵਿੱਚ ਬੱਝਣ ਦੀ ਲੋੜ ਨਹੀਂ। ਲੋੜ ਤਾਂ ਨਾਮ ਚਿਤ ਆਉਣ ਦੀ ਅਰਦਾਸ ਕਰਨ ਦੀ। ਗੁਰੂ ਨਾਨਕ ਨਾਲ ਪਿਆਰ ਪਾਉਣ ਦੀ ਹੈ। ਅਰਦਾਸ ਵਿੱਚ ਕਹਿੰਦੇ ਹਾਂ

ਸੋਈ ਗੁਰਮੁਖ ਪਿਆਰੇ ਮੇਲ ਜਿਨਾਂ ਮਿਲਿਆਂ ਤੇਰਾ ਨਾਮ ਚਿਤ ਆਵੇ ॥

ਜੇ ਸੱਚੇ ਦਿਲੋਂ ਕਿਹਾ ਜਾਵੇ ਤਾਂ ਪ੍ਰਮਾਤਮਾ ਦੇ ਦਰ 'ਤੇ ਪ੍ਰਵਾਨ ਹੋ ਜਾਂਦਾ ਹੈ ਅਤੇ ਪ੍ਰਭੂ ਨੂੰ ਮਿਲਣ ਦੇ ਰਾਹ ਖੁੱਲ੍ਹ ਜਾਂਦੇ ਹਨ। ਬੰਧਨਾਂ ਦੀ ਨਹੀਂ ਪਿਆਰ ਦੀ ਲੋੜ ਹੈ। ਜਪ ਤਪ ਦੀ ਨਹੀਂ ਗੁਰੂ ਦੀ ਕਿਰਪਾ ਦੀ ਲੋੜ ਹੈ।

ਗੁਰ ਕਿਰਪਾ ਜਿਹ ਨਰ ਕਉ ਕੀਨੀ ਤਿਹ ਇਹ ਜੁਗਤਿ ਪਛਾਨੀ ॥
ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ ॥
(ਮ: 9-633)

ਜਦ ਇਕ ਪ੍ਰੇਮੀ ਨੇ ਪੁੱਛਿਆ ਕਿ ਗੁਰਦੁਆਰਾ ਸਾਹਿਬ ਆ ਕੇ ਸ਼ਾਂਤੀ ਕਿਉਂ ਮਹਿਸੂਸ ਹੁੰਦੀ ਹੈ ਤਾਂ ਸੰਤਾਂ ਨੇ ਕਿਹਾ ਕਿ ਸਾਡੀ ਅਸ਼ਾਂਤੀ ਦਾ ਕਾਰਨ ਆਤਮਾ ਦੀ ਤੜਫਣ ਹੈ। ਜਿਸ ਤਰ੍ਹਾਂ ਅਸੀਂ ਬਾਹਰ ਆ ਕੇ ਘਰ ਜਾਣ ਲਈ ਤਰਲੋ ਮੱਛੀ ਹੋ ਜਾਂਦੇ ਹਾਂ, ਆਤਮਾ ਵੀ ਆਪਣੇ ਨਿਜਘਰ ਜਾਣ ਲਈ ਬਿਹਬਲ ਰਹਿੰਦੀ ਹੈ। ਗੁਰੂ ਦਾ ਦਰ ਜਾਂ ਰਬ ਦੇ ਪਿਆਰਿਆਂ ਦਾ ਮਿਲਾਪ ਸਾਨੂੰ ਨਿਜ ਘਰ ਦੀ ਸੋਝੀ ਬਖਸ਼ਦਾ ਹੈ ਇਸ ਲਈ ਕਥਾ ਕੀਰਤਨ ਜਾਂ ਗੁਰਬਾਣੀ ਸੁਣਕੇ ਸਾਡਾ ਮਨ ਸ਼ਾਂਤ ਹੋ ਜਾਂਦਾ ਹੈ ਕਿਉਂਕਿ ਆਤਮਾ ਨੂੰ ਪ੍ਰਮਾਤਮਾ ਵਿੱਚ ਅਭੇਦ ਹੋਣ ਲਈ ਗਿਆਨ ਪ੍ਰਾਪਤ ਹੁੰਦਾ ਹੈ। ਜੇਕਰ ਤੁਸੀਂ ਚਾਹੁੰਦੇ ਹੋ ਕਿ ਤੁਹਾਡੇ ਅੰਦਰ ਸ਼ਾਂਤੀ ਪਸਰੀ ਰਹੇ ਤਾਂ ਇਹ ਸੱਚ ਸਵੀਕਾਰਨਾ ਪਵੇਗਾ ਕਿ ਸਭ ਦੁੱਖਾਂ ਦਾ ਮੂਲ ਦੁਨਿਆਵੀ ਖਾਹਸ਼ਾਂ ਹੀ ਹਨ। ਜੋ ਪ੍ਰਭੂ ਚਿਤ ਆਉਣ ਦੀਆਂ ਅਰਦਾਸਾਂ ਕਰਦੇ ਹਨ ਰਬ ਉਹਨਾਂ ਨੂੰ ਸਬਰ ਸੰਤੋਖ ਨਾਲ ਭਰ ਦਿੰਦਾ ਹੈ, ਕਿਉਂਕਿ ਗੁਰੂ ਸਾਹਿਬ ਨੇ ਜੀਵਨ ਦਾ ਅਸਲ ਮੰਤਵ ਨਾਮ ਜਪਣਾ ਹੀ ਦੱਸਿਆ ਹੈ।

ਨਾਨਕ ਕੈ ਘਰਿ ਕੇਵਲ ਨਾਮੁ ॥ (ਮ:5-1136)

# ਮੇਰੇ ਅੰਤਰਿ ਲੋਚਾ ਮਿਲਣ ਕੀ

ਪਿੰਡ ਤਿਬੜ ਜ਼ਿਲ੍ਹਾ ਗੁਰਦਾਸਪੁਰ ਦੇ ਭਾਈ ਮਨਧੀਰ ਸਿੰਘ (ਜੋ ਹਰੀਪੁਰ, ਜਲੰਧਰ ਵਿਖੇ ਨੌਕਰੀ ਕਰਦਾ ਹੈ) ਸੰਸਾਰਕ ਕੰਮ ਕਰਦਿਆਂ ਵੀ ਰੂਹਾਨੀਅਤ ਦੀ ਭਾਲ ਵਿਚ ਰਹਿੰਦਾ ਸੀ। ਅੱਖਾਂ ਰੋਜ਼ ਅਨੇਕ ਸਰੀਰ ਤੱਕਦੀਆਂ ਪਰ ਪੂਰਨ ਰੂਹ ਵੇਖਣ ਲਈ ਤਰਸਦੀਆਂ ਰਹਿੰਦੀਆਂ। ਕੰਨ ਅਨੇਕ ਅਵਾਜ਼ਾਂ ਸੁਣਦੇ ਪਰ ਅੰਮ੍ਰਿਤਮਈ ਬਚਨ ਸੁਣਨ ਲਈ ਤੜਪਦੇ ਰਹਿੰਦੇ। ਹੱਥ ਐਸੇ ਗੁਰੂ ਦੀ ਸੇਵਾ ਕਰਨ ਲਈ ਤਤਪਰ ਰਹਿੰਦੇ ਜਿਸਦੀ ਇਕ ਦ੍ਰਿਸ਼ਟੀ ਜੀਵਾਂ ਨੂੰ ਤਾਰ ਦਿੰਦੀ ਹੋਵੇ। ਪੈਰ ਉਸ ਗੁਰੂ ਦੇ ਦਰ ਵਲ ਭੱਜਣ ਲਈ ਉਤਸੁਕ ਰਹਿੰਦੇ ਜਿਸਦੇ ਹੁਕਮ ਅੰਦਰ ਤਿੰਨੋ ਲੋਕ ਚਲਦੇ ਹੋਣ। ਜ਼ੁਬਾਨ ਨਿਮਾਣੀ ਉਹ ਦਿਨ ਉਡੀਕਦੀ ਰਹਿੰਦੀ ਜਦ ਮਹਾਪੁਰਖਾਂ ਦਾ ਜਸ ਗਾ ਕੇ ਮਾਣਮਤੀ ਬਣ ਜਾਵੇਗੀ। ਮਸਤਕ ਐਸੀ ਆਤਮਾ ਦੇ ਪੈਰੀ ਲੱਗਣ ਲਈ ਕਾਹਲਾ ਰਹਿੰਦਾ ਜਿਸਦੇ ਅੱਗੇ ਪਰਮ ਲਗ ਕੇ ਪਰਮ-ਆਤਮਾ (ਪ੍ਰਮਾਤਮਾ) ਹੀ ਬਣ ਗਈ ਹੋਵੇ। ਐਸਾ ਮਹਾਂਪੁਰਸ਼ ਪ੍ਰਮਾਤਮਾ ਦੀ ਕਿਰਪਾ ਬਿਨਾਂ ਨਹੀਂ ਲੱਭਿਆ ਜਾ ਸਕਦਾ ਸੀ। ਇਸਨੇ ਗੁਰਦਵਾਰਾ ਸਾਹਿਬ ਵਿਖੇ ਅਰਦਾਸ ਕੀਤੀ

ਮੇਰੇ ਅੰਤਰਿ ਲੋਚਾ ਮਿਲਣ ਕੀ ਕਿਉ ਪਾਵਾ ਪ੍ਰਭ ਤੋਹਿ ॥
ਕੋਈ ਐਸਾ ਸੱਜਣ ਲੋੜਿ ਲਹੁ ਜੋ ਮੇਲੇ ਪ੍ਰੀਤਮੁ ਮੋਹਿ ॥

(ਮ:5-957)

ਮਨਧੀਰ ਸਿੰਘ ਵਿਆਕੁਲ ਰਹਿਣ ਲੱਗਾ। ਜਦ ਅੰਦਰ ਖੋਜ ਹੁੰਦੀ ਹੈ ਤਾਂ ਵਿਆਕੁਲਤਾ ਸੁਭਾਵਿਕ ਹੈ। ਜਦ ਮਨ ਦੇ ਪਾਣੀ ਵਿੱਚ ਭਾਲ ਦਾ ਪੱਥਰ ਡਿਗ ਪਏ ਤਾਂ ਸਭ ਪਾਸੇ ਵਿਕਲਪ ਦੀਆਂ ਤਰੰਗਾਂ ਖਿੰਡ ਜਾਂਦੀਆਂ ਹਨ ਅਤੇ ਖੰਡਿਤ ਹੋਣ ਕਾਰਨ ਆਪਣਾ ਹੀ ਅਕਸ ਵਿਖਾਈ ਨਹੀਂ ਦਿੰਦਾ ਕਿਉਂਕਿ ਇਹ ਤਾਂ ਤਰੰਗਾਂ ਵਿਚਾਲੇ ਕਈ ਹਿਸਿਆਂ ਵਿਚ ਵੱਟ ਚੁੱਕਾ ਹੁੰਦਾ ਹੈ। ਇਸਦਾ ਵੀ ਮਨ ਧੀਰ ਖੋਂਹਦਾ ਜਾ ਰਿਹਾ ਸੀ। ਤਰੰਗਾਂ ਤੀਬਰ ਹੁੰਦੀਆਂ ਜਾ ਰਹੀਆਂ ਸਨ। ਸਹਿਜਤਾ ਵਿਨਸਦੀ ਜਾ ਰਹੀ ਸੀ, ਤੀਬਰਤਾ ਭਾਰੂ ਹੁੰਦੀ ਜਾ ਰਹੀ ਸੀ। ਜਦ ਇਕ ਦਿਨ ਇਸਨੇ ਸੰਤ ਵਰਿਆਮ ਸਿੰਘ ਜੀ ਰਤਵਾੜਾ ਸਾਹਿਬ ਦੁਆਰਾ ਲਿਖੇ ਲੇਖ ਵਿੱਚ ਪੜ੍ਹਿਆ ਕਿ "ਅੱਜ ਵੀ ਅਜਿਹੇ ਮਹਾਪੁਰਸ਼ ਹਨ ਜੋ ਬਹੁਤੇ ਪਸਾਰੇ ਦੇ ਹੱਕ ਵਿੱਚ



ਨਹੀਂ ਹੁੰਦੇ, ਪਰ ਹਨ ਪੂਰਨ ਸਾਧੂ ਜਿਵੇਂ ਕਿ ਸੰਤ ਬਾਬਾ ਤੀਰਥ ਸਿੰਘ ਦੀ ਸ਼ਾਮਚੁਰਾਸੀ ਵਾਲੇ ਜੋ ਵਿਖਾਵਾ ਨਹੀਂ ਕਰਦੇ, ਅਡੰਬਰ ਨਹੀਂ ਰਚਦੇ ਪਰ ਐਸ ਵਕਤ ਉਹਨਾਂ ਦੀ ਅਵਸਥਾ 'ਗੁਰੁ ਗੋਵਿੰਦੁ ਗੋਵਿੰਦ ਗੁਰੂ ਹੈ ਨਾਨਕ ਭੇਦੁ ਨਾ ਭਾਈ' ਵਾਲੀ ਹੈ।" ਜਦ ਪੜ੍ਹਿਆ ਤਾਂ ਪੜ੍ਹਦਾ ਹੀ ਰਹਿ ਗਿਆ। ਸੁਰਤੀ ਅਟਕ ਗਈ। ਸਤਰਾਂ ਦਿਮਾਗ ਵਿਚ ਗੂੰਜਣ ਲੱਗੀਆਂ ਜਿਵੇਂ ਵਾਦੀ ਵਿੱਚ ਆਵਾਜ਼ ਪਹਾੜਾਂ ਨਾਲ ਟਕਰਾ ਕੇ ਗੂੰਜਦੀ ਹੈ। ਭਾਈ ਸੁਰਿੰਦਰ ਸਿੰਘ (ਜੋ PNB ਸ਼ਾਮਚੁਰਾਸੀ ਨੌਕਰੀ ਕਰਦਾ ਸੀ) ਨੂੰ ਨਾਲ ਲੈ ਕੇ ਸੰਤਾਂ ਨੂੰ ਮਿਲਣ ਗਿਆ ਤਾਂ ਦਰਸ਼ਨ ਕਰਦਿਆਂ ਹੀ ਚਰਨਾ ਵਿੱਚ ਡਿਗ ਪਿਆ।

ਸਾਧੁ ਮਿਲੇ ਪੂਰਬ ਸੰਜੋਗ ॥ ਸਚਿ ਰਹਸ ਪੂਰੇ ਹਰਿ ਲੋਗ ॥
ਮਨੁ ਤਨੁ ਦੇ ਲੈ ਸਹਿਜ ਸੁਭਾਇ ॥ ਨਾਨਕ ਤਿਨ ਕੈ ਲਾਗਉ ਪਾਇ ॥

(ਮ:1, 153)

ਵਿਚਾਰਾਂ ਦਾ ਵਾਵੇਲਾ ਥੰਮ ਗਿਆ। ਨਿਰੰਤਰ ਭਾਲ ਵਿੱਚ ਲੱਗੇ ਮਨ ਦੀਆਂ ਕੋਸ਼ਿਸ਼ਾਂ ਨੂੰ ਬੂਰ ਪੈ ਗਿਆ। ਲੱਗਾ ਜਿਵੇਂ ਖੋਜ ਖਤਮ ਹੋ ਗਈ। ਇਹ ਤਾਂ ਉਹੀ ਦਰ ਹੈ ਜਿਸਦੀ ਅੱਜ ਤਕ ਭਾਲ ਸੀ। ਘਾਟ ਪੂਰੀ ਹੋ ਗਈ। ਅੱਖਾਂ ਦੀ ਉਡੀਕ ਮੁਕ ਗਈ। ਕੰਨਾਂ ਦਾ ਇੰਤਜ਼ਾਰ ਖਤਮ ਹੋ ਗਿਆ। ਜਦ ਮਸਤਕ ਸੰਤਾਂ ਦੇ ਚਰਨਾਂ 'ਤੇ ਰੱਖਿਆਂ ਤਾਂ ਫੁਲ ਵਰਗਾ ਹੌਲਾ ਹੋ ਗਿਆ। ਬਹੁਤ ਸ਼ਾਂਤੀ ਮਿਲੀ। ਮਨ ਤ੍ਰਿਪਤ ਹੋ ਗਿਆ। ਸੰਤਾਂ ਨੇ ਸੇਵਾ ਅਤੇ ਸਿਮਰਨ ਕਰਨ ਲਈ ਕਿਹਾ। ਇਹ ਜਨ ਐਤਵਾਰ ਦੇ ਐਤਵਾਰ ਸੇਵਾ ਕਰਨ ਆਉਣ ਲੱਗਾ। ਸੰਤ ਬਾਬਾ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲਿਆ ਦੀ ਬਰਸੀ ਦਾ ਸਾਲਾਨਾ ਜੋੜਮੇਲਾ ਆ ਗਿਆ। ਸੰਤ ਕਹਿੰਦੇ ਬਈ ਪਿੰਡ ਹਰੀਪੁਰ ਵਿੱਚ ਤਾਂ ਕਈ ਅੰਮ੍ਰਿਤਧਾਰੀ ਸਿੰਘ ਵਸਦੇ ਹਨ ਤੁਸੀਂ ਸਭ ਨੂੰ ਪ੍ਰੇਰ ਕੇ ਸੇਵਾ ਲਈ ਲੈ ਕੇ ਆਵੋ। ਜਦ ਇਸਨੇ ਸੰਤਾਂ ਦੇ ਕਹੇ ਬਚਨ ਜਾ ਕੇ ਸਿੰਘਾਂ ਨੂੰ ਦੱਸੇ ਤਾਂ ਸਭ ਸੇਵਾ ਕਰਨ ਆਉਣ ਲਈ ਤਿਆਰ ਹੋ ਗਏ। ਅਗਲੀ ਸ਼ਾਮ 6 ਵਜੇ ਸੇਵਾਦਾਰਾਂ ਦੀਆਂ ਡਿਊਟੀਆਂ ਲੱਗਣੀਆਂ ਸਨ। ਪਿੰਡ ਹਰੀਪੁਰ ਤੋਂ ਭਾਈ ਸੁਰਿੰਦਰ ਸਿੰਘ, ਭਾਈ ਭੁਪਿੰਦਰ ਸਿੰਘ, ਭਾਈ ਜਸਪਾਲ ਸਿੰਘ, ਭਾਈ ਸਾਧੂ ਸਿੰਘ, ਭਾਈ ਗੁਰਮੇਲ ਸਿੰਘ, ਭਾਈ ਗੁਰਇਕਬਾਲ ਸਿੰਘ, ਭਾਈ ਸੁਖਵਿੰਦਰ ਸਿੰਘ, ਭਾਈ ਕੁਲਵੰਤ ਸਿੰਘ ਆਦਿ ਨੇ ਸੇਵਾ ਤੇ ਆਉਣਾ ਸੀ। ਆਉਣ ਦਾ ਵਧੀਆ ਸਾਧਨ ਨਾ ਹੋਣ ਕਾਰਨ 7 ਵਜੇ ਪਹੁੰਚੇ। ਸੰਤ ਕਹਿੰਦੇ ਬਈ ਜਦ ਸੇਵਾਦਾਰਾਂ

ਦਾ ਹੀ ਇਹ ਹਾਲ ਹੈ ਤਾਂ ਬਾਕੀ ਕਿੰਨੇ ਵਜੇ ਆਉਣਗੇ। ਭਾਈ ਮਨਧੀਰ ਸਿੰਘ ਦੇ ਮਨ ਵਿਚ ਵਿਚਾਰ ਆਇਆ ਕਿ ਜੇ ਮੇਰੇ ਕੋਲ 8-10 ਸੀਟਾਂ ਵਾਲੀ ਗੱਡੀ ਹੁੰਦੀ ਤਾਂ ਲੇਟ ਕਾਹਨੂੰ ਹੁੰਦੇ, ਸਾਰਿਆਂ ਨੂੰ ਸਮੇਂ ਸਿਰ ਨਾ ਲੈ ਕੇ ਆਉਂਦਾ। ਸਭ ਸਿੰਘ ਸੇਵਾ ਵਿਚ ਰੁਝ ਗਏ। ਸਮਾਂ ਬੀਤਦਾ ਗਿਆ। 6-7 ਸਾਲ ਬਾਦ ਭਾਈ ਮਨਧੀਰ ਸਿੰਘ ਨੇ ਗੱਡੀ ਖਰੀਦੀ। ਜਦ ਲੱਡੂਆਂ ਦਾ ਪ੍ਰਸ਼ਾਦ ਲੈ ਗੁਰੁਦਵਾਰਾ ਸਾਹਿਬ ਆਇਆ ਤਾਂ ਸੰਤ ਕਹਿੰਦੇ, "ਚਲ ਬਈ ਗੱਡੀ ਤਾਂ ਵੇਖੀਏ।" ਜਦ ਗੱਡੀ ਦੀ ਤਾਕੀ ਖੋਲੀ ਤਾਂ ਸੰਤ ਕਹਿੰਦੇ, "ਛੋਟੀ ਹੈ, ਏਡੀ ਕੁ ਤਾਂ ਹੁੰਦੀ ਕਿ 8-10 ਸਿੰਘ ਬਹਿ ਜਾਂਦੇ।" ਮਨਧੀਰ ਸਿੰਘ ਹੱਕਾ ਬੱਕਾ ਰਹਿ ਗਿਆ। ਮੂੰਹੋ ਕਿਹਾ ਨਹੀਂ, ਕਿਸੇ ਨਾਲ ਗੱਲ ਨਹੀਂ ਕੀਤੀ, 6-7 ਸਾਲ ਪਹਿਲਾਂ ਮਨ ਵਿੱਚ ਵਿਚਾਰ ਉਠਿਆ ਸੀ ਕਿ ਜੇ ਗੱਡੀ ਹੁੰਦੀ ਤਾਂ ਸਭ ਨੂੰ ਸਮੇਂ ਸਿਰ ਲੈ ਕੇ ਆਉਂਦਾ। ਤੇ ਸੰਤਾਂ ਨੇ ਉਹੀ ਗੱਲ ਅੱਜ ਮੈਨੂੰ ਕਹਿ ਦਿਤੀ। ਧੰਨ-ਧੰਨ ਕਰ ਉਠਿਆ। ਅੱਖਾਂ ਪਾਣੀ ਨਾਲ ਭਰ ਆਈਆਂ। ਕੁਝ ਬੋਲ ਨਾ ਸਕਿਆ। ਇਹ ਹੀ ਮੰਗਿਆ:

ਦੁਇ ਕਰ ਜੋੜਿ ਮਾਗਉ ਇਕੁ ਦਾਨਾ ਸਾਹਿਬਿ ਤੁਠੈ ਪਾਵਾ ॥
ਸਾਸਿ ਸਾਸਿ ਨਾਨਕੁ ਆਰਾਧੇ ਆਠ ਪਹਰ ਗੁਣ ਗਾਵਾ ॥

(ਮ:5-749)

ਜਦ ਪਿੰਡ ਕਹੁਜਾ ਤੋਂ ਭਾਈ ਇੰਦਰਪਾਲ ਸਿੰਘ (ਜਿਸਨੂੰ ਗੁਰੂ ਘਰ ਦੀ ਸੋਝੀ ਸੀ) ਤੋਂ ਸੰਤ ਬਾਬਾ ਤੀਰਥ ਸਿੰਘ ਜੀ ਨੇ ਗੱਡੀ ਠੀਕ ਕਰਵਾਈ ਅਤੇ ਮਾਇਆ ਬਾਰੇ ਪੁੱਛਿਆ ਤਾਂ ਇਸਨੇ ਪੈਸੇ ਲੈਣ ਦੀ ਬਜਾਏ ਪ੍ਰਭੂ ਦਾ ਨਾਮ ਮੰਗਿਆ।

ਏਹ ਮਾਇਆ ਜਿਤੁ ਹਰਿ ਵਿਸਰੈ ਮੋਹੁ ਉਪਜੈ ਭਾਉ ਦੂਜਾ ਲਾਇਆ ॥

(ਮ: 3-921)

ਬੇਨਤੀ ਕੀਤੀ ਕਿ ਕੁਝ ਅਜਿਹਾ ਦੇ ਦਿਓ ਕਿ ਪ੍ਰਭੂ ਦਾ ਨਾਮ ਮੇਰੇ ਹਿਰਦੈ ਵਿੱਚ ਟਿਕ ਜਾਵੇ। ਭਗਤ ਰਵਿਦਾਸ ਜੀ ਆਪਣੀ ਛੱਪਰੀ ਵਿੱਚ ਬੈਠੇ ਜੁਤੀਆਂ ਗੰਢ ਰਹੇ ਸਨ ਕਿ ਇਕ ਪ੍ਰੇਮੀ ਨੇ ਨਾਮ ਲੈਣ ਲਈ ਬੇਨਤੀ ਕੀਤੀ। ਭਗਤ ਜੀ ਨੇ ਸਹਿਜਤਾ ਨਾਲ ਕਿਹਾ ਕਿ ਸਾਧ ਸੰਗਤ ਦੀ ਸੇਵਾ ਕਰਿਆ ਕਰੋ। ਉਹ ਨਜ਼ਦੀਕ ਹੀ ਧਰਮਿਕ ਸਥਾਨ 'ਤੇ ਸੇਵਾ ਕਰਨ ਲਗ ਪਿਆ। ਕੁਝ ਸਮੇਂ ਬਾਦ ਫਿਰ ਹਾਜ਼ਰ ਹੋਇਆ ਅਤੇ ਨਾਮ ਮੰਗਿਆ। ਭਗਤ ਜੀ ਕਹਿੰਦੇ ਬਈ ਸੇਵਾ ਕਰਿਆ ਕਰ। ਇਕ ਦਿਨ ਇਸਨੇ ਵੇਖਿਆ ਕਿ ਇਕ ਭਲਾ ਪੁਰਸ਼ ਭਗਤ ਜੀ ਤੋਂ ਨਾਮ ਲੈਣ ਲਈ



ਆਇਆ ਤਾਂ ਉਹਨਾਂ ਨੇ ਉਸੇ ਵੇਲੇ ਹੀ ਦੇ ਦਿੱਤਾ। ਪ੍ਰੇਸ਼ਾਨ ਹੋ ਗਿਆ ਅਤੇ ਕ੍ਰੋਧਿਤ ਹੋ ਕੇ ਭਗਤ ਜੀ ਨੂੰ ਕਹਿਣ ਲੱਗਾ ਕਿ ਮੈਂ ਕਿੰਨੇ ਸਮੇਂ ਦਾ ਨਾਮ ਮੰਗ ਰਿਹਾ ਹਾਂ ਅਤੇ ਉਸਨੂੰ ਤੁਸੀਂ ਇਕ ਪਲ ਵਿੱਚ ਹੀ ਦੇ ਦਿੱਤਾ। ਭਗਤ ਜੀ ਮੁਸਕਰਾ ਕੇ ਕਹਿੰਦੇ, "ਆਹ ਲੈ ਦੁਆਨੀ, ਜਾਹ ਦੁੱਧ ਲੈ ਕੇ ਆ।" ਜਦ ਉਹ ਦੁੱਧ ਲੈ ਕੇ ਆਇਆ ਤਾਂ ਭਗਤ ਜੀ ਨੇ ਗੰਦਾ ਭਾਂਡਾ ਅੱਗੇ ਕਰਦਿਆਂ ਦੁੱਧ ਪਾਉਣ ਲਈ ਕਿਹਾ। ਕਹਿੰਦਾ, "ਮਹਾਰਾਜ! ਭਾਂਡਾ ਸਾਫ ਨਹੀਂ ਦੁੱਧ ਫਟ ਜਾਵੇਗਾ।" ਭਗਤ ਜੀ ਨੇ ਦੂਜੀ ਵਾਰ ਫਿਰ ਕਿਹਾ। ਕਹਿੰਦਾ, "ਜੀ, ਭਾਂਡਾ ਠੀਕ ਨਹੀਂ, ਦੁੱਧ ਖਰਾਬ ਹੋ ਜਾਏਗਾ।" ਭਗਤ ਜੀ ਨੇ ਤੀਜਾ ਬਚਨ ਕੀਤਾ, ਭੋਲਿਆ! ਤੈਨੂੰ ਕਿੰਨੀ ਵਾਰ ਕਿਹਾ ਦੁੱਧ ਪਾ ਦੇ। ਕਹਿੰਦਾ ਮਹਾਂਰਾਜ ਭਾਂਡਾ ਗੰਦਾ ਹੈ ਦੁੱਧ ਫੱਟ ਜਾਵੇਗਾ। ਕਹਿੰਦੇ ਭਾਈ "ਤੂੰ ਦੋ ਆਨੇ ਦਾ ਦੁੱਧ ਗੰਦੇ ਭਾਂਡੇ ਵਿਚ ਨਹੀਂ ਪਾਉਂਦਾ ਤੇ ਮੈਂ ਲੱਖਾਂ ਦਾ ਹਰੀ ਦਾ ਨਾਮ ਤੇਰੇ ਗੰਦੇ ਹਿਰਦੇ (ਵਿਕਾਰਾਂ ਨਾਲ ਲਿਬੜੇ) ਵਿੱਚ ਕਿਵੇਂ ਰੱਖ ਦਿਆਂ?"

ਤਜਿ ਅਭਿਮਾਨ ਮੋਹ ਮਾਇਆ ਫੁਨਿ ਭਜਨ ਰਾਮ ਚਿਤੁ ਲਾਵਉ ॥
ਨਾਨਕ ਕਹਤ ਮੁਕਤਿ ਪੰਥ ਇਹੁ ਗੁਰਮੁਖਿ ਹੋਇ ਤੁਮ ਪਾਵਉ ॥

(ਮ:9-219)

ਸੰਤ ਬਾਬਾ ਤੀਰਥ ਸਿੰਘ ਜੀ ਕਹਿੰਦੇ ਭਾਈ ਦੁਨਿਆਵੀ ਪੈਸੇ ਬੇਸ਼ਕ ਹੋਰ ਲੈ ਲੈ ਪਰ ਹਿਰਦੈ ਵਿੱਚ ਨਾਮ ਟਿਕਾਉਣ ਲਈ ਮਿਹਨਤ ਤਾਂ ਤੈਨੂੰ ਆਪ ਹੀ ਕਰਨੀ ਪੈਣੀ ਹੈ। ਅਸੀਂ ਤਾਂ ਜੁਗਤੀ ਦਸ ਸਕਦੇ ਹਾਂ। ਜਦ ਉਸ ਮਾਰਗ 'ਤੇ ਚਲਦਿਆਂ ਤੇਰਾ ਹਿਰਦੈ ਸ਼ੁਧ ਹੋ ਜਾਵੇਗਾ, ਮਨ ਨਿਰਮਲ ਹੋ ਜਾਵੇਗਾ ਤਾਂ ਪ੍ਰਮਾਤਮਾ ਦਾ ਨਾਮ ਆਪਣੇ ਆਪ ਹੀ ਟਿਕ ਜਾਵੇਗਾ।

ਕਹੁ ਨਾਨਕ ਇਹੁ ਤਤੁ ਬੀਚਾਰਾ ॥
ਬਿਨੁ ਹਰਿ ਭਜਨ ਨਾਹੀ ਛੁਟਕਾਰਾ ॥ (ਮ:5-188)

# ਹਾਥ ਦੇਇ ਰਾਖੇ ਕਰਿ ਅਪੁਨੇ

ਜਦ ਸੰਤ ਬਾਬਾ ਤੀਰਥ ਸਿੰਘ ਜੀ ਨੇ ਰਾੜਾ ਸਾਹਿਬ ਵਾਲੇ ਸੰਤਾਂ (ਸੰਤ ਬਾਬਾ ਕਿਸ਼ਨ ਸਿੰਘ ਜੀ) ਦੀ ਕਿਰਪਾ ਨਾਲ ਸ਼ਾਮਚੁਰਾਸੀ ਦੀ ਬੀਬੀ ਸੁਦਰਸ਼ਨਾ ਦੇ ਝੋਲੀ ਪਾਏ ਰਾਹੁਲ ਨੂੰ ਜਾਪ ਕਰਨ ਲਈ ਸ਼ਬਦ ਦਿੱਤਾ

ਜੀਅ ਅੰਦਰਿ ਜੀਉ ਸਬਦੁ ਹੈ ਜਿਤੁ ਸਹ ਮੇਲਾਵਾ ਹੋਇ ॥
ਬਿਨੁ ਸਬਦੈ ਜਗਿ ਆਨ੍ੇਰੁ ਹੈ ਸਬਦੇ ਪਰਗਟੁ ਹੋਇ ॥

(ਮ:3-1250)

ਤਾਂ ਰਾਹੁਲ ਬਹੁਤ ਪ੍ਰਸੰਨ ਹੋਇਆ। ਰੋਮ ਰੋਮ ਖਿੜ ਉਠਿਆ। ਰਾਹੁਲ ਨੇ ਸੰਤਾ ਦੁਆਰਾ ਦੱਸੀ ਜੁਗਤੀ ਅਨੁਸਾਰ ਸ਼ਬਦ ਦਾ ਜਾਪ ਸ਼ੁਰੂ ਕਰ ਦਿੱਤਾ। ਇਕ ਰਾਤ ਜਦ ਰਾਹੁਲ ਸੁੱਤਾ ਪਿਆ ਸੀ ਤਾਂ ਰੋਸ਼ਨਦਾਨ ਵਿਚੋਂ ਅਦਭੁਤ ਪ੍ਰਕਾਸ਼ ਆਇਆ। ਕਮਰਾ ਰੌਸ਼ਨ ਹੋ ਗਿਆ। ਨੀਂਦ ਖੁਲ ਗਈ। ਸਭ ਪਾਸੇ ਪ੍ਰਕਾਸ਼ ਹੀ ਪ੍ਰਕਾਸ਼, ਰੌਸ਼ਨੀ ਹੀ ਰੌਸ਼ਨੀ। ਅਸਚਰਜ ਵੇਖਿਆ ਤਾਂ ਨੀਂਦ ਉਡ ਗਈ। ਅੱਖਾਂ ਵਿਚ ਨੀਂਦ ਵੀ ਤਦ ਤੱਕ ਹੀ ਹੁੰਦੀ ਹੈ ਜਦ ਤਕ ਕੋਈ ਅਸਚਰਜ ਨਹੀਂ ਵੇਖ ਲੈਂਦੀਆਂ। ਜਦ ਵੇਖ ਲੈਣ ਫਿਰ ਤਾਂ ਵਿਕਲਪ ਸ਼ੁਰੂ ਹੋ ਜਾਂਦੇ ਹਨ। ਕੁਝ ਸਮਾਂ ਵਹਿਗੁਰੂ ਵਾਹਿਗੁਰੂ ਕਰਦਾ ਰਿਹਾ ਅਤੇ ਫਿਰ ਸ਼ਬਦ ਦਾ ਜਾਪ ਕਰਨ ਲੱਗ ਪਿਆ। ਜ਼ਿਹਨ ਵਿੱਚ ਵਿਕਲਪ ਸੀ। ਸੋਚਾਂ ਦੀਆਂ ਲਹਿਰਾਂ ਬੁਧੀ ਦੇ ਕਿਨਾਰਿਆਂ ਨੂੰ ਛੁਹ ਤਾਂ ਰਹੀਆਂ ਸਨ ਪਰ ਰਾਤ ਘਟੀ ਅਸਚਰਜਤਾ ਦਾ ਭੇਤ ਨਹੀਂ ਸਨ ਪਾ ਰਹੀਆਂ ।ਜਦ ਵਿਵੇਕ ਕਿਸੇ ਵੀ ਘਟਨਾ ਦਾ ਥਹੁ ਨਹੀਂ ਪਾ ਸਕਦਾ ਤਾਂ ਹੈਰਾਨੀਅਤ ਉਪਜਦੀ ਹੈ। ਹੈਰਾਨ ਸੀ। ਵਿਚਾਰਾਂ ਦੀ ਦਲਦਲ ਵਿੱਚ ਧਸਦਾ ਹੀ ਜਾ ਰਿਹਾ ਸੀ। ਜਦ ਕੋਈ ਚਾਰਾ ਨਹੀਂ ਚੱਲਿਆ ਤਾਂ ਵਿਚਾਰਾਂ ਦਾ ਵਵੇਲਾ ਥੰਮਣ ਲਈ ਸੰਤ ਬਾਬਾ ਤੀਰਥ ਸਿੰਘ ਜੀ ਦੀ ਸ਼ਰਨ ਵਿੱਚ ਗਿਆ। ਸੰਤਾਂ ਨੇ ਮਨ ਦੀ ਗੱਲ ਜਾਣ ਕੇ ਇਸਨੂੰ ਲੰਗਰ ਛਕਣ ਭੇਜ ਦਿਤਾ। ਜਦ ਲੰਗਰ ਛਕ ਰਿਹਾ ਸੀ ਤਾਂ ਸਾਹਮਣੇ ਬੈਠੀਆਂ ਬੀਬੀਆਂ ਗੱਲਾਂ ਕਰਨ ਕਿ ਰਾਤੀਂ ਸੰਤ ਇੱਕ ਸੇਵਾਦਾਰ ਨੂੰ ਨਾਲ ਲੈ ਕੇ ਸ਼ਾਮਚੁਰਾਸੀ ਘੁੰਮਣ ਗਏ। ਸੰਤ ਆ ਕੇ ਕਹਿੰਦੇ ਰਾਤੀ 2 ਵਜੇ ਸ਼ਾਮਚੁਰਾਸੀ ਦੇ ਬੰਦੇ ਤਾਂ ਕੀ ਕੁੱਤੇ ਵੀ ਸੁੱਤੇ ਪਏ ਸਨ। ਏਨੀ ਗੱਲ ਸੁਣੀ ਤਾਂ ਰਾਹੁਲ ਲੰਗਰ ਖਾਂਦਾ ਖਾਂਦਾ ਉਠਕੇ ਖੜਾ ਹੋ ਗਿਆ। ਇਹ ਤਾਂ ਉਹੀ ਸਮਾਂ ਸੀ ਜਦ ਰਾਹੁਲ ਦਾ ਕਮਰਾ



ਪ੍ਰਕਾਸ਼ਮਾਨ ਹੋ ਗਿਆ ਸੀ। ਸੰਘ ਚੋਂ ਬੁਰਕੀ ਨਾ ਲੰਘੇ। ਖੜਾ ਹੋ ਗਿਆ। ਬਹਿਣ ਦੀ ਸਮਝ ਹੀ ਨਾ ਰਹੀ। ਸਮਝ ਨਹੀਂ ਆ ਰਹੀ ਸੀ ਕਿ ਖੁਸ਼ੀ ਵਿਚ ਹੱਸਣ ਲੱਗ ਜਾਵੇ ਜਾਂ ਰੋਣ ਲੱਗ ਜਾਵੇ। ਸਮਝ ਦੀ ਵੀ ਇਕ ਸੀਮਾ ਹੁੰਦੀ ਹੈ। ਕੰਮ ਕਾਜ ਦਾ ਖੇਤਰ ਹੁੰਦਾ ਹੈ। ਇਸ ਤੋਂ ਅੱਗੇ ਇਹ ਵੀ ਨਹੀਂ ਦੱਸ ਸਕਦੀ ਕਿ ਹੁਣ ਹੱਸਣ ਦਾ ਵੇਲਾ ਹੈ ਜਾਂ ਰੋਣ ਦਾ। ਇਸੇ ਕਰਕੇ ਜਦ ਬਹੁਤ ਖੁਸ਼ੀ ਮਿਲ ਜਾਵੇ ਤਾਂ ਵਿਅਕਤੀ ਰੋਣ ਵੀ ਲੱਗ ਪੈਂਦਾ ਹੈ। ਕਿਉਂਕਿ ਸਮਝ ਕੰਮ ਨਹੀਂ ਕਰਦੀ। ਜੇ ਮੁਹਾਰ ਹੱਸਣ ਵੱਲ ਨੂੰ ਮੁੜ ਗਈ ਤਾਂ ਹੱਸਣ ਲੱਗ ਪੈਂਦਾ ਹੈ, ਜੇ ਰੋਣ ਵੱਲ ਨੂੰ ਮੁੜ ਗਈ ਤਾਂ ਰੋਣ ਲੱਗ ਪੈਂਦਾ ਹੈ। ਰਾਹੁਲ ਨੂੰ ਸਮਝ ਨਹੀਂ ਆ ਰਹੀ ਸੀ ਕਿ ਮਹਾਪੁਰਸ਼ਾਂ ਦੀ ਮੈਂ ਨਿਮਾਣੇ 'ਤੇ ਏਨੀ ਕਿਰਪਾ। ਨਿਰੁੱਤਰ ਹੋ ਗਿਆ ਅਤੇ ਅੰਦਰ ਜਾ ਕੇ ਸੰਤਾਂ ਦੇ ਚਰਨ ਫੜ ਲਏ।

ਸੋਇ ਸੁਣੰਦੜੀ ਮੇਰਾ ਤਨੁ ਮਨੁ ਮਉਲਾ ਨਾਮੁ ਜਪੰਦੜੀ ਲਾਲੀ ॥
ਪੰਧਿ ਜੁਲੰਦੜੀ ਮੇਰਾ ਅੰਦਰੁ ਠੰਢਾ ਗੁਰ ਦਰਸਨੁ ਦੇਖਿ ਨਿਹਾਲੀ ॥

(ਮ:5-964)

ਸੰਤ ਮਹਾਂਪੁਰਸ਼ ਕੌਤਕ ਭਗਤਾਂ ਦੀ ਸ਼ਰਧਾ ਵਧਾਉਣ ਲਈ ਦਿਖਾਉਂਦੇ ਹਨ। ਸ਼ਰਧਾ ਲਈ ਬੁਧ ਦੀ ਲੋੜ ਨਹੀਂ ਹੁੰਦੀ, ਵਿਵੇਕ ਦੀ ਲੋੜ ਨਹੀਂ ਹੁੰਦੀ। ਲੋੜ ਹੈ ਹਿਰਦੈ ਵਿੱਚ ਪ੍ਰੇਮ ਦੀ । ਸ਼ਰਧਾ ਤਾਂ ਬਸ ਸ਼ਰਧਾ ਹੀ ਹੈ। ਅਹਿਸਾਸ ਹੀ ਹੈ। ਰੱਬ ਦੇ ਹੋਣ ਦਾ ਅਹਿਸਾਸ। ਰਬ ਦੀ ਕਿਰਪਾ ਦਾ ਅਹਿਸਾਸ। ਰਾਹੁਲ ਨੂੰ ਵੀ ਸੰਤਾਂ ਦੀ ਕਿਰਪਾ ਦਾ ਅਹਿਸਾਸ ਹੋ ਗਿਆ ਸੀ। ਮਨ ਵਿਚ ਅਥਾਹ ਸ਼ਰਧਾ ਉਪਜੀ। ਜਦ ਵੀ ਵਿਹਲਾ ਸਮਾਂ ਮਿਲਦਾ ਤਾਂ ਸ਼ਬਦ ਦਾ ਜਾਪ ਕਰਨ ਲੱਗ ਪੈਂਦਾ। ਚੁਬਾਰੇ ਦੀ ਛੱਤ 'ਤੇ ਤੁਰਿਆ ਫਿਰਦਾ ਸ਼ਬਦ ਨਾਲ ਜੁੜਿਆ ਰਹਿੰਦਾ।

ਤੂੰ ਸਭ ਮਹਿ ਵਰਤਹਿ ਹਰਿ ਜਗੰਨਾਥੁ ॥
ਸੇ ਹਰਿ ਜਪੈ ਜਿਸੁ ਗੁਰ ਮਸਤਕਿ ਹਾਥੁ ॥ (ਮ:4-1071)

ਇਕ ਦਿਨ ਤੜਕਸਾਰ ਇਸਦੀ ਭੈਣ ਨਵਰਿਸ਼ੀ ਨੂੰ ਸੁਪਨਾ ਆਇਆ ਕਿ ਰਾਹੁਲ ਛੱਤ 'ਤੇ ਟਹਿਲ ਰਿਹਾ ਸੀ ਅਤੇ ਛੱਤ ਡਿਗ ਪਈ। ਰਾਹੁਲ ਥੱਲੇ ਡਿਗ ਪਿਆ। ਚਾਰੇ ਪਾਸੇ ਹਾਹਾਕਾਰ ਮੱਚ ਗਈ। ਤ੍ਰਬਕ ਕੇ ਉਠੀ। ਮਾਤਾ ਪਿਤਾ ਨੂੰ ਦੱਸਿਆ। ਉਹ ਘਬਰਾਏ ਨਹੀਂ ਸਗੋਂ ਸੰਤਾਂ ਅੱਗੇ ਪ੍ਰਾਰਥਨਾ ਕੀਤੀ ਕਿ ਜਿਸ ਤਰਾਂ ਸਾਨੂੰ ਲੜ ਲਾਇਆ ਹੈ ਉਸੇ ਤਰ੍ਹਾਂ ਸਾਡੀ ਰੱਖਿਆ ਵੀ ਕਰੋ।

ਰਾਹੁਲ ਚੁਬਾਰੇ ਦੀ ਛੱਤ ’ਤੇ ਟਹਿਲ ਰਿਹਾ ਸੀ ਕਿ ਬੂਹੇ ਤੇ ਚਿੱਟੇ ਕੱਪੜੇ ਪਹਿਨੀ ਇਕ ਬਜ਼ੁਰਗ ਆਇਆ। ਰਾਹੁਲ ਚੁਬਾਰੇ ਦੀ ਛੱਤ ’ਤੇ ਖੜਾ ਬਜ਼ੁਰਗ ਨੂੰ ਵੇਖ ਰਿਹਾ ਸੀ ਅਤੇ ਬਜ਼ੁਰਗ ਥੱਲੇ ਖੜਾ ਰਾਹੁਲ ਨੂੰ ਵੇਖ ਰਿਹਾ ਸੀ। ਨਜ਼ਰ ਨਾਲ ਨਜ਼ਰ ਮਿਲੀ ਤਾਂ ਬਜ਼ੁਰਗ ਲੱਕ ’ਤੇ ਹੱਥ ਰੱਖਕੇ ਕਹਿੰਦਾ “ਬਈ ਮੇਰਾ ਤਾਂ ਲੱਕ ਹੀ ਟੁਟ ਗਿਆ। ਮੇਰੇ ਬੱਚੇ ਮੇਰੀ ਸੇਵਾ ਨਹੀਂ ਕਰਦੇ।” ਰਾਹੁਲ ਛੇਤੀ ਨਾਲ ਥੱਲੇ ਅਇਆ ਕਹਿੰਦਾ, “ਬਾਬਾ ਜੀ! ਮੈਂ ਵੀ ਤਾਂ ਤੁਹਾਡਾ ਹੀ ਬੱਚਾ ਹਾਂ। ਮੈਨੂੰ ਤਕਲੀਫ ਦੱਸੋ, ਮੈਂ ਦਵਾਈ ਲੈ ਦਿੰਦਾ ਹਾਂ।” ਉਹ ਕਹਿੰਦੇ, “ਅਸੀਂ ਦਵਾਈ ਨਹੀਂ ਖਾਂਦੇ।” ਰਾਹੁਲ ਨੇ ਛੇਤੀ ਨਾਲ ਜੇਬ ਵਿੱਚੋਂ ਪੈਸੇ ਕੱਢ ਕੇ ਅੱਗੇ ਕਰਦਿਆਂ ਕਿਹਾ, “ਰੱਖ ਲਉ, ਤੁਹਾਡੇ ਕੰਮ ਆਉਣਗੇ।” ਕਹਿੰਦੇ, “ਅਸੀਂ ਪੈਸੇ ਵੀ ਨਹੀਂ ਲੈਂਦੇ।” ਰਾਹੁਲ ਕਹਿੰਦਾ, “ਬਾਬਾ ਜੀ, ਹੋਰ ਸੇਵਾ ਦੱਸੋ। ਬਜ਼ੁਰਗ ਚੁਪ ਰਿਹਾ। ਰਾਹੁਲ ਨੂੰ ਅਡੋਲ ਖੜਾ ਵੇਖ ਰਿਹਾ ਸੀ ਜਿਵੇਂ ਕੋਈ ਸਮਾਂ ਲੰਘਾ ਰਿਹਾ ਹੋਵੇ। 2 ਕੁ ਮਿੰਟ ਇਸੇ ਤਰਾਂ ਅਡੋਲ ਖੜਾ ਰਿਹਾ ਅਤੇ ਫਿਰ ਬਿਨਾ ਕੁਝ ਕਹੇ ਗਲੀਓ ਗਲੀ ਤੇਜ਼ ਤੇਜ਼ ਲਾਂਘਾਂ ਪੁੱਟਦਾ ਹੋਇਆ ਨਿਕਲ ਗਿਆ। ਰਾਹੁਲ ਹੈਰਾਨ ਸੀ ਕਿ ਬਜ਼ੁਰਗ ਤਾਂ ਬਿਲਕੁਲ ਠੀਕ ਸੀ। ਰਾਹੁਲ ਨੇ ਅੰਦਰ ਆ ਕੇ ਸਾਰਾ ਕੁਝ ਆਪਣੀ ਮਾਤਾ ਨੂੰ ਦਸਿਆ (ਜੋ ਕੇ ਗੁਰੂ ਘਰ ਦੀ ਸੋਝੀ ਰਖਣ ਵਾਲੀ ਔਰਤ ਸੀ) ਤਾਂ ਕਹਿੰਦੀ, “ਪੁੱਤਰਾ! ਉਹ ਕੋਈ ਬਜ਼ੁਰਗ ਨਹੀਂ ਹੋ ਸਕਦਾ। ਉਹ ਤਾਂ ਬਜ਼ੁਰਗ ਰੂਪ ਵਿਚ ਤੇਰੀ ਰੱਖਿਆ ਵਾਸਤੇ ਸੰਤ ਬਾਬਾ ਤੀਰਥ ਸਿੰਘ ਜੀ ਆਪ ਆਏ ਹੋਣਗੇ। ਜੋ ਸਵੇਰੇ ਨਵਰਿਸ਼ੀ ਨੇ ਸੁਪਨੇ ਵਿਚ ਦ੍ਰਿਸ਼ਟਾਂਤ ਵੇਖਿਆ, ਉਸਦਾ ਸਮਾਂ ਲੰਘਾਉਣ ਆਏ ਹੋਣਗੇ। ਤੂੰ ਐਸੇ ਪੂਰਨ ਸੰਤਾਂ ਨੂੰ ਜਾਣ ਕਿਉਂ ਦਿੱਤਾ। ਜਾ ਜਲਦੀ ਜਾ, ਦੇਰ ਨਾ ਕਰ, ਜਿੱਥੇ ਵੀ ਕਿਤੇ ਲੱਭਦੇ ਹਨ ਲੈ ਕੇ ਆ।” ਤੇਜ਼ ਦੌੜਿਆ। ਇਧਰ ਉਧਰ ਲੱਭਿਆ। ਪਰ ਸਭ ਬੇਕਾਰ। ਮੱਥੇ ਤੇ ਹੱਥ ਮਾਰਿਆ। ਅੱਜ ਮਹਾਂਪੁਰਸ਼ ਮੇਰੀ ਰੱਖਿਆ ਕਰਨ ਵਾਸਤੇ ਆਪ ਚੱਲਕੇ ਆਏ ਅਤੇ ਮੇਰੀਆਂ ਅੱਖੀਆਂ ਪਹਿਚਾਣ ਹੀ ਨਾ ਸਕੀਆਂ। ਅੱਖੀਆਂ ਨੂੰ ਕੋਸਣ ਲੱਗਾ। ਕੋਈ ਵੀ ਘਟਨਾ ਘੱਟਣ ਲਈ ਤਿੰਨ ਚੀਜ਼ਾਂ ਦਾ ਮੇਲ ਜ਼ਰੂਰੀ ਹੈ- ਸਮਾਂ, ਸਥਾਨ ਅਤੇ ਵਿਅਕਤੀ। ਜੇ ਇਹਨਾਂ ਵਿੱਚੋਂ ਇਕ ਵੀ ਬਦਲ ਜਾਵੇ ਤਾਂ ਘਟਨਾ ਨਹੀਂ ਘਟ ਸਕਦੀ। ਜਦ ਸਮਾਂ ਆਉਂਦਾ ਤਾਂ ਅਸੀਂ ਨਾ ਚਾਹੁੰਦਿਆਂ ਹੋਇਆ ਵੀ ਉਸੇ ਸਥਾਨ ਤੇ ਪਹੁੰਚ ਜਾਂਦੇ ਹਾਂ ਜਿੱਥੇ ਘਟਨਾ ਘਟਣੀ ਹੋਵੇ। ਸਾਧੂ ਸਮੇਂ ਦੇ ਗਿਆਤਾ ਹੋਣ ਕਾਰਣ ਸਥਾਨ ਬਦਲ ਸਕਦੇ ਹਨ ਜਿਸ ਕਾਰਣ ਹੋਣ ਵਾਲੀ



ਘਟਨਾ ਟਲ ਜਾਂਦੀ ਹੈ। ਤੇ ਅੱਜ ਸੰਤਾਂ ਨੇ ਰਾਹੁਲ ਦੀ ਹੋਣੀ ਟਾਲ ਦਿੱਤੀ ਸੀ। ਰਾਹੁਲ ਦੇ ਮਨ ਨੂੰ ਸ਼ਹੁ ਪੈ ਗਿਆ। ਜਾ ਕੇ ਮਿਸਤਰੀ ਨੂੰ ਲੈ ਕੇ ਆਇਆ ਤਾਂ ਕਿ ਚੁਬਾਰੇ ਦੀ ਛੱਤ ਦੀ ਹਾਲਤ ਦਾ ਜਾਇਜ਼ਾ ਲਿਆ ਜਾ ਸਕੇ। ਜਦ ਮਿਸਤਰੀ ਨੇ ਛੱਤ ਦੇਖੀ ਤਾਂ ਬਹੁਤ ਹੈਰਾਨ ਹੋਇਆ, ਕਹਿੰਦਾ ਕਿ ਸਾਰੇ ਬਾਲੇ ਸਿਰਿਆਂ ਤੋਂ ਗਲ਼ ਚੁਕੇ ਹਨ, ਛੱਤ ਵਿੱਚ ਬਿਲਕੁਲ ਜਾਨ ਨਹੀਂ ਇਹ ਤਾਂ ਹੁਣ ਤੱਕ ਡਿਗ ਪੈਣੀ ਚਾਹੀਦੀ ਸੀ। ਮੈਨੂੰ ਇਹ ਨਹੀਂ ਸਮਝ ਆਉਂਦੀ ਕਿ ਖੜੀ ਕਿਸਦੇ ਆਸਰੇ ਹੈ। ਮਨਮੁੱਖ ਸੀ। ਸਮਝ ਨਹੀਂ ਸਕਦਾ ਸੀ। ਵਾਰ ਵਾਰ ਇਹੋ ਹੀ ਸੋਚ ਰਿਹਾ ਕਿ ਛੱਤ ਖੜੀ ਕਿਸਦੇ ਆਸਰੇ ਹੈ। ਮਨਮੁਖਾਂ ਮੁਤਾਬਕ ਛੱਤ ਤਾਂ ਸਿਰਫ ਬਾਲਿਆਂ- ਗਾਡਰਾਂ ਦੇ ਆਸਰੇ ਹੀ ਖੜ ਸਕਦੀ ਹੈ। ਜਿਸ ਆਸਰੇ ਸਾਰੀ ਸ੍ਰਿਸ਼ਟੀ ਖੜੀ ਹੈ ਉਸ ਕਾਦਰ ਦੀ ਕੁਦਰਤ ਦੀ ਸਮਝ ਨਹੀਂ ਸੀ। ਰਾਹੁਲ ਨੂੰ ਸਮਝ ਲੱਗ ਗਈ। ਜਦ ਮਿਸਤਰੀ ਨੇ ਕਿਹਾ ਕਿ ਇਹ ਖੜੀ ਕਿਸਦੇ ਆਸਰੇ ਹੈ? ਤਾਂ ਰਾਹੁਲ ਹੱਥ ਜੋੜ ਕੇ ਕਹਿੰਦਾ, “ਇਹ ਛੱਤ ਸੰਤ ਬਾਬਾ ਤੀਰਥ ਸਿੰਘ ਜੀ ਦੇ ਆਸਰੇ ਖੜੀ ਹੈ। ਉਹਨਾਂ ਦੁਆਰਾ ਬਖਸ਼ਿਸ਼ ਕੀਤੇ ਸ਼ਬਦ ਦੇ ਆਸਰੇ ਖੜੀ ਹੈ।” ਹੋਰ ਬੋਲਿਆ ਨਹੀਂ ਗਿਆ। ਅੱਖਾਂ ਸੇਜਲ ਹੋ ਗਈਆਂ। ਅਧੂਰਾ ਮੂੰਹ ਪੂਰਨ ਗੁਰੂ ਨੂੰ ਕਿਸ ਤਰ੍ਹਾਂ ਵਖਿਆਨ ਕਰਦਾ, ਬੇਨਤੀ ਹੀ ਕਰ ਸਕਦਾ ਹੈ:

ਹਮਰੀ ਗਣਤ ਨਾ ਗਣੀਆ ਕਾਈ ਆਪਣਾ ਬਿਰਦੁ ਪਛਾਣਿ ॥
ਹਾਥ ਦੇਇ ਰਾਖੇ ਕਰਿ ਅਪੁਨੇ ਸਦਾ ਸਦਾ ਰੰਗੁ ਮਾਣਿ ॥

(ਮ:5-619)

ਧੰਨ ਧੰਨ ਸੰਤ ਬਾਬਾ ਤੀਰਥ ਸਿੰਘ ਜੀ ਮਹਾਰਾਜ।

# ਐਥੇ ਮਿਲਨਿ ਵਡਿਆਈਆਂ

ਜਦ ਪਿੰਡ ਕਹੁਜੇ ਤੋਂ ਭਾਈ ਦਰਸ਼ਨ ਸਿੰਘ (ਜੋ ਪੰਜਾ ਪਿਆਰਿਆਂ ਵਿੱਚ ਸੇਵਾ ਕਰਦਾ ਸੀ) ਨੇ ਨਵੇਂ ਸਾਲ ਵਾਲੇ ਦਿਨ ਨਵੀਂ ਗੱਲ ਸੁਣਾਉਣ ਲਈ ਕਿਹਾ ਤਾਂ ਸੰਤ ਬਾਬਾ ਤੀਰਥ ਸਿੰਘ ਜੀ ਕਹਿੰਦੇ, "ਪ੍ਰਮਾਤਮਾ ਨੂੰ ਇੰਝ ਮਹਿਸੂਸ ਕਰੋ ਜਿਵੇਂ ਤੁਹਾਡੇ ਮਾਤਾ ਪਿਤਾ ਹੋਣ।" ਕਿਉਂਕਿ:

ਜੈਸਾ ਬਾਲਕੁ ਭਾਇ ਸੁਭਾਈ ਲਖ ਅਪਰਾਧ ਕਮਾਵੈ ॥
ਕਰਿ ਉਪਦੇਸੁ ਝਿੜਕੇ ਬਹੁ ਭਾਤੀ ਬਹੁੜਿ ਪਿਤਾ ਗਲਿ ਲਾਵੈ ॥
(ਮ:5-624)

ਅਜਿਹਾ ਕਰਕੇ ਅਸੀਂ ਦੁੱਖਾਂ ਸਮੇਂ ਵੀ ਪ੍ਰਮਾਤਮਾ ਦੀ ਗੋਦ ਦਾ ਨਿੱਘ ਮਾਣ ਸਕਦੇ ਹਾਂ। ਇਕ ਪ੍ਰੇਮੀ ਜਦ ਵੀ ਤੁਰਦਾ ਤਾਂ ਦੋ ਪੈੜਾਂ ਦੇ ਨਿਸ਼ਾਨ ਹੁੰਦੇ। ਇਕ ਆਪਣੇ ਪੈਰਾਂ ਦਾ ਅਤੇ ਦੂਜਾ ਪ੍ਰਮਾਤਮਾ ਦੇ ਪੈਰਾਂ ਦਾ। ਪ੍ਰਮਾਤਮਾ ਹਰ ਪਲ ਉਸਦੇ ਸਾਥ ਤੁਰਦਾ। ਸਾਏ ਦੀ ਤਰਾਂ ਰਹਿੰਦਾ। ਉਸਨੂੰ ਕਦੇ ਇਕੱਲਿਆਂ ਮਹਿਸੂਸ ਨਾ ਹੋਣ ਦਿੰਦਾ। ਇਕ ਵਾਰ ਇਸ ਉੱਤੇ ਬਹੁਤ ਭਾਰੀ ਮੁਸੀਬਤ ਆਈ। ਜਦ ਮੁਸੀਬਤ ਆਈ ਤਾਂ ਕੀ ਵੇਖਦਾ ਕਿ ਅੱਗੇ ਜਦ ਉਹ ਤੁਰਦਾ ਸੀ ਤਾਂ ਦੋ ਪੈੜਾਂ ਦੇ ਨਿਸ਼ਾਨ ਹੋਇਆ ਕਰਦੇ ਸਨ ਅਤੇ ਹੁਣ ਸਿਰਫ ਇਕ ਪੈੜ ਦਾ ਨਿਸ਼ਾਨ ਹੀ ਰਹਿ ਗਿਆ। ਬਹੁਤ ਹੈਰਾਨ ਹੋਇਆ ਕਿ ਦੁੱਖ ਸਮੇਂ ਪ੍ਰਮਾਤਮਾ ਵੀ ਸਾਥ ਛੱਡ ਗਿਆ। ਉਹ ਵੀ ਆਮ ਲੋਕਾਂ ਵਾਂਗ ਹੀ ਨਿਕਲਿਆ। ਮੁਸੀਬਤ ਟਲ ਗਈ। ਪਰ ਇਹ ਨਿਰਾਸ਼ ਹੋ ਗਿਆ। ਮਨੋ ਦੁਖੀ ਹੋ ਗਿਆ। ਜਦ ਇਕ ਸਵੇਰ ਇਹ ਸੈਰ ਕਰਨ ਗਿਆ ਤਾਂ ਇਸਨੂੰ ਪ੍ਰਮਾਤਮਾ ਮਿਲਿਆ। ਇਹ ਬਹੁਤ ਗੁਸੇ ਨਾਲ ਬੋਲਿਆ, "ਤੂੰ ਕੈਸਾ ਪ੍ਰਮਾਤਮਾ ਹੈ ਜਦ ਸੁੱਖ ਸਨ ਤਾਂ ਮੇਰੇ ਕਦਮਾਂ ਨਾਲ ਕਦਮ ਮਿਲਾ ਕੇ ਚਲਦਾ ਰਿਹਾ, ਜਦ ਦੁੱਖ ਆਏ ਤਾਂ ਸਾਥ ਛੱਡ ਗਿਆ।" ਪ੍ਰਮਾਤਮਾ ਨੇ ਬੜੀ ਸਹਿਜਤਾ ਨਾਲ ਉੱਤਰ ਦਿੱਤਾ, "ਪੁੱਤਰ ਜਦ ਬਿਪਤਾ ਆਈ ਤਾਂ ਸਾਰੇ ਪਾਸੇ ਅੱਗ ਹੀ ਅੱਗ ਸੀ। ਮੈਂ ਇਸ ਡਰੋਂ ਕਿ ਕਿਤੇ ਸੇਕ ਨਾ ਲੱਗ ਜਾਵੇ, ਤੈਨੂੰ ਆਪਣੀ ਗੋਦ ਵਿੱਚ ਚੁਕ ਲਿਆ। ਇਹ ਸੱਚ ਹੈ ਕਿ ਉਸ ਵਕਤ ਇਕੋ ਹੀ ਪੈੜਾਂ ਦੇ ਨਿਸ਼ਾਨ ਸਨ। ਪਰ ਜੋ ਕਦਮਾਂ ਦੇ ਨਿਸ਼ਾਨ ਤੂੰ ਦੇਖ ਰਿਹਾ ਸੀ ਮੇਰੇ ਸਨ ਤੈਨੂੰ ਤਾਂ ਮੈਂ ਆਪਣੀ ਗੋਦ ਵਿੱਚ ਚੁੱਕਿਆ ਹੋਇਆ ਸੀ।"



ਪਿੰਡ ਸੂਸਾ ਦੇ ਭਾਈ ਮਲਕੀਤ ਸਿੰਘ ਅਤੇ ਬੀਬੀ ਗੁਰਦੇਵ ਕੌਰ ਨੇ ਵੀ ਅਜਿਹਾ ਹੀ ਪਿਆਰ ਪਾਇਆ ਹੋਇਆ ਸੀ ਕਿ ਮੁਸੀਬਤ ਸਮੇਂ ਖੁਦ ਨੂੰ ਸੰਤਾਂ ਦੀ ਗੋਦ ਵਿੱਚ ਮਹਿਸੂਸ ਕਰਦੇ ਸਨ। ਇਕ ਦਿਨ ਜਦ ਇਹਨਾਂ ਦੀ ਮੱਝ ਨੇ ਖੜਿਆਂ ਖੜਿਆਂ ਹੀ ਪ੍ਰਾਣ ਤਿਆਗ ਦਿੱਤੇ ਤਾਂ ਏਨਾ ਦੁੱਖ ਹੋਇਆ ਕਿ ਰੋਣ ਲੱਗ ਪਏ। ਜਦ ਅੱਖਰ ਮਨ ਵਿਚਲੇ ਦਰਦ ਨੂੰ ਬਾਹਰ ਲਿਆਉਣ ਵਿਚ ਅਸਮਰੱਥ ਹੋ ਜਾਂਦੇ ਹਨ ਜਾਂ ਦੁੱਖ ਨੂੰ ਉਸ ਵੇਗ ਨਾਲ ਬਾਹਰ ਲਿਆਉਣ ਦੇ ਯੋਗ ਨਹੀਂ ਰਹਿੰਦੇ ਜਿਸ ਨਾਲ ਅੰਦਰ ਫੁਟ ਰਿਹਾ ਹੋਵੇ ਤਾਂ ਹੰਝੂ ਮਾਧਿਅਮ ਬਣ ਜਾਂਦੇ ਹਨ ਅਤੇ ਦੁੱਖ ਹੰਝੂ ਬਣ ਬਣ ਬਾਹਰ ਆਉਣ ਲੱਗ ਪੈਂਦਾ ਹੈ। ਜਦ ਢਾਰਸ ਨਹੀਂ ਬੱਝਿਆ ਤਾਂ ਸੰਤ ਬਾਬਾ ਤੀਰਥ ਸਿੰਘ ਜੀ ਨੂੰ ਮਿਲਣ ਗੁਰਦੁਆਰਾ ਈਸ਼ਰਪੁਰੀ ਸਾਹਿਬ ਵਿਖੇ ਆ ਗਏ। ਸੰਤ ਬਾਹਰ ਟਹਿਲ ਰਹੇ ਸਨ। ਜਾਣੀਜਾਣ ਮਹਾਪੁਰਸ਼ ਇਹਨਾਂ ਨੂੰ ਦੂਰੋਂ ਹੀ ਵੇਖਕੇ ਕਹਿੰਦੇ, "ਕੋਈ ਗੱਲ ਨਹੀਂ ਬੁਢੀ ਹੋ ਗਈ ਸੀ।" ਸੋਚਣ ਲੱਗ ਪਏ ਕਿ ਅਸੀਂ ਤਾਂ ਦੁੱਖ ਦੱਸਣ ਆਏ ਸੀ, ਸੰਤ ਤਾਂ ਪਹਿਲਾਂ ਹੀ ਜਾਣਦੇ ਹਨ। ਜੋ ਕਹਿਣ ਆਏ ਸਨ ਭੁੱਲ ਗਿਆ। ਜੋ ਨਹੀਂ ਕਹਿਣ ਆਏ ਸਨ, ਯਾਦ ਆ ਗਿਆ। ਹੱਥ ਜੋੜਕੇ ਖੜ ਗਏ:

ਮੋਹ ਭਰਮ ਬੂਡਤ ਘਣੋ ਮਹਾ ਨਰਕ ਮਹਿ ਵਾਸ ॥
ਕਰਿ ਕਿਰਪਾ ਪ੍ਰਭ ਰਾਖਿ ਲੇਹੁ ਨਾਨਕ ਤੇਰੀ ਆਸ ॥ (ਮ:5-297)

ਏਨਾ ਪ੍ਰੇਮ ਪਿਆ ਕਿ ਬੀਬੀ ਗੁਰਦੇਵ ਕੌਰ ਬਿਨ ਨਾਗਾ ਸੇਵਾ 'ਤੇ ਆਉਣ ਲੱਗੀ। ਕੰਮਾਂ ਤੋਂ ਵਿਹਲਾ ਹੋ ਕਦੇ ਕਦੇ ਭਾਈ ਮਲਕੀਤ ਸਿੰਘ ਵੀ ਆ ਜਾਇਆ ਕਰਦਾ। ਬੀਬੀ ਨੇ ਰੋਜ਼ਾਨਾ ਬਸ ਫੜਨੀ ਅਤੇ ਸੇਵਾ ਵਿੱਚ ਆ ਜਾਣਾ। ਜੇ ਕਦੇ ਬਸ ਨਹੀਂ ਵੀ ਮਿਲਣੀ ਤਾਂ ਪੈਦਲ ਹੀ ਪਹੁੰਚ ਜਾਣਾ। ਇਸ ਤਰਾਂ ਲੱਗਣਾ ਜਿਵੇਂ ਸੰਤ ਸਾਹੀਂ ਵਿਸਮਦੇ ਹੋਣ। ਤੁਰਦਿਆਂ ਨਾਲ ਤੁਰਦੇ ਹੋਣ, ਬੈਠਦਿਆਂ ਨਾਲ ਬੈਠਦੇ ਹੋਣ ਅਤੇ ਉਠਦਿਆਂ ਨਾਲ ਉਠ ਪੈਂਦੇ ਹੋਣ। ਇਕ ਬਾਰ ਬੀਬੀ ਜਦ ਗੁਰਦੁਆਰਾ ਮਨੀਕਰਨ ਸਾਹਿਬ ਵਿਖੇ ਦਰਸ਼ਨਾ ਲਈ ਗਈ ਤਾਂ ਉਥੋਂ ਦੇ ਮੁਖ ਸੇਵਕ "ਦੇਵਾ ਜੀ" ਨੇ ਬਹੁਤ ਮਾਣ ਸਤਿਕਾਰ ਕੀਤਾ। ਏਨਾ ਮਾਣ ਕਿ ਸਾਰੀ ਭੀੜ ਵਿਚੋਂ ਆਵਾਜ਼ ਮਾਰਕੇ ਉੱਚੀ ਜਗ੍ਹਾ 'ਤੇ ਬਿਠਾਇਆ। ਰੋਮ ਰੋਮ ਖਿੜ ਗਿਆ। ਏਨੀ ਖੁਸ਼ੀ ਮਿਲੀ ਕਿ ਆਪੇ ਵਿਚ ਸਮਾਉਣੀ ਮੁਸ਼ਕਿਲ ਹੋ ਗਈ। ਜਦ ਵਾਪਸ ਆ ਕੇ ਸੰਤ ਬਾਬਾ ਤੀਰਥ ਸਿੰਘ ਦੀ ਦੇ ਦਰਸ਼ਨ ਕਰਨ ਗਈ ਤਾਂ ਸੰਤ

ਕਹਿੰਦੇ, "ਬਈ ਉਹ ਤਾਂ ਆਪਣੇ ਸੇਵਕਾਂ ਨੂੰ ਉੱਚੇ ਥਾਂ ਬਿਠਾਉਂਦਾ ਹੈ।"

ਸਤਿਗੁਰ ਕੀ ਸੇਵਾ ਚਾਕਰੀ ਸੁਖੀ ਹੂੰ ਸੁਖ ਸਾਰੁ ॥
ਐਥੈ ਮਿਲਨਿ ਵਡਿਆਈਆਂ ਦਰਗਹ ਮੋਖ ਦੁਆਰੁ ॥ (ਮ: 3-586)

ਤੇ ਹੁਣ ਬੀਬੀ ਗੁਰਦੇਵ ਕੌਰ ਨੂੰ ਸਮਝ ਆਇਆ ਕਿ 'ਦੇਵਾ ਜੀ' ਨੇ ਉਸਨੂੰ ਐਨਾ ਸਨਮਾਨ ਕਿਉਂ ਦਿੱਤਾ ਸੀ। ਜਿਸ ਤਰ੍ਹਾਂ ਹਵਾ ਦਾ ਸਾਥ ਪਾ ਕੇ ਧੂੜ ਅਸਮਾਨ ਤੇ ਪਹੁੰਚ ਜਾਂਦੀ ਹੈ ਉਸੇ ਤਰ੍ਹਾਂ ਸਾਧ ਸੰਤ ਦੀ ਸੇਵਾ ਵੀ ਨਿਮਾਣਿਆਂ ਨੂੰ ਮਾਣ ਬਖ਼ਸ਼ਦੀ ਹੈ। ਮਨਮੁਖਾਂ ਨੂੰ ਗੁਰਮੁਖ ਬਣਾ ਦਿੰਦੀ ਹੈ। ਪਾਪੀਆਂ ਨੂੰ ਪੁੰਨੀ ਬਣਾ ਦਿੰਦੀ ਹੈ ਅਤੇ ਅਧਰਮੀਆਂ ਨੂੰ ਧਰਮ ਸਿਖਾ ਦਿੰਦੀ ਹੈ। ਇਸੇ ਲਈ ਬੁਲੇਸ਼ਾਹ ਜੀ ਕਹਿੰਦੇ ਹਨ:

ਰਾਤੀ ਜਾਗੇ ਕਰੇ ਇਬਾਦਤ, ਰਾਤੀ ਜਾਗਣ ਕੁੱਤੇ। ਤੈਥੋਂ ਉੱਤੇ।
ਭੌਂਕਣ ਬੰਦ ਮੂਲ ਨਾ ਹੁੰਦੇ, ਜਾ ਰੂੜੀ 'ਤੇ ਸੁੱਤੇ। ਤੈਥੋਂ ਉੱਤੇ।
ਖਸਮ ਆਪਣੇ ਦਾ ਦਰ ਨਾ ਛਡਦੇ, ਭਾਵੇਂ ਵੱਜਣ ਜੁੱਤੇ। ਤੈਥੋਂ ਉੱਤੇ।
ਬੁਲੇਸ਼ਾਹ ਕੋਈ ਰਖਤ ਵਿਹਾਜ ਲੈ, ਨਹੀਂ ਤੇ ਬਾਜੀ ਲੈ ਗਏ ਕੁੱਤੇ। ਤੈਥੋਂ ਉੱਤੇ।
(ਬਾਬਾ ਬੁੱਲੇਸ਼ਾਹ ਜੀ)

ਪਿੰਡ ਰਹਿਸੀਵਾਲ ਤੋਂ ਭਾਈ ਇੰਦਰਜੀਤ ਸਿੰਘ ਅਤੇ ਬੀਬੀ ਕਸ਼ਮੀਰ ਕੌਰ ਵੀ ਐਸੇ ਹੀ ਦਰ ਦੀ ਭਾਲ ਵਿਚ ਸਨ ਜੋ ਕਾਵਾਂ ਤੋਂ ਹੰਸ ਬਣਾ ਦਿੰਦਾ ਹੋਵੇ। ਜੋ ਅੰਮ੍ਰਿਤ ਤੋਂ ਬਿਖ ਅਤੇ ਬਿਖ ਤੋਂ ਅੰਮ੍ਰਿਤ ਬਣਾ ਸਕਣ ਦੇ ਸਮਰੱਥ ਹੋਵੇ ਅਤੇ ਜਿਸਦੇ ਬਲਿਹਾਰ ਜਾਇਆ ਜਾ ਸਕੇ। ਅਜਿਹਾ ਦਰ ਭਾਲਦੇ ਭਾਲਦੇ ਜਦ ਇਹ ਸੰਤ ਬਾਬਾ ਤੀਰਥ ਸਿੰਘ ਜੀ ਕੋਲ ਪਹੁੰਚੇ ਤਾਂ

ਮਿਠ ਬੋਲੜਾ ਜੀ ਹਰਿ ਸਜਣੁ ਸੁਆਮੀ ਮੋਰਾ ॥ (ਮ:5-784)

ਬੋਲਾਂ ਵਿਚਲੀ ਮਿਠਾਸ ਮਹਿਸੂਸ ਕਰਕੇ ਹੀ ਨਿਹਾਲ ਹੋ ਗਏ। ਏਨਾ ਨਿਹਾਲ ਹੋ ਗਏ ਕਿ ਸੰਤਾਂ ਨੇ ਜਦ ਆਉਣ ਦਾ ਕਾਰਨ ਪੁੱਛਿਆ ਤਾਂ ਆਪ ਮੁਹਾਰੇ ਹੀ ਮੂੰਹ ਵਿੱਚੋਂ ਨਿਕਲਿਆ

ਰਾਜੁ ਨਾ ਚਾਹਉ ਮੁਕਤਿ ਨਾ ਚਾਹਉ ਮਨਿ ਪ੍ਰੀਤਿ ਚਰਨ ਕਮਲਾਰੇ ॥
(ਮ:5-534)

ਅਤੇ ਨਾਲ ਹੀ ਬੇਨਤੀ ਕੀਤੀ ਕਿ ਮਹਾਰਾਜ ਸਾਨੂੰ ਗੁਰੂ ਵਾਲੇ ਬਣਾ ਦਿਓ। ਸੰਤਾਂ ਦੀ ਇਹੀ ਖਾਸੀਅਤ ਸੀ ਕਿ ਜਦ ਕੋਈ ਅੰਮ੍ਰਿਤ ਅਭਿਲਾਸ਼ੀ ਕਾਹਲੀ



ਵਿਚ ਹੁੰਦਾ ਤਾਂ ਇਕੱਲੇ ਨੂੰ ਵੀ ਅੰਮ੍ਰਿਤ ਛਕਾ ਦਿੰਦੇ ਸਨ। ਜਦ ਸੰਤ ਕਹਿੰਦੇ ਸਵੇਰੇ ਸੱਤ ਵਜੇ ਤੋਂ ਪਹਿਲਾਂ ਪਹੁੰਚ ਸਕਦੇ ਹੋ ਤਾਂ ਗੁਰੂ ਘਰ ਦੀ ਸੋਝੀ ਰੱਖਣ ਵਾਲੀ ਬੀਬੀ ਕਸ਼ਮੀਰ ਕੌਰ ਕਹਿੰਦੀ, "ਜੇ ਤਾਂ ਹੋਈ ਤੁਹਾਡੀ ਕਿਰਪਾ ਫਿਰ ਤਾਂ ਪਹੁੰਚ ਜਾਵਾਂਗੇ ਪਰ ਜੇ ਕਿਤੇ ਸਾਡੀ ਹਉਮੈ ਰਾਹ ਵਿੱਚ ਆ ਗਈ ਫਿਰ ਨਹੀਂ ਜੇ ਪਹੁੰਚਦੇ ।" ਮਹਾਂਪੁਰਸ਼ ਬਹੁਤ ਖੁਸ਼ ਹੋਏ ਅਤੇ ਅਗਲੀ ਸਵੇਰ ਦੋਹਾਂ ਪ੍ਰੇਮੀਆਂ ਨੂੰ ਅੰਮ੍ਰਿਤ ਦੀ ਦਾਤ ਬਖਸ਼ ਦਿਤੀ। ਜਦ ਬੇਅੰਤ ਦਿਆਲ ਹੋਏ ਮਹਾਪੁਰਸ਼ਾਂ ਨੇ ਕੁਝ ਮੰਗਣ ਲਈ ਕਿਹਾ ਤਾਂ ਬੀਬੀ ਕਸ਼ਮੀਰ ਕੌਰ ਨੇ ਇਹੋ ਹੀ ਮੰਗਿਆ:

ਵਿਣੁ ਤੁਧੁ ਹੋਰ ਜਿ ਮੰਗਣਾ ਸਿਰਿ ਦੁਖਾ ਕੈ ਦੁਖ ॥
ਦੇਹਿ ਨਾਮੁ ਸੰਤੋਖੀਆ ਉਤਰੈ ਮਨ ਕੀ ਭੁਖ ॥ (ਮ:5-958)

ਇਹਨਾਂ ਨੂੰ ਔਲਾਦ ਦੀ ਥੁੜ ਸੀ। ਮਹਾਂਪੁਰਸ਼ਾਂ ਦੇ ਲੜ ਲੱਗ ਕੇ ਏਨਾ ਆਨੰਦ ਆਇਆ ਕਿ ਸਭ ਥੁੜਾਂ, ਸਭ ਘਾਟਾਂ ਦੀ ਭੁੱਖ ਹੀ ਉੱਤਰ ਗਈ। ਮਰਨ ਮਰਨ ਵਿਚ ਫਰਕ ਹੁੰਦਾ ਹੈ ਜੀਣ ਜੀਣ ਵਿਚ ਫਰਕ ਹੁੰਦਾ ਹੈ ਅਤੇ ਆਨੰਦ ਆਨੰਦ ਵਿਚ ਫਰਕ ਹੁੰਦਾ ਹੈ। ਐਸਾ ਆਨੰਦ ਆਇਆ, ਐਸਾ ਆਨੰਦ ਆਇਆ ਕਿ ਸਾਧ ਸੰਗਤ ਦੀ ਸੇਵਾ ਕਰਨਾ ਹੀ ਜੀਵਨ ਬਣ ਗਿਆ।

# ਗੁਰਮੁਖਿ ਕੋਟਿ ਉਧਾਰਦਾ

ਪਿੰਡ ਵਾਹਿਦ ਦੀ ਬੀਬੀ ਜਗਦੀਸ਼ ਕੌਰ 'ਤੇ ਪਰਮੇਸ਼ਰ ਦੀ ਐਸੀ ਕਰੋਪੀ ਹੋਈ ਕਿ ਸਾਰਾ ਪਰਿਵਾਰ ਹੀ ਬਿਮਾਰ ਰਹਿਣ ਲੱਗਾ। ਕਿਸੇ ਨੂੰ ਆਵਾਜ਼ਾਂ ਸੁਣਨੀਆਂ ਅਤੇ ਕਿਸੇ ਦਾ ਸੁੱਤੇ ਪਿਆਂ ਮੰਜਾ ਉਪਰ ਨੂੰ ਚੁੱਕ ਹੋਣਾ। ਕਿਸੇ ਨੂੰ ਪੌਣ ਆ ਜਾਣੀ ਅਤੇ ਕਿਸੇ ਨੂੰ ਹਵਾ ਵਿੱਚ ਅਕ੍ਰਿਤੀਆਂ ਵਿਖਾਈ ਦੇਣੀਆਂ। ਹਾਲਾਤ ਐਨੇ ਨਾਜ਼ੁਕ ਹੋ ਗਏ ਕਿ ਆਪਣੇ ਪ੍ਰਛਾਵੇਂ ਤੋਂ ਵੀ ਡਰਨ ਲੱਗੇ। ਕਬੀਰ ਜੀ ਕਹਿੰਦੇ ਹਨ:

ਕਬੀਰ ਜਾ ਘਰ ਸਾਧ ਨ ਸੇਵੀਅਹਿ ਹਰਿ ਕੀ ਸੇਵਾ ਨਾਹਿ ॥
ਤੇ ਘਰ ਮਰਹਟ ਸਾਰਖੇ ਭੂਤ ਬਸਹਿ ਤਿਨ ਮਾਹਿ ॥
(ਕਬੀਰ ਜੀ, 1374)

ਘਰ ਭੂਤਾਂ ਦਾ ਰੈਣ ਬਸੇਰਾ ਬਣ ਗਿਆ। ਘਰ ਦੇ ਤਿੰਨ ਜੀਅ ਖੇਲਣ ਲੱਗ ਪਏ। ਵੇਖਣ ਵਾਲਿਆਂ ਨੇ ਸਮਝਣਾ ਕਿ ਇਹ ਸਾਰੇ ਪਾਗਲ ਹੋ ਗਏ ਹਨ। ਜਦ ਵੀ ਕਿਤੇ ਕਥਾ ਵਿੱਚ ਜਾਂ ਕੀਰਤਨ ਵਿੱਚ ਜਾਣਾ ਤਾਂ ਪੌਣ ਆ ਜਾਣੀ। ਸੰਗਤ ਨੇ ਉਠਕੇ ਚਲੇ ਜਾਣਾ। ਸਾਰਾ ਪਰਿਵਾਰ ਏਨਾ ਡਰ ਗਿਆ ਕਿ ਕਥਾ ਕੀਰਤਨ ਵਿੱਚ ਵੀ ਜਾਣਾ ਛੱਡ ਦਿੱਤਾ। ਪੌਣ ਆਉਣ ਸਮੇਂ ਇਕ ਲੜਕੇ ਦੀ ਹਾਲਤ ਤਾਂ ਏਨੀ ਖਰਾਬ ਹੋ ਜਾਣੀ ਕਿ ਹੱਥ ਪੈਰ ਹੀ ਆਕੜ ਜਾਂਦੇ। ਘਰ ਤੋਂ ਨਫ਼ਰਤ ਹੋ ਗਈ। ਇਕ ਦੂਜੇ ਤੋਂ ਨਫ਼ਰਤ ਹੋ ਗਈ। ਇਥੋਂ ਤੱਕ ਕਿ ਆਪਣੇ ਆਪ ਤੋਂ ਵੀ ਨਫ਼ਰਤ ਹੋ ਗਈ। ਸਭ ਚਲਦੀਆਂ ਫਿਰਦੀਆਂ ਲਾਸ਼ਾਂ ਬਣ ਗਈਆਂ। ਜਦ ਵਹਿਮਾਂ ਭਰਮਾਂ ਦੇ ਦੌਰ ਚੋਂ ਗੁਜ਼ਰਦੇ ਗੁਜਰਦੇ ਗੁਰਦੁਆਰਾ ਈਸ਼ਰਪੁਰੀ ਸਾਹਿਬ ਪਹੁੰਚੇ ਤਾਂ ਕੀਰਤਨ ਚਲ ਰਿਹਾ ਸੀ। ਜਾਂਦੇ ਹੀ ਖੇਲਣ ਲੱਗ ਪਏ। ਬੜੀ ਨਮੋਸ਼ੀ ਆਈ। ਮਨ ਵਿਚ ਵਿਚਾਰ ਆਇਆ ਕਿ ਸੰਗਤ ਕੀ ਸੋਚੇਗੀ। ਜਦ ਨਮਸ਼ਕਾਰ ਕਰਕੇ ਬੈਠੇ ਤਾਂ ਸੰਤ ਕਹਿੰਦੇ ਤੁਹਾਨੂੰ ਕੁਝ ਕੀਤਾ ਕਰਾਇਆ ਨਹੀਂ ਹੈ, ਸਭ ਕਰਮਾਂ ਵਿਚ ਫਰਕ ਹੈ। ਜਦ ਪੁੰਨ ਵਧ ਜਾਂਦੇ ਹਨ ਪਾਪ ਘਟ ਜਾਂਦੇ ਹਨ ਤਾਂ ਸੁੱਖ ਮਿਲਦਾ ਹੈ। ਜਦ ਪਾਪ ਵਧ ਜਾਂਦੇ ਹਨ ਤਾਂ ਦੁੱਖ ਮਿਲਦਾ ਹੈ। ਕਿਉਂਕਿ

ਦੁਖੁ ਤਦੇ ਜਾ ਵਿਸਰਿ ਜਾਵੈ ॥ (ਮ:5-98)

ਸਿਮਰਨ ਅਤੇ ਸੇਵਾ ਕਰਿਆ ਕਰੋ। ਜਦ ਪੁੰਨ ਵਧ ਜਾਣਗੇ ਤਾਂ ਤੁਹਾਨੂੰ ਸੁੱਖ ਮਿਲ ਜਾਵੇਗਾ। ਸੰਤਾਂ ਨੇ ਗੁਰਦੁਆਰਾ ਸਾਹਿਬ ਤੋਂ ਕੁੰਭ ਦਾ ਅੰਮ੍ਰਿਤ ਲਿਜਾ ਕੇ



ਪੀਣ ਅਤੇ ਘਰ ਛਿੱਟਾ ਦੇਣ ਲਈ ਕਿਹਾ। ਰੋਜ਼ਾਨਾ ਜੋੜੇ ਸਾਫ ਕਰਨ ਦੀ ਸੇਵਾ ਲਾਈ। ਨਿਤਨੇਮ ਕਰਨ ਅਤੇ ਕਥਾ ਵਿਚਾਰ ਸੁਣਨ ਲਈ ਕਿਹਾ। ਸਾਰਾ ਪਰਿਵਾਰ ਸੰਤਾਂ ਦੁਆਰਾ ਦੱਸੀ ਜੁਗਤੀ ਅਨੁਸਾਰ ਚੱਲਕੇ ਠੀਕ ਹੋਣ ਉਪਰੰਤ ਜਦ ਸ਼ੁਕਰਾਨੇ ਲਈ ਆਇਆ ਤਾਂ ਸੰਤ ਕਹਿੰਦੇ ਕਿ:

ਸੁਣਿਕੈ ਜਮ ਕੇ ਦੂਤ ਨਾਇ ਤੇਰੈ ਛਡਿ ਜਾਹਿ ॥ (ਮ:5-962)

ਤਾਂ ਭੂਤ-ਪ੍ਰੇਤ ਆਤਮਾਵਾਂ ਕਿਸਦੀਆਂ ਵਿਚਾਰੀਆਂ ਹਨ। ਇਸੇ ਤਰ੍ਹਾਂ ਜਦ ਕਹੂਜੇ ਪਿੰਡ ਤੋਂ ਬੀਬੀ ਗੁਰਦੇਵ ਕੌਰ 'ਤੇ ਸਭ ਡਾਕਟਰੀ ਇਲਾਜ ਫੇਲ ਹੋ ਗਏ ਤਾਂ ਕਿਸੇ ਸਿਆਣੇ ਦੁਆਰਾ ਖਾਧੇ ਖਿਲਾਏ ਦੀ ਮਿਆਦ ਪੁਗ ਜਾਣ ਦਾ ਵਹਿਮ ਪਾਉਣ ਕਾਰਨ ਮੌਤ ਦਾ ਇੰਤਜ਼ਾਰ ਕਰਨ ਲੱਗੀ। ਕਈ ਮਹੀਨੇ ਬੀਤ ਗਏ। ਨਾ ਨੀਂਦ ਆਵੇ ਅਤੇ ਨਾ ਹੀ ਮੌਤ ਆਵੇ। ਮਹੀਨਿਆਂ ਤੋਂ ਅਨੀਂਦਰੀਆਂ ਅੱਖਾਂ ਅਤੇ ਨਾ ਬਚ ਸਕਣ ਦੀ ਨਿਰਾਸ਼ਾ ਨੇ ਇਸਨੂੰ ਬੇਸੁਧ ਕਰ ਦਿੱਤਾ। ਪਰ:

ਸਦਾ ਕਿਸੇ ਨੇ ਦੁੱਖ ਨਹੀਂ ਸਹਿਣਾ
ਨਦੀ ਕਿਨਾਰੇ ਰੁੱਖ ਨਹੀਂ ਰਹਿਣਾ
ਵਾਗਾਂ ਪਾ ਕੇ ਰੋਕਦਿਆਂ ਵੀ, ਹੋ ਜਾਣੀ ਪ੍ਰਭਾਤ।

ਚੰਗੇ ਭਾਗਾਂ ਨੂੰ ਇਹ ਗੁਰਦੁਆਰਾ ਈਸ਼ਰਪੁਰੀ ਸਾਹਿਬ ਵਿਖੇ ਪਹੁੰਚ ਗਈ। ਜਦ ਸਰੋਵਰ ਵਿੱਚ ਇਸ਼ਨਾਨ ਕਰਨ ਉਪਰੰਤ ਦਰਬਾਰ ਸਾਹਿਬ ਨਮਸ਼ਕਾਰ ਕਰਕੇ ਸੰਤ ਬਾਬਾ ਤੀਰਥ ਸਿੰਘ ਜੀ ਕੋਲ ਪਹੁੰਚੀ ਤਾਂ ਜਾਂਦੇ ਸਾਰ ਹੀ ਚਰਨਾਂ ਤੇ ਡਿਗ ਪਈ।

ਰੂਪ ਹੀਨ ਬੁਧਿ ਬਲ ਹੀਨੀ ਮੋਹਿ ਪਰਦੇਸਨਿ ਦੂਰ ਤੇ ਆਈ ॥
ਨਾਹਿਨ ਦਰਬੁ ਨ ਜੋਬਨ ਮਾਤੀ ਮੋਹਿ ਅਨਾਥ ਕੀ ਕਰਹੁ ਸਮਾਈ ॥
(ਮ:5-204)

ਰੋ ਰੋ ਕੇ ਇੱਕ ਹੀ ਰਟ ਲਾਈ ਜਾਵੇ ਕਿ ਮੈਨੂੰ ਆਰਾਮ ਦਿਓ ਮਹਾਰਾਜ ਮੈਨੂੰ ਆਰਾਮ ਦਿਓ। ਜਦ ਇਸਦੇ ਪਤੀ ਸ. ਸੁਖਦੇਵ ਸਿੰਘ ਨੇ ਬੇਨਤੀ ਕੀਤੀ ਕਿ ਸਿਆਣਿਆਂ ਨੇ ਦੱਸਿਆ ਹੈ ਕਿ ਖਾਧੇ ਖਲਾਏ ਦੀ ਮਿਆਦ ਪੁੱਗ ਜਾਣ ਕਾਰਨ ਇਹ ਨਹੀਂ ਬਚ ਸਕਦੀ। ਹੁਣ ਤਾਂ ਆਪ ਹੀ ਕਿਰਪਾ ਕਰ ਸਕਦੇ ਹੋ ਤਾਂ ਸੰਤਾਂ ਨੇ ਮੁਸਕਰਾ ਕੇ ਪ੍ਰਸ਼ਾਦ ਦਿੰਦਿਆਂ ਕਿਹਾ, " ਇਹ ਗੁਰੂ ਨਾਨਕ ਦਾ ਪ੍ਰਸ਼ਾਦ ਹੈ ਤੁਸੀਂ ਤਾਂ ਮਿਆਦ ਪੁੱਗਣ ਦੀ ਗੱਲ ਕਰਦੇ ਹੋ, ਜੇ ਸੱਪ ਵੀ ਲੜ ਜਾਵੇ ਤਾਂ ਜ਼ਹਿਰ ਨਹੀਂ

ਚੜਨ ਦਿੰਦਾ।" ਬੀਬੀ ਨੇ ਪ੍ਰਸ਼ਾਦ ਖਾਧਾ ਤਾਂ ਸਰੀਰ ਬਿਲਕੁਲ ਹਲਕਾ ਹੋ ਗਿਆ ਜਿਵੇਂ ਥਕਾਵਟ ਤੋਂ ਬਾਦ ਸੌਂ ਕੇ ਉੱਠੀ ਹੋਵੇ। ਸੰਤਾਂ ਦੁਆਰਾ ਦੱਸੀ ਸੇਵਾ ਅਤੇ ਸਿਮਰਨ ਦੀ ਵਿਧੀ ਨਾਲ ਥੋੜੇ ਜਿਹੇ ਸਮੇਂ ਵਿਚ ਹੀ ਪਹਿਲਾਂ ਵਾਂਗ ਤੰਦਰੁਸਤ ਹੋ ਗਈ।

ਇਸੇ ਤਰ੍ਹਾਂ ਜਦ ਪੰਡੋਰੀ ਫਗੁੜਿਆਂ ਦੀ ਬੀਬੀ ਜਸਪਾਲ ਕੌਰ ਨੂੰ ਪੌਣ ਆਉਣੀ ਸ਼ੁਰੂ ਹੋਈ ਤਾਂ ਘਰ ਵਿੱਚ ਮਾਤਮ ਛਾਇਆ ਰਹਿਣ ਲੱਗਾ। ਬੀਬੀ ਦੇ ਹੱਥਾਂ-ਪੈਰਾਂ ਦੀ ਸੋਜ ਨੇ ਇਸ ਦੇ ਦੁੱਖਾਂ ਵਿੱਚ ਹੋਰ ਵਾਧਾ ਕਰ ਦਿੱਤਾ। ਜਦ ਉਪਚਾਰ ਵਾਸਤੇ ਜਤਨ ਸ਼ੁਰੂ ਕੀਤੇ ਤਾਂ ਸੌਗੰਧੀਆਂ ਦਾ ਹੋਕਾ ਦੇਣ ਵਾਲੇ ਕਾਲਖ ਦੇ ਵਣਜਾਰਿਆਂ ਨੇ ਆਪਣੇ ਨਫੇ ਨੁਕਸਾਨ ਦੇ ਤਰਾਜੂ ਵਿਚ ਤੋਲਦਿਆਂ ਇਹਨਾਂ ਨੂੰ ਵਹਿਮਾਂ ਭਰਮਾਂ ਦੀਆਂ ਭੱਠੀਆਂ ਵਿਚ ਭੁੱਜਣ ਲਈ ਝੋਂਕ ਦਿਤਾ। ਆਸਾਂ ਦੇ ਠੂਠੇ ਦੇ ਤਿੜਕ ਜਾਣ ਦਾ ਅਹਿਸਾਸ ਹੁੰਦਿਆਂ ਹੀ ਇਹ ਖ਼ੈਰ ਲੱਭਦੇ ਲੱਭਦੇ ਸੰਤ ਬਾਬਾ ਤੀਰਥ ਸਿੰਘ ਜੀ ਦੇ ਚਰਨਾਂ ਵਿੱਚ ਆਏ। ਜਦ ਬੀਬੀ ਨਮਸ਼ਕਾਰ ਕਰਕੇ ਬਹਿਣ ਲਗੀ ਤਾਂ ਪੌਣ ਆ ਗਈ। ਅਤੇ ਉੱਚੀ ਉੱਚੀ "ਮੈਂ ਔਂਤ ਹਾਂ ਮੇਰੀ ਗਤੀ ਕਰੋ। ਮੈਂ ਔਂਤ ਹਾਂ ਮੇਰੀ ਗਤੀ ਕਰੋ" ਦੀਆਂ ਬੇਨਤੀਆਂ ਕਰਨ ਲੱਗੀ। ਮਹਾਂਪੁਰਸ਼ਾਂ ਨੇ ਆਪਣਾ ਸੱਜਾ ਚਰਨ ਚੁੱਕ ਕੇ ਬੀਬੀ ਦੇ ਸੀਸ ਉੱਪਰ ਰੱਖਿਆ ਤਾਂ ਸ਼ਾਂਤ ਹੋ ਗਈ। ਭਾਈ ਰਣਜੋਧ ਸਿੰਘ ਨੂੰ ਇਹਨਾਂ ਪ੍ਰੇਮੀਆਂ ਨਾਲ ਭੇਜ ਗੁਰੂ ਮਹਾਰਾਜ ਅੱਗੇ ਬੀਬੀ ਦੀ ਤੰਦਰੁਸਤੀ ਅਤੇ ਔਂਤ ਦੀ ਗਤੀ ਦੀ ਅਰਦਾਸ ਕਰਵਾ ਦਿੱਤੀ ਅਤੇ ਸੇਵਾ ਸਿਮਰਨ ਦੀ ਜੁਗਤੀ ਦੱਸਦਿਆਂ ਇਹਨਾਂ ਦਾ ਉਧਾਰ ਕਰ ਦਿੱਤਾ।

ਗੁਰਮੁਖਿ ਕੋਟਿ ਉਧਾਰਦਾ ਭਾਈ ਦੇ ਨਾਵੈ ਏਕ ਕਣੀ॥

(ਮ:5-608)

40-41 ਸਾਲ ਦੀ ਉਮਰ ਵਿੱਚ ਅਣਿਆਈ ਮੌਤ ਚੱਲ ਵਸਿਆ ਢੱਡੇ ਫਤਿਹ ਸਿੰਘ ਦਾ ਅਮਰਜੀਤ ਸਿੰਘ ਜਦ ਮੋਟਰ 'ਤੇ ਰਹਿ ਰਹੀ ਯੂ.ਪੀ. ਦੀ ਪ੍ਰਜਾ ਦੇ ਸਿਰ ਚੜ੍ਹ ਕੇ ਬੋਲਣ ਲੱਗਾ ਤਾਂ ਸੰਤਾਂ ਦੁਆਰਾ ਦੱਸੇ ਸਿਮਰਨ ਦਾ ਜਾਪ ਕਰਦਿਆਂ ਉਹ ਇਸ ਮੁਸੀਬਤ ਤੋਂ ਨਿਜ਼ਾਤ ਪਾ ਗਈ। ਬੀਬੀ ਸੁਖਵੀਰ ਕੌਰ ਦੇ ਬੁਟਰੀਂ ਵਿਆਹੀ ਜਾਣ ਉਪਰੰਤ ਦੰਦਲਾਂ ਦਾ ਸ਼ੁਰੂ ਹੋਇਆ ਅਮੁੱਕ ਸਿਲਸਿਲਾ ਜਦ ਕਈ ਸ਼ਹਿਰਾਂ ਦੇ ਡਾਕਟਰਾਂ ਦੇ ਹੱਥਾਂ ਵਿਚੀਂ ਹੁੰਦਾ ਹੋਇਆ ਗੁਰਦੁਆਰਾ ਈਸ਼ਰਪੁਰੀ ਸਾਹਿਬ (ਸ਼ਾਮਚੁਰਾਸੀ) ਵਿਖੇ ਪਹੁਚਿਆ ਤਾਂ ਸੰਤਾਂ ਦੁਆਰਾ ਦੱਸੀ 40



ਦਿਨ ਲੰਗਰ ਦੀ ਸੇਵਾ ਦੇ ਮਹਾਤਮ ਨੇ ਠਪ ਕਰ ਦਿੱਤਾ। ਸ. ਪ੍ਰਕਾਸ਼ ਸਿੰਘ (ਕਾਠੇ ਅਧਿਕਾਰੇ) ਦੇ ਪਰਿਵਾਰ ਨੂੰ ਲੱਗੀ ਝੂਲੇ ਦੀ ਨਾਮੁਰਾਦ ਬਿਮਾਰੀ ਜਦ ਜੀਆਂ ਦਾ ਖੌਅ ਸਾਬਤ ਹੋਈ ਜਾਂ ਸ. ਸੁਰਜੀਤ ਸਿੰਘ (ਦਿਅੰਤਪੁਰ) ਦੀ ਮਾਤਾ ਨੂੰ ਘਰ ਵਿਚ ਭਟਕਦੀ ਆਤਮਾ ਨੇ ਜਦ ਦੰਦਲਾਂ ਅਤੇ ਗੁੰਮਨਾਮੀਆਂ ਤੋਹਫੇ ਵਿੱਚ ਦਿੱਤੀਆਂ ਤਾਂ ਸੰਤਾਂ ਦੁਆਰਾ ਵਹਿਮਾਂ ਭਰਮਾਂ ਵਿਚ ਪਾਏ ਬਿਨਾਂ, ਵਿਧੀ ਪੂਰਵਕ ਸੰਪਟ ਪਾਠ ਕਰਾਉਣ ਦੀ ਦਿੱਤੀ ਸਲਾਹ ਹਨੇਰਿਆਂ ਵਿਚੋਂ ਸੁਲਗਦੇ ਰੌਸ਼ਨੀ ਦੇ ਮੁਸਾਫਰਾਂ ਲਈ ਸੂਰਜ ਦਾ ਵਰਦਾਨ ਸਾਬਤ ਹੋਈ ਅਤੇ ਸਭ ਤੰਦਰੁਸਤ ਹੋ ਗਏ।

ਬੇਸ਼ਕ ਸ਼ਿਵਦਾਸਪੁਰੀਆਂ (ਸ. ਤੀਰਥ ਸਿੰਘ) ਦੇ ਘਰ ਜ਼ਹਿਮਤ ਦਾ ਮਾਮਲਾ ਹੋਵੇ ਜਾਂ ਢੱਡੇ ਫਤਹਿ ਸਿੰਘ ਦੀ ਬੀਬੀ ਮਹਿੰਦਰ ਕੌਰ ਦੇ ਘਰ ਕਪੜੇ ਕੱਟ ਹੋਣ ਦਾ ਜਾਂ ਫਿਰ ਕੋਟਲੀ ਬਾਵਾਦਾਸ ਦੇ ਮਨਜੀਤ ਸਿੰਘ ਦੇ ਘਰ ਖ਼ੂਨ ਦੇ ਛਿੱਟੇ ਆਉਣ ਦਾ ਜਾਂ ਉਹ ਸਰੀਰ ਜਿਹਨਾਂ ਦੀਆਂ ਮੁਸੀਬਤਾਂ ਦਾ ਜ਼ਿਕਰ ਨਹੀਂ ਵੀ ਕੀਤਾ ਗਿਆ, ਜਿਸਨੇ ਵੀ ਸੰਤਾਂ ਅੱਗੇ ਅਰਦਾਸ ਕੀਤੀ ਉਹ ਬੇਆਸ ਨਹੀਂ ਹੋਇਆ। ਕਿਉਂਕਿ ਜਿਹਨਾਂ ਪੁਰਸ਼ਾਂ ਨੂੰ ਆਪਣੇ ਅਸਲੀ ਘਰ ਦੀ ਸੋਝੀ ਹੋ ਜਾਂਦੀ ਹੈ, ਜੋ ਪ੍ਰਮਾਤਮਾ ਮਿਲਾਪ ਲਈ ਜਤਨ ਕਰਦੇ ਹਨ, ਉਹ ਪ੍ਰਮਾਤਮਾ ਨਾਲ ਇਕ ਮਿਕ ਹੋ ਜਾਂਦੇ ਹਨ, ਅਭੇਦ ਹੋ ਜਾਂਦੇ ਹਨ। ਉਹ ਪੁਰਸ਼ ਨਹੀਂ ਰਹਿ ਜਾਂਦੇ, ਮਹਾਂਪੁਰਸ਼ ਹੋ ਜਾਂਦੇ ਹਨ। ਉਹ ਬਿਧ ਨਹੀਂ ਰਹਿ ਜਾਂਦੇ, ਬਿਧਾਤਾ ਹੋ ਜਾਂਦੇ ਹਨ। ਉਹ ਅਰਦਾਸ ਕਰਨ ਦੇ ਹੀ ਨਹੀਂ ਸਗੋਂ ਸੁਣਨ ਦੇ ਵੀ ਯੋਗ ਹੋ ਜਾਂਦੇ ਹਨ।

ਅਜਿਹੇ ਰਬ ਦੇ ਪਿਆਰਿਆਂ ਅੱਗੇ ਕੀਤੀ ਗਈ ਅਰਦਾਸ ਵਿਅਰਥ ਨਹੀਂ ਜਾਂਦੀ। ਉਹ ਜ਼ਿੰਦਗੀ ਦੀਆਂ ਸਭ ਮੁਸ਼ਕਿਲਾਂ ਦਾ ਹੱਲ ਨਾਮ ਬਾਣੀ ਵਿਚੋਂ ਹੀ ਕੱਢਦੇ ਹਨ ਅਤੇ ਕਿਸੇ ਨੂੰ ਵਹਿਮਾਂ ਭਰਮਾਂ ਵਿਚ ਝੋਂਕਣ ਦੀ ਬਜਾਏ ਸੰਤ ਬਾਬਾ ਤੀਰਥ ਸਿੰਘ ਜੀ ਵਾਂਗ ਇਹੋ ਉਪਦੇਸ਼ ਦਿੰਦੇ ਹਨ ਕਿ ਕਿਸੇ ਨੂੰ ਦੋਸ਼ ਨਾ ਦਿਓ ਕਿਉਂਕਿ:

ਕਿਰਤਿ ਕਰਮ ਕਮਾਵਣੇ ਦੋਸੁ ਨਾ ਕਾਹੂ ਜੋਗੁ॥
ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ॥ (ਮ:5-135)

ਦੁੱਖ ਤਾਂ ਪ੍ਰਮਾਤਮਾ ਵਿਸਾਰ ਦੇਣ ਦੇ ਸਿੱਟੇ ਵਜੋਂ ਹੀ ਉਪਜਦੇ ਹਨ। ਜੇਕਰ ਅਸੀਂ ਸੁੱਖ ਵੇਲੇ ਵੀ ਪ੍ਰਮਾਤਮਾ ਨੂੰ ਉੱਦਾਂ ਹੀ ਯਾਦ ਕਰਾਂਗੇ ਜਿਵੇਂ ਦੁੱਖਾਂ ਵੇਲੇ ਕਰਦੇ ਹਾਂ ਤਾਂ ਦੁੱਖਾਂ ਦਾ ਸੰਕਲਪ ਹੀ ਖਤਮ ਹੋ ਜਾਵੇਗਾ।

# ਕਾਗਹੁ ਹੰਸ ਕਰੇ

ਬਾਬਾ ਬੁਲੇਸ਼ਾਹ ਜੀ ਆਪਣੇ ਹੁਜ਼ਰੇ ਵਿਚ ਬੈਠੇ ਮੁਰੀਦਾਂ ਨੂੰ ਉਪਦੇਸ਼ ਦੇ ਰਹੇ ਸਨ। ਇਨ੍ਹਾਂ ਦੇ ਪੀਰੋ-ਮੁਰਸ਼ਦ ਅਨਾਇਤ ਸ਼ਾਹ ਜੀ ਮਿਲਣ ਵਾਸਤੇ ਆਏ। ਪੀਰ ਅਨਾਇਤ ਸ਼ਾਹ ਜੀ ਨੀਵੀਂ ਜਾਤ ਨਾਲ ਸੰਬੰਧਿਤ ਹੋਣ ਕਾਰਨ ਬੁਲੇ ਸ਼ਾਹ ਜੀ ਨੇ ਸੋਚਿਆ ਕਿ ਜੇ ਮੈਂ ਮੁਰੀਦਾਂ ਦੇ ਸਾਹਮਣੇ ਉਠ ਕੇ ਮਿਲਿਆ ਤਾਂ ਮੇਰਾ ਵਕਾਰ ਘਟ ਜਾਵੇਗਾ। ਉਠਿਆ ਨਹੀਂ, ਪੀਰ ਦਾ ਨਿਰਾਦਰ ਕਰ ਦਿਤਾ। ਪੀਰ ਅਨਾਇਤ ਸ਼ਾਹ ਵੀ ਆਪਣੇ ਅੰਤਰਮਨ ਨਾਲ ਇਹ ਖੇਡ ਵੇਖ ਰਹੇ ਸਨ। ਜਦ ਉਹਨਾਂ ਬੁਲੇ ਸ਼ਾਹ ਦੇ ਮਨ ਵਿਚ ਖੋਟ ਵੇਖੀ ਤਾਂ ਦਿੱਤੀ ਹੋਈ ਸਾਰੀ ਤਾਕਤ ਵਾਪਸ ਖਿੱਚ ਲਈ। ਬੁਲੇ ਸ਼ਾਹ ਜੀ ਦੀ ਸਾਲਾਂ ਦੀ ਤਪੱਸਿਆ ਬੇਕਾਰ ਹੋ ਗਈ। ਬਹੁਤ ਪਛਤਾਇਆ। ਨੱਕ ਰਗੜੇ। ਬੇਨਤੀਆਂ ਕੀਤੀਆਂ। ਪਰ ਪੀਰ ਨਾ ਮੰਨਿਆ। ਕੋਈ ਪੇਸ਼ ਨਾ ਜਾਂਦੀ ਵੇਖਕੇ ਬੁਲੇ ਸ਼ਾਹ ਨੇ ਕਈ ਸਾਲ ਇਕ ਕੰਜਰੀ ਦੇ ਹੁੱਕੇ ਭਰ ਭਰ ਕੇ ਬਦਲੇ ਵਿਚ ਨਾਚ ਗਾਣਾ ਸਿੱਖਿਆ। ਤਾਂ ਕਿ ਮੁਰਸ਼ਦ ਮਨਾਇਆ ਜਾ ਸਕੇ।

ਮਿਹਰਾਂ ਨਾਲ ਸੱਜਣ ਦੇ ਨੇਹੁੰ ਲੱਗਾ ਲੂੰ ਲੂੰ ਮੁਹੱਬਤ ਸੰਜਰੀ ਏ।
ਅੰਦਰ ਮਾਰੂ ਇਸ਼ਕ ਤਾਰਾਂ ਮਾਰਦਾ ਜਿਉਂ ਸੀਨੇ ਖੁਭੀ ਖੰਜਰੀ ਏ।
ਤੇਰੀ ਝਾਲ ਚਕੋਰ ਤੇ ਮਸਤ ਭਈਆ ਲੋਕੀ ਕਹਿਣ ਇਹ ਚੰਦਰੀ ਏ।
ਬੁਲਿਆ ਨੱਚ ਕੇ ਯਾਰ ਮਨਾ ਲਈਏ ਲੋਕ ਆਖਣ ਭਾਵੇਂ ਇਹ ਕੰਜਰੀ ਏ।

(ਬਾਬਾ ਬੁੱਲੇਸ਼ਾਹ ਜੀ)

ਜਦ ਬੁਲੇ ਸ਼ਾਹ ਮੂੰਹ 'ਤੇ ਪਰਦਾ ਲੈ ਕੇ ਸੂਫੀਆਨਾ ਮਸਤੀ ਵਿੱਚ ਨੱਚਿਆ ਤਾਂ ਅਨਾਇਤ ਸ਼ਾਹ ਜੀ ਅਸ਼ ਅਸ਼ ਕਰ ਉੱਠੇ। ਬਹੁਤ ਖੁਸ਼ ਹੋਏ। ਜਦ ਬੁਲੇ ਸ਼ਾਹ ਦੇ ਮੂੰਹ ਤੋਂ ਕਪੜਾ ਹਟਿਆ ਤਾਂ ਕਹਿੰਦੇ, "ਤੂੰ ਬੁੱਲਾ ਏ" ਕਹਿੰਦਾ, "ਨਹੀਂ ਮਹਾਰਾਜ" ਮੈਂ ਭੁੱਲਾ ਏ'। ਜੋ ਖੋਇਆ ਸੀ ਮਿਲ ਗਿਆ। ਬੁਲੇਸ਼ਾਹ ਤਾਂ ਜਾਗ ਪਿਆ ਸੀ ਪਰ ਅਸੀਂ ਅਜੇ ਵੀ ਸੁੱਤੇ ਹੋਏ ਹਾਂ। ਈਸਾ ਆਏ ਸਾਨੂੰ ਜਾਗਣ ਲਈ ਕਿਹਾ ਪਰ ਅਸੀਂ ਸੁੱਤੇ ਰਹੇ। ਰਾਮ ਆਏ ਸਾਨੂੰ ਜਾਗਣ ਲਈ ਕਿਹਾ ਪਰ ਅਸੀਂ ਸੁੱਤੇ ਰਹੇ। ਹਜ਼ਰਤ ਆਏ ਸਾਨੂੰ ਜਾਗਣ ਲਈ ਕਿਹਾ ਪਰ ਅਸੀਂ ਸੁੱਤੇ ਰਹੇ। ਗੁਰੂ ਨਾਨਕ ਆਏ ਸਾਨੂੰ ਜਾਗਣ ਲਈ ਕਿਹਾ ਪਰ ਅਸੀਂ ਸੁੱਤੇ ਰਹੇ। ਸਭ ਪੀਰ ਫਕੀਰਾਂ ਨੇ ਸਮੇਂ ਸਮੇਂ 'ਤੇ ਜਾਗਣ ਦਾ ਹੋਕਾ ਦਿੱਤਾ ਪਰ ਅਸੀਂ ਸੁੱਤੇ ਰਹੇ। ਸਵੇਰੇ ਉਠਦੇ ਹਾਂ, ਤੁਰਦੇ-ਫਿਰਦੇ



ਹਾਂ ਪਰ ਸੁੱਤੇ ਹੋਏ ਹਾਂ। ਕੰਮ ਕਾਜ ਕਰਦੇ ਹਾਂ ਪਰ ਸੁੱਤੇ ਹੋਏ ਹਾਂ। ਰਾਤ ਸਮੇਂ ਅੱਖਾਂ ਮੀਟ ਕੇ ਸੁੱਤੇ ਰਹਿੰਦੇ ਹਾਂ। ਦਿਨ ਸਮੇਂ ਅੱਖਾਂ ਖੋਲਕੇ ਸੁੱਤੇ ਰਹਿੰਦੇ ਹਾਂ। ਜਾਗਦਾ ਓਹੀ ਹੈ ਜਿਸਨੂੰ ਗੁਰੂ ਜਗਾ ਦਿੰਦਾ ਹੈ। ਉਠਦਾ ਉਹੀ ਹੈ ਜਿਸਨੂੰ ਗੁਰੂ ਉਠਾ ਦਿੰਦਾ ਹੈ। ਚੇਤਨਾ ਪ੍ਰਦਾਨ ਕਰਦਾ ਹੈ। ਪਾਰਸ ਨਾਲ ਸਪਰਸ਼ ਤੋਂ ਬਗੈਰ ਲੋਹਾ ਕੁੰਦਨ ਨਹੀਂ ਬਣ ਸਕਦਾ। ਸਿੱਪੀ ਵਿੱਚ ਪਏ ਬਗੈਰ ਬੂੰਦ ਮੋਤੀ ਨਹੀਂ ਬਣ ਸਕਦੀ। ਜਾਗ ਓਹੀ ਸਕਦਾ ਹੈ ਜਿਸਨੂੰ ਗੁਰੂ ਜਗਾ ਦਿੰਦਾ ਹੈ।

ਜਿਸਹਿ ਦਿਖਾਲਾ ਵਾਟੜੀ ਤਿਸਹਿ ਭੁਲਾਵੈ ਕਉਣੁ ॥
ਜਿਸਹਿ ਭੁਲਾਈ ਪੰਧ ਸਿਰਿ ਤਿਸਹਿ ਦਿਖਾਵੈ ਕਉਣੁ ॥

(ਮ:1-952)

ਪਿੰਡ ਸਾਰੋਬਾਦ ਦਾ ਸ. ਜਸਵਿੰਦਰ ਸਿੰਘ ਵੀ ਸੁੱਤਾ ਹੋਇਆ ਸੀ। ਗੁਰੂ ਨਾਨਕ ਦੇ ਦਰ ਤੋਂ ਭੁੱਲਾ ਹੋਇਆ ਸੀ। ਕਹਿੰਦੇ ਹਨ:

ਤਪਦਿਕ ਹੋ ਸਿਲ ਹੋ ਬੁਖਾਰ ਹੋ ਚਾਹੇ ਕਿਤਨੀ ਜਾਨ ਅਜਾਬ ਹੋ।
ਮਗਰ ਐ ਖੁਦਾਇ ਦੋ ਜਹਾਂ ਨਾ ਕਿਸੀ ਕੋ ਸ਼ੌਕਿ ਸ਼ਰਾਬ ਹੋ।

ਇਸਨੂੰ ਸ਼ਰਾਬ ਪੀਣ ਦਾ ਬਹੁਤ ਸ਼ੌਕ ਸੀ। ਸੰਗਤ ਵੀ ਐਸੀ ਹੀ ਮਿਲ ਗਈ ਕਿ ਰੋਜ਼ ਮਾਸ ਸ਼ਰਾਬ ਦੀ ਵਰਤੋਂ ਹੋਣ ਲੱਗੀ। ਪਹਿਲਾਂ ਮਨੁੱਖ ਸ਼ਰਾਬ ਨੂੰ ਪੀਂਦਾ ਹੈ। ਫਿਰ ਸ਼ਰਾਬ ਸ਼ਰਾਬ ਨੂੰ ਪੀਂਦੀ ਹੈ ਅਤੇ ਫਿਰ ਸ਼ਰਾਬ ਮਨੁੱਖ ਨੂੰ ਪੀ ਜਾਂਦੀ ਹੈ। ਹਾਲਾਤ ਇਹ ਹੋ ਗਏ ਕਿ ਇਹਨਾਂ ਦਾ ਘਰ ਦੁੱਖਾਂ ਦਾ ਰੈਣ ਬਸੇਰਾ ਬਣ ਗਿਆ। ਚੰਗੇ ਭਾਗਾਂ ਨੂੰ ਬੀਬੀ ਪ੍ਰਦੀਪ ਕੌਰ (ਪਤਨੀ) ਨੇ ਰਬ ਨਹੀਂ ਵਿਸਾਰਿਆ ਸੀ। ਬੀਬੀ ਪ੍ਰਦੀਪ ਕੌਰ ਨੇ ਜਦ ਸੰਤ ਬਾਬਾ ਤੀਰਥ ਸਿੰਘ ਜੀ ਕੋਲ ਬੇਨਤੀ ਕੀਤੀ ਤਾਂ ਕਹਿੰਦੇ ਉਸਨੂੰ ਕਹੋ ਅਸੀਂ ਬੁਲਾਇਆ ਹੈ। ਕਹਿੰਦੀ ਮਹਾਰਾਜ ਜੇ ਨਾ ਆਇਆ ਤਾਂ ਕਹਿੰਦੇ ਫਿਰ ਅਸੀਂ ਆਪ ਲੈ ਆਵਾਂਗੇ। ਜਦ ਬੀਬੀ ਪ੍ਰਦੀਪ ਕੌਰ ਨੇ ਘਰ ਆ ਕੇ ਸੁਨੇਹਾ ਦਿੱਤਾ ਤਾਂ ਜਸਵਿੰਦਰ ਸਿੰਘ ਸੰਤਾਂ ਕੋਲ ਜਾਣ ਦੀ ਬਜਾਏ ਠੇਕੇ ਤੋਂ ਸ਼ਰਾਬ ਲੈਣ ਚਲਾ ਗਿਆ। ਸ਼ਰਾਬ ਪੀ ਕੇ ਬਾਹਰ ਨਿਕਲਿਆ ਤਾਂ ਸਾਹਮਣੇ ਸੰਤ ਖੜੇ ਦਿਸਣ, ਸੋਚਿਆ ਕਿ ਕਿਤੇ ਝੌਲਾ ਨਾ ਪੈ ਰਿਹਾ ਹੋਵੇ। ਜਦ ਅੱਖਾਂ ਨੂੰ ਪਾਣੀ ਦੇ ਛਿੱਟੇ ਮਾਰ ਕੇ ਦੁਬਾਰਾ ਬਾਹਰ ਨਿਕਲਿਆ ਤਾਂ ਸੰਤ ਫਿਰ ਅੱਗੇ ਖੜੇ ਸਨ। ਕਹਿੰਦੇ ਜਸਵਿੰਦਰ ਸਿੰਹਾਂ ਤੂੰ ਆਇਆ ਨਹੀਂ। ਜਾਗ ਆ ਗਈ। ਰੋਣ ਲਗ ਪਿਆ ਜਿਵੇਂ ਛੋਟਾ ਬੱਚਾ ਅੱਖ ਖੁਲਣ 'ਤੇ ਰੋਣ ਲੱਗ ਪੈਂਦਾ ਹੈ। ਉਸੇ ਵਕਤ ਇਸ਼ਨਾਨ ਕੀਤਾ।

ਸੰਤਾਂ ਦੇ ਚਰਨਾਂ ਵਿੱਚ ਜਾ ਕੇ ਭੁੱਲਾ ਬਖਸ਼ਾਈਆਂ ਅਤੇ ਜਲਦੀ ਹੀ ਸਿੰਘ ਸਜ ਗਿਆ।

ਦਾਤੀ ਸਾਹਿਬ ਸੰਦੀਆ ਕਿਆ ਚਲੈ ਤਿਸੁ ਨਾਲਿ ॥
ਇਕਿ ਜਾਗੰਦੇ ਨਾ ਲਹੰਨਿ ਇਕਨਾ ਸੁਤਿਆ ਦੇਇ ਉਠਾਲਿ ॥

(ਮ:1-83)

ਕਲਜੁਗ ਵਿੱਚ ਸੁੱਤਿਆਂ ਨੂੰ ਉਠਾਉਣ ਵਾਲਾ ਦਰ ਗੁਰੂ ਨਾਨਕ ਦਾ ਹੀ ਹੋ ਸਕਦਾ ਹੈ। ਭੁੱਲਿਆ ਨੂੰ ਮਾਰਗ ਦਿਖਾਉਣ ਵਾਲਾ ਦਰ ਗੁਰੂ ਨਾਨਕ ਦਾ ਹੀ ਹੋ ਸਕਦਾ ਹੈ। ਜੋ ਵੀ ਉਸਦੇ ਦਰ 'ਤੇ ਬੇਨਤੀ ਕਰਦਾ ਹੈ:

ਸਾਦ ਬਿਕਾਰ ਬਿਖੈ ਰਸ ਮਾਤੋ ਅਸੰਖ ਖਤੇ ਕਰਿ ਫੇਰੇ ॥
ਨਾਨਕ ਕੀ ਪ੍ਰਭ ਪਾਹਿ ਬਿਨੰਤੀ ਕਾਟਹੁ ਅਵਗੁਣ ਮੇਰੇ ॥

(ਮ:5-615)

ਉਸਦੇ ਔਗੁਣ ਕੱਟੇ ਜਾਂਦੇ ਹਨ। ਪਿੰਡ ਜਲਭੇ ਤੋਂ ਸ. ਰਣਜੀਤ ਸਿੰਘ ਜਦੋਂ ਨਸ਼ਿਆਂ ਦਾ ਆਦੀ ਹੋ ਗਿਆ ਤਾਂ ਇਸਦੇ ਪਿਤਾ ਸ. ਅਮਰ ਸਿੰਘ ਨੇ ਸੰਤਾਂ ਨੂੰ ਆਪਣੇ ਲੜ ਲਾ ਲੈਣ ਲਈ ਬੇਨਤੀ ਕੀਤੀ। ਜਦ ਪ੍ਰਭਾਤ ਹੋਣ ਲੱਗਦੀ ਹੈ ਤਾਂ ਹਨੇਰਾ ਹੋਰ ਵੀ ਗੂੜ੍ਹਾ ਹੋ ਜਾਂਦਾ ਹੈ। ਜ਼ਾਲਮ ਦਾ ਅੰਤ ਉਸ ਸਮੇਂ ਹੀ ਹੁੰਦਾ ਹੈ ਜਦ ਜ਼ੁਲਮ ਸਿਖ਼ਰ 'ਤੇ ਪਹੁੰਚ ਜਾਂਦੇ ਹਨ। ਕਿਸੇ ਵੀ ਚੀਜ਼ ਦਾ ਆਪਣੀ ਚਰਮ ਸੀਮਾ 'ਤੇ ਪਹੁੰਚ ਜਾਣਾ ਹੀ ਬਦਲਾਅ ਦਾ ਸੂਚਕ ਹੁੰਦਾ ਹੈ। ਰਣਜੀਤ ਸਿੰਘ ਦੀ ਸ਼ਰਾਬ ਪੀਣ ਦੀ ਲਤ ਵੀ ਸਿਖਰ 'ਤੇ ਪਹੁੰਚ ਚੁੱਕੀ ਸੀ। ਸ. ਅਮਰ ਸਿੰਘ ਦੇ ਬੇਨਤੀ ਕਰਨ 'ਤੇ ਸੰਤ ਬਾਬਾ ਤੀਰਥ ਸਿੰਘ ਜੀ ਨੇ ਰਣਜੀਤ ਸਿੰਘ ਨੂੰ ਆਪਣੇ ਕੋਲ ਬੁਲਾਇਆ। ਜਦ ਰਣਜੀਤ ਸਿੰਘ ਗਿਆ ਤਾਂ ਸੰਤ ਰੁੱਗ ਭਰਕੇ ਪੈਸੇ ਇਸ ਵੱਲ ਕਰਦਿਆਂ ਬੋਲੇ "ਰਣਜੀਤ ਸਿੰਹਾਂ, ਜਿੰਨੀ ਸ਼ਰਾਬ ਪੀਣੀ ਹੈ ਪੀ ਲੈ। ਪਰ ਅੱਜ ਤੋਂ ਬਾਦ ਇਸਨੂੰ ਹੱਥ ਨਾ ਲਾਈ।" ਰਣਜੀਤ ਸਿੰਘ ਨੇ ਉੱਪਰ ਨੂੰ ਮੂੰਹ ਚੁੱਕ ਕੇ ਜਦ ਸੰਤਾਂ ਦੇ ਨੇਤਰਾਂ ਵਿੱਚ ਵੇਖਿਆ ਤਾ ਸੁਧ ਬੁਧ ਹੀ ਨਾ ਰਹੀ। ਸਮਝ ਹੀ ਨਾ ਆਇਆ ਕਿ ਹੁਣ ਕੀ ਬੋਲੇ। ਬੋਲਣਾ ਤਾਂ ਕੀ ਸੀ ਸੁਣਨਾ ਵੀ ਬੰਦ ਹੋ ਗਿਆ। ਸੰਤਾਂ ਨੇ ਉਸੇ ਤਰ੍ਹਾਂ ਪੈਸਿਆਂ ਦਾ ਰੁੱਗ ਅੱਗੇ ਕੀਤਾ ਹੋਇਆ ਸੀ ਅਤੇ ਫੜ ਲੈਣ ਲਈ ਕਹਿ ਰਹੇ ਸਨ। ਪਰ ਇਸਨੂੰ ਸੁਣ ਹੀ ਨਹੀਂ ਰਿਹਾ ਸੀ। ਸੰਤਾਂ ਦੀ ਦ੍ਰਿਸ਼ਟੀ ਨਾਲ ਸ਼ਰਾਬ ਪੀਣ ਦੀ ਇੱਛਾ ਹੀ ਖਤਮ ਹੋ ਗਈ ਸੀ, ਮਿਟ ਗਈ ਸੀ। ਜੋ ਕਰਮ ਕਰਨਾ ਹੀ ਨਹੀਂ, ਉਸ ਲਈ ਪੈਸੇ ਕਿਸ ਤਰਾਂ ਫੜੇ ? ਜਿਸਨੇ ਆਪਣੀ ਰਸਨਾ ਦੁਆਰਾ ਪ੍ਰਭੂ ਦਾ ਬੇਅੰਤ



ਜਾਪ ਕੀਤਾ ਹੋਵੇ। ਉਸਦੇ ਬੋਲਾਂ ਵਿੱਚ ਲੇਖ ਭੰਨਣ ਘੜਨ ਦੀ ਸਮਰੱਥਾ ਹੁੰਦੀ ਹੈ। ਜਿਸਨੇ ਆਪਣੇ ਨੇਤਰਾਂ ਨਾਲ ਪ੍ਰਭੂ ਦਾ ਦੀਦਾਰ ਕੀਤਾ ਹੋਵੇ ਉਸਦੀ ਤੱਕਣੀ ਵਿਚ ਜੀਵਨ ਪਲਟਣ ਦੀ ਤਾਕਤ ਹੁੰਦੀ ਹੈ। ਸਾਹਮਣੇ ਵਾਲੇ 'ਤੇ ਏਨਾ ਪ੍ਰਭਾਵ ਪੈਂਦਾ ਹੈ ਕਿ ਹਿਰਦੈ ਆਨੰਦਿਤ ਹੋ ਉੱਠਦਾ ਹੈ। ਸਰੀਰ ਵਿਚ ਸਦੀਵੀ ਖੇੜੇ ਦੀ ਝਰਨਾਹਟ ਪੈਦਾ ਹੁੰਦੀ ਹੈ। ਮਨ ਦੀ ਰਬਾਬ 'ਤੇ ਪ੍ਰਭੂ ਪ੍ਰੇਮ ਦੇ ਸੁਰ ਛਿੜ ਜਾਂਦੇ ਹਨ। ਧਿਆਨ ਵਿੱਚ ਖੁੱਭਦੇ ਹੀ ਜਾਂਦੇ ਹਾਂ। ਜਿੰਨਾ ਖੁੱਭਦੇ ਜਾਂਦੇ ਹਾਂ ਉਨ੍ਹਾ ਹੀ ਮਨ ਆਨੰਦਿਤ ਹੁੰਦਾ ਜਾਂਦਾ ਹੈ। ਮਨ ਵਿਚ ਝਾਤ ਮਾਰਦੇ ਹਾਂ ਤਾਂ ਕੋਈ ਇੱਛਾ ਹੀ ਨਹੀਂ ਰਹਿੰਦੀ। ਇੱਛਾ ਰਹਿਤ ਹੋ ਜਾਂਦੇ ਹਾਂ। ਜਦ ਮਨ ਇੱਛਾ ਮੁਕਤ ਹੋਜਾਂਦਾ ਹੈ, ਵਿਕਾਰ ਰਹਿਤ ਹੋ ਜਾਂਦਾ ਹੈ ਤਾਂ ਇਹ ਖਾਲੀ ਹੋ ਜਾਂਦਾ ਹੈ। ਅਜਿਹਾ ਖਾਲੀ ਮਨ ਜਾਂ ਖਾਲੀ ਹਿਰਦੈ ਹੀ ਸਦੀਵੀ ਸ਼ਾਂਤੀ ਦਾ ਹੱਕਦਾਰ ਹੋ ਸਕਦਾ ਹੈ। ਸ. ਰਣਜੀਤ ਸਿੰਘ ਦੀ ਸ਼ਰਾਬ ਪੀਣ ਦੀ ਇੱਛਾ ਵੀ ਖਤਮ ਹੋ ਗਈ ਸੀ। ਜੀਵਨ ਪਲਟ ਗਿਆ। ਹੁਣ ਸਮਝ ਆਇਆ ਸੀ ਕਿ:

ਪੋਸਤ ਭੰਗ ਅਫੀਮ ਮਧ ਉਤਰ ਜਾਹਿ ਪ੍ਰਭਾਤ ॥
ਨਾਮ ਖੁਮਾਰੀ ਨਾਨਕਾ ਚੜ੍ਹੀ ਰਹੇ ਦਿਨ ਰਾਤੁ ॥

ਸ਼ਰਾਬ ਛੱਡਕੇ ਪਰਿਵਾਰ ਸਹਿਤ ਅੰਮ੍ਰਿਤ ਛਕ ਲਿਆ ਅਤੇ ਪ੍ਰਮਾਤਮਾ ਨੇ ਐਸਾ ਲੜ ਲਾਇਆ ਕਿ 14-15 ਸਾਲ ਸੰਤ ਮਹਾਰਾਜ ਦੀ ਗੱਡੀ ਦਾ ਡਰਾਈਵਰ ਰਿਹਾ। ਸੰਤ ਕਿਹਾ ਕਰਦੇ ਸਨ ਕਿ ਐਸੀ ਸ਼ਰਾਬ ਬਿਲਕੁਲ ਨਹੀਂ ਪੀਣੀ ਚਾਹੀਦੀ।

ਜਿਤੁ ਪੀਤੈ ਮਤਿ ਦੂਰਿ ਹੋਇ ਬਰਲੁ ਪਵੈ ਵਿਚਿ ਆਇ ॥
ਆਪਣਾ ਪਰਾਇਆ ਨ ਪਛਾਣਈ ਖਸਮਹੁ ਧਕੇ ਖਾਇ ॥
ਜਿਤੁ ਪੀਤੈ ਖਸਮੁ ਵਿਸਰੈ ਦਰਗਹ ਮਿਲੈ ਸਜਾਇ ॥
ਝੂਠਾ ਮਦੁ ਮੂਲਿ ਨਾ ਪੀਚਈ ਜੇ ਕਾ ਪਾਰਿ ਵਸਾਇ ॥

(ਮ: 3-554)

ਜੇ ਪੀਣੀ ਹੀ ਹੈ ਤਾਂ ਗੁਰਮੁਖਾਂ ਵਾਲੀ ਸ਼ਰਾਬ ਪੀਓ।!

ਕਰਣੀ ਲਾਹਣਿ ਸਤੁ ਗੁੜੁ ਸਚੁ ਸਰਾ ਕਰਿ ਸਾਰੁ ॥
ਗੁਣ ਮੰਡੇ ਕਰਿ ਸੀਲੁ ਘਿਉ ਸਰਮੁ ਮਾਸੁ ਆਹਾਰੁ ॥
ਗੁਰਮੁਖਿ ਪਾਈਐ ਨਾਨਕਾ ਖਾਧੈ ਜਾਹਿ ਬਿਕਾਰ ॥

(ਮਰਦਾਨਾ ਜੀ-553)

ਤਾਂ ਕਿ ਵਿਕਾਰਾਂ ਤੋਂ ਬਚਿਆ ਜਾ ਸਕੇ। ਨਹੀਂ ਤਾਂ ਨੇਕ ਕਰਮ ਕਰਨ ਦੇ

ਬਾਵਜੂਦ ਵੀ ਮਾਸ-ਸ਼ਰਾਬ ਦੇ ਸੇਵਨ ਕਾਰਨ ਨਰਕਾਂ ਤੋਂ ਨਹੀਂ ਬਚ ਸਕਦੇ।

ਕਬੀਰ ਭਾਂਗ ਮਾਛੁਲੀ ਸੁਰਾ ਪਾਨਿ ਜੋ ਜੋ ਪ੍ਰਾਨੀ ਖਾਂਹਿ ॥
ਤੀਰਥ ਬਰਤ ਨੇਮ ਕੀਏ ਤੇ ਸਭੈ ਰਸਾਤਲਿ ਜਾਂਹਿ ॥
(ਕਬੀਰ ਜੀ, 1377)

ਤਾਮਸੀ ਭੋਜਨ ਦੇ ਸੇਵਨ ਨਾਲ ਤਾਂ ਕੁਲਾਂ ਦਾ ਨਾਸ਼ ਹੋ ਜਾਂਦਾ ਹੈ। ਜਦ ਦਰਵਾਸ਼ਾ ਰਿਸ਼ੀ ਨੇ ਬੱਚਿਆਂ ਦੇ ਅਟੱਡਾ ਮਜਾਕ ਕਰਨ 'ਤੇ ਕੁਲ ਨਾਸ਼ ਹੋਣ ਦਾ ਸਰਾਪ ਦੇ ਦਿਤਾ ਤਾਂ ਯਾਦਵਾਂ (ਕ੍ਰਿਸ਼ਨ ਦੇ ਵੰਸ਼ਕ) ਵਿੱਚ ਭੱਜ-ਦੌੜ ਮਚ ਗਈ। ਉਪਾਅ ਵਜੋਂ ਪਤਾ ਲੱਗਿਆ ਕਿ ਇਕ ਤਾਂ ਕਿਸੇ ਸੁਦ ਤੇ ਇਕੱਠੇ ਨਹੀਂ ਹੋਣਾ ਅਤੇ ਜੇਕਰ ਹੋ ਹੀ ਗਏ ਤਾਂ ਸ਼ਰਾਬ ਦਾ ਸੇਵਨ ਨਹੀਂ ਕਰਨਾ। ਸਮਾਂ ਬੀਤਣ ਨਾਲ ਸਰਾਪ ਭੁਲ ਚੁੱਕੇ ਯਾਦਵਾਂ ਨੇ ਕਿਸੇ ਸੁਦ ਤੇ ਇਕੱਠੇ ਹੋ ਕੇ ਸ਼ਰਾਬ ਪੀ ਲਈ। ਐਸੀ ਲੜਾਈ ਹੋਈ ਕਿ ਕੋਈ ਦੀਵਾ ਜਗਾਉਣ ਵਾਲਾ ਵੀ ਨਾ ਬਚਿਆ। ਜਦ ਸ਼ਰਾਬ ਦੇ ਨਸ਼ੇ ਵਿੱਚ ਕੌਰਵਾਂ ਨੇ ਦਰੋਪਤੀ ਦਾ ਅਪਮਾਨ ਕੀਤਾ ਤਾਂ ਪਾਂਡਵਾ ਹੱਥੋਂ ਆਪਣੀ ਕੁਲ ਨਾਸ਼ ਕਰਵਾ ਬੈਠੇ। ਕਿਉਂਕਿ ਸ਼ਰਾਬ ਦੇ ਨਸ਼ੇ ਵਿਚ ਸੁਧ ਬੁਧ ਨਹੀਂ ਰਹਿੰਦੀ। ਭਲੇ ਬੁਰੇ ਦੀ ਪਛਾਣ ਖਤਮ ਹੋ ਜਾਂਦੀ ਹੈ। ਦੁਸ਼ਕਰਮਾਂ ਵਿੱਚ ਵਾਧਾ ਹੋਣ ਦੇ ਨਾਲ-ਨਾਲ ਨੈਤਿਕ ਪਤਨ ਹੋ ਜਾਂਦਾ ਹੈ ਜੋ ਜੀਵ ਦੇ ਸਰੀਰਕ, ਮਾਨਸਿਕ ਅਤੇ ਆਤਮਿਕ ਵਿਨਾਸ਼ ਦਾ ਕਾਰਨ ਬਣਦਾ ਹੈ।

ਜਦ ਮੰਡੇਰਾਂ ਦੇ ਸ. ਤਰਸੇਮ ਸਿੰਘ ਨੂੰ ਸ਼ਰਾਬ ਪੀਣ ਕਾਰਨ ਤਬਾਹੀ ਦੇ ਕਗਾਰ ਤੇ ਪਹੁੰਚਦਾ ਵੇਖ ਭਾਈ ਨਰੰਜਨ ਸਿੰਘ (ਇਸਦਾ ਚਾਚਾ) ਗੁਰਦੁਆਰਾ ਈਸ਼ਰਪੁਰੀ ਸਾਹਿਬ ਲੈ ਕੇ ਆਇਆ ਤਾਂ ਇਸਨੂੰ ਸੰਤ ਬਾਬਾ ਤੀਰਥ ਜੀ ਦੇ ਚਿਹਰੇ ਤੋਂ ਨਾਮਰਸ ਦੇ ਝਲਕਦੇ ਜਲਾਲ ਅੱਗੇ ਦੁਨੀਆਂ ਦੇ ਸਾਰੇ ਰਸ ਫਿੱਕੇ ਲੱਗੇ।

ਸਭਿ ਰਸ ਤਿਨ ਕੈ ਰਿਦੈ ਹਹਿ ਜਿਨ ਹਰਿ ਵਸਿਆ ਮਨ ਮਾਹਿ ॥
(ਮ: 4-310)

ਸੰਤਾਂ ਦੀ ਇਕੋ ਕਿਰਪਾ ਦ੍ਰਿਸ਼ਟੀ ਪੈਣ ਨਾਲ ਇਹ ਅੰਮ੍ਰਿਤਧਾਰੀ ਸਿੰਘ ਬਣ ਗਿਆ। ਜਦ ਪਿੰਡ ਲੰਮੇ ਤੋਂ ਬੀਬੀ ਜਸਵਿੰਦਰ ਕੌਰ ਦੁਆਰਾ ਆਪਣੇ ਸ਼ਰਾਬੀ ਪਤੀ ਸ. ਸੁਖਵਿੰਦਰ ਸਿੰਘ 'ਤੇ ਮਿਹਰ ਕਰਨ ਲਈ ਬੇਨਤੀ ਕੀਤੀ ਗਈ ਤਾਂ ਉਹ ਸੰਤਾਂ ਤੋਂ ਸੱਚੇ ਅਮਲ



ਦੁਰਮਤਿ ਮਦੁ ਜੋ ਪੀਵਤੇ ਬਿਖਲੀ ਪਤਿ ਕਮਲੀ ॥
ਰਾਮ ਰਸਾਇਣਿ ਜੋ ਰਤੇ ਨਾਨਕ ਸਚ ਅਮਲੀ ॥ (ਮ:5-399)

ਦਾ ਗਿਆਨ ਪਾ ਕੇ ਸਿੰਘ ਸਜ ਗਿਆ। ਪਿੰਡ ਕੋਟਲਾ ਤੋਂ ਸ. ਅਮਰੀਕ ਸਿੰਘ ਜੋ ਨਸ਼ਈਆਂ ਦੀ ਸੰਗਤ ਕਾਰਨ ਆਪਣੇ ਪਰਿਵਾਰ ਨਾਲ ਦੁਰਵਿਹਾਰ ਕਰਨ ਲਗ ਪਿਆ ਸੀ

ਕਰਤੂਤਿ ਪਸੂ ਕੀ ਮਾਨਸ ਜਾਤਿ ॥ (ਮ:5-291)

ਦੇ ਸੰਤਾਂ ਦੁਆਰਾ ਕੀਤੇ ਬਚਨ ਅਨੁਸਾਰ ਤੋੜ ਲੱਗਣ ਸਮੇਂ ਹਜ਼ੂਰ ਸਾਹਿਬ ਤੋਂ ਲਿਆਂਦੇ ਪ੍ਰਸ਼ਾਦ ਦਾ ਇਕ ਕਿਣਕਾ ਖਾਣ ਨਾਲ ਮਨ ਨੂੰ ਐਸਾ ਸੰਤੋਖ ਮਿਲਿਆ ਕਿ ਖੰਡੇ ਬਾਟੇ ਦੀ ਪਾਹੁਲ ਲੈ ਗੁਰੂ ਗੋਬਿੰਦ ਸਿੰਘ ਜੀ ਦੇ ਲੜ ਲੱਗ ਗਿਆ। ਜਦ ਇਕ ਅੰਮ੍ਰਿਤਧਾਰੀ ਸਿੰਘ ਜੋ ਮਾਸ ਖਾਣ ਨੂੰ ਸਿਖ ਧਰਮ ਵਿਚ ਪ੍ਰਮਾਣਿਤ ਸਮਝਦਾ ਸੀ ਦੀ ਭੇਂਟ ਸੰਤ ਬਾਬਾ ਤੀਰਥ ਸਿੰਘ ਜੀ ਨਾਲ ਹੋਈ ਤਾਂ ਸੰਤਾਂ ਦੁਆਰਾ ਇਹ ਪੁੱਛੇ ਜਾਣ 'ਤੇ ਕਿ ਜੇ ਜੀਵਾਂ ਨੂੰ ਮਾਰਨਾਂ ਧਰਮ ਹੈ ਤਾਂ ਅਧਰਮ ਕੀ ਹੁੰਦਾ ਹੈ ? ਚੁੱਪ ਕਰ ਗਿਆ।

ਜੀਅ ਬਧਹੁ ਸੁ ਧਰਮੁ ਕਰਿ ਥਾਪਹੁ ਅਧਰਮੁ ਕਹਹੁ ਕਤ ਭਾਈ ॥
ਆਪਸ ਕਉ ਮੁਨਿਵਰ ਕਰਿ ਥਾਪਹੁ ਕਾ ਕਉ ਕਹਹੁ ਕਸਾਈ ॥
(ਕਬੀਰ ਜੀ, 1103)

ਅਤੇ ਸੰਤਾਂ ਦੁਆਰਾ ਭਾਈ ਗੁਰਦਾਸ ਜੀ ਦਾ ਸ਼ੇਰ ਤੇ ਬੱਕਰੀ ਵਾਲਾ ਪ੍ਰਸੰਗ ਸੁਣਾਏ ਜਾਣ 'ਤੇ

ਸੀਹ ਪਜੂਤੀ ਬਕਰੀ ਮਰਦੀ ਹੋਈ ਹੜ ਹੜ ਹਸੀ ॥
ਸੀਹੁ ਪੁਛੈ ਵਿਸਮਾਦੁ ਹੋਇ ਇਤੁ ਅਉਸਰ ਕਿਤੁ ਰਹਸਿ ਰਹਸੀ ॥
ਬਿਨਉ ਕਰੇਦੀ ਬਕਰੀ ਪੁੱਤ ਅਸਾਡੇ ਕੀਚਨਿ ਖਸੀ ॥
ਅਕ ਧਤੂਰਾ ਖਾਧਿਆ ਕੁਹਿ ਕੁਹਿ ਖਲ ਉਖਲਿ ਵਿਣਸੀ ॥
ਮਾਸਿ ਖਾਨ ਗਲ ਵਢਿਕੈ ਹਾਲੁ ਤਿਨਾੜਾ ਕਉਣੁ ਹੋਵਸੀ ॥

ਮਾਸ ਖਾਣ ਤੋਂ ਤੋਬਾ ਕਰ ਲਈ। ਬੇਸ਼ਕ ਖਲਵਾਣੇ ਵਾਲਾ ਸ. ਨਿਰਮਲ ਸਿੰਘ ਹੋਵੇ ਜਾਂ ਢੱਟਾ ਦਾ ਸ. ਤਰਸੇਮ ਸਿੰਘ (ਲਾਈਨਮੈਨ), ਪੀ.ਏ.ਪੀ. ਤੋਂ ਸ. ਸੁਖਮੰਦਰ ਸਿੰਘ ਹੋਵੇ ਜਾਂ ਕੋਟਲੇ ਤੋਂ ਸ. ਇੰਦਰਜੀਤ ਸਿੰਘ। ਜੋ ਵੀ ਗੁਰੂ ਨਾਨਕ ਦੇ ਦਰ 'ਤੇ ਆਇਆ ਨਸ਼ਿਆਂ ਨੂੰ ਤਿਆਗ ਗੁਰੂ ਵਾਲਾ ਹੀ ਬਣਦਾ ਗਿਆ। ਜੇ

ਕੋਈ ਕਹੇ ਕਿ ਅਸਮਾਨ ਦੇ ਤਾਰਿਆਂ ਦੀ ਗਿਣਤੀ ਕਰ ਲਈ ਤਾਂ ਮੰਨ ਲਵਾਂਗੇ ਕਰ ਲਈ ਹੋਵੇਗੀ। ਜੇ ਕੋਈ ਆਖੇ ਕਿ ਮੈਂ ਡਿਗਦੀ ਮੋਹਲੇਧਾਰ ਬਾਰਸ਼ ਦੀਆਂ ਬੂੰਦਾਂ ਗਿਣ ਲਈਆਂ ਹਨ ਤਾਂ ਹੋ ਤਾਂ ਨਹੀਂ ਸਕਦਾ ਚਲੋ ਮੰਨ ਲਵਾਂਗੇ ਕਿ ਗਿਣ ਲਈਆਂ ਹੋਣਗੀਆਂ। ਪਰ ਜਿੰਨੇ ਗੁਰੂ ਨਾਨਕ ਦੇ ਦਰ ਨੇ ਤਾਰੇ ਹਨ ਉਹਨਾਂ ਦੀ ਗਿਣਤੀ ਨਹੀਂ ਹੋ ਸਕਦੀ। ਸੰਤ ਬਾਬਾ ਤੀਰਥ ਸਿੰਘ ਜੀ ਦਾ ਦਰ ਵੀ ਗੁਰੂ ਨਾਨਕ ਵਾਲਾ ਹੀ ਸੀ। ਜੋ ਵੀ ਨਸ਼ਿਆਂ ਵਿੱਚ ਗ੍ਰਸਿਆ ਜਾ ਅਗਿਆਨਤਾ ਦੀ ਨੀਂਦ ਵਿੱਚ ਸੁੱਤਾ ਆਇਆ ਸੰਤਾਂ ਦੀ ਮਿਹਰ ਸਦਕਾ ਗਿਆਨ ਦਾ ਅੰਮ੍ਰਿਤ ਹੀ ਛਕਦਾ ਗਿਆ।

ਕਿਆ ਹੰਸ ਕਿਆ ਬਗੁਲਾ ਜਾ ਕਉ ਨਦਰਿ ਧਰੇ ॥
ਜੋ ਤਿਸੁ ਭਾਵੈ ਨਾਨਕਾ ਕਾਗਹੁ ਹੰਸੁ ਕਰੇ ॥ (ਪੰਨਾ, 1384)



# ਭੈ ਵਿਚਿ ਚਲਹਿ ਲਖ ਦਰੀਆਉ

ਬੀਬੀ ਰਮਨਜੀਤ ਕੌਰ ਗੁਰਦੁਆਰਾ ਈਸ਼ਰੁਪਰੀ ਸਾਹਿਬ ਵਿਖੇ ਸੰਤ ਬਾਬਾ ਤੀਰਥ ਸਿੰਘ ਜੀ ਦੇ ਬਸਤਰ ਧੋ ਰਹੀ ਸੀ। ਮਹਾਂਪੁਰਸ਼ ਆਸਣ 'ਤੇ ਬੈਠੇ ਸੰਗਤ ਨਾਲ ਬਚਨ-ਵਿਲਾਸ ਕਰ ਰਹੇ ਸਨ। ਇਕ ਨਾਗ ਆਇਆ ਅਤੇ ਕੱਪੜਿਆਂ ਦੇ ਕੋਲ ਫ਼ਨ ਖਲਾਰ ਕੇ ਬੈਠ ਗਿਆ। ਜਦ ਅਚਨਚੇਤ ਬੀਬੀ ਰਮਨਜੀਤ ਦਾ ਧਿਆਨ ਪਿਆ ਤਾਂ ਉੱਠ ਕੇ ਸੰਤਾਂ ਵੱਲ ਨੂੰ ਦੌੜੀ ਅਤੇ ਜਾ ਕੇ ਦੱਸਿਆ, "ਮਹਾਰਾਜ ਉੱਥੇ ਸੱਪ ਹੈ।" ਸੰਤਾਂ ਨੇ ਸੁਣਿਆ ਤਾਂ ਮੁਸਕਰਾ ਪਏ। ਕਹਿੰਦੇ ਬਈ "ਤੂੰ ਆਪਣਾ ਕੰਮ ਕਰ ਰਹੀ ਏ ਉਹ ਆਪਣਾ ਕੰਮ ਕਰ ਰਿਹਾ ਹੈ।"

ਭੈ ਵਿਚਿ ਪਵਣੁ ਵਹੈ ਸਦਵਾਉ ॥
ਭੈ ਵਿਚਿ ਚਲਹਿ ਲਖ ਦਰੀਆਉ ॥
ਭੈ ਵਿਚਿ ਅਗਨਿ ਕਢੈ ਵੇਗਾਰਿ ॥
ਭੈ ਵਿਚਿ ਧਰਤੀ ਦਬੀ ਭਾਰਿ ॥
ਭੈ ਵਿਚਿ ਇੰਦੁ ਫਿਰੈ ਸਿਰ ਭਾਰਿ ॥
ਭੈ ਵਿਚਿ ਰਾਜਾ ਧਰਮ ਦੁਆਰੁ ॥
ਭੈ ਵਿਚਿ ਸੂਰਜੁ ਭੈ ਵਿਚਿ ਚੰਦੁ ॥
ਕੋਹ ਕਰੋੜੀ ਚਲਤ ਨ ਅੰਤੁ ॥ (ਮ:1-464)

ਉਹ ਤਾਂ ਪਰਮੇਸ਼ਰ ਦੇ ਹੁਕਮ ਅੰਦਰ ਪਹਿਰਾ ਦੇ ਰਿਹਾ ਹੈ। ਬੀਬੀ ਰਮਨਜੀਤ ਕੌਰ ਨਾ ਮੰਨੀ। ਕਿਹਾ ਕਿ ਜੇ ਸਭ ਕੁਝ ਹੁਕਮ ਅੰਦਰ ਹੈ ਤਾਂ ਤੁਸੀਂ ਨਾਲ ਚੱਲੋ ਅਤੇ ਉਸ ਨੂੰ ਕਹੋ ਕਿ ਚਲਾ ਜਾਵੇ। ਸੰਤ ਬਾਬਾ ਤੀਰਥ ਸਿੰਘ ਜੀ ਆਪਣੇ ਆਸਣ ਤੋਂ ਉੱਠੇ ਅਤੇ ਕੱਪੜੇ ਧੋਣ ਵਾਲੀ ਜਗ੍ਹਾ 'ਤੇ ਗਏ। ਕਿਹਾ ਕਿ ਜਾ ਬਈ ਚਲਾ ਜਾਹ ਤੂੰ ਇਥੇ ਕੀ ਕਰ ਰਿਹਾ ਏਂ ? ਸੱਪ ਨੇ ਫ਼ਨ ਥੱਲੇ ਕੀਤਾ ਜਿਵੇਂ ਪ੍ਰਣਾਮ ਕਰ ਰਿਹਾ ਹੋਵੇ ਅਤੇ ਕਿਸੇ ਆਗਿਆਕਾਰੀ ਜੀਵ ਵਾਂਗ ਨਾਲ਼ੀ ਦੇ ਰਾਸਤੇ ਬਾਹਰ ਚਲਾ ਗਿਆ।

ਪਿੰਡ ਕੋਟਲੀ ਅਰਾਈਆਂ ਤੋਂ ਸ: ਪਰਮਜੀਤ ਸਿੰਘ ਦੀ ਲੜਕੀ ਬੀਬੀ ਜਤਿੰਦਰ ਕੌਰ। ਇਸ ਉੱਤੇ ਸਤਿਗੁਰ ਦੀ ਐਸੀ ਕਿਰਪਾ ਹੋਈ ਕਿ ਬਿਨ ਨਾਗਾ ਗੁਰਦੁਆਰਾ ਈਸ਼ਰਪੁਰੀ ਸਾਹਿਬ ਵਿਖੇ ਸੇਵਾ ਕਰਨ ਆਉਣ ਲੱਗੀ।

ਸਾਹਿਬੁ ਹੋਇ ਦਇਆਲੁ ਕਿਰਪਾ ਕਰੇ ਤਾਂ ਸਾਈ ਕਾਰ ਕਰਾਇਸੀ ॥
ਸੋ ਸੇਵਕੁ ਸੇਵਾ ਕਰੇ ਜਿਸ ਨੋ ਹੁਕਮੁ ਮਨਾਇਸੀ ॥ (ਮ : 1-471)

ਦੇਰ ਸ਼ਾਮ ਤੱਕ ਸੰਗਤ ਆਉਂਦੀ ਰਹਿਣ ਕਾਰਨ ਜਾਣ ਸਮੇਂ ਅਵੇਰਾ ਹੋ ਜਾਂਦਾ। ਦਿਨ ਗਰਮੀਆਂ ਦੇ ਹੋਣ ਕਾਰਨ ਬੇਅੰਤ ਮੱਛਰ ਆਦਿ ਸੜਕਾਂ 'ਤੇ ਹੁੰਦਾ ਅਤੇ ਬੀਬੀ ਜਤਿੰਦਰ ਕੌਰ ਨੂੰ ਸਾਇਕਲ ਚਲਾ ਕੇ ਘਰ ਜਾਣ ਸਮੇਂ ਬਹੁਤ ਸਮੱਸਿਆ ਪੇਸ਼ ਆਉਂਦੀ। ਇਕ ਦਿਨ ਇਸ ਨੇ ਮਹਾਂਪੁਰਸ਼ਾਂ ਨੂੰ ਬੇਨਤੀ ਕੀਤੀ ਕਿ ਇਕ ਘੰਟਾ ਪਹਿਲਾਂ ਛੁੱਟੀ ਦੇ ਦਿਆ ਕਰੋ ਤਾਂ ਕਿ ਮੱਖੀ ਮੱਛਰ ਤੋਂ ਅਗਾਊਂ ਘਰ ਪਹੁੰਚ ਸਕਾਂ। ਮਹਾਂਪੁਰਸ਼ਾਂ ਨੇ ਸੁਣਿਆ ਤਾਂ ਬਹੁਤ ਖੁਸ਼ ਹੋਏ। ਕਹਿੰਦੇ ਕਿ ਗੁਰੂ ਘਰ ਤੋਂ ਤੇਰੀ ਸੇਵਾ ਨਹੀਂ ਘਟਾ ਸਕਦੇ, ਹਾਂ ਮੱਛਰ ਨੂੰ ਕਹਿ ਦਿੰਦੇ ਹਾਂ ਕਿ ਅੱਖਾਂ ਵਿਚ ਨਾ ਪਿਆ ਕਰੇ। ਆਮ ਦਿਨਾਂ ਵਾਂਗ ਉਸ ਸ਼ਾਮ ਵੀ ਬੀਬੀ ਜਤਿੰਦਰ ਕੌਰ ਸਾਇਕਲ 'ਤੇ ਘਰ ਵੱਲ ਨੂੰ ਤੁਰ ਪਈ। ਪਹਿਲਾਂ ਇਹ ਮੂੰਹ ਟੇਢਾ ਰੱਖ ਕੇ ਸਾਇਕਲ ਚਲਾ ਰਹੀ ਸੀ ਕਿ ਅੱਖਾਂ ਵਿਚ ਮੱਛਰ ਨਾ ਪਵੇ। ਕੁਝ ਸਮੇਂ ਬਾਅਦ ਇਸ ਨੇ ਮਹਿਸੂਸ ਕੀਤਾ ਕਿ ਮੱਛਰ ਤਾਂ ਇਸ ਦੀਆਂ ਅੱਖਾਂ ਵਿਚ ਲੱਗ ਹੀ ਨਹੀਂ ਰਿਹਾ। ਜਦ ਕੁਝ ਯਕੀਨ ਹੋਇਆ ਤਾਂ ਬਿਲਕੁਲ ਸਿੱਧਾ ਮੂੰਹ ਕਰਕੇ ਸਾਈਕਲ ਚਲਾਉਣ ਲੱਗੀ। ਘਰ ਪਹੁੰਚ ਗਈ ਪਰ ਅੱਖਾਂ ਵਿਚ ਮੱਛਰ ਨਾ ਪਿਆ। ਜਿਸ ਤਰ੍ਹਾਂ ਅੱਖਾਂ 'ਤੇ ਕੋਈ ਸੂਖਮ ਐਨਕਾਂ ਲੱਗ ਗਈਆਂ ਹੋਣ। ਸੰਤਾਂ ਨੇ ਐਸਾ ਵਚਨ ਕੀਤਾ ਕਿ ਉਸ ਦਿਨ ਤੋਂ ਬਾਅਦ ਜਦ ਤੱਕ ਬੀਬੀ ਜਤਿੰਦਰ ਕੌਰ ਗੁਰਦੁਆਰਾ ਸਾਹਿਬ ਸੇਵਾ ਕਰਨ ਆਉਂਦੀ ਰਹੀ, ਕਦੇ ਅੱਖਾਂ ਵਿਚ ਮੱਛਰ ਨਾ ਪਿਆ।

ਪਿੰਡ ਕਹੁਜੇ ਤੋਂ ਬੀਬੀ ਗੁਰਦੇਵ ਕੌਰ, ਇਕ ਬਾਰ ਕੁਝ ਅਜੀਬ ਅਜੀਬ ਜਿਹਾ ਮਹਿਸੂਸ ਕਰਨ ਲੱਗੀ। ਜਿਸ ਪਾਸੇ ਵੀ ਵੇਖਣਾ ਸੱਪ ਹੀ ਦਿਸਣੇ। ਘਰੋਂ ਬਾਹਰ ਨਿਕਲਣਾ ਤਾਂ ਰਾਹ ਵਿਚ ਸੱਪ। ਖੇਤਾਂ ਵਿਚ ਪਹੁੰਚਣਾ ਤਾਂ ਉੱਥੇ ਸੱਪ। ਘਰ ਆਉਣਾ ਤਾਂ ਘਰ ਸੱਪ। ਜਦ ਅੱਖਾਂ ਮੀਟਣੀਆਂ ਤਾਂ ਸੁਪਨਿਆਂ ਵਿਚ ਵੀ ਸੱਪ। ਇਸ ਦਾ ਮਨ ਦਹਿਲ ਗਿਆ। ਐਨੀ ਡਰ ਗਈ ਕਿ ਤ੍ਰਾਹ-ਤ੍ਰਾਹ ਉੱਠਣ ਲੱਗੀ। ਜਦ ਕੋਈ ਹੋਰ ਪੇਸ਼ ਨਾ ਗਈ ਤਾਂ ਇਸ ਨੂੰ ਬੇਨਤੀ ਕਰਨ ਲਈ ਸੰਤ ਬਾਬਾ ਤੀਰਥ ਸਿੰਘ ਜੀ ਦਾ ਦਰ ਹੀ ਨਜ਼ਰ ਆਇਆ।

ਜੀਅ ਕੀ ਬਿਰਥਾ ਹੋਇ ਸੁ ਗੁਰ ਪਹਿ ਅਰਦਾਸਿ ਕਰਿ ॥
ਛੋਡਿ ਸਿਆਣਪ ਸਗਲ ਮਨੁ ਤਨੁ ਅਰਪਿ ਧਰਿ ॥ (ਮ:5-519)

ਜਦ ਬੀਬੀ ਗੁਰਦੇਵ ਕੌਰ ਨੇ ਸੰਤਾਂ ਕੋਲ ਬੇਨਤੀ ਕੀਤੀ ਤਾਂ ਕਹਿੰਦੇ ਕਿ ਨਿਤਨੇਮ ਕਰਦੇ ਹੋ ? ਜੇ ਕਰਦੇ ਹੋ ਤਾਂ ਗੁਰੂ ਨਾਨਕ ਸੱਚੇ ਪਾਤਸ਼ਾਹ ਅੱਗੇ ਅਰਦਾਸ ਕਰਨੀ ਸੀ। ਬੀਬੀ ਹੱਥ ਜੋੜ ਕੇ ਕਹਿੰਦੀ ਮਹਾਰਾਜ ਹੁਣ ਤਾਂ ਤੁਹਾਡੇ ਦੁਆਰੇ ਆ



ਗਏ ਤੁਸੀਂ ਹੀ ਅਰਦਾਸ ਕਰ ਦਿਓ। ਮਹਾਂਪੁਰਸ਼ ਮੁਸਕਰਾ ਪਏ। ਅਰਦਾਸ ਕਰ ਦਿੱਤੀ ਅਤੇ ਮੁੜ ਕਦੇ ਸੱਪ ਨਹੀਂ ਦਿਸੇ। ਪਿੰਡ ਕਹੁਜੇ ਤੋਂ ਹੀ ਭਾਈ ਹੀਰਾ ਸਿੰਘ ਸਪੁੱਤਰ ਸ: ਸ਼ਿਵ ਸਿੰਘ ਨੇ ਇਕ ਮੱਝ ਖਰੀਦ ਲਈ। ਮੱਝ ਤਾਂ ਦੁੱਧ ਦੀ ਘਾਟ ਪੂਰੀ ਕਰਨ ਲਈ ਖਰੀਦੀ ਸੀ। ਪਰ ਇਹ ਐਸੀ ਮਾਰਖੰਡੀ ਕਿ ਥਣਾਂ ਨੂੰ ਹੱਥ ਨਾ ਲਾਉਣ ਦੇਵੇ। ਬਹੁਤ ਜਤਨ ਕੀਤੇ ਕਿ ਚੋਅ ਲਈਏ ਪਰ ਅਸਫਲ ਰਹੇ। ਥੱਕ ਹਾਰ ਕੇ ਸੰਤ ਮਹਾਰਾਜ ਕੋਲ ਆ ਕੇ ਬੇਨਤੀ ਕੀਤੀ, ਤਾਂ ਸੰਤ ਕਹਿੰਦੇ ਬਈ ਸੰਗਤ ਵਿਚ ਪ੍ਰਮੇਸ਼ਰ ਦਾ ਵਾਸ ਹੁੰਦਾ ਹੈ।

ਵਿਚਿ ਸੰਗਤਿ ਹਰਿ ਪ੍ਰਭੁ ਵਸੈ ਜੀਉ ॥ (ਮ:4—94)

ਅਤੇ ਗੁਰੂ ਘਰ ਜੋ ਲੰਗਰ ਸੰਗਤ ਦੇ ਦਸਵੰਧ ਨਾਲ ਚਲਦਾ ਹੈ ਉਸ ਵਿਚ ਵੀ ਪ੍ਰਮੇਸ਼ਰ ਵਸਦਾ ਹੈ। ਤੁਸੀਂ ਲੰਗਰ ਚੋਂ ਇਕ ਫੁਲਕਾ ਲਿਜਾ ਕੇ ਮੱਝ ਨੂੰ ਦੇ ਦਿਓ। ਗੁਰੂ ਨਾਨਕ ਭਲੀ ਕਰਨਗੇ। ਇਹ ਬਚਨ ਮੰਨ ਕੇ ਲੰਗਰ ਚੋਂ ਇਕ ਫੁਲਕਾ ਲੈ ਗਏ। ਜਦ ਜਾ ਕੇ ਮੱਝ ਨੂੰ ਚਾਰਿਆ ਤਾਂ ਉਹ ਏਨੀ ਸੀਲ ਹੋ ਗਈ ਕਿ ਮੁੜ ਸਾਰਾ ਸੂਆ ਲੱਤ ਵੀ ਨਾ ਮਾਰੀ।

ਪਿੰਡ ਢੱਡੇ ਫਤਹਿ ਸਿੰਘ ਤੋਂ ਸ: ਹਰਨੇਕ ਸਿੰਘ, ਜਦ ਨਵਾਂ ਘਰ ਬਣਾਉਣ ਲੱਗੇ ਤਾਂ ਇਕ ਬਹੁਤ ਭਾਰਾ ਸੱਪ ਨਿਕਲਿਆ ਜੋ ਮਾਰ ਦਿੱਤਾ। ਅਗਲੇ ਦਿਨ ਦੋ ਸੱਪ ਨਿਕਲੇ ਅਤੇ ਮਾਰ ਦਿੱਤੇ। ਫਿਰ ਇਹ ਕਦੇ ਨਾ ਮੁੱਕਣ ਵਾਲਾ ਸਿਲਸਿਲਾ ਆਰੰਭ ਹੋ ਗਿਆ। ਰੋਜ਼ ਸੱਪ ਨਿਕਲਣ ਲੱਗੇ। ਸੱਪ ਨਿਕਲਦੇ ਗਏ ਇਹ ਮਾਰਦੇ ਗਏ। ਆਖਰਕਾਰ ਪ੍ਰੇਸ਼ਾਨ ਹੋ ਗਏ ਕਿ ਐਨੇ ਸੱਪ ਆ ਕਿੱਥੋਂ ਰਹੇ ਹਨ। ਮਨ ਵਿਚ ਤਰ੍ਹਾਂ ਤਰ੍ਹਾਂ ਦੇ ਖਿਆਲ ਆਉਣ ਲੱਗ ਪਏ। ਜਦ ਪ੍ਰੇਸ਼ਾਨੀ ਆਪਣੀ ਚਰਮ ਸੀਮਾ 'ਤੇ ਪਹੁੰਚ ਗਈ ਤਾਂ ਕਿਸੇ ਨੇ ਸੰਤ ਬਾਬਾ ਤੀਰਥ ਸਿੰਘ ਜੀ ਦਾ ਦਰ ਦਿਖਾਇਆ। ਸ. ਹਰਨੇਕ ਸਿੰਘ ਨੇ ਗੁਰਦੁਆਰਾ ਈਸ਼ਰਪੁਰੀ ਸਾਹਿਬ ਵਿਖੇ ਆ ਕੇ ਬੇਨਤੀ ਕੀਤੀ।

ਸੁਨਹੁ ਬੇਨੰਤੀਆ ਸੁਆਮੀ ਮੇਰੇ ਰਾਮ ॥
ਕੋਟ ਅਪ੍ਰਾਧ ਭਰੇ ਭੀ ਤੇਰੇ ਚੇਰੇ ਰਾਮ ॥ (ਮ:5-547)

ਦੱਸਿਆ ਕਿ ਅਸੀਂ ਇਕ ਬਾਰ ਸੱਪ ਮਾਰਨ ਦਾ ਅਜਿਹਾ ਸਿਲਸਿਲਾ ਸ਼ੁਰੂ ਕੀਤਾ ਜੋ ਥੰਮਣ ਦਾ ਨਾਮ ਹੀ ਨਹੀਂ ਲੈ ਰਿਹਾ। ਅਸੀਂ ਮਾਰ ਮਾਰ ਕੇ ਥੱਕ ਗਏ ਹਾਂ ਪਰ ਸੱਪ ਮਰ ਮਰ ਕੇ ਨਹੀਂ ਥੱਕੇ। ਮਹਾਂਪੁਰਸ਼ ਕਹਿੰਦੇ ਕਿ ਜੀਵ ਹੱਤਿਆ ਵਰਗਾ ਤਾਂ ਕੋਈ ਪਾਪ ਹੀ ਨਹੀਂ।

ਕਬੀਰ ਜੋਰੁ ਕੀਆ ਸੋ ਜੁਲਮੁ ਹੈ ਲੇਇ ਜਬਾਬੁ ਖੁਦਾਇ ॥
ਦਫਤਰਿ ਲੇਖਾ ਨੀਕਸੈ ਮਾਰ ਮੁਹੈ ਮੁਹਿ ਖਾਇ ॥ (ਕਬੀਰ ਜੀ, 1375)

ਜੀਵਾਂ ਨੂੰ ਮਾਰਨ ਦੀ ਬਜਾਇ ਰਹਿਮ ਦੀ ਲੋੜ ਹੈ। ਖੰਡ-ਬ੍ਰਹਮੰਡ, ਆਕਾਸ਼-ਪਾਤਾਲ, ਨਦੀਆਂ-ਨਾਲੇ, ਜੰਗਲ-ਬੇਲੇ, ਪਸ਼ੂ-ਬਨਸਪਤੀ ਆਦਿ ਸਭ ਉਸਦੇ ਹੁਕਮ ਅੰਦਰ ਹੀ ਪੈਦਾ ਹੋਏ ਹਨ। ਸਭ ਜੀਵਾਂ ਦੀ ਉਤਪਤੀ ਵੀ ਉਸ ਦੇ ਹੁਕਮ ਨਾਲ ਹੀ ਹੈ।

ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ ॥ (ਮ:1-1)

ਕੁਲ ਸ੍ਰਿਸ਼ਟੀ ਦਾ ਕਣ ਕਣ ਜੋ ਪ੍ਰਮਾਤਮਾ ਦੇ ਹੁਕਮ ਨਾਲ ਪੈਦਾ ਹੋਇਆ ਹੈ ਸਭ ਵਿਚ ਉਸਦਾ ਵਾਸ ਹੈ। ਸਭ ਪਸਾਰਾ ਏਕ ਤੋਂ ਅਨੇਕ ਦਾ ਹੈ ਅਤੇ ਸਭ ਵਿਚ ਉਸ ਦੀ ਜੋਤ ਹੀ ਪ੍ਰਕਾਸ਼ਮਾਨ ਹੈ।

ਸਭ ਮਹਿ ਜੋਤਿ ਜੋਤਿ ਹੈ ਸੋਇ ॥
ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ ॥ (ਮ:1-13)

ਜੀਵਾਂ 'ਤੇ ਅੱਤਿਆਚਾਰ ਕਰਨ ਵਾਲਾ ਰੱਬ ਦੀ ਕਰੋਪੀ ਦਾ ਸ਼ਿਕਾਰ ਹੁੰਦਾ ਹੈ। ਤੁਸੀਂ ਜੀਵਾਂ ਨੂੰ ਮਾਰ ਕੇ ਪ੍ਰਮਾਤਮਾ ਨੂੰ ਕਸ਼ਟ ਪਹੁੰਚਾਇਆ ਹੈ ਜੋ ਮੁਆਫ਼ੀਯੋਗ ਨਹੀਂ। ਸ: ਹਰਨੇਕ ਸਿੰਘ ਨੇ ਫਿਰ ਬੇਨਤੀ ਕੀਤੀ ਕਿ ਗੁਨਾਹ ਤਾਂ ਹੋਇਆ ਹੈ ਜੋ ਅਸਾਂ ਆਪਣੀ ਜਾਨ ਬਚਾਉਣ ਲਈ ਕੀਤਾ। ਪਰ ਹੁਣ ਕਿਰਪਾ ਕਰੋ ਸਾਨੂੰ ਔਗੁਣਹਾਰਿਆਂ ਨੂੰ ਬਖਸ਼ ਲਵੋ।

ਕਿਰਪਾ ਕਰਹੁ ਦੀਨ ਕੇ ਦਾਤੇ ਮੇਰਾ ਗੁਣੁ ਅਵਗਣੁ ਨ ਬੀਚਾਰਹੁ ਕੋਈ ॥
ਮਾਟੀ ਕਾ ਕਿਆ ਧੋਪੈ ਸੁਆਮੀ ਮਾਣਸ ਕੀ ਗਤਿ ਏਹੀ ॥
(ਮ:5- 882)

ਮਹਾਂਪੁਰਸ਼ਾਂ ਨੇ ਨਿਮਰਤਾ ਭਰੇ ਬਚਨ ਸੁਣ ਕੇ ਗੁਰੂ ਮਹਾਰਾਜ ਮੂਹਰੇ ਅਰਦਾਸ ਕਰ ਦਿੱਤੀ ਅਤੇ ਮੁੜ ਕਦੇ ਕੋਈ ਸੱਪ ਨਹੀਂ ਨਿਕਲਿਆ।



# ਮੇਰਾ ਹਰਿ ਪ੍ਰਭ ਅੰਤਰਜਾਮੀ

ਹਠ ਯੋਗ ਵਿਚ ਜੋ ਰਿਧੀਆਂ ਸਿਧੀਆਂ ਕਠਿਨ ਤਪੱਸਿਆ ਦੁਆਰਾ ਕੁੰਡਲਨੀ ਸ਼ਕਤੀ ਜਾਗਰਤ ਕਰਕੇ ਮਿਲਦੀਆਂ ਹਨ ਗੁਰਬਾਣੀ ਦੁਆਰਾ ਦਰਸਾਇ ਸਹਿਜ ਯੋਗ ਦੇ ਮਾਰਗ ਵਿਚ ਸਹਿਜ-ਸੁਤੇ ਹੀ ਪ੍ਰਾਪਤ ਹੋ ਜਾਂਦੀਆਂ ਹਨ। ਜੋਗੀ ਜਨ ਜਿਨ੍ਹਾਂ ਸ਼ਕਤੀਆਂ ਨੂੰ ਫੁਰਨੇ ਦੇ ਜ਼ੋਰ ਨਾਲ ਪ੍ਰਗਟ ਕਰਦੇ ਹਨ ਬ੍ਰਹਮ ਗਿਆਨ ਦੀ ਅਵਸਥਾ ਵਿਚ ਅਫੁਰ ਹੀ ਪ੍ਰਗਟ ਹੋ ਜਾਂਦੀਆਂ ਹਨ। ਸੰਤ ਬਾਬਾ ਤੀਰਥ ਸਿੰਘ ਜੀ ਦੇ ਜੀਵਨ ਵਿਚ ਵੀ ਅੰਤਰਜਾਮਤਾ ਅਤੇ ਵਾਕ ਸਿਧੀ ਜਿਹੀਆਂ ਸਮੂਹ ਸ਼ਕਤੀਆਂ ਦਾ ਪ੍ਰਗਟਾਵਾ ਸੁਤੇ ਸਿਧ ਹੀ ਸੀ।

ਪ੍ਰਭ ਕੈ ਸਿਮਰਨਿ ਰਿਧਿ ਸਿਧਿ ਨਉ ਨਿਧ ॥ (ਮ:5-262)

ਜਦ ਕੋਈ ਕਦਮ ਗੁਰਦੁਆਰਾ ਈਸ਼ਰਪੁਰੀ ਸਾਹਿਬ ਵੱਲ ਨੂੰ ਤੁਰਨਾ ਸ਼ੁਰੂ ਕਰਦੇ ਤਾਂ ਸੰਤ ਜਾਣ ਜਾਂਦੇ ਕਿ ਕਿਸ ਭਾਵਨਾ ਨਾਲ ਆ ਰਹੇ ਹਨ। ਕਹਿਣ ਦੀ ਵੀ ਲੋੜ ਨਾ ਪੈਂਦੀ ਅਤੇ ਸੰਤ ਖੁਦਹੀ ਉਹ ਗੱਲ ਸ਼ੁਰੂ ਕਰ ਦਿੰਦੇ। ਖੁਰਦਪੁਰ ਤੋਂ ਬੀਬੀ ਮਨਿੰਦਰ ਕੌਰ ਦੀ ਦਸਵੀਂ ਕਲਾਸ ਵਿਚ ਪੜ੍ਹਦੀ ਲੜਕੀ ਸ਼ਰਨਜੀਤ ਕੌਰ ਨੇ ਸੁਣਿਆ ਕਿ ਸੰਤ ਬਾਬਾ ਤੀਰਥ ਸਿੰਘ ਜੀ ਸਭ ਦੀਆਂ ਅਰਦਾਸਾਂ ਪੂਰੀਆਂ ਕਰ ਦਿੰਦੇ ਹਨ। ਮਨ ਪੜ੍ਹਾਈ ਵਿਚ ਨਾ ਲੱਗਣ ਕਾਰਨ ਇਹ ਪ੍ਰੇਸ਼ਾਨ ਸੀ। ਇਸ ਨੇ ਆਪਣੀ ਨਾਨੀ ਬੀਬੀ ਬਲਵੀਰ ਕੌਰ ਨੂੰ ਬੇਨਤੀ ਕੀਤੀ ਕਿ ਸੰਤਾਂ ਨਾਲ ਇਸ ਬਾਰੇ ਗੱਲ ਕਰਨ। ਉਹ ਸੰਤਾਂ ਦੇ ਦਰਸ਼ਨ ਕਰਨ ਗਈ ਪਰ ਗੱਲ ਕਰਨ ਦਾ ਚੇਤਾ ਭੁਲਾ ਦਿੱਤਾ। ਜਦ ਸ਼ਰਨਜੀਤ ਨੂੰ ਪਤਾ ਲੱਗਿਆ ਤਾਂ ਬਹੁਤ ਮਾਯੂਸ ਹੋਈ। ਜਦ ਦੁਆਰਾ ਪਰਿਵਾਰ ਸੰਤਾਂ ਦੇ ਦਰਸ਼ਨਾਂ ਲਈ ਜਾਣ ਲੱਗਿਆ ਤਾਂ ਇਸ ਨੇ ਫਿਰ ਉਹੀ ਮੰਗ ਦੁਹਰਾਈ ਅਤੇ ਕਿਹਾ ਕਿ ਇਸ ਬਾਰ ਤੁਹਾਡੇ ਨਾਲ ਮੈਂ ਵੀ ਚੱਲਦੀ ਹਾਂ ਤਾਂ ਕਿ ਤੁਸੀਂ ਮੇਰੀ ਬੇਨਤੀ ਨਾ ਭੁਲਾ ਦੇਵੋ। ਸਭ ਗਏ। ਦਰਸ਼ਨ ਕੀਤੇ ਪਰ ਕੋਈ ਗੱਲ ਨਾ ਕੀਤੀ। ਬੱਚੀ ਦਾ ਮਨ ਭਰੇ ਦਾ ਭਰਿਆ ਹੀ ਰਹਿ ਗਿਆ। ਸਭ ਬਾਰੀ ਬਾਰੀ ਮੱਥਾ ਟੇਕ ਕੇ ਉੱਠਣ ਲੱਗੇ। ਜਦ ਸ਼ਰਨਜੀਤ ਕੌਰ ਨੇ ਮੱਥਾ ਟੇਕਣ ਲਈ ਸਿਰ ਝੁਕਾਇਆ ਤਾਂ ਸੰਤ ਸਿਰ ਪਲੋਸਦਿਆਂ ਕਹਿੰਦੇ, "ਤੁਸੀਂ ਕੋਈ ਪੜ੍ਹਾਈ ਬਾਰੇ ਗੱਲ ਕਰਨੀ ਸੀ?" ਬੱਚੀ ਨੇ ਹੱਥ ਜੋੜ ਕੇ ਬੇਨਤੀ ਕੀਤੀ ਜੋ ਪ੍ਰਵਾਨ ਹੋ ਗਈ ਅਤੇ ਇਹ ਬਹੁਤ ਹੀ ਚੰਗੇ ਨੰਬਰ ਲੈ ਕੇ ਪਾਸ ਹੋਈ।

ਤੂ ਅਣਮੰਗਿਆ ਦਾਨੁ ਦੇਵਣਾ ਸਭਨਾਹਾ ਜੀਆ ॥ (ਮ:4-585)

ਪਿੰਡ ਕੋਟਲੀ ਸਜਾਬਾਦ ਤੋਂ ਭਾਈ ਅਮਰੀਕ ਸਿੰਘ ਦੀ ਲੜਕੀ ਹਰਪ੍ਰੀਤ ਕੌਰ ਅਤੇ ਉਸ ਦਾ ਪਤੀ ਸੁਰਜੀਤ ਸਿੰਘ ਅਮਰੀਕਾ ਤੋਂ ਆਏ। ਇਨ੍ਹਾਂ ਦੇ ਮਨ ਵਿਚ ਸੰਤਾਂ ਦੇ ਦਰਸ਼ਨ ਕਰਨ ਦੀ ਪ੍ਰਬਲ ਇੱਛਾ ਪੈਦਾ ਹੋਈ। ਪਰ ਸੋਚ ਰਹੇ ਸਨ ਕਿ ਸਾਨੂੰ ਉੱਥੇ ਕੌਣ ਜਾਣਦਾ ਹੈ ? ਕਿਵੇਂ ਮਿਲਾਂਗੇ ਮਹਾਂਪੁਰਸ਼ਾਂ ਨੂੰ ? ਮਨ ਦੁਚਿੱਤੀ ਵਿਚ ਹੋਣ ਦੇ ਬਾਵਜੂਦ ਗੁਰਦੁਆਰਾ ਈਸ਼ਰਪੁਰੀ ਸਾਹਿਬ ਵੱਲ ਨੂੰ ਚੱਲ ਪਏ। ਪਹੁੰਚ ਕੇ ਦਰਬਾਰ ਸਾਹਿਬ ਵਿਖੇ ਮੱਥਾ ਟੇਕਿਆ ਅਤੇ ਦਰਸ਼ਨ ਅਭਿਲਾਸ਼ੀ ਬਣਕੇ ਸੰਗਤ ਵਿਚ ਬੈਠ ਗਏ। ਸੰਤ ਆਪਣੇ ਕਮਰੇ ਵਿਚ ਸਨ ਅਤੇ ਸੰਗਤ ਬਾਹਰ ਬੈਠੀ ਸੀ। ਅਜੇ ਬੈਠਿਆਂ ਨੂੰ ਕੁਝ ਸਮਾਂ ਹੀ ਬੀਤਿਆ ਸੀ ਕਿ ਸੇਵਕ ਬੁਲਾਉਣ ਆਇਆ ਕਿ ਜੋ ਕੋਟਲੀ ਤੋਂ ਆਏ ਹਨ ਪਹਿਲਾਂ ਆ ਜਾਓ। ਇਹ ਹੈਰਾਨ ਰਹਿ ਗਏ, ਜਾ ਕੇ ਸੰਤਾਂ ਦੇ ਚਰਨਾਂ ਵਿਚ ਐਸਾ ਸੀਸ ਧਰਿਆ ਕਿ ਮੁੜ ਚੁੱਕਣ ਨੂੰ ਜੀਅ ਹੀ ਨਹੀਂ ਕੀਤਾ।

ਮੇਰੇ ਰਾਮ ਹਰਿ ਜਨ ਕੈ ਹਉ ਬਲਿ ਜਾਈ ॥
ਕੇਸਾ ਕਾ ਕਰਿ ਚਵਰੁ ਢੁਲਾਵਾ ਚਰਣਧੂੜਿ ਮੁਖਿ ਲਾਈ ॥
(ਮ:5-749)

ਇਕ ਸ਼ਾਮ ਤਲਵੰਡੀ ਅਰਾਈਆਂ ਤੋਂ ਬੀਬੀ ਮਨਜੀਤ ਕੌਰ ਦਾ ਲੜਕਾ ਜਗਜੀਤ ਸਿੰਘ ਸੰਤਾਂ ਕੋਲ ਜਾਣ ਦੀ ਜ਼ਿੱਦ ਕਰਨ ਲੱਗਾ। ਬੀਬੀ ਅਵੇਰਾ ਹੋ ਜਾਣ 'ਤੇ ਬੱਸ ਨਾ ਮਿਲਣ ਦਾ ਖਦਸ਼ਾ ਮੁੱਖ ਰੱਖਦਿਆਂ ਜਾਣ ਤੋਂ ਕੰਨੀ ਕਤਰਾ ਰਹੀ ਸੀ। ਲੜਕਾ ਰੋ ਰਿਹਾ ਸੀ ਕਿ ਜ਼ਰੂਰ ਜਾਣਾ ਹੈ। ਜਦ ਨਾ ਮੰਨਿਆ ਤਾਂ ਬੀਬੀ ਮਨਜੀਤ ਕੌਰ ਗੁਰਦੁਆਰਾ ਈਸ਼ਰਪੁਰੀ ਸਾਹਿਬ ਵੱਲ ਨੂੰ ਚੱਲ ਪਈ। ਮਨ ਵਿਚ ਸ਼ਹੁ ਸੀ ਕਿ ਜੇ ਆਉਣ ਸਮੇਂ ਸ਼ਾਮਚੁਰਾਸੀ ਤੋਂ ਪਿੰਡ ਨੂੰ ਆਉਣ ਵਾਲੀ ਆਖਰੀ ਬੱਸ ਨਿਕਲ ਗਈ ਤਾਂ ਬਹੁਤ ਪ੍ਰੇਸ਼ਾਨੀ ਹੋਵੇਗੀ। ਪਰ ਬੇਟੇ ਦੀ ਜ਼ਿੱਦ ਅੱਗੇ ਬੇਬੱਸ ਹੋ ਕੇ ਜਾ ਰਹੀ ਸੀ। ਜਦ ਗੁਰਦੁਆਰਾ ਸਾਹਿਬ ਪਹੁੰਚੀ ਤਾਂ ਭੋਰਾ ਸਾਹਿਬ ਦੇ ਬਾਹਰ ਸੰਤਾਂ ਦੇ ਦਰਸ਼ਨ ਕਰਨ ਲਈ ਸੰਗਤ ਦਾ ਤਾਂਤਾ ਲੱਗਾ ਹੋਇਆ ਸੀ। ਮਨ ਵਿਚ ਸੋਚਣ ਲੱਗੀ ਕਿ ਹੁਣ ਤਾਂ ਬੱਸ ਨਿਕਲ ਹੀ ਜਾਵੇਗੀ। ਮੈਂ ਘਰ ਕਿਸ ਤਰ੍ਹਾਂ ਪਹੁੰਚਾਂਗੀ ? ਇਹ ਅਜੇ ਬਾਹਰ ਜਾ ਕੇ ਬੈਠੇ ਹੀ ਸਨ ਕਿ ਸੁਨੇਹਾ ਆਇਆ ਕਿ ਤਲਵੰਡੀ ਵਾਲਿਆਂ ਨੂੰ ਅੰਦਰ ਬੁਲਾਇਆ ਹੈ। ਜਦ ਅੰਦਰ ਜਾ ਕੇ ਸੰਤਾਂ ਨੂੰ



ਨਮਸਕਾਰ ਕੀਤੀ ਤਾਂ ਮਹਾਂਪੁਰਸ਼ ਬੱਚੇ ਨੂੰ ਪ੍ਰਸ਼ਾਦ ਦਿੰਦਿਆਂ ਕਹਿੰਦੇ, "ਬਈ ਪ੍ਰਸ਼ਾਦ ਲੈ ਕੇ ਜਲਦੀ ਜਾਹ ਨਹੀਂ ਤਾਂ ਤੇਰੀ ਬੱਸ ਨਿਕਲ ਜਾਣੀ ਹੈ।" ਬੀਬੀ ਮਨਜੀਤ ਕੌਰ ਹੈਰਾਨ ਰਹਿ ਗਈ ਕਿ ਐਸੀ ਪੂਰਨਤਾ, ਐਸੇ ਪੂਰਨ ਅੰਤਰਜਾਮੀ ਮਹਾਂਪੁਰਸ਼ਾਂ ਨੂੰ ਤਾਂ ਅੱਠੇ ਪਹਿਰ ਧਿਆਉਣਾ ਚਾਹੀਦਾ ਹੈ।

ਕਾਹੇ ਏਕ ਬਿਨਾ ਚਿਤੁ ਲਾਈਐ ॥
ਊਠਤ ਬੈਠਤ ਸੋਵਤ ਜਾਗਤ ਸਦਾ ਸਦਾ ਹਰਿ ਧਿਆਈਐ ॥
(ਮ:5-379)

ਪਿੰਡ ਘੜਿਆਲ ਦੀ ਬੀਬੀ ਮਹਿੰਦਰ ਕੌਰ ਜਦ ਜਲਭੇ ਵਿਖੇ ਵਿਆਹੀ ਆਈ ਤਾਂ ਇਸ ਨੇ ਸਭ ਦੀ ਜ਼ੁਬਾਨ ਤੋਂ ਸੰਤ ਬਾਬਾ ਤੀਰਥ ਸਿੰਘ ਜੀ ਦੀ ਬੇਅੰਤ ਸ਼ੋਭਾ ਸੁਣੀ। ਮਨ ਵਿਚ ਪੂਰਨ ਗੁਰੂ ਦੇ ਦਰਸ਼ਨਾਂ ਦੀ ਤਾਂਘ ਪੈਦਾ ਹੋ ਗਈ। ਪਰ ਸਹੁਰੇ ਘਰ ਨੂੰਹ ਅਨੇਕ ਅਣਦਿਸੇ ਬੰਧਨਾਂ ਵਿਚ ਬੱਝੀ ਰਹਿੰਦੀ ਹੈ। ਕਿਸੇ ਵੇਲੇ ਇਸਨੇ ਐਨੀ ਬਿਹਬਲ ਹੋ ਜਾਣਾ ਕਿ ਮਨ ਕਰਨਾ ਸਭ ਬੰਧਨ ਤੋੜ ਕੇ ਮਹਾਂਪੁਰਸ਼ਾਂ ਦੇ ਦਰਸ਼ਨ ਕਰ ਆਵਾਂ। ਇਕ ਦਿਨ ਸੰਤ ਪਿੰਡ ਜਲਭੇ ਵਿਚ ਹੀ ਕਿਸੇ ਦੇ ਘਰ ਆਏ। ਇਸਦਾ ਮਨ ਮਿਲਣ ਲਈ ਬਹੁਤ ਤੜਫਿਆ। ਉਸ ਵਕਤ ਕੋਈ ਸਿਆਣਾ ਬਜ਼ੁਰਗ ਘਰ ਵਿਚ ਨਹੀਂ ਸੀ। ਨਵੀਂ-ਨਵੀਂ ਵਹੁਟੀ ਨੂੰ ਸਮਾਜ ਇਕੱਲਿਆਂ ਕਿਸੇ ਦੇ ਘਰ ਜਾਣ ਦੀ ਇਜਾਜ਼ਤ ਨਹੀਂ ਦਿੰਦਾ। ਪਰ ਦਰਸ਼ਨ ਕਰਨ ਦੀ ਤਾਂਘ ਬੀਬੀ ਦੇ ਮਨ ਵਿਚ ਸੁਲਘ ਰਹੀ ਸੀ। ਸੰਤ ਤਾਂ ਜਾਣੀ ਜਾਣ ਸਨ ਜਦ ਸੰਤ ਉਸ ਘਰੋਂ ਵਾਪਸ ਪਰਤਣ ਲਈ ਤੁਰੇ ਤਾਂ ਜਾਂਦੇ ਜਾਂਦੇ ਇਕ ਸੇਵਕ ਨੂੰ ਨਾਲ ਲੈ ਕੇ ਬੀਬੀ ਮਹਿੰਦਰ ਕੌਰ ਦੇ ਘਰ ਆ ਗਏ। ਜਦ ਕੰਮ ਕਾਜ ਵਿਚ ਰੁੱਝੀ ਬੀਬੀ ਨੇ ਅੱਖਾਂ ਚੁੱਕ ਕੇ ਉਤਾਂਹ ਵੇਖਿਆ ਕਿ ਸੰਤ ਖੜ੍ਹੇ ਹਨ ਤਾਂ ਹੱਕੀ-ਬੱਕੀ ਹੀ ਰਹਿ ਗਈ ਅਤੇ ਦੌੜ ਕੇ ਚਰਨਾਂ 'ਤੇ ਸੀਸ ਰੱਖ ਦਿੱਤਾ।

ਤੂੰ ਬੇਅੰਤ ਅਪਾਰ ਸੁਆਮੀ ॥
ਸਗਲ ਘਟਾ ਕਾ ਅੰਤਰਜਾਮੀ ॥

ਹੁਸ਼ਿਆਰਪੁਰ ਤੋਂ ਭਾਈ ਜਗਜੀਤ ਸਿੰਘ ਦਾ ਸਹੁਰਾ ਸ: ਉਜਾਗਰ ਸਿੰਘ ਬਿਰਧ ਹੋ ਚੁੱਕਾ ਸੀ। ਅਨੰਦਪੁਰ ਸਾਹਿਬ ਦੇ ਨਜ਼ਦੀਕ ਰਹਿਣ ਵਾਲੇ ਜਿਨ੍ਹਾਂ ਸੰਤਾਂ ਦਾ ਸੇਵਕ ਸੀ ਉਹ ਵੀ ਸਰੀਰ ਕਰਕੇ ਨਹੀਂ ਰਹੇ ਸਨ। ਉਮਰ ਵਢੇਰੀ ਹੋਣ ਕਰਕੇ ਭਾਈ ਉਜਾਗਰ ਸਿੰਘ ਨੂੰ ਪੰਜ ਬਾਣੀਆਂ ਭੁੱਲਣ ਲੱਗ ਪਈਆਂ ਸਨ। ਪੂਰਾ

ਨਿਤਨੇਮ ਨਾ ਹੋ ਸਕਣ ਕਾਰਨ ਇਹ ਨਿਰਾਸ਼ਾ ਦੇ ਦੌਰ ਚੋਂ ਗੁਜ਼ਰ ਰਿਹਾ ਸੀ। ਜਦ ਨਿਰਾਸ਼ਾ ਦਿਨੋਂ ਦਿਨ ਵਧਦੀ ਹੀ ਗਈ ਤਾਂ ਭਾਈ ਜਗਜੀਤ ਸਿੰਘ ਉਨ੍ਹਾਂ ਨੂੰ ਸੰਤ ਬਾਬਾ ਤੀਰਥ ਸਿੰਘ ਜੀ ਕੋਲ ਗੁਰਦੁਆਰਾ ਸਾਹਿਬ ਵਿਖੇ ਲੈ ਕੇ ਆਇਆ। ਸੰਤ ਬੈਠਦੇ ਸਾਰ ਹੀ ਕਹਿੰਦੇ, "ਬਈ ਬਥੇਰਾ ਹੋ ਗਿਆ ਨਿਤਨੇਮ, ਹੁਣ ਮੂਲਮੰਤਰ ਦਾ ਪਾਠ ਹੀ ਕਰਿਆ ਕਰੋ। ਚਿੰਤਾ ਨਾ ਕਰੋ ਜਿਸ ਨੂੰ ਬਾਂਹ ਫੜਾਈ ਹੈ ਉਸ ਨੇ ਆਪੇ ਹੀ ਪਾਰ ਲਾਉਣਾ ਹੈ।" ਭਾਈ ਉਜਾਗਰ ਸਿੰਘ ਅਣਪੁੱਛੇ ਸਵਾਲ ਦਾ ਉੱਤਰ ਸੁਣ ਕੇ ਦੰਗ ਰਹਿ ਗਿਆ।

ਅੰਤਰਜਾਮੀ ਪੁਰਖੁ ਸੁਆਮੀ ਅਨਬੋਲਤ ਹੀ ਜਾਨਹੁ ਹਾਲ ॥

(ਮ:5–828)

ਇਕ ਬਾਰ ਸੰਤ ਦਿੱਲੀ ਗਏ। ਜਦ ਚਾਣਕਿਆਪੁਰੀ ਵਿਖੇ ਅੰਬੈਸੀ ਅੰਦਰ ਵੜਨ ਦਾ ਸਮਾਂ ਆਇਆ ਤਾਂ ਸੰਤ ਅਚਨਚੇਤ ਹੀ ਕਹਿੰਦੇ ਕਿ ਹੁਣੇ ਅਸਥਾਨ 'ਤੇ ਵਾਪਸ ਚੱਲੋ। ਸਭ ਸੇਵਕ ਕਹਿਣ ਮਹਾਰਾਜ ਏਨੀ ਦੂਰ ਆਏ ਹਾਂ ਵੀਜ਼ਾ ਲੈ ਕੇ ਹੀ ਚੱਲਦੇ ਹਾਂ। ਪਰ ਸੰਤ ਤਾਂ ਵਾਪਸ ਆਉਣ ਲਈ ਅਟੱਲ ਸਨ। ਜਦ ਗੁਰਦੁਆਰਾ ਈਸ਼ਰਪੁਰੀ ਸਾਹਿਬ ਪੁਹੰਚੇ ਤਾਂ ਸੰਤਾਂ ਨੇ ਗੱਡੀ ਤਿਆਰ ਰੱਖਣ ਲਈ ਕਿਹਾ। ਸੰਤ ਆਪਣੇ ਕਮਰੇ ਵਿਚ ਗਏ। ਜਲਪਾਣੀ ਛਕਿਆ ਤੇ ਉਸੇ ਵਕਤ ਪਿੰਡ ਰਕਬਾ ਜ਼ਿਲ੍ਹਾ ਲੁਧਿਆਣਾ ਤੋਂ ਫੋਨ ਆਇਆ ਕਿ ਜਥੇਦਾਰ ਹਰਭਜਨ ਸਿੰਘ ਜੀ ਅਕਾਲ ਚਲਾਣਾ ਕਰ ਗਏ ਹਨ ਅਤੇ ਤੁਸੀਂ ਹੁਣੇ ਹੀ ਆਓ। ਜਥੇਦਾਰ ਹਰਭਜਨ ਸਿੰਘ ਬੀਬੀ ਸਤਿੰਦਰ ਕੌਰ (ਰਾਣੀ) ਦੇ ਪਤੀ ਸਨ ਜਿਸ ਦੀ ਜ਼ਿੰਦਗੀ ਸੰਤਾਂ ਨੇ ਹੀ ਬਖਸ਼ੀ ਸੀ ਅਤੇ ਆਪਣੇ ਹੱਥੀਂ ਹੀ ਜਥੇਦਾਰ ਨਾਲ ਅਸਥਾਨ ਉਤੇ ਆਨੰਦ ਕਾਰਜ ਕਰਵਾਇਆ ਸੀ ਅਤੇ ਸੰਤ ਫ਼ੋਨ ਆਉਂਦੇ ਸਾਰ ਹੀ ਰਕਬਾ ਪਿੰਡ ਨੂੰ ਰਵਾਨਾ ਹੋ ਗਏ।

ਸ. ਮਹਿੰਦਰ ਸਿੰਘ ਦੀ ਲੜਕੀ ਬੀਬੀ ਸੁਖਜੀਤ ਕੌਰ ਗੁਰਦੁਆਰਾ ਸਾਹਿਬ ਵਿਖੇ ਸੇਵਾ ਕਰਿਆ ਕਰਦੀ ਸੀ। ਹੁਸ਼ਿਆਰਪੁਰ-ਚੰਡੀਗੜ੍ਹ ਰੋਡ 'ਤੇ ਕੈਂਪ ਵਿਖੇ ਸੰਤ ਗੁਰਦੁਆਰਾ ਬਣਾ ਰਹੇ ਸਨ। ਇਕ ਦਿਨ ਸੰਤ ਕੁਝ ਸੇਵਕਾਂ ਸਹਿਤ ਸੇਵਾ ਕਰਨ ਜਾਣ ਲੱਗੇ ਤਾਂ ਬੀਬੀ ਸੁਖਜੀਤ ਕੌਰ ਖਹਿੜੇ ਪੈ ਗਈ ਕਿ ਮੈਨੂੰ ਨਾਲ ਲੈ ਕੇ ਜਾਓ। ਸੰਤਾਂ ਨੇ ਸਮਝਾਇਆ ਕਿ ਜਦ ਫਿਰ ਕੈਂਪ ਵਾਲੇ ਗੁਰਦੁਆਰਾ ਸਾਹਿਬ ਜਾਵਾਂਗੇ ਤੈਨੂੰ ਨਾਲ ਲੈ ਕੇ ਜਾਵਾਂਗੇ, ਅੱਜ ਗੱਡੀ ਵਿਚ ਬਹਿਣ ਲਈ ਜਗ੍ਹਾ ਨਹੀਂ



ਹੈ। ਇਹ ਮੰਨ ਗਈ। ਕੁਝ ਦਿਨ ਬਾਅਦ ਸੰਤ ਬਾਬਾ ਤੀਰਥ ਸਿੰਘ ਜੀ ਦਾ ਰਾੜਾ ਸਾਹਿਬ ਜਾਣ ਦਾ ਪ੍ਰੋਗਰਾਮ ਸੀ। ਸੰਤ ਕੁਝ ਸੇਵਕਾਂ ਸਮੇਤ ਰਾੜਾ ਸਾਹਿਬ ਚਲੇ ਗਏ ਤਾਂ ਬੀਬੀ ਸੁਖਜੀਤ ਕੌਰ ਰੋਣ ਲੱਗ ਪਈ। ਕਹੇ ਕਿ ਸੰਤਾਂ ਦਾ ਆਪਣਾ ਜਿੱਥੇ ਜੀਅ ਕਰਦਾ ਹੈ ਗੱਡੀ ਵਿਚ ਬੈਠ ਕੇ ਚਲੇ ਜਾਂਦੇ ਹਨ ਅਤੇ ਮੈਨੂੰ ਹੁਸ਼ਿਆਰਪੁਰ ਵੀ ਨਹੀਂ ਲੈ ਕੇ ਗਏ। ਇਹ ਬੀਬੀ ਭਰੇ ਮਨ ਨਾਲ ਸੇਵਾ ਕਰ ਰਹੀ ਸੀ ਕਿ ਅੱਧੇ ਘੰਟੇ ਬਾਅਦ ਹੀ ਸੰਤ ਵਾਪਸ ਆ ਗਏ। ਇਸਨੇ ਦਬਾ-ਦਬਾ ਅੱਖਾਂ ਪੂੰਝੀਆਂ ਅਤੇ ਸੰਤਾਂ ਪਾਸ ਗਈ। ਪੁੱਛਿਆ ਮਹਾਰਾਜ ਰਾੜਾ ਸਾਹਿਬ ਨਹੀਂ ਗਏ, ਵਾਪਸ ਕਿਉਂ ਆ ਗਏ। ਸੰਤ ਮੁਸਕਰਾ ਕੇ ਕਹਿੰਦੇ ਨਾਲੇ ਬੈਠੀ ਰੋ ਰੋ ਕੇ ਬੇਨਤੀਆਂ ਕਰੀ ਜਾਂਦੀ ਏ ਅਤੇ ਆਪ ਹੀ ਪੁੱਛਣ ਆ ਗਈ। ਜਦ ਸੰਤਾਂ ਮੂੰਹੋਂ ਇਹ ਬਚਨ ਸੁਣੇ ਤਾਂ ਸੁਖਜੀਤ ਦੇ ਮਨ ਨੂੰ ਬਹੁਤ ਠੋਕਰ ਲੱਗੀ ਕਿ ਇਕ ਮੇਰੀ ਇੱਛਾ ਖਾਤਰ ਹੀ ਸੰਤਾਂ ਦੇ ਰਾੜਾ ਸਾਹਿਬ ਜਾਣ ਦਾ ਪ੍ਰੋਗਰਾਮ ਰਹਿ ਗਿਆ, ਮੈਂ ਕਿੱਥੇ ਭੁੱਲਾਂ ਬਖ਼ਸ਼ਾਵਾਂਗੀ ਅਤੇ ਸੰਤਾਂ ਦੇ ਚਰਨਾਂ 'ਤੇ ਡਿੱਗ ਪਈ।

ਲੇਖ ਕਤਹਿ ਨ ਛੁਟੀਐ ਖਿਨੁ ਖਿਨੁ ਭੂਲਨਹਾਰ ॥
ਬਖਸ਼ਨਹਾਰ ਬਖਸਿ ਲੈ ਨਾਨਕ ਪਾਰਿ ਉਤਾਰ ॥ (ਮ:5–261)

ਪਿੰਡ ਵਾਹਿਦ ਤੋਂ ਸ. ਸਤਨਾਮ ਸਿੰਘ ਸੰਤਾਂ ਦਾ ਪੱਕਾ ਸੇਵਕ ਸੀ। ਇਸਦੀ ਪਿੰਡ ਸਾਹਰੀ ਵਿਖੇ ਵਿਆਹੀ ਭੈਣ ਬਹੁਤ ਬਿਮਾਰ ਹੋ ਗਈ। ਸੰਤਾਂ ਨੂੰ ਬੇਨਤੀ ਕੀਤੀ ਕਿ ਆਪ ਜੀ ਚੱਲਕੇ ਆਸ਼ੀਰਵਾਦ ਦਿਓ। ਸੰਤ ਪ੍ਰਮਾਤਮਾ ਦੇ ਰੰਗ ਵਿਚ ਰੰਗੇ ਬੈਠੇ ਸਨ। ਸੰਤ ਕਹਿੰਦੇ ਬਈ ਐਤਵਾਰ 4 ਵਜੇ ਚੱਲਾਂਗੇ। ਜਦ ਐਤਵਾਰ ਨੂੰ ਸਤਨਾਮ ਸਿੰਘ ਸੰਤ ਜੀ ਨੂੰ ਲੈਣ ਆਇਆ ਕਿ ਚਲੋ ਚੱਲੀਏ ਤਾਂ ਸੰਤ ਕਹਿੰਦੇ ਬਈ ਤੁਹਾਡੀ ਭੈਣ ਤਾਂ ਇਸ ਦੁਨੀਆਂ ਵਿਚ ਨਹੀਂ ਰਹੀ। ਸਤਨਾਮ ਸਿੰਘ ਉਹਨੀਂ ਪੈਰੀਂ ਫੋਨ ਵੱਲ ਦੌੜਿਆ। ਜਦ ਪਤਾ ਕੀਤਾ ਤਾਂ ਖ਼ਬਰ ਮਿਲੀ ਕਿ ਪੂਰੇ ਚਾਰ ਵਜੇ ਪ੍ਰਾਣ ਤਿਆਗ ਗਈ।

ਸ਼ਾਮ ਚੁਰਾਸੀ ਤੋਂ ਗੁਰਦੁਆਰਾ ਸਾਹਿਬ ਵਿਖੇ ਭਾਈ ਜਰਨੈਲ ਸਿੰਘ ਪਾਠੀ ਸਿੰਘ ਦੀ ਸੇਵਾ ਕਰਨ ਆਇਆ ਕਰਦਾ ਸੀ। ਇਸਦੇ ਪਿਤਾ ਜੀ ਬਿਰਧ ਹੋਣ ਕਾਰਨ ਬਿਮਾਰ ਹੋ ਗਏ। ਘਰੋਂ ਗਰੀਬ ਹੋਣ ਕਾਰਨ ਸਾਰਾ ਇਲਾਜ ਮਹਾਂਪੁਰਸ਼ਾਂ ਨੇ ਹੀ ਕਰਵਾਇਆ। ਸ਼ਾਮ ਚੁਰਾਸੀ ਵਾਲੇ ਡਾਕਟਰਾਂ ਨੇ ਹੱਥ ਖੜੇ ਕਰਦਿਆਂ ਸ਼ਹਿਰ ਬੜੇ ਹਸਪਤਾਲ ਲਿਜਾਣ ਲਈ ਕਿਹਾ। ਮਹਾਂਪੁਰਸ਼ ਕਹਿੰਦੇ ਬਈ ਹੁਣ

ਇਸਨੂੰ ਘਰ ਲੈ ਜਾਓ। ਭਾਈ ਜਰਨੈਲ ਸਿੰਘ ਪਿਤਾ ਜੀ ਨੂੰ ਘਰ ਲੈ ਆਇਆ। ਘਰ ਜਲ ਛੱਕਕੇ ਜਦ ਉਹਨਾਂ ਦੀ ਅੱਖ ਲੱਗੀ ਤਾਂ ਜਰਨੈਲ ਸਿੰਘ ਸੰਤਾਂ ਕੋਲ ਆਇਆ ਕਿ ਹੁਣ ਅੱਗੋਂ ਕੀ ਕਰਨਾ ਹੈ। ਜਦ ਪੁੱਛਿਆ ਤਾਂ ਸੰਤ ਕਹਿੰਦੇ ਬਈ ਤੁਹਾਡੇ ਬਜ਼ੁਰਗ ਤਾਂ ਸਰੀਰ ਛੱਡ ਗਏ ਹਨ। ਜਦ ਜਰਨੈਲ ਸਿੰਘ ਨੇ ਉਹਨੀਂ ਪੈਰੀਂ ਘਰ ਜਾ ਕੇ ਵੇਖਿਆ ਤਾਂ ਬਜ਼ੁਰਗ ਪੂਰੇ ਹੋ ਚੁੱਕੇ ਸਨ।

ਪਿੰਡ ਸਾਰੋਬਾਦ ਤੋਂ ਸ. ਸਤਪਾਲ ਸਿੰਘ ਹੁਰਾਂ ਦਾ ਪਿਤਾ ਸ. ਨਰੰਜਨ ਸਿੰਘ ਹੌਲੇ-ਮੁਹੱਲੇ ਦੇ ਮੇਲੇ 'ਤੇ ਆਨੰਦਪੁਰ ਸਾਹਿਬ ਵਿਖੇ ਗਿਆ ਤਾਂ ਵਾਪਸ ਨਹੀਂ ਪਰਤਿਆ। ਬੜੇ ਲੋਕਾਂ ਤੋਂ ਪੁੱਛਿਆ। ਸਭ ਕਹਿਣ ਅੱਜ ਜਾਂ ਕੱਲ੍ਹ ਹੀ ਆ ਜਾਣਗੇ। ਜਦ ਇਹਨਾਂ ਨੇ ਸੰਚਾਰ ਮਾਧਿਅਮਾਂ ਦਾ ਸਹਾਰਾ ਲੈਣ ਦੀ ਸੋਚੀ ਤਾਂ ਕਿਸੇ ਨੇ ਸੰਤ ਬਾਬਾ ਤੀਰਥ ਸਿੰਘ ਜੀ ਨਾਲ ਬਚਨ ਕਰਨ ਦੀ ਸਲਾਹ ਦਿੱਤੀ। ਜਦ ਸੰਤ ਜੀ ਕੋਲ ਗਏ ਤਾਂ ਆਪ ਕਹਿੰਦੇ ਕਿ ਵੀਰਵਾਰ ਚਾਰ ਵਜੇ ਤੱਕ ਵੇਖ ਲਉ ਜੇ ਨਾ ਪਤਾ ਲੱਗੇ ਤਾਂ ਫਿਰ ਟੈਲੀਵਿਜ਼ਨ 'ਤੇ ਕੱਢਵਾ ਦੇਣਾ। ਇਹ ਕੁਝ ਦਿਨ ਹੋਰ ਭਾਲ ਵਿਚ ਲੱਗੇ ਰਹੇ। ਪਰ ਵੀਰਵਾਰ ਠੀਕ ਚਾਰ ਵਜੇ ਆਨੰਦਪੁਰ ਸਾਹਿਬ ਤੋਂ ਫੋਨ ਆਇਆ ਕਿ ਨਰੰਜਨ ਸਿੰਘ ਦੁਨੀਆਂ 'ਤੇ ਨਹੀਂ ਰਹੇ ਅਤੇ ਤੁਸੀਂ ਏਥੇ ਆ ਕੇ ਲਾਸ਼ ਲੈ ਜਾਓ।

ਮਰਣਿ ਨ ਮੂਰਤੁ ਪੁਛਿਆ ਪੁਛੀ ਥਿਤਿ ਨ ਵਾਰੁ ॥
ਇਕਨ੍ਹੀ ਲਦਿਆ ਇਕਿ ਲਦਿ ਚਲੇ ਇਕਨ੍ਹੀ ਬਧੇ ਭਾਰ।

(ਮ:1-1244)

ਪਿੰਡ ਕਾਠੇ ਅਧਿਕਾਰੇ ਤੋਂ ਭਾਈ ਨਾਜਰ ਸਿੰਘ ਦਾ ਭਰਾ ਜੈ ਸਿੰਘ ਬਿਮਾਰ ਹੋ ਗਿਆ। ਦਿਨ ਪੁਰ ਦਿਨ ਨਿਘਰਦਾ ਹੀ ਗਿਆ। ਹਾਲਤ ਅਜਿਹੀ ਹੋ ਗਈ ਕਿ ਚੱਲਣ ਫਿਰਨ ਤੋਂ ਵੀ ਮੁਹਤਾਜ ਹੋ ਗਿਆ। ਇਸ ਤਰ੍ਹਾਂ ਲੱਗਦਾ ਸੀ ਕਿ ਪਲ ਦੋ ਪਲ ਦਾ ਪ੍ਰਾਹੁਣਾ ਹੈ। ਜਦ ਬੀਬੀ ਮਹਿੰਦਰ ਕੌਰ (ਨੂੰਹ) ਸੰਤ ਬਾਬਾ ਤੀਰਥ ਸਿੰਘ ਜੀ ਕੋਲ ਬੇਨਤੀ ਕਰਨ ਗਈ ਤਾਂ ਆਪ ਮੁਸਕਰਾ ਕੇ ਕਹਿੰਦੇ ਬਈ ਉਸਨੂੰ ਤਾਂ ਕੁਝ ਨਹੀਂ ਹੋਇਆ। ਪੂਰੇ 90 ਸਾਲ ਦੀ ਉਮਰ ਹੈ ਉਸਦੀ। ਉਸ ਨੂੰ ਕਹੋ ਦੀਨ ਦੁਨੀਆ ਦਾ ਮੋਹ ਤਿਆਗ ਕੇ ਨਾਮ ਜਪਿਆ ਕਰੇ। ਮਾਇਆ ਨੇ ਸਾਥ ਨਹੀਂ ਜਾਣਾ। ਸੰਤਾਂ ਨੇ ਪ੍ਰਸ਼ਾਦ ਦਿੱਤਾ ਅਤੇ ਉਹ ਠੀਕ ਹੋ ਗਿਆ। ਉਸ ਵਕਤ ਭਾਈ ਜੈ ਸਿੰਘ ਦੀ ਉਮਰ 84 ਸਾਲ ਦੀ ਸੀ। ਪੂਰੇ ਛੇ ਸਾਲ ਬਾਅਦ ਜੈ ਸਿੰਘ ਪੂਰਾ ਹੋ ਗਿਆ।



ਕਬੀਰ ਇਹੁ ਤਨੁ ਜਾਇਗਾ ਸਕਹੁ ਤ ਲੇਹੁ ਬਹੋਰਿ ॥
ਨਾਂਗੇ ਪਾਵਹੁ ਤੇ ਗਏ ਜਿਨ ਕੇ ਲਾਖ ਕਰੋਰਿ ॥ (ਕਬੀਰ ਜੀ, 1365)

ਪਿੰਡ ਘੋੜਬਾਹਾ ਤੋਂ ਸ. ਮਨਜੀਤ ਸਿੰਘ ਦੀ ਸਿਹਤ ਬਹੁਤ ਖਰਾਬ ਰਹਿੰਦੀ ਸੀ। ਡਾਕਟਰਾਂ ਨੂੰ ਰੀੜ ਦੀ ਹੱਡੀ ਦੀ ਟੀ.ਬੀ. (Spine T.B.) ਦੀ ਸ਼ੱਕ ਸੀ। ਹਾਲਾਤ ਅਜਿਹੇ ਸਨ ਕਿ ਬੀਬੀ ਰਤਨ ਕੌਰ (ਪਤਨੀ) ਇਲਾਜ ਦੀ ਖਾਤਰ ਰਾਹਾਂ ਵਿਚ ਹੀ ਰਹਿੰਦੀ। ਕਦੇ ਇਸ ਹਸਪਤਾਲ ਕਦੇ ਉਸ ਹਸਪਤਾਲ। ਇਹ ਸੰਤ ਬਾਬਾ ਤੀਰਥ ਸਿੰਘ ਜੀ ਦੇ ਪ੍ਰੇਮੀ ਸਨ। ਥਕ ਹਾਰ ਕੇ ਇਹਨਾਂ ਸੰਤਾਂ ਦੇ ਚਰਨਾਂ ਵਿਚ ਬੇਨਤੀ ਕੀਤੀ। ਸੰਤ ਕਹਿੰਦੇ ਬਈ ਅਸੀਂ ਤੁਹਾਨੂੰ ਇਕ ਜਲੰਧਰ ਦੇ ਡਾਕਟਰ ਦਾ ਐਡਰੈੱਸ ਦਿੰਦੇ ਹਾਂ। ਬਹੁਤ ਸਿਆਣਾ ਹੈ ਉਸਨੂੰ ਜਾ ਕੇ ਮਿਲੋ। ਜਦ ਇਹ ਉਸ ਡਾਕਟਰ ਕੋਲ ਗਏ ਤਾਂ ਉਹ ਹਿਰਦੇ ਰੋਗਾਂ ਦਾ ਮਾਹਿਰ (Heart Specialist) ਸੀ। ਇਹ ਸੋਚ ਰਹੇ ਸਨ ਕਿ ਸੰਤਾਂ ਨੇ ਐਵੇਂ ਹੀ ਭੇਜ ਦਿੱਤਾ। ਬਿਮਾਰੀ ਤਾਂ ਹੱਡੀ ਨਾਲ ਸਬੰਧਿਤ ਹੈ ਦਿਲ ਦੇ ਰੋਗਾਂ ਦਾ ਮਾਹਿਰ ਕਿਵੇਂ ਇਲਾਜ ਕਰ ਸਕਦਾ ਹੈ। ਪਰ ਬਚਨ ਨਹੀਂ ਸਨ ਮੋੜਨਾ ਚਾਹੁੰਦੇ। ਅੰਦਰ ਗਏ ਅਤੇ ਡਾਕਟਰ ਤੋਂ ਟੈਸਟ ਕਰਵਾਇਆ। ਪਤਾ ਲੱਗਿਆ ਕਿ ਦਿਲ ਦੀ ਬਿਮਾਰੀ ਸੀ ਅਤੇ ਪਹਿਲੇ ਡਾਕਟਰ ਸਪਾਈਨ ਟੀ.ਬੀ. ਦਾ ਇਲਾਜ ਹੀ ਕਰੀ ਗਏ। ਸੰਤਾਂ ਦੁਆਰਾ ਦਰਸਾਏ ਰਾਹ ਨਾਲ ਸਹੀ ਬਿਮਾਰੀ ਦਾ ਇਲਾਜ ਹੋਣ ਲੱਗ ਪਿਆ।

ਆਪੇ ਉਝੜਿ ਪਾਇਦਾ ਪਿਆਰਾ ਆਪਿ ਵਿਖਾਲੇ ਰਾਹੁ ॥

(ਮ:4-604)

ਲੁਹਾਰਾ ਵਾਲੇ ਜਥੇ ਦੇ ਤਿੰਨੇ ਸਿੰਘ ਸੰਤ ਬਾਬਾ ਤੀਰਥ ਸਿੰਘ ਜੀ ਦੇ ਦਰਸ਼ਨਾਂ ਲਈ ਜਾ ਰਹੇ ਸਨ। ਇਕ ਸਿੰਘ ਨੇ ਇੱਛਾ ਜ਼ਾਹਿਰ ਕੀਤੀ ਕਿ ਅੱਜ ਕੜ੍ਹੀ ਨਾਲ ਲੰਗਰ ਛਕਣ ਨੂੰ ਜੀਅ ਕਰਦਾ ਹੈ। ਜਥਾ ਗੁਰਦੁਆਰਾ ਸਾਹਿਬ ਪਹੁੰਚ ਗਿਆ। ਨਮਸਕਾਰ ਕਰਕੇ ਸੰਤ ਜੀ ਕੋਲ ਬੈਠ ਗਏ। ਲੰਗਰ ਛਕਣ ਦਾ ਤਾਂ ਸੰਤ ਸਾਰੀ ਸੰਗਤ ਨੂੰ ਹੀ ਕਿਹਾ ਕਰਦੇ ਸਨ। ਅਜੇ ਇਹਨਾਂ ਬੈਠਿਆਂ ਨੂੰ ਕੁਝ ਸਮਾਂ ਹੀ ਹੋਇਆ ਹੋਵੇਗਾ ਕਿ ਸੰਤ ਆਪਣੇ ਇਕ ਸੇਵਾਦਾਰ ਨੂੰ ਕਹਿੰਦੇ ਬਈ ਇਹਨਾਂ ਸਿੰਘਾਂ ਨੂੰ ਨਾਲ ਲਿਜਾ ਕੇ ਲੰਗਰ ਛਕਾਓ ਅਤੇ ਜੋ ਧਾਮੀਆਂ ਵਾਲੀ ਬੀਬੀ ਸਾਡੇ ਲਈ ਕੜ੍ਹੀ ਬਣਾ ਕੇ ਲਿਆਈ ਹੈ ਇਹਨਾਂ ਨੂੰ ਉਹ ਜ਼ਰੂਰ ਛਕਾਉਣਾ। ਸਭ ਸਿੰਘ ਇਕ ਦੂਸਰੇ ਵੱਲ ਵੇਖਣ ਲੱਗ ਪਏ।

ਪੰਡੋਰੀ ਨਿੱਝਰਾਂ ਤੋਂ ਸ. ਕੁਲਵਿੰਦਰ ਸਿੰਘ ਸੰਤਾਂ ਦਾ ਸੇਵਕ ਸੀ। ਇਕ ਦਿਨ ਇਹ ਕਿਤੋਂ ਦੂਰੋਂ ਆ ਰਿਹਾ ਸੀ। ਰਾਸਤੇ ਵਿਚ ਸੋਚਿਆ ਕਿ ਸ਼ਾਮ ਚੁਰਾਸੀ ਦੇ ਨੇੜੇ ਦੀ ਲੰਘਣਾ ਹੈ ਕਿਉਂ ਨਾ ਸੰਤ-ਮਹਾਂਪੁਰਸ਼ਾਂ ਦੇ ਦਰਸ਼ਨ ਹੀ ਕਰ ਚੱਲੀਏ। ਦੂਰੋਂ ਆਉਣ ਕਾਰਨ ਭੁੱਖ ਬਹੁਤ ਲੱਗੀ ਹੋਈ ਸੀ। ਮਨ ਵਿਚ ਵਿਚਾਰ ਆਇਆ ਕਿ ਅੱਜ ਤਾਂ ਪਲ ਵੀ ਭੁੱਖ ਹੋਰ ਸਹਿਣੀ ਮੁਸ਼ਕਲ ਹੋਈ ਪਈ ਹੈ। ਤਾਂ ਹੈ ਜੇ ਸੰਤ ਦਰ ਟੱਪਦਿਆਂ ਨੂੰ ਹੀ ਕਹਿਣ ਕਿ ਪ੍ਰਸ਼ਾਦਾ ਛੱਕ ਕੇ ਆਇਓ। ਭਾਈ ਕੁਲਵਿੰਦਰ ਸਿੰਘ ਭੋਰਾ ਸਾਹਿਬ ਦੇ ਨਜ਼ਦੀਕ ਪਹੁੰਚਿਆ। ਸੰਤ ਜਿਸ ਕਮਰੇ ਵਿਚ ਨਿਵਾਸ ਕਰਦੇ ਸਨ ਅਜੇ ਉਸਦਾ ਦਰ ਟੱਪ ਕੇ ਮੱਥਾ ਹੀ ਟੇਕਣ ਲੱਗਾ ਸੀ ਕਿ ਸੰਤ ਕਹਿੰਦੇ ਬਈ ਕੁਲਵਿੰਦਰ ਸਿੰਘ ਪਹਿਲਾਂ ਲੰਗਰ ਛਕ ਕੇ ਆਓ।

ਪਿੰਡ ਚੱਕ ਰਾਜੂ ਸਿੰਘ ਦੇ ਸ. ਬਲਦੇਵ ਸਿੰਘ ਦੇ ਲੜਕੇ ਪ੍ਰਭਜੀਤ ਸਿੰਘ ਦਾ ਵਿਆਹ ਸੀ। ਸੰਤ ਮਹਾਰਾਜ ਅਖੰਡ ਪਾਠ ਸਾਹਿਬ ਦੇ ਭੋਗ 'ਤੇ ਆਏ। ਜਦ ਸਮਾਪਤੀ ਉਪਰੰਤ ਪਰਿਵਾਰ ਨੇ ਲੰਗਰ ਛਕਣ ਦੀ ਬੇਨਤੀ ਕੀਤੀ ਤਾਂ ਸੰਤ ਕਹਿੰਦੇ ਕਿ ਦੂਹਰੀ ਬਾਰ ਆਏ ਛਕਾਂਗੇ। ਸਭ ਸੋਚ ਰਹੇ ਸਨ ਕਿ ਮਹਾਂਪੁਰਸ਼ਾਂ ਨੇ ਲੰਗਰ ਨਹੀਂ ਛਕਿਆ ਅਗਲੀ ਵਾਰ ਪਾਠ ਪਤਾ ਨਹੀਂ ਕਦੋਂ ਕਰਵਾ ਹੋਣਾ ਹੈ। ਅਜੇ ਲੜਕੇ ਦੇ ਵਿਆਹ ਨੂੰ ਕੁਝ ਦਿਨ ਹੀ ਹੋਏ ਸਨ ਕਿ ਲੜਕੀ ਲਈ ਬਾਹਰਲਾ ਰਿਸ਼ਤਾ ਆਇਆ। ਅਗਲੇ ਮਹੀਨੇ ਦਾ ਵਿਆਹ ਪੱਕਾ ਹੋ ਗਿਆ। ਜਦ ਦੁਬਾਰਾ ਸੰਤ ਆਖੰਡ ਪਾਠ ਸਾਹਿਬ ਦੇ ਭੋਗ 'ਤੇ ਆਏ ਤਾਂ ਕਹਿੰਦੇ ਲਿਆਓ ਬਈ ਪ੍ਰਸ਼ਾਦਾ ਛਕੀਏ। ਪਰਿਵਾਰ ਹੈਰਾਨ ਸੀ ਕਿ ਸੰਤ ਉਸੇ ਦਿਨ ਹੀ ਜਾਣਦੇ ਸਨ ਕਿ ਜਲਦੀ ਹੀ ਦੁਆਰਾ ਆਉਣਾ ਹੈ ਇਸੇ ਲਈ ਦੂਹਰੀ ਬਾਰ ਆਉਣ 'ਤੇ ਲੰਗਰ ਛਕਣ ਦਾ ਬਚਨ ਕਰ ਗਏ ਸਨ।

ਪਿੰਡ ਕਾਲਕਟ ਤੋਂ ਸ੍ਰੀ ਰਾਮ ਲਾਲ ਨੇ ਆਪਣੇ ਲੜਕੇ ਦਾ ਵਿਆਹ ਕੀਤਾ। ਇਸਦੀ ਪਤਨੀ ਬੀਬੀ ਸੁਰਜੀਤ ਕੌਰ ਆਪਣੇ ਨੂੰਹ-ਪੁੱਤ ਨੂੰ ਲੈ ਕੇ ਸੰਤ ਬਾਬਾ ਤੀਰਥ ਸਿੰਘ ਜੀ ਕੋਲ ਆਸ਼ੀਰਵਾਦ ਦਿਵਾਉਣ ਗਈ। ਜਦ ਇਹ ਪਹੁੰਚੇ ਤਾਂ ਬਹੁਤ ਸਾਰੀ ਸੰਗਤ ਸੰਤਾਂ ਦੇ ਸਨਮੁਖ ਜੁੜ ਬੈਠੀ ਸੀ। ਜਿਉਂ ਹੀ ਇਸਦੇ ਨੂੰਹ-ਪੁੱਤ 'ਤੇ ਸੰਤਾਂ ਦੀ ਨਿਗਾਹ ਪਈ ਤਾਂ ਖਿੜਖਿੜਾ ਕੇ ਹੱਸਣ ਲੱਗ ਪਏ। ਬਹੁਤ ਹੱਸੇ। ਸੰਤਾਂ ਤੋਂ ਪ੍ਰਸ਼ਾਦ ਲੈ ਕੇ ਸੇਵਕ ਘਰ ਆ ਗਏ। ਆਉਂਦੇ ਸਾਲ ਇਹਨਾਂ ਦੇ ਘਰ ਤਿੰਨ ਜੁੜਵਾ ਬੱਚੇ ਪੈਦਾ ਹੋਏ। ਦੋ ਲੜਕੀਆਂ ਅਤੇ ਇਕ ਲੜਕਾ। ਤਦ ਇਹਨਾਂ ਨੂੰ



ਸਮਝ ਆਇਆ ਕਿ ਉਸ ਦਿਨ ਸੰਤ ਵੇਖਦੇ ਸਾਰ ਹੀ ਕਿਉਂ ਹੱਸੇ ਸਨ।

ਅਜਿਹੀਆਂ ਅਣਗਿਣਤ ਉਦਾਹਰਣਾ ਹਨ ਕਿ ਜੋ ਸੇਵਕ ਦੇ ਮੂੰਹ ਵਿਚ ਹੰਦਾ ਜਾਂ ਉਸ ਨਾਲ ਵਾਪਰਨ ਵਾਲਾ ਹੁੰਦਾ ਸੰਤ ਸਹਿਜ ਸੁਭਾਅ ਹੀ ਰਮਜ਼ ਮਾਰ ਦਿੰਦੇ। ਜਿਸਦੇ ਬੁੱਲਾਂ 'ਤੇ ਅਰਦਾਸ ਆਉਂਦੀ ਉਹ ਪੂਰੀ ਹੋ ਜਾਂਦੀ ਅਤੇ ਜਿਸਦੀ ਭਾਵਨਾ ਹੁੰਦੀ ਮਹਾਂਪੁਰਸ਼ਾਂ ਨੂੰ ਕਹਿ ਨਾ ਸਕਿਆ ਹੁੰਦਾ ਉਹ ਅਣਕਹੀ ਬੇਨਤੀ ਵੀ ਸੁਣੀ ਜਾਂਦੀ। ਐਸੇ ਪੂਰਨ ਅੰਤਰਜਾਮੀ ਮਹਾਂਪੁਰਸ਼ਾਂ ਨਾਲ ਮੇਲ ਤਾਂ ਪ੍ਰਮੇਸ਼ਰ ਦੀ ਕਿਰਪਾ ਤੋਂ ਬਿਨਾਂ ਨਹੀਂ ਹੋ ਸਕਦਾ। ਐਸੇ ਸਾਧੂਆਂ ਨਾਲ ਮਿਲਾਪ ਲਈ ਤਾਂ ਰਾਤ ਦਿਨ ਪ੍ਰਮਾਤਮਾ ਅੱਗੇ ਹੀ ਬੇਨਤੀ ਕਰਨੀ ਚਾਹੀਦੀ ਹੈ।

ਪਖਾ ਫੇਰੀ ਪਾਣੀ ਢੋਵਾ ਹਰਿ ਜਨ ਕੈ ਪੀਸਣੁ ਪੀਸਿ ਕਮਾਵਾ ॥
ਨਾਨਕ ਕੀ ਪ੍ਰਭ ਪਾਸਿ ਬੇਨੰਤੀ ਤੇਰੇ ਜਨ ਦੇਖਣੁ ਪਾਵਾ ॥

(ਮ:5-749)

## ਚਾਰਿ ਪਦਾਰਥ ਜੇ ਕੋ ਮਾਂਗੇ

ਸੰਤ ਬਾਬਾ ਤੀਰਥ ਸਿੰਘ ਜੀ ਕਿਹਾ ਕਰਦੇ ਸਨ ਕਿ ਗਰੀਬੀ ਹੀ ਸਫਲ ਜੀਵਨ ਦਾ ਮਾਰਗ ਹੈ। ਜਿਥੇ ਗਰੀਬੀ ਹੈ ਉਥੇ ਸੁੱਖ ਹਨ। ਜਿਥੇ ਅਮੀਰੀ ਹੈ ਉਥੇ ਦੁੱਖ ਹਨ। ਦੁੱਖ ਵਿਕਾਰਾਂ ਵਿਚ ਫਸਣ ਤੋਂ ਉਪਜਦੇ ਹਨ ਕਿਉਂਕਿ ਬਹੁਤੇ ਅਮੀਰ ਵਿਕਾਰਾਂ ਅੱਗੇ ਸਮਰਪਣ ਕਰ ਦਿੰਦੇ ਹਨ ਜਦ ਕਿ ਮਨ ਅਤੇ ਤਨ ਦੀ ਗਰੀਬੀ ਵਿਕਾਰਾਂ 'ਤੇ ਭਾਰੀ ਪੈਂਦੀ ਹੈ।

ਗਰੀਬੀ ਗਦਾ ਹਮਾਰੀ ॥
ਖੰਨਾ ਸਗਲ ਰੇਨੁ ਛਾਰੀ ॥
ਇਸੁ ਆਗੈ ਕੋ ਨ ਟਿਕੈ ਵੇਕਾਰੀ ॥ (ਮ:5-628)

ਮਾਇਆ ਦੀ ਹਉਮੈ ਤਾਂ ਇਨਸਾਨ ਨੂੰ ਅੰਨਾ-ਬੋਲਾ ਬਣਾ ਦਿੰਦੀ ਹੈ। ਅੰਨਾ ਇਸ ਕਰਕੇ ਕਿ ਲੋੜਵੰਦ ਦੇ ਮਦਦ ਲਈ ਪਸਰੇ ਹੱਥ ਨਹੀਂ ਦਿਸਦੇ। ਬੋਲਾ ਇਸ ਕਰਕੇ ਕਿ ਦੁਖੀਏ ਦੀ ਫਰਿਆਦ ਨਹੀਂ ਸੁਣਦੀ।

ਮਾਇਆਧਾਰੀ ਅਤਿ ਅੰਨਾ ਬੋਲਾ ॥
ਸਬਦੁ ਨ ਸੁਣਈ ਬਹੁ ਰੋਲ ਘਚੋਲਾ ॥ (ਮ: 3-313)

ਮਾਇਆਧਾਰੀ ਜਿੰਨਾ ਮਰਜ਼ੀ ਪੈਸਾ ਇਕੱਠਾ ਕਰ ਲਵੇ, ਉਸ ਅੰਦਰ ਲੋਭ ਦੀ ਤ੍ਰਿਸ਼ਨਾ ਬਣੀ ਰਹਿੰਦੀ ਹੈ। ਪਦਾਰਥ ਸਾਧਨ ਹੁੰਦੇ ਹਨ ਲਕਸ਼ ਨਹੀਂ। ਪਰ ਉਹ ਪਦਾਰਥਾਂ ਨੂੰ ਲਕਸ਼ ਬਣਾ ਲੈਂਦੇ ਹਨ ਜਿਸ ਕਾਰਨ ਬੇਚੈਨੀ ਅਤੇ ਅਸੰਤੋਖ ਵਧਦਾ ਹੈ ਅਤੇ ਬਿਨਾਂ ਸੰਤੋਖ ਦੇ ਕੋਈ ਅਮੀਰ ਨਹੀਂ ਹੋ ਸਕਦਾ।

ਬਿਨਾ ਸੰਤੋਖ ਨਹੀਂ ਕੋਊ ਰਾਜੈ ॥
ਸੁਪਨ ਮਨੋਰਥ ਬ੍ਰਿਥੇ ਸਭ ਕਾਜੈ ॥ (ਮ:5-279)

ਜਿਥੇ ਸਬਰ-ਸੰਤੋਖ ਹੈ ਉਥੇ ਸੁੱਖ ਹਨ-ਸਰਬ ਸੁੱਖ। ਅਜਿਹੇ ਸੁੱਖ ਸਥਿਰ ਹੁੰਦੇ ਹਨ। ਇਹਨਾਂ ਦਾ ਸੰਸਾਰਕ ਸੁੱਖਾਂ ਵਾਂਗ ਨਾਸ਼ ਨਹੀਂ ਹੁੰਦਾ। ਭਗਤ ਕਬੀਰ ਜੀ ਫੁਰਮਾਉਂਦੇ ਹਨ ਕਿ ਜਿਸਦੇ ਹਿਰਦੇ ਵਿਚ ਪ੍ਰਮੇਸ਼ਰ ਦਾ ਵਾਸ ਨਹੀਂ ਉਹ ਦੁਨਿਆਵੀ ਦੌਲਤਾਂ ਦੇ ਹੁੰਦਿਆਂ ਹੋਇਆਂ ਵੀ ਗਰੀਬ ਹੈ।

ਕਹਿ ਕਬੀਰ ਨਿਰਧਨੁ ਹੈ ਸੋਈ ॥
ਜਾ ਕੈ ਹਿਰਦੈ ਨਾਮੁ ਨ ਹੋਈ ॥ (ਕਬੀਰ ਜੀ, 1159)



ਅਸਲ ਅਮੀਰ ਉਹ ਹੈ ਜਿਸਦੇ ਹਿਰਦੇ ਵਿਚ ਪ੍ਰਭੂ ਦਾ ਵਾਸ ਹੈ। ਪ੍ਰਭੂ ਦੇ ਰੰਗ ਵਿਚ ਰੰਗ ਹੋਣ ਨਾਲ ਸਬਰ ਸੰਤੋਖ ਮਿਲਦਾ ਹੈ ਜੋ ਸਰਬ ਸੁੱਖਾਂ ਦਾ ਰਾਹ ਹੈ ਅਜਿਹਾ ਰਾਹ ਜਿੱਥੇ ਸੁੱਖ ਫੁੱਲਾਂ ਦੀ ਤਰ੍ਹਾਂ ਵਿਛੇ ਪਏ ਹਨ ਅਤੇ ਇਹ ਅਕਾਲ ਪੁਰਖ ਦੀ ਘਾਟੀ ਵਿਚ ਜਾ ਕੇ ਮੁਕਦਾ ਹੈ।

ਓਹ ਧੰਨਵੰਤੁ ਕੁਲਵੰਤੁ ਪਤਿਵੰਤੁ ॥
ਜੀਵਨ ਮੁਕਤਿ ਜਿਸੁ ਰਿਦੈ ਭਗਵੰਤ ॥ (ਮ:5-294)

ਬੇਸ਼ੱਕ ਆਤਮਿਕ ਅਮੀਰੀ ਹੀ ਅਸਲ ਅਮੀਰੀ ਹੈ ਪਰ ਫਿਰ ਵੀ ਜੁਗ ਪਦਾਰਥਵਾਦੀ ਹੈ। ਸੋਚਾਂ ਵੀ ਪਦਾਰਥਵਾਦੀ ਹੋ ਗਈਆਂ ਹਨ। ਗੁਰੂ ਸਾਹਿਬ ਅੱਗੇ ਹੋਣ ਵਾਲੀ ਅਰਦਾਸਾਂ ਵਿਚ ਦੁਨਿਆਵੀ ਪਦਾਰਥ ਮੰਗਣ ਦੀ ਭਰਮਾਰ ਹੀ ਰਹਿੰਦੀ ਹੈ। ਗੁਰੂ ਸਾਹਿਬ ਫੁਰਮਾਉਂਦੇ ਹਨ ਕਿ:

ਚਾਰਿ ਪਦਾਰਥ ਜੇ ਕੋ ਮਾਗੈ ॥ ਸਾਧ ਜਨਾ ਕੀ ਸੇਵਾ ਲਾਗੈ ॥
ਜੇ ਕੋ ਅਪੁਨਾ ਦੂਖੁ ਮਿਟਾਵੈ ॥ ਹਰਿ ਹਰਿ ਨਾਮੁ ਰਿਦੈ ਸਦ ਗਾਵੈ ॥
ਜੇ ਕੋ ਅਪੁਨੀ ਸੋਭਾ ਲੋਰੈ ॥ ਸਾਧ ਸੰਗਿ ਇਹ ਹਉਮੈ ਛੋਰੈ ॥
(ਮ:5-266)

ਸੰਤ ਬਾਬਾ ਤੀਰਥ ਸਿੰਘ ਜੀ, ਪੂਰਨ ਸਾਧੂ। ਜੋ ਵੀ ਦਰ 'ਤੇ ਮੰਗਤਾ ਬਣਕੇ ਆਇਆ ਝੋਲੀਆਂ ਭਰ ਗਈਆਂ। ਜਿਸਨੇ ਭਾਵਨਾ ਨਾਲ ਸੇਵਾ ਕੀਤੀ, ਮਾਲਾਮਾਲ ਹੋ ਗਿਆ। ਸ਼ਾਮ ਚੁਰਾਸੀ ਤੋਂ ਸ੍ਰੀ ਦੇਸਰਾਜ, ਸੰਨ 1982 ਤੋਂ ਅਸਥਾਨ ਉੱਤੇ ਸਾਊਂਡ ਲਾਉਣ ਦੀ ਸੇਵਾ ਕਰ ਰਹੇ ਹਨ। ਜਦ ਇਸਨੇ ਪਹਿਲੀ ਬਾਰ ਜੋੜ ਮੇਲੇ 'ਤੇ ਸਪੀਕਰ ਲਾਇਆ ਤਾਂ ਇਸ ਪਾਸ ਇਕੋ ਹੀ ਸੈੱਟ ਸੀ। ਮਹਾਂਪੁਰਸ਼ ਸਮਾਪਤੀ ਉਪਰੰਤ ਪੈਸੇ ਦੇਣ ਲੱਗੇ ਤਾਂ ਇਸਨੇ ਹੱਥ ਜੋੜ ਦਿੱਤੇ। ਪਰ ਸੰਤ ਕਦੇ ਕੋਈ ਕੰਮ ਮੁਫ਼ਤ ਨਹੀਂ ਕਰਵਾਉਂਦੇ ਸਨ। ਕਹਿੰਦੇ ਬਈ ਜੇ ਤੂੰ ਪੈਸੇ ਨਹੀਂ ਲੈਣੇ ਤਾਂ ਅਸੀਂ ਅਗਲੀ ਬਾਰ ਤੋਂ ਤੇਰੇ ਕੋਲੋਂ ਇਹੋ ਸੇਵਾ ਨਹੀਂ ਲੈਣੀ। ਦੇਸਰਾਜ ਜੀ ਨੇ ਪੈਸੇ ਤਾਂ ਲਏ ਪਰ ਬਹੁਤ ਥੋੜੇ ਜਿੰਨੇ ਕੁ ਅਸਲ ਵਿਚ ਬਣਦੇ ਹੀ ਸਨ। ਮਹਾਂਪੁਰਸ਼ਾਂ ਨੇ ਬਚਨ ਕੀਤਾ ਕਿ ਗੁਰੂ ਨਾਨਕ ਤੇਰੇ ਕੰਮ ਵਿਚ ਬਰਕਤਾਂ ਪਾਉਣਗੇ। ਅਜਿਹੀਆਂ ਬਰਕਤਾਂ ਪਈਆਂ ਕਿ ਐਸ ਵਕਤ ਇਸ ਕੋਲ ਤਿੰਨ ਸਪੀਕਰ ਸੈੱਟ ਹਨ ਅਤੇ ਆਪਣਾ ਡੀ.ਜੇ. ਵੀ ਹੈ ਅਤੇ ਕੰਮ ਐਨਾ ਜ਼ਿਆਦਾ ਕਿ ਵਾਰੀ ਨਹੀਂ ਆਉਂਦੀ।

ਕਰਿ ਸੇਵਾ ਪਾਰਬ੍ਰਹਮ ਗੁਰ ਭੁਖ ਰਹੈ ਨ ਕਾਈ ॥ (ਮ:5-318)

ਹੁਸ਼ਿਆਰਪੁਰ ਤੋਂ ਰਾਜ ਲਾਈਟ ਐਂਡ ਟੈਂਟ ਹਾਊਸ ਵਾਲੇ। ਜਦੋਂ ਸਭ ਤੋਂ ਪਹਿਲਾਂ ਟੈਂਟ ਜੋੜ ਮੇਲੇ 'ਤੇ ਲਾਇਆ ਤਾਂ ਥੋੜੀਆਂ ਜਿਹੀਆਂ ਸੀਲਿੰਗਾਂ ਅਤੇ ਪਰਦੇ ਹੀ ਸਨ। ਵਪਾਰ ਨਾ ਸਮਝ ਕੇ ਇਹ ਗੁਰੂ ਘਰ ਦੇ ਕੰਮ ਨੂੰ ਸੇਵਾ ਕਰਕੇ ਜਾਣਦੇ। ਸਾਲ ਦੀ ਸਾਲ ਟੈਂਟ ਅਤੇ ਲਾਈਟਾਂ ਲਾਉਂਦੇ ਰਹੇ। ਐਨਾ ਕੰਮ ਵਧਿਆ ਕਿ ਐਸ ਵਕਤ ਕੰਮ ਦਾ ਕੋਈ ਪਤਾ ਹੀ ਨਹੀਂ ਲੱਗਦਾ। ਲਾਈਟਾਂ ਅਤੇ ਟੈਂਟ ਦਾ ਕੰਮ ਵਧਾਉਣ ਦੇ ਨਾਲ-ਨਾਲ ਟੈਂਟ ਦਾ ਸਾਮਾਨ ਤਿਆਰ ਕਰਨ ਵਾਲੀ ਫੈਕਟਰੀ ਵੀ ਲਾ ਲਈ। ਸੇਵਾ ਨੇ ਇਹਨਾਂ ਨੂੰ ਅਜਿਹਾ ਤਾਰਿਆ ਕਿ ਦੁਨੀਆਂ ਦਾ ਹਰ ਪਦਾਰਥ ਮਿਲ ਗਿਆ।

ਚਰਨ ਸੇਵ ਸੰਤ ਸਾਧ ਕੇ ਸਗਲ ਮਨੋਰਥ ਪੂਰੇ ॥ (ਮ:5-133)

ਪੰਚਾਇਤ ਦੀਆਂ ਚੋਣਾਂ ਆ ਗਈਆਂ। ਪਿੰਡ ਮੁਹੱਦੀਪੁਰ ਤੋਂ ਸ. ਇਕਬਾਲ ਸਿੰਘ। ਸੰਤਾਂ ਦੇ ਚਰਨਾਂ ਵਿਚ ਆਇਆ। ਬੇਨਤੀ ਕੀਤੀ ਕਿ ਮਹਾਰਾਜ ਮੈਂ ਸਰਪੰਚੀ ਲਈ ਤਾਂ ਹੀ ਕਾਗਜ਼ ਭਰਨੇ ਹਨ ਜੇਕਰ ਤੁਸੀਂ ਆਸ਼ੀਰਵਾਦ ਦਿਓਗੇ। ਸੰਤ ਬਹੁਤ ਖੁਸ਼, ਉਸ ਪਾਰਬ੍ਰਹਮ ਦੇ ਅਗੰਮੀ ਨੂਰ ਵਿਚ ਬੈਠੇ ਸਨ। ਬਹੁਤ ਮੁਸਕਰਾਏ। ਪ੍ਰਸ਼ਾਦ ਦੇ ਕੇ ਕਹਿੰਦੇ "ਖੜੇ ਹੋ ਜਾਓ ਜਿੱਤ ਹੀ ਜਿੱਤ ਹੈ।" ਉਸ ਬਾਰ ਸ. ਇਕਬਾਲ ਸਿੰਘ ਦੀ ਰਿਕਾਰਡ ਤੋੜ ਜਿੱਤ ਹੋਈ।

ਮਾਨੁ ਮਾਂਗਉ ਤਾਨੁ ਮਾਂਗਉ ਧਨੁ ਲਖਮੀ ਸੁਤ ਦੇਹ ॥ (ਮ:5-1307)

ਪਿੰਡ ਕਹੁਜੇ ਤੋਂ ਭਾਈ ਕਪੂਰ ਸਿੰਘ ਸੰਤਾਂ ਦਾ ਸੇਵਕ ਸੀ। ਗੁਰਦੁਆਰਾ ਸਾਹਿਬ ਆਉਣਾ ਅਤੇ ਮਹਾਂਪੁਰਸ਼ਾਂ ਦੇ ਕਹੇ ਅਨੁਸਾਰ ਸੇਵਾ ਕਰਨੀ। ਹੌਲੀ-ਹੌਲੀ ਸੰਤਾਂ ਨਾਲ ਪੀਡਾ ਪਿਆਰ ਪੈ ਗਿਆ। ਇਸਦੀ ਇੱਛਾ ਹੁੰਦੀ ਸੀ ਕਿ ਇਸਦਾ ਕੋਈ ਪੋਤਾ ਬਾਹਰ ਵਿਦੇਸ਼ ਚਲਾ ਜਾਵੇ। ਪਰ ਉਸ ਸਮੇਂ ਪੋਤੇ ਛੋਟੇ ਸਨ। ਪੋਤੇ ਜਵਾਨ ਹੁੰਦਿਆਂ ਭਾਈ ਕਪੂਰ ਸਿੰਘ ਨੂੰ ਰਬ ਦਾ ਬੁਲਾਵਾ ਆ ਗਿਆ। ਕਪੂਰ ਸਿੰਘ ਤੋਂ ਬਾਅਦ ਉਸਦਾ ਪਰਿਵਾਰ ਕਦੇ ਕਦੇ ਸੰਤਾਂ ਕੋਲ ਆਉਂਦਾ ਰਿਹਾ। ਕਈ ਸਾਲਾਂ ਬਾਅਦ ਇਕ ਵਾਰ ਇਹਨਾਂ ਨੇ ਮਹਾਂਪੁਰਸ਼ਾਂ ਨੂੰ ਘਰ ਬੁਲਾਇਆ। ਬਹਤ ਇੱਜ਼ਤ ਮਾਣ ਦਿੱਤਾ। ਜਦ ਸੰਤ ਜਾ ਕੇ ਬੈਠੇ ਤਾਂ ਕਹਿੰਦੇ ਬਈ, "ਤੁਹਾਡੇ ਘਰ 'ਚੋਂ ਅਜੇ ਕੋਈ ਬਾਹਰ ਗਿਆ ਕਿ ਨਹੀਂ। ਪਰਿਵਾਰ ਕਹਿੰਦਾ, "ਮਹਾਰਾਜ! ਇਕ ਕਾਕਾ ਚਲਾ ਗਿਆ ਹੈ।" ਸੰਤ ਬਾਬਾ ਤੀਰਥ ਸਿੰਘ ਜੀ ਕਹਿੰਦੇ ਕਿ ਭਾਈ ਕਪੂਰ ਸਿੰਘ ਦੀ ਇਹੋ ਹੀ ਇੱਛਾ ਸੀ ਕਿ ਉਸਦਾ ਕੋਈ ਪੋਤਾ ਬਾਹਰ ਚਲਾ ਜਾਵੇ।



ਸਤਿਗੁਰ ਕੀ ਸੇਵਾ ਅਤਿ ਸੁਖਾਲੀ ਜੋ ਇਛੇ ਸੋ ਫਲੁ ਪਾਏ ॥

(ਮ:3-31)

ਅਜਿਹੇ ਅਨੇਕ ਲੋਕ ਸਨ ਜੋ ਬਾਹਰ ਨੂੰ ਜਾਣ ਦੀ ਇੱਛਾ ਲੈ ਕੇ ਸੰਤਾਂ ਕੋਲ ਆਉਂਦੇ। ਮਹਾਂਪੁਰਸ਼ ਅਰਦਾਸ ਕਰ ਦਿੰਦੇ ਜਾਂ ਕੁਝ ਸਮਾਂ ਰੁਕਣ ਲਈ ਕਹਿੰਦੇ। ਪਰ ਦੇਰ ਸਵੇਰ ਵਿਦੇਸ਼ ਜਾਣ ਦੀ ਇੱਛਾ ਜ਼ਰੂਰ ਪੂਰੀ ਕਰ ਦਿੰਦੇ। ਕਿਸੇ ਨੂੰ ਗੁਰੂ ਘਰ ਦੀ ਸੇਵਾ ਕਰਨ ਲਈ ਕਹਿੰਦੇ ਅਤੇ ਕਿਸੇ ਨੂੰ ਨਾਮ ਜਪਣ ਨੂੰ ਕਹਿੰਦੇ। ਕੋਈ ਵੀ ਝੋਲੀ ਖਾਲੀ ਨਾ ਰਹਿੰਦੀ। ਬਾਹਰ ਜਾਣ ਦੇ ਸੁਪਨੇ ਜੋ ਲੱਖਾਂ ਰੁਪਏ ਖਰਚ ਕੇ ਵੀ ਅਧੂਰੇ ਰਹਿ ਜਾਂਦੇ, ਮਹਾਂਪੁਰਸ਼ਾਂ ਦੀ ਇਕੋ ਮਿਹਰ ਭਰੀ ਤੱਕਣੀ ਨਾਲ ਪੂਰੇ ਹੋ ਜਾਂਦੇ।

ਕਿਆ ਕਹਿਤਾ ਹੈ ਕਿਆ ਸੋਚਤਾ ਹੈ ਤਦਬੀਰੇਂ ॥
ਕਾਮਲ ਮੁਰਸ਼ਦ ਕੀ ਨਿਗਾਹੇਂ ਬਦਲ ਦੇਤੀ ਹੈ ਤਕਦੀਰੇਂ ॥

ਅਜਿਹੀਆਂ ਬੇਅੰਤ ਉਦਾਹਰਣਾ ਹਨ ਜੋ ਮਹਾਂਪੁਰਸ਼ਾਂ ਦੀ ਕਿਰਪਾ ਸਦਕਾ ਦੇਸ਼ ਵਿਦੇਸ਼ ਵਿਚ ਬੈਠੇ ਪਦਾਰਥਕ ਸੁਖ ਭੋਗ ਰਹੇ ਹਨ ਉਹਨਾਂ ਵਿਚੋਂ ਕੁਝ ਪ੍ਰਮੁੱਖ ਨਾਮ ਇਸ ਪ੍ਰਕਾਰ ਹਨ:-

- ਬਿਆਸ ਪਿੰਡ ਤੋਂ ਬੀਬੀ ਮਹਿੰਦਰ ਕੌਰ ਦੇ ਲੜਕੇ ਜਸਵੀਰ ਸਿੰਘ ਦੀ ਇੰਗਲੈਂਡ ਜਾਣ ਦੀ ਇੱਛਾ ਪੂਰੀ ਹੋਣਾ।
- ਪਿੰਡ ਮੁਹੱਦੀਪੁਰ ਤੋਂ ਸ. ਮਹਿੰਦਰ ਸਿੰਘ ਦੀ ਲੜਕੀ ਇਕਵਿੰਦਰ ਕੌਰ ਦੀ ਕੈਨੇਡਾ ਜਾਣ ਦੀ ਇੱਛਾ ਪੂਰੀ ਹੋਣਾ।
- ਪੰਡੋਰੀ ਨਿੱਝਰਾਂ ਦੇ ਭਾਈ ਧਰਮ ਸਿੰਘ ਦੇ ਲੜਕੇ ਪ੍ਰਿਤਪਾਲ ਸਿੰਘ ਦੀ ਡੁਬਈ ਜਾਣ ਦੀ ਇੱਛਾ ਪੂਰੀ ਹੋਣਾ।
- ਕਹੁਜੇ ਤੋਂ ਭਾਈ ਸਤਨਾਮ ਸਿੰਘ ਪੁਤਰ ਸ. ਹਰਬੰਸ ਸਿੰਘ ਦੀ ਵਿਦੇਸ਼ ਜਾਣ ਦੀ ਇੱਛਾ ਪੂਰੀ ਹੋਣਾ।
- ਕੋਟਲੇ ਤੋਂ ਅੰਮ੍ਰਿਤਪਾਲ ਸਿੰਘ ਪੁੱਤਰ ਸ. ਸੁਰਿੰਦਰ ਸਿੰਘ ਦੀ ਆਸਟਰੇਲੀਆ ਜਾਣ ਦੀ ਇੱਛਾ ਪੂਰੀ ਹੋਣਾ।
- ਧੁਦਿਆਲ ਤੋਂ ਮਨਦੀਪ ਕੌਰ ਪੁੱਤਰੀ ਸ. ਗੁਰਚੇਤਨ ਸਿੰਘ ਦੀ ਇੰਗਲੈਂਡ ਜਾਣ ਦੀ ਇੱਛਾ ਪੂਰੀ ਹੋਣੀ।
- ਕੋਟਲੀ ਅਰਾਈਆਂ ਤੋਂ ਗੁਰਸੇਵਕ ਸਿੰਘ ਪੁੱਤਰ ਸ. ਸਰਬਜੀਤ ਸਿੰਘ

ਦੀ ਬਾਹਰ ਜਾਣ ਦੀ ਮੰਗ ਪੂਰੀ ਹੋਣੀ।

- ਪਿੰਡ ਕਾਣੇ ਤੋਂ ਕੁਲਦੀਪ ਸਿੰਘ ਪੁੱਤਰ ਸ. ਸੁਰਿੰਦਰ ਸਿੰਘ ਦੀ ਡੁਬਈ ਜਾਣ ਦੀ ਇੱਛਾ ਪੂਰੀ ਹੋਣਾ।
- ਬੈਂਸਤਾਨੀ ਤੋਂ ਉਂਕਾਰ ਸਿੰਘ ਪੁੱਤਰ ਸ. ਦਰਸ਼ਨ ਸਿੰਘ ਦੀ ਡੁਬਈ ਜਾਣ ਦੀ ਇੱਛਾ ਪੂਰੀ ਕਰਨਾ।
- ਪਿੰਡ ਮੇਤਲਾ ਜ਼ਿਲ੍ਹਾ ਕਪੂਰਥਲਾ ਤੋਂ ਰਜਿੰਦਰ ਸਿੰਘ ਪੁੱਤਰ ਸ. ਸੁੱਚਾ ਸਿੰਘ ਸਰਪੰਚ ਦੀ ਇੰਗਲੈਂਡ ਜਾਣ ਦੀ ਇੱਛਾ ਪੂਰੀ ਕਰਨਾ।
- ਮੁਹੱਦੀਪੁਰ ਤੋਂ ਸ. ਫਕੀਰ ਸਿੰਘ ਦੀ ਭਤੀਜੀ ਦੀ ਅਮਰੀਕਾ ਜਾਣ ਦੀ ਇੱਛਾ ਪੂਰੀ ਹੋਣਾ।
- ਜੰਡੀ ਤੋਂ ਬਾਬਾ ਜਾਗੀਰ ਸਿੰਘ ਦੀ ਲੜਕੀ ਮਨਦੀਸ਼ ਕੌਰ ਦੀ ਅਮਰੀਕਾ ਜਾਣ ਦੀ ਇੱਛਾ ਪੂਰੀ ਹੋਣਾ।
- ਸਾਰੋਬਾਦ ਤੋਂ ਸ. ਸੁੱਚਾ ਸਿੰਘ ਦੀ ਲੜਕੀ ਸੁਰਿੰਦਰ ਕੌਰ ਦੀ ਬਾਹਰ ਜਾਣ ਦੀ ਇੱਛਾ ਪੂਰੀ ਹੋਣੀ।
- ਮੁਹੱਦੀਪੁਰ ਤੋਂ ਸ. ਮਹਿੰਦਰ ਸਿੰਘ ਦੇ ਲੜਕੇ ਸ਼ਰਨਦੀਪ ਸਿੰਘ ਦੀ ਅਮਰੀਕਾ ਜਾਣ ਦੀ ਇੱਛਾ ਪੂਰੀ ਹੋਣਾ।
- ਕੋਟਲੀ ਅਰਾਈਆਂ ਤੋਂ ਹਰਵਿੰਦਰ ਸਿੰਘ ਪੁੱਤਰ ਸ. ਇਕਬਾਲ ਸਿੰਘ ਦੀ ਜਰਮਨ ਵਿਖੇ ਪੱਕੇ ਹੋਣ ਦੀ ਅਰਦਾਸ ਮਨਜ਼ੂਰ ਹੋਣਾ।
- ਸਾਰੋਬਾਦ ਤੋਂ ਸ. ਬਲਦੇਵ ਸਿੰਘ ਦੀ ਪੁੱਤਰੀ ਬਲਵੀਰ ਕੌਰ ਦੀ ਅਮਰੀਕਾ ਜਾਣ ਦੀ ਖਾਹਿਸ਼ ਪੂਰੀ ਹੋਣਾ।
- ਨਾਜ਼ਕਾ ਤੋਂ ਉਂਕਾਰ ਸਿੰਘ ਪੁੱਤਰ ਸ. ਚਰਨ ਸਿੰਘ ਦੀ ਬੈਲਜ਼ੀਅਮ ਵਿਚ ਪੱਕਿਆਂ ਹੋਣ ਦੀ ਅਰਦਾਸ ਮਨਜ਼ੂਰ ਹੋਣਾ।
- ਨਾਜ਼ਕਾ ਤੋਂ ਸ. ਸਾਧੂ ਸਿੰਘ ਦੇ ਲੜਕੇ ਸੇਵਾ ਸਿੰਘ ਦੀ ਡੁਬਈ ਜਾਣ ਦੀ ਇੱਛਾ ਪੂਰੀ ਹੋਣਾ।
- ਮੰਡੇਰਾਂ ਤੋਂ ਸ. ਪੂਰਨ ਸਿੰਘ ਦੇ ਲੜਕਾ ਚਰਨ ਸਿੰਘ ਦੀ ਕੈਨੇਡਾ ਵਿਚ ਪੱਕੇ ਹੋਣ ਦੀ ਖਾਹਿਸ਼ ਪੂਰੀ ਹੋਣੀ।
- ਸਾਰੋਬਾਦ ਤੋਂ ਸ. ਬਲਦੇਵ ਸਿੰਘ ਦੇ ਲੜਕੇ ਜਸਵਿੰਦਰ ਪਾਲ ਸਿੰਘ ਦੀ



ਅਮਰੀਕਾ ਜਾਣ ਦੀ ਇੱਛਾ ਪੂਰੀ ਹੋਣਾ।

- ਪਿੰਡ ਢੱਡੇ ਫਤਿਹ ਸਿੰਘ ਤੋਂ ਸ. ਗੁਰਦਿਆਲ ਸਿੰਘ ਦੇ ਲੜਕੇ ਸੁਰਜੀਤ ਸਿੰਘ ਦੀ ਗਰੀਸ ਜਾਣ ਦੀ ਇੱਛਾ ਪੂਰੀ ਹੋਣਾ।
- ਪਿੰਡ ਅਰਜਨਵਾਲ ਤੋਂ ਬੀਬੀ ਸੁਖਦੇਵ ਕੌਰ ਦੇ ਪੁੱਤਰ ਜਸਵਿੰਦਰ ਸਿੰਘ ਦੀ ਡੁਬਈ ਜਾਣ ਦੀ ਇੱਛਾ ਪੂਰੀ ਹੋਣਾ।
- ਪੰਡੋਰੀ ਨਿੱਝਰਾਂ ਤੋਂ ਹਰਦੀਪ ਸਿੰਘ ਪੁੱਤਰ ਸ. ਧਰਮ ਸਿੰਘ ਦੀ ਡੁਬਈ ਜਾਣ ਦੀ ਇੱਛਾ ਪੂਰੀ ਹੋਣਾ।
- ਪਿੰਡ ਢੱਟਾਂ ਤੋਂ ਸ. ਤਰਸੇਮ ਸਿੰਘ ਢੱਟ ਦੇ ਲੜਕੇ ਦੀ ਜਰਮਨ ਜਾਣ ਦੀ ਇੱਛਾ ਪੂਰੀ ਹੋਣਾ।
- ਪਿੰਡ ਕਾਠੇ ਅਧਿਕਾਰੇ ਤੋਂ ਸਰਬਜੀਤ ਸਿੰਘ ਪੁੱਤਰ ਸ੍ਰੀ ਪ੍ਰਕਾਸ਼ ਸਿੰਘ ਦੀ ਇਟਲੀ ਜਾਣ ਦੀ ਇੱਛਾ ਪੂਰੀ ਹੋਣਾ।
- ਪਿੰਡ ਕਾਠੇ ਅਧਿਕਾਰੇ ਤੋਂ ਸ੍ਰੀ ਦੇਵਰਾਜ ਦੇ ਭਰਾ ਦਿਲਬਾਗ ਸਿੰਘ ਦੀ ਇਟਲੀ ਜਾਣ ਦੀ ਬੇਨਤੀ ਮਨਜ਼ੂਰ ਹੋਣਾ।
- ਪਿੰਡ ਅਰਜਨਵਾਲ ਤੋਂ ਅਮਰਜੀਤ ਸਿੰਘ ਪੁੱਤਰ ਸ. ਸੰਤੋਖ ਸਿੰਘ ਦੀ ਬਾਹਰ ਜਾਣ ਦੀ ਖਾਹਸ਼ ਪੂਰੀ ਹੋਣਾ।
- ਪਿੰਡ ਮੁਹੱਦੀਪੁਰ ਤੋਂ ਬੀਬੀ ਕਸ਼ਮੀਰ ਕੌਰ ਦੇ ਭਰਾ ਸੁਖਜੀਤ ਸਿੰਘ ਦਾ ਅਮਰੀਕਾ ਦਾ ਕੰਮ ਬਣਨਾ।
- ਪਿੰਡ ਮੁਹੱਦੀਪੁਰ ਤੋਂ ਮਨਜੀਤ ਸਿੰਘ ਪੁੱਤਰ ਬੀਬੀ ਸੁਰਜੀਤ ਕੌਰ ਦੀ ਡੁਬਈ ਜਾਣ ਦੀ ਇੱਛਾ ਪੂਰੀ ਹੋਣਾ।
- ਪਿੰਡ ਮੁਹੱਦੀਪੁਰ ਤੋਂ ਜਸਵੀਰ ਕੌਰ ਪੁੱਤਰੀ ਸ. ਨਿਰਮਲ ਸਿੰਘ ਦੀ ਅਮਰੀਕਾ ਜਾਣ ਦੀ ਇੱਛਾ ਪੂਰੀ ਹੋਣਾ।

ਅਰਦਾਸ ਭਾਵੇਂ ਬਾਹਰ ਜਾਣ ਲਈ ਹੁੰਦੀ ਜਾਂ ਨੌਕਰੀ ਦੀ ਪ੍ਰਾਪਤੀ ਲਈ, ਦੇਹ ਅਰੋਗਤਾ ਲਈ ਹੁੰਦੀ ਜਾਂ ਸੁੱਖਾਂ ਦੀ ਪ੍ਰਾਪਤੀ ਲਈ ਜੋ ਵੀ ਸੰਤਾਂ ਦੇ ਅੱਗੇ ਕਰਦਾ ਪੂਰੀ ਹੋ ਜਾਂਦੀ। ਜੋ ਸੰਤਾਂ ਨਾਲ ਜੁੜ ਜਾਂਦਾ, ਉਸਦੇ ਦਿਨ ਬਦਲਨੇ ਸ਼ੁਰੂ ਹੋ ਜਾਂਦੇ। ਘਰ ਨੌਂ ਨਿਧਾ ਬਾਰਾਂ ਸਿਧਾਂ ਹੋ ਜਾਂਦੀਆਂ। ਵਿਗੜੇ ਕੰਮ ਬਣਨ ਲੱਗਦੇ। ਕਾਰੋਬਾਰ 'ਚ ਤਰੱਕੀ ਹੋਣ ਲੱਗੀ। ਹੱਥ ਦਿਨੋ-ਦਿਨ ਉੱਪਰ ਨੂੰ ਹੀ ਜਾਂਦਾ।

ਅਮਰੀਕਾ ਤੋਂ ਭਾਈ ਜੋਗਿੰਦਰ ਸਿੰਘ (ਜਿਸਦੇ ਘਰ ਸੰਤ ਨਿਵਾਸ ਕਰਦੇ ਸਨ) ਨੇ ਦੱਸਿਆ ਕਿ ਸੰਤ ਇਕ ਬਾਰ ਜਿਸਦੇ ਘਰ ਚਰਨ ਪਾ ਦਿੰਦੇ ਜਦ ਅਗਲੀ ਬਾਰ ਅਮਰੀਕਾ ਆਉਂਦੇ ਤਾਂ ਉਹ ਬਹੁਤ ਵੱਡੇ ਅਤੇ ਵਧੀਆ ਘਰ ਦਾ ਮਾਲਕ ਬਣਿਆ ਹੁੰਦਾ ਅਤੇ ਮੁੜ ਸੰਤਾਂ ਦੇ ਚਰਨ ਆਪਣੇ ਨਵੇਂ ਘਰ ਵਿਚ ਹੀ ਪਵਾਉਂਦਾ। ਜਿਸਨੇ ਵੀ ਸੰਤ ਬਾਬਾ ਤੀਰਥ ਸਿੰਘ ਜੀ ਦੀ ਸੇਵਾ ਕੀਤੀ ਹੈ ਉਸਦੀਆਂ ਝੋਲੀਆਂ ਪਦਾਰਥਾਂ ਨਾਲ ਭਰ ਗਈਆਂ। ਕਿਉਂਕਿ ਸੰਤ ਪ੍ਰਮਾਤਮਾ ਦਾ ਰੂਪ ਸਨ ਅਤੇ:

ਚਾਰਿ ਪਦਾਰਥ ਹਰਿ ਕੀ ਸੇਵਾ ॥ (ਮ:5-108)



# ਰਬ ਤਿਨ੍ਹਾ ਦੀ ਬੁਕਲੀ ਜੰਗਲ ਕਿਆ ਢੂੰਢੇਹ

ਇਕ ਫਕੀਰ ਕਿਸੇ ਸ਼ਹਿਰ ਗਿਆ। ਲੋਕਾਂ ਨੇ ਉਚਤਾ, ਸਹਿਜਤਾ ਅਤੇ ਗਿਆਨ ਬੁਧ ਭਾਂਪ ਲਈ ਅਤੇ ਉਸਦਾ ਸਾਮਾਨ ਇਕ ਧਾਰਮਿਕ ਸਥਾਨ ਵਿੱਚ ਰਖਵਾ ਦਿੱਤਾ। ਇਕ ਦਿਨ ਮੁੱਖ ਸੇਵਾਦਾਰ ਨੇ ਉਸਨੂੰ ਅਸਥਾਨ ਦੀ ਮਿਟੀ ਝਾੜਨ ਲਈ ਕਿਹਾ। ਜਦ ਉਸ ਨੇ ਇਹ ਗੱਲ ਸੁਣੀ, ਬਾਹਰ ਗਿਆ ਅਤੇ ਮੁੜ ਨਾ ਪਰਤਿਆ। ਸਭ ਨੇ ਸੋਚਿਆ ਕਿ ਅਸੀਂ ਗਲਤ ਸਾਂ ਜੋ ਉਸਨੂੰ ਏਡਾ ਦਰਜਾ ਦੇ ਦਿੱਤਾ ਇਹ ਤਾਂ ਗੁਰੂ ਘਰ ਦੀ ਸੇਵਾ ਕਰਨ ਤੋਂ ਵੀ ਮੁਨਕਰ ਹੈ।

ਅਗਲੀ ਸਵੇਰ ਇੱਕ ਸੇਵਕ ਨੇ ਉਸਨੂੰ ਰਾਹ ਵਿੱਚ ਘੇਰ ਲਿਆ ਤੇ ਕਿਹਾ, "ਬਦਨੀਤਿਆਂ, ਤੂੰ ਗੁਰੂ ਘਰ ਦੀ ਸੇਵਾ ਤੋਂ ਵੀ ਪੱਲਾ ਝਾੜ ਲਿਆ। ਇਹ ਸੇਵਾ ਹੀ ਤਾਂ ਹੈ, ਜਿਸ ਕਾਰਣ ਪ੍ਰਮਾਤਮਾ ਦੇ ਘਰ ਉੱਚਾ ਰੁਤਬਾ ਪੈਂਦਾ ਹੈ।

ਉਸ ਰੱਬੀ ਬੰਦੇ ਨੇ ਹੱਥ ਜੋੜ ਲਏ। ਨਿਮਰਤਾ ਨਾਲ ਕਹਿੰਦਾ, "ਉਸ ਅਸਥਾਨ ਵਿੱਚ ਨਾ ਕਿਤੇ ਗਰਦ ਦਿਸੀ ਅਤੇ ਨਾ ਹੀ ਮਿੱਟੀ। ਉਸ ਪਾਕ ਤੇ ਮੁਤਬਰਕ ਥਾਂ ਵਿੱਚ ਮੈਂ ਹੀ ਮਿਟੀ ਨਾਲ ਲਥ-ਪਥ ਸਾਂ। ਮੈਂ ਉਥੋਂ ਬਾਹਰ ਨਿਕਲ ਗਿਆ ਕਿਉਂਕਿ ਪੂਜਨੀਕ ਸਥਾਨ ਮਿੱਟੀ-ਘੱਟੇ ਤੋਂ ਸਾਫ਼ ਹੀ ਸੋਹੰਦੇ ਹਨ। ਜਦ ਸੇਵਕ ਨੇ ਸੁਣਿਆ ਤਾਂ ਫ਼ਕੀਰ ਦੇ ਪੈਰਾਂ ਵਿੱਚ ਡਿਗ ਪਿਆ। ਜ਼ੁਬਾਨ ਬੰਦ ਹੋ ਗਈ। ਬੋਲਿਆ ਨਹੀਂ ਗਿਆ। ਚੁਪ ਹੋ ਗਿਆ। ਜਦ ਗਿਆਨ ਹੋ ਜਾਂਦਾ ਹੈ ਤਾਂ ਆਦਮੀ ਚੁੱਪ ਹੋ ਜਾਂਦਾ ਹੈ। ਗਿਆਨ ਹੋ ਗਿਆ ਕਿ ਮੈਂ ਵੀ ਮਿੱਟੀ ਹੀ ਹਾਂ ਜ਼ਦ ਅਗਿਆਨ ਸੀ ਤਾਂ ਆਕੜ ਸੀ, ਅਭਿਮਾਨ ਸੀ, ਅੱਖਾਂ ਵਿੱਚ ਫ਼ਕੀਰ ਲਈ ਕਹਿਰ ਸੀ। ਜਦ ਗਿਆਨ ਹੋ ਕਿ ਮੈਂ ਮਿੱਟੀ ਹਾਂ ਤਾਂ ਪੈਰਾਂ ਵਿੱਚ ਡਿੱਗ ਪਿਆ। ਨਿਮਰਤਾ ਆ ਗਈ।

ਸੰਤ ਬਾਬਾ ਤੀਰਥ ਸਿੰਘ ਜੀ ਵੀ ਅਜਿਹਾ ਹੀ ਗਿਆਨ ਦੇਣ ਵਾਲੇ ਪੂਰਨ ਬ੍ਰਹਮ ਗਿਆਨੀ ਸਨ। ਜਿੰਨਾ ਵਧੇਰੇ ਗਿਆਨ ਹੁੰਦਾ ਹੈ ਉਨੀ ਹੀ ਜ਼ਿਆਦਾ ਨਿਮਰਤਾ ਹੁੰਦੀ ਹੈ। ਸੰਤ ਬਾਬਾ ਤੀਰਥ ਸਿੰਘ ਜੀ ਨੇ ਮਨ ਦੀ ਐਸੀ ਗਰੀਬੀ ਧਾਰਣ ਕੀਤੀ ਹੋਈ ਸੀ, ਐਸੀ ਹਲੀਮੀ ਧਾਰਣ ਕੀਤੀ ਹੋਈ ਸੀ ਕਿ ਖ਼ੁਦ ਨੂੰ ਦੁਨੀਆਂ ਵਿੱਚ ਸਭ ਤੋਂ ਤੁਛ ਪ੍ਰਾਣੀ ਸਮਝਦੇ ਸਨ।

ਸਭ ਤੇ ਨੀਚ ਆਤਮ ਕਰਿ ਮਾਨਉ ਮਹਿ ਇਹੁ ਸੁਖੁ ਧਾਰਉ ॥

(ਮ:5-532)

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥
ਨਾਨਕ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥

(ਮ:1-15)

ਸੰਤਾਂ ਨਾਲ ਵਿਚਰਨ ਵਾਲਾ ਕੋਈ ਸਖਸ਼ ਇਹ ਨਹੀਂ ਕਹਿ ਸਕਦਾ ਕਿ ਸੰਤਾਂ ਨੇ ਸਰੀਰ ਵਿੱਚ ਰਹਿੰਦਿਆਂ ਕੋਈ ਅਭਿਮਾਨ ਨਾਲ ਲਿਬੜੀ ਗੱਲ ਕੀਤੀ ਹੋਵੇ। ਸੰਤ ਤਾਂ ਨਿਮਰਤਾ ਦੇ ਪੁੰਜ ਸਨ, ਹਲੀਮੀ ਦੇ ਪ੍ਰਤੀਕ ਸਨ। ਸੰਤਾਂ ਦੀ ਨਿਮਰਤਾ ਨਾਲ ਜੁੜੀਆਂ ਅਨੇਕ ਮਿਸਾਲਾਂ ਹਨ। ਇੱਕ ਵਾਰ ਧਾਮੀਆਂ ਵਾਲੀ ਬੀਬੀ ਗੁਰਮੀਤ ਕੌਰ ਆਪਣੇ ਪਿੰਡੋਂ ਕਿਸੇ ਹੋਰ ਬੀਬੀ ਅਤੇ ਉਸਦੇ ਰੋਗੀ ਲੜਕੇ ਨੂੰ ਸੰਤਾਂ ਪਾਸ ਲੈ ਕੇ ਆਈ। ਜਦ ਗੁਰਦੁਆਰਾ ਸਾਹਿਬ ਪਹੁੰਚੇ ਤਾਂ ਲੜਕੇ ਨੇ ਅੰਦਰ ਸੰਤਾਂ ਪਾਸ ਜਾਣੋਂ ਇਨਕਾਰ ਕਰ ਦਿੱਤਾ। ਇਹਨਾਂ ਬੀਬੀਆਂ ਨੇ ਪ੍ਰਸ਼ਾਦ ਲਿਆ ਤੇ ਵਾਪਸ ਚਲੀਆਂ ਗਈਆਂ। ਜਦ ਦੂਸਰੇ ਦਿਨ ਬੀਬੀ ਗੁਰਮੀਤ ਕੌਰ ਇਕੱਲੀ ਆਈ ਤਾਂ ਸੰਤਾਂ ਨੂੰ ਦੱਸਿਆ ਕਿ ਜੋ ਕਲ ਬੀਬੀ ਮੇਰੇ ਨਾਲ ਆਈ ਸੀ ਉਸਦਾ ਲੜਕਾ ਬਹੁਤ ਬਿਮਾਰ ਸੀ। ਅਸੀਂ ਉਸ ਨੂੰ ਲੈ ਕੇ ਹੀ ਆਈਆਂ ਸਾਂ ਪਰ ਉਹ ਮਨਮੁਖ ਅੰਦਰ ਤੁਹਾਡੇ ਪਾਸ ਆਇਆ ਹੀ ਨਹੀਂ। ਪਰ ਸੀ ਤਕਲੀਫ ਵਿੱਚ। ਜਦ ਸੰਤਾਂ ਨੇ ਇੰਨੀ ਗੱਲ ਸੁਣੀ ਤਾਂ ਝਟ ਨਿਮਰਤਾ ਨਾਲ ਕਹਿੰਦੇ, "ਬੀਬੀ ਜੇ ਉਹ ਸਾਡੇ ਕੋਲ ਨਹੀਂ ਆਇਆ ਸੀ ਤਾਂ ਸਾਨੂੰ ਦੱਸ ਦੇਣਾ ਸੀ ਅਸੀਂ ਉਸ ਕੋਲ ਚਲੇ ਜਾਂਦੇ।" ਜਦ ਬੀਬੀ ਨੇ ਇਹ ਬਚਨ ਸੁਣੇ ਤਾਂ ਸੁੰਨ ਹੋ ਗਈ। ਬਸ ਇਹੀ ਨਿਮਰਤਾ ਦੀ ਆਖਰੀ ਅਵਸਥਾ ਹੈ।

ਕਬੀਰਾ ਰੋੜਾ ਹੋਇ ਰਹੁ ਬਾਟ ਕਾ ਤਜਿ ਮਨ ਕਾ ਅਭਿਮਾਨੁ ॥
ਐਸਾ ਕੋਈ ਦਾਸੁ ਹੋਇ ਤਾਹਿ ਮਿਲੈ ਭਗਵਾਨੁ ॥

(ਕਬੀਰ ਜੀ, 1372)

ਜੋ ਆਪਣੇ ਆਪ ਨੂੰ ਨਿਮਰਤਾ ਨਾਲ ਭਰ ਲੈਂਦਾ ਹੈ, ਨਰਮੀ ਨਾਲ ਢੱਕ ਲੈਂਦਾ ਹੈ ਪ੍ਰਮਾਤਮਾ ਵੀ ਉਸਨੂੰ ਹੀ ਪ੍ਰਾਪਤ ਹੁੰਦਾ ਹੈ, ਉਚਤਾ ਵੀ ਉਸਨੂੰ ਹੀ ਪ੍ਰਾਪਤ ਹੁੰਦੀ ਹੈ। ਜਿਸਨੇ ਆਪਾ ਗਵਾ ਲਿਆ ਉਹ ਅਮਰ ਹੋ ਗਿਆ।



ਅੰਬਰਾਂ ਤੋਂ ਮੀਂਹ ਦੀ ਇੱਕ ਕਣੀ ਡਿਗੀ। ਜਦ ਉਸਨੇ ਦੂਰ-ਦੂਰ ਤੱਕ ਫੈਲਿਆ ਵਿਸ਼ਾਲ ਸਾਗਰ ਦੇਖਿਆ ਤਾਂ ਖ਼ੁਦ ਦੀ ਹੋਂਦ ਨੂੰ ਭੁੱਲ ਗਈ। ਉਸਨੂੰ ਖਿਆਲ ਆਇਆ ਕਿ ਐਡੇ ਵਿਸ਼ਾਲ ਸਮੁੰਦਰ ਅੱਗੇ ਮੇਰੀ ਕੀ ਹਸਤੀ ਹੈ। ਇਸ ਅੱਗੇ ਮੇਰੀ ਹੋਂਦ ਤਾਂ ਅਣਹੋਂਦ ਬਰਾਬਰ ਹੀ ਹੈ। ਜਦ ਖ਼ੁਦ ਨੂੰ ਇੰਨੀ ਨਿਗੂਣਤਾ ਨਾਲ ਤੱਕਿਆ ਤਾਂ ਤਰਸ ਖਾ ਕੇ ਸਿਪੀ ਨੇ ਉਸਨੂੰ ਆਪਣੇ ਗਰਭ ਵਿੱਚ ਪਾਲਣਾ ਆਰੰਭ ਕਰ ਦਿੱਤਾ। ਉਸਦੇ ਕੰਮ ਨੂੰ ਪ੍ਰਮੇਸ਼ਰ ਨੇ ਐਡੀ ਉੱਚੀ ਪਦਵੀਂ ਤੇ ਪਹੁੰਚਾ ਦਿੱਤਾ ਕਿ ਉਹ ਰਾਜੇ ਮਹਾਰਾਜਿਆਂ ਦੇ ਯੋਗ ਮੋਤੀ ਬਣ ਗਿਆ। ਨਿਮਰਤਾ ਨੇ ਪਾਣੀ ਦੀ ਬੂੰਦ ਨੂੰ ਮੋਤੀ ਬਣਾ ਦਿੱਤਾ।

ਇਹ ਨਿਮਰਤਾ ਬੰਦੇ ਨੂੰ ਖ਼ੁਦਾ ਬਣਾ ਦਿੰਦੀ ਹੈ। ਜਦ ਬਾਬਾ ਸ੍ਰੀ ਚੰਦ ਜੀ ਨੇ ਗੁਰੂ ਅੰਗਦ ਦੇਵ ਜੀ ਨੂੰ ਪਰਖਣ ਲਈ ਕਿਹਾ ਕਿ ਤੁਸੀਂ ਦਾੜੀ ਏਨੀ ਲੰਬੀ ਕਿਉਂ ਵਧਾਈ ਹੋਈ ਏ ਤਾਂ ਗੁਰੂ ਅੰਗਦ ਦੇਵ ਜੀ ਉਠ ਕੇ ਖੜੇ ਹੋ ਗਏ। ਹੱਥ ਜੋੜ ਕੇ ਬੜੀ ਹੀ ਨਿਮਰਤਾ ਨਾਲ ਕਹਿੰਦੇ, "ਤੁਹਾਡੇ ਚਰਨਾਂ ਦੀ ਧੂੜ ਸਾਫ਼ ਕਰਨ ਲਈ।" ਬਾਬਾ ਸ੍ਰੀ ਚੰਦ ਜੀ ਨਿਰੁੱਤਰ ਹੋ ਗਏ। ਉਹਨਾਂ ਨੂੰ ਯਕੀਨ ਹੋ ਗਿਆ ਕਿ ਗੁਰਗੱਦੀ ਦੇ ਯੋਗ ਭਾਈ ਲਹਿਣਾ ਜੀ ਹੀ ਸਨ। ਗੁਰੂ ਨਾਨਕ ਦੀ ਸੇਵਾ ਕਰਦਾ ਕਰਦਾ ਭਾਈ ਲਹਿਣਾ ਨਿਮਰਤਾ ਕਾਰਨ ਗੁਰੂ ਨਾਨਕ ਦਾ ਰੂਪ ਹੀ ਹੋ ਗਿਆ। ਕਿਉਂਕਿ ਉਚਤਾ ਉਸੇ ਨੂੰ ਹੀ ਮਿਲਦੀ ਹੈ ਜੋ ਆਪਣੇ ਮਨ ਸਭ ਤੋਂ ਨੀਵਾਂ ਹੁੰਦਾ ਹੈ। ਨਿਰਮਾਣਤਾ ਦਾ ਪਲੜਾ ਹਮੇਸ਼ਾ ਹੀ ਭਾਰਾ ਹੁੰਦਾ ਹੈ।

ਸਭੁ ਕੋ ਨਿਵੈ ਆਪ ਕਉ ਪਰ ਕਉ ਨਿਵੈ ਨ ਕੋਇ ॥
ਧਰਿ ਤਾਰਾਜੂ ਤੋਲੀਐ ਨਿਵੈ ਸੁ ਗਉਰਾ ਹੋਇ ॥

(ਮ:1-470)

ਫਰੀਦਾ ਥੀਉ ਪਵਾਹੀ ਦਭੁ ॥ ਜੇ ਸਾਈ ਲੋੜਹਿ ਸਭੁ ॥
ਇਕ ਛਿਜਹਿ ਬਿਆ ਲਤਾੜੀਅਹਿ ॥
ਤਾਂ ਸਾਈ ਦੈ ਦਰਿ ਵਾੜੀਅਹਿ ॥

(ਫਰੀਦ ਜੀ, 1378)

ਬਾਬਾ ਫਰੀਦ ਜੀ ਤਾਂ ਨਿਮਰਤਾ ਨੂੰ ਰੱਬੀ ਮਿਲਾਪ ਦੀ ਕੁੰਜੀ ਦੱਸ ਕੇ ਗੱਲ ਹੀ ਨਿਬੇੜ ਦਿੰਦੇ ਹਨ। ਪਹਿਲਾਂ ਸਵਾਲ ਕਰਦੇ ਹਨ ਕਿ

ਕਵਣੁ ਸੁ ਅਖਰੁ ਕਵਣੁ ਗੁਣੁ ਕਵਣੁ ਸੁ ਮਣੀਆ ਮੰਤੁ ॥
ਕਵਣੁ ਸੁ ਵੇਸੋ ਹਉ ਕਰੀ ਜਿਤੁ ਵਸਿ ਆਵੈ ਕੰਤੁ ॥

(ਫਰੀਦ ਜੀ, 1384)

ਭਾਵ: ਕਿਹੜਾ ਮਣੀਆਂ ਰਤਨਾਂ ਵਰਗਾ ਕੀਮਤੀ ਮੰਤਰ ਅਪਣਾਵਾਂ, ਮੈਂ ਐਸਾ ਕਿਹੜਾ ਗੁਣ ਅਤੇ ਵੇਸ ਧਾਰਣ ਕਰਾਂ ਜਿਸ ਨਾਲ ਮੈਨੂੰ ਪਤੀ ਰੂਪੀ ਪ੍ਰਮੇਸ਼ਰ ਮਿਲ ਜਾਵੇ। ਫਿਰ ਆਪ ਹੀ ਜਵਾਬ ਦਿੰਦੇ ਹਨ ਕਿ

ਨਿਵਣੁ ਸੁ ਅਖਰੁ ਖਵਣੁ ਗੁਣੁ ਜਿਹਬਾ ਮਣੀਆ ਮੰਤੁ ॥
ਏ ਭੈਣੇ ਤ੍ਰੈ ਵੇਸ ਕਰਿ ਤਾਂ ਵਸਿ ਆਵੀ ਕੰਤੁ ॥

(ਫਰੀਦ ਜੀ,1384)

ਭਾਵ: ਨਿਮਰਤਾ, ਖ਼ਿਮਾ ਅਤੇ ਜੀਭ ਦੀ ਮਿਠਾਸ ਹੀ ਉਹ ਕੀਮਤੀ ਮੰਤਰ ਹੈ ਜਿਸ ਨਾਲ ਪਤੀ ਪ੍ਰਮਾਤਮਾ ਨਾਲ ਮਿਲਾਪ ਹੋ ਸਕਦਾ ਹੈ।

ਸੰਤ ਬਾਬਾ ਤੀਰਥ ਸਿੰਘ ਜੀ ਤਾਂ ਇਹਨਾਂ ਤਿੰਨਾਂ ਗੁਣਾ ਦੇ ਧਨੀ ਸਨ। ਨਿਮਰਤਾ, ਖ਼ਿਮਾ ਅਤੇ ਜੀਭ ਦੀ ਮਿਠਾਸ ਦੀ ਏਦੂੰ ਵਧੀਆ ਹੋਰ ਮਿਸਾਲ ਨਹੀਂ ਮਿਲ ਸਕਦੀ। ਸੰਤ ਬਾਬਾ ਤੀਰਥ ਸਿੰਘ ਜੀ ਦਾ ਜੀਵਨ ਨਿਮਰਤਾ ਦੀਆਂ ਮਿਸਾਲਾਂ ਨਾਲ ਭਰਿਆ ਪਿਆ ਹੈ।

ਇਕ ਵਾਰ ਸੰਤ ਬਾਬਾ ਤੀਰਥ ਸਿੰਘ ਜੀ ਨੇ ਅਮਰੀਕਾ ਜਾ ਰਹੇ ਸਨ। ਰਹਿਸੀਵਾਲ ਵਾਲੀ ਬੀਬੀ ਕਸ਼ਮੀਰ ਕੌਰ ਨੇ ਫੋਨ ਕੀਤਾ ਕਿ ਮਹਾਰਾਜ ਮੇਰਾ ਮਨ ਤੁਹਾਡੇ ਦਰਸ਼ਨ ਕਰਨ ਲਈ ਲੋਚਦਾ ਹੈ।ਮੈਨੂੰ ਲੈਣ ਲਈ ਕੋਈ ਸਿੰਘ ਭੇਜੋ।ਅਨੇਕ ਪ੍ਰੇਮੀ ਸਨ ਜੋ ਸੰਤਾਂ ਨੂੰ ਅਜਿਹੇ ਸਵਾਲ ਪਾ ਦਿੰਦੇ। ਸੰਤ ਕਿਸੇ ਦਾ ਦਿਲ ਨਹੀਂ ਸਨ ਤੋੜਦੇ। ਸਵਾਲ ਕੈਸਾ ਵੀ ਹੋਵੇ ਪੂਰਾ ਕਰ ਦਿੰਦੇ। ਉਸ ਦਿਨ ਅਸਥਾਨ 'ਤੇ ਸਾਰੇ ਸਿੰਘ ਵਿਅਸਤ ਸਨ। ਫਿਰ ਵੀ ਸੰਤਾਂ ਨੇ ਕਿਹਾ ਕਿ ਭੇਜ ਦਿੰਦੇ ਹਾਂ। ਪਰ ਕੁਝ ਅਜਿਹੇ ਕਾਰਣ ਬਣੇ ਕਿ ਸਿੰਘ ਨਾ ਭੇਜ ਹੋਇਆ। ਇਹ ਬੀਬੀ ਉਡੀਕਦੀ ਰਹੀ। ਜਦ ਬੀਬੀ ਦੇ ਸਬਰ ਦਾ ਬੰਨ ਟੁੱਟ ਗਿਆ ਤਾਂ ਦੁਬਾਰਾ ਫੋਨ ਕੀਤਾ। ਸੰਤ ਕਹਿੰਦੇ, "ਹੁਣ ਤਾਂ ਅਸੀਂ ਦਿਲੀ ਏਅਰਪੋਰਟ ਨੂੰ ਚੱਲਣ ਵਾਲੇ ਹੀ ਹਾਂ, ਤੁਹਾਨੂੰ ਘਰ ਹੀ ਮਿਲਕੇ ਜਾਵਾਂਗੇ। ਜਦ ਸੰਤਾਂ ਦੇ ਇਹ ਬਚਨ ਸੁਣੇ ਤਾਂ ਬੀਬੀ ਨੂੰ ਚਾਅ ਚੜ੍ਹ ਗਿਆ। ਘਰ ਦੀ ਸਫਾਈ ਕਰਨ ਲੱਗੀ। ਜਦ ਸੰਤ ਬਾਹਰ ਤੁਰਨ ਲੱਗਦੇ ਤਾਂ



ਬਹੁਤ ਸੰਗਤ ਇਕੱਠੀ ਹੋ ਜਾਇਆ ਕਰਦੀ ਸੀ। ਸਭ ਸੰਤਾਂ ਨੂੰ ਸੇਜਲ ਅੱਖਾਂ ਨਾਲ ਵਿਦਾਈ ਦਿਆ ਕਰਦੇ ਸਨ। ਸੰਗਤ ਤੋਂ ਵਿਦਾਈ ਲੈ ਕੇ ਸੰਤ ਗੱਡੀ ਵਿੱਚ ਬੈਠ ਗਏ। ਸੰਤ ਆਪਣੇ ਡਰਾਇਵਰ ਨੂੰ ਕਹਿਣਾ ਹੀ ਭੁੱਲ ਗਏ ਕਿ ਰਹਿਸੀਵਾਲ ਹੋ ਕੇ ਜਾਣਾ ਹੈ। ਅੰਤਰ ਧਿਆਨ ਹੋ ਕੇ ਬੈਠੇ ਸੰਤਾਂ ਨੂੰ ਪਤਾ ਹੀ ਨਾ ਲੱਗਿਆ ਕਿ ਗੱਡੀ ਕਦੋਂ ਜਲੰਧਰ ਦਿਲੀ ਰੋਡ 'ਤੇ ਜਾ ਚੜ੍ਹੀ। ਇਧਰ ਬੀਬੀ ਉਡੀਕ ਰਹੀ ਸੀ, ਦਰਾਂ ਵਿੱਚ ਖੜ੍ਹੀ ਇੰਤਜ਼ਾਰ ਕਰ ਰਹੀ ਸੀ। ਬਹੁਤ ਸਮਾਂ ਬੀਤ ਗਿਆ, ਸੰਤ ਨਹੀਂ ਆਏ ਤਾਂ ਬੀਬੀ ਨੇ ਇਕ ਸੇਵਾਦਾਰ ਜੋ ਗੱਡੀ ਵਿੱਚ ਸਫਰ ਕਰ ਰਿਹਾ ਸੀ, ਨੂੰ ਫੋਨ ਕੀਤਾ। ਜਦ ਪਤਾ ਚੱਲਿਆ ਕਿ ਸੰਤ ਫਗਵਾੜੇ ਪਹੁੰਚ ਗਏ ਤਾਂ ਰੋਣ ਲੱਗ ਪਈ। ਬਹੁਤ ਬੈਰਾਗ ਉਪਜਿਆ। ਸੰਤਾਂ ਨੇ ਉਸੇ ਵਕਤ ਸ਼ਾਮਚੁਰਾਸੀ ਗੁਰਦੁਆਰਾ ਸਾਹਿਬ ਫੋਨ ਕਰਕੇ ਭਾਈ ਅਮਰੀਕ ਸਿੰਘ ਨੂੰ ਕਿਹਾ ਕਿ ਹੁਣ ਹੀ 1-2 ਸਿੰਘ ਨਾਲ ਲੈ ਕੇ ਰਹਿਸੀਵਾਲ ਜਾਉ। ਬੀਬੀ ਕਸ਼ਮੀਰ ਕੌਰ ਦੇ ਵਿਹੜੇ ਵਿੱਚ ਖੜਕੇ ਹੱਥ ਜੋੜ ਕੇ ਕਹਿਣਾ, "ਤੈਥੋਂ ਤੀਰਥ ਸਿੰਘ (ਸੰਤ) ਮਾਫ਼ੀ ਮੰਗ ਰਹੇ ਹਨ। ਤੈਥੋਂ ਅਸਥਾਨ ਦੇ ਸਾਰੇ ਸਿੰਘ ਮਾਫ਼ੀ ਮੰਗ ਰਹੇ ਹਨ ਕਿ ਅਸੀਂ ਤੇਰੇ ਘਰ ਨਾ ਆ ਸਕੇ।" ਅਮਰੀਕ ਸਿੰਘ ਹੁਰੀਂ ਗਏ ਅਤੇ ਸੰਤਾਂ ਦੇ ਬਚਨਾਂ ਅਨੁਸਾਰ ਬੀਬੀ ਕਸ਼ਮੀਰ ਕੌਰ ਕੋਲੋਂ ਮਾਫ਼ੀ ਮੰਗੀ।

ਐਸੀ ਨਿਮਰਤਾ ਤਾਂ ਕਿਸੇ ਪੂਰਨ ਫ਼ਕੀਰ ਵਿੱਚ ਹੀ ਹੋ ਸਕਦੀ ਹੈ। ਫਰੀਦ ਜੀ ਕਹਿੰਦੇ ਹਨ ਕਿ ਰੱਬ ਅਜਿਹੇ ਹੀ ਫ਼ਕੀਰਾਂ ਨੂੰ ਬੁੱਕਲ ਵਿਚ ਹੁੰਦਾ ਹੈ।

ਮਿੱਠਾ ਬੋਲੇ, ਨਿਵ ਚਲੇ ਹਥਹੁੰ ਵੀ ਕੁਛ ਦੇਹ ॥
ਫਰੀਦਾ, ਰਬ ਤਿਨ੍ਹਾ ਦੀ ਬੁਕਲੀ, ਜੰਗਲ ਕਿਆ ਢੂੰਢੇਹ ॥

ਇਹ ਗੁਣ ਮਨ ਵਿੱਚ ਤਦੇ ਹੀ ਪੈਦਾ ਹੁੰਦੇ ਹਨ ਜੇ ਪਤਾ ਲੱਗ ਜਾਵੇ ਕਿ ਇਹ ਸਾਰਾ ਪਸਾਰਾ ਪ੍ਰਮਾਤਮਾ ਦਾ ਹੀ ਹੈ। ਫਿਰ ਮਨ ਵਿਸ਼ਿਆਂ ਵਿਕਾਰਾਂ ਤੋਂ ਰਹਿਤ ਹੋ ਜਾਂਦਾ ਹੈ। ਸੂਫੀ ਪੁਣੇ ਦੇ ਦੋ ਅਸੂਲ ਹਨ

1. ਹਮਾ ਅਜ਼ ਓਸਤ- ਇਹ ਸਭ ਪਸਾਰਾ ਉਸ ਪ੍ਰਮਾਤਮਾ ਦਾ ਹੈ।
2. ਹਮਾ ਓਸਤ- ਇਹ ਜੋ ਦਿਸਦਾ ਹੈ ਉਹ ਆਪ ਹੈ।

ਜਦ ਇਹ ਗਿਆਨ ਹੋ ਜਾਏ ਤਾਂ ਸ਼ਤਰੂ ਮਿੱਤਰ ਸਮਾਨ ਲਗਦੇ ਹਨ। ਬੁਰੇ ਵਿੱਚ ਵੀ ਪ੍ਰਮਾਤਮਾ ਦਾ ਵਾਸ ਦਿਸਦਾ ਹੈ। ਬੁਰਾਈ ਵਿੱਚ ਵੀ ਖੁਦਾਈ ਨਜ਼ਰ

ਆਉਂਦੀ ਹੈ। ਸਭ ਭਲਾ ਹੀ ਭਲਾ ਦਿਸਦਾ ਹੈ

ਫਰੀਦਾ ਖਾਲਕੁ ਖਲਕ ਮਹਿ ਖਲਕ ਵਸੈ ਰਬ ਮਾਹਿ ॥
ਮੰਦਾ ਕਿਸ ਨੋ ਆਖੀਐ ਜਾਂ ਤਿਸੁ ਬਿਨੁ ਕੋਈ ਨਾਹਿ ॥

(ਫਰੀਦ ਜੀ, 1381)

ਇਕੁ ਫਿਕਾ ਨਾ ਗਲਾਇ ਸਭਨਾ ਮੈ ਸਚਾ ਧਣੀ ॥
ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇ ॥

(ਫਰੀਦ ਜੀ, 1384)

ਜੋ ਸਭ ਇਨਸਾਨਾਂ ਵਿੱਚ ਇਕੋ ਕਾਦਰ ਨੂੰ ਹੀ ਵੇਖਣ ਲੱਗ ਜਾਂਦਾ ਹੈ, ਉਹ ਸੰਤ ਬਣ ਜਾਂਦਾ ਹੈ। ਸੰਤ ਹਰ ਇਕ ਨੂੰ ਇਕੋ ਹੀ ਦ੍ਰਿਸ਼ਟੀ ਨਾਲ ਵੇਖਦੇ ਹਨ ਚਾਹੇ ਉਹ ਕਿਸੇ ਵੀ ਭਾਵਨਾ ਨਾਲ ਕਿਉਂ ਨਾ ਆਇਆ ਹੋਵੇ। ਗੁਰੂ ਘਰ ਸਭ ਲਈ ਸਾਂਝਾ ਹੁੰਦਾ ਹੈ ਅਤੇ ਅਨੇਕ ਲੋਕ ਆਉਂਦੇ ਹਨ। ਸਭ ਆਪੋ ਆਪਣੀ ਬੁੱਧ ਲੈਕੇ ਗੁਰੂ ਘਰ ਆਉਂਦੇ ਹਨ ਕੁਝ ਦੀ ਬੁੱਧ ਵਸਤਾਂ ਚੜ੍ਹਾਉਣ ਦੀ ਹੁੰਦੀ ਹੈ, ਕਿਸੇ ਦੀ ਬੁਧ ਗੁਰੂ ਘਰੋਂ ਸਾਮਾਨ ਖਿਸਕਾਉਣ ਦੀ ਹੁੰਦੀ ਹੈ। ਕੁਝ ਪ੍ਰੇਮੀ ਤਾਂ ਧਾਰਮਿਕ ਸਥਾਨਾਂ 'ਤੇ ਜਾਂਦੇ ਹੀ ਇਸੇ ਕੰਮ ਹਨ। ਇਕ ਵਾਰ ਅਜਿਹੀ ਬੁਧ ਦਾ ਮਾਲਕ ਸ਼ਾਮਚੁਰਾਸੀ ਗੁਰਦੁਆਰਾ ਸਾਹਿਬ ਪਹੁੰਚ ਗਿਆ। ਪਹਿਲਾਂ ਵੀ ਸ਼ਾਇਦ ਆਇਆ ਹੋਵੇਗਾ, ਪਰ ਜਦ ਤੱਕ ਫੜ ਨਹੀਂ ਹੁੰਦਾ ਕੋਈ ਚੋਰ ਨਹੀਂ ਅਖਵਾਉਂਦਾ। ਜਦ ਇਹ ਜੋੜੇ ਚੋਰੀ ਕਰ ਰਿਹਾ ਸੀ ਤਾਂ ਸੇਵਾਦਾਰਾਂ ਨੇ ਫੜ ਲਿਆ। ਸੇਵਾਦਾਰ ਬਹੁਤ ਤੈਸ਼ ਵਿੱਚ ਆ ਗਏ। ਸਜ਼ਾ ਦਿਵਾਉਣ ਲਈ ਸੰਤਾਂ ਕੋਲ ਲੈ ਗਏ। ਮਹਾਰਾਜ ਇਸ ਨੇ ਪਾਪ ਕੀਤਾ ਹੈ ਇਹ ਸੰਗਤ ਦੇ ਜੋੜੇ ਚੋਰੀ ਕਰਦਾ ਫੜਿਆ ਗਿਆ। ਸੰਤ ਚੁਪ ਰਹੇ। ਸੰਤਾਂ ਨੇ ਚੋਰ ਨੂੰ ਆਪਣੇ ਕੋਲ ਬਿਠਾਇਆ ਅਤੇ ਬੜੇ ਧੀਰਜ ਨਾਲ ਕਹਿੰਦੇ, "ਬਈ, ਏਦਾਂ ਨਹੀਂ ਕਰੀਦੀ। ਜੇ ਪੈਸਿਆਂ ਦੀ ਲੋੜ ਸੀ ਤਾਂ ਸਾਥੋਂ ਮੰਗ ਕੇ ਲੈ ਜਾਣੇ ਸਨ। ਚੋਰੀ ਕਰਨ ਦੀ ਕੀ ਲੋੜ ਸੀ। ਜੇ ਅੱਗੋਂ ਕਦੀ ਵੀ ਪੈਸਿਆਂ ਦੀ ਲੋੜ ਪੈ ਜਾਵੇ ਤਾਂ ਮੰਗ ਕੇ ਲੈ ਜਾਇਆ ਕਰੋ।" ਸੇਵਾਦਾਰ ਕਹਿੰਦੇ, "ਮਹਾਰਾਜ, ਇਹ ਚੋਰ ਹੈ ਅਸੀਂ ਇਸ ਨੂੰ ਤੁਹਾਡੇ ਕੋਲ ਸਜ਼ਾ ਦਿਵਾਉਣ ਲਈ ਲਿਆਏ ਸਾਂ। ਤੁਸੀਂ ਉਸ ਨੂੰ ਗੁੱਸੇ ਹੋਣ ਦੀ ਥਾਂ ਜਦ ਲੋੜ ਹੋਵੇ ਪੈਸੇ ਲਿਜਾਣ ਲਈ ਕਹਿ ਰਹੇ ਹੋ।" ਸੰਤ ਬੜੀ ਨਿਮਰਤਾ ਨਾਲ ਕਹਿੰਦੇ, "ਬਈ ਸਾਡਾ ਦਿਲ ਤਾਂ ਕੇਵਲ ਪ੍ਰਭੂ ਪਿਆਰ ਦਾ ਹੀ



ਘਰ ਹੈ ਇਸ ਵਿੱਚ ਕਿਸੇ ਲਈ ਗੁੱਸੇ ਦੀ ਥਾਂ ਨਹੀਂ। ਇਹ ਜੋ ਸਾਡੇ ਕੋਲ ਹੈ ਪ੍ਰਮਾਤਮਾ ਦਾ ਹੀ ਹੈ। ਜੇਕਰ ਇਹ ਮੰਗਕੇ ਲੈ ਵੀ ਜਾਵੇਗਾ ਤਾਂ ਕੀ ਫਰਕ ਪੈਣਾ ਹੈ।" ਸਭ ਬਹੁਤ ਪ੍ਰਭਾਵਤ ਹੋਏ। ਗੁਰੂ ਨਾਨਕ ਦੇ ਦਰ 'ਤੇ ਬੁਰੇ ਦਾ ਵੀ ਭਲਾ ਹੁੰਦਾ ਸੁਣਿਆਂ ਤਾਂ ਬਥੇਰਾ ਸੀ ਅੱਖੀ ਵੀ ਵੇਖ ਲਿਆ।

ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ ॥
ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ ॥

(ਫਰੀਦ ਜੀ, 82)

ਫਰੀਦਾ ਜੋ ਤੈ ਮਾਰਨਿ ਮੁਕੀਆਂ ਤਿਨ੍ਾ ਨ ਮਾਰੇ ਘੁੰਮਿ ॥
ਆਪਨੜੈ ਘਰਿ ਜਾਈਐ ਪੈਰ ਤਿਨ੍ਾ ਦੇ ਚੁੰਮਿ ॥

(ਫਰੀਦ ਜੀ, 1378)

ਬੁਰੇ ਦਾ ਭਲਾ ਕਰਨ ਵਾਲੇ ਗੁਰੂ ਨਾਨਕ ਦੇ ਦਰ 'ਤੇ ਇਕ ਵਾਰ ਜੋੜ ਮੇਲਾ ਚਲ ਰਿਹਾ ਸੀ। ਕੀਰਤਨ ਸੁਣਨ ਵਾਲੇ ਕੀਰਤਨ ਸੁਣਨ ਵਿੱਚ ਵਿਅਸਤ ਸਨ। ਸੇਵਾਦਾਰ ਸੇਵਾ ਕਰਨ ਵਿਚ ਮਸਤ ਸਨ ਅਤੇ ਮੌਕੇ ਦੀ ਭਾਲ ਵਿੱਚ ਮੌਕਾ ਪ੍ਰਸਤ ਸਨ। ਕਿਸੇ ਅਸਥਾਨ 'ਤੇ ਜਦ ਕੋਈ ਧਾਰਮਿਕ ਸਮਾਗਮ ਹੁੰਦਾ ਹੈ ਤਾਂ ਮਤ ਸੋਚੋ ਕਿ ਸਾਰੇ ਸਾਧ ਹੀ ਆਉਣਗੇ। ਭਾਂਤ ਭਾਂਤ ਦੀਆਂ ਰੁਚੀਆਂ ਦੇ ਮਾਲਕ ਇਕੱਤਰ ਹੋਣਗੇ। ਪਰ ਪਾਉਣਗੇ ਆਪੋ ਆਪਣੀ ਰੁਚੀ ਅਨੁਸਾਰ। ਜਦ ਹੰਸ ਪਾਣੀ ਵਿਚ ਚੁੰਝ ਪਾਉਂਦਾ ਹੈ ਤਾਂ ਮੋਤੀ ਚੁਗਦਾ ਹੈ ਪਰ ਜਦ ਬੰਗਲਾ ਪਾਣੀ ਵਿਚ ਚੁੰਝ ਪਾਉਂਦਾ ਹੈ ਤਾਂ ਮੱਛਲੀ ਚੁਕਦਾ ਹੈ। ਆਪੋ ਆਪਣੀ ਬਿਰਤੀ ਹੈ।

ਬਿਰਤੀ ਚਾਰ ਕਿਸਮ ਦੀ ਹੁੰਦੀ ਹੈ:-

1. ਰਜੋ ਬਿਰਤੀ:- ਦੁਨੀਆਂ ਨੂੰ ਸੱਚ ਅਤੇ ਸੁੱਖ ਰੂਪ ਜਾਣਕੇ ਮਨ ਵਿਚ ਭੋਗ ਵਿਲਾਸ, ਐਸ਼ੋ-ਇਸ਼ਰਤ, ਇਸਤਰੀ ਪੁੱਤਰ, ਧੰਨ ਜਾਇਦਾਦ ਵਗੈਰਾ ਦੇ ਖਿਆਲ ਆਉਂਦੇ ਰਹਿੰਦੇ ਹਨ ਇਸ ਨੂੰ ਰਜੋ ਬਿਰਤੀ ਕਹਿੰਦੇ ਹਨ।
2. ਤਮੋ ਬਿਰਤੀ:- ਜਿਸ ਸਮੇਂ ਮਨ ਵਿਚ ਗੁੱਸਾ, ਕਰੋਧ, ਹਸਦ ਤੇ ਈਰਖਾ ਦੇ ਖਿਆਲ ਉਠਦੇ ਹਨ ਇਹਨਾਂ ਨੂੰ ਤਮੋ ਬਿਰਤੀ ਕਹਿੰਦੇ ਹਨ।
3. ਸਤੋ ਗੁਣੀ ਬਿਰਤੀ:- ਜੇ ਦੁਨੀਆਂ ਤੋਂ ਬੈਰਾਗ ਆਏ, ਮਨ ਦੀ ਇਕਾਗਰਤਾ ਨਾਲ ਮਨ ਵਿੱਚ ਸ਼ਾਂਤੀ ਹੋਵੇ ਤਾਂ ਇਸਨੂੰ ਸਤੋ ਗੁਣੀ ਬਿਰਤੀ ਕਹਿੰਦੇ ਹਨ।

4. ਬ੍ਰਹਮਕਾਰ ਬਿਰਤੀ:- ਜਿਸ ਸਮੇਂ ਬ੍ਰਹਮ ਵਿਚਾਰ ਤੋਂ ਅਤੇ ਬ੍ਰਹਮ ਚਿੰਤਨ ਤੋਂ ਜਗਤ ਬ੍ਰਹਮ ਰੂਪ ਨਜ਼ਰ ਆਉਣ ਦੇ ਖਿਆਲ ਉਠਦੇ ਹਨ ਤਾਂ ਇਸਨੂੰ ਬ੍ਰਹਮਕਾਰ ਬਿਰਤੀ ਕਹਿੰਦੇ ਹਨ।

ਆਪੋ ਆਪਣੀ ਬਿਰਤੀ ਹੈ। ਸਤੋਗੁਣੀ ਬਿਰਤੀ ਵਾਲੇ ਲੋਕ ਰਾਮ ਨਾਮ ਦਾ ਲਾਹਾ ਲੈਣ ਆਉਂਦੇ ਹਨ। ਰਜੋ ਗੁਣੀ ਅਤੇ ਤਮੋ ਗੁਣੀ ਬਿਰਤੀ ਦੇ ਲੋਕ ਆਪਣੀਆਂ ਲੋੜਾਂ ਖਾਤਰ ਆਉਂਦੇ ਹਨ। ਕਈ ਇਹਨਾਂ ਵਿਚੋਂ ਮੰਦ ਭਾਵਨਾ ਨਾਲ ਗੁਰਦੁਆਰਾ ਸਾਹਿਬ ਜਾਂਦੇ ਹਨ। ਮੰਦ ਭਾਵਨਾ ਨੂੰ ਗੁਣ ਵਜੋਂ ਨਹੀਂ ਵੇਖਿਆ ਜਾ ਸਕਦਾ ਕਿਉਂਕਿ ਔਗੁਣ ਤਾਂ ਔਗੁਣ ਹੀ ਰਹਿੰਦਾ ਹੈ। ਮੰਦ ਭਾਵਨਾ ਵੀ ਅਨੇਕ ਲੋਕਾਂ ਨੂੰ ਇਕੱਠਾਂ ਵਿਚ, ਜਲਸਿਆਂ ਵਿੱਚ ਜੋੜ ਮੇਲਿਆਂ ਵਿਚ ਲੈ ਜਾਂਦੀ ਹੈ। ਐਸਾ ਹੀ ਇਕ ਮਨਮੁੱਖ ਗੁਰਦੁਆਰਾ ਈਸ਼ਰਪੁਰੀ ਸਾਹਿਬ ਜੋੜ ਮੇਲੇ ਵਿਚ ਪਹੁੰਚ ਗਿਆ। ਸਾਈਕਲ ਚੋਰੀ ਕਰਨਾ ਚਾਹੁੰਦਾ ਸੀ। ਜਦ ਇਹ ਸਾਈਕਲ ਚੋਰੀ ਕਰਨ ਲੱਗਾ ਤਾਂ ਸੇਵਾਦਾਰਾਂ ਨੇ ਦਬੋਚ ਲਿਆ। ਪੰਜੇ ਉਂਗਲਾ ਬਰਾਬਰ ਨਹੀਂ ਹੁੰਦੀਆਂ। ਕੁਝ ਸੇਵਾਦਾਰ ਵੀ ਗਰਮਦਲੀਏ ਹੁੰਦੇ ਹਨ। ਜੋ ਖ਼ੁਦ ਨੂੰ ਪਾਕ ਸਮਝਦੇ ਹੋਣ ਉਹਨਾਂ ਨੂੰ ਦੂਜੇ ਨੂੰ ਸਜ਼ਾ ਦੇ ਕੇ ਬਹੁਤ ਆਨੰਦ ਮਿਲਦਾ ਹੈ। ਖ਼ੁਦ ਨੂੰ ਪਾਕ ਸਮਝਣਾ ਵੀ ਇਕ ਗੁਨਾਹ ਹੁੰਦਾ ਹੈ। ਪੂਰਨ ਪੁਰਸ਼ ਜੋ ਅਸਲ ਵਿਚ ਪਾਕ ਹੁੰਦੇ ਹਨ ਆਪਣੇ ਆਪ ਨੂੰ ਔਗੁਣਾ ਨਾਲ ਭਰਿਆ ਸਮਝਦੇ ਹਨ ਕਿਉਂਕਿ ਇਹ ਗਿਆਨ ਦੀ ਆਖਰੀ ਅਵਸਥਾ ਹੈ।

ਫਰੀਦਾ ਕਾਲੇ ਮੈਡੇ ਕਪੜੇ ਕਾਲਾ ਮੈਡਾ ਵੇਸੁ ॥
ਗੁਨਹੀ ਭਰਿਆ ਮੈ ਫਿਰਾ ਲੋਕੁ ਕਹੈ ਦਰਵੇਸੁ ॥

(ਫਰੀਦ ਜੀ, 1381)

ਬੁਰਾ ਜੋ ਦੇਖਨ ਮੈਂ ਚਲਾ, ਬੁਰਾ ਨਾ ਮਿਲਿਆ ਕੋਇ ॥
ਜੋ ਦਿਲ ਖੋਜਾ ਆਪਨਾ, ਮੁਝ ਸੇ ਬੁਰਾ ਨਾ ਕੋਇ ॥

(ਕਬੀਰ ਬਾਣੀ)

ਜਿਹਨਾ ਦਾ ਮਨ ਨਿਰਮਲ ਨਹੀਂ ਹੁੰਦਾ, ਜੋ ਅਸਲ ਵਿਚ ਔਗੁਣਾ ਨਾਲ ਭਰੇ ਹੋਏ ਹੁੰਦੇ ਹਨ ਆਪਣੇ ਆਪ ਨੂੰ ਪਾਕ ਸਮਝਦੇ ਹਨ। ਸੋਚਦੇ ਹਨ ਕਿ ਅਸੀਂ ਤਾਂ ਕਦੇ ਗੁਨਾਹ ਹੀ ਨਹੀਂ ਕੀਤਾ। ਜੇ ਅਸੀਂ ਸੱਚੇ ਮਨ ਨਾਲ ਆਪਣੇ ਅੰਦਰ ਧਿਆਨ ਮਾਰਕੇ ਵੇਖੀਏ ਤਾਂ ਬੇਅੰਤ ਗੁਨਾਹ ਰੋਜ਼ ਕਰਦੇ ਹਾਂ। ਕਈ ਗੁਨਾਹ ਤਾਂ ਅਜਿਹੇ ਹੁੰਦੇ



ਹਨ ਜੋ ਅਸੀਂ ਆਪਣੀ ਜ਼ੁਬਾਨ 'ਤੇ ਲਿਆਉਣੋ ਵੀ ਡਰਦੇ ਹਾਂ। ਅਸੀਂ ਅੰਦਰੋਂ ਬਹੁਤ ਕੋਹਜੇ ਹਾਂ ਪਰ ਬਾਹਰੋਂ ਬਹੁਤ ਸੁੰਦਰ ਹਾਂ। ਅੰਮ੍ਰਿਤ ਵਾਲੀ ਖਾਲੀ ਸ਼ੀਸ਼ੀ ਵਿਚ ਵਿਸ਼ ਪਾਉਣ ਨਾਲ ਇਸਦੀ ਤਾਸੀਰ ਨਹੀਂ ਬਦਲ ਜਾਂਦੀ। ਸਾਨੂੰ ਦੂਜਿਆਂ ਵਿਚ ਖਾਮੀਆਂ ਹੀ ਖਾਮੀਆਂ ਨਜ਼ਰ ਆਉਂਦੀਆਂ ਹਨ ਆਪਣੇ ਵਿਚ ਗੁਣ ਹੀ ਗੁਣ ਦਿਸਦੇ ਹਨ। ਪਰ ਪ੍ਰਭੂ ਦੇ ਦਰ ਤੇ ਓਹੀ ਕਬੂਲੇ ਜਾਂਦੇ ਹਨ ਜੋ ਦੂਜਿਆਂ ਵਿੱਚ ਗੁਣ ਲੱਭਦੇ ਹਨ ਅਤੇ ਖੁਦ ਵਿੱਚ ਕਮੀਆਂ ਤਾਂ ਕਿ ਸਵੈ ਪੜਚੋਲ ਕੀਤੀ ਜਾ ਸਕੇ, ਖੁਦ ਨੂੰ ਸੁਧਾਰਿਆ ਜਾ ਸਕੇ। ਕਿਉਂਕਿ ਨੇਕ ਅਮਲਾਂ ਲਈ ਕਨੂੰਨ ਨਹੀਂ ਬਣ ਸਕਦੇ। ਸੁਧਾਰ ਦੀ ਭਾਵਨਾ ਅੰਦਰੋਂ ਹੀ ਉਠਦੀ ਹੈ। ਚੋਰ ਫੜ ਲਿਆ। ਕੁਝ ਗਰਮਦਲੀਏ ਸੇਵਕਾਂ ਨੇ, ਸਿਆਣਪ ਤੋਂ ਊਣਿਆਂ ਨੇ ਚੋਰ ਨੂੰ ਕੁਟਣਾ ਸ਼ੁਰੂ ਕਰ ਦਿਤਾ। ਚੋਰ ਵੀ ਕੱਚਾ ਸੀ ਜਲਦੀ ਹੀ ਮੰਨ ਗਿਆ ਕਿ ਇਸਨੇ 2-3 ਸਾਈਕਲ ਪਹਿਲਾਂ ਵੀ ਚੋਰੀ ਕੀਤੇ ਸਨ। ਹਮੇਛਾ ਪਹਿਲਾ ਗੁਨਾਹ ਕਰਨਾ ਮੁਸ਼ਕਿਲ ਹੁੰਦਾ ਹੈ। ਮਨ ਵਿਚ ਦੁਬਿਧਾ ਹੁੰਦੀ ਹੈ। ਹੱਥ ਗੁਨਾਹ ਦੇ ਆਦੀ ਨਹੀਂ ਹੋਏ ਹੁੰਦੇ। ਪਹਿਲੀ ਸਫਲਤਾ ਹੌਸਲਾ ਵਧਾ ਦਿੰਦੀ ਹੈ। ਗੁਨਾਹ ਕਰਨਾ ਆਸਾਨ ਹੋ ਜਾਂਦਾ ਹੈ। ਇਨਸਾਨ ਗੁਨਾਹ ਹੀ ਕਰਦਾ ਚਲਿਆ ਜਾਂਦਾ ਹੈ ਜਦ ਤਕ ਫੜ ਨਾ ਹੋ ਜਾਏ। ਹੁਣ ਸੇਵਕ ਇਸਨੂੰ ਕੁਟ ਰਹੇ ਸਨ। ਕੁਝ ਇਸ ਲਈ ਕੁਟ ਰਹੇ ਸਨ ਕਿ ਇਸਨੇ ਸੰਤਾਂ ਦੇ ਅਸਥਾਨ 'ਤੇ ਚੋਰੀ ਕੀਤੀ ਹੈ ਅਤੇ ਕੁਝ ਇਸ ਲਈ ਮਾਰ ਰਹੇ ਸਨ ਕਿ ਇਹਨਾਂ ਨੂੰ ਕਦੇ ਥੱਪੜ ਜੜਨ ਦਾ ਮੌਕਾ ਹੀ ਨਹੀਂ ਮਿਲਿਆ ਸੀ। ਸਭ ਮਨ ਦੀ ਭੜਾਸ ਕੱਢ ਰਹੇ ਸਨ। ਜਦ ਸੰਤਾਂ ਨੂੰ ਖ਼ਬਰ ਮਿਲੀ ਤਾਂ ਛੇਤੀ ਨਾਲ ਉਸ ਜਗ੍ਹਾ 'ਤੇ ਪਹੁੰਚੇ ਜਿੱਥੇ ਚੋਰ ਸਾਧਣ ਦਾ 'ਕੰਮ' ਚਲ ਰਿਹਾ ਸੀ। ਸੰਤਾਂ ਲਈ ਵੈਰੀ ਮਿੱਤਰ ਚੋਰ ਸਾਧ ਸਾਮਾਨ ਹੀ ਸਨ। ਸੰਤ ਕਹਿੰਦੇ, "ਬਈ ਇਸਨੂੰ ਕੁਟੋ ਨਾ, ਪਿਆਰ ਨਾਲ ਪੁੱਛੋ। ਇਸਨੂੰ ਪੁਛੋ ਇਸਨੇ ਲੰਗਰ ਛਕਿਆ, ਚਾਹਪਾਣੀ ਛਕਿਆ..........। ਲੋਕ ਕਹਿਣ ਸੰਤ ਭੋਲੇ ਹਨ, ਖਰੇ ਖੋਟੇ ਦੀ ਪਹਿਚਾਣ ਨਹੀਂ ਕਰਦੇ। ਪਰ ਸੰਤਾਂ ਨੂੰ ਚੋਰ ਵਿੱਚ ਵੀ ਉਹੀ ਨਿਰੰਕਾਰ ਨਜ਼ਰ ਆਉਂਦਾ ਸੀ ਜੋ ਸਾਧ ਵਿਚ ਆਉਂਦਾ ਹੈ। ਉਹ ਤਾਂ ਸਮਦਰਸ਼ੀ ਸਨ।

ਸਭੁ ਕੋ ਊਚਾ ਆਖੀਐ ਨੀਚੁ ਨ ਦੀਸੈ ਕੋਇ ॥
ਇਕਨੈ ਭਾਂਡੇ ਸਾਜਿਐ ਇਕੁ ਚਾਨਣੁ ਤਿਹੁ ਲੋਇ ॥ (ਮ:1-62)

ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ ॥
ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ॥

(ਕਬੀਰ ਜੀ, 1349)

ਲੋਕ ਸਮਝਦੇ ਸਨ ਕਿ ਸੰਤਾਂ ਨੂੰ ਖਰੇ ਖੋਟੇ ਦੀ ਪਹਿਚਾਣ ਨਹੀਂ ਇਸ ਲਈ ਚੋਰ ਨੂੰ ਖਿਮਾ ਕਰ ਦਿੱਤੀ। ਪਰ ਸੰਤ ਜਾਣਦੇ ਸਨ ਕਿ

ਕਬੀਰ ਜਹਾਂ ਗਿਆਨ ਤਹ ਧਰਮ ਹੈ ਜਹਾਂ ਝੂਠ ਤਹ ਪਾਪੁ ॥
ਜਹਾਂ ਲੋਭ ਤਹ ਕਾਲੁ ਹੈ ਜਹਾਂ ਖਿਮਾਂ ਤਹ ਆਪਿ ॥

(ਕਬੀਰ ਜੀ, 1365)

ਸੰਤ ਐਨੇ ਦਿਆਲੂ ਸੁਭਾਅ ਦੇ ਮਾਲਕ ਸਨ ਕਿ ਜੇ ਕੋਈ ਦੀਨ ਦੁਖੀਆ ਆ ਜਾਵੇ ਤਾਂ ਆਪਣੇ ਕੋਲ ਹੀ ਰੱਖ ਲੈਂਦੇ ਸਨ। ਉਸਦੀ ਸੇਵਾ ਕਰਵਾਉਂਦੇ ਕੱਪੜੇ-ਲੀੜੇ ਪਹਿਨਣ ਵਾਸਤੇ ਦਿੰਦੇ ਅਤੇ ਜੇ ਲੋੜ ਹੁੰਦੀ ਤਾਂ ਡਾਕਟਰੀ ਇਲਾਜ਼ ਵੀ ਕਰਵਾ ਦਿੰਦੇ ਸਨ। ਪਿੰਡ ਪਜੋਦਿਤੇ ਦੀ ਇਕ ਬੀਬੀ ਕਰਤਾਰ ਕੌਰ ਚੱਲਣ ਫਿਰਨ ਤੋਂ ਅਸਮਰੱਥ ਸੀ। ਆਪਣਾ ਆਪ ਚੁੱਕਣ ਤੋਂ ਵੀ ਲਾਚਾਰ ਸੀ। ਕੋਈ ਕੰਮ ਕਾਜ ਨਹੀਂ ਕਰ ਸਕਦੀ ਸੀ। ਜਿਉਂਦੇ ਜੀ ਹੱਥ ਪੈਰ ਨਾ ਚੱਲਣਾ ਵੀ ਪ੍ਰਮਾਤਮਾ ਦੀ ਕਰੋਪੀ ਦਾ ਹੀ ਇਕ ਰੂਪ ਹੈ। ਪਰ ਕਿਉਂਕਿ ਲੜ ਸੰਤ ਬਾਬਾ ਤੀਰਥ ਸਿੰਘ ਜੀ ਦਾ ਫੜ ਲਿਆ ਹੋਇਆ ਸੀ ਸੰਤਾਂ ਨੇ ਇਸਨੂੰ ਆਪਣੇ ਅਸਥਾਨ 'ਤੇ ਹੀ ਰੱਖ ਲਿਆ। ਕਈ ਸੇਵਕ ਸੋਚਦੇ ਸਨ ਕਿ ਬੀਬੀ ਡੇਰੇ 'ਤੇ ਬੋਝ ਹੈ। ਸੰਤਾਂ ਨੂੰ ਚਾਹੀਦਾ ਹੈ ਕਿ ਇਸਨੂੰ ਘਰ ਭੇਜ ਦੇਣ। ਇਕ ਵਾਰ ਇਸਦੇ ਧੀ-ਜੁਆਈ ਪਿੰਡ ਰਾਮੂ ਥਿਆੜਾ ਜ਼ਿਲ੍ਹਾ ਹੁਸ਼ਿਆਰਪੁਰ ਤੋਂ ਲੈਣ ਆਏ। ਸੇਵਕ ਖੁਸ਼ ਸਨ ਕਿ ਹੁਣ ਇਹ ਚਲੀ ਜਾਵੇਗੀ। ਜਦ ਧੀ-ਜੁਆਈ ਨੇ ਲਿਜਾਣ ਦੀ ਇੱਛਾ ਜ਼ਾਹਿਰ ਕੀਤੀ ਤਾਂ ਸੰਤ ਕਹਿੰਦੇ, "ਬਈ ਇਹ ਤਾਂ ਏਥੇ ਬਹੁਤ ਕੰਮ ਕਰਦੀ ਹੈ ਜੇ ਇਸਨੂੰ ਭੇਜ ਦਿੱਤਾ ਤਾਂ ਇੰਨਾ ਕੰਮ ਕੌਣ ਕਰੇਗਾ।" ਕਿੰਨੀ ਨਿਮਰਤਾ ਸੀ ਕਿੰਨੀ ਦਿਆਲਤਾ ਸੀ। ਸੰਤ ਜਾਣਦੇ ਸਨ ਕਿ ਉਸਦੀ ਘਰ ਲਿਜਾ ਕੇ ਪੂਰੀ ਸੇਵਾ ਨਹੀਂ ਹੋਵੇਗੀ। ਸੋ ਆਪਣਾ ਸੇਵਕ ਆਪਣੇ ਪਾਸ ਹੀ ਰੱਖ ਲਿਆ। ਬੀਬੀ ਚੱਲਣ ਫਿਰਨ ਤੋਂ ਮੁਥਾਜ਼ ਹੈ ਤੇ ਸੰਤ ਆਖ ਰਹੇ ਸਨ ਕਿ ਇਹ ਕੰਮ ਬਹੁਤ ਕਰਦੀ ਹੈ। ਜਿਹਨਾਂ ਨੇ ਸੁਣਿਆਂ ਉਹਨਾਂ ਨੂੰ ਯਕੀਨ ਨਾ ਆਇਆ। ਪਰ ਜਿਹਨਾ ਨੇ ਵੇਖਿਆ ਉਹ ਸੰਤਾ ਨੂੰ ਕੋਟਿ ਕੋਟਿ ਪ੍ਰਣਾਮ ਕਰਨ ਤੋਂ ਬਗੈਰ ਨਾ ਰਹਿ ਸਕੇ।



ਬੀਬੀ ਤਾਂ ਰੋਗਾਂ ਵਿਚ ਗ੍ਰਸੀ ਜ਼ਿੰਦਗੀ ਦੇ ਦਿਨ ਪੂਰੇ ਕਰ ਰਹੀ ਸੀ। ਬੀਬੀ ਦਾ ਮਨ ਕਦੇ ਕਦੇ ਬਹੁਤ ਕਾਹਲਾ ਪੈਣ ਲੱਗ ਜਾਂਦਾ। ਗਰਮੀਆਂ ਦੇ ਦਿਨ ਸਨ। ਰਾਤ ਦਾ ਸਮਾਂ ਸੀ। ਐਨਾ ਹੁਟ। ਲੱਗੇ ਕਿ ਸਾਹ-ਪ੍ਰਾਣ ਹੀ ਨਿਕਲ ਜਾਵੇਗਾ। ਸਰੀਰ ਨੂੰ ਤਰਲੋ ਮਛੀ, ਲੂੰਹਣ ਜਿਹੀ ਲੱਗ ਰਹੀ ਸੀ। ਇੰਝ ਜਾਪਦਾ ਸੀ ਜਿਵੇਂ ਪੱਤਿਆਂ ਨੇ ਨਾ ਹਿਲਣ ਦੀ ਸਹੁੰ ਖਾਧੀ ਹੋਵੇ। ਜਿਵੇਂ ਕਿਸੇ ਸਰਾਪ ਕਾਰਨ ਅਹਿਲ ਖੜ੍ਹੇ ਹੋਣ। ਗਰਮੀ ਆਪਣੇ ਜ਼ੋਰ 'ਤੇ ਸੀ। ਗੁਰਦੁਆਰਾ ਸਾਹਿਬ ਵਿਖੇ ਬਿਜਲੀ ਨਾ ਹੋਣ ਕਾਰਨ ਜਨਰੇਟਰ ਚਲ ਰਿਹਾ ਸੀ। ਜਨਰੇਟਰ ਦੀ ਆਵਾਜ਼ ਕਾਰਣ ਬੀਬੀ ਦਾ ਮਨ ਕਾਹਲਾ ਪੈ ਰਿਹਾ ਸੀ। ਇਸਨੇ ਸੰਤਾਂ ਅੱਗੇ ਬੇਨਤੀ ਕੀਤੀ, "ਮਹਾਰਾਜ ਜਨਰੇਟਰ ਦੀ ਆਵਾਜ਼ ਕਾਰਨ ਮੈਨੂੰ ਘਬਰਾਹਟ ਹੋ ਰਹੀ ਹੈ ਕਿਰਪਾ ਕਰਕੇ ਬੰਦ ਕਰਵਾ ਦਿਓ।" ਸੰਤ ਐਨੇ ਦਿਆਲੂ ਸਨ ਕਿ ਕਿਸੇ ਨੂੰ ਦੁਖੀ ਨਹੀਂ ਸਨ ਵੇਖ ਸਕਦੇ। ਸੰਤਾਂ ਨੇ ਜਨਰੇਟਰ ਫੌਰਨ ਬੰਦ ਕਰਵਾ ਦਿੱਤਾ ਅਤੇ ਕਹਿਰਾਂ ਦੀ ਗਰਮੀ ਵਿਚ ਬਾਹਰ ਆ ਕੇ ਬੈਠ ਗਏ। ਅਜਿਹੀ ਨਿਮਰਤਾ ਅਜਿਹੀ ਦਿਆਲਤਾ ਹੀ ਆਮ ਤੋਂ ਖਾਸ ਬਣਾਉਂਦੀ ਹੈ, ਅਪੂਰਨ ਤੋਂ ਪੂਰਨ ਬਣਾਉਂਦੀ ਹੈ, ਪੁਰਸ਼ ਤੋਂ ਮਹਾਪੁਰਸ਼ ਬਣਾ ਦਿੰਦੀ ਹੈ। ਸੰਤ ਐਨੇ ਦਿਆਲੂ ਸਨ ਕਿ ਜੇ ਆਸੇ ਪਾਸੇ ਦੇ ਪਿੰਡਾਂ ਵਿਚ ਕੋਈ ਬਜ਼ੁਰਗ ਦੀ ਸੇਵਾ ਕਰਨੋ ਉਸਦੇ ਪੁੱਤਰ ਇਨਕਾਰ ਕਰ ਦਿੰਦੇ, ਬਜ਼ੁਰਗ ਸੰਤਾਂ ਕੋਲ ਬੇਨਤੀ ਕਰਦਾ ਤਾਂ ਸੰਤ ਆਪਣੇ ਅਸਥਾਨ 'ਤੇ ਰਹਿਣ ਲਈ ਕਮਰਾ ਦੇ ਦਿੰਦੇ ਕਿਉਂਕਿ ਗੁਰੂ ਘਰ ਨਿਆਸਰਿਆ ਦਾ ਆਸਰਾ ਹੈ। ਜੇ ਕਿਸੇ ਯਤੀਮ ਦੇ ਦਰ ਦਰ ਠੋਕਰਾਂ ਖਾਣ ਦਾ ਪਤਾ ਲਗਦਾ ਤਾਂ ਸੰਤ ਅਸਥਾਨ 'ਤੇ ਲੈ ਆਉਂਦੇ ਕਿਉਂਕਿ ਗੁਰੂ ਘਰ ਨਿਥਾਵਿਆਂ ਲਈ ਥਾਂ ਹੁੰਦਾ ਹੈ। ਜੇ ਕੋਈ ਪ੍ਰਾਰਥੀ ਪੈਸੇ ਜਾਂ ਵਸਤਾਂ ਦੀ ਮੰਗ ਕਰਦਾ ਤਾਂ ਸੰਤ ਉਸਦੀਆਂ ਝੋਲੀਆਂ ਭਰ ਦਿੰਦੇ ਕਿਉਂਕਿ ਗੁਰੂ ਘਰ ਨਿਓਟਿਆਂ ਦੀ ਓਟ ਹੈ। ਜੇ ਕੋਈ ਗਰੀਬ ਆਪਣੇ ਨਾਲ ਹੋ ਰਹੇ ਧੱਕੇ ਕਾਰਨ ਜਾਂ ਜ਼ੁਲਮੀਆਂ ਦੇ ਸਤਾਉਣ ਕਾਰਣ ਸੰਤਾਂ ਦੇ ਚਰਨਾਂ ਵਿਚ ਪਹੁੰਚ ਜਾਂਦਾ ਤਾਂ ਸੰਤ ਉਸਦੀ ਰੱਖਿਆ ਕਰਦੇ ਸਨ ਕਿਉਂਕਿ ਗੁਰੂ ਘਰ ਨਿਮਾਣਿਆਂ ਦਾ ਮਾਣ ਹੈ। ਕਦੇ ਸੰਤਾਂ ਦੇ ਦਰ ਤੋਂ ਕੋਈ ਸਵਾਲੀ ਖਾਲੀ ਨਹੀਂ ਮੁੜਿਆ ਸੀ। ਜੈਸੀ ਕੋਈ ਇੱਛਾ ਲੈ ਕੇ ਆਇਆ ਸੰਤਾਂ ਨੇ ਪੂਰੀ ਕਰ ਦਿਤੀ ਉਹ ਚਾਹੇ ਇਸ ਜਹਾਨ ਦੀ ਹੋਵੇ ਜਾਂ ਉਸ ਜਹਾਨ ਦੀ। ਸੰਤ ਗੁਰੂ ਨਾਨਕ ਦਾ ਖਜ਼ਾਨਾ ਝੋਲੀਆਂ ਭਰ ਭਰ ਵੰਡਦੇ ਸਨ। ਸਭ ਨੂੰ ਮਾਲਾਮਾਲ ਕਰ ਦਿੰਦੇ ਸਨ। ਜੇ ਕਿਸੇ ਨੂੰ ਲੈਣਾ ਹੀ ਨਾ ਆਇਆ ਹੋਵੇ ਤਾਂ ਅਲੱਗ ਗੱਲ ਹੈ।

# ਪੁਤੀ ਗੰਢੁ ਪਾਏ ਸੰਸਾਰ

ਬਿਨਾ ਪੁੱਤਰ ਦੇ ਸੰਸਾਰ ਵਿੱਚ ਜੀਣ ਨੂੰ ਧਿਰਕਾਰ ਗਿਣਨ ਕਾਰਨ ਔਰਤ ਦੀ ਕੁੱਖ ਤਦ ਤਕ ਸੁਲੱਖਣੀ ਨਹੀਂ ਮੰਨੀ ਜਾਂਦੀ ਜਦ ਤਕ ਉਸਦੀ ਝੋਲੀ ਪੁੱਤਰਾਂ ਦਾ ਮੇਵਾ ਨਾ ਹੋਵੇ। ਕਿਉਂਕਿ

ਪੁਤੀ ਗੰਢੁ ਪਾਏ ਸੰਸਾਰ ॥ (ਮ:1-143)

ਮਨੂੰ ਸਮ੍ਰਿਤੀ ਅਨੁਸਾਰ ਪੁੱਤਰ ਦਾ ਅਰਥ ਹੈ: ਪੁੰ-ਨਰਕ, ਤ੍ਰਾ: ਰੱਖਿਆ ਕਰਨ ਵਾਲਾ ਭਾਵ ਨਰਕ ਤੋਂ ਰੱਖਿਆ ਕਰਨ ਵਾਲਾ। ਜਦ ਪੁੱਤਰ ਪ੍ਰਾਪਤੀ ਲਈ ਹਨੇਰੇ ਵਿੱਚ ਸੁਲਗਦੇ ਮਨਾਂ ਨੂੰ ਆਸ ਦੀ ਕਿਰਨ ਵਿਖਾਈ ਦਿੰਦੀ ਹੈ ਤਾਂ ਉਸ ਲਈ ਤਤਪਰਤਾ ਹੋਰ ਵਧ ਜਾਂਦੀ ਹੈ। ਸੰਤ ਬਾਬਾ ਤੀਰਥ ਸਿੰਘ ਜੀ ਵੀ ਅਜਿਹੇ ਸੂਰਜ ਸਨ ਜੋ ਪ੍ਰਕਾਸ਼ ਦੀ ਇੱਕ ਕਿਰਨ ਮੰਗਣ ਵਾਲੇ ਦੇ ਘਰ ਚਾਨਣ ਹੀ ਚਾਨਣ ਕਰ ਦਿੰਦੇ। ਏਨੀਆਂ ਖੁਸ਼ੀਆਂ ਦੇ ਦਿੰਦੇ ਕਿ ਰੱਖਣ ਲਈ ਥਾਂ ਹੀ ਨਾ ਲੱਭਦੀ। ਜਦ ਪਿੰਡ ਧਾਮੀਆਂ ਤੋਂ ਧੀਆਂ ਦੇ ਮਾਂ ਬਾਪ ਬੀਬੀ ਸੁਖਵੀਰ ਕੌਰ ਅਤੇ ਹਰਮਿੰਦਰ ਸਿੰਘ ਪੁੱਤਰ ਦੀ ਭਾਲ ਵਿੱਚ ਗੁਰਦੁਆਰਾ ਈਸ਼ਰਪੁਰੀ ਸਾਹਿਬ ਪਹੁੰਚੇ ਤਾਂ ਸੰਤ ਬਾਬਾ ਤੀਰਥ ਸਿੰਘ ਜੀ ਨੇ ਬੇਅੰਤ ਬਖਸ਼ਿਸ਼ਾਂ ਕਰਦਿਆਂ ਹੋਇਆ ਗੁਰੂ ਮਹਾਰਾਜ ਅੱਗੇ ਅਰਦਾਸ ਕਰਕੇ ਇਹਨਾਂ ਦੀ ਝੋਲੀ ਫਲ ਪਾਉਂਦਿਆਂ ਕਿਹਾ 'ਦਵਾਈ ਨਹੀਂ ਖਾਣੀ-ਚੈੱਕ ਨਹੀਂ ਕਰਵਾਉਣਾ, ਗੁਰ ਨਾਨਕ ਭਲੀ ਕਰਨਗੇ।" ਜਦ ਆਸ ਹੋਈ ਤਾਂ ਕੁਝ ਸਮੇਂ ਬਾਦ ਇਹਨਾਂ ਦਾ ਮਨ ਡੋਲ ਗਿਆ। ਇਹ ਮਨ ਦੇ ਮੁਰੀਦਾਂ ਨੂੰ ਸੰਤਾਂ ਦਾ ਬਚਨ ਭੁੱਲ ਗਿਆ।

ਮਨੁ ਜੋਗੀ ਮਨੁ ਭੋਗੀਆ ਮਨੁ ਮੂਰਖੁ ਗਵਾਰੁ ॥
ਮਨੁ ਦਾਤਾ ਮਨੁ ਮੰਗਤਾ ਮਨ ਸਿਰਿ ਗੁਰੁ ਕਰਤਾਰੁ ॥
(ਮ:1-1330)

ਅਲਟਰਾ ਸਾਊਂਡ ਕਰਵਾਉਣ ਚਲੇ ਗਏ। ਜਦ ਰਿਪੋਰਟ ਵਿੱਚ 'ਲੜਕੀ' ਪੜ੍ਹੀ ਤਾਂ ਦਿਲ ਦੀ ਧੜਕਣ ਰੁਕ ਗਈ। ਨਾੜਾਂ ਵਿੱਚ ਖੂਨ ਜੰਮਣ ਲੱਗਾ। ਹੱਥ ਪੈਰ ਠੰਡੇ ਪੈਣ ਲੱਗੇ। ਨਿਰਾਸ਼ਾ ਭਰੇ ਮਨ ਨਾਲ ਸੰਤਾਂ ਦੇ ਚਰਨਾਂ ਵਿੱਚ ਡਿਗ ਕੇ ਧਾਹਾਂ ਮਾਰ ਦਿੱਤੀਆਂ।

ਸੰਤਾਂ ਨੇ ਗੁਰੂ ਨਾਨਕ ਦੇ ਦਰ 'ਤੇ ਕੀਤੀ ਅਰਦਾਸ ਬਿਰਥੀ ਨਾ ਜਾਣ ਦਾ



ਹੌਸਲਾ ਦਿੰਦਿਆਂ ਥੋੜਾ ਇੰਤਜ਼ਾਰ ਕਰਨ ਨੂੰ ਕਿਹਾ। ਉਸ ਦਿਨ ਸੰਤ ਭੋਰੇ ਵਿੱਚ ਚਲੇ ਗਏ। ਇੱਕੀ ਦਿਨ ਦੀ ਘੋਰ ਤਪੱਸਿਆ ਤੋਂ ਬਾਦ ਤੇਜ ਨਾਲ ਭਰਿਆ ਹੋਇਆ ਨੂਰੋ ਨੂਰ ਇਲਾਹੀ ਮੁਖੜਾ ਲੈ ਕੇ ਬਾਹਰ ਆਏ ਤਾਂ ਪ੍ਰੇਮੀਆਂ ਨੂੰ ਦੁਬਾਰਾ ਚੈੱਕ ਕਰਵਾਉਣ ਲਈ ਕਿਹਾ। ਜਦ ਸੰਤਾਂ ਦਾ ਬਚਨ ਮੰਨ ਕੇ ਅਲਟਰਾ ਸਾਊਂਡ ਕਰਵਾਉਣ ਗਏ ਤਾਂ ਰਿਪੋਰਟ ਵਿੱਚ 'ਲੜਕਾ' ਆਇਆ। ਸਭ ਹੈਰਾਨ ਹੋ ਗਏ। ਸੋਚਾਂ ਵਿੱਚ ਪੈ ਗਏ ਕਿ

ਨਾਰੀ ਤੇ ਜੋ ਪੁਰਖੁ ਕਰਾਵੈ ਪੁਰਖਨ ਤੇ ਜੋ ਨਾਰੀ ॥
ਕਹੁ ਕਬੀਰ ਸਾਧੂ ਕੋ ਪ੍ਰੀਤਮੁ ਤਿਸੁ ਮੂਰਤਿ ਬਲਿਹਾਰੀ ॥
(ਕਬੀਰ ਜੀ, 1252)

ਅਤੇ ਸੰਤਾਂ ਦੇ ਤੇਜ ਨਾਲ ਪੈਦਾ ਹੋਣ ਵਾਲੇ ਇਸ ਲੜਕੇ ਦਾ ਨਾਮ ਵੀ ਤੇਜਿੰਦਰ ਸਿੰਘ ਰੱਖ ਦਿੱਤਾ ਗਿਆ।

ਗੁਰਦੁਆਰਾ ਈਸ਼ਰਪੁਰੀ ਵਿਖੇ ਪੰਜਾਂ ਪਿਆਰਿਆਂ ਵਿੱਚ ਸੇਵਾ ਨਿਭਾਉਣ ਵਾਲੇ ਭਾਈ ਹਰਜਿੰਦਰ ਸਿੰਘ ਧਾਮੀਆਂ ਨੇ ਗੁਰਬਾਣੀ ਦੇ ਅਰਥਾਂ ਨੂੰ ਗਹਿਰਾਈ ਨਾਲ ਸਮਝਦੇ ਹੋਣ ਕਾਰਨ ਕਦੇ ਵੀ ਸੰਤ ਬਾਬਾ ਤੀਰਥ ਸਿੰਘ ਜੀ ਸਾਹਮਣੇ ਪੁੱਤਰ ਪ੍ਰਾਪਤੀ ਵਰਗੀ ਦੁਨਿਆਵੀ ਦਾਤ ਦੀ ਮੰਗ ਨਹੀਂ ਰੱਖੀ ਸੀ। ਪਰ ਸਿਮਰਨ ਕਰਦਾ ਰਹਿੰਦਾ।

ਹਰਿ ਕਾ ਸਿਮਰਨ ਨਿਤ ਕਰੋ ਜਿਸ ਬਿਧ ਸਿਮਰਾ ਜਾਇ ॥
ਕਬੀ ਤੋਂ ਦੀਨ ਦਿਆਲ ਜੀ ਬੋਲੇਂਗੇ ਮੁਸਕਾਇ ॥

ਘਰ ਵਿੱਚ ਪਹਿਲਾਂ ਹੀ ਦੋ ਧੀਆਂ ਹੋਣ ਕਾਰਨ ਬੀਬੀ ਸਿਮਰਨਜੀਤ ਕੌਰ (ਪਤਨੀ) ਨੂੰ ਪੁੱਤਰ ਦੀ ਘਾਟ ਰੜਕਦੀ ਰਹਿੰਦੀ ਅਤੇ ਕਦੇ ਕਦੇ ਸੰਤਾਂ ਕੋਲ ਬੇਨਤੀ ਕਰਨ ਬਾਰੇ ਸੋਚਦੀ। ਪਰ ਪੂਰਨ ਗੁਰੂ ਤਾਂ ਉਹ ਹੈ ਜੋ

ਅਨ ਬੋਲਤ ਮੇਰੀ ਬਿਰਥਾ ਜਾਨੀ (ਮ:5-1218)

ਸੰਤ ਬਾਬਾ ਤੀਰਥ ਸਿੰਘ ਜੀ ਤਾਂ ਸਭ ਜਾਣਦੇ ਸਨ। ਜਿਸ ਦਿਨ ਸੰਤ ਧਾਮੀਆਂ ਗੁਰਦੁਆਰਾ ਸਾਹਿਬ ਵਿਖੇ ਪਾਠ ਦੇ ਭੋਗ 'ਤੇ ਆਏ ਤਾਂ ਆਪ ਹੀ ਗਿਆਨੀ ਜਾਗਰ ਸਿੰਘ ਨੂੰ ਕਹਿ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਅੱਗੇ ਪੁੱਤਰ ਪ੍ਰਾਪਤੀ ਲਈ ਅਰਦਾਸ ਕਰਵਾ ਦਿੱਤੀ ਜਿਸ ਕਰਕੇ ਪਰਿਵਾਰ ਦੀਆਂ ਖੁਸ਼ੀਆਂ ਦਾ ਕੋਈ ਟਿਕਾਣਾ ਨਾ ਰਿਹਾ। ਆਉਂਦੇ ਸਾਲ ਇਹਨਾਂ ਦੇ ਘਰ ਲੜਕਾ ਪੈਦਾ ਹੋਇਆ ਅਤੇ

ਅੰਮ੍ਰਿਤ ਛਕਾਉਣ ਦੀ ਸੇਵਾ ਕਰਨ ਵਾਲੇ ਇਸ ਸਿੰਘ ਦੇ ਘਰ ਪੈਦਾ ਹੋਏ ਪੁੱਤਰ ਦਾ ਨਾਮ ਅੰਮ੍ਰਿਤਪਾਲ ਸਿੰਘ ਰੱਖ ਦਿੱਤਾ ਗਿਆ।

ਸਤਿਗੁਰ ਕੀ ਮੂਰਤਿ ਹਿਰਦੈ ਵਸਾਏ ॥
ਜੋ ਇਛੈ ਸੋਈ ਫਲੁ ਪਾਏ ॥ (ਮ:1-661)

ਪਿੰਡ ਵਾਹਿਦ ਤੋਂ ਸ. ਰਣਬੀਰ ਸਿੰਘ ਦੇ ਘਰ ਪੁੱਤਰ ਜੰਮਣ ਦੀਆਂ ਅਜੇ ਖੁਸ਼ੀਆਂ ਵੀ ਨਹੀਂ ਸਨ ਪੂਰੀਆਂ ਹੋਈਆਂ ਕਿ ਲੋਹੜੀ ਦੀ ਧੂਣੀ ਦੀ ਬਜਾਏ ਸਿਵੇ ਦੀ ਅੱਗ ਸੇਕਣੀ ਪੈ ਗਈ। ਹਰ ਪਾਸੇ ਸੋਗ ਹੀ ਸੋਗ, ਮਾਤਮ ਹੀ ਮਾਤਮ ਛਾ ਗਿਆ।

ਇਕਨਾ ਦੇ ਘਰ ਪੁੱਤ, ਪੁੱਤਰਾਂ ਦੇ ਘਰ ਪੋਤਰੇ।
ਇਕਨਾ ਦੇ ਘਰ ਧੀਆਂ, ਧੀਆਂ ਘਰ ਦੋਹਤਰੇ।
ਇਕਨਾ ਦੇ ਘਰ ਇੱਕ ਤੇ ਉਹ ਵੀ ਜਾਏ ਮਰ,
ਵਜੀਦਾ ਕੌਣ ਸਾਹਿਬ ਨੂੰ ਆਖੇ , ਇੰਝ ਨਹੀਂ ਇੰਝ ਕਰ।
(ਵਜੀਦ ਜੀ)

ਜਦ ਪਰਿਵਾਰ ਨੇ ਸਹਿਜ ਆਨੰਦ ਵਿੱਚ ਬੈਠੇ ਸੰਤਾਂ ਦੇ ਕੋਲ ਬੇਨਤੀ ਕੀਤੀ ਤਾਂ ਲੜਕੀ ਦੇ ਸਿਰ ਤੇ ਹੱਥ ਰੱਖਕੇ ਕਹਿੰਦੇ, "ਉਸਦੇ ਘਰ ਕੀ ਘਾਟਾ ਹੈ ਅਗਲੇ ਸਾਲ ਫਿਰ ਪੁੱਤਰ ਬਖ਼ਸ਼ ਦੇਵੇਗਾ।" ਰੱਬ ਦੇ ਰੰਗ ਦੇਖੋ! ਅਗਲੇ ਸਾਲ ਇਹਨਾਂ ਦੇ ਘਰ ਸੰਤਾਂ ਦੇ ਬਚਨਾਂ ਨਾਲ ਉਸੇ ਤਾਰੀਕ (28 ਦਸੰਬਰ) ਨੂੰ ਹੀ ਲੜਕਾ ਪੈਦਾ ਹੋਇਆ, ਜਿਸ ਦਿਨ ਪਹਿਲਾ ਜਨਮਿਆ ਸੀ। ਜਦ ਸ਼ੁਕਰਾਨਾ ਕਰਨ ਲਈ ਭਾਈ ਰਣਬੀਰ ਸਿੰਘ ਨੇ ਕਿਹਾ ਕਿ ਮਹਾਰਾਜ ਬਹੁਤ ਕਿਰਪਾ ਕੀਤੀ ਜੋ ਸਾਨੂੰ ਦੁਬਾਰਾ ਪੁੱਤਰ ਬਖਸ਼ ਦਿੱਤਾ ਤਾਂ ਸੰਤ ਬੜੀ ਨਿਮਰਤਾ ਨਾਲ ਕਹਿੰਦੇ, "ਇਹ ਤਾਂ ਗੁਰੂ ਨਾਨਕ ਦੀ ਮਿਹਰ ਹੈ, ਅਸੀਂ ਤਾਂ ਅਰਦਾਸ ਕਰਨ ਦੇ ਵੀ ਯੋਗ ਨਹੀਂ।"

ਜੋ ਵੀ ਪੁੱਤਰ ਪ੍ਰਾਪਤੀ ਦੀ ਖਾਹਿਸ਼ ਲੈ ਕੇ ਆਉਂਦਾ ਸੰਤ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਅੱਗੇ ਅਰਦਾਸ ਕਰਕੇ ਨਾਮ ਜਪਣ ਲਈ ਕਹਿੰਦੇ।

ਸਦਾ ਸਦਾ ਜਪੀਐ ਹਰਿ ਨਾਮ ॥
ਪੂਰਨ ਹੋਵਹਿ ਮਨ ਕੇ ਕਾਮ ॥ (ਮ:5-743)

ਸਭ ਦੀਆਂ ਇਛਾਵਾਂ ਪੂਰੀਆਂ ਹੋ ਜਾਂਦੀਆਂ। ਸੱਖਣੀਆਂ ਝੋਲੀਆਂ ਜੋ ਪੁੱਤਰਾਂ ਨਾਲ ਭਰੀਆਂ ਉਹਨਾਂ ਵਿੱਚੋਂ ਕੁਝ ਦੇ ਨਾਮ ਇਸ ਤਰ੍ਹਾਂ ਹਨ:-



- ਦੋ ਧੀਆਂ ਤੋਂ ਬਾਅਦ ਪੁੱਤਰ ਲਈ ਤਰਸਦੇ ਬੀਬੀ ਬਲਵਿੰਦਰ ਕੌਰ ਅਤੇ ਸ. ਚਰਨਜੀਤ ਸਿੰਘ (ਕਹੁਜਾ) ਨੂੰ ਸੰਤਾਂ ਦੁਆਰਾ ਅਰਦਾਸ ਉਪਰੰਤ ਦੱਸਿਆ ਜਪੁਜੀ ਸਾਹਿਬ ਦੇ ਨਿਤਨੇਮ ਦਾ ਫਲ ਕਮਲਜੋਤ ਸਿੰਘ ਵਜੋਂ ਮਿਲਿਆ।
- ਜਦ ਕੋਟਲੀ ਅਰਾਈਆਂ ਤੋਂ ਬੀਬੀ ਬਲਵੀਰ ਕੌਰ ਅਤੇ ਸ. ਗੁਰਵਿੰਦਰ ਸਿੰਘ ਨੇ ਦੋ ਕੁੜੀਆਂ ਹੋਣ ਉਪਰੰਤ ਪੁੱਤਰ ਲਈ ਅਰਦਾਸ ਕਰਵਾਈ ਤਾਂ ਆਸ਼ਰੀਵਾਦ ਵਜੋਂ ਗੁਰਬਖਸ਼ ਸਿੰਘ ਦਾ ਜਨਮ ਹੋਇਆ।
- ਬੈਂਕ ਮੁਲਾਜ਼ਮ ਸ. ਰਜਿੰਦਰ ਸਿੰਘ (ਕਾਠੇ ਅਧਿਕਾਰੇ) ਨੇ ਜਦ ਸੰਤਾਂ ਦਾ ਬਚਨ ਮੰਨਕੇ ਇਕ ਸਾਲ ਰੋਜ਼ਾਨਾ 108 ਵਾਰ ਮੂਲਮੰਤਰ ਦਾ ਪਾਠ ਕੀਤਾ ਤਾਂ ਮਨੋਕਾਮਨਾ ਦੀ ਪੂਰਤੀ ਵਜੋਂ 'ਦਮਨਪ੍ਰੀਤ ਸਿੰਘ' ਦੀ ਪ੍ਰਾਪਤੀ ਹੋਈ।
- ਵਿਆਹ ਤੋਂ ਚਾਰ ਸਾਲ ਬਾਦ ਵੀ ਬੱਚੇ ਲਈ ਤਰਸ ਰਹੇ ਪਿੰਡ ਸਾਰੰਗੋਵਾਲ ਦੇ ਗੁਰਮੀਤ ਸਿੰਘ ਦਾ ਉਧਾਰ ਸੰਤ ਬਾਬਾ ਤੀਰਥ ਸਿੰਘ ਜੀ ਨੇ ਇਹਨਾਂ ਦੀ ਝੋਲੀ 'ਕਰਮਜੀਤ ਸਿੰਘ' ਪਾ ਕੇ ਕੀਤਾ।
- ਕਾਕਿਆਂ ਦੀ ਜੋੜੀ ਬਣਾਉਣ ਦੀ ਜ਼ਿਦ 'ਤੇ ਅੜੀ ਦਿਉਵਾਲ ਦੀ ਬੀਬੀ ਨਰਿੰਦਰ ਕੌਰ ਪਤਨੀ ਸ. ਅਵਤਾਰ ਸਿੰਘ ਦੀ ਭਟਕਣ ਸੰਤਾਂ ਦੁਆਰਾ ਬਖਸ਼ੇ 'ਮਨਪ੍ਰੀਤ ਸਿੰਘ' ਨਾਲ ਸ਼ਾਂਤ ਹੋਈ।
- ਪਿੰਡ ਖੁਰਦਪੁਰ ਤੋਂ ਸ. ਫਕੀਰ ਸਿੰਘ ਦੀ ਘਰਵਾਲੀ ਬੀਬੀ ਮਨਿੰਦਰਜੀਤ ਕੌਰ ਨੂੰ ਸੰਤਾਂ ਪ੍ਰਤੀ ਸੱਚੀ ਸ਼ਰਧਾ ਦਾ ਫਲ "ਜਸਦੀਪ ਸਿੰਘ" ਦੇ ਰੂਪ ਵਿੱਚ ਮਿਲਿਆ।
- ਪਿੰਡ ਸਾਰੋਬਾਦ ਦੇ ਸ. ਅਮਰ ਸਿੰਘ ਦੇ ਬਿਨ ਨਾਗਾ ਸੰਤਾਂ ਦਾ ਦਰਸ਼ਨ ਕਰਕੇ ਆਉਣ ਦੀ ਤਪੱਸਿਆ ਉਸ ਸਮੇਂ ਸਫ਼ਲ ਹੋਈ ਜਦ ਬੀਬੀ ਮਨਜੀਤ ਕੌਰ ਅਤੇ ਸ. ਪਰਮਜੀਤ ਸਿੰਘ (ਨੂੰਹ-ਪੁੱਤ) ਨੂੰ ਫਲ ਵਜੋਂ 'ਵਰਿੰਦਰ ਸਿੰਘ' ਪ੍ਰਾਪਤ ਹੋਇਆ।
- ਪਿੰਡ ਮੁਹੱਦੀਪੁਰ ਦੇ ਸ. ਮਹਿੰਦਰ ਸਿੰਘ ਪੁੱਤਰ ਸ. ਪਿਆਰਾ ਸਿੰਘ ਨੂੰ ਉਦੋਂ ਪੁੱਤਰ ਪ੍ਰਾਪਤੀ ਦਾ ਸੁਖ ਮਿਲਿਆ ਜਦ ਸਹਿਜ ਆਨੰਦ ਵਿੱਚ ਵਸਦੇ ਸੰਤ ਬਾਬਾ ਤੀਰਥ ਸਿੰਘ ਜੀ ਤੋਂ ਪੁੱਤਰ ਸੰਬੰਧੀ ਅਰਦਾਸ ਕਰਵਾਈ।
- ਵੱਡੇ ਕਾਕੇ ਦੇ ਗੁਜ਼ਰ ਜਾਣ ਦਾ ਝੋਰਾ ਅਤੇ ਤਿੰਨ ਧੀਆਂ ਦੀ ਪਹਾੜ

ਜਿੱਡੀ ਜ਼ਿੰਮੇਵਾਰੀ ਦਾ ਭਾਰ ਭਾਈ ਕਸ਼ਮੀਰ ਸਿੰਘ (ਸ਼ਾਮਚੁਰਾਸੀ) ਦੇ ਸਿਰੋਂ ਓਦੋਂ ਕੁਝ ਘਟਿਆ ਜਦ ਸੰਤਾਂ ਦੀ ਅਰਦਾਸ ਸਦਕਾ ਇਹਨਾਂ ਦੇ ਘਰ ਹਰਜਿੰਦਰ ਸਿੰਘ ਦਾ ਜਨਮ ਹੋਇਆ।

- ਸ਼ਾਮ ਚੁਰਾਸੀ ਤੋਂ ਸ. ਗੁਰਮੀਤ ਸਿੰਘ ਅਤੇ ਬੀਬੀ ਮਨਮੋਹਣ ਕੌਰ ਦੇ ਘਰ ਤਿੰਨ ਧੀਆਂ ਤੋਂ ਬਾਅਦ ਮਹਾਂਪੁਰਸ਼ਾਂ ਦੇ ਆਸ਼ੀਰਵਾਦ ਨਾਲ ਕਾਕੇ ਗੁਰਪ੍ਰੀਤ ਸਿੰਘ ਦੀ ਪ੍ਰਾਪਤੀ ਅਜਿਹੇ ਪ੍ਰਸ਼ਾਦ ਦੇ ਰੂਪ ਵਿਚ ਹੋਈ, ਜਿਸ ਨੂੰ ਪਾ ਕੇ ਸਾਰਾ ਪਰਿਵਾਰ ਸੰਤਾਂ ਦਾ ਅਨਿੰਨ ਸ਼ਰਧਾਲੂ ਬਣ ਗਿਆ ਅਤੇ ਸੰਤਾਂ ਦੇ ਹਰ ਬਚਨ 'ਤੇ ਪਹਿਰਾ ਦੇਣਾ ਸ਼ੁਰੂ ਕਰ ਦਿੱਤਾ।
- ਪੁੱਤਰ ਲਈ ਸੁੱਖਾਂ ਸੁੱਖਦਿਆਂ 6 ਧੀਆਂ ਦੇ ਬਾਪ ਸ. ਨਿਰਮਲ ਸਿੰਘ ਮੁਹੱਦੀਪੁਰ ਨੂੰ ਉਦੋਂ ਪਵਿੱਤਰ ਸਿੰਘ ਦਾ ਮੂੰਹ ਵੇਖਣਾ ਮਿਲਿਆ ਜਦ ਗੁਰਦੁਆਰਾ ਈਸ਼ਰਪੁਰੀ ਸਾਹਿਬ ਵਿਖੇ ਸੰਤਾਂ ਦੇ ਕਹੇ ਅਨੁਸਾਰ ਸਹਿਜ ਪਾਠ ਕਰਵਾਇਆ ਗਿਆ।
- ਬੀਬੀ ਜਸਵੀਰ ਕੌਰ ਅਤੇ ਸ. ਗੁਰਮੀਤ ਸਿੰਘ (ਧਾਮੀਆਂ) ਦੀ ਪਹਿਲਾਂ ਲੜਕਾ ਚਲ ਵਸਣ ਦੀ ਘਾਟ ਕਮਲਪ੍ਰੀਤ ਸਿੰਘ ਦੇ ਰੂਪ ਵਿੱਚ ਓਦੋਂ ਪੂਰੀ ਹੋਈ ਜਦੋਂ ਸੰਤਾਂ ਦੁਆਰਾ ਦੱਸਿਆਂ ਸਿਮਰਨ ਦਾ ਰਾਸਤਾ ਅਪਣਾਇਆ।
- ਸ. ਸਤਵੰਤ ਸਿੰਘ ਅਤੇ ਬੀਬੀ ਜਸਵਿੰਦਰ ਕੌਰ ਧਾਮੀਆਂ ਨੇ ਜਦ ਸੰਤਾਂ ਦੇ ਚਰਨਾਂ ਵਿੱਚ ਪੁੱਤਰ ਲਈ ਬੇਨਤੀ ਕੀਤੀ ਤਾਂ 'ਚਰਨਜੀਤ ਸਿੰਘ' ਦੀ ਪ੍ਰਾਪਤੀ ਹੋ ਗਈ।
- ਜਦ ਜੰਡੀ ਵਾਲੇ ਬਾਬੇ ਜਗੀਰ ਸਿੰਘ ਦੁਆਰਾ ਆਪਣੇ ਵੱਡੇ ਪੁੱਤਰ ਦਾ ਕੀਤਾ ਦੂਜਾ ਵਿਆਹ ਵੀ ਪੋਤੇ ਦੀਆਂ ਕਿਲਕਾਰੀਆਂ ਸੁਣਾਉਣ ਤੋਂ ਅਸਮਰੱਥ ਰਿਹਾ ਤਾਂ ਸੰਤਾਂ ਦੁਆਰਾ ਕੀਤਾ ਅੰਮ੍ਰਿਤਮਈ ਬਚਨ (ਕਿ ਚਿੰਤਾਂ ਨਾ ਕਰੋ ਤੁਹਾਡੇ ਘਰ ਵੀ ਕੋਈ ਦੀਵਾ ਜਗਾਉਣ ਵਾਲਾ ਆ ਜਾਵੇਗਾ) ਇਹਨਾਂ ਦੇ ਘਰ 'ਅੰਮ੍ਰਿਤਪ੍ਰੀਤ ਸਿੰਘ' ਦੇ ਰੂਪ ਵਿੱਚ ਪੂਰਾ ਹੋਇਆ।
- ਦਿੱਲੀ ਦੀ ਬੀਬੀ ਹਰਜਿੰਦਰ ਕੌਰ ਦਾ ਜਦ ਲੜਕਾ ਚਲ ਵਸਿਆ ਤਾਂ ਇਹ ਪਰਿਵਾਰ ਸਹਿਤ ਬੇਨਤੀ ਕਰਨ ਲਈ ਸੰਤ ਬਾਬਾ ਤੀਰਥ ਸਿੰਘ ਜੀ ਪਾਸ ਆਈ। ਮਹਾਂਪੁਰਸ਼ਾਂ ਦੇ ਆਸ਼ੀਰਵਾਦ ਨਾਲ ਇਹਨਾਂ ਦੇ ਘਰ



ਸਾਲ ਸਬਾਅਦ ਫਿਰ ਖੁਸ਼ੀ ਦੀ ਸ਼ਹਿਨਾਈ ਗੂੰਜੀ ਅਤੇ ਕਾਕੇ ਹਰਮਨ ਸਿੰਘ ਦਾ ਜਨਮ ਹੋਇਆ।

- ਜਦ ਬੀਬੀ ਗੁਰਦੇਵ ਕੌਰ (ਮੁਹੱਦੀਪੁਰ) ਦੀ ਲੜਕੀ ਕੁਲਵਿੰਦਰ ਕੌਰ ਨੂੰ ਪੁੱਤਰ ਦੀ ਘਾਟ ਮਹਿਸੂਸ ਹੋਈ ਤਾਂ ਸੰਤਾਂ ਦੇ ਅਸਥਾਨ 'ਤੇ ਦੇਗ ਨਾਲ ਕਰਵਾਈ ਅਰਦਾਸ 'ਗੁਰਕਰਨ ਸਿੰਘ' ਰੂਪੀ ਪ੍ਰਸ਼ਾਦ ਵਜੋਂ ਪੂਰੀ ਹੋਈ।
- ਕੋਟਲੀ ਅਰਾਈਆਂ ਤੋਂ ਬੀਬੀ ਸਤਿੰਦਰ ਕੌਰ ਪਤਨੀ ਸ. ਇੰਦਰਜੀਤ ਸਿੰਘ ਨੂੰ ਸੰਤ ਬਾਬਾ ਤੀਰਥ ਸਿੰਘ ਜੀ 'ਤੇ ਅਥਾਹ ਸ਼ਰਧਾ ਦਾ ਫਲ ਕਾਕਾ 'ਜਸਕਰਨ ਸਿੰਘ' ਦੇ ਪੈਦਾ ਹੋਣ ਦੀਆਂ ਖੁਸ਼ੀਆਂ ਵਜੋਂ ਮਿਲਿਆ।
- ਜਦ ਪਿੰਡ ਸਾਰੋਬਾਦ ਦੇ ਗੁਰਪ੍ਰੀਤ ਸਿੰਘ ਦੇ ਘਰ 'ਤੇ ਵਾਰ ਵਾਰ ਬੱਚਾ ਸਿਰੇ ਨਾ ਚੜਨ ਦਾ ਖ਼ਤਰਾ ਰਾਖਸ਼ਿਸ਼ ਵਾਂਗ ਮੰਡਰਾਉਣ ਲੱਗਾ ਤਾਂ ਸੰਤਾਂ ਦੁਆਰਾ ਦਿੱਤਾ ਅੰਮ੍ਰਿਤ ਅਤੇ ਪੁੱਤਰ ਹੋਣ ਦੇ ਵਰ ਨੇ ਇਸਦੀ ਝੋਲੀ ਖੁਸ਼ੀਆਂ ਨਾਲ ਭਰ ਦਿੱਤੀ।
- ਪਿੰਡ ਦੂਹੜੇ ਦੇ ਤਿੰਨ ਬੇਟੀਆਂ ਦੇ ਬਾਪ ਭਾਈ ਜੋਗਿੰਦਰ ਸਿੰਘ ਨੇ ਜਦੋਂ ਪੁੱਤਰ ਪ੍ਰਾਪਤੀ ਲਈ ਸੰਤ ਬਾਬਾ ਤੀਰਥ ਸਿੰਘ ਜੀ ਨੂੰ ਮੱਥਾ ਟੇਕਿਆ ਤਾਂ ਅਸ਼ੀਰਵਾਦ ਵਜੋਂ ਉਸਦੀ ਝੋਲੀ ਵਿੱਚ ਗੁਰਵਿੰਦਰ ਸਿੰਘ ਖੇਡਣ ਲੱਗਾ।
- ਪੰਡੋਰੀ ਫਗੂੜਿਆਂ ਤੋਂ ਭਾਈ ਮਹਿੰਦਰ ਸਿੰਘ ਨੇ ਜਦ ਸੰਤਾਂ ਦੇ ਚਰਨਾਂ ਵਿੱਚ ਪੋਤੇ ਲਈ ਅਰਦਾਸ ਕਰਵਾਈ ਤਾਂ ਸਾਲ ਦੇ ਅੰਦਰ ਅੰਦਰ ਹੀ ਬੀਬੀ ਪਲਵਿੰਦਰ ਕੌਰ (ਨੂੰਹ) ਦੀ ਕੁੱਖ ਨੂੰ 'ਅਨੂਪ ਸਿੰਘ' ਵਜੋਂ ਭਾਗ ਲੱਗ ਗਏ।
- ਦੋ ਧੀਆਂ ਦੀ ਮਾਂ ਬੀਬੀ ਬਲਜੀਤ ਕੌਰ ਜਹਾਨ ਖੇਲਾਂ ਨੇ ਜਦ ਪੁੱਤਰ ਲਈ ਅਰਦਾਸ ਕਰਵਾਈ ਤਾਂ ਸਾਲ ਦੇ ਅੰਦਰ ਹੀ ਪ੍ਰਮਾਤਮਾ ਨੇ ਇਸ ਦੀ ਝੋਲੀ ਗੁਰਵੀਰ ਸਿੰਘ ਜਿਹੇ ਲਾਲ ਨਾਲ ਭਰ ਦਿੱਤੀ।
- ਜਦ ਸ਼ਿਵਦਾਸਪੁਰ ਦੇ ਭਾਈ ਮੋਹਣ ਸਿੰਘ ਅਤੇ ਬੀਬੀ ਸਰਬਜੀਤ ਕੌਰ ਦੇ ਮਨ ਵਿੱਚ ਪੁੱਤਰ ਮੋਹ ਜਾਗਿਆ ਤਾਂ ਸੰਤਾਂ ਦੁਆਰਾ ਕੀਤੀ ਅਰਦਾਸ ਅਤੇ ਦੱਸਿਆ ਨਿਤਨੇਮ ਘਰ ਵਿੱਚ ਖੁਸ਼ੀਆਂ ਦੇ ਪਲ 'ਪਲਵਿੰਦਰ ਸਿੰਘ' ਵਜੋਂ ਲੈ ਕੇ ਆਇਆ।
- ਪਿੰਡ ਕਾਠੇ ਅਧਿਕਾਰੇ ਤੋਂ ਸ. ਬਲਵੀਰ ਸਿੰਘ ਦੇ ਘਰ ਦੋ ਗੁੱਡੀਆਂ ਤੋਂ ਬਾਦ ਜਨਮਿਆਂ 'ਹਰਪ੍ਰੀਤ ਸਿੰਘ' ਸੰਤ ਬਾਬਾ ਤੀਰਥ ਸਿੰਘ ਜੀ ਅੱਗੇ

ਕੀਤੀਆਂ ਬੇਨਤੀਆਂ ਪ੍ਰਵਾਨ ਹੋਣ ਦਾ ਪ੍ਰਤੀਕ ਹੀ ਹੈ।

- ਸੰਤਾਂ ਦੀ ਕਿਰਪਾ ਨਾਲ ਬੀਬੀ ਮਨਜੀਤ ਕੌਰ ਅਤੇ ਭਾਈ ਹਰਜਿੰਦਰ ਸਿੰਘ (ਧਾਮੀਆਂ) ਦੀ ਝੋਲੀ ਪਿਆ 'ਗੁਰਪ੍ਰੀਤ ਸਿੰਘ' ਇਸ ਪਰਿਵਾਰ ਦੀ ਗੁਰੂ ਘਰ ਨਾਲ ਅਤੁਟ ਪ੍ਰੀਤ ਹੀ ਦਰਸਾਉਂਦਾ ਹੈ।
- ਸ਼ਿਵਦਾਸਪੁਰ ਦੇ ਸ. ਤੀਰਥ ਸਿੰਘ ਅਤੇ ਬੀਬੀ ਬਲਜਿੰਦਰ ਕੌਰ ਦੇ ਬੇਨਤੀ ਕਰਨ 'ਤੇ ਸੰਤਾਂ ਦੁਆਰਾ ਦੱਸੀ ਸਹਿਜ ਪਾਠ ਦੀ ਜੁਗਤੀ ਹੀ ਇਹਨਾਂ ਦੀਆਂ ਪੁੱਤਰ ਵੇਖਣ ਲਈ ਤਰਸਦੀਆਂ ਅੱਖਾਂ ਸਾਹਮਣੇ 'ਗੁਰਜੀਤ ਸਿੰਘ' ਦੇ ਨਜ਼ਾਰੇ ਵਜੋਂ ਪ੍ਰਗਟ ਹੋਈ।
- ਧੀਆਂ ਵੱਲ ਵੇਖ ਵੇਖ ਕੇ ਝੁਰ ਰਹੇ ਬੀਬੀ ਰਣਜੀਤ ਕੌਰ ਅਤੇ ਸ. ਗੁਰਬਖਸ਼ ਸਿੰਘ (ਬਿਆਸ ਪਿੰਡ) ਦੀ ਜ਼ਿੰਦਗੀ ਵਿੱਚ ਲੱਗੀ ਪੁੱਤਰ ਦੀ ਔੜ ਸੰਤ ਬਾਬਾ ਤੀਰਥ ਸਿੰਘ ਜੀ ਦੀ ਮਿਹਰ ਦਿਆਂ ਬੱਦਲਾਂ ਨੇ 'ਰਵਿੰਦਰ ਸਿੰਘ' ਦੇ ਰੂਪ ਵਿੱਚ ਪੂਰੀ ਕੀਤੀ।
- ਦੋ ਗੁੱਡੀਆਂ ਤੋਂ ਬਾਅਦ ਪੁੱਤਰ ਦੀ ਪ੍ਰਾਪਤੀ ਦੀ ਇੱਛਾ ਰੱਖਣ ਵਾਲੀ ਬੀਬੀ ਬਲਜੀਤ ਕੌਰ ਜਹਾਨ ਖੇਲਾਂ ਦਾ ਸੰਤਾਂ ਦੇ ਅਸਥਾਨ 'ਤੇ ਵਾਰ-ਵਾਰ ਆਉਣ ਦਾ ਮੁੱਲ ਉਦੋਂ ਮੁੜਿਆ ਜਦੋਂ ਸੰਤਾਂ ਦੀ ਅਰਦਾਸ ਸਦਕਾ ਇਸਦੇ ਘਰ ਗੁਰਬੀਰ ਸਿੰਘ ਜਨਮਿਆ।
- ਜਦ ਦਵਾਈ ਖਾ-ਖਾ ਕੇ ਅੱਕ ਚੁੱਕੀ ਬੀਬੀ ਰਣਜੀਤ ਕੌਰ (ਕੋਟਲੀ ਬਾਵਾ ਦਾਸ) ਨੇ ਆਸਾਂ ਦੀਆਂ ਪੂਣੀਆਂ ਲੈ ਸੰਤਾਂ ਦੀ ਕਿਰਪਾ ਦਾ ਚਰਖਾ ਕੱਤਿਆ ਤਾਂ ਇਸ ਦਾ ਘਰ ਪ੍ਰਭਜੋਤ ਸਿੰਘ ਰੂਪੀ ਖੁਸ਼ੀਆਂ ਦੇ ਤੰਦਾਂ ਨਾਲ ਭਰ ਗਿਆ। (ਸੰਤਾਂ ਦੇ ਸਰੀਰ ਤਿਆਗਣ ਤੋਂ ਬਾਅਦ)
- ਭਾਈ ਗੁਰਮੁਖ ਸਿੰਘ ਸਾਰੋਬਾਦ ਵੱਲੋਂ ਗੁਰਦੁਆਰਾ ਈਸ਼ਰਪੁਰੀ ਸਾਹਿਬ ਵਿਖੇ ਕੀਤੀ ਸੇਵਾ 'ਤੇ ਸੰਤ ਬਾਬਾ ਤੀਰਥ ਸਿੰਘ ਜੀ ਨੇ ਜਾਣ ਲੱਗਿਆਂ ਇਸ ਦੀ ਬੇਟੀ ਗੁਰਮੀਤ ਕੌਰ ਦੇ ਘਰ ਪੁੱਤਰ ਬਨੀਤ ਸਿੰਘ ਦੀ ਬਖਸ਼ਿਸ਼ ਕਰਕੇ ਇਹ ਮੋਹਰ ਲਾ ਦਿੱਤੀ ਕਿ

ਸਤਿਗੁਰ ਕੀ ਸੇਵਾ ਸਫਲੁ ਹੈ ਜੇ ਕੋ ਕਰੇ ਚਿਤੁ ਲਾਇ ॥
ਮਨਿ ਚਿੰਦਿਆ ਫਲੁ ਪਾਵਣਾ ਹਉਮੈ ਵਿਚਹੁ ਜਾਇ ॥

(ਮ:3-644)



# ਭਾਣੈ ਦੁਖੁ ਸੁਖੁ ਭੋਗੀਐ ਭਾਣੈ ਬਖਸ ਕਰੇਇ

ਕਰਮ ਭੁਗਤਣ ਦੀ ਦ੍ਰਿਸ਼ਟੀ ਤੋਂ ਤਿੰਨ ਤਰ੍ਹਾਂ ਦੇ ਹੁੰਦੇ ਹਨ

1. ਕਿਰਿਆਮਾਨ ਕਰਮ: ਜੋ ਕਰਮ ਅਸੀਂ ਇਸ ਜਨਮ ਵਿਚ ਕਰ ਰਹੇ ਹਾਂ।
2. ਪ੍ਰਾਲਬਧ ਕਰਮ: ਪੂਰਬਲੇ ਜਨਮਾਂ ਦੇ ਉਹ ਕਰਮ ਜੋ ਅਸੀਂ ਵਰਤਮਾਨ ਵਿਚ ਭੋਗ ਰਹੇ ਹਾਂ।
3. ਸੰਚਿਤ ਕਰਮ: ਜਨਮਾਂ ਜਨਮਾਂ ਦੇ ਅਣਭੋਗੇ ਕਰਮਾਂ ਦਾ ਭੰਡਾਰ ਜਿਨਾਂ ਦਾ ਲੇਖਾ ਆਉਣ ਵਾਲੇ ਜਨਮਾਂ ਵਿਚ ਦੇਣਾ ਪਵੇਗਾ।

ਪ੍ਰਾਲਬਧ ਕਰਮ ਹੀ ਸਾਡੇ ਸੁੱਖਾਂ-ਦੁੱਖਾਂ ਲਈ ਜ਼ਿੰਮੇਵਾਰ ਹਨ। ਜੇ ਸੁੱਖ ਭੁਗਤ ਰਹੇ ਹਾਂ ਤਾਂ ਪ੍ਰਾਲਬਧ ਕਰਕੇ। ਜੇ ਦੁੱਖ ਭੁਗਤਾਂਗੇ ਤਾਂ ਵੀ ਪ੍ਰਾਲਬਧ ਕਰਕੇ, ਜੋ ਜਨਮ ਤੋਂ ਹੀ ਸਾਡੇ ਨਾਲ ਹਨ।

ਨਾਨਕ ਬੋਲਣੁ ਝਖਣਾ ਦੁਖ ਛਡਿ ਮੰਗੀਅਹਿ ਸੁਖ ॥
ਸੁਖੁ ਦੁਖੁ ਦੁਇ ਦਰ ਕਪੜੇ ਪਹਿਰਹਿ ਜਾਇ ਮਨੁਖ ॥ (ਮ:1-149)

ਸੁੱਖ ਤਦ ਹੀ ਕੀਮਤੀ ਹਨ ਜੇ ਦੁੱਖਾਂ ਦਾ ਅਹਿਸਾਸ ਹੈ। ਰਾਤ ਵੇਖਦੇ ਹਾਂ ਤਾਂ ਹੀ ਦਿਨ ਚੰਗਾ ਲੱਗਦਾ ਹੈ। ਔੜ ਲੱਗਦੀ ਹੈ ਤਾਂ ਬਾਰਿਸ਼ ਸੁਹਾਣੀ ਲੱਗਦੀ ਹੈ। ਕੈਦ ਹੋਵਾਂਗੇ ਤਾਂ ਆਜ਼ਾਦ ਘੁੰਮਣ ਦਾ ਅਹਿਸਾਸ ਵੀ ਹੋ ਜਾਵੇਗਾ। ਪ੍ਰਸਿੱਧ ਫਿਲਾਸਫਰ ਸੁਕਰਾਤ ਨੂੰ ਜੇਲ੍ਹ ਹੋ ਗਈ। ਆਜ਼ਾਦ ਹੋਇਆ ਤਾਂ ਹੱਥਕੜੀਆਂ ਖੁੱਲ੍ਹੀਆਂ। ਬਹੁਤ ਪ੍ਰਸੰਨ ਹੋਇਆ। ਖਿੜ ਖਿੜਾ ਕੇ ਹੱਸਣ ਲੱਗਾ। ਮੁਰੀਦਾਂ ਦੇ ਪੁੱਛਣ 'ਤੇ ਦੱਸਿਆ, "ਜੰਜ਼ੀਰਾਂ ਦੀ ਜਕੜ ਹੀ ਮੇਰੇ ਲਈ ਸੁੱਖ ਦਾ ਕਾਰਨ ਬਣੀ ਹੈ। ਜੋ ਸੁੱਖ ਮੈਨੂੰ ਜੰਜ਼ੀਰਾਂ ਖੋਲ੍ਹਣ ਤੋਂ ਪਿੱਛੋਂ ਮਿਲਿਆ ਹੈ ਉਹ ਜੰਜ਼ੀਰਾਂ ਬੰਨਣ ਤੋਂ ਪਹਿਲਾਂ ਨਹੀਂ ਸੀ।" ਪਰ ਸੁੱਖਾਂ ਦੇ ਦਿਨ ਅੱਖ ਝਪਕਦਿਆਂ ਬੀਤ ਜਾਂਦੇ ਹਨ। ਦੁੱਖਾਂ ਦੀ ਰਾਤ ਬਹੁਤ ਲੰਮੇਰੀ ਲੱਗਦੀ ਹੈ। ਕਿਉਂਕਿ ਅਸੀਂ ਧੀਰਜ ਖੋ ਦਿੰਦੇ ਹਾਂ। ਖੁਸ਼ੀ ਸਮੇਂ ਵੀ ਅਤੇ ਦੁੱਖ ਸਮੇਂ ਵੀ। ਸਹਿਜ ਨਹੀਂ ਰਹਿੰਦੇ। ਅਸਹਿਜ ਹੋ ਜਾਂਦੇ ਹਾਂ। ਗੁਰਮਤਿ ਦਾ ਮਾਰਗ ਸਹਿਜਤਾ ਦਾ ਮਾਰਗ ਹੈ। ਭਾਣਾ ਮੰਨਣ ਦਾ ਮਾਰਗ ਹੈ।

ਭਾਣੈ ਦੁਖੁ ਸੁਖੁ ਭੋਗੀਐ ਭਾਣੈ ਬਖਸ ਕਰੇਇ ॥ (ਮ:5-963)

ਜੇ ਕੁਝ ਮੁਸ਼ਕਿਲ ਹੈ ਤਾਂ ਦੁਨੀਆਂ 'ਤੇ ਭਾਣਾ ਮੰਨਣਾ ਸਭ ਤੋਂ ਮੁਸ਼ਕਿਲ ਹੈ। ਜਦ ਮੰਨ ਲਿਆ ਫਿਰ ਤੁਸੀਂ ਆਮ ਨਹੀਂ ਰਹਿ ਜਾਓਗੇ, ਖ਼ਾਸ ਹੋ ਜਾਓਗੇ ਅਤੇ

ਖ਼ਾਸ ਪੁਰਸ਼ ਲਈ ਤਾਂ ਦੁੱਖ-ਸੁੱਖ ਦਾ ਮਹੱਤਵ ਹੀ ਨਹੀਂ ਹੁੰਦਾ, ਮਾਨ ਵਡਿਆਈ ਇਕ ਹੋ ਜਾਂਦੇ ਹਨ।

ਜੌ ਰਾਜੁ ਦੇਹਿ ਤ ਕਵਨ ਬਡਾਈ ॥
ਜੌ ਭੀਖ ਮੰਗਾਵਹਿ ਤ ਕਿਆ ਘਟਿ ਜਾਈ ॥ (ਨਾਮਦੇਵ ਜੀ, 525)

ਭਾਣਾ ਮੰਨਣ ਦੀ ਦ੍ਰਿਸ਼ਟੀ ਮਿਲਦੀ ਹੈ ਸਾਧ ਸੰਗਤ ਤੋਂ। ਸਾਧ ਸੰਗਤ ਹੀ ਤਾਂ ਆਮ ਤੋਂ ਖ਼ਾਸ ਬਣਾ ਦਿੰਦੀ ਹੈ। ਭਗਤ ਰਵਿਦਾਸ ਜੀ ਲਿਖਦੇ ਹਨ:

ਗਲੀ ਗਲੀ ਕੇ ਜਲ ਬਹਿ ਆਯੋ, ਸੁਰਸਰਿ ਜਾਯ ਸਮਾਯੋ ॥
ਸੰਗਤਿ ਕੇ ਪਰਤਾਪ ਮਹਾਤਮ, ਨਾਮ ਗੰਗੋਟਕ ਪਾਯੋ ॥

ਕਿ ਪਾਣੀ ਤਾਂ ਸੀ ਨਾਲੇ ਨਾਲੀਆਂ ਦਾ ਗੰਦਾ ਪਰ ਗੰਗਾ ਵਿਚ ਮਿਲਕੇ ਗੰਗਾਜਲ ਹੋ ਗਿਆ। ਪਵਿੱਤਰ ਹੋ ਗਿਆ। ਇਹੀ ਮਹੱਤਵ ਹੈ ਸਾਧ ਸੰਗਤ ਦਾ। ਜਿਸਦੇ ਕੋਲ ਬੈਠੋਗੇ ਉਹੀ ਹੋ ਜਾਵੋਗੇ। ਸਾਧੂ ਦੀ ਸੰਗਤ ਨਾਲ ਤੁਹਾਡੇ ਅੰਦਰ ਰੌਸ਼ਨੀ ਭਰ ਜਾਵੇਗੀ ਅਤੇ ਭਾਣਾ ਮੰਨਣ ਦੀ ਸੋਝੀ ਆ ਜਾਵੇਗੀ।

ਸਵਾਤਿ ਬੂੰਦ ਬਰਸੈ ਫਨਿ ਊਪਰ, ਸੋਹਿ ਬਿਸ਼ੈ ਹੋਇ ਜਾਈ ॥
ਓਹਿ ਬੂੰਦ ਕੈ ਮੋਤੀ ਨਿਪਜੈ, ਸੰਗਤਿ ਕੀ ਅਧਿਕਾਈ ॥

ਜੇਕਰ ਸੱਪ ਉਪਰ ਸਵਾਤੀ ਦੀ ਬੂੰਦ ਡਿਗਦੀ ਹੈ ਤਾਂ ਜ਼ਹਿਰ ਹੋ ਜਾਂਦੀ ਹੈ। ਪਰ ਜੇ ਉਹੀ ਬੂੰਦ ਸਿੱਪੀ ਵਿਚ ਬੰਦ ਹੋ ਜਾਂਦੀ ਹੈ ਤਾਂ ਮੋਤੀ ਬਣ ਜਾਂਦੀ ਹੈ। ਬੂੰਦ ਉਹੀ ਹੈ। ਸੱਪ ਦੇ ਨਾਲ ਜ਼ਹਿਰ ਹੋ ਜਾਂਦੀ ਹੈ, ਸਿੱਪੀ ਵਿਚ ਬੰਦ ਹੋਕੇ ਮੋਤੀ ਬਣ ਜਾਂਦੀ ਹੈ। ਤੁਸੀਂ ਵੀ ਸਾਧੂ ਜਾਂ ਸਤਿਗੁਰੂ ਦੀ ਸਿੱਪੀ ਵਿਚ ਬੰਦ ਹੋ ਜਾਓ, ਮੋਤੀ ਬਣ ਜਾਵੋਗੇ। ਭਾਵ ਖਾਸ ਹੋ ਜਾਵੋਗੇ। ਭਾਣਾ ਮੰਨਣਾ ਆ ਜਾਵੇਗਾ।

ਅਸੀਂ ਭਾਣਾ ਮੰਨਣਾ ਨਹੀਂ ਸਿੱਖੇ। ਕਿਵੇਂ ਸਿੱਖਦੇ ? ਸਿੱਖੀ ਨੂੰ ਪੜ੍ਹਿਆ ਹੀ ਹੈ, ਅਪਣਾਇਆ ਨਹੀਂ। ਜਦ ਦੁੱਖ ਹੁੰਦਾ ਹੈ ਤਾਂ ਤੜਪ ਉੱਠਦੇ ਹਾਂ। ਖ਼ੁਸ਼ੀ ਹੁੰਦੀ ਹੈ ਤਾਂ ਚੀਕਾਂ ਮਾਰਦੇ ਹਾਂ। ਸਾਡੇ ਕੰਨ ਚੀਕਾਂ ਸੁਣਨ ਦੇ ਆਦੀ ਹਨ। ਤੜਪ ਦਾ ਅਹਿਸਾਸ ਨਹੀਂ। ਫ਼ਕੀਰ ਸਹਿਜ ਹੁੰਦਾ ਹੈ। ਸਾਡੇ ਦੁੱਖ-ਤਕਲੀਫ਼ਾਂ ਸੁਣਦਾ ਹੈ ਅਤੇ ਸੁੱਖ ਦਿੰਦਾ ਹੈ। ਗੁਰੂ ਗੰਗਾ ਹੈ। ਸਿੱਪੀ ਹੈ। ਸਾਨੂੰ ਮੋਤੀ ਬਣਾਉਣ ਦੀ ਸੋਚਦਾ ਹੈ। ਗੰਗਾਜਲ ਬਣਾਉਣ ਦੀ ਸੋਚਦਾ ਹੈ। ਅਸੀਂ ਪਾਣੀ ਹੀ ਰਹਿ ਜਾਂਦੇ ਹਾਂ। ਸਾਡੇ ਦੁੱਖ ਪ੍ਰਮਾਤਮਾ, ਤਾਕਤ ਦਿਖਾਉਣ ਲਈ ਹਰਦਾ ਹੈ ਕਿ ਕੋਈ ਜਾਣੈ ਤਾਂ ਜੁੜ ਜਾਵੇ। ਅਸੀਂ ਭਾਵ ਤਾਂ ਸਮਝਦੇ ਹਾਂ ਭਾਵਨਾ ਨਹੀਂ। ਗੁਰੂ ਦੀ ਦਿਆਲਤਾ ਤਾਂ ਵੇਖਦੇ ਹਾਂ



ਦਿਆਲਤਾ ਪਿਛਲਾ ਸੱਚ ਨਹੀਂ। ਵਾਰ-ਵਾਰ ਭਾਵ ਲਈ ਹੀ ਜਾਂਦੇ ਹਾਂ। ਭਾਵਨਾ ਲਈ ਨਹੀਂ। ਦੁਨੀਆਂ ਦੁੱਖਾਂ ਨਾਲ ਭਰੀ ਪਈ ਹੈ। ਜਾਗਣ ਤੋਂ ਸੌਣ ਤੱਕ ਅਤੇ ਸੌਣ ਤੋਂ ਜਾਗਣ ਤੱਕ ਦੁੱਖ ਹੀ ਦੁੱਖ ਹਨ। ਘਰੋਂ ਬਾਹਰ ਨਿਕਲਦੇ ਹਾਂ ਤਾਂ ਦੁੱਖ ਹਨ। ਘਰ ਦੇ ਅੰਦਰ ਵੜਦੇ ਹਾਂ ਤਾਂ ਦੁੱਖ ਹਨ।

ਅਉਖਧ ਕਰਿ ਥਾਕੀ ਬਹੁਤੇਰੇ ॥

ਬਹੁਤ ਜਤਨ ਕੀਤੇ ਕਿ ਦੁੱਖਾਂ ਤੋਂ ਖਹਿੜਾ ਛੁਟ ਜਾਵੇ। ਦੁੱਖਾਂ ਤੋਂ ਪੱਲਾ ਛੁਟ ਜਾਵੇ। ਦੁੱਖਾਂ ਤੋਂ ਪੱਲਾ ਛਡਾਉਂਦੀ ਛਡਾਉਂਦੀ ਦਾ ਪੱਲਾ ਹੀ ਦੁੱਖਾਂ ਦਾ ਹੋ ਗਿਆ।

ਅਉਖਧ ਕਰਿ ਥਾਕੀ ਬਹੁਤੇਰੇ ॥
ਕਿਉ ਦੁਖੁ ਚੂਕੈ ਬਿਨੁ ਗੁਰ ਮੇਰੇ ॥ (ਮ:1-1189)

ਪੱਲਾ ਛੁਟੇਗਾ ਤਾਂ ਦੁੱਖ ਛੱਡਣਗੇ। ਪੱਲਾ ਕੌਣ ਛੁਡਾਵੇਗਾ-ਗੁਰੂ ਛੁਡਾਵੇਗਾ। ਗੁ ਦਾ ਅਰਥ ਹੁੰਦਾ ਹੈ-ਹਨੇਰਾ। ਰੂ ਦਾ ਅਰਥ ਹੁੰਦਾ ਹੈ-ਦੂਰ ਕਰਨ ਵਾਲਾ। ਦੁੱਖ ਕੀ ਹਨ-ਹਨੇਰਾ। ਗੁਰੂ ਕੌਣ ਹੈ-ਹਨੇਰਾ ਦੂਰ ਕਰਨ ਵਾਲਾ।

ਬਿਨ ਹਰਿ ਭਗਤੀ ਦੂਖ ਘਣੇਰੇ ॥

ਗੁਰੂ ਨੇ ਹਨੇਰਾ ਦੂਰ ਕਰ ਦਿੱਤਾ। ਰੌਸ਼ਨੀ ਹੋ ਗਈ। ਗਿਆਨ ਹੋ ਗਿਆ ਕਿ ਜੋ ਸੁੱਖ ਸਮਝਦੇ ਸੀ, ਸੁੱਖ ਸਨ ਹੀ ਨਹੀਂ। ਅਸਲ ਦੁੱਖ ਤਾਂ ਉਹੀ ਸਨ। ਸੁੱਖ ਤਾਂ ਪ੍ਰਮੇਸ਼ਰ ਦੀ ਭਗਤੀ ਹੈ। ਪ੍ਰਭੂ ਦਾ ਸਿਮਰਨ ਹੈ। ਬਾਕੀ-ਬਾਕੀ ਸਭ ਦੁੱਖ ਹਨ। ਸੰਘਣੇ ਦੁੱਖ।

ਬਿਨ ਹਰਿ ਭਗਤੀ ਦੂਖ ਘਣੇਰੇ ॥
ਦੁਖ ਸੁਖ ਦਾਤੇ ਠਾਕੁਰ ਮੇਰੇ ॥ (ਮ:1-1189)

ਗੁਰੂ ਨੇ ਸੋਝੀ ਬਖ਼ਸ਼ ਦਿੱਤੀ। ਜਲ ਤੋਂ ਗੰਗਾਜਲ ਬਣਾ ਦਿੱਤਾ। ਬੂੰਦ ਤੋਂ ਮੋਤੀ ਬਣਾ ਦਿੱਤਾ। ਭਾਣਾ ਮੰਨਣਾ ਸਿਖਾ ਦਿੱਤਾ ਕਿ ਦੁੱਖ ਸੁੱਖ ਤਾਂ ਪ੍ਰਮਾਤਮਾ ਦੇ ਦਿੱਤੇ ਹੋਏ ਹੀ ਹਨ। ਜਦ ਤੱਕ ਸੋਝੀ ਨਹੀਂ ਆਉਂਦੀ। ਜਲ ਨੇ ਜਲ ਰਹਿਣਾ ਹੈ। ਬੂੰਦ ਨੇ ਬੂੰਦ ਰਹਿਣਾ ਹੈ। ਕੌਡੀ ਅਰਥ ਭਰਪੂਰ ਦਿਸਣੀ ਹੈ। ਅਮੋਲਕ ਰਤਨ ਅਰਥਹੀਣ ਲੱਗਣਾ ਹੈ। ਸੰਤ ਬਾਬਾ ਤੀਰਥ ਸਿੰਘ ਜੀ ਪੂਰਨ ਗੁਰੂ ਸਨ। ਅਨੇਕਾਂ ਦੁਖੀਏ ਆਉਂਦੇ। ਸਭ 'ਤੇ ਦਿਆਲਤਾ ਦਾ ਕਰਮ ਕਰ ਦਿੰਦੇ। ਦੁੱਖ ਦੂਰ ਹੋ ਜਾਂਦੇ। ਝੋਲੀ ਨਾਮ ਦੀ ਔਸ਼ੁਧੀ ਨਾਲ ਭਰਕੇ ਵਿਚਰਦੇ। ਲੋਕ ਪ੍ਰਾਲਬਧ ਦੇ ਸਤਾਏ ਆਉਂਦੇ

ਤਾਂ ਸੰਤਾਂ ਕੋਲੋਂ ਸੁੱਖਾਂ ਦਾ ਪ੍ਰਸ਼ਾਦ ਲੈ ਜਾਂਦੇ। ਥੋੜਾ ਜਿਹਾ ਨਾਮ ਅਗਲੇ ਦੇ ਹਿਰਦੇ ਵਿਚ ਵਸਾ ਦਿੰਦੇ- ਦੁੱਖਾਂ ਦਾ ਕਰਮ ਨਸ਼ਟ ਹੋ ਜਾਂਦਾ।

ਗੁਰਿ ਪੂਰੈ ਕਿਰਪਾ ਕਰੀ ਕਾਇਆ ਦੁਖੁ ਰੋਗੁ ॥
ਮਨੁ ਤਨੁ ਸ਼ੀਤਲੁ ਸੁਖੀ ਭਇਆ ਪ੍ਰਭ ਧਿਆਵਨ ਜੋਗੁ ॥ (ਮ:5-814)

ਰੋਗ ਮਿਟ ਜਾਂਦੇ। ਲੋਕ ਦੁੱਖਾਂ ਵਿਚ ਗੋਤੇ ਖਾਂਦੇ ਆਉਂਦੇ। ਨਾਮ ਸਰੋਵਰ ਵਿਚ ਡੁਬਕੀ ਲੱਗਦੀ ਅਤੇ ਅਰੋਗ ਹੋ ਜਾਂਦੇ। ਬਿਮਾਰੀ ਦੇ ਵਿੰਗੇ ਟੇਢੇ ਰਸਤਿਆਂ 'ਤੇ ਡਿੱਗਦੇ ਢਹਿੰਦੇ ਆਉਂਦੇ। ਤੰਦਰੁਸਤੀ ਦੇ ਸਿੱਧੇ ਰਾਸਤੇ 'ਤੇ ਚਲੇ ਜਾਂਦੇ। ਅੱਖਾਂ ਵਿਚ ਹੰਝੂ ਲੈਕੇ ਆਉਂਦੇ। ਚਿਹਰਿਆਂ 'ਤੇ ਹਾਸੇ ਲੈਕੇ ਪਰਤ ਜਾਂਦੇ।

ਪਿੰਡ ਕਹੁਜੇ ਤੋਂ ਗੁਰਮੀਤ ਕੌਰ ਖਾਂਸੀ ਦੀ ਮਰੀਜ਼ ਹੋ ਗਈ। ਇਕ ਵਾਰ ਹੋਈ ਅਤੇ ਮੁੜ ਹਟੀ ਹੀ ਨਹੀਂ। ਸਰੀਰ ਸੁੱਕਣ ਲੱਗਾ। ਕੋਈ ਦਵਾ ਰਾਸ ਨਾ ਆਈ। ਬੜੇ ਹਸਪਤਾਲ ਵਿਚ ਜਾਂਚ ਕਰਵਾਈ। ਡਾਕਟਰ ਕਹਿਣ ਤਪਦਿਕ (ਟੀ.ਬੀ.) ਹੈ। ਛੇ ਮਹੀਨੇ ਲਗਾਤਾਰ ਦਵਾਈ ਖਾਓ। ਉਦਾਸ ਹੋ ਗਈ। ਬਿਨਾਂ ਦਵਾਈ ਲਏ ਸਿੱਧੀ ਸੰਤਾਂ ਕੋਲ ਆ ਗਈ। ਬੇਨਤੀ ਕੀਤੀ। ਸੰਤਾਂ ਨੇ ਖਾਣ ਲਈ ਸ਼ਹਿਦ ਦਿੱਤਾ। ਰੋਜ਼ਾਨਾ ਗੁਰਦੁਆਰਾ ਸਾਹਿਬ ਕੀਰਤਨ ਕਰਨ ਦੀ ਸੇਵਾ ਲਾਈ। ਬਚਨ ਮਨ ਲਿਆ। ਕੀਰਤਨ ਕਰਨ ਲੱਗੀ।

ਹਰਿ ਕੀਰਤਨੁ ਸੁਣੈ ਹਰਿ ਕੀਰਤਨੁ ਗਾਵੈ ॥
ਤਿਸੁ ਜਨ ਦੂਖੁ ਨਿਕਟਿ ਨਹੀ ਆਵੈ ॥ (ਮ:5-190)

ਸਾਧੂ ਦਾ ਬਚਨ ਸੀ। ਰੱਬ ਦੀ ਬਖ਼ਸ਼ਿਸ਼ ਸੀ। ਖੰਘ ਨਹੀਂ ਰਹੀ। ਸਰੀਰ ਵਿਚ ਜਾਨ ਆਉਣ ਲੱਗੀ। ਜਦ ਤੰਦਰੁਸਤ ਹੋਈ ਤਾਂ ਸ਼ੁਕਰਾਨਾ ਕਰਨ ਗੁਰਦੁਆਰਾ ਈਸ਼ਰਪੁਰੀ ਸਾਹਿਬ ਗਈ। ਸੰਤਾਂ ਨੇ ਸੁਣਿਆ ਅਤੇ ਮੁਸਕਰਾ ਪਏ। ਗਿਆਨ ਦੀ ਅਵਸਥਾ ਸੀ। ਮਾਣ ਵਡਿਆਈ ਵੀ ਆਪਣੇ 'ਤੇ ਨਾ ਲੈਣਾ ਗਿਆਨ ਦਾ ਸਿਖ਼ਰ ਹੈ। ਸੰਤ ਸਿਖ਼ਰ 'ਤੇ ਸਨ। ਪੌੜੀਆਂ ਵਿਚ ਨਹੀਂ। ਪੌੜੀਆਂ ਵਿਚ ਹੁੰਦੇ ਤਾਂ ਮੰਨ ਲੈਂਦੇ। ਸਿਖ਼ਰ 'ਤੇ ਸੀ। ਕਹਿੰਦੇ ਗੁਰੂ ਨਾਨਕ ਦਾ ਜਸ ਗਾਉਣ ਨਾਲ, ਸੁਣਨ ਨਾਲ ਤਾਂ ਸਭ ਦੁੱਖ ਨਾਸ਼ ਹੋ ਜਾਂਦੇ ਹਨ।

ਸੁਣੀਐ ਦੂਖ ਪਾਪ ਕਾ ਨਾਸੁ ॥ (ਮ:1-3)

ਇਹ ਸਾਡੀ ਵਡਿਆਈ ਨਹੀਂ ਹੈ। ਪ੍ਰਮਾਤਮਾ ਦੇ ਨਾਮ ਦੀ ਮਹਿਮਾ ਹੈ। ਪਿੰਡ ਧਾਮੀਆਂ ਤੋਂ ਵੈਦ ਦਰਸ਼ਨ ਸਿੰਘ-ਗੁਰੂ ਘਰ ਦੀ ਸੇਵਾ ਕੀਤੀ ਅਤੇ ਇੰਗਲੈਂਡ



ਚਲਾ ਗਿਆ। ਪ੍ਰਾਲਬਧ ਨਾਲ ਚੱਲ ਰਿਹਾ ਸੀ। ਦਿਲ ਦਾ ਦੌਰਾ ਪੈ ਗਿਆ। ਘਰਦੇ ਕਹਿਣ ਕਿ ਅਪਰੇਸ਼ਨ ਕਰੋ। ਡਾਕਟਰ ਕਹਿਣ ਕਿ ਹਾਲਾਤ ਇਜਾਜ਼ਤ ਨਹੀਂ ਦਿੰਦੇ। ਜੇ ਰਾਤ ਕੱਢੇਗਾ ਤਾਂ ਸੁਬ੍ਹਾ ਕਰਾਂਗੇ। ਵੈਦ ਦਰਸ਼ਨ ਸਿੰਘ ਸੁਚੇਤ ਨਹੀਂ ਅਚੇਤ ਸੀ। ਹੋਸ਼ ਨਹੀਂ ਬੇਹੋਸ਼ ਸੀ-ਨੀਮ ਬੇਹੋਸ਼। ਸੁਣ ਰਿਹਾ ਸੀ ਪਰ ਬੋਲ ਨਹੀਂ ਸੀ ਸਕਦਾ। ਸੁਣਿਆਂ ਤਾਂ ਜਮਦੂਤ ਨਜ਼ਰ ਆਏ। ਅੰਤਰਮਨ ਨਾਲ ਸੰਤ ਬਾਬਾ ਤੀਰਥ ਸਿੰਘ ਨੂੰ ਯਾਦ ਕੀਤਾ। ਜਦ ਕੁਝ ਨਜ਼ਰ ਨਾ ਆਵੇ ਤਾਂ ਫ਼ਕੀਰ ਦਾ ਦੁਆਰ ਨਜ਼ਰ ਆਉਂਦਾ ਹੈ। ਅਰਦਾਸ ਕੀਤੀ। ਗੁਰੂ ਸੇਵਕ ਤੋਂ ਬੇਧਿਆਨਾ ਕਦੇ ਹੋਇਆ ਹੀ ਨਹੀਂ। ਇਸਦੀ ਅੱਖ ਲੱਗੀ ਤਾਂ ਸੁਪਨੇ ਵਿਚ ਦਰਸ਼ਨ ਹੋਏ। ਕਹਿੰਦੇ 'ਗੁਰੂ ਨਾਨਕ ਭਲੀ ਕਰੇਗਾ ਪਰ ਅਸਥਾਨ ਤੇ ਸੇਵਾ ਕਰਨੀ ਪਿਆ ਕਰੇਗੀ।' ਪਹੁ ਫੁਟੀ, ਉਜਾਲਾ ਹੋ ਗਿਆ। ਮਸ਼ੀਨਾਂ ਦਿਲ ਨਾਲ ਜੋੜ ਦਿੱਤੀਆਂ। ਜੋ ਰਾਤ ਪਾਜ਼ੇਟਿਵ ਆ ਰਿਹਾ ਸੀ ਸਭ ਨੈਗੇਟਿਵ। ਡਾਕਟਰ ਵਿਸਮਾਦ ਵਿਚ ਆ ਗਏ। ਕੀ ਜਾਨਣ ਕਿ ਇੰਜੈਕਸ਼ਨ ਅਤੇ ਕੈਪਸੂਲਾਂ ਤੋਂ ਇਲਾਵਾ ਨਾਮ ਵੀ ਔਸ਼ਧੀ ਹੁੰਦੀ ਹੈ। ਜੋ ਮੁਰਦਿਆਂ ਵਿਚ ਜਾਨ ਪਾ ਸਕਦੀ ਹੈ। ਪਰ ਸਿਲੇਬਸ ਵਿਚ ਨਹੀਂ ਸੀ। ਪੜ੍ਹਿਆ ਨਹੀਂ ਸੀ, ਗਿਆਨ ਅਧੂਰਾ ਰਹਿ ਗਿਆ। ਕਹਿਣ ਅਪਰੇਸ਼ਨ ਦੀ ਲੋੜ ਨਹੀਂ। ਕੱਲ੍ਹ ਘਰ ਲੈ ਜਾਓ। ਇਹ ਹੈ ਸਾਧ ਸੰਤ ਦੀ ਸੇਵਾ ਦਾ ਮਹਾਤਮ।

ਮਾਣਸ ਸੇਵਾ ਖਰੀ ਦੁਹੇਲੀ ॥
ਸਾਧ ਕੀ ਸੇਵਾ ਸਦਾ ਸੁਹੇਲੀ ॥ (ਮ:5-1182)

ਤੰਦਰੁਸਤ ਹੋ ਗਿਆ। ਇੰਗਲੈਂਡ ਨਹੀਂ ਰਿਹਾ। ਬਚਨ ਮੁਤਾਬਕ ਪੰਜਾਬ ਆ ਗਿਆ। ਹੱਥ ਪੈਰ ਗੁਰੂ ਦੀ ਸੇਵਾ ਵਿਚ ਲਾ ਦਿੱਤੇ।

ਵਿਣ ਸੇਵਾ ਧ੍ਰਿਗ ਹਥ ਪੈਰ ਹੋਰ ਨਿਹਫਲ ਕਰਣੀ ॥
(ਭਾਈ ਗੁਰਦਾਸ ਜੀ)

ਪਿੰਡ ਚੱਕ ਰਾਜੂ ਸਿੰਘ ਦੀ ਬੀਬੀ ਦਰਸ਼ਨ ਕੌਰ। ਅਧਰੰਗ ਹੋ ਗਿਆ। ਬਾਂਹ ਖੜ੍ਹ ਗਈ। ਮੂੰਹ ਵਿੰਗਾ ਹੋ ਗਿਆ। ਜ਼ੁਬਾਨ ਰਹਿ ਗਈ। ਬੋਲਣ-ਚੱਲਣ ਤੋਂ ਅਸਮਰੱਥ। ਹਸਪਤਾਲ ਵਿਚ ਦਾਖ਼ਲ ਕਰਵਾਈ ਤਾਂ ਲੰਮੀ ਪਈ ਪਈ ਇਕ ਪਾਸੇ ਵੱਲ ਇਸ਼ਾਰੇ ਕਰੀ ਜਾਵੇ। ਕਿਸੇ ਨੂੰ ਸਮਝ ਨਾ ਆਵੇ। ਤੀਜੇ ਦਿਨ ਕਿਸੇ ਨੂੰ ਸੋਝੀ ਪੈ ਗਈ ਕਿ ਇਧਰ ਤਾਂ ਸੰਤ ਬਾਬਾ ਤੀਰਥ ਸਿੰਘ ਜੀ ਦਾ ਅਸਥਾਨ ਹੈ। ਗੱਡੀ ਵਿਚ ਬਿਠਾਇਆ ਅਤੇ ਗੁਰਦੁਆਰਾ ਈਸ਼ਰਪੁਰੀ ਸਾਹਿਬ ਆ ਗਏ। ਸੰਤਾਂ ਸਾਹਮਣੇ

ਬਿਠਾ ਦਿੱਤੀ। ਭੁੱਖ-ਨਭਾਣੀ ਮੁਰਝਾਈ ਹੋਈ ਰੋਗਣ। ਸੰਤਾਂ ਨੇ ਜਲ ਛਕਾਇਆ ਛਕ ਲਿਆ। ਲੰਗਰ ਛਕਾਇਆ ਛਕ ਲਿਆ। ਸਭ ਹੈਰਾਨ ਕਿ ਤਿੰਨ ਦਿਨ ਤੋਂ ਬੋਲਣ ਤੋਂ ਅਸਮਰੱਥ ਸੀ। ਹੁਣ ਸਭ ਕੁਝ ਛਕ ਰਹੀ ਹੈ। ਸੰਤਾਂ ਨੇ ਅੰਤਰਮਨ ਨਾਲ ਸਿਮਰਨ ਕਰਨ ਲਈ ਕਿਹਾ ਅਤੇ ਕੁਝ ਡਾਕਟਰੀ ਇਲਾਜ ਦੀ ਸਲਾਹ ਦਿੱਤੀ। ਤੰਦਰੁਸਤ ਹੋ ਗਈ

ਗੁਰ ਕੀ ਬਾਣੀ ਜਿਸੁ ਮਨਿ ਵਸੈ ॥
ਦੂਖੁ ਦਰਦੁ ਸਭੁ ਤਾ ਕਾ ਨਸੈ ॥ (ਮ:5-1340)

ਸੰਤਾਂ ਅੰਦਰ ਨਾਮ ਵਸਿਆ ਹੋਇਆ ਸੀ। ਝੋਲੀ ਵਿਚ ਬਾਣੀ ਦੀ ਔਸ਼ੁਧੀ ਸੀ। ਇਸੇ ਲਈ ਸੁੱਕੇ ਦਰੱਖਤ ਹਰੇ ਹੋ ਜਾਂਦੇ। ਮੁਰਝਾਏ ਫੁੱਲ ਖੁਸ਼ਬੂਆਂ ਦੇਣ ਲੱਗਦੇ। ਸਾਫ਼ ਅੰਬਰ ਮੀਂਹ ਵਰਾਉਣ ਲੱਗਦੇ। ਝੋਲੀ ਵਿਚ ਖਜ਼ਾਨਾ ਸੀ ਤਾਂ ਹਿਰਦੇ ਵਿੱਚ ਦਿਆਲਤਾ ਵੀ ਸੀ। ਦੁਖੀਆ ਅੱਧੀ ਰਾਤ ਵੀ ਆ ਜਾਂਦਾ ਤਾਂ ਕੁੰਡੇ ਖੁੱਲੇ ਮਿਲਦੇ। ਹੱਥ ਅਰੋਗਤਾ ਦਾ ਅਸ਼ੀਰਵਾਦ ਦੇਣ ਲਈ ਚੁੱਕੇ ਮਿਲਦੇ। ਨੇਤਰ ਮਿਹਰ ਦ੍ਰਿਸ਼ਟੀ ਪਾਉਣ ਲਈ ਜਾਗਦੇ ਮਿਲਦੇ। ਸ਼ਾਇਦ ਹੀ ਕਿਸੇ ਹੋਰ ਮਹਾਤਮਾ ਨੇ ਐਨੇ ਲੋਕ ਅਰੋਗ ਕੀਤੇ ਹੋਣਗੇ, ਜਿੰਨੇ ਇਸ ਦਰ ਤੋਂ ਰਾਜ਼ੀ ਹੋ ਗਏ। ਸਭ ਸਾਖੀਆਂ ਵਖਿਆਨ ਕਰਨਾ ਕਠਿਨ ਹੈ। ਕੁਝ ਚੋਣਵੇਂ ਪ੍ਰਸੰਗਾਂ ਦੇ ਵੀ ਨਾਮ ਹੀ ਦਿੱਤੇ ਜਾ ਸਕਦੇ ਹਨ:-

- ਕੁੰਭ ਦਾ ਅੰਮ੍ਰਿਤ ਪਿਲਾਕੇ ਅਰੋਗ ਕਰਨਾ -ਅਰਮਾਨ ਸਿੰਘ ਪੁੱਤਰ ਸ. ਪ੍ਰਦੀਪ ਸਿੰਘ ਖਲਵਾਣਾ।
- ਬਚਨਾਂ ਨਾਲ ਪੁਰਾਣਾ ਵਿਗੜਿਆ ਬੁਖਾਰ ਸਹੀ ਹੋਣਾ -ਮਨਜੀਤ ਸਿੰਘ ਪੁੱਤਰ ਸ. ਮਲੂਕ ਸਿੰਘ ਜਲਭੇ।
- ਅੱਧਾ ਸਿਰ ਦੁਖਦੇ ਰਹਿਣ ਦੀ ਬਿਮਾਰੀ ਅਸ਼ੀਰਵਾਦ ਨਾਲ ਠੀਕ ਹੋਈ - ਬੀਬੀ ਰਣਜੀਤ ਕੌਰ ਪਤਨੀ ਸ. ਰਘਵੀਰ ਸਿੰਘ ਮੰਡੇਰਾਂ।
- ਜੋੜਾਂ ਦਾ ਦਰਦ ਠੀਕ ਕਰਨਾ -ਬੀਬੀ ਰਣਜੀਤ ਕੌਰ ਪਿੰਡ ਬਹਾਰਾ ਨਵਾਂਸ਼ਹਿਰ।
- ਨਵੀਂ ਜ਼ਿੰਦਗੀ ਬਖ਼ਸ਼ਣਾ-ਗੁਰਪ੍ਰੀਤ ਸਿੰਘ ਪੁੱਤਰ ਭਾਈ ਗੁਰਮੀਤ ਸਿੰਘ ਸ਼ਾਮ ਚੁਰਾਸੀ।
- ਲੂਣ ਜਵੈਣ ਨਾਲ ਹਿਰਦੇ ਰੋਗ ਤੋਂ ਪੀੜਿਤ ਬੱਚਾ ਤੰਦਰੁਸਤ ਕਰਨਾ - ਪੋਤਾ ਸ. ਪਿਆਰਾ ਸਿੰਘ ਪੁੱਤਰ ਸੁੱਚਾ ਸਿੰਘ ਪਿੰਡ ਕੋਟਲਾ।



- ਲੱਤ ਦਰਦ ਸਦਾ ਵਾਸਤੇ ਦੂਰ ਹੋਣਾ -ਸ. ਪਰਮਜੀਤ ਸਿੰਘ ਕੋਟਲੀ ਅਰਾਈਆਂ।
- ਅਰਦਾਸ ਕਰਨ ਨਾਲ ਕੈਂਸਰ ਦੀ ਬਿਮਾਰੀ ਵਧਣੋਂ ਰੁਕਣਾ -ਪਤਨੀ ਸੁਖਚੈਨ ਸਿੰਘ ਤਲਵੰਡੀ ਅਰਾਈਆਂ।
- ਮਿਹਰ ਦ੍ਰਿਸ਼ਟੀ ਪਾਉਣ ਨਾਲ ਬੱਚੀ ਨੂੰ ਖੁਰਾਕ ਪਚਣ ਲੱਗਣਾ -ਪੁੱਤਰੀ ਸ. ਇੰਦਰਬੀਰ ਸਿੰਘ ਕੋਟਲਾ।
- ਦਿਲ ਵਿਚ ਪੁਰਜ਼ਾ (Pacemaker) ਪਾਏ ਬਿਨਾ ਅਰੋਗ ਕਰਨਾ -ਸ. ਪਰਮਜੀਤ ਸਿੰਘ ਮਠਾਰੂ ਜਲੰਧਰ।
- ਬਚਨਾਂ ਨਾਲ ਸਿੱਧੀ ਬਾਂਹ ਜੁੜਨੀ -ਗੁਰਜੰਟ ਸਿੰਘ ਪੁੱਤਰ ਸ. ਸੁਖਵਿੰਦਰ ਸਿੰਘ ਲੰਮੇ।
- ਬੀਮਾਰ ਲੜਕਾ ਬਚਨਾਂ ਨਾਲ ਤੰਦਰੁਸਤ ਹੋਣਾ -ਮਾਸਟਰ ਅਮਰਜੀਤ ਸਿੰਘ ਪੰਡੋਰੀ ਨਿੱਝਰਾਂ।
- ਮੱਥੇ ਤੇ ਤਿੰਨ ਵਾਰ ਅੰਗੂਠਾ ਫੇਰਕੇ ਅਸਾਧ ਰੋਗ ਦੂਰ ਕਰਨਾ -ਜਰਨੈਲ ਸਿੰਘ ਪੁੱਤਰ ਬੀਬੀ ਮਹਿੰਦਰ ਕੌਰ ਮੁਹੱਦੀਪੁਰ।
- ਅੰਮ੍ਰਿਤ ਪਿਲਾਕੇ ਮਿਰਗੀ ਦੂਰ ਕਰਨੀ -ਕਰਮ ਸਿੰਘ ਪੁੱਤਰ ਸਵਰਨ ਸਿੰਘ ਮੁਹੱਦੀਪੁਰ।
- ਬੱਚੀ ਮਰਨੋਂ ਬਚਾਉਣਾ -ਪੁੱਤਰੀ ਇੰਦਰਪਾਲ ਸਿੰਘ ਪੁੱਤਰ ਹਰਭਜਨ ਸਿੰਘ ਕਹੁਜਾ।
- ਸੰਤਾਂ ਦੀ ਮਿਹਰ ਸਦਕਾ ਵੱਢ ਹੋਈ ਉਂਗਲੀ ਜੁੜਨੀ -ਬੀਬੀ ਮਨਜੀਤ ਕੌਰ ਪਤਨੀ ਜਰਨੈਲ ਸਿੰਘ ਸਾਰੋਬਾਦ।
- ਘਰ 'ਚੋਂ ਜ਼ਹਿਮਤ ਦੂਰ ਕਰਨਾ -ਸ. ਦਵਿੰਦਰ ਸਿੰਘ ਦਿੱਲੀ।
- ਵਾਰ ਵਾਰ ਮੂੰਹ ਪੱਕਣੋ ਹਟਾਉਣਾ -ਰੇਨੂੰ ਪੁੱਤਰੀ ਸ੍ਰੀ ਸੁਰਜੀਤ ਸਿੰਘ ਕਾਲਾ ਬੱਕਰਾ ਅਤੇ ਰਣਜੀਤ ਕੌਰ ਪਤਨੀ ਰਘਬੀਰ ਸਿੰਘ ਮੰਡੇਰਾਂ।
- ਬਾਈਪਾਸ ਸਰਜਰੀ ਕਰਾਉਣ ਤੋਂ ਬਗੈਰ ਤੰਦਰੁਸਤ ਕਰਨਾ -ਬੀਬੀ ਕਸ਼ਮੀਰ ਕੌਰ ਮੁਹੱਦੀਪੁਰ।
- ਮੂਲ ਮੰਤਰ ਦੇ ਜਾਪ ਨਾਲ ਦੰਦਲ ਪੈਣੋਂ ਹਟਾਉਣਾ -ਗੁਰਜੀਤ ਕੌਰ ਪੁੱਤਰੀ ਬੀਬੀ ਸੁਰਜੀਤ ਕੌਰ ਮੁਹੱਦੀਪੁਰ।

- ✪ ਸਿਰ 'ਤੇ ਹੱਥ ਰੱਖਕੇ ਲੜਕਾ ਸਿਹਤਯਾਬ ਕਰਨਾ -ਬੀਬੀ ਪਰਮਜੀਤ ਕੌਰ ਪਤਨੀ ਸ. ਜਰਨੈਲ ਸਿੰਘ, ਪੰਜਾਬੀ ਬਾਗ, ਜਲੰਧਰ।
- ✪ ਰਸੌਲੀ ਬਿਨਾਂ ਅਪ੍ਰੇਸ਼ਨ ਅਰਦਾਸ ਨਾਲ ਠੀਕ ਕਰਨੀ -ਪੁੱਤਰੀ ਸ. ਬੂਟਾ ਸਿੰਘ ਢੱਡੇ ਫਤਿਹ ਸਿੰਘ।
- ✪ ਬਚਨਾਂ ਨਾਲ ਮਿਰਗੀ ਠੀਕ ਹੋਈ -ਦੋਹਤੀ ਸ. ਸ਼ੈਂਕਰ ਸਿੰਘ ਚਲੁੱਪਰ।
- ✪ ਸ਼ਬਦ ਜਾਪ ਨਾਲ ਦੇਹ ਅਰੋਗਤਾ ਬਖਸ਼ਣੀ -ਸ. ਪ੍ਰਗਟ ਸਿੰਘ ਮਸਾਣੀਆਂ।
- ✪ ਹੱਥਾਂ ਪੈਰਾਂ 'ਤੇ ਉੱਠੇ ਉਠਾ (ਗੁੰਮੀਆਂ) ਠੀਕ ਕਰਨਾ -ਓਂਕਾਰ ਸਿੰਘ ਪੁੱਤਰ ਜਗੀਰ ਸਿੰਘ ਧਾਮੀਆਂ।
- ✪ ਕੰਨ ਦਰਦ ਠੀਕ ਕਰਨਾ -ਜਸਵਿੰਦਰ ਕੌਰ ਪਤਨੀ ਵਰਿੰਦਰ ਸਿੰਘ ਪਿੰਡ ਰੌਤਾ, ਸ਼ਾਹਕੋਟ ਅਤੇ ਬੀਬੀ ਸੁਖਵਿੰਦਰ ਕੌਰ ਨਾਜਕਾ।
- ✪ Fistula Cancer ਠੀਕ ਕਰਨਾ -ਸ. ਰਣਜੀਤ ਸਿੰਘ ਕਾਠੇ ਅਧਿਕਾਰੇ।
- ✪ ਟੌਂਸਲ ਬਿਨਾਂ ਅਪਰੇਸ਼ਨ ਠੀਕ ਕਰਨਾ -ਸ. ਇਕਬਾਲ ਸਿੰਘ।
- ✪ ਕੁਝ ਨਾ ਪਚਾ ਸਕਣ ਦਾ ਰੋਗ ਠੀਕ ਕਰਨਾ -ਬੀਬੀ ਬਲਵੀਰ ਕੌਰ ਪਤਨੀ ਭਾਈ ਇੰਦਰਜੀਤ ਸਿੰਘ ਚੱਕ ਰਾਜੂ ਸਿੰਘ।
- ✪ ਪੇਟ ਦਰਦ ਅੰਮ੍ਰਿਤ ਛਕਣ ਨਾਲ ਠੀਕ ਹੋਣਾ -ਬੀਬੀ ਮਨਜੀਤ ਕੌਰ ਪਤਨੀ ਜਰਨੈਲ ਸਿੰਘ ਸਾਰੋਬਾਦ।
- ✪ ਕਿਰਪਾ ਸਦਕਾ ਮਿਰਗੀ ਦੇ ਦੌਰੇ ਪੈਣੋ ਹਟਣਾ -ਹਰਜੀਤ ਕੌਰ ਕੋਟਲਾ।
- ✪ ਅਸਹਿ ਦੰਦ ਦਰਦ ਠੀਕ ਹੋਣਾ -ਰਾਜਵਿੰਦਰ ਕੌਰ ਪੁੱਤਰੀ ਮਨੋਹਰ ਸਿੰਘ ਕੋਟਲੀ ਅਰਾਈਆਂ।
- ✪ ਬਚਨਾਂ ਨਾਲ ਪਿਠ ਦਰਦ ਤੋਂ ਛੁਟਕਾਰਾ -ਸ. ਨਿਰਮਲ ਸਿੰਘ ਧੁਦਿਆਲ।
- ✪ ਸ਼ਬਦ ਨਾਲ ਅਸਾਧਾਰਨ ਰੋਗ ਤੋਂ ਸਿਹਤਯਾਬੀ ਬਖਸ਼ਣੀ -ਸ. ਸੁਖਵਿੰਦਰ ਸਿੰਘ ਪੁੱਤਰ ਆਸਾ ਸਿੰਘ ਪੰਡੋਰੀ ਨਿੱਝਰਾਂ।
- ✪ ਮੱਝ ਮਰਨੋਂ ਬਚਾਉਣੀ -ਸ. ਗੁਰਦਿਆਲ ਸਿੰਘ ਰਾਏਪੁਰ।
- ✪ ਮੂਲ ਮੰਤਰ ਦੇ ਜਾਪ ਨਾਲ ਪੇਟ ਦੀ ਸਮੱਸਿਆ ਤੋਂ ਛੁਟਕਾਰਾ -ਬੀਬੀ ਜਗਦੀਸ਼ ਕੌਰ ਪਤਨੀ ਸ. ਫਕੀਰ ਸਿੰਘ ਖੁਰਦਪੁਰ।



- ✪ ਕੁੰਭ ਦਾ ਅੰਮ੍ਰਿਤ ਪਿਲਾਕੇ ਬੇਹੋਸ਼ੀ ਦੇ ਦੌਰੇ ਪੈਣੋਂ ਹਟਾਉਣਾ -ਸ. ਫਕੀਰ ਸਿੰਘ ਖੁਰਦਪੁਰ।
- ✪ ਹੱਥ ਗਲਣ ਦੀ ਬਿਮਾਰੀ ਸਰੋਂ ਦਾ ਤੇਲ ਲੁਆਕੇ ਠੀਕ ਕਰਨੀ - ਪਿੰਦਰਜੀਤ ਕੌਰ ਪਤਨੀ ਸੁਖਦੇਵ ਸਿੰਘ ਲੰਮੇ।
- ✪ ਅਚਾਰ ਖਿਲਾ ਕੇ ਖੰਘ ਠੀਕ ਕਰਨੀ -ਪਰਮਜੀਤ ਸਿੰਘ ਪੁੱਤਰ ਬਲਦੇਵ ਸਿੰਘ ਪੰਡੋਰੀ ਫਗੂੜਾ।
- ✪ ਲੰਗਰ ਦਾ ਫੁਲਕਾ ਖੁਆਕੇ ਹਾਜ਼ਮਾ ਠੀਕ ਕਰਨਾ -ਸ. ਬਲਦੇਵ ਸਿੰਘ ਪੰਡੋਰੀ ਫਗੂੜਾ।
- ✪ ਬਚਨਾਂ ਨਾਲ ਹਿਰਦੈ ਸਬੰਧਿਤ ਰੋਗ ਠੀਕ ਹੋਣਾ -ਸ. ਜਗਦੇਵ ਸਿੰਘ ਪੰਡੋਰੀ ਫਗੂੜੇ।
- ✪ ਬਚਨਾਂ ਨਾਲ ਪੱਥਰੀ ਨਿਕਲਣਾ -ਭਾਈ ਸੁਖਮਿੰਦਰ ਸਿੰਘ ਰਾਮਾ ਮੰਡੀ।
- ✪ ਅਖੰਡ ਪਾਠ ਸਾਹਿਬ ਕਰਵਾ ਕੇ ਦੇਹ ਅਰੋਗਤਾ ਬਖਸ਼ਣੀ -ਬੀਬੀ ਨਸੀਬ ਕੌਰ ਆਹਰਾਂ।
- ✪ ਹੱਥ ਗਲਣ ਦੀ ਬਿਮਾਰੀ ਠੀਕ ਕਰਨੀ -ਭਾਈ ਗੁਰਚੇਤਨ ਸਿੰਘ ਧੁਦਿਆਲ।
- ✪ ਬਰਫ਼ ਦੀ ਟੁਕੜੀ ਨਾਲ ਬੱਚੇ ਦਾ ਬੁਖਾਰ ਠੀਕ ਕਰਨਾ -ਭਾਈ ਮੋਹਣ ਸਿੰਘ ਸ਼ਾਮ ਚੁਰਾਸੀ।
- ✪ ਅਰਦਾਸ ਕਰਨ 'ਤੇ ਪਿਸ਼ਾਬ ਵਿਚ ਆ ਰਿਹਾ ਖੂਨ ਰੁਕਣਾ -ਸਵ. ਸੁਲਖਣ ਸਿੰਘ ਪਿੰਡ ਕਹੁਜਾ (ਜਾਣਕਾਰੀ ਦਿੱਤੀ : ਬੀਬੀ ਗੁਰਬਖ਼ਸ਼ ਕੌਰ ਭਰਜਾਈ)
- ✪ ਤਿੰਨ ਦਿਨ ਦੇ ਬੱਚੇ ਨੂੰ ਬਚਾਉਣਾ -ਪੁੱਤਰ ਸ. ਪਰਮਜੀਤ ਸਿੰਘ ਪੰਡੋਰੀ ਫਗੂੜਾ।
- ✪ ਬਲੱਡ ਪ੍ਰੈਸ਼ਰ ਦੀ ਬਿਮਾਰੀ ਅਰਦਾਸ ਕਰਾਉਣ ਨਾਲ ਠੀਕ ਹੋਣੀ - ਬੀਬੀ ਪ੍ਰਮਿੰਦਰ ਕੌਰ ਪਤਨੀ ਸ. ਸੁਖਮਿੰਦਰ ਸਿੰਘ ਰਾਮਾ ਮੰਡੀ।
- ✪ ਮੂਲ ਮੰਤਰ ਦੇ ਜਾਪ ਨਾਲ ਚੱਲਣ ਫਿਰਨ ਦੇ ਸਮਰੱਥ ਕਰਨਾ -ਬੀਬੀ ਸਤਿੰਦਰ ਕੌਰ ਕੋਟਲੀ ਅਰਾਈਆਂ।
- ✪ ਹਾਜਮੋਲੇ ਦੀਆਂ ਗੋਲੀਆਂ ਖਿਲਾਕੇ ਟੌਂਸਲ ਠੀਕ ਕਰਨੇ -ਤੇਜਿੰਦਰਪ੍ਰੀਤ

ਕੌਰ ਪੁੱਤਰੀ ਸ. ਸੇਵਾ ਸਿੰਘ ਨਾਜਕਾ।

- ✪ ਲੱਕੜ ਵਾਂਗ ਸਖ਼ਤ ਹੋਏ ਹੱਥ ਬਚਨਾਂ ਨਾਲ ਠੀਕ ਹੋਣੇ -ਹਰਜਿੰਦਰ ਸਿੰਘ ਪੁੱਤਰ ਸਵ. ਸੁਖਦੇਵ ਸਿੰਘ ਕਹੁਜਾ।
- ✪ ਜੜ੍ਹ ਵਾਲਾ ਫੋੜਾ ਠੀਕ ਹੋਣਾ -ਬੀਬੀ ਗਿਆਨ ਕੌਰ ਦਿਓਵਾਲ।
- ✪ ਸਰੀਰ 'ਤੇ ਨਿਕਲਦੇ ਥੰਮ ਠੀਕ ਹੋਣਾ -ਸ੍ਰੀ ਜਸਵੰਤ ਸਿੰਘ ਸ਼ਾਮ ਚੁਰਾਸੀ।
- ✪ ਬਚਨਾਂ ਨਾਲ ਗਾਂ ਮਿਲਣ ਲੱਗਣਾ -ਬੀਬੀ ਰਜਿੰਦਰ ਕੌਰ ਪਤਨੀ ਸੁਮਿੱਤਰ ਸਿੰਘ ਮੰਡੇਰਾਂ।
- ✪ ਹੱਥ ਲੱਗਣ ਨਾਲ ਧੌਣ ਤੇ ਨਿਕਲੀ ਗਟੀ ਹਟਣੀ -ਗੁਰਬਿੰਦਰ ਸਿੰਘ ਪੁੱਤਰ ਸ. ਗੁਰਦਿਆਲ ਸਿੰਘ ਰਾਏਪੁਰ।
- ✪ ਮੂਲ ਮੰਤਰ ਦੇ ਜਾਪ ਨਾਲ ਸੁੱਜਾ ਹੋਇਆ ਸਰੀਰ ਠੀਕ ਹੋਣਾ -ਪਰਮਜੀਤ ਕੌਰ ਪਤਨੀ ਭਾਈ ਕੁਲਵਿੰਦਰ ਸਿੰਘ ਰਾਏਪੁਰ।
- ✪ ਖ਼ੂਨ ਦੀਆਂ ਉਲਟੀਆਂ ਠੀਕ ਹੋਣਾ -ਸ. ਸੁਰਿੰਦਰ ਸਿੰਘ ਹਰੀਪੁਰ।
- ✪ ਗੁੱਡੀ ਨੂੰ ਦੌਰੇ ਪੈਣ ਦੀ ਬਿਮਾਰੀ ਠੀਕ ਹੋਣੀ -ਮਾਸਟਰ ਜੋਗਿੰਦਰ ਸਿੰਘ ਪੰਡੋਰੀ ਨਿੱਝਰਾਂ।
- ✪ ਬਚਨਾਂ ਨਾਲ ਠੋਡੀ ਦੀਆਂ ਗਿਲਟੀਆਂ ਬਿਨਾਂ ਅਪ੍ਰੇਸ਼ਨ ਠੀਕ ਹੋਣੀਆਂ -ਸ. ਤਰਸੇਮ ਸਿੰਘ ਮੰਡੇਰਾਂ।
- ✪ ਲੰਗਰ ਦੇ ਫੁਲਕੇ ਨਾਲ ਮਰਨ ਕਿਨਾਰੇ ਗਾਂ ਉਠਾਉਣੀ -ਬੀਬੀ ਪਿੰਦਰਜੀਤ ਕੌਰ ਪਤਨੀ ਸ. ਸੁਖਵਿੰਦਰ ਸਿੰਘ ਲੰਮੇ।
- ✪ ਸੰਤਾਂ ਦੇ ਦਰਸ਼ਨ ਕਰਨ ਨਾਲ ਮਿਰਗੀ ਦੂਰ ਹੋਣੀ -ਮਾਤਾ ਪ੍ਰਸ਼ਾਦ ਪੁੱਤਰ ਮਹਾਦੇਵ ਪਾਠਕ ਜ਼ਿਲ੍ਹਾ ਗਾਉਂਡਾ, ਉੱਤਰਪ੍ਰਦੇਸ਼।
- ✪ ਬਚਨਾਂ ਨਾਲ ਸਿਰ ਦੀ ਰਸੌਲੀ ਘਟਣ ਲੱਗਣੀ -ਸ. ਕੁਲਦੀਪ ਸਿੰਘ ਵਾਹਿਦ।
- ✪ ਨਾ ਭੁੱਖ ਲੱਗਣ ਦਾ ਰੋਗ ਦੂਰ ਕਰਨਾ -ਸੁਰਿੰਦਰ ਕੌਰ ਪਤਨੀ ਮਨਜੀਤ ਸਿੰਘ ਹਰੀਪੁਰ।
- ✪ ਕੌਫੀ ਪੀਣ ਦੇ ਬਚਨਾਂ ਨਾਲ ਸਾਹ ਦੀ ਸਮੱਸਿਆ ਠੀਕ ਹੋਣੀ -ਪਤਨੀ ਪਰਮਜੀਤ ਸਿੰਘ ਪੰਡੋਰੀ ਫਗੂੜਾ।
- ✪ ਸਰੀਰ 'ਤੇ ਵਾਰ ਵਾਰ ਨਿਕਲਦੇ ਫੋੜੇ ਠੀਕ ਹੋਣਾ -ਬੀਬੀ ਬਲਜਿੰਦਰ



ਕੌਰ ਪਤਨੀ ਸ਼ਿੰਗਾਰਾ ਸਿੰਘ ਰਾਮਾ ਮੰਡੀ।

- ✪ ਆਸ਼ੀਰਵਾਦ ਨਾਲ ਲੱਤ 'ਤੇ ਨਿਕਲਿਆ ਫੋੜਾ ਠੀਕ ਹੋਣਾ -ਬਲਵੰਤ ਸਿੰਘ ਪੁੱਤਰ ਸਵਰਨ ਸਿੰਘ ਸ਼ਾਮਚੁਰਾਸੀ।
- ✪ ਅਸਾਧ ਰੋਗ ਤੋਂ ਛੁਟਕਾਰਾ -ਬੀਬੀ ਸੁਖਜੀਤ ਕੌਰ ਜਲੰਧਰ।
- ✪ ਨਵੀਂ ਅੱਖ ਪਵਾਉਣ ਤੋਂ ਬਚਾਅ-ਬਚਨਾਂ ਨਾਲ ਪੁਰਾਣੀ ਅੱਖ ਹੀ ਠੀਕ ਹੋਣੀ -ਬੀਬੀ ਰਣਜੀਤ ਕੌਰ ਚੱਕ ਫ਼ੱਲੂ ਹੁਸ਼ਿਆਰਪੁਰ।

# ਨਾਨਕ ਇਹ ਲੱਛਣ ਬ੍ਰਹਮ ਗਿਆਨੀ ਹੋਇ

ਬ੍ਰਹਮ ਗਿਆਨ ਹੈ ਬ੍ਰਹਮ ਨੂੰ ਜਾਨਣਾ। ਬ੍ਰਹਮ ਵਿਚ ਪ੍ਰਗਟ ਹੋ ਜਾਣਾ। ਖ਼ੁਦ ਵਿਚ ਬ੍ਰਹਮ ਪ੍ਰਗਟ ਕਰ ਲੈਣਾ। ਜਦ ਤੱਕ ਬ੍ਰਹਮ 'ਚੋਂ ਬਾਹਰ ਸੀ ਜਾਂ ਬ੍ਰਹਮ ਸਾਡੇ 'ਚੋਂ ਬਾਹਰ ਸੀ ਤਾਂ ਭੇਦ ਸੀ। ਜੇਕਰ ਸਾਗਰ ਕੋਲ ਰਹਿਕੇ ਵੀ ਵੱਖਰੀ ਹੋਂਦ ਰੱਖਾਂਗੇ ਤਾਂ ਭੇਦ ਰਹੇਗਾ। ਬੂੰਦ ਨੇ ਆਪਣੀ ਹੋਂਦ ਛੱਡ ਦਿੱਤੀ ਤਾਂ ਸਾਗਰ ਹੋ ਗਈ। ਜਦ ਤੱਕ ਬੂੰਦ ਸੀ ਤਾਂ ਸਾਗਰ ਸੀ। ਬੂੰਦ ਨਹੀਂ ਤਾਂ ਸਾਗਰ ਵੀ ਨਹੀਂ ਰਿਹਾ। ਬੂੰਦ ਸਾਗਰ ਹੋ ਗਈ। ਸਾਗਰ ਬੂੰਦ ਹੋ ਗਿਆ। ਬ੍ਰਹਮ ਦੀ ਹੋਂਦ ਵੀ ਤਦ ਤੱਕ ਹੀ ਹੈ ਜਦ ਤੱਕ ਅਸੀਂ ਹਾਂ। ਅਸੀਂ ਨਹੀਂ ਰਹੇ ਤਾਂ ਬ੍ਰਹਮ ਵੀ ਨਹੀਂ ਰਹੇਗਾ। ਭੇਦ ਅਭੇਦ ਹੋ ਜਾਵੇਗਾ। ਬ੍ਰਹਮ ਦੀ ਹੋਂਦ ਵਿਚ ਆਪਣੀ ਹੋਂਦ ਮਹਿਸੂਸ ਕਰਨਾ ਹੀ ਬ੍ਰਹਮ ਗਿਆਨ ਹੈ। ਸਭ ਪਾਸੇ ਬ੍ਰਹਮ ਹੀ ਬ੍ਰਹਮ ਮਹਿਸੂਸ ਕਰਨਾ ਹੀ ਬ੍ਰਹਮ ਗਿਆਨ ਹੈ।

ਤਨ ਦੀ ਹੋਂਦ ਹੈ ਤਾਂ ਖ਼ੁਦ ਹਾਂ।
ਮਨ ਦੀ ਹੋਂਦ ਹੈ ਤਾਂ ਖ਼ੁਦੀ ਹੈ।
ਦੋਵੇਂ ਹੀ ਮਿਟ ਗਏ ਤਾਂ ਖ਼ੁਦਾ ਹੈ।

ਜਿਸਨੇ ਤਨ ਦੀਆਂ ਕੰਧਾਂ 'ਚੋਂ ਬਾਹਰ ਝਾਕਿਆ ਹੈ, ਜਿਸਨੇ ਮਨ ਦੀਆਂ ਕੰਧਾਂ 'ਚੋਂ ਬਾਹਰ ਤਕਿਆ ਹੈ, ਉਹ ਕੈਦ ਨਹੀਂ ਰਹਿ ਸਕਿਆ। ਜੇ ਅਸਮਾਨ ਦੀ ਰੀਝ ਹੈ ਤਾਂ ਧਰਤੀ ਤੋਂ ਆਜ਼ਾਦ ਹੋਣਾ ਪਵੇਗਾ। ਜੇ ਪ੍ਰਭੂ ਪਾਉਣਾ ਹੈ ਤਾਂ ਮਾਰਗ ਛੱਡਣੇ ਪੈਣਗੇ। ਪੁਰਾਣੇ ਰਾਹ ਅਗਿਆਤ ਦੁਨੀਆਂ ਤੱਕ ਪਹੁੰਚਣ ਦੇ ਸਮਰੱਥ ਨਹੀਂ ਹੁੰਦੇ। ਜੇ ਭਾਲ ਹੈ ਤਾਂ ਕਿਸ਼ਤੀ ਸਮੁੰਦਰ ਵਿਚ ਠੇਲਣੀ ਪਏਗੀ। ਜੇ ਵਾਸਕੋਡੀਗਾਮਾ ਨੇ ਕਿਸ਼ਤੀ ਠੇਲੀ ਸੀ ਤਾਂ ਭਾਰਤ ਮਿਲਿਆ ਹੈ। ਜੇ ਵਿਛੀਆਂ ਲਾਈਨਾਂ 'ਤੇ ਹੀ ਚਲਦਾ ਰਹਿੰਦਾ ਤਾਂ ਪਹਿਲਾਂ ਤੋਂ ਨਿਰਧਾਰਿਤ ਸਟੇਸ਼ਨ ਹੀ ਆਉਂਦੇ ਅਤੇ ਨਾ ਚਾਹੁੰਦਿਆਂ ਵੀ ਉਧਰ ਨੂੰ ਹੀ ਮੁੜਦਾ ਜਿਧਰ ਲਾਈਨਾਂ ਜਾ ਰਹੀਆਂ ਸਨ। ਲਾਈਨਾਂ ਉੱਪਰ ਚੱਲ ਪਏ ਤਾਂ ਦਿਸ਼ਾ ਪਰਿਵਰਤਨ ਮੁਸ਼ਕਿਲ ਹੈ। ਭਗਤੀ ਦਾ ਮਾਰਗ ਵਿਛੀਆਂ ਲਾਈਨਾਂ ਦਾ ਮਾਰਗ ਨਹੀਂ, ਖੁੱਲ੍ਹੇ ਅਸਮਾਨ ਦਾ ਮਾਰਗ ਹੈ। ਧਰਤੀ ਨਾਲੋਂ ਟੁੱਟ ਜਾਣ ਦਾ ਮਾਰਗ ਹੈ। ਤਨ ਦੀਆਂ ਕੰਧਾਂ ਢਾਹੁਣ ਦਾ ਮਾਰਗ ਹੈ। ਮਨ ਦੀਆਂ ਕੰਧਾਂ ਹਟਾਉਣ ਦਾ ਮਾਰਗ ਹੈ।



ਜੇ ਮਨ ਦੀਆਂ ਕੰਧਾਂ ਹਟ ਗਈਆਂ ਤਾਂ ਮਨ ਸੱਚਾ ਹੋ ਗਿਆ।
ਜੇ ਤਨ ਦੀਆਂ ਕੰਧਾਂ ਹਟ ਗਈਆਂ ਤਾਂ ਤਨ ਸੱਚਾ ਹੋ ਗਿਆ।

ਮਨਿ ਸਾਚਾ ਮੁਖਿ ਸਾਚਾ ਸੋਇ ॥
ਅਵਰੁ ਨ ਪੇਖੈ ਏਕਸੁ ਬਿਨੁ ਕੋਇ ॥

ਦੋਵੇਂ ਮਿਟ ਗਈਆਂ ਤਾਂ ਖ਼ੁਦਾ ਮਿਲ ਗਿਆ। ਬੂੰਦ ਸਾਗਰ ਹੋ ਗਈ। ਭੇਦ ਅਭੇਦ ਹੋ ਗਿਆ। ਬ੍ਰਹਮ ਦਾ ਗਿਆਨ ਹੋ ਗਿਆ। ਸਭ ਪਾਸੇ ਬ੍ਰਹਮ ਹੀ ਬ੍ਰਹਮ ਨਜ਼ਰ ਆਉਣ ਲੱਗਾ। "ਕਹੁ ਭੀਖਨ ਦੁਇ ਨੈਨ ਸੰਤੋਖੇ ਜਹ ਦੇਖਾਂ ਤਹ ਸੋਈ ॥" ਅਤੇ ਇਹੀ ਲੱਛਣ ਹਨ: 'ਨਾਨਕ ਇਹ ਲੱਛਣ ਬ੍ਰਹਮ ਗਿਆਨੀ ਹੋਇ ॥'

ਬ੍ਰਹਮ ਗਿਆਨੀ ਸਦਾ ਨਿਰਲੇਪ ॥

ਦੁਨੀਆਂ ਸ਼ਹਿਦ ਦੀ ਮਟਕੀ ਹੈ। ਜਿਸਨੇ ਸੁਆਦ ਚੱਖ ਲਿਆ, ਇਸਦਾ ਹੀ ਹੋ ਗਿਆ। ਫਿਰ ਰਹਿਣਾ ਕਿੱਥੇ ਹੈ ? ਰਹਿਣਾ ਤਾਂ ਦੁਨੀਆਂ ਅੰਦਰ ਹੀ ਹੈ, ਪਰ ਨਿਰਲੇਪ। ਪਦਾਰਥ ਨੂੰ ਭੋਗਣਾ ਹੈ ਪਰ ਮੰਨ ਕੇ ਨਹੀਂ ਭੋਗਣਾ। ਗੋਪੀਆਂ ਨੇ ਦਰਬਾਸ਼ਾ ਰਿਸ਼ੀ ਨੂੰ ਭੋਜਣ ਛਕਾਉਣ ਜਾਣਾ ਸੀ। ਯਮੁਨਾ ਵਿਚ ਵਧੇਰੇ ਪਾਣੀ ਹੋਣ ਕਾਰਨ ਲੰਘਣਾ ਬਹੁਤ ਮੁਸ਼ਕਲ ਸੀ। ਕ੍ਰਿਸ਼ਨ ਜੀ ਨੂੰ ਬੇਨਤੀ ਕੀਤੀ। ਕਹਿੰਦੇ ਕਹਿਣਾ ਕਿ ਜੇ ਕ੍ਰਿਸ਼ਨ ਬਾਲ ਬ੍ਰਹਮਚਾਰੀ ਹੈ ਤਾਂ ਰਾਸਤਾ ਛੱਡ ਦੇਵੇ। ਬਚਪਨ ਤੋਂ ਗੋਪੀਆਂ ਵਿਚ ਵਿਚਰ ਰਹੇ ਸਨ ਪਰ ਬਾਲ ਬ੍ਰਹਮਚਾਰੀ। ਸੰਸਾ ਤਾਂ ਉੱਠਿਆ ਪਰ ਚਲੀਆਂ ਗਈਆਂ। ਕਿਹਾ ਤਾਂ ਰਾਸਤਾ ਮਿਲ ਗਿਆ। ਭੋਜਨ ਛਕਾਇਆ। ਯਮੁਨਾ ਪਾਰ ਕਰਨ ਲਈ ਦਰਬਾਸ਼ਾ ਰਿਸ਼ੀ ਕੋਲ ਬੇਨਤੀ ਕੀਤੀ। ਕਹਿੰਦੇ ਕਹਿਣਾ ਕਿ ਜੇ ਦਰਬਾਸ਼ਾ ਰਿਸ਼ੀ ਪੌਣਾ ਆਹਾਰੀ ਹੈ ਤਾਂ ਰਾਸਤਾ ਛੱਡ ਦੇਵੇ। ਫਿਰ ਸੰਸਾ ਕਿ ਹੁਣੇ ਭੋਜਨ ਛਕਿਆ ਤੇ ਪੌਣਾ ਆਹਾਰੀ। ਰਾਸਤਾ ਫਿਰ ਮਿਲ ਗਿਆ। ਆ ਤਾਂ ਗਈਆਂ। ਭਰਮ ਬਣ ਗਿਆ ਕਿ ਕ੍ਰਿਸ਼ਨ ਜੀ ਰਾਸ ਲੀਲਾ ਦੇ ਬਾਵਜੂਦ ਬਾਲ ਬ੍ਰਹਮਚਾਰੀ ? ਦਰਬਾਸ਼ਾ ਜੀ ਭੋਜਨ ਛਕਣ ਦੇ ਬਾਵਜੂਦ ਪੌਣਾ ਆਹਾਰੀ ? ਸ਼ੰਕਾ ਨਵਿਰਤ ਕਰਨ ਲਈ ਕ੍ਰਿਸ਼ਨ ਜੀ ਕੋਲ ਗਈਆਂ। ਕ੍ਰਿਸ਼ਨ ਜੀ ਕਹਿੰਦੇ ਕਿ ਜੋ ਬ੍ਰਹਮ ਗਿਆਨੀ ਹਨ ਪਦਾਰਥ ਨੂੰ ਮੰਨਕੇ ਨਹੀਂ ਭੋਗਦੇ। ਪਦਾਰਥ ਭੋਗਦਿਆਂ ਹੋਇਆ ਵੀ ਇਸਤੋਂ ਨਿਰਲੇਪ ਰਹਿੰਦੇ ਹਨ।

ਬ੍ਰਹਮ ਗਿਆਨੀ ਸਦਾ ਨਿਰਲੇਪ ॥
ਜੈਸੇ ਜਲ ਮਹਿ ਕਮਲ ਅਲੇਪ ॥

ਸ਼ਹਿਦ ਵਿਚ ਰਹਿੰਦਿਆਂ ਸ਼ਹਿਦ ਤੋਂ ਨਿਰਲੇਪ। ਪਾਣੀ ਵਿਚ ਰਹਿੰਦਿਆਂ ਪਾਣੀ ਤੋਂ ਅਭਿੱਜ। ਜੋ ਪਾਣੀ ਵਿਚ ਰਹਿੰਦਿਆਂ ਪਾਣੀ ਤੋਂ ਅਛੂਹ ਹੋ ਜਾਂਦਾ ਹੈ, ਕੰਵਲ ਹੋ ਜਾਂਦਾ ਹੈ। ਸੰਤ ਤੀਰਥ ਸਿੰਘ ਜੀ ਅਸਥਾਨ 'ਤੇ ਰਹਿ ਰਹੇ ਸਨ। ਬੇਅੰਤ ਮਾਇਆ ਆਉਂਦੀ ਪਰ ਨਿਰਲੇਪ ਰਹੇ। ਪਾਣੀ ਵਿਚ ਰਹਿ ਕੇ ਪਾਣੀ ਤੋਂ ਅਛੂਹ। ਅਮਰੀਕਾ ਤੋਂ ਇਕ ਅਮੀਰ ਸੇਵਕ ਆਇਆ, ਨਮਸ਼ਕਾਰ ਕੀਤੀ। ਬੈਠ ਗਿਆ। ਬੇਨਤੀ ਕੀਤੀ ਕਿ ਜੋ ਤੁਸੀਂ ਕਿਹਾ ਸੀ। ਕੰਮ ਹੋ ਗਿਆ। ਸੇਵਾ ਦੱਸੋ। ਮਾਇਆ ਦੱਸੋ ਕਿੰਨੀ। ਸੰਤ ਮੁਸਕਰਾ ਪਏ। ਗਿਆਨ ਅਧੂਰਾ ਹੁੰਦਾ ਤਾਂ ਅੱਖਾਂ ਚਮਕ ਉੱਠਦੀਆਂ। ਚਿਹਰਾ ਖਿਲ ਉੱਠਦਾ। ਲਛਮੀ ਦਾ ਸੁਆਗਤ ਉੱਠਕੇ ਕਰਦੇ। ਗਿਆਨ ਸੀ ਕਿ ਮਾਇਆ-"ਕਹੁ ਕਬੀਰ ਸੰਤਨ ਕੀ ਬੈਰਨਿ ਤੀਨਿ ਲੋਕ ਕੀ ਪਿਆਰੀ", ਅੱਖਾਂ ਚਮਕੀਆਂ ਨਹੀਂ। ਚਿਹਰਾ ਖਿਲਿਆ ਨਹੀਂ। ਮੁਸਕਰਾ ਪਏ। ਹੱਸੇ ਮਾਇਆ 'ਤੇ ਨਹੀਂ ਉਸ ਆਦਮੀ 'ਤੇ ਹੱਸੇ। ਸਵਾਲ ਵਿਚਲੇ ਬਚਪਨੇ 'ਤੇ ਹੱਸੇ ਕਿ ਜਿਸ ਸਾਗਰ 'ਚੋਂ ਬਾਲਟੀ ਲਈ। ਬੂੰਦਾਂ ਵਾਪਸ ਕਰਨ ਆਇਆ। ਗੁਰੂ ਨਾਨਕ ਨੇ ਮਾਇਆ ਬਖ਼ਸ਼ ਦਿੱਤੀ ਤਾਂ ਉਸਦੇ ਦਰ 'ਤੇ ਪੁੱਛ ਰਿਹਾ ਕਿੰਨੀ ਵਾਪਸ ਕਰਾਂ। ਕਹਿੰਦੇ ਇਹ ਗੁਰੂ ਨਾਨਕ ਦਾ ਦਰ ਹੈ। ਅਸੀਂ ਪੈਸੇ ਕੀ ਕਰਾਂਗੇ। ਉਹ ਆਪਣੇ ਕੰਮ ਆਪ ਕਰਵਾ ਲੈਂਦਾ ਹੈ। ਜਵਾਬ ਸੁਣਿਆ ਤਾਂ ਝਿਜਕ ਗਿਆ। ਰਤੀ ਭਰ ਸੋਚਿਆ। ਫਿਰ ਜਤਨ ਕੀਤੇ ਪਰ ਨਿਸਫਲ। ਸੰਤਾਂ ਨੇ ਤਾਂ ਪੈਸਿਆਂ ਵੱਲ ਅੱਖ ਨਾ ਚੁੱਕੀ। ਸ਼ਹਿਦ ਵਿਚ ਰਹਿ ਕੇ ਸ਼ਹਿਦ ਤੋਂ ਨਿਰਲੇਪਤਾ। ਪਾਣੀ ਵਿਚ ਰਹਿ ਕੇ ਪਾਣੀ ਤੋਂ ਆਲੇਪ ਹੁੰਦਾ ਹੈ ਬ੍ਰਹਮਗਿਆਨੀ।

ਬ੍ਰਹਮ ਗਿਆਨੀ ਸਦਾ ਨਿਰਦੋਖ ॥

ਕਿਸੇ ਵੀ ਪਦਾਰਥ ਵਿਚ ਵਾਸ਼ਨਾ ਦਾ ਨਾ ਜਾਗਣਾ ਵੈਰਾਗ ਦੀ ਹੱਦ ਹੈ। ਜੋ ਬੀਤ ਗਿਆ ਉਸ ਵਿਚ ਬਿਰਤੀ ਨਾ ਜਾਣੀ ਉਪਰਾਮਤਾ ਦੀ ਹੱਦ ਹੈ। ਕਿਸੇ ਹਾਲ ਵਿਚ ਹੰਕਾਰ, ਮਾਣ ਜਾਂ ਵਡਿਆਈ ਨਾ ਜਾਗਣਾ ਗਿਆਨ ਦੀ ਹੱਦ ਹੈ। ਦੋਸ਼ ਕੀ ਹੈ-ਵਾਸ਼ਨਾ। ਦੋਸ਼ ਕੀ ਹੈ-ਬਿਰਤੀਆਂ ਵਿਚ ਲੀਨਤਾ। ਦੋਸ਼ ਕੀ ਹੈ-ਮਾਣ, ਵਡਿਆਈ, ਹੰਕਾਰ। ਸੰਤ ਬਾਬਾ ਤੀਰਥ ਸਿੰਘ ਜੀ ਸਭ ਦੋਸ਼ਾਂ ਤੋਂ ਰਹਿਤ ਸਨ। ਪੂਰਨ ਬ੍ਰਹਮ ਗਿਆਨੀ। ਪੂਰਨ ਵੈਰਾਗੀ। ਹਿਰਦੇ ਵਿਚ ਪੂਰਨ ਉਪਰਾਮਤਾ। ਦੋਸ਼ ਨਾ ਖ਼ੁਦ ਵਿਚ ਸੀ। ਨਾ ਅਗਲੇ ਵਿਚ ਵੇਖਦੇ। ਆਤਮ ਤੱਤਵ ਹੀ ਪਛਾਣਦੇ। ਪੰਜ ਤੱਤਵ ਨੂੰ ਨਹੀਂ।



ਰਾਜਾ ਜਨਕ ਨੇ ਧਰਮ ਸਭਾ ਬੁਲਾਈ। ਦੂਰੋਂ ਦੂਰੋਂ ਬੜੇ ਬੜੇ ਪੰਡਤ ਆਏ। ਉਸ ਵਿਚ ਅਸ਼ਟਾਵੱਕਰ ਦੇ ਪਿਤਾ ਵੀ ਗਏ। ਅਸ਼ਟਾਵੱਕਰ ਅੱਠ ਥਾਵਾਂ ਤੋਂ ਵਿੰਗਾ ਸੀ, ਇਸੇ ਲਈ ਤਾਂ ਨਾਮ ਪਿਆ ਅਸ਼ਟਾਵੱਕਰ। ਦੁਪਹਿਰ ਹੋ ਗਈ। ਅਸ਼ਟਾਵੱਕਰ ਦੀ ਮਾਂ ਨੇ ਕਿਹਾ, "ਤੇਰੇ ਪਿਤਾ ਜੀ ਮੁੜੇ ਨਹੀਂ, ਭੁੱਖ ਲੱਗ ਰਹੀ ਹੋਵੇਗੀ, ਤੂੰ ਜਾ ਕੇ ਉਹਨਾਂ ਨੂੰ ਸੱਦ ਲਿਆ।"

ਧਰਮ ਸਭਾ ਚਲ ਰਹੀ ਸੀ। ਅਸ਼ਟਾਵੱਕਰ ਅੰਦਰ ਗਿਆ। ਉਸਨੂੰ ਅੱਠ ਥਾਵਾਂ ਤੋਂ ਵਿੰਗਾ ਵੇਖਕੇ ਸਭ ਵਿਦਵਾਨ ਪੰਡਿਤ ਹੱਸਣ ਲੱਗੇ। ਬਿਲਕੁਲ ਹਾਸੋਹੀਣਾ। ਇੰਨੀਆਂ ਥਾਵਾਂ ਤੋਂ ਵਿੰਗਾ ਬੰਦਾ ਤਾਂ ਵੇਖਿਆ ਹੀ ਨਹੀਂ ਸੀ। ਏਥੋਂ ਤੱਕ ਕਿ ਰਾਜਾ ਜਨਕ ਨੂੰ ਵੀ ਹਾਸਾ ਆ ਗਿਆ। ਅਸ਼ਟਾਵੱਕਰ ਨੇ ਸਭ ਕੁਝ ਵੇਖਿਆ ਤਾਂ ਦਰਬਾਰ ਵਿਚ ਖੜ੍ਹਕੇ ਉੱਚੀ ਉੱਚੀ ਹੱਸਣ ਲੱਗਾ। ਸਭ ਚੁੱਪ ਹੋ ਗਏ ਕਿ ਕਰੂਪ ਕਿਉਂ ਹੱਸ ਰਿਹਾ। ਰਾਜਾ ਜਨਕ ਨੇ ਪੁੱਛਿਆ ਕਿ ਬਾਕੀ ਸਭ ਕਿਉਂ ਹਸ ਰਹੇ ਸਨ "ਮੈਂ ਜਾਣਦਾ ਹਾਂ, ਪਰ ਤੇਰੇ ਹੱਸਣ ਵਿਚ ਕੀ ਭੇਤ ਹੈ ? ਅਸ਼ਟਾਵੱਕਰ ਨੇ ਕਿਹਾ, ਇਹ ਚੰਮ ਦੇ ਵਿਉਪਾਰੀ ਏਥੇ ਬੈਠੇ ਕੀ ਕਰ ਰਹੇ ਹਨ। ਜੋ ਮੇਰੀ ਵਿੰਗੀ ਟੇਢੀ ਚਮੜੀ ਤਾਂ ਵੇਖ ਰਹੇ ਹਨ ਪਰ ਮੇਰੀ ਆਤਮਾ ਵਿਖਾਈ ਨਹੀਂ ਦਿੰਦੀ। ਜੋ ਸਾਫ ਅਤੇ ਸਿੱਧੀ ਹੈ। ਇਕ ਵੀ ਵੱਲ ਨਹੀਂ।" ਸਭ ਚੁੱਪ ਹੋ ਗਏ। ਕਹਿੰਦੇ ਹਨ, ਰਾਜਾ ਜਨਕ ਨੇ ਉੱਠਕੇ ਅਸ਼ਟਾਵੱਕਰ ਦੇ ਪੈਰ ਛੋਹੇ ਅਤੇ ਕਿਹਾ ਕਿ ਮੈਨੂੰ ਉਪਦੇਸ਼ ਦਿਓ। ਇਸ ਤਰ੍ਹਾਂ ਅਸ਼ਟਾਵੱਕਰ ਗੀਤਾ ਦਾ ਜਨਮ ਹੋਇਆ। ਅਸ਼ਟਾਵੱਕਰ ਸਿੱਧਾ ਸੀ। ਅਸਲ ਵਿਚ ਉਹ ਆਪ ਵਿੰਗੇ ਟੇਢੇ ਸਨ। ਵਿੰਗੇ ਟੇਢੇ ਕਦੋਂ ਹੁੰਦੇ ਹਾਂ ਜਦ ਅਪੂਰਨ ਹੁੰਦੇ ਹਾਂ। ਪੂਰਨਤਾ ਤਾਂ ਸੂਰਜ ਵਾਂਗਰ ਗੋਲ ਕਰ ਦਿੰਦੀ ਹੈ।

ਬ੍ਰਹਮ ਗਿਆਨੀ ਸਦਾ ਨਿਰਦੋਖ ॥
ਜੈਸੇ ਸੂਰੁ ਸਰਬ ਕਉ ਸੋਖ ॥

ਹਨੇਰ ਖ਼ਤਮ ਹੋ ਜਾਂਦਾ ਹੈ ਜਦ ਰੌਸ਼ਨ ਹੋ ਜਾਂਦੇ ਹਾਂ। ਦੋਸ਼ ਰਹਿਤ ਹੋ ਜਾਂਦੇ ਹਾਂ। ਸੂਰਜ ਅੰਦਰ ਹਨੇਰ ਲਈ ਕਿਤੇ ਥਾਂ ਹੀ ਨਹੀਂ ਹੁੰਦੀ। ਏਨੀ ਰੌਸ਼ਨੀ ਕਿ ਹਨੇਰ ਟਿਕ ਹੀ ਨਹੀਂ ਸਕਦਾ। ਨਾ ਆਪਣੇ ਉੱਤੇ ਅਤੇ ਨਾ ਜੋ ਸਾਹਮਣੇ ਆ ਜਾਵੇ ਉਸ ਉੱਤੇ। ਸਭ ਨੂੰ ਰੋਸ਼ਨ ਕਰ ਦਿੰਦਾ ਹੈ। ਬਿਨਾਂ ਭੇਦ ਭਾਵ ਦੇ। ਐਸਾ ਹੀ ਬ੍ਰਹਮ ਗਿਆਨੀ ਹੈ। ਭੇਦ ਭਾਵ ਤੋਂ ਰਹਿਤ।

ਬ੍ਰਹਮ ਗਿਆਨੀ ਕੈ ਦ੍ਰਿਸਟਿ ਸਮਾਨਿ ॥

ਸੰਤ ਬਾਬਾ ਤੀਰਥ ਸਿੰਘ ਜੀ ਨੇ, ਜੋ ਮਾਇਆ ਦੇਣ ਆਇਆ ਉਸਦਾ ਵੀ ਓਨਾ ਹੀ ਸਤਿਕਾਰ ਕੀਤਾ ਜਿੰਨਾ ਮੰਗਣ ਆਏ ਦਾ ਕਰਦੇ ਸਨ। ਸੰਤਾਂ ਨੂੰ ਆਤਮ ਤਤ ਦੀ ਪਹਿਚਾਣ ਸੀ। ਅੰਦਰਲੀ ਸੁਹਜਤਾ ਦਿਸਦੀ ਸੀ। ਬਾਹਰਲਾ ਕੋਹਜਾਪਨ ਨਹੀਂ। ਅਸੀਂ ਬਾਹਰੋਂ ਸਿੱਧੇ ਹਾਂ ਪਰ ਅੰਦਰੋਂ ਵਿੰਗੇ ਟੇਢੇ ਹਾਂ। ਪ੍ਰਮਾਤਮਾ ਸਭ ਵਿਚ ਹੈ ਅਤੇ ਬ੍ਰਹਮ ਗਿਆਨੀ ਸਭ ਵਿਚ ਇਕੋ ਪ੍ਰਮਾਤਮਾ ਹੀ ਵੇਖਦਾ ਹੈ।

ਬ੍ਰਹਮ ਗਿਆਨੀ ਕੈ ਦ੍ਰਿਸਟਿ ਸਮਾਨਿ ॥
ਜੈਸੇ ਰਾਜ ਰੰਕ ਕਉ ਲਾਗੈ ਤੁਲਿ ਪਵਾਨ ॥

ਜੇ ਕੋਈ ਵੱਡਾ ਹੈ ਤਾਂ ਕਿਉਂ ਵੱਡਾ ਹੈ। ਜੇ ਕੋਈ ਛੋਟਾ ਹੈ ਤਾਂ ਕਿਉਂ ਛੋਟਾ ਹੈ। ਸਭ ਪ੍ਰਮਾਤਮਾ ਕਰਕੇ। ਕੈਪਟਨ ਕੰਵਲਜੀਤ ਸਿੰਘ ਖਜ਼ਾਨਾ ਮੰਤਰੀ ਪੰਜਾਬ ਆਇਆ। ਬੀਬੀ ਮਹਿੰਦਰ ਕੌਰ ਜੋਸ਼ ਐਮ.ਐਲ.ਏ. ਆਈ। ਸ. ਗੁਰਬਿੰਦਰ ਸਿੰਘ ਅਟਵਾਲ ਐਮ.ਐਲ.ਏ. ਆਇਆ। ਸ. ਦੀਦਾਰ ਸਿੰਘ ਬੈਂਸ ਉੱਘਾ ਅਮਰੀਕਨ ਪੰਜਾਬੀ ਵਪਾਰੀ ਆਇਆ। ਸਭ ਦਰੀ 'ਤੇ ਬਿਠਾਏ। ਲੰਗਰ, ਚਾਹ ਛਕਾਈ ਗਈ। ਓਹੀ ਦਰੀ ਜਿੱਥੇ ਆਮ ਸੇਵਕ ਬਹਿੰਦੇ ਸਨ। ਸਭ ਨਾਲ ਇਕ ਸਮਾਨ ਵਿਵਹਾਰ, ਬਿਲਕੁੱਲ ਹਵਾ ਵਾਂਗ। ਪਾਪੀ ਨੂੰ ਵੀ ਠੰਡਕ, ਪੁੰਨੀ ਨੂੰ ਵੀ ਠੰਡਕ। ਰਾਜੇ ਨੂੰ ਵੀ ਠੰਡਕ ਰੰਕ ਨੂੰ ਵੀ ਠੰਡਕ। ਸਭ ਲਈ ਇਕੋ ਹੀ ਦ੍ਰਿਸ਼ਟੀ ਕੋਈ ਵਿਤਕਰਾ ਨਹੀਂ। ਕੋਈ ਭੇਦ ਭਾਵ ਨਹੀਂ।

ਬ੍ਰਹਮ ਗਿਆਨੀ ਕੈ ਧੀਰਜੁ ਏਕ ॥

ਮਨ ਸੰਸਾਰਕ ਵਲਗਣਾ ਦਾ ਘਰ ਹੈ। ਇਸ ਤਲਿਸਮ ਅੰਦਰ ਵਿਕਾਰ ਸਮਾ ਜਾਂਦੇ ਹਨ। ਜੋ ਇਸਨੂੰ ਭੰਨ ਲੈਂਦਾ ਹੈ ਪ੍ਰਭੂ ਦੇ ਦੁਆਰ 'ਤੇ ਪ੍ਰਗਟ ਹੋ ਜਾਂਦਾ ਹੈ। ਬ੍ਰਹਮ ਗਿਆਨੀ ਹੋ ਜਾਂਦਾ ਹੈ। ਜਦ ਮਨ ਹੀ ਨਹੀਂ ਰਿਹਾ। ਫੁੱਲਾਂ ਦੀ ਬਰਖਾ ਦਾ ਕੀ ਸੁੱਖ। ਕੰਢਿਆਂ ਦੀਆਂ ਚੋਭਾਂ ਦਾ ਕੀ ਦੁੱਖ। ਨਾ ਤਨ ਕਰਕੇ ਦੁੱਖ ਹੁੰਦਾ ਹੈ। ਨਾ ਮਨ ਕਰਕੇ ਦੁੱਖ ਹੁੰਦਾ ਹੈ। ਧੀਰਜ ਇਕ ਹੋ ਜਾਂਦਾ ਹੈ।

ਬ੍ਰਹਮ ਗਿਆਨੀ ਕੈ ਧੀਰਜੁ ਏਕ ॥
ਜਿਉ ਬਸੁਧਾ ਕੋਊ ਖੋਦੈ ਕੋਊ ਚੰਦਨ ਲੇਪ ॥

ਅੰਤ ਧਰਤੀ ਹੀ ਸਹਾਰਾ ਬਣਦੀ ਹੈ। ਜੋ ਪੈਰਾਂ ਥੱਲੇ ਰੌਂਦਦਾ ਰਿਹਾ ਉਸ ਲਈ ਵੀ। ਜਿਸਨੇ ਪੂਜਾ ਕੀਤੀ ਉਸ ਲਈ ਵੀ। ਸੰਤ ਬਾਬਾ ਤੀਰਥ ਸਿੰਘ ਜੀ ਦਾ ਧਰਤੀ ਵਰਗਾ ਧੀਰਜ ਸੀ। ਕੋਈ ਮਾਣ ਸਤਿਕਾਰ ਕਰਦਾ ਤਾਂ ਖੁਸ਼ੀ ਨਹੀਂ, ਕੋਈ



ਅਪਮਾਨ ਕਰਦਾ ਤਾਂ ਗ਼ਮ ਨਹੀਂ। ਜਦ ਮਨ ਦਾ ਤਲਿਸਮ ਹੀ ਨਹੀਂ ਰਿਹਾ ਤਾਂ ਮਾਨ ਅਪਮਾਨ ਦੀ ਪਰਿਭਾਸ਼ਾ ਵੀ ਨਹੀਂ ਰਹਿੰਦੀ।

ਪਿੰਡ ਸਾਰੋਬਾਦ ਤੋਂ ਬੀਬੀ ਛੱਲੋ। ਪਰਿਵਾਰਕ ਉਲਝਣਾ ਕਾਰਨ ਅਸ਼ਾਂਤ। ਉਲਝਣਾ ਪਹਿਲਾਂ ਸ਼ਾਂਤ ਤੋਂ ਅਸ਼ਾਂਤ ਕਰ ਦਿੱਤਾ। ਫਿਰ ਅਸ਼ਾਂਤ ਤੋਂ ਝੱਲੇ ਅਤੇ ਝੱਲਿਆਂ ਤੋਂ ਪਾਗਲ ਹੋ ਗਈ। ਦੂਜਿਆਂ ਲਈ ਪਾਗਲ ਖ਼ੁਦ ਲਈ ਮਸਤਾਨੀ। ਆਪਣੀ ਹੀ ਮਸਤੀ ਅੰਦਰ ਫਿਰਦੇ ਰਹਿਣਾ। ਮਸਤਾਨੀ ਕਿਉਂਕਿ ਦੁਨੀਆਂ ਦੀ ਪ੍ਰਵਾਹ ਨਹੀਂ। ਜੋ ਮਨ ਨੇ ਕਿਹਾ ਉਹ ਕਰਨਾ। ਜੋ ਮੂੰਹ ਵਿਚ ਆਇਆ ਉਹ ਬੋਲਣਾ। ਸੰਤਾਂ ਦੇ ਚਿੱਟਾ ਚੋਲਾ ਪਾਇਆ ਵੇਖਣਾ ਤਾਂ ਬੋਲਣ ਲੱਗ ਪੈਣਾ ਕਿ ਚਿੱਟਾ ਕੁਕੜ ਬਣਕੇ ਬੈਠਾ ਹੈ। ਕੋਈ ਅਗਿਆਨੀ ਹੋਵੇ ਤਾਂ ਸੰਗਤ ਸਾਹਮਣੇ ਹੱਤਕ ਮਹਿਸੂਸ ਕਰੇ। ਪਰ ਪੂਰਨ ਬ੍ਰਹਮ ਗਿਆਨੀ-ਖਿੜ ਖਿੜਾ ਕੇ ਹੱਸ ਪੈਣਾ। ਸੇਵਕਾਂ ਨੂੰ ਕਹਿਣਾ ਬੀਬੀ ਨੂੰ ਚਾਹ ਛਕਾਓ। ਇਕ ਦਿਨ ਇਸੇ ਤਰ੍ਹਾਂ ਚਾਹ ਛਕਾਈ ਤਾਂ ਕੱਪ ਚੁਕਕੇ ਸੰਤਾਂ ਮੂਹਰੇ ਮਾਰਿਆ। ਅਖੇ ਤੂੰ ਆਪ ਗਿਲਾਸ ਵਿਚ ਪੀਂਦਾ ਏ ਤੇ ਮੈਨੂੰ ਕੱਪ। ਸੰਤ ਬਹੁਤ ਹੱਸੇ। ਕਿਉਂਕਿ-ਧਰਤੀ ਸਨ, ਸੂਰਜ ਸਨ। ਉੱਠੇ ਅਤੇ ਆਪਣਾ ਗਿਲਾਸ ਬੀਬੀ ਛੱਲੋ ਨੂੰ ਫੜਾ ਦਿੱਤਾ। ਬੀਬੀ ਕਹੇ ਕਿ ਵੇਖਿਆ ਸੰਤ ਡਰਾ ਦਿੱਤਾ। ਸੰਤ ਹੋਰ ਖੁਸ਼। ਇਹੀ ਗਿਆਨ ਦੀ ਸੀਮਾ ਹੈ। ਕੋਈ ਅਪਸ਼ਬਦ ਬੋਲਦਾ, ਕੋਈ ਹਿੰਸਾ ਕਰਦਾ ਤਾਂ ਸ਼ਾਤ ਰਹੋ, ਅਹਿੰਸਕ ਰਹੋ। ਤਿੰਨ ਤਰ੍ਹਾਂ ਦੀ ਹਿੰਸਾ ਹੁੰਦੀ ਹੈ-ਤਨ ਦੀ ਹਿੰਸਾ, ਮਨ ਦੀ ਹਿੰਸਾ ਅਤੇ ਬਾਣੀ ਦੀ ਹਿੰਸਾ। ਕੋਈ ਵੀ ਹਿੰਸਾ ਸਰੀਰ ਅੰਦਰ ਪ੍ਰਵੇਸ਼ ਨਾ ਕਰਨਾ ਹੀ ਪੂਰਨਤਾ ਹੈ। ਜੇ ਪੂਰਨਤਾ ਹੈ ਤਾਂ ਧਰਤੀ ਵਾਂਗ ਖੋਦਣਾ ਵੀ ਇਕ ਸਮਾਨ ਅਤੇ ਚੰਦਨ ਦਾ ਲੇਪ ਲਾਉਣਾ ਵੀ ਇਕ ਸਮਾਨ।

ਬ੍ਰਹਮ ਗਿਆਨੀ ਕਾ ਇਹੈ ਗੁਨਾਉ ॥

ਪੰਜ ਤੱਤ ਹਨ-ਹਵਾ, ਪਾਣੀ, ਅਗਨੀ, ਧਰਤੀ, ਆਕਾਸ਼। ਹਰ ਦਾ ਆਪਣਾ ਆਪਣਾ ਗੁਣ ਹੈ। ਪਾਣੀ- ਸ਼ੀਤਲਤਾ ਦਿੰਦਾ ਹੈ। ਹਵਾ-ਠੰਡਕ ਦਿੰਦੀ ਹੈ। ਅਗਨੀ-ਤਪਸ਼ ਦਿੰਦੀ ਹੈ।

ਸਭ ਵਿਚ ਗੁਣ ਹਨ। ਪੰਜਾਂ ਤੱਤਾਂ ਦੀ ਉਪਜ ਹੈ-ਇਨਸਾਨ। ਆਦਮੀ ਵਿਚ ਵੀ ਸਭ ਗੁਣ ਹਨ। ਫ਼ਰਕ ਵਰਤੋਂ ਵਿਚ ਹੈ। ਜਿਸਨੂੰ ਠੰਡਕ ਦੀ ਲੋੜ ਹੈ ਉਸਨੂੰ ਤਪਸ਼ ਦੇ ਦਿੰਦੇ ਹਾਂ। ਜਿਸਨੂੰ ਜ਼ਮੀਨ ਦੀ ਲੋੜ ਹੈ ਉਸਨੂੰ ਅਸਮਾਨ ਦੇ ਦਿੰਦੇ ਹਾਂ। ਇਹ ਅਧੂਰਾਪਨ ਹੈ। ਜੋ ਛੇਵੇਂ ਤੱਤ ਯਾਨੀ ਕਿ ਪ੍ਰਮਾਤਮਾ ਵਿਚ ਸਮਾ ਕੇ ਪੂਰਾ

ਹੁੰਦਾ ਹੈ। ਬ੍ਰਹਮ ਗਿਆਨੀ ਵਿਚ ਸਭ ਗੁਣ ਹੁੰਦੇ ਹਨ। ਵਰਤੋਂ ਸਹੀ ਕਰਨ ਦਾ ਗਿਆਨ ਵੀ।

ਬ੍ਰਹਮ ਗਿਆਨੀ ਕਾ ਇਹੈ ਗੁਨਾਉ ॥
ਨਾਨਕ ਜਿਉ ਪਾਵਕ ਕਾ ਸਹਜ ਸੁਭਾਉ ॥

ਅਗਨੀ ਦਾ ਸੁਭਾਅ ਹੈ ਸਾੜਨਾ। ਇਹ ਵਿਸ਼ੇਸ਼ ਨਹੀਂ ਹੈ ਸਹਿਜ ਹੈ। ਵਿਸ਼ੇਸ਼ ਕਿਉਂ ਨਹੀਂ? ਅਗਨੀ ਕਿਸੇ ਨੂੰ ਚੁਣ ਕੇ ਨਹੀਂ ਸਾੜਦੀ। ਸਭ ਨੂੰ ਤਪਸ਼ ਦਿੰਦੀ ਹੈ। ਇਹ ਸਹਿਜਤਾ ਹੈ। ਇਕ ਨੂੰ ਸਾੜ ਦੇਣਾ ਦੂਜੇ ਨੂੰ ਛੱਡ ਦੇਣਾ। ਇਹ ਵਿਸ਼ੇਸ਼ਤਾ ਹੈ। ਬ੍ਰਹਮ ਗਿਆਨੀ ਵੀ ਸਹਿਜ ਹੈ। ਜੋ ਅਰਜ਼ ਕਰਦਾ ਹੈ ਬੇਸ਼ੱਕ ਉਹ ਪੁੰਨੀ ਹੋਏ ਜਾਂ ਪਾਪੀ, ਉਸਦੇ ਬੁਰੇ ਕਰਮ ਸੜ ਜਾਂਦੇ ਹਨ। ਬੁਰੇ ਪ੍ਰਾਲਬਧ ਨਸ਼ਟ ਹੋ ਜਾਂਦੇ ਹਨ।

ਪਿੰਡ ਕਾਠੇ ਅਧਿਕਾਰੇ ਤੋਂ ਚਰਨ ਸਿੰਘ। ਕੈਂਸਰ ਦਾ ਮਰੀਜ। ਐਸਾ ਕੈਂਸਰ ਕਿ ਤੜਫਣ ਹੀ ਤੜਫਣ। ਦਰਦ ਹੀ ਦਰਦ। ਜਲਨ ਹੀ ਜਲਨ। ਏਨੀ ਤਕਲੀਫ਼ ਕਿ ਵਿਲਕਦਾ ਵੇਖ ਨਾ ਹੋਵੇ। ਬੜੇ ਬੜੇ ਡਾਕਟਰ। ਬੜੇ ਬੜੇ ਹਸਪਤਾਲ। ਮਹਿੰਗੀਆਂ ਮਹਿੰਗੀਆਂ ਦਵਾਈਆਂ। ਕੁਝ ਪਲ ਵੀ ਆਰਾਮ ਨਹੀਂ। ਜਦ ਸੰਤਾਂ ਕੋਲ ਆ ਜਾਣਾ ਤਾਂ ਸ਼ਾਂਤ। ਕਿਉਂਕਿ ਪ੍ਰਾਲਬਧ ਅਕਿਰਿਆਸ਼ੀਲ ਹੋ ਜਾਂਦੇ। ਘਰ ਜਾਣਾ 'ਤੇ ਤੜਪ। ਸੰਤਾਂ ਨੇ ਏਥੇ ਹੀ ਰੱਖ ਲਿਆ। ਘਰ ਪਰਿਵਾਰ ਕਹੇ ਕਿ ਹਸਪਤਾਲ ਚਲ। ਚਰਨ ਸਿੰਘ ਕਹੇ ਕਿ ਸੰਤਾਂ ਕੋਲ ਰਹਿਣਾ ਹੈ। ਜਿੱਥੇ ਆਰਾਮ ਮਿਲੇ ਉਹੀ ਹਸਪਤਾਲ ਹੈ। ਚੈਨ ਤੋਂ ਵਧ ਆਰਾਮ ਕੀ ਹੋ ਸਕਦਾ ਹੈ। ਘਰਦੇ ਕਹਿਣ ਕਿ ਹਸਪਤਾਲ ਭੇਜੋ। ਸੰਤ ਕਹਿਣ ਕਿ ਭਲੀ ਤਾਂ ਗੁਰੂ ਨਾਨਕ ਨੇ ਹੀ ਕਰਨੀ ਹੈ। ਜਿੱਥੇ ਇਸਨੂੰ ਸੁੱਖ ਮਿਲਦਾ ਹੈ, ਉੱਥੇ ਰਹਿਣ ਦੇਵੋ। ਸੰਤ ਤਾਂ ਇਸਦੇ ਪਾਪ ਸਾੜ ਰਹੇ ਸਨ ਕਿ ਸੜ ਜਾਣ ਤਾਂ ਨਵਾਂ ਜਨਮ ਦੇ ਦੇਈਏ। ਚਰਨ ਸਿੰਘ ਸੰਤਾਂ ਕੋਲ ਬੇਨਤੀ ਕਰੇ ਕਿ ਮੈਨੂੰ ਮੁਕਤੀ ਦੇਵੋ। ਲੁਧਿਆਣੇ ਤੱਕ ਹਸਪਤਾਲ ਤਾਂ ਜਵਾਬ ਦੇ ਚੁੱਕੇ ਸਨ। ਦੁੱਖ ਝੱਲਣ ਦੀ ਵੀ ਸੀਮਾ ਹੈ। ਆਮ ਮਨੁੱਖ ਲਈ ਉਸਤੋਂ ਵੱਧ ਮੌਤ ਹੈ। ਜੋ ਇਹ ਮੰਗ ਰਿਹਾ ਸੀ। ਸੰਤ ਜੀ ਇਸਦੇ ਪ੍ਰਾਲਬਧ ਲਈ ਉਚੇਚਾ ਤਪ ਕਰਦੇ। ਸਰੀਰ ਲਈ ਅੰਮ੍ਰਿਤ ਭੇਜਦੇ ਕਿ ਚੈਨ ਬਣਿਆ ਰਹੇ। ਇਸਨੂੰ ਸਕੂਨ ਰਹਿੰਦਾ। ਪਰਿਵਾਰ ਨਾਲ ਪ੍ਰੇਮ ਸੀ। ਪਰਿਵਾਰ 'ਤੇ ਬਹੁਤ ਔਖਾ ਸਮਾ ਚਲ ਰਿਹਾ ਸੀ। ਸੰਤ ਆਪਣੇ 'ਤੇ ਝੱਲ ਗਏ। ਪਾਪ ਨਸ਼ਟ ਕਰਕੇ ਇਸਨੂੰ ਮੁਕਤੀ ਦੇ ਦਿੱਤੀ। ਹੱਥੀਂ ਸੰਸਕਾਰ ਕੀਤਾ। ਜਦ ਬੀਬੀ



ਜੀਤ ਕੌਰ (ਪਤਨੀ) ਨੇ ਇਹ ਪ੍ਰਸੰਗ ਦੱਸਿਆ ਤਾਂ ਸੰਤਾਂ ਨੂੰ ਯਾਦ ਕਰਕੇ ਅੱਖਾਂ ਭਰ ਲਈਆਂ ਕਿ ਜੋ ਨੇਕੀ ਸੰਤਾਂ ਨੇ ਕੀਤੀ ਹੈ, ਜੋ ਪਰਉਪਕਾਰ ਸਾਡੇ ਉੱਤੇ ਕੀਤਾ ਅਸੀਂ ਸਾਰੀ ਉਮਰ ਦੇਣ ਨਹੀਂ ਦੇ ਸਕਦੇ।

ਬ੍ਰਹਮ ਗਿਆਨੀ ਨਿਰਮਲ ਤੇ ਨਿਰਮਲਾ ॥

ਜੋ ਮੈਲ ਰਹਿਤ ਹੋਵੇ ਉਹ ਨਿਰਮਲ ਹੁੰਦਾ ਹੈ। ਜਿਸ ਕਰਕੇ ਦੂਜਿਆਂ ਦੀ ਮੈਲ ਵੀ ਉੱਤਰ ਜਾਵੇ ਉਹ ਨਿਰਮਲ ਤੋਂ ਵੀ ਨਿਰਮਲ ਹੁੰਦਾ ਹੈ। ਕਾਲਖ਼ ਭਰੇ ਕੱਪੜੇ ਨਾਲ ਚਿੱਟੀ ਵਸਤ ਵੀ ਗੰਦੀ ਹੋ ਜਾਵੇਗੀ। ਚਿੱਟਾ ਕੱਪੜਾ ਨਿਰਮਲ ਹੈ। ਗੰਦੀ ਵਸਤ ਸਾਫ਼ ਤਾਂ ਕਰ ਦੇਵੇਗਾ, ਖ਼ੁਦ ਮੈਲਾ ਹੋ ਜਾਵੇਗਾ। ਬ੍ਰਹਮ ਗਿਆਨੀ ਨਿਰਮਲ ਤੋਂ ਵੀ ਨਿਰਮਲ ਹੈ। ਮੈਲੀ ਵਸਤ ਵੀ ਸਾਫ਼ ਹੋ ਜਾਂਦੀ ਹੈ ਅਤੇ ਖ਼ੁਦ ਨੂੰ ਕਾਲਖ਼ ਵੀ ਨਹੀਂ ਲੱਗਦੀ।

ਬ੍ਰਹਮ ਗਿਆਨੀ ਨਿਰਮਲ ਤੇ ਨਿਰਮਲਾ ॥
ਜੈਸੇ ਮੈਲੁ ਨ ਲਾਗੈ ਜਲਾ ॥

ਜਲ ਕੱਪੜਿਆਂ ਨੂੰ ਲੱਗੀ ਮੈਲ ਧੋ ਦਿੰਦਾ ਹੈ। ਬ੍ਰਹਮ ਗਿਆਨੀ ਸਰੀਰ ਦੇ ਵਿਕਾਰਾਂ ਦੀ। ਸਰੀਰ ਵੀ ਤਾਂ ਆਤਮਾ ਦੇ ਕੱਪੜੇ ਹਨ। ਜੋ ਬਦਲ ਜਾਣੇ ਹਨ ਪਰ ਆਤਮਾ ਨਹੀਂ ਬਦਲਣੀ। ਮਨੁੱਖੀ ਕੱਪੜੇ ਮੈਲ ਉਤਾਰਨ ਲਈ ਮਿਲੇ ਹਨ। ਜੋ ਕਾਲਖ਼ ਨਾਲ ਭਰੇ ਹਨ। ਬ੍ਰਹਮ ਗਿਆਨੀ ਗਿਆਨ ਦਾ ਪਾਣੀ ਦਿੰਦਾ ਹੈ। ਜਿਸ ਨਾਲ ਅਗਿਆਨ ਧੁਲ ਜਾਂਦਾ ਹੈ। ਕਾਲਖ਼ ਸਾਫ਼ ਹੋ ਜਾਂਦੀ ਹੈ।

ਪਿੰਡ ਰਾਮੂੰ ਥਿਆੜਾ ਤੋਂ ਭਾਈ ਜੋਗਾ ਸਿੰਘ ਕੀਰਤਨੀਆ। ਕੀਰਤਨ ਕਰਦਾ। ਬਾਣੀ ਪੜ੍ਹਦਾ। ਮਿਲਾਪ ਹੋ ਗਿਆ ਸੰਤ ਬਾਬਾ ਤੀਰਥ ਸਿੰਘ ਜੀ ਨਾਲ। ਇਕ ਭੋਗ 'ਤੇ ਇਕੱਠੇ ਹੋਏ। ਜਦ ਸੰਤ ਵਿਹਲੇ ਹੋਕੇ ਬਿਰਾਜੇ ਤਾਂ ਸੰਗਤ ਨਮਸ਼ਕਾਰ ਕਰਨ ਲੱਗੀ। ਪੈਸਿਆਂ ਦਾ ਢੇਰ ਲੱਗ ਗਿਆ। ਸੋਚਣ ਲੱਗ ਪਿਆ। ਅਸੀਂ ਕਿੰਨਾ ਸਮਾਂ ਕੀਰਤਨ ਕਰਦੇ ਹਾਂ। ਥੋੜੀ ਜਿਹੀ ਮਾਇਆ ਹੁੰਦੀ ਹੈ। ਸੰਤ ਥੋੜਾ ਜਿਹਾ ਸਮਾਂ ਬੈਠੇ ਹਨ। ਕਿੰਨੀ ਸਾਰੀ ਮਾਇਆ ਹੋ ਗਈ। ਮਨ ਹੈ। ਵਿਕਾਰ ਹਨ। ਚੁੰਬੜ ਜਾਂਦੇ ਹਨ। ਮਾਇਆ ਦੀ ਮੈਲ ਲੱਗ ਗਈ। ਜੋ ਸਿੱਖ ਦੇ ਮਨ ਵਿਚ ਹੁੰਦਾ ਹੈ, ਗੁਰੂ ਨਹੁੰਆਂ ਵਿਚ ਰੱਖਦਾ ਹੈ। ਬਾਹਰ ਚੁੱਪ ਹੈ। ਅੰਦਰ ਵਿਚਾਰ ਕਿਰਿਆਸ਼ੀਲ ਹਨ। ਮਨ ਮਾਇਆ ਵਿਚ ਮਗਨ ਹੈ। ਚੋਲਾ ਤਾਂ ਹੈ ਪਰ ਓਹਲਾ ਹੈ। ਪਰ ਉਸ ਸਾਹਮਣੇ ਸਭ ਪ੍ਰਗਟ ਹਨ। ਕੁਝ ਲੁਕਦਾ ਹੀ ਨਹੀਂ। ਸੰਤਾਂ ਕੋਲੋਂ ਇਜਾਜ਼ਤ ਲੈਣ ਲਈ ਉੱਠ ਪਿਆ। ਸੰਤ

ਤਾਂ ਇਸਦੇ ਅੰਦਰ ਤੋਂ ਵਾਕਿਫ ਸਨ। ਉਠਦਾ ਵੇਖਿਆ ਤਾਂ ਪੈਸੇ ਇਕੱਠੇ ਕਰਨ ਲੱਗੇ। ਜਦ ਇਸਨੇ ਨਮਸਕਾਰ ਕੀਤੀ। ਸਭ ਪੈਸੇ ਇਸਦੀ ਝੋਲੀ ਵਿਚ ਪਾ ਦਿੱਤੇ। ਸ਼ਰਮਿੰਦਾ ਹੋ ਗਿਆ। ਰਹਿਣ ਦੇਣ ਲਈ ਕਿਹਾ। ਕਹਿੰਦੇ 'ਤੈਨੂੰ ਇਸਦੀ ਵਧੇਰੇ ਲੋੜ ਹੈ।" ਪਾਣੀ ਪਾਣੀ ਹੋ ਗਿਆ। ਸੰਤ ਆਪ ਨਿਰਮਲ ਸਨ ਇਸਦੀ ਕਾਲਖ਼ ਵੀ ਸਾਫ਼ ਕਰ ਦਿੱਤੀ। ਆਪ ਮਲੀਨ ਨਹੀਂ ਹੋਏ ਉਸਨੂੰ ਸਾਫ਼ ਕਰ ਦਿੱਤਾ। ਇਸਨੇ ਕੀਰਤਨ ਦੇ ਪੈਸੇ ਮੰਗਣੇ ਛੱਡ ਦਿੱਤੇ। ਜੋ ਕੋਈ ਦੇ ਦੇਵੇ ਰੱਬ ਦੀ ਬਖਸ਼ਸ਼ ਸਮਝਕੇ ਰੱਖ ਲੈਂਦਾ ਹੈ।

ਬ੍ਰਹਮ ਗਿਆਨੀ ਕੈ ਮਨਿ ਹੋਇ ਪ੍ਰਗਾਸ਼ ॥

ਮਨ ਦਾ ਤਲਿਸਮ ਭੱਜ ਗਿਆ। ਕੰਧਾਂ ਹਟ ਗਈਆਂ। ਪ੍ਰਕਾਸ਼ ਹੋ ਗਿਆ। ਸੂਰਜ ਵੇਖਣਾ ਹੈ ਤਾਂ ਹਨੇਰ ਕੋਠੜੀ 'ਚੋਂ ਬਾਹਰ ਆਉਣਾ ਪਏਗਾ। ਹਿੰਸਾ ਅਪਣਾਉਣੀ ਪਏਗੀ। ਇਹ ਨਾ ਤਨ ਦੀ ਹੋਵੇਗੀ, ਨਾ ਮਨ ਦੀ ਹੋਵੇਗੀ, ਨਾ ਬਾਣੀ ਦੀ ਹੋਵੇਗੀ। ਪਰ ਹੋਵੇਗੀ ਹਿੰਸਾ-ਪ੍ਰੇਮ ਦੀ ਹਿੰਸਾ। ਪ੍ਰਭੂ ਨਾਲ ਪ੍ਰੇਮ ਲਈ ਖ਼ੁਦ ਨੂੰ ਮਾਰਨ ਦੀ ਹਿੰਸਾ। ਸਥੂਲ ਤੋਂ ਸੂਖਮ ਹੋਣ ਦੀ ਹਿੰਸਾ। ਸੂਖਮ ਤੋਂ ਸੂਖਮ ਹੋਣ ਦੀ ਹਿੰਸਾ। ਜੋ ਹੈ ਉਹ ਨਹੀਂ ਹੈ ਦੀ ਹਿੰਸਾ। ਜੋ ਨਹੀਂ ਹੈ ਉਹ ਹੈ ਦੀ ਹਿੰਸਾ। ਚੁੱਪ ਨੂੰ ਸੁਣਨਾ ਹੈ। ਚੁੱਪ ਵਿਚ ਚੁੱਪ ਨੂੰ ਸੁਣਨਾ ਹੈ। ਫਿਰ ਚੁੱਪ ਵਿਚ ਆਵਾਜ਼ ਨੂੰ ਸੁਣਨਾ ਹੈ। ਅਨਹਦ ਨਾਦ ਨੂੰ ਸੁਣਨਾ ਹੈ। ਇਹ ਬਾਹਰ ਤੋਂ ਅੰਦਰ ਦਾ ਸਫ਼ਰ ਹੈ, ਅੰਦਰ ਤੋਂ ਅੰਦਰ ਦਾ ਸਫ਼ਰ ਹੈ, ਉਸ ਅੰਦਰ ਤੋਂ ਧੁਰ ਅੰਦਰ ਦਾ ਸਫ਼ਰ ਹੈ। ਸਥੂਲ ਤੋਂ ਸੂਖਮ ਦਾ ਸਫ਼ਰ ਹੈ। ਸੂਖਮ ਤੋਂ ਸੂਖਮ ਦਾ ਸਫ਼ਰ ਹੈ ਅਤੇ ਉਸ ਸੂਖਮ ਤੋਂ ਅਤਿ ਸੂਖਮ ਦਾ ਸਫ਼ਰ ਹੈ। ਹਨੇਰ ਤੋਂ ਚਾਨਣ ਦਾ ਸਫ਼ਰ ਹੈ, ਚਾਨਣ ਤੋਂ ਸੂਰਜ ਦਾ ਸਫ਼ਰ ਹੈ ਅਤੇ ਸੂਰਜ ਤੋਂ ਸੂਰਜਾਂ ਦਾ ਸਫ਼ਰ ਹੈ। ਇਹ ਬ੍ਰਹਮ ਗਿਆਨ ਦੇ ਆਗਾਜ਼ ਦਾ ਸਫ਼ਰ ਹੈ, ਧੁਰ ਅੰਦਰਲੇ ਆਕਾਸ਼ ਦਾ ਸਫ਼ਰ ਹੈ ਅਤੇ ਬ੍ਰਹਮ ਦੇ ਪ੍ਰਕਾਸ਼ ਦਾ ਸਫ਼ਰ ਹੈ। ਜਿੱਥੇ ਕੱਥ ਅਕੱਥ ਹੋ ਜਾਵੇਗਾ ਅਤੇ ਕਹਿ ਅਕਹਿ ਹੋ ਜਾਵੇਗਾ। ਨੇਤਰ ਖੋਲਾਂਗੇ ਤਾਂ ਆਕਾਸ਼ ਹੋਵੇਗਾ ਬੰਦ ਕਰਾਂਗੇ ਤਾਂ ਪ੍ਰਕਾਸ਼ ਹੋਵੇਗਾ। ਕਿਉਂਕਿ "ਜੋ ਬ੍ਰਹਿਮੰਡੇ ਸੋਈ ਪਿੰਡੇ।"

ਬ੍ਰਹਮ ਗਿਆਨੀ ਕੈ ਮਨ ਹੋਇ ਪ੍ਰਗਾਸੁ ॥
ਜੈਸੇ ਧਰ ਊਪਰਿ ਆਕਾਸੁ ॥

ਧਰਤੀ ਹੈ। ਉਸ ਉੱਪਰ ਆਕਾਸ਼ ਹੈ। ਚਾਨਣ ਹੀ ਚਾਨਣ। ਇਕ ਮਨ



ਅੰਦਰ ਆਕਾਸ਼ ਹੈ। ਉਸ ਵਿਚ ਪ੍ਰਕਾਸ਼ ਹੈ। ਸੂਰਜ ਹੀ ਸੂਰਜ। ਹੈ ਸਾਡੇ ਸਭ ਦੇ ਅੰਦਰ। ਵੇਖ ਬ੍ਰਹਮ ਗਿਆਨੀ ਹੀ ਸਕਦੇ ਹਨ। ਜਾਂ ਉਹ ਜੋ ਰਹਿਨਮਾਈ 'ਚ ਜਾਪ ਕਰਦਾ ਹੈ। ਉਸਨੂੰ ਵੀ ਝਲਕਾਰਾ ਮਿਲੇਗਾ। ਸ਼ਾਮ ਚੁਰਾਸੀ ਤੋਂ ਰਾਹੁਲ ਨੇ ਵੇਖਿਆ। ਨਾਜਕੇ ਤੋਂ ਬੀਬੀ ਸੁਖਵਿੰਦਰ ਨੇ ਵੇਖਿਆ। ਇਹ ਪੂਰਨ ਬ੍ਰਹਮ ਗਿਆਨੀ ਦੀ ਕ੍ਰਿਪਾ ਹੀ ਤਾਂ ਸੀ।

ਬ੍ਰਹਮ ਗਿਆਨੀ ਕੈ ਮਿਤ੍ਰ ਸਤ੍ਰ ਸਮਾਨਿ ॥

ਕਿਸੇ ਦੀ ਹੋਂਦ ਹੀ ਨਹੀਂ ਹੈ। ਜੇ ਕੁਝ ਹੈ ਤਾਂ ਉਹ ਪ੍ਰਮਾਤਮਾ ਹੀ ਹੈ। ਦੁਸ਼ਮਣ ਵਿਚ ਵੀ ਉਹੀ ਰੱਬ ਵਸਦਾ ਹੈ। ਜੋ ਮਿੱਤਰ ਵਿਚ ਸੀ। ਫੁੱਲਾਂ ਦੀ ਸੌਂਗੰਧੀ ਵੀ ਪ੍ਰਮਾਤਮਾ ਦਾ ਹੀ ਰੂਪ ਹੈ। ਕੰਢਿਆਂ ਦੀ ਚੁਭਨ ਵੀ। ਸੂਰਜ ਚੜ੍ਹਦਾ ਹੈ। ਦਿਨ ਹੁੰਦਾ ਹੈ। ਅਸਤ ਹੋ ਜਾਂਦਾ ਹੈ। ਰਾਤ ਹੋ ਜਾਂਦੀ ਹੈ। ਬ੍ਰਹਮ ਗਿਆਨੀ ਲਈ ਸਭ ਸਮਾਨ ਹਨ। ਦਿਨ ਵੀ ਰਾਤ ਵੀ। ਚਾਨਣ ਵੀ ਹਨੇਰ ਵੀ। ਮਿੱਤਰ ਵੀ ਦੁਸ਼ਮਣ ਵੀ। ਜਿਸਨੇ ਸੰਤਾਂ ਦਾ ਨਾਮ ਵਰਤਿਆ। ਮਾਇਆ ਇਕੱਤਰ ਕਰ ਲਈ। ਪਤਾ ਲੱਗਣ 'ਤੇ ਕੋਸਿਆ ਨਹੀਂ। ਮਾਇਆ ਵਾਪਸ ਕਰਨ ਲਈ ਕਿਹਾ। ਜਿਸਨੇ ਭੋਰੇ ਦੀਆਂ ਨੀਹਾਂ ਡੱਕੀਆਂ। ਸਾਰੀ ਜਗ੍ਹਾ ਤੇ ਕਬਜ਼ਾ ਕਰਨਾ ਚਾਹਿਆ। ਉਸਨੂੰ ਅਪਸ਼ਬਦ ਨਹੀਂ ਕਹੇ। ਖ਼ੁਦ ਜਾਣ ਲਈ ਤਿਆਰ ਹੋ ਗਏ। ਜਿਸਨੇ ਪੰਡਿਤ ਦਾ ਭੇਖ ਧਾਰਿਆ। ਸੰਤਾਂ ਖਿਲਾਫ਼ ਨਿੰਦਿਆ ਦਾ ਝੰਡਾ ਚੁੱਕਿਆ। ਤਰ੍ਹਾਂ ਤਰ੍ਹਾਂ ਦੀਆਂ ਊਜਾਂ ਲਾਈਆਂ। ਮੂੰਹੋਂ ਬੁਰਾ ਨਹੀਂ ਕਿਹਾ, ਭਲਾ ਹੀ ਮੰਗਿਆ। ਜੋ ਸ਼ਰਾਬ ਪੀ ਕੇ ਆਇਆ। ਰਾਸਤੇ ਵਿਚ ਖੜ੍ਹਕੇ ਖ਼ੌਰੂ ਪਾਇਆ। ਸਭ ਸਿੰਘਾਂ ਨੂੰ ਗਾਲਾਂ ਕੱਢੀਆਂ। ਉਸਨੂੰ ਵਰਜਿਆ ਨਹੀਂ, ਗੁਰੂ ਨਾਨਕ ਤੇ ਟੇਕ ਰੱਖੀ। ਇਹ ਹੈ ਪੂਰਨਤਾ।

ਬ੍ਰਹਮ ਗਿਆਨੀ ਕੈ ਮਿਤ੍ਰ ਸਤ੍ਰ ਸਮਾਨਿ ॥
ਬ੍ਰਹਮ ਗਿਆਨੀ ਕੈ ਨਾਹੀ ਅਭਿਮਾਨ ॥

ਕੋਈ ਬੁਰਾ ਕਿਉਂ ਨਾ ਦਿੱਸਿਆ ? ਮਨ ਵਿਚ ਅਭਿਮਾਨ ਨਹੀਂ ਸੀ। ਮਨ ਹੋਵੇ ਤਾਂ ਅਭਿਮਾਨ ਹੋਵੇ। ਮਨ ਤਾਂ ਬ੍ਰਹਮ ਵਿਚ ਰਲ ਗਿਆ। ਪ੍ਰਕਾਸ਼ਮਾਨ ਹੋ ਗਿਆ। ਅਭਿਮਾਨ ਤਾਂ ਹਨੇਰਾ ਹੈ। ਮਨ ਵਿਚ ਕਿਵੇਂ ਟਿਕਦਾ। ਸੂਰਜ ਅੰਦਰ ਹਨੇਰਾ ਕਿਵੇਂ ਟਿਕ ਸਕਦਾ ਹੈ। ਅਭਿਮਾਨ ਦਾ ਹਨੇਰਾ ਲੁਪਤ ਹੋ ਗਿਆ। ਨਿਮਰਤਾ ਦੀ ਰੌਸ਼ਨੀ ਫੈਲ ਗਈ। ਧਾਮੀਆਂ ਤੋਂ ਰੋਗੀ ਲੜਕਾ ਆਇਆ। ਮਨ ਵਿਚ ਹਨੇਰ ਸੀ। ਆਕੜ ਬਰਕਰਾਰ ਸੀ। ਅੰਦਰ ਮਿਲਣ ਨਹੀਂ ਗਿਆ। ਅਗਲੇ ਦਿਨ ਬੀਬੀ

ਗੁਰਮੀਤ ਕੌਰ ਧਾਮੀਆਂ ਨੇ ਉਸਦੇ ਬਾਰੇ ਦੱਸਿਆ। ਦੱਸਿਆ ਕਿ ਉਹ ਰੋਗੀ ਸੀ। ਪਰ ਅੰਦਰ ਨਹੀਂ ਆਇਆ। ਸੰਤਾਂ ਵਿਚ ਅਭਿਮਾਨ ਨਹੀਂ ਸੀ। ਨਿਮਰਤਾ ਸੀ। ਸੰਤ ਨਿਮਰਤਾ ਨਾਲ ਭਰ ਗਏ। ਕਹਿੰਦੇ "ਜੇ ਉਹ ਅੰਦਰ ਨਹੀਂ ਆਇਆ ਤਾਂ ਸਾਨੂੰ ਦੱਸ ਦਿੰਦੇ। ਅਸੀਂ ਬਾਹਰ ਜਾ ਕੇ ਮਿਲ ਲੈਂਦੇ।" ਇਹ ਹੈ ਬ੍ਰਹਮ ਗਿਆਨੀ ਦਾ ਮਨ ਜਿੱਥੇ ਅਭਿਮਾਨ ਦਾ ਹਨੇਰ ਨਹੀਂ, ਨਿਮਰਤਾ ਦਾ ਪ੍ਰਕਾਸ਼ ਹੀ ਪ੍ਰਕਾਸ਼ ਹੁੰਦਾ ਹੈ।

ਬ੍ਰਹਮ ਗਿਆਨੀ ਊਚ ਤੇ ਊਚਾ ॥

ਪਿੰਡ ਕੋਟਲੀ ਅਰਾਈਆਂ ਤੋਂ ਸ. ਪਰਮਜੀਤ ਸਿੰਘ ਦੀ ਲੜਕੀ–ਜਤਿੰਦਰ ਕੌਰ। ਸਭ ਪਰਿਵਾਰ ਸੰਤਾਂ ਦੇ ਗੀਤ ਗਾਉਂਦਾ। ਇਹ ਇਕ ਪੀਰ ਦੇ ਸੋਹਲੇ ਗਾਉਂਦੀ। ਦੀਵਾ ਬੱਤੀ ਕਰਦੀ। ਗੁਰੂ ਗ੍ਰੰਥ ਸਾਹਿਬ ਵੱਲ ਕੋਈ ਧਿਆਨ ਨਹੀਂ। ਪਰਿਵਾਰ ਨੇ ਲੜ ਲਾਉਣ ਲਈ ਬੇਨਤੀ ਕੀਤੀ। ਸੰਤਾਂ ਦੇ ਦਰ 'ਤੇ ਪ੍ਰਵਾਨ ਹੋ ਗਈ। ਸੰਤਾਂ ਨੇ ਬੁਲਾ ਲਿਆ। ਜਦ ਇਸਨੇ ਦਰਸ਼ਨ ਕੀਤੇ ਤਾਂ ਕਿਸੇ ਪੀਰ ਫ਼ਕੀਰ ਦੀ ਸੁਧ ਹੀ ਨਾ ਰਹੀ। ਐਸਾ ਪ੍ਰਭਾਵ ਪਿਆ ਕਿ ਬੁਧ ਪਲਟ ਗਈ। ਜਿਸ ਜਗ੍ਹਾ 'ਤੇ ਸੌ ਸੌ ਸਿਜਦੇ ਕਰਦੀ ਸੀ। ਸਿਰ ਝੁਕਾਉਣਾ ਵੀ ਗਵਾਰਾ ਹੋ ਗਿਆ। ਜਗ੍ਹਾ ਵੱਲ ਬਿਨਾਂ ਧਿਆਨ ਦਿੱਤਿਆਂ ਗੁਰਦੁਆਰਾ ਈਸ਼ਰਪੁਰੀ ਸਾਹਿਬ ਜਾਣ ਲੱਗੀ। ਮੋਹ ਭੰਗ ਹੋ ਗਿਆ। ਜਾਗ ਗਈ। ਸੰਤਾਂ ਨੇ ਜਗਾ ਦਿੱਤੀ। ਜੋ ਅਪੂਰਨ ਹੁੰਦੇ ਹਨ ਘੁਮੰਡ ਉਹਨਾਂ ਦੀ ਜਗੀਰ ਹੁੰਦੀ ਹੈ। ਇਨਸਾਨ ਤਾਂ ਸ਼ਾਇਦ ਜਰ ਲਵੇ ਕਿ ਮੇਰੇ ਨਾਲ ਬੋਲਣੋ ਕਿਉਂ ਹਟ ਗਿਆ। ਇਹ ਨਹੀਂ ਜਰ ਸਕਦੇ। ਜਰਿਆ ਨਹੀਂ ਗਿਆ। ਜਤਿੰਦਰ ਕੌਰ ਰੋਜ਼ਾਨਾ ਲੰਗਰ ਵਾਸਤੇ ਦੁੱਧ ਲੈ ਕੇ ਜਾਂਦੀ। ਮਜ਼ਾਰ ਕੋਲ ਪਹੁੰਚਦੀ ਤਾਂ ਡਿੱਗ ਪੈਂਦੀ। ਦੁੱਧ ਡੁੱਲ ਜਾਂਦਾ। ਹਾਦਸਾ ਇਕ ਜਾਂ ਦੋ ਦਿਨ ਮੰਨ ਸਕਦੇ ਹਾਂ। ਰੋਜ਼ਾਨਾ ਹੀ ਏਦਾਂ ਹੋਣ ਲੱਗੀ। ਸਾਈਕਲ ਰੋਜ਼ ਉਸੇ ਜਗ੍ਹਾ 'ਤੇ ਡਿੱਗ ਪੈਣਾ। ਦੁੱਧ ਡੁੱਲ ਜਾਣਾ। ਰਾਸਤਾ ਵੀ ਇਹ ਹੀ ਸੀ। ਇਹ ਭਾਣਾ ਇਕ ਮਹੀਨਾ ਵਾਪਰਦਾ ਰਿਹਾ। ਸਹਿਣਸ਼ੀਲਤਾ ਦੀ ਹੱਦ ਮੁਕ ਹੀ ਜਾਂਦੀ ਹੈ। ਇਸ ਵਿਚ ਵੀ ਖ਼ਤਮ ਹੋ ਗਈ। ਸੰਤਾਂ ਕੋਲ ਬੇਨਤੀ ਕੀਤੀ ਕਿ ਤੁਸੀਂ ਗੁਰੂ ਘਰ ਊਚ ਤੋਂ ਊਚਾ ਕਹਿੰਦੇ ਸੀ। ਹੁਣ ਮੇਰੀ ਰੱਖਿਆ ਕਰੋ। ਸੰਤ ਬਾਬਾ ਤੀਰਥ ਸਿੰਘ ਜੀ ਮੁਸਕਰਾ ਪਏ। ਕਿਹਾ ਕਿ ਜੇ ਕਲ ਇਸ ਤਰ੍ਹਾਂ ਹੋਈ ਤਾਂ ਉਠ ਕੇ ਕਹਿਣਾ ਹੈ "ਤੁਸੀਂ ਆਪਣੇ ਰਾਹ ਅਸੀਂ ਆਪਣੇ ਰਾਹ।" ਬੀਬੀ ਨੇ ਏਦਾਂ ਹੀ ਕੀਤੀ। ਮੁੜ ਹਾਦਸਾ ਨਾ ਵਾਪਰਿਆ। ਜਿਹਨਾਂ ਦੀ ਜਾਨ ਰਾਜੇ ਵਿਚ ਵਸਦੀ ਹੈ ਵਜ਼ੀਰ ਉਹਨਾਂ ਲਈ ਰੁਕਾਵਟ ਨਹੀਂ ਬਣ ਸਕਦੇ।



ਰਾਜਾ ਪ੍ਰਮੇਸ਼ਰ ਹੈ। ਜੋ ਊਚ ਤੋਂ ਊਚਾ ਹੈ। ਜੋ ਖ਼ੁਦ ਫਨਾਹ ਹੋ ਜਾਂਦਾ ਹੈ। ਉਹ ਪ੍ਰਮੇਸ਼ਰ ਵਿਚ ਅਭੇਦ ਹੋ ਜਾਂਦਾ ਹੈ ਅਤੇ ਉਹ ਵੀ ਊਚਾ ਹੋ ਜਾਂਦਾ ਹੈ। ਜੈਸਾ ਕਿ

ਬ੍ਰਹਮ ਗਿਆਨੀ ਊਚ ਤੇ ਊਚਾ ॥
ਮਨਿ ਅਪਨੈ ਹੈ ਸਭ ਤੇ ਨੀਚਾ ॥

ਉਚਾ ਕਿਉਂ ਹੈ ? ਪ੍ਰਮੇਸ਼ਰ ਵਿਚ ਅਭੇਦ ਹੋਣ ਦੇ ਕਾਰਨ। ਅਭੇਦ ਹੋਇਆ ਕਿਵੇਂ ? ਮਨ ਹੀ ਮਨ ਸਭ ਤੋਂ ਨੀਚਾ ਹੋਣ ਦੇ ਕਾਰਨ। ਆਪਾ ਗੁਆ ਦਿੱਤਾ। ਖ਼ੁਦੀ ਮਿਟ ਗਈ। ਅਭੇਦ ਹੋ ਗਿਆ। ਊਚਾ ਹੋ ਗਿਆ। ਉੱਚਿਆਂ ਤੋਂ ਉੱਚਾ ਹੋ ਗਿਆ। ਪਰ ਹੈ ਤਾਂ ਨੀਚਾ ਹੀ। ਖ਼ਾਸ ਤੋਂ ਆਮ। ਆਮ ਤੋਂ ਵੀ ਆਮ। ਆਮ ਤੋਂ ਤੁਛ। ਤੁਛ ਤੋਂ ਵੀ ਤੁਛ। ਨਿਮਰ ਤੋਂ ਵੀ ਨਿਮਰ। ਪਿੰਡ ਰਹਿਸੀਵਾਲ ਦੀ ਬੀਬੀ ਕਸ਼ਮੀਰ ਕੌਰ। ਜਿਸਨੇ ਸੰਤਾਂ ਨੂੰ ਵਿਦੇਸ਼ ਜਾਣ ਤੋਂ ਪਹਿਲਾਂ ਮਿਲਕੇ ਜਾਣ ਲਈ ਕਿਹਾ। ਬਿਰਧ ਸਨ। ਕੁਝ ਚੇਤਾ ਕਮਜ਼ੋਰ ਹੋ ਗਿਆ ਹੋਵੇਗਾ। ਦਿੱਲੀ ਵੱਲ ਨੂੰ ਚੱਲ ਪਏ। ਰਹਿਸੀਵਾਲ ਤੋਂ ਫ਼ੋਨ ਗਿਆ ਤਾਂ ਬਹੁਤ ਪਸ਼ਚਾਤਾਪ ਹੋਇਆ। ਉਸੇ ਵਕਤ ਗੁਰਦੁਆਰਾ ਸਾਹਿਬ ਫੋਨ ਕੀਤਾ। ਸੇਵਕਾਂ ਨੂੰ ਕਿਹਾ ਕਿ ਬੀਬੀ ਕਸ਼ਮੀਰ ਕੌਰ ਦੇ ਘਰ ਜਾਓ। ਜਾ ਕੇ ਵਿਹੜੇ ਵਿਚ ਹੱਥ ਜੋੜਕੇ ਖੜ ਜਾਣਾ। ਕਹਿਣਾ ਕਿ "ਤੀਰਥ ਸਿੰਘ ਤੈਥੋਂ ਮਾਫੀ ਮੰਗਦੇ ਹਨ। ਅਸਥਾਨ ਦੇ ਸਭ ਸਿੰਘ ਤੇਰੇ ਤੋਂ ਮਾਫੀ ਮੰਗਦੇ ਹਨ ਕਿ ਅਸੀਂ ਆ ਨਾ ਸਕੇ।" ਇਹ ਹੈ ਇਕ ਬ੍ਰਹਮ ਗਿਆਨੀ ਦੀ ਨਿਮਰਤਾ। ਤੇ ਉਚਤਾ ਨਿਮਰਤਾ ਦੀ ਝੋਲੀ ਵਿਚ ਹੀ ਹੁੰਦੀ ਹੈ।

ਬ੍ਰਹਮ ਗਿਆਨੀ ਸੇ ਜਨ ਭਏ ॥
ਨਾਨਕ ਜਿਨ ਪ੍ਰਭੁ ਆਪਿ ਕਰੇਇ ॥

ਉਚਤਾ ਦੀ ਮੰਜ਼ਿਲ ਨਿਮਰਤਾ ਦੀ ਢਾਲਾਨ 'ਤੇ ਹੈ। ਰਾਸਤੇ ਵਿਚ ਅਨੇਕ ਠਹਿਰਾਅ ਹਨ। ਜਿਸਨੇ ਸਰ੍ਹਾਂ ਨੂੰ ਆਖਰੀ ਪੜਾਅ ਸਮਝ ਲਿਆ, ਮੰਜ਼ਿਲ ਨਹੀਂ ਪਹੁੰਚ ਸਕਿਆ। ਰੱਬ ਉਸੇ ਨੂੰ ਮਿਲਿਆ ਹੈ ਜਿਸਨੇ ਮੰਜ਼ਿਲ ਨੂੰ ਵੀ ਸਰ੍ਹਾਂ ਸਮਝਿਆ। ਭਗਤੀ ਤਾਂ ਨਿਰੰਤਰ ਚਲਣਾ ਹੈ। ਮੋਹ ਦਾ ਚੁਰੱਸਤਾ ਆਵੇਗਾ ਮੁੜਨਾ ਨਹੀਂ, ਮਾਇਆ ਦਾ ਚੁਰੱਸਤਾ ਆਵੇਗਾ ਮੁੜਨਾ ਨਹੀਂ। ਕਦਮ ਦਰ ਕਦਮ ਚਲਦੇ ਰਹਿਣਾ ਹੈ। ਵਿਕਾਰਾਂ ਦੇ ਸ਼ਹਿਰ ਆਉਣਗੇ ਚਲਦੇ ਰਹਿਣਾ ਹੈ। ਹੁਸੀਨ ਵਾਦੀਆਂ ਆਉਣਗੀਆਂ ਚਲਦੇ ਰਹਿਣਾ ਹੈ। ਜਿੰਨਾ ਵੀ ਚੱਲਣਾ ਹੈ ਪ੍ਰੇਮ ਵਿਚ ਚਲਣਾ ਹੈ।

ਹਰ ਗਲੀ ਹਰ ਮੋੜ ਤੋਂ ਪ੍ਰੇਮ ਇਕੱਤਰ ਕਰਨਾ ਹੈ
ਨਦੀ ਝਰਨਿਆਂ ਦੇ ਸ਼ੋਰ ਤੋਂ ਪ੍ਰੇਮ ਇਕੱਤਰ ਕਰਨਾ ਹੈ
ਪ੍ਰਾਕਿਰਤੀ ਦੀ ਬੰਗ ਤੋਂ ਪ੍ਰੇਮ ਇਕੱਤਰ ਕਰਨਾ ਹੈ।
ਤਿਤਲੀ ਦੇ ਸ਼ੋਖ ਰੰਗ ਤੋਂ ਪ੍ਰੇਮ ਇਕੱਤਰ ਕਰਨਾ ਹੈ।
ਪੈਰਾਂ ਨੂੰ ਭੁੱਲਿਆਂ ਤੋਂ ਪ੍ਰੇਮ ਇਕੱਤਰ ਕਰਨਾ ਹੈ।
ਖੰਭਾਂ ਉੱਤੇ ਡੁੱਲਿਆ ਤੋਂ ਪ੍ਰੇਮ ਇਕੱਤਰ ਕਰਨਾ ਹੈ।
ਬਨਸਪਤੀ ਜੂਨੇ ਆਇਆਂ ਤੋਂ ਪ੍ਰੇਮ ਇਕੱਤਰ ਕਰਨਾ ਹੈ।
ਰੱਬ ਦੇ ਸਭੇ ਜਾਇਆ ਤੋਂ ਪ੍ਰੇਮ ਇਕੱਤਰ ਕਰਨਾ ਹੈ।
ਜਦ ਚਲਾਂਗੇ ਤਾਂ ਪ੍ਰੇਮ ਅਸਾਡੇ ਨਾਲ ਚੱਲੇਗਾ
ਛੱਡਕੇ ਧਨ ਦੌਲਤ ਰੱਬ ਵੀ ਪ੍ਰੇਮ 'ਤੇ ਡੁੱਲੇਗਾ।

ਪ੍ਰਮਾਤਮਾ ਧਨ 'ਤੇ ਆਕਰਸ਼ਿਤ ਨਹੀਂ ਹੁੰਦਾ। ਸੋਹਣੀ ਕਾਇਆ ਤੋਂ ਪ੍ਰਭਾਵਿਤ ਨਹੀਂ ਹੁੰਦਾ। ਜੇ ਹੁੰਦਾ ਹੈ ਤਾਂ ਸਾਡੇ ਪ੍ਰੇਮ 'ਤੇ ਮੋਹਿਤ ਹੁੰਦਾ ਹੈ। ਜਦ ਸਾਡੇ ਕੋਲ ਪ੍ਰੇਮ ਹੋਵੇਗਾ ਤਾਂ ਨਿਰਾਕਾਰ ਆਕਾਰ ਵਿਚ ਆ ਜਾਵੇਗਾ। ਅਰੂਪ ਰੂਪ ਵਿਚ ਪ੍ਰਗਟ ਹੋ ਜਾਵੇਗਾ। ਅਸੀਂ ਉਸ ਵਿਚ ਸਮਾਅ ਜਾਵਾਂਗੇ ਅਤੇ ਉਹ ਸਾਡੇ ਵਿਚ ਸਮਾ ਜਾਵੇਗਾ। ਅਸੀਂ ਉਸਨੂੰ ਪ੍ਰਾਪਤ ਨਹੀਂ ਕਰ ਸਕਦੇ ਉਹ ਸਾਨੂੰ ਪ੍ਰਾਪਤ ਹੋ ਜਾਵੇਗਾ ਕਿਉਂਕਿ ਬ੍ਰਹਮ ਗਿਆਨੀ ਸੇ ਜਨ ਭਏ॥ ਨਾਨਕ ਜਿਨ ਪ੍ਰਭ ਆਪ ਕਰੇਇ॥

ਬ੍ਰਹਮ ਗਿਆਨੀ ਸਗਲ ਕੀ ਰੀਨਾ॥

ਨਿਮਰਤਾ ਵਖਿਆਨ ਕਰਨ ਲਈ ਅਨੇਕ ਸ਼ਬਦ ਹਨ। ਜੋ ਉੱਤਮ ਤੋਂ ਵੀ ਉੱਤਮ ਹੈ, ਸਰਵੋਤਮ ਹੈ-ਉਹ ਹੈ ਧੂੜ। ਸਭ ਤੋਂ ਨਿਮਾਣੀ ਹੈ ਧੂੜ। ਜਦ ਥੋੜ੍ਹੀ ਜਿਹੀ ਨਿਮਰਤਾ ਦਰਸਾਉਣੀ ਹੈ ਤਾਂ ਚਰਨਾਂ ਦੀ ਧੂੜ ਆਖ ਦਿੰਦੇ ਹਾਂ। ਪਰ ਬ੍ਰਹਮ ਗਿਆਨੀ ਵਿਚ ਤਾਂ ਬੇਸ਼ੁਮਾਰ ਨਿਮਰਤਾ ਹੈ। ਕਿੰਨੀਆਂ ਕੁ ਧੂੜਾਂ ਆਖਾਂਗੇ। ਦੁਨੀਆਂ 'ਤੇ ਬ੍ਰਹਮ ਗਿਆਨੀ ਹੀ ਹੈ ਜਿਸ ਵਿਚ ਨਿਮਰਤਾ ਦੀ ਕੋਈ ਹੱਦ ਨਹੀਂ। ਅਨੰਤ ਹੈ। ਵਖਿਆਨ ਨਹੀਂ ਹੋ ਸਕਦੀ। ਫਿਰ ਕਿੰਨੀਆਂ ਕੁ ਧੂੜਾਂ ਕਹਿਣਾ ਪਏਗਾ। ਇਕੋ ਹੀ ਸ਼ਬਦ ਵਰਤਿਆ "ਸਗਲ ਕੀ ਰੀਨਾ।" ਕਿ ਸਭ ਦੀ ਧੂੜ। ਮਨ ਵਿਚ ਏਨੀ ਨਿਮਰਤਾ ਕਿ ਸਾਰੀ ਸ੍ਰਿਸ਼ਟੀ ਦੀ ਧੂੜ। ਸੰਤ ਬਾਬਾ ਤੀਰਥ ਸਿੰਘ ਜੀ ਬਿਮਾਰ ਹੋ ਗਏ। ਸ਼ਾਇਦ ਤਪਦਿਕ ਸੀ। ਸ. ਇਕਬਾਲ ਸਿੰਘ ਕੋਟਲੀ ਅਰਾਈਆਂ ਹਾਲ



ਪੁੱਛਣ ਆਇਆ। ਪੁੱਛਿਆ ਕਿ ਕੀ ਹਾਲ ਹੈ। ਸੰਤਾਂ ਨੇ ਆਪਣੇ ਆਪ ਨੂੰ ਐਨਾ ਨਿਮਾਣਾ ਸਮਝਿਆ ਜਿਸ ਤਰ੍ਹਾਂ ਦੁਨੀਆਂ 'ਤੇ ਸਭ ਤੋਂ ਵੱਡੇ ਪਾਪੀ ਉਹ ਹੀ ਹੋਣ। ਕਹਿੰਦੇ "ਬਖਸ਼ਣਯੋਗ ਤਾਂ ਨਹੀਂ ਸੀ ਪਰ ਕਰਤਾਰ ਨੇ ਜਾਨ ਬਖਸ਼ ਦਿੱਤੀ ਹੈ।"

ਬ੍ਰਹਮ ਗਿਆਨੀ ਸਗਲ ਕੀ ਰੀਨਾ॥
ਆਤਮ ਰਸੁ ਬ੍ਰਹਮ ਗਿਆਨੀ ਚੀਨਾ॥

ਸਭ ਤੋਂ ਉੱਤਮ ਰਸ ਕਿਹੜਾ ਹੈ-ਆਤਮ ਰਸ। ਸਭ ਤੋਂ ਨਿਮਾਣਾ ਕੌਣ ਹੈ। ਸਾਰੇ ਜਹਾਨ ਦੀ ਧੂੜ ਕੌਣ ਹੈ-ਬ੍ਰਹਮ ਗਿਆਨੀ। ਸਭ ਤੋਂ ਨੀਵਾਂ। ਸਭਤੋਂ ਉੱਤਮ ਦਾਤ। ਪ੍ਰਮਾਤਮਾ ਵਿਸ਼ਾਲ ਸਾਗਰ ਹੈ। ਨਿਰਮਾਣਤਾ ਕਾਰਨ ਬ੍ਰਹਮ ਗਿਆਨੀ ਖ਼ੁਦ ਨੂੰ ਬੂੰਦ ਸਮਝਦਾ ਹੈ। ਸਾਗਰ ਵਿਚ ਮਿਲਦਾ ਹੈ ਤਾਂ ਸਾਗਰ ਹੀ ਹੋ ਜਾਂਦਾ ਹੈ। ਬੂੰਦ ਦੀ ਨਿਮਰਤਾ ਹੀ ਉਸਨੂੰ ਸਾਗਰ ਬਣਾ ਦਿੰਦੀ ਹੈ। ਬ੍ਰਹਮ ਗਿਆਨੀ ਦੀ ਨਿਮਰਤਾ ਹੀ ਉਸ ਲਈ ਆਤਮ ਰਸ ਪ੍ਰਾਪਤੀ ਦਾ ਕਾਰਨ ਬਣਦੀ ਹੈ।

ਬ੍ਰਹਮ ਗਿਆਨੀ ਕੀ ਸਭ ਊਪਰਿ ਮਇਆ॥

ਜੇ ਧਰਤੀ ਹੈ ਤਾਂ ਸਭ ਦੇ ਪੈਰਾਂ ਥੱਲੇ ਹੈ। ਜੇ ਅਸਮਾਨ ਹੈ ਤਾਂ ਸਭ ਦੇ ਸਿਰਾਂ ਉੱਤੇ ਹੈ। ਜੋ ਸਿਰ ਨਹੀਂ ਝੁਕਦਾ ਉਸ ਲਈ ਵੀ। ਜੋ ਝੁਕਦਾ ਹੈ ਉਸ ਲਈ ਵੀ। ਧਰਤੀ ਕਿਸੇ ਦੇ ਪੈਰਾਂ ਥੱਲਿਓਂ ਖਿਸਕਦੀ ਨਹੀਂ। ਨਾ ਅਸਮਾਨ ਸਿਰ ਉੱਤੋਂ ਪਰੇ ਹੁੰਦਾ ਹੈ। ਬ੍ਰਹਮ ਗਿਆਨੀ ਦੀਆਂ ਮਿਹਰਾਂ ਦੀ ਧਰਤੀ ਅਤੇ ਆਸ਼ੀਰਵਾਦ ਦਾ ਅਸਮਾਨ ਹਮੇਸ਼ਾ ਬਣਿਆ ਰਹਿੰਦਾ ਹੈ।

ਹੜ੍ਹ ਆ ਗਿਆ। ਭਿਅੰਕਰ ਹੜ੍ਹ। ਸਭ ਪਾਸੇ ਪਾਣੀ ਭਰਨ ਲੱਗਾ। ਕੋਠੇ ਭਰਨ ਲੱਗੇ। ਫਸਲਾਂ ਡੁੱਬਣ ਲੱਗੀਆਂ। ਭੋਰੇ ਅੰਦਰ ਵੀ ਪਾਣੀ ਭਰਨ ਲੱਗਾ ਪਰ ਸੰਤ ਜੀ ਮਸਤ ਰਹੇ। ਲੋਕ ਹਾਹਾਕਾਰ ਕਰਦੇ ਆ ਗਏ। ਸੰਗਤ ਨੇ ਬੇਨਤੀ ਕੀਤੀ ਕਿ ਇਲਾਕੇ ਵਿਚ ਪਾਣੀ ਭਾਰੀ ਤਬਾਹੀ ਮਚਾ ਰਿਹਾ ਹੈ। ਸੰਤ ਬਾਬਾ ਤੀਰਥ ਸਿੰਘ ਜੀ ਨੇ ਪਾਣੀ ਵਿਚ ਮਠਿਆਈ ਅਤੇ ਪੈਸੇ ਭੇਂਟ ਕੀਤੇ। ਗੁਰੂ ਮਹਾਰਾਜ ਅੱਗੇ ਅਰਦਾਸ ਕੀਤੀ। ਪਾਣੀ ਉਤਰਨ ਲੱਗਾ। ਸੰਗਤ ਖੁਸ਼ ਹੋ ਗਈ।

ਬ੍ਰਹਮ ਗਿਆਨੀ ਕੀ ਸਭ ਊਪਰਿ ਮਇਆ॥
ਬ੍ਰਹਮ ਗਿਆਨੀ ਤੇ ਕਛੁ ਬੁਰਾ ਨ ਭਇਆ॥

ਜੋ ਹੱਥ ਅਸ਼ੀਰਵਾਦ ਲਈ ਹੀ ਉੱਠਦੇ ਹੋਣ। ਮੂੰਹ ਭਲੇ ਲਈ ਹੀ ਖੁਲਦਾ ਹੋਵੇ। ਮਿਹਰ ਹੀ ਨਿਸ਼ਾਨਾ ਹੋਵੇ। ਨਿਸ਼ਾਨੇ ਦੀ ਪ੍ਰਾਪਤੀ ਹੀ ਮੰਜ਼ਿਲ ਹੋਵੇ। ਉੱਥੋਂ ਬੁਰੇ

ਦੀ ਆਸ ਨਾਸਮਝੀ ਹੈ। ਫੁੱਲ ਹੱਥ ਵਿਚ ਨਹੀਂ ਚੁਭ ਸਕਦਾ। ਜਦ ਚੁਭੇਗਾ ਕੰਡਾ ਹੀ ਚੁਭੇਗਾ। ਸੱਚ ਨੇ ਪ੍ਰਕਾਸ਼ ਹੀ ਕੀਤਾ ਹੈ। ਝੂਠ ਨੇ ਹਨੇਰਾ ਹੀ ਹੰਢਾਇਆ ਹੈ। ਕਾਲੇ ਬਦਲ ਤਾਂ ਵਰਨ ਲਈ ਹੀ ਹੁੰਦੇ ਹਨ। ਹਵਾ ਦੇ ਬੁਲੇ ਠੰਡਕ ਲਈ ਹੁੰਦੇ ਹਨ। ਤਪਸ਼ ਲਈ ਨਹੀਂ। ਜੋੜ ਮੇਲਾ ਚੱਲ ਰਿਹਾ ਸੀ। ਕੋਈ ਅਭਾਗਾ ਜੋੜੇ ਮੇਲਾ ਕਰਨ ਆ ਗਿਆ। ਜੋੜੇ ਚੁਕਣ ਲੱਗਾ ਤਾਂ ਫੜਿਆ ਗਿਆ। ਸੇਵਕ ਸਜ਼ਾ ਦੇਣ ਦੇ ਹੱਕ ਵਿਚ ਸਨ। ਸੰਤਾਂ ਕੋਲ ਲੈ ਗਏ ਕਿ ਚੋਰ ਹੈ। ਸਜ਼ਾ ਦਿਓ। ਇਧਰ ਤਾਂ ਰੱਬ ਹੀ ਹੋਰ ਸੀ। ਸੰਤ ਕਹਿਣ ਕਿ ਜੋੜੇ ਚੋਰੀ ਨਹੀਂ ਕਰੀਦੇ। ਜਦ ਲੋੜ ਹੁੰਦੀ ਹੈ ਪੈਸੇ ਮੰਗ ਕੇ ਲੈ ਜਾਇਆ ਕਰ। ਜਿਸਨੂੰ ਸੋਨੇ ਲਈ ਹਾਂ ਹੋ ਜਾਵੇ ਉਸਨੇ ਲੋਹਾ ਕੀ ਕਰਨਾ। ਚੋਰ ਖੁਸ਼। ਸੇਵਕ ਗੁੱਸੇ ਕਿ ਸਜ਼ਾ ਨਹੀਂ ਦਿੱਤੀ। ਸੰਤਾਂ ਨੇ ਸਮਝਾਇਆ ਕਿ ਸਾਡਾ ਦਿਲ ਤਾਂ ਪ੍ਰਭੂ ਪਿਆਰ ਦਾ ਘਰ ਹੈ। ਗੁੱਸੇ ਦਾ ਨਹੀਂ। ਸਾਥੋਂ ਕਿਸੇ ਨਾਲ ਬੁਰਾ ਨਹੀਂ ਕੀਤਾ ਜਾਣਾ। ਬ੍ਰਹਮ ਗਿਆਨੀ ਤੇ ਕਛੁ ਬੁਰਾ ਨ ਭਇਆ॥

ਬ੍ਰਹਮ ਗਿਆਨੀ ਸਦਾ ਸਮਦਰਸੀ॥

ਧਰਮ ਸਭਾ ਵਿਚ ਬੈਠਿਆ ਪੰਡਤਾਂ ਨੂੰ ਅਸ਼ਟਾਵੱਕਰ ਕੋਹਜਾ ਦਿੱਸਿਆ। ਉਹ ਪੂਰਨ ਨਹੀਂ ਸਨ। ਅਸ਼ਟਾਵੱਕਰ ਤਾਂ ਬਾਹਰੋਂ ਕੋਹਜਾ ਸੀ। ਜੇ ਉਹ ਪੂਰਨ ਹੁੰਦੇ ਤਾਂ ਅੰਦਰੋਂ ਕੋਹਜਿਆ ਦਾ ਵੀ ਸਤਿਕਾਰ ਕਰਦੇ। ਪੂਰਨਤਾ ਓਨੀ ਸੌਖੀ ਹੈ ਨਹੀਂ ਜਿੰਨੀ ਦਿਸਦੀ ਹੈ। ਅਸੀਂ ਸੂਰਜ ਨਹੀਂ ਬਣ ਸਕਦੇ ਚੰਦ ਵਾਂਗਰ ਵਧਦੇ ਘਟਦੇ ਹੀ ਰਹਿੰਦੇ ਹਾਂ। ਚੰਦ ਵੀ ਪੂਰਨ ਹੋਕੇ ਘਟਦਾ ਹੈ। ਪਰ ਅਸੀਂ ਜਾਂ ਵਧਦੇ ਹਾਂ ਜਾਂ ਘਟਦੇ ਹਾਂ ਪੂਰਨ ਨਹੀਂ ਹੁੰਦੇ। ਜੋ ਪੂਰਨ ਹੁੰਦੇ ਹਨ ਸਮ ਦਰਸ਼ੀ ਹੋ ਜਾਂਦੇ ਹਨ। ਸਭ ਨੂੰ ਇਕੋ ਨਜ਼ਰ ਨਾਲ ਵੇਖਣ ਵਾਲੇ। ਐਬ ਨਹੀਂ ਦਿਸਦੇ। ਆਤਮਾ ਦਿਸਦੀ ਹੈ। ਪਾਪੀ ਵਿਚ ਵੀ ਅਤੇ ਪੁੰਨੀ ਵਿਚ ਵੀ।

ਬ੍ਰਹਮ ਗਿਆਨੀ ਸਦਾ ਸਮ ਦਰਸੀ॥
ਬ੍ਰਹਮ ਗਿਆਨੀ ਕੀ ਦ੍ਰਿਸਟਿ ਅੰਮ੍ਰਿਤੁ ਬਰਸੀ॥

ਸਭ ਵਿਚ ਆਤਮਾ ਦਿਸਦੀ ਹੈ। ਪ੍ਰਮਾਤਮਾ ਦਾ ਅੰਸ਼ ਸਮਾਇਆ ਦਿਸਦਾ ਹੈ ਤਾਂ ਵਿਸ਼ੈਲੇ ਨਾਗ ਲਈ ਵੀ ਅੰਮ੍ਰਿਤ ਹੀ ਝਰਦਾ ਹੈ। ਕੰਡਿਆਂ ਲਈ ਅਸੀਸਾਂ ਹੀ ਨਿਕਲਦੀਆਂ ਹਨ। ਦੁਸ਼ਟਾਂ ਲਈ ਵੀ ਪਿਆਰ ਹੀ ਉਪਜਦਾ ਹੈ। ਇਕੋ ਨਜ਼ਰ ਇਕੋ ਦ੍ਰਿਸ਼ਟੀ। ਇਹ ਹੈ ਬ੍ਰਹਮ ਗਿਆਨੀ। ਗੁਰਦੁਆਰਾ ਈਸ਼ਰਪੁਰੀ ਸਾਹਿਬ ਵਿਖੇ ਰੈਣ ਸੁਬਾਈ ਕੀਰਤਨ ਚਲ ਰਿਹਾ ਸੀ। ਗੁਰੂ ਨਾਨਕ ਪ੍ਰਕਾਸ਼ ਉਤਸਵ ਸੀ। ਪਿੰਡ



ਰਾਏਪੁਰ ਤੋਂ ਇਕ ਪ੍ਰੇਮੀ ਆਇਆ। ਸ਼ਰਾਬ ਨਾਲ ਰੱਜਿਆ ਹੋਇਆ ਸੀ। ਬਾਹਰ ਠੰਡ ਬਹੁਤ ਸੀ। ਲੜਖੜਾਉਂਦਾ ਹੋਇਆ ਦਰਬਾਰ ਸਾਹਿਬ ਵਿਚ ਆਕੇ ਬੈਠ ਗਿਆ। ਸੰਤਾਂ ਦੀ ਦ੍ਰਿਸ਼ਟੀ ਪਈ। ਨਫ਼ਰਤ ਨਹੀਂ ਹੋਈ। ਸਮਦਰਸ਼ੀ ਸਨ। ਪਿਆਰ ਉਪਜਿਆ। ਠੰਡ ਵਿਚ ਭੇਜਕੇ ਉਸਦਾ ਬੁਰਾ ਵੀ ਨਹੀਂ ਸਨ ਕਰ ਸਕਦੇ। ਅੰਦਰ ਬਿਠਾ ਕੇ ਗੁਰੂ ਮਹਾਰਾਜ ਦੀ ਬੇਅਦਬੀ ਵੀ ਨਹੀਂ ਕਰ ਸਕਦੇ ਸਨ। ਦੋ ਰਜਾਈਆਂ ਮੰਗਵਾਈਆਂ। ਬੜੇ ਇੱਜ਼ਤ ਮਾਣ ਨਾਲ ਦਰਬਾਰ ਦੇ ਬਾਹਰ ਬਿਠਾ ਦਿੱਤਾ ਤਾਂ ਕਿ ਰਾਤ ਕੱਟ ਸਕੇ।

ਪਿੰਡ ਸਾਰੋਬਾਦ ਦਾ ਇਕ ਪ੍ਰੇਮੀ ਸ਼ਰਾਬ ਨਾਲ ਰੱਜਿਆ ਹੋਇਆ ਸ਼ਾਮ ਚੁਰਾਸੀ ਖੜ੍ਹਾ ਸੀ। ਕੁਵੇਲਾ ਸੀ। ਜਾਣ ਦਾ ਸਾਧਨ ਵੀ ਨਹੀਂ ਸੀ। ਜਾਣਦੇ ਸਨ ਕਿ ਸਾਰੋਬਾਦ ਦਾ ਹੈ। ਰੁਕ ਗਏ। ਗੱਡੀ 'ਚੋਂ ਉਤਰਕੇ ਖੜ੍ਹੇ ਹੋ ਗਏ। ਨਫ਼ਰਤ ਨਹੀਂ ਕੀਤੀ। ਪਹਿਲਾਂ ਉਸਨੂੰ ਘਰ ਪਹੁੰਚਾਇਆ। ਫਿਰ ਗੁਰਦੁਆਰਾ ਸਾਹਿਬ ਵਾਪਸ ਗਏ। ਇਹ ਹੈ ਪੂਰਨਤਾ।

ਬ੍ਰਹਮ ਗਿਆਨੀ ਬੰਧਨ ਤੇ ਮੁਕਤਾ॥

ਬੰਧਨ ਉਸ ਲਈ ਹੁੰਦੇ ਹਨ ਜੋ ਦੁਨਿਆਵੀ ਰਸਾਂ ਵਿਚ ਕੈਦ ਹੋ ਗਏ। ਜੇ ਨਹੀਂ ਫਸਣਗੇ, ਆਜ਼ਾਦ ਰਹਿਣਗੇ। ਜੀਵ ਦਾ ਜਨਮ ਹੁੰਦਾ ਹੈ ਪ੍ਰਾਲਬਧ ਭੁਗਤਣ ਲਈ। ਕਿਰਿਆਮਾਨ ਕਰਦਾ ਹੈ। ਸੰਚਿਤ ਜਮਾ ਹੋਈ ਜਾਂਦੇ ਹਨ। ਜਿੰਨਾ ਬੰਧਨ ਹੈ ਓਨੀ ਹੀ ਮੁਕਤੀ ਦੇ ਰਾਹ ਵਿਚ ਰੁਕਾਵਟ ਹੈ। ਮੁਕਤ ਹੋਣਾ ਹੈ ਤਾਂ ਬੰਧਨ ਤੋਂ ਮੁਕਤ ਹੋਣਾ ਪਵੇਗਾ। ਰੱਬੀ ਕਾਰਕ ਤਾਂ ਆਪਣੇ ਕਰਮਾਂ ਕਰਕੇ ਆਉਂਦੇ ਹੀ ਨਹੀਂ। ਜੀਵਾਂ ਦੇ ਕਰਮਾਂ ਕਰਕੇ ਆਉਂਦੇ ਹਨ। ਜੀਵਾਂ ਦੇ ਭਲੇ ਵਾਸਤੇ ਆਉਂਦੇ ਹਨ। ਜਦ ਕਰਮ ਹੀ ਨਹੀਂ ਤਾਂ ਬੰਧਨ ਕੈਸਾ। ਫਿਰ ਮੁਕਤੀ ਕੈਸੀ। ਬ੍ਰਹਮ ਗਿਆਨੀ ਕਰਮਾਂ ਤੋਂ ਬੰਧਨਾ ਤੋਂ ਮੁਕਤ ਹੁੰਦਾ ਹੈ।

ਬ੍ਰਹਮ ਗਿਆਨੀ ਬੰਧਨ ਤੇ ਮੁਕਤਾ॥
ਬ੍ਰਹਮ ਗਿਆਨੀ ਕੀ ਨਿਰਮਲ ਜੁਗਤਾ॥

ਖ਼ੁਦ ਬੰਧਨ ਤੋਂ ਮੁਕਤ ਹੁੰਦਾ ਹੈ। ਦੂਜਿਆਂ ਨੂੰ ਜੁਗਤੀ ਦੁਆਰਾ ਮੁਕਤ ਕਰ ਦਿੰਦਾ ਹੈ। ਸੁਖਾਲੇ ਸਾਧਨ ਦੱਸ ਦਿੰਦਾ ਹੈ। ਪ੍ਰਾਲਬਧ ਤਾਂ ਅਸੀਂ ਭੁਗਤ ਹੀ ਜਾਵਾਂਗੇ। ਪਰ ਸੰਚਿਤ ਪਏ ਰਹਿਣਗੇ। ਜੋ ਬੀਜ ਰੂਪ ਵਿਚ ਹੁੰਦੇ ਹਨ। ਕਾਰਨ ਮੰਡਲ ਜਾਂ ਤ੍ਰਿਕੁਟੀ ਇਹਨਾਂ ਦਾ ਸਥਾਨ ਹੈ। ਬ੍ਰਹਮ ਗਿਆਨੀ ਜੁਗਤ ਦਿੰਦਾ ਹੈ।

ਇਹਨਾਂ ਬੀਜਾਂ ਦੀ ਪੁੰਗਰਣ ਸ਼ਕਤੀ ਨਸ਼ਟ ਹੋ ਜਾਂਦੀ ਹੈ। ਸੰਚਿਤ ਤੋਂ ਛੁਟ ਜਾਂਦੇ ਹਾਂ। ਬ੍ਰਹਮ ਗਿਆਨੀ ਦੁਆਰਾ ਦਿੱਤੀ ਜੁਗਤ ਕਿਰਿਆਮਾਨ ਤੋਂ ਵੀ ਵਰਜਦੀ ਹੈ। ਨਿਹਕਰਮੀ ਹੋਣ ਦਾ ਭੇਦ ਦਿੰਦੀ ਹੈ। ਬ੍ਰਹਮ ਗਿਆਨੀ ਤੋਂ ਨਿਹਕਰਮੀ ਹੋਣ ਅਤੇ ਸੰਚਿਤ ਕਰਮਾਂ ਤੋਂ ਛੁਟਕਾਰੇ ਦਾ ਭੇਦ ਮੋਕਸ਼ ਦੇ ਦਿੰਦਾ ਹੈ। ਬੰਧਨਾਂ ਤੋਂ ਮੁਕਤ ਕਰ ਦਿੰਦਾ ਹੈ। ਆਪ ਮੁਕਤ ਸੀ। ਨਿਰਮਲ ਜੁਗਤ ਦੁਆਰਾ ਬਾਕੀ ਵੀ ਕਰ ਦਿੱਤੇ।

ਬ੍ਰਹਮ ਗਿਆਨੀ ਕਾ ਭੋਜਨੁ ਗਿਆਨ ॥

ਜੋ ਵੀ ਆਹਾਰ ਹਨ। ਦੁਨਿਆਵੀ ਰਾਸਤੇ 'ਤੇ ਚੱਲਣ ਵਿਚ ਸਹਾਈ ਹੁੰਦੇ ਹਨ। ਸੁਬ੍ਹਾ ਉਠਦੇ ਹਾਂ। ਕੰਮ ਕਾਜ ਕਰਦੇ ਹਾਂ। ਸੌਂਦੇ ਹਾਂ। ਸਭ ਲਈ ਆਹਾਰ ਜ਼ਰੂਰੀ ਹੈ। ਸਥੂਲ ਦਾ ਮਾਰਗ ਭੋਜਨ ਦਾ ਮਾਰਗ ਹੈ। ਸੂਖਮ ਮਾਰਗ ਵੀ ਭੋਜਨ ਦਾ ਮਾਰਗ ਹੈ। ਉੱਥੇ ਭੋਜਨ ਗਿਆਨ ਹੈ। ਬਗਲੇ ਦੀ ਤਰ੍ਹਾਂ ਮਛਲੀ ਨਹੀਂ ਚਾਹੀਦੀ। ਹੰਸ ਦੀ ਤਰ੍ਹਾਂ ਮੋਤੀ ਚਾਹੀਦੇ ਹਨ। ਗਿਆਨ ਦੇ ਮੋਤੀ। ਸੰਤ ਬਾਬਾ ਤੀਰਥ ਸਿੰਘ ਜੀ ਇਕ ਫੁਲਕਾ ਛਕਦੇ। ਅੱਠ ਪਹਿਰ ਨਿਕਲ ਜਾਂਦੇ। ਕਈ ਵਾਰ ਕਈ ਕਈ ਦਿਨਾਂ ਉਹਨਾਂ ਨੇ ਗਿਆਨ ਨੂੰ ਭੋਜਨ ਬਣਾਇਆ ਸੀ-ਬ੍ਰਹਮ ਦੇ ਗਿਆਨ ਨੂੰ।

ਬ੍ਰਹਮ ਗਿਆਨੀ ਕਾ ਭੋਜਨੁ ਗਿਆਨ ॥

ਬ੍ਰਹਮ ਗਿਆਨੀ ਕਾ ਬ੍ਰਹਮ ਧਿਆਨੁ ॥

ਜੇ ਗਿਆਨ ਬ੍ਰਹਮ ਹੋਏਗਾ ਤਾਂ ਧਿਆਨ ਵੀ ਬ੍ਰਹਮ ਹੀ ਹੋਵੇਗਾ। ਬ੍ਰਹਮ ਕੀ ਹੈ ? ਪਰਮਾਤਮਾ। ਜੋ ਕਣ ਕਣ ਵਿਚ ਸਮਾਇਆ ਹੋਇਆ ਹੈ ਉਸਦਾ ਧਿਆਨ। ਜੋ ਇਸ ਸ੍ਰਿਸ਼ਟੀ ਦਾ ਰਚਣਹਾਰਾ ਹੈ ਉਸਦਾ ਧਿਆਨ। ਜੋ ਦਿਸਦਾ ਨਹੀਂ ਅਦ੍ਰਿਸ਼ ਹੈ-ਉਸਦਾ ਧਿਆਨ। ਜੋ ਪੰਜਾਂ ਤੱਤਾਂ ਵਿਚ ਛੇਵਾਂ ਤੱਤ ਬਣਕੇ ਸਮਾਅ ਗਿਆ-ਉਸਦਾ ਧਿਆਨ। ਉਸਦੀ ਸ੍ਰਿਸ਼ਟੀ ਦਾ ਧਿਆਨ। ਉਸਦੀ ਖ਼ਲਕਤ ਦਾ ਧਿਆਨ। ਸਮੂਹ ਬ੍ਰਹਮ ਦਾ ਧਿਆਨ-ਬ੍ਰਹਮ ਧਿਆਨ।

ਬ੍ਰਹਮ ਗਿਆਨੀ ਏਕ ਊਪਰਿ ਆਸ ॥

ਗੁਰੂ ਨਾਨਕ ਤਿੰਨ ਦਿਨ ਬਾਦ ਨਦੀ 'ਚੋਂ ਨਿਕਲੇ। ਜੋ ਸਭ ਤੋਂ ਪਹਿਲਾਂ ਉਚਾਰਿਆ। ਉਹ ਸੀ-੧ੳ। ਪਹਿਲਾ ਸ਼ਬਦ। ਹੋਰ ਕੁਝ ਨਹੀਂ। ਬਸ ਇਕ ਓਂਕਾਰ ਹੀ ਹੈ। ਬਸ ਉਸਦਾ ਨਾਮ ਹੀ ਸੱਚਾ ਹੈ। ਬਾਕੀ ਤਾਂ ਸਭ ਕਹਾਣੀਆਂ ਹਨ। ਆਸ ਸੱਚੇ 'ਤੇ ਹੀ ਹੋ ਸਕਦੀ ਹੈ। ਬ੍ਰਹਮ ਗਿਆਨੀ ਦੀ ਆਸ ਵੀ ਉਸੇ ਇਕ 'ਤੇ ਹੀ ਹੁੰਦੀ ਹੈ।



ਸੰਤ ਉਪਦੇਸ਼ ਦਿੰਦੇ ਕਿ ਜੋ ਹੈ ਸੰਗਤ ਦਾ ਹੀ ਹੈ। ਜਿੰਨਾ ਵਰਤੋਗੇ, ਓਨਾ ਹੀ ਹੋਰ ਆਵੇਗਾ। ਜਿਸਦਾ ਦਰ ਹੈ ਓਹੀ ਭੇਜੇਗਾ। ਓਹੀ ਇਕ ਓਂਕਾਰ। ਸੇਵਕ ਪਰਖਣ 'ਤੇ ਉੱਤਰ ਆਏ। ਤੱਕ ਲਵੋ ਤਾਂ ਕੌਣ ਰੋਕ ਸਕਦਾ ਹੈ। ਕੁਝ ਇਸ ਤਰ੍ਹਾਂ ਵਰਤਿਆ ਕਿ ਦੁੱਧ ਖ਼ਤਮ ਹੋ ਗਿਆ। ਲੰਗਰ ਵਿਚੋਂ ਭਾਈ ਲੱਖਾ ਸਿੰਘ ਦੁੱਧ ਲੈਣ ਚੱਲ ਪਿਆ। ਇਧਰ ਸੰਗਤ ਨਾਲ ਬਚਨ ਕਰਦੇ ਕਰਦੇ ਸੰਤ ਅੰਤਰ ਧਿਆਨ ਹੋ ਗਏ। ਲੱਖਾ ਸਿੰਘ ਨੇ ਬੇਨਤੀ ਕੀਤੀ ਕਿ ਦੁੱਧ ਖ਼ਤਮ ਹੈ। ਜਦ ਕਦੇ ਪਹਿਲਾਂ ਮੁਕਦਾ ਤਾਂ ਤੁਹਾਡੇ ਕੋਲ ਪਿਆ ਹੁੰਦਾ ਸੀ। ਅੱਜ ਤੁਹਾਡੇ ਕੋਲ ਵੀ ਖ਼ਤਮ ਹੈ। ਕਹੋ ਤਾਂ ਸ਼ਾਮ ਚੁਰਾਸੀ ਤੋਂ ਮੁੱਲ ਲੈ ਆਈਏ। ਸੰਤ ਅੰਤਰ ਧਿਆਨ ਬੈਠੇ ਰਹੇ। ਕੁਝ ਪਲ ਇੰਤਜ਼ਾਰ ਕੀਤਾ ਤੇ ਲੱਖਾ ਸਿੰਘ ਨੇ ਫਿਰ ਦੁਹਰਾਇਆ। ਨੇਤਰ ਬੰਦ ਰਹੇ। ਅਡੋਲ। ਬੇ-ਹਰਕਤ। ਇਕਾਗਰ ਚਿਤ। ਸਮਾਧੀ ਲੀਨ। ਜਦ ਲੱਖਾ ਸਿੰਘ ਨੇ ਤੀਜੀ ਵਾਰ ਬੇਨਤੀ ਕੀਤੀ ਕਿ ਦੁੱਧ ਖ਼ਤਮ ਹੈ। ਦਰਵਾਜਾ ਖੁੱਲ੍ਹਿਆ। ਸੇਵਕ 5-7 ਲੀਟਰ ਦੀ ਦੁੱਧ ਨਾਲ ਭਰੀ ਕੈਨੀ ਲੈ ਕੇ ਆਇਆ। ਨਮਸਕਾਰ ਕੀਤੀ ਅਤੇ ਬੈਠ ਗਿਆ। ਲੱਖਾ ਸਿੰਘ ਦੇ ਤੀਜੀ ਵਾਰ ਬੇਨਤੀ ਕਰਦਿਆਂ ਕਰਦਿਆਂ ਇਹ ਸਭ ਹੋ ਗਿਆ। ਲੱਖਾ ਸਿੰਘ ਦੀ ਤੀਜੀ ਵਾਰ ਦੀ ਬੇਨਤੀ ਅਜੇ ਖ਼ਤਮ ਹੋਣ 'ਤੇ ਹੀ ਪਹੁੰਚੀ ਸੀ ਕਿ ਸੰਤਾਂ ਨੇ ਨੇਤਰ ਖੋਲ੍ਹੇ। ਧੀਰਜ ਨਾਲ ਕਿਹਾ, "ਲੱਖਾ ਸਿੰਹਾ ਦੁੱਧ ਲੈ ਜਾ।" ਸਭ ਸੰਗਤ ਹੈਰਾਨ ਹੋ ਗਈ। ਲੱਖਾ ਸਿੰਘ ਵੀ। ਇਹ ਹੈ ਇਕ ਉਪਰ ਆਸ।

ਬ੍ਰਹਮ ਗਿਆਨੀ ਏਕ ਊਪਰਿ ਆਸਿ ॥

ਬ੍ਰਹਮ ਗਿਆਨੀ ਕਾ ਨਹੀ ਬਿਨਾਸ ॥

ਜਿਸਦੀ ਆਸ ਇਕ ਉੱਪਰ ਹੈ। ਉਹ ਵੱਖ ਨਹੀਂ ਹੁੰਦਾ। ਅਭੇਦ ਹੁੰਦਾ ਹੈ। ਆਤਮਾ ਪ੍ਰਮਾਤਮਾ ਦਾ ਹਿੱਸਾ ਬਣ ਚੁੱਕੀ ਹੁੰਦੀ ਹੈ। ਉਹ ਅਮਰ ਹੋ ਚੁੱਕਾ ਹੁੰਦਾ ਹੈ। ਅਮਰਤਾ ਨੂੰ ਅਰਾਧਾਂਗੇ ਤਾਂ ਅਮਰ ਹੋ ਜਾਵਾਂਗੇ। ਜੋ ਅਮਰ ਹੋ ਜਾਂਦਾ ਹੈ ਉਸਦਾ ਬਿਨਾਸ ਨਹੀਂ ਹੁੰਦਾ ਅਤੇ ਉਹ ਜੰਮਣ ਮਰਨ ਤੋਂ ਰਹਿਤ ਹੋ ਜਾਂਦਾ।

ਬ੍ਰਹਮ ਗਿਆਨੀ ਕੈ ਗਰੀਬੀ ਸਮਾਹਾ ॥

ਸੰਤ ਬਾਬਾ ਤੀਰਥ ਸਿੰਘ ਜੀ। ਨਾ ਖਾਣ ਦਾ ਸ਼ੌਂਕ ਨਾ ਪਹਿਨਣ ਦਾ। ਇਹ ਹੈ ਤਨ ਦੀ ਗਰੀਬੀ। ਨਾ ਕਾਮ ਸੀ, ਨਾ ਕ੍ਰੋਧ ਸੀ ਨਾ ਲੋਭ ਨਾ ਮੋਹ ਨਾ ਅਹੰਕਾਰ। ਇਹ ਹੈ ਮਨ ਦੀ ਗਰੀਬੀ। ਜਿਸਨੇ ਤਨ ਦੀ ਗਰੀਬੀ ਧਾਰਣ ਕਰ ਲਈ। ਉਹ ਤਾਕਤਵਰ ਹੈ। ਜਿਸਦੇ ਮਨ ਵਿਚ ਗਰੀਬੀ ਵਸ ਗਈ ਉਹ ਬਲਵਾਨ।

ਤਨ ਨਾਲੋਂ ਵੀ ਮਨ ਜਿੱਤਣਾ ਕਠਿਨ ਹੈ। ਜਿਸਨੇ ਮਨ ਜਿੱਤ ਲਿਆ ਉਹ ਜੱਗ ਜਿਤ ਲੈਂਦਾ ਹੈ। ਮਨ ਨੂੰ ਕਹੋ ਗਰੀਬ ਰਹਿ। ਨਹੀਂ ਰਹੇਗਾ। ਪਹਿਲਾਂ ਮਨ ਜਿੱਤੋ। ਜਦ ਤੁਸੀਂ ਜਿੱਤ ਜਾਵੋਗੇ ਮਨ ਹਾਰ ਜਾਵੇਗਾ। ਕਹੋ ਕਿ ਗਰੀਬੀ ਧਾਰਣ ਕਰ। ਕਰ ਲਵੇਗਾ। ਤਨ ਅਤੇ ਮਨ ਦੀ ਗਰੀਬੀ ਧਾਰਣ ਕਰਨਾ ਬ੍ਰਹਮ ਦੇ ਰਾਹੀ ਲਈ ਜ਼ਰੂਰੀ ਹੈ। ਜੋ ਬ੍ਰਹਮ ਗਿਆਨ ਨੂੰ ਪ੍ਰਾਪਤ ਹੋ ਗਿਆ। ਉਹ ਹਿਰਦੈ ਤੋਂ ਗਰੀਬ ਹੋਵੇਗਾ ਕਿਉਂਕਿ

ਬ੍ਰਹਮ ਗਿਆਨੀ ਕੈ ਗਰੀਬੀ ਸਮਾਹਾ ॥
ਬ੍ਰਹਮ ਗਿਆਨੀ ਪਰਉਕਾਰ ਉਮਾਹਾ ॥

ਹਿਰਦੈ ਵਿਚ ਗਰੀਬੀ ਹੋਵੇ ਤਾਂ ਦਇਆ ਨਾਲ ਭਰ ਜਾਂਦਾ ਹੈ। ਦਇਆ ਪਰਉਪਕਾਰ ਨੂੰ ਜਨਮ ਦਿੰਦੀ ਹੈ। ਪੂਰਨ ਬ੍ਰਹਮ ਗਿਆਨੀ ਖ਼ਲਕਤ ਦੀ ਭਲਾਈ ਲਈ ਹੀ ਹਯਾਤੀ ਵਾਰ ਦਿੰਦਾ ਹੈ। ਲੋੜਵੰਦਾਂ ਦੇ ਲੇਖੇ ਹੀ ਲਾਹ ਦਿੰਦਾ ਹੈ। ਸੰਤ ਬਾਬਾ ਤੀਰਥ ਸਿੰਘ ਜੀ ਸਾਰੀ ਉਮਰ ਭਲਾਈ ਹੀ ਕਰਦੇ ਰਹੇ। ਇਲਾਕੇ ਵਿਚ ਕਾਲਜ ਨਹੀਂ ਸੀ। ਕੁੜੀਆਂ ਲਈ ਉੱਚ ਵਿੱਦਿਆ ਸਮੇਂ ਦੀ ਲੋੜ ਹੈ। ਕਾਲਜ ਖੁਲਵਾਇਆ। ਸਕੂਲ ਦੀ ਲੋੜ ਸੀ। ਸਕੂਲ ਖੁਲਵਾਇਆ। ਸੜਕ ਕੱਚੀ ਸੀ। ਜੋ ਸ਼ਾਮ ਚੁਰਾਸੀ ਨੂੰ ਸਾਰੋਬਾਦ ਅਤੇ ਮੁਹੱਦੀਪੁਰ ਨਾਲ ਜੋੜਦੀ। ਸੰਗਤ ਔਖੀ ਹੁੰਦੀ। ਪੜ੍ਹਨ ਜਾਣ ਵਾਲੇ ਬੱਚੇ ਪ੍ਰੇਸ਼ਾਨ ਹੁੰਦੇ। ਰਾਹਗੀਰ ਮੀਹਾਂ ਵਿਚ ਡਿੱਗ ਪੈਂਦੇ। ਵਸਤਰ ਖਰਾਬ ਹੋ ਜਾਂਦੇ। ਸੜਕ ਪੱਕੀ ਬਣਾਈ। ਕਾਲਜ ਦੀਆਂ ਫ਼ੀਸਾਂ ਤਾਂ ਪਹਿਲਾਂ ਹੀ ਘਟ ਸਨ। ਜੋ ਬੱਚੀਆਂ ਨਾ ਦੇ ਸਕਦੀਆਂ ਸੰਤ ਆਪਣੇ ਕੋਲੋਂ ਦਿੰਦੇ। ਕਿਤਾਬਾਂ ਮੁਫ਼ਤ ਦਿੱਤੀਆਂ ਜਾਂਦੀਆਂ। ਸਾਡੇ ਲੋਕ ਗੁਰਬਾਣੀ ਸੰਬੰਧਿਤ ਕਿਤਾਬਾਂ ਖਰੀਦਣ ਤੋਂ ਗੁਰੇਜ਼ ਕਰਦੇ ਹਨ। ਸ਼ਾਇਦ ਜ਼ੇਬ ਇਜਾਜ਼ਤ ਨਹੀਂ ਦਿੰਦੀ। ਮੋਤੀ ਚੁਗਣ ਵਾਲਿਆਂ ਲਈ ਗੁਰੂ ਨਾਨਕ ਲਾਇਬ੍ਰੇਰੀ ਖੋਲ੍ਹੀ। ਆਸੇ ਪਾਸੇ ਦੇ ਸਕੂਲਾਂ ਕਾਲਜਾਂ ਵਿਚ ਸੰਤ ਲੰਗਰ ਲਾ ਦਿੰਦੇ। ਗੁਰਦੁਆਰਾ ਈਸ਼ਰਪੁਰੀ ਸਾਹਿਬ ਦਾ ਲੰਗਰ ਅੱਠੇ ਪਹਿਰ ਚਲਦਾ। ਕੋਈ ਗਰੀਬ 6 ਮਹੀਨੇ ਵੀ ਖਾਈ ਜਾਂਦਾ ਤਾਂ ਨਾਂਹ ਨਾ ਹੁੰਦੀ। ਸੰਤ ਗਰੀਬ ਵਿਚ ਰੱਬ ਵੇਖਦੇ ਸਨ। ਕਦੇ ਕੋਈ ਸਵਾਲੀ ਦਰ ਤੋਂ ਖਾਲੀ ਨਹੀਂ ਮੋੜਿਆ। ਬੇਸ਼ੱਕ ਸੌ ਮੰਗਣ ਆਇਆ ਹੋਵੇ ਜਾਂ ਲੱਖ ਮੰਗਣ ਆਇਆ ਹੋਵੇ। ਜੇਬਾਂ ਭਰਨ ਵਾਲਿਆਂ ਨੂੰ ਵੀ ਮੱਥੇ ਵੱਟ ਨਹੀਂ ਪਾਇਆ। ਕਿਸੇ ਨੇ ਰੱਬ ਮੰਗਿਆ ਤਾਂ ਰੱਬ ਮਿਲਿਆ। ਜੱਗ ਮੰਗਿਆ ਤਾਂ ਜੱਗ ਮਿਲਿਆ। ਕੋਈ ਬਜ਼ੁਰਗ ਬੇਸਹਾਰਾ ਦਿਸਦਾ



ਤਾਂ ਅਸਥਾਨ 'ਤੇ ਰੱਖ ਲੈਂਦੇ। ਕੋਈ ਅਨਾਥ ਬੱਚਾ ਹੁੰਦਾ ਤਾਂ ਸਹਾਰਾ ਦਿੰਦੇ। ਗੁਰੂ ਨਾਨਕ ਦਾ ਖਜ਼ਾਨਾ ਦੋਹੀਂ ਹੱਥੀ ਵੰਡਿਆ। ਜਿੰਨਾ ਵੰਡਦੇ ਗਏ ਬਰਕਤਾਂ ਹੀ ਪੈਂਦੀਆਂ ਗਈਆਂ। ਜੇ ਕੋਈ ਆਪਣੀ ਕੁੜੀ ਜਾਂ ਮੁੰਡੇ ਦਾ ਵਿਆਹ ਕਰ ਸਕਣ ਤੋਂ ਅਸਮਰੱਥ ਹੁੰਦਾ ਤਾਂ ਸੰਤ ਵਿਆਹ ਕਰ ਦਿੰਦੇ। ਕੋਈ ਗੁਰਦੁਆਰਾ ਬਣਾਉਣ ਸਮੇਂ ਸਹਿਯੋਗ ਮੰਗਦਾ ਤਾਂ ਬੇਅੰਤ ਮਾਇਆ ਦੇ ਦਿੰਦੇ। ਸਭ ਪਾਸੇ ਪਰਉਪਕਾਰ ਹੀ ਪਰਉਪਕਾਰ ਕਰਦੇ।

ਬ੍ਰਹਮ ਗਿਆਨੀ ਕੈ ਨਾਹੀ ਧੰਧਾ ॥

ਮੁਸ਼ਕਿਲ ਕੀ ਹੈ ? ਤਨ ਅਤੇ ਮਨ ਦਾ ਇਕੋ ਦਿਸ਼ਾ ਵਿਚ ਕੰਮ ਨਾ ਕਰਨਾ। ਤਨ ਕੰਮ ਦੇ ਰੌਂਅ ਵਿਚ ਹੋਵੇਗਾ। ਮਨ ਆਰਾਮ ਭਾਲੇਗਾ ਤਾਂ ਮੁਸ਼ਕਿਲ ਹੋ ਜਾਵੇਗੀ। ਉਲਟ ਵੀ ਸੱਚ ਹੈ। ਜਦ ਦੋਵੇਂ ਇਕ ਲੈਅ ਵਿਚ ਹੋਣਗੇ ਮੁਸ਼ਕਿਲ ਹੱਲ ਹੋ ਜਾਵੇਗੀ। ਬੀਜ ਹੈ। ਬੂਟਾ ਹੈ। ਟਹਿਣੀ ਹੈ। ਫੁੱਲ ਖਿੜਦਾ ਹੈ। ਜੇ ਟਹਿਣੀ ਅਤੇ ਫੁੱਲ ਇਕ ਲੈਅ ਵਿਚ ਨਹੀਂ ਤਾਂ ਮੁਸ਼ਕਲ ਹੋ ਜਾਵੇਗੀ। ਸੌਗੰਧੀਆਂ ਪ੍ਰਭਾਵਤ ਹੋਣਗੀਆਂ। ਭੌਰੇ ਅਸਰਅੰਦਾਜ਼ ਹੋਣਗੇ। ਚੌਗਿਰਦੇ ਵਿਚ ਖਾਲੀਪਨ ਦਾ ਅਹਿਸਾਸ ਰਹੇਗਾ। ਸੱਖਣਾਪਨ ਗੂੰਜੇਗਾ। ਮਹਿਕਾਂ ਤੋਂ ਅਧੂਰਾਪਨ। ਜੇ ਪਾਣੀ ਵਿਚ ਲੈਅ ਨਹੀਂ ਤਾਂ ਧਰਤੀ ਨੂੰ ਔੜ ਝਲਣੀ ਪਏਗੀ। ਬਨਸਪਤੀ ਪ੍ਰਭਾਵਿਤ ਹੋਵੇਗੀ। ਤੇ ਫਿਰ ਅਧੂਰਾਪਨ। ਜੇ ਲੈਅ ਹੋਵੇ ਤਾਂ ਮੁਸ਼ਕਿਲ ਨਹੀਂ ਰਹਿੰਦੀ। ਤੁਹਾਡੇ ਅਤੇ ਸ਼ਬਦ ਵਿਚ ਲੈਅ ਹੈ ਤਾਂ ਸ਼ਬਦ ਧੁਨ ਨਾਲ ਮਿਲਾਪ ਹੋ ਜਾਵੇਗਾ। ਅਪੂਰਨਤਾ ਪੂਰਨਤਾ ਦਾ ਰਾਹ ਅਖਤਿਆਰ ਕਰੇਗੀ। ਜੇ ਲੈਅ ਨਹੀਂ ਤਾਂ ਅਧੂਰੇ ਦੇ ਅਧੂਰੇ। ਜਦ ਤਨ, ਮਨ, ਸ਼ਬਦ ਅਤੇ ਰਚਣਹਾਰੇ ਵਿਚ ਲੈਅ ਹੁੰਦੀ ਹੈ ਤਾਂ ਗਿਆਨ ਉਪਜਦਾ ਹੈ– ਬ੍ਰਹਮ ਗਿਆਨ। ਲੈਅ ਹੋਣ ਕਾਰਣ ਉਹ ਕਿਸੇ ਕੰਮ ਵਿਚ ਬੰਧਨ ਜਾਂ ਔਖ ਮਹਿਸੂਸ ਨਹੀਂ ਕਰਦਾ।

ਬ੍ਰਹਮ ਗਿਆਨੀ ਕੈ ਨਾਹੀ ਧੰਧਾ ॥
ਬ੍ਰਹਮ ਗਿਆਨੀ ਲੇ ਧਾਵਤੁ ਬੰਧਾ ॥

ਇਹ ਲੈਅ ਬਣੀ ਕਿਵੇਂ ? ਦੁਨੀਆਂ ਵਿਚ ਸਭ ਤੋਂ ਮੁਸ਼ਕਿਲ ਕੀ ਹੈ ? ਮਨ ਨੂੰ ਲੈਅ ਵਿਚ ਕਰਨਾ। ਪਾਣੀ ਨੂੰ ਮਨਾਉਣਾ। ਫੁੱਲ ਨਾਲ ਜੋੜਨਾ। ਜੇ ਪਾਣੀ ਮੰਨ ਗਿਆ ਤਾਂ ਔੜ ਨਹੀਂ ਰਹੇਗੀ। ਫੁੱਲ ਜੁੜ ਗਿਆ ਤਾਂ ਚੌਗਿਰਦਾ ਮਹਿਕਾਂ ਵਿਹੂਣਾ ਨਹੀਂ ਰਹੇਗਾ। ਮਨ ਨੂੰ ਲੈਅ ਵਿਚ ਲਿਆਉਣ ਲਈ ਚੰਚਲ ਤੋਂ ਨਿਹਚਲ ਕਰਨਾ

ਪਏਗਾ। ਜੋ ਕਰ ਲੈਂਦਾ ਹੈ। ਔੜ ਤੋਂ ਹਰਿਆਲੀ ਤੱਕ ਦਾ ਸਫਰ ਤੈਅ ਕਰ ਲੈਂਦਾ ਹੈ। ਮਹਿਕਾਂ ਦੇ ਘਰ ਪਹੁੰਚ ਜਾਂਦਾ ਹੈ। ਗਿਆਨ ਤੋਂ ਬ੍ਰਹਮ ਗਿਆਨ ਦਾ ਸਫ਼ਰ ਤੈਅ ਕਰ ਲੈਂਦਾ ਹੈ।

ਬ੍ਰਹਮ ਗਿਆਨੀ ਕੈ ਹੋਇ ਸੁ ਭਲਾ ॥

ਕਿਸੇ ਦਾ ਦੁੱਖ ਵੇਖਿਆ ਤਾਂ ਦਰਦ ਮਹਿਸੂਸ ਕੀਤਾ। ਦਰਦ ਵੇਖਿਆ ਤਾਂ ਦੁੱਖ ਮਹਿਸੂਸ ਕੀਤਾ। ਦੂਜੇ ਦੀ ਧੜਕਣ ਆਪਣੇ ਦਿਲ ਵਿਚ ਮਹਿਸੂਸ ਕੀਤੀ। ਕੰਡਿਆਂ ਲਈ ਆਪਣੀ ਝੋਲੀ ਅੱਡ ਦਿੱਤੀ। ਫੁੱਲ ਅਗਲੇ ਦੇ ਠੂਠੇ ਵਿਚ ਪਾ ਦਿੱਤੇ। ਤਪਸ਼ ਸੀ ਤਾਂ ਗੋਦ ਵਿਚ ਉਠਾ ਲਿਆ। ਝੱਖੜ ਸੀ ਤਾਂ ਬੁੱਕਲ ਵਿਚ ਲੁਕਾ ਲਿਆ। ਦੁਖੀ ਨਾ ਹੋਣ ਦਿੱਤਾ। ਇਹ ਹੈ ਭਲਾ। ਲੋੜਵੰਦ ਦੇ ਕੰਮ ਆਏ। ਇਹ ਹੈ ਭਲਾ। ਅਜਿਹਾ ਭਲਾ ਵਿਅਕਤੀ ਹੀ ਬ੍ਰਹਮ ਗਿਆਨ ਨੂੰ ਪ੍ਰਾਪਤ ਹੋ ਸਕਦਾ ਹੈ।

ਕੈਨੇਡਾ ਤੋਂ ਬੀਬੀ ਬਲਜੀਤ ਕੌਰ। ਧੌਣ ਅਤੇ ਸਿਰ ਵਿਚ ਫੋੜੇ। ਡਾਕਟਰ ਕਹਿਣ ਕਿ ਮਰਜ਼ ਲਾ-ਇਲਾਜ ਹੈ। ਸੰਤ ਬਾਬਾ ਤੀਰਥ ਸਿੰਘ ਜੀ ਦੇ ਦਰ 'ਤੇ ਆ ਗਈ। ਕਿਰਪਾ ਦੀ ਔਸ਼ੁਧੀ ਮਿਲੀ। ਠੀਕ ਹੋ ਗਈ। ਦੁੱਖ ਕੱਟਿਆ ਗਿਆ। ਕੁਝ ਦਿਨ ਬੀਤੇ। ਸੰਤਾਂ ਦੇ ਸਿਰ ਵਿਚ ਫੋੜੇ ਹੋ ਗਏ। ਇਕ ਕੰਨ ਕੋਲ ਹੋ ਗਿਆ। ਕਰਮ ਉਸਦਾ ਸੀ। ਆਪਣੇ ਸਿਰ 'ਤੇ ਲੈ ਲਿਆ। ਭਲਾ ਕਰ ਦਿੱਤਾ। ਦੁੱਖ ਆਪ ਹੰਢਾਇਆ। ਇਹ ਹੈ ਬ੍ਰਹਮ ਗਿਆਨਤਾ।

ਬ੍ਰਹਮ ਗਿਆਨੀ ਕੈ ਹੋਇ ਸੁ ਭਲਾ ॥
ਬ੍ਰਹਮ ਗਿਆਨੀ ਸੁਫਲ ਫਲਾ ॥

ਬ੍ਰਹਮ ਗਿਆਨ ਪ੍ਰਾਪਤ ਹੁੰਦਾ ਹੈ। ਹਾਸਿਲ ਨਹੀਂ ਕਰ ਸਕਦੇ। ਕਿਰਪਾ ਸਦਕਾ ਮਿਲਦਾ ਹੈ। ਕਿਰਪਾ ਖ਼ੁਦ ਨੂੰ ਸਾਧਣ ਨਾਲ ਮਿਲਦੀ ਹੈ। ਨੇਕ ਅਮਲਾਂ ਨਾਲ ਮਿਲਦੀ ਹੈ। ਚੰਗੇ ਕੰਮ ਦਾ ਫਲ ਹੁੰਦਾ ਹੈ। ਦੁਖੀਆਂ ਦੀ ਭਲਾਈ ਦਾ ਫਲ ਹੁੰਦਾ ਹੈ। ਸਭ ਸ਼ੁਭ ਫਲ ਇਕੱਠੇ ਹੁੰਦੇ ਹਨ। ਫ਼ਲੀਭੂਤ ਹੁੰਦੇ ਹਨ। ਪ੍ਰਮਾਤਮਾ ਨੂੰ ਨਜ਼ਰ ਆਉਂਦੇ ਹਨ ਅਤੇ ਕਿਰਪਾ ਹੋ ਜਾਂਦੀ ਹੈ। ਸ਼ੁਭ ਕਰਮਾਂ ਦਾ ਫਲ ਹੀ ਬ੍ਰਹਮ ਗਿਆਨ ਹੁੰਦਾ ਹੈ।

ਬ੍ਰਹਮ ਗਿਆਨੀ ਸੰਗਿ ਸਗਲ ਉਧਾਰੁ ॥

ਧੂੜ ਦੀ ਹੈਸੀਅਤ ਹਨ-ਪੈਰ। ਹਵਾ ਦਾ ਸਾਥ ਮਿਲ ਜਾਵੇ ਤਾਂ ਅਸਮਾਨ 'ਤੇ ਪਹੁੰਚ ਜਾਂਦੀ ਹੈ। ਸਾਥ ਮਹੱਤਵਪੂਰਨ ਹੈ, ਔਕਾਤ ਨਹੀਂ। ਲੋਹਾ ਹੈ। ਪਾਰਸ ਦਾ



ਸਾਥ ਮਿਲ ਜਾਵੇ ਤਾਂ ਸੋਨਾ ਬਣ ਜਾਂਦਾ ਹੈ। ਪਾਰਸ ਪੱਥਰ ਨੂੰ ਜ਼ਰਾ ਵੀ ਭੇਦ ਨਹੀਂ ਹੁੰਦਾ ਕਿ ਜਿਸ ਲੋਹੇ ਨੂੰ ਉਹ ਸੋਨਾ ਬਣਾ ਰਿਹਾ ਹੈ, ਇਹ ਪੂਜਾ ਘਰ ਵਿਚ ਰੱਖਿਆ ਜਾਣ ਵਾਲਾ ਲੋਹਾ ਹੈ ਜਾਂ ਕਸਾਈ ਦੇ ਘਰ ਪਸ਼ੂਆਂ ਦੀ ਹੱਤਿਆ ਜਿਸ ਨਾਲ ਕੀਤੀ ਜਾਂਦੀ ਹੈ ਉਹ ਲੋਹਾ ਹੈ। ਪਾਰਸ ਤਾਂ ਦੋਹਾਂ ਨੂੰ ਹੀ ਸੋਨਾ ਬਣਾ ਦਿੰਦਾ ਹੈ। ਬ੍ਰਹਮ ਗਿਆਨੀ ਵੀ ਭੇਦ ਨਹੀਂ ਕਰਦਾ। ਪਾਪੀ ਵੀ ਤਰ ਜਾਂਦੇ ਹਨ। ਪੁੰਨੀ ਵੀ ਤਰ ਜਾਂਦੇ ਹਨ। ਸਗਲ ਸੰਸਾਰ ਤਰ ਜਾਂਦਾ ਹੈ। ਸੰਗ ਮਹੱਤਵਪੂਰਨ ਹੈ। ਇਕ ਪਲ ਦਾ ਸੰਗ ਹੀ ਕਾਇਆ ਕਲਪ ਕਰ ਦਿੰਦਾ ਹੈ।

ਸੰਤ ਜਲੰਧਰ ਹਸਪਤਾਲ ਵਿਚ ਦਾਖਲ ਸਨ। ਜਲੰਧਰ ਸ਼ਹਿਰ ਦੀ ਇਕ ਔਰਤ। ਜੋ ਆਚਾਰ ਪੱਖੋਂ ਗਨਕਾ ਹੀ ਸੀ। ਉਹ ਗਨਕਾ ਜੋ ਸਾਧੂਆਂ ਦੁਆਰਾ ਦਿੱਤੇ ਤੋਤੇ ਨੂੰ ਰਾਮ ਰਾਮ ਜਪਾਉਂਦੀ ਬੈਕੁੰਠ ਚਲੀ ਗਈ ਸੀ। ਗਨਕਾ ਦਾ ਪੇਸ਼ਾ ਸੀ। ਇਸਦਾ ਸ਼ੌਂਕ ਸੀ। ਸ਼ੌਂਕ ਪੇਸ਼ੇ ਨਾਲੋਂ ਖਤਰਨਾਕ ਹੈ। ਇੱਛਾ ਵਿਰੁੱਧ ਨਹੀਂ ਹੁੰਦਾ। ਇੱਛਾ ਸਹਿਤ ਹੁੰਦਾ ਹੈ। ਪੇਸ਼ੇ ਤੋਂ ਬੜਾ ਗੁਨਾਹ ਹੈ ਸ਼ੌਂਕ। ਇੰਦਰੀ ਭੋਗ ਵਿਚ ਲੀਨ। ਜਾਣਦੀ ਨਹੀਂ ਸੀ ਕਿ ਸਮਾਂ ਇਸ ਲਈ ਬੁੱਕਲ ਵਿਚ ਕੀ ਲਈ ਬੈਠਾ ਹੈ। ਪਰਤ ਦਰ ਪਰਤ ਖੁੱਲਦਾ ਹੈ। ਕਰਮ ਕਰਮ ਕਰਕੇ ਖੁੱਲ੍ਹਦਾ ਹੈ। ਪਿਆਜ ਦੀ ਇਕ ਇਕ ਛਿੱਲ ਵਾਂਗ ਉੱਤਰਦਾ ਜਾਂਦਾ ਹੈ। ਜਿਸ ਘਰ ਕੰਮ ਕਰਦੀ ਉਹ ਸੰਤਾਂ ਦੇ ਪ੍ਰੇਮੀ ਸਨ। ਉਹਨਾਂ ਦੇ ਘਰੋਂ ਸੰਤਾਂ ਲਈ ਫੁਲਕਾ ਜਾਂਦਾ। ਇਸਨੂੰ ਵੀ ਸੇਵਾ ਕਰਨ ਦਾ ਮੌਕਾ ਮਿਲਦਾ। ਪਰਤਾਂ ਖੁੱਲ੍ਹ ਰਹੀਆਂ ਸਨ। ਦਿਮਾਗ ਤੋਂ ਇਕ ਹੋਰ ਪਰਤ ਖੁੱਲ੍ਹੀ ਤਾਂ ਸੰਤਾਂ ਦੇ ਦਰਸ਼ਨਾਂ ਦਾ ਵਿਚਾਰ ਆਇਆ। ਦਰਸ਼ਨ ਕੀਤੇ। ਕਿਰਪਾ ਲਈ ਬੇਨਤੀ ਕੀਤੀ। ਆਸ਼ੀਰਵਾਦ ਮਿਲ ਗਿਆ। ਕਰਨ ਲਈ ਜਾਪ ਮਿਲ ਗਿਆ। ਇਕ ਪਲ ਦੇ ਦਰਸ਼ਨ ਇਸਦੀ ਜ਼ਿੰਦਗੀ ਬਦਲ ਗਏ। ਜੋ ਰਸ ਭੋਗ ਜ਼ਿੰਦਗੀ ਦਾ ਵਿਸ਼ਾ ਸੀ। ਵਿਸਰ ਗਏ। ਵਿਸ਼ਾ ਬਦਲ ਗਿਆ। ਰਸ ਅਨਰਸ ਲੱਗਣ ਲੱਗੇ। ਲੋਹੇ ਤੋਂ ਸੋਨਾ ਬਣ ਗਈ। ਪਾਰਸ ਦਾ ਸਾਥ ਹੋ ਗਿਆ। ਹਵਾ ਦਾ ਸਾਥ ਮਿਲ ਗਿਆ ਅੰਬਰ 'ਤੇ ਪਹੁੰਚ ਗਈ। ਉਧਾਰ ਹੋ ਗਿਆ।

ਬ੍ਰਹਮ ਗਿਆਨੀ ਸੰਗਿ ਸਗਲ ਉਧਾਰੁ ॥
ਨਾਨਕ ਬ੍ਰਹਮ ਗਿਆਨੀ ਜਪੈ ਸਗਲ ਸੰਸਾਰੁ ॥

ਜਿਸਦੀ ਇਕ ਦ੍ਰਿਸ਼ਟੀ ਰੰਕ ਤੋਂ ਰਾਜਾ ਬਣਵਾ ਦਿੰਦੀ ਹੈ। ਨਰਕਾਂ ਵੱਲ ਜਾ ਰਹੇ ਨੂੰ ਸੁਰਗਾਂ ਵੱਲ ਮੋੜ ਦਿੰਦੀ ਹੈ। ਕਾਂ ਤੋਂ ਹੰਸ ਬਣਾ ਦਿੰਦੀ ਹੈ। ਧਰਤੀ ਤੋਂ

ਅਸਮਾਨ ਤੇ ਪਹੁੰਚਾ ਦਿੰਦੀ ਹੈ। ਲੋਹੇ ਤੋਂ ਪਾਰਸ ਬਣਾ ਦਿੰਦੀ ਹੈ। ਉਸ ਬ੍ਰਹਮ ਗਿਆਨੀ ਨੂੰ ਸਾਰਾ ਸੰਸਾਰ ਜਪ ਰਿਹਾ ਹੈ।

ਬ੍ਰਹਮ ਗਿਆਨੀ ਕੈ ਏਕੈ ਰੰਗ ॥

ਜਲ ਦੁੱਧ ਵਿਚ ਮਿਲ ਗਿਆ ਦੁੱਧ ਹੋ ਗਿਆ। ਗੰਗਾ ਵਿਚ ਮਿਲ ਗਿਆ ਗੰਗਾ ਹੋ ਗਿਆ। ਸਾਗਰ ਵਿਚ ਮਿਲ ਗਿਆ ਸਾਗਰ ਹੋ ਗਿਆ। ਪਾਣੀ ਦਾ ਤਾਂ ਬਸ ਇਕੋ ਹੀ ਰੰਗ ਹੈ। ਜਿਸ ਵਿਚ ਮਿਲਾ ਦਿਓ ਉਸ ਵਰਗਾ ਹੀ ਹੋ ਜਾਵੇਗਾ। ਇਹੋ ਹੀ ਬ੍ਰਹਮ ਗਿਆਨੀ ਹੈ। ਉਸਦਾ ਵੀ ਇਕੋ ਹੀ ਰੰਗ ਹੈ। ਪ੍ਰਮਾਤਮਾ ਵਿਚ ਪੈ ਕੇ ਪ੍ਰਮਾਤਮਾ ਜਿਹਾ ਹੀ ਹੋ ਜਾਂਦਾ ਹੈ।

ਬ੍ਰਹਮ ਗਿਆਨੀ ਕੈ ਏਕੈ ਰੰਗ ॥

ਬ੍ਰਹਮ ਗਿਆਨੀ ਕੈ ਬਸੈ ਪ੍ਰਭੁ ਸੰਗ ॥

ਪਾਣੀ ਦੁੱਧ ਵਿਚ ਮਿਲ ਗਿਆ। ਕਹਿਣਾ ਮੁਸ਼ਕਿਲ ਹੈ ਕਿ ਪਾਣੀ ਦੁੱਧ ਵਿਚ ਰਚ ਗਿਆ ਕਿ ਦੁੱਧ ਪਾਣੀ ਵਿਚ। ਪਰ ਰੰਗ ਦੁੱਧ ਵਾਲਾ ਹੀ ਹੋ ਗਿਆ। ਪ੍ਰਮੇਸ਼ਰ ਬ੍ਰਹਮ ਗਿਆਨੀ ਦੇ ਸੰਗ ਵਸ ਜਾਂਦਾ ਹੈ। ਬ੍ਰਹਮ ਗਿਆਨੀ ਪ੍ਰਮੇਸ਼ਰ ਦੇ ਸੰਗ ਵਸ ਜਾਂਦਾ ਹੈ। ਕੌਣ ਕਿਸ ਵਿਚ ਵਸਿਆ ਕਹਿਣਾ ਮੁਸ਼ਕਿਲ ਹੈ। ਪਰ ਨਾਮ ਪ੍ਰਮੇਸ਼ਰ ਦਾ ਹੀ ਰਹੇਗਾ। ਬ੍ਰਹਮ ਗਿਆਨੀ ਤੋਂ ਪ੍ਰਮੇਸ਼ਰ ਬਣਨ ਲਈ ਕੁਝ ਤਾਂ ਛੱਡਣਾ ਹੀ ਪੈਣਾ ਸੀ। ਆਪਣਾ ਆਪ ਛੁੱਟ ਗਿਆ। ਜਗ੍ਹਾ ਖਾਲੀ ਹੋ ਗਈ। ਪ੍ਰਮੇਸ਼ਰ ਵਸ ਗਿਆ।

ਗੁਰਦੁਆਰਾ ਈਸ਼ਰਪੁਰੀ ਸਾਹਿਬ ਜੋੜ ਮੇਲਾ ਚਲ ਰਿਹਾ ਸੀ। ਰਾਤ ਦਾ ਦੀਬਾਣ। ਸੰਗਤ ਦਾ ਠਾਠਾਂ ਮਾਰਦਾ ਇਕੱਠ। ਬੱਦਲ ਵੀ ਆ ਗਿਆ। ਇੰਨਾ ਬੱਦਲ ਕਿ ਜਲ ਥਲ ਕਰ ਦੇਵੇ। ਪ੍ਰਬੰਧਕ ਵਾਰ ਵਾਰ ਸੰਤਾਂ ਕੋਲ ਜਾਣ। ਬੇਨਤੀਆਂ ਕਰਨ ਕਿ ਮੀਂਹ ਵਰ ਪਿਆ ਤਾਂ ਸੰਗਤ ਦਾ ਕੀ ਹੋਵੇਗਾ। ਪੰਡਾਲ ਬਾਹਰ ਸੀ। ਕਈ ਬੇਨਤੀਆਂ ਹੋਈਆਂ। ਸੰਤ ਬੈਠੇ ਸੁਣਦੇ ਰਹੇ। ਮੌਜ ਹੋਈ ਤਾਂ ਉਠਕੇ ਬਾਹਰ ਆਏ। ਬੱਦਲਾਂ ਵੱਲ ਵੇਖਿਆ। ਕਹਿੰਦੇ "ਠਹਿਰਜਾ ਬਈ। ਅਜੇ ਦੀਬਾਣ ਲੱਗਣਾ ਹੈ।" ਕਿੰਨਾ ਕਹਿਣੇਕਾਰ ਸੀ ਬੱਦਲ। ਲਿਸ਼ਕਣੋ ਹਟ ਗਿਆ। ਗੱਜਣੋਂ ਹਟ ਗਿਆ। ਜਿਵੇਂ ਤਰਲ ਬਰਫ਼ ਬਣ ਜਾਵੇ। ਉੱਥੇ ਹੀ ਜੰਮ ਗਿਆ। ਰਾਤ ਦੇ 10:30 ਵਜੇ ਦੀਬਾਣ ਸਮਾਪਤ ਹੋਇਆ। ਸੰਗਤ ਘਰਾਂ ਨੂੰ ਗਈ ਤਾਂ ਵੇਖਿਆ ਕਿ ਓਹੀ ਇਕ ਕਿਲੋਮੀਟਰ ਦਾ ਇਲਾਕਾ ਹੀ ਸੁੱਕਾ ਸੀ। ਬਾਕੀ ਸਭ ਜਲ ਥਲ। ਜਦ ਦੀਬਾਣ



ਸਮਾਪਤ ਹੋਇਆ ਤਾਂ ਬਰਫ਼ ਫਿਰ ਤਰਲ ਬਣ ਗਈ। ਬਹੁਤ ਬਾਰਿਸ਼ ਹੋਈ। ਜਦ ਕੋਈ ਬਿਮਾਰ ਹੁੰਦਾ, ਸੰਤ ਅਰਦਾਸ ਕਰਦੇ, ਪ੍ਰਭੂ ਅਰੋਗ ਕਰ ਦਿੰਦਾ। ਕਿਸੇ ਨੂੰ ਦੁੱਧ ਪੁੱਤ ਚਾਹੀਦੇ ਹੁੰਦੇ ਸੰਤ ਅਰਦਾਸ ਕਰਦੇ ਪ੍ਰਭੂ ਬਖਸ਼ ਦਿੰਦੇ। ਕੋਈ ਵਿਦੇਸ਼ ਜਾਣ ਦੀ ਹਿਰਸ ਲੈ ਕੇ ਆਉਂਦਾ ਵਿਦੇਸ਼ ਚਲੇ ਜਾਂਦਾ। ਕੰਮ ਲਈ ਬੇਨਤੀ ਕਰਦਾ ਕੰਮ ਮਿਲ ਜਾਂਦਾ। ਜੋ ਮੰਗਦੇ ਸੋ ਮਿਲਦਾ। ਕਿਉਂਕਿ ਉਹ ਪ੍ਰਭੂ ਦਿੰਦਾ ਹੈ ਜੋ ਬ੍ਰਹਮ ਗਿਆਨੀ ਦੇ ਸੰਗ ਵਸਦਾ ਹੈ।

ਬ੍ਰਹਮ ਗਿਆਨੀ ਕੈ ਨਾਮੁ ਆਧਾਰੁ ॥

ਬਹੁਮੰਜ਼ਲੀ ਇਮਾਰਤ ਉਸਾਰਦੇ ਹਾਂ। ਮਜ਼ਬੂਤ ਨੀਂਵ ਹੁੰਦੀ ਹੈ। ਬਿਨਾਂ ਬੁਨਿਆਦ ਤੋਂ ਰੁਕਿਆ ਨਹੀਂ ਜਾ ਸਕਦਾ। ਰੁਕੋਗੇ ਤਾਂ ਉਹ ਰੁਕਣਾ ਨਹੀਂ। ਅਸਮਾਨ ਵਿਚ ਲਟਕਣਾ ਹੈ। ਜੈਸੀ ਇਮਾਰਤ ਹੋਵੇਗੀ ਵੈਸਾ ਹੀ ਆਧਾਰ ਹੋਵੇਗਾ। ਹਲਕੀ ਲਈ ਹਲਕਾ। ਮਜ਼ਬੂਤ ਲਈ ਮਜ਼ਬੂਤ। ਬ੍ਰਹਮ ਗਿਆਨ ਵੀ ਧਰਤੀ ਤੋਂ ਅੰਬਰ ਦਾ ਸਫਰ ਹੈ। ਜਿੰਨੀ ਉਚਾਈ ਛੂਹਣ ਦਾ ਜਤਨ ਓਨਾ ਹੀ ਮਜ਼ਬੂਤ ਆਧਾਰ। ਇਹ ਆਧਾਰ ਹੈ ਨਾਮ ਦਾ। ਬਿਨਾਂ ਨਾਮ ਦੇ ਆਧਾਰ ਦੇ ਉੱਚਤਾ ਪ੍ਰਾਪਤ ਨਹੀਂ ਹੋ ਸਕੇਗੀ। ਬ੍ਰਹਮ ਗਿਆਨੀ ਦਾ ਆਧਾਰ ਨਾਮ ਹੁੰਦਾ ਹੈ।

ਬ੍ਰਹਮ ਗਿਆਨੀ ਕੈ ਨਾਮੁ ਆਧਾਰੁ ॥

ਬ੍ਰਹਮ ਗਿਆਨੀ ਕੈ ਨਾਮੁ ਪਰਵਾਰੁ ॥

ਜਿੰਨਾ ਮਜ਼ਬੂਤ ਆਧਾਰ ਚਾਹੀਦਾ ਹੈ। ਓਨੇ ਹੀ ਬਲਿਦਾਨ ਦੀ ਲੋੜ ਹੈ। ਖ਼ੁਦ ਦਾ ਬਲਿਦਾਨ। ਇਛਾਵਾਂ ਦੀ ਅਹੂਤੀ। ਰਿਸ਼ਤੇ ਨਾਤਿਆਂ ਦੀ ਭੇਂਟ। ਇਕੋ ਹੀ ਰਿਸ਼ਤਾ ਬਚਦਾ ਹੈ। ਇਕੋ ਹੀ ਦੋਸਤ ਮਿੱਤਰ ਬਚਦਾ ਹੈ-ਨਾਮ। ਕੋਈ ਮਾਤਾ-ਪਿਤਾ ਨਹੀਂ। ਕੋਈ ਭੈਣ-ਭਰਾ ਨਹੀਂ। ਨਾਮ ਹੀ ਪਰਿਵਾਰ ਹੈ। ਜਿਸ ਤੋਂ ਜਪਿਆ ਉਹ ਮਾਤਾ-ਪਿਤਾ ਹੈ। ਜਿਨਾਂ ਨੂੰ ਜਪਾਇਆ ਉਹ ਧੀਆਂ ਪੁੱਤਰ ਹਨ। ਸੰਤ ਬਾਬਾ ਤੀਰਥ ਸਿੰਘ ਜੀ ਨੇ ਪਾਸਪੋਰਟ ਬਣਾਇਆ। ਪਿਤਾ ਦਾ ਨਾਮ ਬਾਬਾ ਈਸ਼ਰ ਸਿੰਘ ਲਿਖਿਆ। ਬ੍ਰਹਮ ਗਿਆਨੀ ਕੈ ਨਾਮ ਪਰਿਵਾਰੁ ॥

ਬ੍ਰਹਮ ਗਿਆਨੀ ਸਦਾ ਸਦ ਜਾਗਤ ॥

ਬ੍ਰਹਮ ਗਿਆਨੀ ਸੌਂਦੇ ਨਹੀਂ। ਹਮੇਸ਼ਾ ਜਾਗਦੇ ਹਨ। ਹਰ ਪਲ ਜਾਗਦੇ ਹਨ। ਜਾਗਦੇ ਹਨ ਸੁਰਤੀ ਪ੍ਰਭੂ ਚਰਨਾਂ ਵਿਚ ਧਰਨ ਲਈ। ਜਾਗਦੇ ਹਨ ਦੁਖੀਆਂ ਦੇ ਦੁੱਖ ਹਰਨ ਲਈ। ਜਾਗਦੇ ਹਨ ਸ੍ਰਿਸ਼ਟੀ ਦਾ ਭਲਾ ਕਰਨ ਲਈ। ਰਾਤ ਆਉਂਦੀ

ਹੈ। ਸਭ ਸੌਂ ਜਾਂਦੇ ਹਨ-ਜੀਵ, ਜੰਤੂ, ਪੌਦੇ, ਬਨਸਪਤੀ। ਹਨੇਰ ਹੀ ਹਨੇਰ। ਸੰਨਾਟਾ ਹੀ ਸੰਨਾਟਾ। ਹਰ ਕੋਈ ਸੌਣਾ ਚਾਹੁੰਦਾ ਹੈ। ਜੇ ਜਾਗਦੇ ਹਨ ਤਾਂ ਪ੍ਰਭੂ ਦੇ ਪਿਆਰੇ। ਸ਼ਾਇਦ ਹੀ ਕਿਸੇ ਸੇਵਕ ਨੇ ਸੰਤ ਬਾਬਾ ਤੀਰਥ ਸਿੰਘ ਜੀ ਨੂੰ ਸੌਂਦਿਆ ਵੇਖਿਆ ਹੋਵੇਗਾ। ਅਨੇਕ ਵਾਰ ਸੇਵਕ ਕੰਬਲ ਰੱਖਦੇ। ਤਹਿ ਵੀ ਨਾ ਖੁੱਲ੍ਹੀ ਹੁੰਦੀ। ਜਦ ਪੁੱਛਦੇ ਤਾਂ ਸੰਤ ਕਹਿੰਦੇ ਕਿ ਸਾਡੇ ਲੋਕ ਸੌਂਦੇ ਨਹੀਂ। ਕਈ ਹਜ਼ਮ ਕਰ ਜਾਂਦੇ। ਕਈ ਨਾ ਪਚਾ ਸਕਦੇ। ਸਭ ਦਾ ਹਾਜ਼ਮਾ ਇਕ ਜਿਹਾ ਨਹੀਂ ਹੁੰਦਾ। ਪਰ ਸਭ ਸੇਵਾਦਾਰ ਜਾਣਦੇ ਸਨ ਸੰਤ ਨਹੀਂ ਸੌਂਦੇ। ਭਾਈ ਅਮਰੀਕ ਸਿੰਘ ਵਾਹਿਦ ਸੇਵਾ 'ਤੇ ਸੀ। ਸੰਤ ਨੇਤਰ ਬੰਦ ਕਰਕੇ ਆਰਾਮ ਦੀ ਮੁਦਰਾ ਵਿਚ ਬਿਰਾਜੇ ਸਨ। ਲਗੇ ਕਿ ਸੌਂ ਗਏ। ਅਮਰੀਕ ਸਿੰਘ ਸੋਚ ਰਿਹਾ ਕਿ ਸਭ ਕਹਿੰਦੇ ਹਨ ਸੰਤ ਨਹੀਂ ਸੌਂਦੇ। ਅੱਜ ਤਾਂ ਸੌਂ ਗਏ। ਇਸਦੇ ਮਨ ਵਿਚ ਸੰਸਾ ਬਣਿਆ ਤਾਂ ਸੰਤਾਂ ਨੇ ਆਪਣਾ ਸੱਜਾ ਪੈਰ ਹਿਲਾ ਦਿੱਤਾ। ਸੰਕੇਤ ਮਿਲ ਗਿਆ ਕਿ ਜਾਗਦੇ ਹਨ। ਕੁਝ ਸਮਾਂ ਬੀਤ ਗਿਆ। ਸੰਤ ਅਹਿਲ ਹੋ ਗਏ। ਸਾਹ ਇਸ ਤਰ੍ਹਾਂ ਲੈਣ ਜਿਵੇਂ ਅੱਖ ਲੱਗੀ ਹੋਵੇ। ਇਸਨੂੰ ਸੰਸਾ ਹੋ ਗਿਆ ਕਿ ਹੁਣ ਤਾਂ ਸੰਤ ਸੌਂ ਹੀ ਗਏ ਹਨ। ਦੂਜਾ ਮਨ ਕਹਿ ਰਿਹਾ ਸਾਧੂ ਕਦੇ ਸੌਂਦੇ ਨਹੀਂ। ਸੰਸਾ ਵਧ ਰਿਹਾ ਸੀ। ਸੰਸੇ ਦਾ ਘੁਣ ਵਿਸ਼ਵਾਸ ਦੇ ਰੁੱਖ ਡੇਗ ਦਿੰਦਾ ਹੈ। ਇਸਦਾ ਵਿਸ਼ਵਾਸ ਵੀ ਡਿੱਗ ਪਿਆ। ਮੰਨਣਾ ਅਸੰਭਵ ਹੋ ਗਿਆ ਕਿ ਸੰਤ ਜਾਗਦੇ ਹਨ। ਸੰਭਵ ਤੋਂ ਅਸੰਭਵ ਦਾ ਸਫਰ ਤੈਅ ਹੋ ਗਿਆ। ਪੂਰਨ ਵਿਸ਼ਵਾਸ ਹੋ ਗਿਆ ਕਿ ਸੰਤ ਸੌਂ ਗਏ ਤਾਂ ਸੰਤਾਂ ਨੇ ਐਨ ਉਸੇ ਵਕਤ ਨੇਤਰ ਖੋਲ੍ਹ ਲਏ। ਇਸ ਵੱਲ ਵੇਖਿਆ। ਉਚਾਰਨ ਕੀਤਾ। "ਸਤਿਨਾਮ ਸ੍ਰੀ ਵਾਹਿਗੁਰੂ"। ਸ਼ਰਮਸਾਰ ਹੋ ਗਿਆ। ਪੱਕਾ ਵਿਸ਼ਵਾਸ ਹੋ ਗਿਆ ਕਿ ਬ੍ਰਹਮ ਗਿਆਨੀ ਸਦੈਵ ਜਾਗਦੇ ਹਨ।

ਬ੍ਰਹਮ ਗਿਆਨੀ ਸਦਾ ਸਦ ਜਾਗਤ ॥
ਬ੍ਰਹਮ ਗਿਆਨੀ ਅਹੰਬੁਧਿ ਤਿਆਗਤ ॥

ਸਿਰਫ ਨੀਂਦ ਤੋਂ ਹੀ ਨਹੀਂ ਜਾਗਦੇ। ਗਿਆਨ ਅਵਸਥਾ ਵਿਚ ਵੀ ਜਾਗਦੇ ਹਨ। ਸਾਰਾ ਸੰਸਾਰ ਆਤਮ ਸਰੂਪ ਵਿਚ ਪ੍ਰਤੀਤ ਹੁੰਦਾ ਹੈ। ਜਦ ਪ੍ਰਮਾਤਮਾ ਹੀ ਪ੍ਰਮਾਤਮਾ ਹੈ। ਫਿਰ ਹੰਕਾਰ ਕਿਸ 'ਤੇ। ਕਿਸਨੂੰ ਬੁਰਾ ਕਹੋਗੇ। ਜਿਧਰ ਨਿਗ੍ਹਾ ਜਾ ਰਹੀ ਹੈ। ਰੱਬ ਹੀ ਰੱਬ ਹੈ। ਹੰਕਾਰ ਵਾਲੀ ਬੁਧ ਹੀ ਨਹੀਂ ਰਹਿੰਦੀ। ਸੰਤਾਂ ਦੀ ਚਾਹ ਵਿਚ ਕਿਸੇ ਨੇ ਜ਼ਹਿਰ ਪਾ ਦਿਤੀ ਪਤਾ ਲੱਗ ਗਿਆ ਕੌਣ ਸੀ। ਸੇਵਕ ਕਹਿਣ ਇਸਨੂੰ ਅਸਥਾਨ ਤੋਂ ਜਾਣ ਲਈ ਕਹਿ ਦਿਓ। ਸੰਤ ਕਹਿਣ ਦਰ ਤਾਂ ਗੁਰੂ ਨਾਨਕ



ਦਾ ਹੈ। ਅਸੀਂ ਕੌਣ ਹੁੰਦੇ ਤਾਂ ਕਿਸੇ ਨੂੰ ਭੇਜਣ ਵਾਲੇ। ਜੇ ਬੁਧ ਵਿਚ ਹੰਕਾਰ ਹੁੰਦਾ, ਮੈਂ ਮੇਰੀ ਵਿਚ ਹੀ ਪਏ ਰਹਿੰਦੇ ਤਾਂ ਕੱਢ ਦਿੰਦੇ। ਪਰ ਹੰਕਾਰ ਵਾਲੀ ਤਾਂ ਬੁਧ ਹੀ ਨਹੀਂ ਸੀ। ਮੈਂ ਮੇਰੀ ਤਾਂ ਹੈ ਹੀ ਨਹੀਂ ਸੀ। ਤੂੰ ਤੇਰੀ ਹੀ ਸੀ। ਅਜਿਹਾ ਹੁੰਦਾ ਹੈ ਬ੍ਰਹਮ ਗਿਆਨੀ।

ਬ੍ਰਹਮ ਗਿਆਨੀ ਕੈ ਮਨਿ ਪਰਮਾਨੰਦ ॥

ਮਨ ਕੀ ਹੈ-ਵਿਕਾਰਾਂ ਦਾ ਤਲਿਸਮ। ਜਿੰਨਾ ਗਿਆਨ ਤੇ ਅਗਿਆਨ ਵਿਚ ਫਰਕ ਹੈ। ਓਨਾ ਸੁੱਖ ਅਤੇ ਦੁੱਖ ਵਿਚ। ਅਗਿਆਨ ਅਵਸਥਾ ਵਿਚ ਸੁੱਖ ਸੁੱਖ ਹਨ। ਦੁੱਖ ਦੁੱਖ ਹਨ। ਗਿਆਨ ਅਵਸਥਾ ਵਿਚ- "ਦੁੱਖ ਨਹੀਂ ਸਭ ਸੁੱਖ ਹੀ ਹੈ ਰੇ।" ਜਿਸਨੇ ਭਾਣਾ ਮੰਨਣਾ ਸਿੱਖ ਲਿਆ, ਉਸਦਾ ਮਨ ਵਿਕਾਰ ਰਹਿਤ ਹੋ ਗਿਆ। ਗਿਆਨ ਅਵਸਥਾ ਆ ਗਈ। ਸਭ ਸੁੱਖ ਸੁੱਖ ਲੱਗਣ ਲੱਗੇ ਤਾਂ ਮਨ ਨੂੰ ਆਨੰਦ ਆ ਗਿਆ। ਜਦ ਦੁੱਖ ਵੀ ਸੁੱਖ ਹੀ ਲੱਗਣ ਲੱਗੇ ਤਾਂ ਪਰਮਾਨੰਦ ਆ ਗਿਆ।

ਬ੍ਰਹਮ ਗਿਆਨੀ ਕੈ ਮਨਿ ਪਰਮਾਨੰਦ ॥
ਬ੍ਰਹਮ ਗਿਆਨੀ ਕੈ ਘਰਿ ਸਦਾ ਅਨੰਦ ॥

ਫੁੱਲ ਅੰਦਰ ਸੁਗੰਧੀ ਹੋਏਗੀ। ਵਾਤਾਵਰਣ ਮਹਿਕ ਉੱਠੇਗਾ। ਘੜੇ ਅੰਦਰ ਪਾਣੀ ਹੋਏਗਾ। ਨਮੀ ਨਾਲ ਇਸਦੀਆਂ ਕੰਧਾਂ ਵੀ ਠੰਡੀਆਂ ਰਹਿਣਗੀਆਂ। ਅੰਦਰ ਸ਼ੀਤਲਤਾ ਹੈ। ਬਾਹਰ ਵੀ ਠੰਡਕ ਹੈ। ਜੇ ਅੰਦਰੋਂ ਖਾਲੀ ਹੁੰਦਾ, ਤਪ ਰਿਹਾ ਹੁੰਦਾ, ਬਾਹਰ ਕਿਸ ਤਰ੍ਹਾਂ ਠੰਡਕ ਹੁੰਦੀ? ਅੰਦਰ ਸੁਗੰਧੀ ਨਾ ਹੁੰਦੀ, ਚੌਤਰਫਾ ਕਿਵੇਂ ਮਹਿਕਦਾ? ਜੋ ਅੰਦਰ ਹੈ ਉਹੀ ਬਾਹਰ ਆਉਣਾ ਹੈ। ਜੇ ਪ੍ਰਕਾਸ਼ ਹੈ ਤਾਂ ਹੀ ਜਾਗੋਗੇ। ਹਨੇਰ ਹੋਵੇਗਾ ਤਾਂ ਬੁਝੇ ਰਹੋਗੇ। ਅੰਦਰ ਆਨੰਦ ਹੈ ਤਾਂ ਬਾਹਰ ਵੀ ਆਨੰਦ ਹੀ ਹੋਵੇਗਾ। ਜੇਕਰ ਅੰਦਰ ਪਰਮਾਨੰਦ ਹੈ ਤਾਂ ਬਾਹਰ ਆਨੰਦ ਹੀ ਆਨੰਦ ਹੋਵੇਗਾ।

ਬ੍ਰਹਮ ਗਿਆਨੀ ਸੁਖ ਸਹਜ ਨਿਵਾਸ ॥

ਖੁਸ਼ੀ ਸਮੇਂ ਚੀਕਦੇ ਹਨ। ਦੁੱਖ ਸਮੇਂ ਧਾਹਾਂ ਮਾਰਨ ਲੱਗ ਪੈਂਦੇ ਹਨ। ਚੀਕਣਾ ਅਸਹਿਜ ਹੈ। ਧਾਹਾਂ ਮਾਰਨਾ ਵੀ ਅਸਹਿਜ ਹੈ। ਅਸਹਿਜ ਤੋਂ ਸਹਿਜ ਹੋਣਾ ਹੈ। ਆਨੰਦ ਤੋਂ ਪਰਮਾਨੰਦ ਹੋਣਾ ਹੈ। ਜਦ ਤੱਕ ਸਾਡੇ ਅੰਦਰ ਤਿਲਕਵੇਂ ਰਹਿਣਗੇ ਸੁੱਖ ਨਹੀਂ ਟਿਕੇਗਾ। ਅਸਹਿਜ ਹੋਵਾਂਗੇ। ਪਹਿਲਾ ਅੰਦਰ ਬਦਲਣ ਦੀ ਲੋੜ ਹੈ। ਤਿਲਕਵੇਂ ਤੋਂ ਸਮਤਲ ਕਰਨਾ ਹੈ। ਜਦ ਸਮਤਲ ਹੋਵੇਗਾ ਤਾਂ ਸੁੱਖ ਅੰਦਰ ਟਿਕ ਸਕਣਗੇ। ਇਸ ਤਰ੍ਹਾਂ ਟਿਕਣਗੇ ਜਿਵੇਂ ਅਸੀਂ ਧਰਤੀ 'ਤੇ ਖੜੇ ਹੁੰਦੇ ਹਾਂ। ਤਿਲਕਵੇਂ ਹੋਣਗੇ

ਤਾਂ ਇਸ ਤਰ੍ਹਾਂ ਟਿਕਦੇ ਹਨ ਜਿਵੇਂ ਦਰੱਖਤ 'ਤੇ ਚੜ੍ਹੇ ਹੋਈਏ। ਧਰਤੀ 'ਤੇ ਖੜ੍ਹਨਾ ਸਹਿਜ ਹੈ। ਦਰੱਖਤ 'ਤੇ ਚੜ੍ਹਨਾ ਅਸਹਿਜ ਹੈ। ਬ੍ਰਹਮਗਿਆਨੀ ਅੰਦਰ ਸੁੱਖਾਂ ਦਾ ਬਸੇਰਾ ਧਰਤੀ 'ਤੇ ਖੜ੍ਹਨ ਸਮਾਨ ਹੈ। ਭਾਵ ਸਹਿਜ ਨਿਵਾਸ ਹੈ:

ਬ੍ਰਹਮ ਗਿਆਨੀ ਸੁਖ ਸਹਜ ਨਿਵਾਸ ॥
ਨਾਨਕ ਬ੍ਰਹਮ ਗਿਆਨੀ ਕਾ ਨਹੀ ਬਿਨਾਸ ॥

ਜਦ ਅਸਹਿਜ ਤੋਂ ਸਹਿਜ ਹੋ ਜਾਂਦੇ ਹਾਂ। ਦਰੱਖਤ ਤੋਂ ਧਰਤੀ ਤੇ ਆ ਜਾਂਦੇ ਹਾਂ ਤਾਂ ਸਦੀਵੀ ਹੋ ਜਾਂਦੇ ਹਾਂ। ਦਰੱਖਤ 'ਤੇ ਟਿਕ ਸਕਣਾ ਛਿਨ ਭੰਗਰ ਹੈ। ਪਰ ਧਰਤੀ 'ਤੇ ਖੜ੍ਹਨਾ ਚਿਰੋਕਣਾ ਹੈ। ਸਹਿਜ ਹੈ ਅਤੇ ਸਹਿਜਤਾ ਦਾ ਕਦੇ ਬਿਨਾਸ ਨਹੀਂ ਹੁੰਦਾ।

ਬ੍ਰਹਮ ਗਿਆਨੀ ਬ੍ਰਹਮ ਕਾ ਬੇਤਾ ॥

ਕੁਝ ਵੀ ਨਹੀਂ ਸੀ। ਕਿਤੇ ਕੁਝ ਵੀ ਨਹੀਂ ਸੀ। ਸ਼ਬਦ ਸੀ। ਸ਼ਬਦ ਦੀ ਧੁਨ ਸੀ। ਸਭ ਸੂਖਮ ਸੀ। ਉਸ ਸੂਖਮ ਤੋਂ ਸਥੂਲ ਦਾ ਪਸਾਰਾ ਹੋ ਗਿਆ। ਸੂਖਮ ਤੋਂ ਪੰਜ ਤੱਤ ਹੋਂਦ ਵਿਚ ਆਏ- ਪਾਣੀ, ਹਵਾ, ਅਗਨੀ, ਧਰਤੀ ਅਤੇ ਆਕਾਸ਼। ਜਿਨ੍ਹਾਂ ਤੋਂ ਸਾਰਾ ਪਸਾਰਾ ਹੋ ਗਿਆ। ਜੂਨਾਂ ਬਣ ਗਈਆਂ। ਪਹਾੜ, ਨਦੀਆਂ, ਨਾਲੇ, ਜੰਗਲ, ਬੇਲੇ, ਬਨਸਪਤੀ, ਜੀਵ-ਜੰਤੂ ਸਭ ਬਣ ਗਏ। ਇਹ ਸਭ ਕੀ ਹੈ-ਬ੍ਰਹਮ ਹੈ। ਜੋ ਬ੍ਰਹਮ ਨੂੰ ਜਾਣਦਾ ਹੈ, ਇਸਦਾ ਗਿਆਤਾ ਹੈ ਉਹ ਬ੍ਰਹਮ ਗਿਆਨੀ ਹੁੰਦਾ ਹੈ।

ਬ੍ਰਹਮ ਗਿਆਨੀ ਬ੍ਰਹਮ ਕਾ ਬੇਤਾ ॥
ਬ੍ਰਹਮ ਗਿਆਨੀ ਏਕ ਸੰਗਿ ਹੇਤਾ ॥

ਸਭ ਪਸਾਰਾ ਕਿਸਦਾ ਹੈ-ਪ੍ਰਮਾਤਮਾ ਦਾ। ਜੋ ਦਿਸਦਾ ਹੈ ਉਹ ਵੀ। ਜੋ ਅਦ੍ਰਿਸ਼ ਹੈ ਉਹ ਵੀ। ਉਸਦੇ ਨਾਮ ਵਿਚ ਕਿੰਨੀ ਮਹਿਮਾ ਹੈ-ਉਸਨੂੰ ਸੁਣਨ ਨਾਲ ਸਿਧ ਪੀਰ ਦੇਵਤੇ ਤੇ ਨਾਥ ਹੋਏ ਹਨ। ਨਾਮ ਸੁਣਨ ਨਾਲ ਹੀ ਪ੍ਰਿਥਵੀ, ਧੌਲਾ ਬੈਲ ਅਤੇ ਆਕਾਸ਼ ਖੜੇ ਹਨ। ਨਾਮ ਸੁਣਨ ਕਰਕੇ ਹੀ ਦੀਪ, ਲੋਕ ਤੇ ਪਾਤਾਲ ਖੜੇ ਹਨ। ਜਿਸਨੂੰ ਸੁਣਕੇ ਕਾਲ ਨੇੜੇ ਨਹੀਂ ਆਉਂਦਾ। ਦੁੱਖਾਂ ਪਾਪਾਂ ਦਾ ਨਾਸ਼ ਹੋ ਜਾਂਦਾ ਹੈ। ਜਿਸਨੂੰ ਸੁਣਕੇ ਸ਼ਾਸਤਰ, ਸਿਮਿਤ੍ਰੀਆਂ ਅਤੇ ਵੇਦਾਂ ਦੀ ਸਮਝ ਪੈਂਦੀ ਹੈ। ਜਿਸਨੂੰ ਸੁਣਕੇ ਅਠਾਹਠ ਤੀਰਥਾਂ ਦਾ ਫਲ ਮਿਲਦਾ ਹੈ। ਸਤ ਸੰਤੋਖ ਗਿਆਨ ਹੁੰਦਾ ਹੈ। ਸਰੀਰ ਵਿਚ ਜੋਗ ਜੁਗਤੀ ਦਾ ਪਤਾ ਲਗਦਾ ਹੈ, ਜਿਸਨੂੰ ਸੁਣਕੇ ਸਹਿਜੇ ਹੀ



ਬਿਰਤੀ ਲੱਗ ਜਾਂਦੀ ਹੈ। ਉਹ ਪ੍ਰਭੂ ਦਾ ਸੱਚਾ ਨਾਮ ਹੀ ਹੈ। ਜਿਸਨੂੰ ਸੁਣਕੇ ਬ੍ਰਹਮ ਟਿਕਿਆ ਹੋਇਆ ਹੈ, ਉਸਦੇ ਨਾਲ ਹੀ ਬ੍ਰਹਮ ਗਿਆਨੀ ਦਾ ਪ੍ਰੇਮ ਹੁੰਦਾ ਹੈ।

ਬ੍ਰਹਮ ਗਿਆਨੀ ਕੈ ਹੋਇ ਅਚਿੰਤ ॥

ਚਿੰਤਾ ਹੈ-ਮੇਰ ਅਤੇ ਤੇਰ। ਮੇਰ ਨਾਲ ਸੁੱਖ ਦੇ ਪ੍ਰਭਾਵ ਜੁੜੇ ਹਨ। ਤੇਰ ਨਾ ਦੁੱਖ ਜੁੜਿਆ ਹੈ। ਕੁਝ ਗਵਾਉਣ ਦਾ ਦੁੱਖ। ਜੇ ਮੇਰੇ ਦੀ ਬਜਾਏ ਤੇਰਾ ਹੀ ਤੇਰਾ ਹੋ ਜਾਵੇ ਤਾਂ ਸਭ ਦੁੱਖ ਸੁੱਖਾਂ ਵਿਚ ਬਦਲ ਜਾਂਦੇ ਹਨ। ਚਿੰਤਾਵਾਂ ਖਤਮ ਹੋ ਜਾਂਦੀਆਂ ਹਨ। ਅਚਿੰਤ ਹੋ ਜਾਂਦੇ ਹਾਂ। ਜਿਸਨੂੰ ਗਿਆਨ ਹੈ। ਉਸ ਲਈ ਸਭ ਤੇਰਾ ਹੀ ਤੇਰਾ ਹੈ। ਉਹ ਅਚਿੰਤ ਹੈ।

ਬ੍ਰਹਮ ਗਿਆਨੀ ਕੈ ਹੋਇ ਅਚਿੰਤ ॥
ਬ੍ਰਹਮ ਗਿਆਨੀ ਕਾ ਨਿਰਮਲ ਮੰਤ ॥

ਕੋਈ ਫਿਕਰ ਨਹੀਂ ਰਿਹਾ। ਸਭ ਚਿੰਤਾਵਾਂ ਮੁਕ ਗਈਆਂ। ਜਿਸ ਮੰਤਰ ਕਰਕੇ ਮੁਕ ਗਈਆਂ ਉਹ ਕੋਈ ਹੇਰ ਫੇਰ ਵਾਲਾ ਨਹੀਂ। ਨਾ ਦੱਸਣਯੋਗ ਨਹੀਂ। ਵਖਿਆਨ ਕਰਨ ਯੋਗ ਹੈ। ਪੂਜਣਯੋਗ ਹੈ। ਬਹੁਤ ਪਵਿੱਤਰ ਸ਼ਬਦ ਹੈ। ਪਵਿੱਤਰ ਮੰਤਰ ਹੈ ਜੋ ਬ੍ਰਹਮ ਗਿਆਨੀ ਪਾਸ ਹੁੰਦਾ ਹੈ। ਉਸੇ ਪਵਿੱਤਰ ਮੰਤਰ ਦਾ ਜਾਪ ਚਿੰਤ ਤੋਂ ਅਚਿੰਤ ਦਾ ਸਫਰ ਤਹਿ ਕਰਦਾ ਹੈ।

ਬ੍ਰਹਮ ਗਿਆਨੀ ਜਿਸੁ ਕਰੈ ਪ੍ਰਭੁ ਆਪਿ ॥

ਪਿਆਸਾ ਖੂਹ ਕੋਲ ਜਾਵੇਗਾ। ਪਾਣੀ ਦੀ ਖਿੱਚ ਲੈ ਕੇ ਜਾਏਗੀ। ਪੀ ਤਦ ਹੀ ਸਕੇਗਾ ਜੇ ਖੂਹ ਚਾਹੇਗਾ। ਸਾਧੂ ਤਪ ਕਰਦੇ ਹਨ। ਅਪਹੁੰਚ ਕੋਲ ਪਹੁੰਚ ਜਾਂਦੇ ਹਨ। ਪਰ ਪਾਣੀ ਨਹੀਂ ਮਿਲੇਗਾ। ਜਦ ਤੱਕ ਖੂਹ ਦਿਆਲ ਨਹੀਂ ਹੁੰਦਾ। ਪਿਆਸ ਨਹੀਂ ਬੁਝੇਗੀ ਜਦ ਤੱਕ ਪ੍ਰਭੂ ਦਿਆਲ ਨਹੀਂ ਹੁੰਦਾ।

ਬ੍ਰਹਮ ਗਿਆਨੀ ਜਿਸੁ ਕਰੈ ਪ੍ਰਭੁ ਆਪਿ ॥
ਬ੍ਰਹਮ ਗਿਆਨੀ ਕਾ ਬਡ ਪਰਤਾਪ ॥

ਪਾਣੀ ਪੀ ਲਿਆ। ਅਮਰ ਹੋ ਗਏ। ਇਹ ਜਲ ਨਹੀਂ ਅੰਮ੍ਰਿਤ ਹੈ। ਜੋ ਮੋਇਆਂ ਨੂੰ ਉਠਾਲ ਸਕਦਾ ਹੈ। ਅੰਨਿਆਂ ਨੂੰ ਰਾਸਤਾ ਵਿਖਾਲ ਸਕਦਾ ਹੈ। ਜ਼ਿੰਦਗੀ ਤੋਂ ਮੌਤ ਅਤੇ ਮੌਤ ਤੋਂ ਅਮਰਤਾ ਵਿਚਲੇ ਫਾਸਲੇ ਦੀ ਕੁੰਜੀ ਹੈ। ਜਦ ਪ੍ਰਭੂ ਦਿਆਲ ਹੋ ਗਿਆ। ਅੰਮ੍ਰਿਤ ਪੀ ਲਿਆ। ਕੁੰਜੀ ਹੱਥ ਲੱਗ ਗਈ। ਸਫ਼ਲਤਾ ਹੀ ਸਫ਼ਲਤਾ ਹੈ। ਪਰਤਾਪ ਹੀ ਪਰਤਾਪ ਹੈ। ਸੰਤ ਬਾਬਾ ਤੀਰਥ ਸਿੰਘ ਜੀ। ਸ਼ਾਮ ਚੁਰਾਸੀ ਆਏ

ਤਾਂ ਪਰਾਲੀ ਦਾ ਵਿਛਾਉਣਾ ਸੀ। 2005 ਤੱਕ ਗੱਡੀਆਂ ਹੀ ਗੱਡੀਆਂ ਖੜ੍ਹੀਆਂ ਸਨ-ਇਹ ਪ੍ਰਤਾਪ ਹੈ। ਕਿਸੇ ਦੇ ਘਰ ਚਰਨ ਪਾਏ। ਉਹ ਕੱਖ ਤੋਂ ਲੱਖ ਹੋ ਗਿਆ-ਇਹ ਪ੍ਰਤਾਪ ਹੈ। ਕਿਸੇ ਦੀ ਫਸਲ ਵਿਚ ਚਰਨ ਪਾਏ, ਝਾੜ ਬੇਅੰਤ ਨਿਕਲਿਆ-ਇਹ ਪ੍ਰਤਾਪ ਹੈ। ਦੁਖੀਏ ਨੂੰ ਹੱਥ ਲਾਇਆ, ਅਰੋਗ ਹੋ ਗਿਆ-ਇਹ ਪ੍ਰਤਾਪ ਹੈ। ਜਿਸਨੇ ਜੋ ਵੀ ਮੰਗਿਆ, ਮਿਲ ਗਿਆ-ਇਹ ਪ੍ਰਤਾਪ ਹੈ। ਬ੍ਰਹਮ ਗਿਆਨੀ ਕਾ ਬਡ ਪਰਤਾਪ॥

ਬ੍ਰਹਮ ਗਿਆਨੀ ਦਾ ਦਰਸੁ ਬਡਭਾਗੀ ਪਾਈਐ॥

ਪੂਰਨਤਾ ਦੇ ਦਰਸ਼ਨ ਇਸ ਤਰ੍ਹਾਂ ਹੀ ਨਹੀਂ ਹੋ ਜਾਂਦੇ ਕਿ ਪੂਰਨਤਾ ਲੱਭਣ ਜਾਈਏ ਅਤੇ ਸਾਹਮਣੇ ਮਿਲ ਜਾਵੇ। ਪੂਰਨਤਾ ਭਾਲ ਹੈ। ਦਰਸ਼ਨਾਂ ਲਈ ਵੀ। ਪਾਉਣ ਲਈ ਵੀ। ਅਨੇਕ ਸਾਧੂ ਮਿਲਣਗੇ, ਪੂਰਨਤਾ ਨਹੀਂ ਮਿਲੇਗੀ। ਮਿਲ ਵੀ ਜਾਵੇ ਤਾਂ ਹੈ ਕੋਈ ਪਹਿਚਾਣ। ਪੂਰਨਤਾ ਦਾ ਕੋਈ ਰੰਗ ਤਾਂ ਨਹੀਂ ਹੁੰਦਾ ਕਿ ਅਸੀਂ ਕਹੀਏ, ਆਹ ਰਹੀ ਪੂਰਨਤਾ। ਪਹਿਚਾਣ ਹੋਵੇਗੀ ਜ਼ਰੂਰ। ਸੂਖਮ ਹੋਵੇਗੀ। ਸੂਖਮ ਵੇਖਣ ਲਈ ਸੂਖਮ ਹੀ ਹੋਣਾ ਪਵੇਗਾ। ਹਾਥੀ ਨਹੀਂ ਕੀੜੀ ਹੋਣਾ ਪਵੇਗਾ। ਰੇਤ ਅਤੇ ਸ਼ਕਰ ਕੀੜੀ ਅੱਡ ਕਰ ਸਕਦੀ ਹੈ। ਹਾਥੀ ਤਾਂ ਡੌਰ-ਭੌਰ ਖੜ੍ਹਾ ਵੇਖਦਾ ਰਹੇਗਾ। ਯਕੀਨਨ ਕੀੜੀ ਛੋਟੀ ਹੈ। ਦ੍ਰਿਸ਼ਟੀ ਵੀ ਸੂਖਮ ਹੋਵੇਗੀ। ਉਸਦੀ ਸੂਖਮ ਦ੍ਰਿਸ਼ਟੀ ਉਸਨੂੰ ਇਹ ਸਮਰੱਥਾ ਬਖਸ਼ਦੀ ਹੈ। ਕੀੜੀ ਜੇ ਬਹੁਤ ਨਹੀਂ ਤਾਂ ਘੱਟੋ ਘੱਟ ਕੀੜੀ ਤਾਂ ਹੈ ਹੀ। ਅਸੀਂ ਤਾਂ ਕੀੜੀ ਵੀ ਨਹੀਂ ਰਹਿਣਾ। ਉਸਤੋਂ ਵੀ ਸੂਖਮ ਹੋਣਾ ਹੈ। ਅਤਿ ਸੂਖਮ। ਫਿਰ ਨਜ਼ਰ ਆਵੇਗੀ ਪੂਰਨਤਾ। ਹਵਾ ਵਿਚ, ਪਾਣੀ ਵਿਚ, ਹੋਰ ਖਾਧ ਪਦਾਰਥਾਂ ਵਿਚ। ਅਨੰਤ ਸੂਖਮ ਜੀਵ ਹਨ। ਪਰ ਹਨ ਅਦ੍ਰਿਸ਼। ਦਿਖ ਜਾਣਗੇ ਜੇ ਸੂਖਮਦਰਸ਼ੀ ਵਰਤੋਗੇ ਤਾਂ। ਪੂਰਨਤਾ ਵੀ ਸੂਖਮਦਰਸ਼ੀ ਨਾਲ ਦਿਖਣੀ ਹੈ। ਸੂਖਮਦਰਸ਼ੀ ਕਿਹੜੀ ਹੋਵੇਗੀ? ਜੋ ਸਾਇੰਸ ਨੇ ਵਿਕਸਿਤ ਕੀਤੀ ਹੈ, ਉਹ ਨਹੀਂ। ਸਾਡੇ ਸਭ ਦੇ ਅੰਦਰ ਸੂਖਮਦਰਸ਼ੀਆਂ ਹਨ। ਅਸੀਂ ਵਿਕਸਿਤ ਨਹੀਂ ਕੀਤੀਆਂ। ਉਹ ਵੇਖਣਗੀਆਂ ਪੂਰਨਤਾ। ਜਾਂ ਫਿਰ ਪੂਰਨਤਾ ਦਾ ਅਹਿਸਾਸ ਹੋ ਸਕਦਾ ਹੈ। ਅਹਿਸਾਸ ਤੋਂ ਪਹਿਲਾਂ ਕਾਰਨ ਤੱਕ ਪਹੁੰਚਣਾ ਪਵੇਗਾ। ਸੁਗੰਧੀ ਅਹਿਸਾਸ ਹੈ। ਫੁੱਲ ਕਾਰਨ ਹੈ। ਸੁਗੰਧੀ ਦਾ ਅਹਿਸਾਸ ਤਦ ਹੀ ਹੋਵੇਗਾ ਜੇ ਫੁੱਲ ਤੱਕ ਪਹੁੰਚੋਗੇ। ਸੁਗੰਧੀ ਸੂਖਮ ਹੈ। ਰਚੀ ਹੋਈ ਹੈ ਦਿਖਦੀ ਨਹੀਂ। ਫੁੱਲ ਸਥੂਲ ਹੈ। ਦਿਖ ਜਾਂਦਾ ਹੈ। ਉਸ ਕਾਰਨ ਤੱਕ ਸਾਨੂੰ ਸੂਖਮਤਾ ਲਿਜਾ ਸਕਦੀ ਹੈ। ਜਿਸਤੋਂ



ਅਸੀਂ ਸੱਖਣੇ ਹਾਂ। ਜਾਂ ਫਿਰ ਭਾਗ ਲੈ ਜਾਣਗੇ। ਚੰਗੇ ਭਾਗ ਹੋਣਗੇ ਤਾਂ ਆਪਣੇ ਆਪ ਕਾਰਨ ਤੱਕ ਪਹੁੰਚ ਜਾਵਾਂਗੇ। ਫੁੱਲ ਤੱਕ ਪਹੁੰਚ ਜਾਵਾਂਗੇ। ਕੁਝ ਸਮਾਂ ਰੁਕਾਂਗੇ ਤਾਂ ਸੁਗੰਧੀ ਦਾ ਅਹਿਸਾਸ ਹੋਵੇਗਾ। ਜੋ ਵੱਡੇ ਭਾਗਾਂ ਕਰਕੇ ਹੀ ਹੈ। ਸਾਡੀ ਸੂਖਮਤਾ ਕਰਕੇ ਨਹੀਂ। ਜੇ ਭਾਗ ਹੀ ਚੰਗੇ ਨਾ ਹੋਣਗੇ ਤਾਂ ਅਹਿਸਾਸ ਹੀ ਨਹੀਂ ਹੋਵੇਗਾ। ਜੇ ਹੋ ਵੀ ਜਾਵੇ ਤਾਂ ਮੁੜ ਪੂਰਨਤਾ ਦੇ ਦਰਸ਼ਨ ਨਹੀਂ ਹੋਣਗੇ।

ਹੁਸ਼ਿਆਰਪੁਰ ਤੋਂ ਭਾਈ ਜਗਜੀਤ ਸਿੰਘ। ਕੋਈ ਰਿਸ਼ਤੇਦਾਰ ਬਾਹਰੋਂ ਆਇਆ। ਸੰਤਾਂ ਕੋਲ ਦਰਸ਼ਨਾਂ ਲਈ ਆਏ। ਪਤਾ ਲੱਗਾ ਕਿ ਉੱਥੇ ਸਭ ਚਰਨ ਬੰਦਨਾਂ ਕਰਦੇ ਹਨ। ਸੂਖਮਤਾ ਵੀ ਨਹੀਂ ਹੈ। ਭਾਗ ਵੀ ਨਹੀਂ। ਸੋਚਣ ਲੱਗਾ ਕਿ ਬੰਦਾ ਬੰਦੇ ਦੇ ਪੈਰੀਂ ਹੱਥ ਲਾਵੇਗਾ। ਸੰਸੇ ਵਿਚ, ਗੁਰਦੁਆਰਾ ਈਸ਼ਰਪੁਰੀ ਸਾਹਿਬ ਆ ਗਿਆ। ਜਦ ਚਰਨਾਂ ਵਿਚ ਝੁਕਿਆ। ਸੰਤਾਂ ਨੇ ਬਾਂਹ ਫੜ ਲਈ। ਕਿਹਾ, "ਜੇ ਨਹੀਂ ਮਨ ਮੰਨਦਾ ਸੀ ਤਾਂ ਰਹਿਣ ਦਿੰਦਾ।"

ਬ੍ਰਹਮ ਗਿਆਨੀ ਕਾ ਦਰਸੁ ਬਡਭਾਗੀ ਪਾਈਐ॥
ਬ੍ਰਹਮ ਗਿਆਨੀ ਕਉ ਬਲਿ ਬਲਿ ਜਾਈਐ॥

ਘਰ ਆ ਗਏ। ਅਹਿਸਾਸ ਹੋ ਗਿਆ ਪੂਰਨਤਾ ਦਾ। ਜਦ ਗਿਆ ਤਾਂ ਥੋੜ੍ਹੀ ਸੁਗੰਧੀ ਆਈ। ਜਿੰਨੇ ਕੁ ਭਾਗ ਓਨੀ ਕੁ ਸੁਗੰਧੀ ਕਿ ਇਹੀ ਤਾਂ ਮੈਂ ਸੋਚ ਰਿਹਾ ਸੀ, ਕਿਉਂ ਲਾਵਾਂ ਪੈਰਾਂ ਨੂੰ ਹੱਥ। ਉਹੀ ਸੰਤਾਂ ਨੇ ਆਖ ਦਿੱਤਾ ਕਿ ਰਹਿਣ ਦਿੰਦਾ ਜੇ ਨਹੀਂ ਮੰਨ ਮੰਨਦਾ ਸੀ। ਪੂਰਨਤਾ ਦਾ ਅਹਿਸਾਸ ਹੋ ਗਿਆ। ਫੁੱਲ ਤੋਂ ਦੂਰ ਹੈ। ਸੁਗੰਧੀ ਆ ਰਹੀ ਹੈ। ਸਮਝ ਆ ਗਈ ਕਿ ਕਿਉਂ ਕਰਦੇ ਹਨ ਚਰਨ ਬੰਦਨਾ। ਜੇ ਤੁਹਾਡੇ ਅੰਦਰ ਅਹਿਸਾਸ ਜੀਵੰਤ ਹੈ। ਤੁਹਾਨੂੰ ਹੋ ਜਾਵੇ ਤਾਂ ਤੁਸੀਂ ਝੁਕੇ ਬਿਨਾਂ ਰਹਿ ਹੀ ਨਹੀਂ ਸਕੋਗੇ। ਇਸਦੇ ਅਹਿਸਾਸ ਅਜੇ ਮਰੇ ਨਹੀਂ ਸਨ। ਅਹਿਸਾਸ ਹੋ ਗਿਆ। ਬਹੁਤ ਮਨ ਕੀਤਾ ਪੂਰਨਤਾ ਸਾਹਮਣੇ ਝੁਕਣ ਲਈ। ਬਹੁਤ ਜੀਅ ਕਰੇ ਬਲਿਹਾਰੇ ਜਾਣ ਨੂੰ। ਅਸਥਾਨ 'ਤੇ ਗਏ। ਪਰ ਦਰਸ਼ਨ ਨਹੀਂ ਹੋਏ। ਅਨੇਕ ਬਾਰ ਗਿਆ। ਝੁਕ ਨਹੀਂ ਸਕਿਆ। ਅਹਿਸਾਸ ਮਨ ਅੰਦਰ ਲੈ ਕੇ ਹੀ ਵਿਦੇਸ਼ ਜਾਣਾ ਪਿਆ। ਇਹ ਹਨ ਭਾਗ।

ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ॥

ਪੂਰਨਤਾ ਦੀ ਸਭ ਥਾਂ ਖੋਜ ਹੈ। ਹਰ ਲੋਕ ਵਿਚ ਭਾਲ ਹੈ। ਕੋਈ ਅਦਾਰਾ ਹੈ। ਡੀਨ ਡਾਇਰੈਕਟਰ ਕੰਮ ਚਲਾ ਰਹੇ ਹਨ। ਸ੍ਰਿਸ਼ਟੀ ਹੈ-ਬ੍ਰਹਮਾ, ਵਿਸ਼ਨੂੰ, ਮਹੇਸ਼

ਕੰਮ ਚਲਾ ਰਹੇ ਹਨ। ਉਹ ਵੇਖਦੇ ਹਨ ਪਰ ਨਜ਼ਰ ਨਹੀਂ ਆਉਂਦਾ। ਅਹਿਸਾਸ ਹੈ ਪਰ ਭਾਗ ਨਹੀਂ। ਪੂਰਨਤਾ ਖੋਜਦੇ ਹਨ। ਕਿਉਂ ਜੋ ਪੂਰਨ ਹੈ ਉਹ ਬ੍ਰਹਮ ਗਿਆਨੀ ਹੈ। ਜੋ ਬ੍ਰਹਮ ਗਿਆਨੀ ਹੈ ਉਹ ਪਰਮੇਸ਼ਰ ਹੈ।

ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ ॥
ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ ॥

ਭਾਲ ਕਿਸਨੂੰ ਹੁੰਦੀ ਹੈ-ਜੋ ਅਪੂਰਨ ਹੈ। ਪੂਰਨਤਾ ਕੀ ਹੈ-ਪ੍ਰਮੇਸ਼ਰ ਵਿਚ ਅਭੇਦ ਹੋਣਾ। ਦੇਵਤੇ ਦੇਵਤੇ ਹੀ ਹਨ। ਪਰ ਭੇਦ ਹੈ। ਮੈਂ ਅਤੇ ਤੂੰ ਦਾ ਭੇਦ। ਹਾਥੀ ਤੋਂ ਕੀੜੀ। ਕੀੜੀ ਤੋਂ ਸੂਖਮ। ਸੂਖਮ ਤੋਂ ਸੂਖਮ। ਇੱਥੇ ਤਾਂ ਪਹੁੰਚ ਗਏ। ਪਰ ਸੂਖਮ ਤੋਂ ਅਤਿਸੂਖਮ ਤੱਕ ਨਹੀਂ ਪਹੁੰਚ ਪਾਏ। ਕਾਰਨ ਹੈ ਭੇਦ। ਜੇ ਲੋਹੇ ਉੱਤੇ ਪਰਤ ਰਹੇਗੀ ਤਾਂ ਕਈ ਸਾਲ ਪਾਰਸ ਨਾਲ ਜੁੜਕੇ ਰਹਿਣਾ ਵੀ ਬੇਕਾਰ ਹੋ ਜਾਵੇਗਾ। ਮੈਂ ਮੇਰੀ ਦੀ ਪਰਤ ਉਤਾਰਨੀ ਪਏਗੀ। ਜਿਸਦੀ ਉਤਰ ਗਈ ਉਹ ਸੋਨਾ ਹੋ ਗਿਆ। ਬ੍ਰਹਮ ਵਿਚ ਮਿਲਕੇ ਬ੍ਰਹਮ ਹੋ ਗਿਆ। ਬ੍ਰਹਮ ਗਿਆਨੀ ਹੋ ਗਿਆ। ਪ੍ਰਮੇਸ਼ਰ ਵਿਚ ਅਭੇਦ ਹੋ ਗਿਆ। ਕੋਈ ਭੇਦ ਨਹੀਂ ਰਿਹਾ। ਆਪ ਪ੍ਰਮੇਸ਼ਰ ਹੋ ਗਿਆ।

ਪਿੰਡ ਵਾਹਿਦ ਤੋਂ ਭਾਈ ਸਤਨਾਮ ਸਿੰਘ। ਰੋਜ਼ਾਨਾ ਗੁਰਦੁਆਰਾ ਸਾਹਿਬ ਸੇਵਾ ਕਰਦਾ। ਕੀਰਤਨ ਸੁਣਦਾ। ਹੁਕਮਨਾਮਾ ਸੁਣਦਾ। ਵਾਪਸ ਪਰਤ ਜਾਂਦਾ। ਇਕ ਦਿਨ ਕੁਝ ਜਲਦੀ ਵਿਚ ਸੀ। ਕੀਰਤਨ ਅੱਧ ਵਿਚਾਲਿਓਂ ਹੀ ਛੱਡਕੇ ਉਠ ਖੜਾ ਹੋਇਆ। ਸੰਤ ਬਾਬਾ ਤੀਰਥ ਸਿੰਘ ਜੀ ਭੋਰਾ ਸਾਹਿਬ ਵੱਲ ਬਿਰਾਜਮਾਨ ਸਨ। ਇਜਾਜ਼ਤ ਲੈਣ ਲਈ ਸੰਤਾਂ ਨੂੰ ਨਮਸਕਾਰ ਕੀਤੀ ਤਾਂ ਸੰਤਾਂ ਨੇ ਉਚਾਰਨਾ ਸ਼ੁਰੂ ਕਰ ਦਿੱਤਾ।

ਧਨਾਸਰੀ ਮ ੫ ॥
ਆਉਖੀ ਘੜੀ ਨ ਦੇਖਣ ਦੇਈ ਅਪਨਾ ਬਿਰਦ ਸਮਾਲੇ ॥
ਹਾਥ ਦੇਇ ਰਾਖੈ ਅਪਨੇ ਕਉ ਸਾਸਿ ਸਾਸਿ ਪ੍ਰਤਿਪਾਲੇ ॥
ਪ੍ਰਭ ਸਿਉ ਲਾਗਿ ਰਹਿਓ ਮੇਰਾ ਚੀਤੁ ॥
ਆਦਿ ਅੰਤਿ ਪ੍ਰਭੁ ਸਦਾ ਸਹਾਈ ਧੰਨੁ ਹਮਾਰਾ ਮੀਤੁ ॥ ਰਹਾਉ ॥
ਮਨਿ ਬਿਲਾਸ ਭਏ ਸਾਹਿਬ ਕੇ ਅਚਰਜ ਦੇਖਿ ਬਡਾਈ ॥
ਹਰਿ ਸਿਮਰਿ ਸਿਮਰਿ ਆਨਦ ਕਰਿ ਨਾਨਕ ਪ੍ਰਭਿ ਪੂਰਨ ਪੈਜ ਰਖਾਈ ॥
(ਮ:5-682)



ਸੰਤਾਂ ਨੇ ਵਿਆਖਿਆ ਸਾਹਿਤ ਸੁਣਾਇਆ। ਕੁਝ ਸਮਾਂ ਲੱਗ ਗਿਆ। ਸਤਨਾਮ ਸਿੰਘ ਜਲਦੀ ਨਾਲ ਉੱਠਿਆ। ਜੋੜੇ ਪਹਿਨੇ। ਜਿਉਂ ਹੀ ਗੁਰਦੁਆਰਾ ਸਾਹਿਬ ਤੋਂ ਬਾਹਰ ਨਿਕਲਿਆ। ਕੰਨਾਂ ਵਿਚ ਆਵਾਜ਼ ਪਈ। ਭਾਈ ਮਨਜੀਤ ਸਿੰਘ ਹੁਕਮਨਾਮਾ ਲੈ ਰਹੇ ਸਨ। ਇਹ ਉਹੀ ਹੁਕਮਨਾਮਾ ਸੀ ਜੋ ਸੰਤਾਂ ਨੇ ਅੰਦਰ ਵਿਆਖਿਆ ਸਹਿਤ ਸੁਣਾਇਆ ਸੀ। ਇਹ ਹੈ ਪੂਰਨਤਾ। ਭਾਈ ਸਤਨਾਮ ਸਿੰਘ ਦੰਗ ਰਹਿ ਗਿਆ। ਅਹਿਸਾਸ ਹੋ ਗਿਆ ਕਿ ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ।

ਬ੍ਰਹਮ ਗਿਆਨੀ ਕੀ ਕੀਮਤਿ ਨਾਹਿ ॥

ਜਿਸਦੇ ਅੰਦਰ ਬ੍ਰਹਮ ਗਿਆਨ ਦਾ ਰਤਨ ਹੈ। ਜਿੰਨੀ ਵੀ ਕੀਮਤ ਲਾਵੋਗੇ ਥੋੜੀ ਹੈ। ਕੁਲ ਜਹਾਨ ਦੇ ਖਜ਼ਾਨੇ ਊਣੇ ਹਨ। ਉਸਦਾ ਮੁੱਲ ਨਹੀਂ ਲੱਗ ਸਕਦਾ। ਅਣਮੁੱਲ ਹੈ। ਸੰਸਾਰ ਵਿਚ ਹੈ ਹੀ ਕੀ ਜੋ ਇਸਦੇ ਤੁਲ ਹੋ ਸਕਦਾ ਹੈ। ਇਹ ਅਮੋਲਕ ਰਤਨ ਅਮਰ ਹੈ। ਸੰਸਾਰ ਨਾਸ਼ਵਾਨ ਹੈ। ਨਾਸ਼ਵਾਨਤਾ ਦੇ ਪੱਲੇ ਵਿਚ ਕੀ ਹੈ। ਜੋ ਅਮਰਤਾ ਦਾ ਮੁੱਲ ਪੈ ਸਕੇ। ਬ੍ਰਹਮ ਗਿਆਨੀ ਦੀ ਕੀਮਤ ਨਹੀਂ ਪੈ ਸਕਦੀ।

ਬ੍ਰਹਮ ਗਿਆਨੀ ਕੀ ਕੀਮਤਿ ਨਾਹਿ ॥
ਬ੍ਰਹਮ ਗਿਆਨੀ ਕੈ ਸਗਲ ਮਨ ਮਾਹਿ ॥

ਜਿਸ ਸੰਸਾਰ ਵਿਚੋਂ ਬ੍ਰਹਮ ਗਿਆਨੀ ਦੀ ਕੀਮਤ ਪਾਉਣੀ ਹੈ। ਉਹ ਪਹਿਲਾਂ ਹੀ ਉਸਦੇ ਮਨ ਅੰਦਰ ਹੈ। ਸਾਰੀ ਸ੍ਰਿਸ਼ਟੀ, ਸਾਰੀ ਕਾਇਨਾਤ ਜਿਸ ਅੰਦਰ ਸਮਾਈ ਹੈ। ਉਸਦੀ ਕੀਮਤ ਕੀ ਲਾ ਸਕਾਂਗੇ। ਅਸੀਂ ਤਾਂ ਆਪ ਉਸ ਪ੍ਰਕਿਰਤੀ ਦਾ ਹਿੱਸਾ ਹਾਂ। ਜੋ ਕੀਮਤ ਲਾਵਾਂਗੇ ਉਹ ਵੀ ਉਸਦਾ ਹੀ ਅੰਸ਼ ਹੋਵੇਗੀ। ਉਸ ਕੋਲੋਂ ਲੈ ਕੇ ਉਸਦੀ ਕੀਮਤ ਕਿਵੇਂ ਪਾ ਸਕਦੇ ਹਾਂ। ਗੀਠਿਆਂ ਦੇ ਵਿਉਪਾਰੀ ਹੀਰੇ ਦੀ ਕੀਮਤ ਕਿੰਝ ਪਾ ਸਕਣਗੇ। ਬੇਸ਼ੱਕ ਕੁਲ ਜਹਾਨ ਦੇ ਗੀਠੇ ਕਿਉਂ ਨਾ ਇਕੱਠੇ ਕਰ ਲੈਣ। ਵਜ਼ਨ ਹੀ ਵਧੇਗਾ। ਰਹਿਣਗੇ ਤਾਂ ਗੀਠੇ ਹੀ।

ਬ੍ਰਹਮ ਗਿਆਨੀ ਕਾ ਕਉਨ ਜਾਨੈ ਭੇਦੁ ॥

ਹੀਰੇ ਅੰਦਰ ਪ੍ਰਕਾਸ਼ ਦੀ ਕਿਰਨ ਚਲੀ ਜਾਵੇ। ਪ੍ਰਕਾਸ਼ਵਾਨ ਹੋ ਜਾਂਦਾ ਹੈ। ਉਸਨੇ ਮਨ ਖਾਲੀ ਕਰ ਲਿਆ, ਹਨੇਰ ਖਤਮ ਕਰ ਲਿਆ। ਕੁਝ ਖਾਲੀ ਕਰਾਂਗੇ ਤਾਂ ਕੁਝ ਨਵਾਂ ਆਵੇਗਾ। ਜੇ ਅਪਾਰਦਰਸ਼ੀ ਦੀਵਾਰਾਂ ਹੀ ਰੱਖਾਂਗੇ ਤਾਂ ਅੰਦਰ ਘੋਰ ਅੰਧਕਾਰ ਰਹੇਗਾ। ਗੀਠੇ ਹੀਰੇ ਦੇ ਤੁਲ ਕਿਉਂ ਨਹੀਂ ? ਅੰਦਰ ਅੰਧਕਾਰ ਹੈ। ਵਿਕਦਾ

ਕੀ ਹੈ ? ਅੰਦਰ ਦੀ ਰੌਸ਼ਨੀ। ਇਸ ਲਈ ਹੀਰਾ ਅਣਮੁੱਲ ਹੈ। ਜੇ ਰੀਠੇ ਨੇ ਵੀ ਅੰਦਰ ਸਾਫ਼ ਕੀਤਾ ਹੁੰਦਾ। ਦੀਵਾਰਾਂ ਵਿਚ ਪਾਰਦਰਸ਼ਤਾ ਲਿਆਂਦੀ ਹੁੰਦੀ। ਉਸ ਅੰਦਰ ਵੀ ਰੌਸ਼ਨੀ ਹੋਣੀ ਸੀ। ਬਾਹਰੋਂ ਇਕ ਕਿਰਨ ਗਈ। ਸਾਰਾ ਹੀਰਾ ਚਮਕ ਉੱਠਿਆ। ਹੀਰੇ ਅੰਦਰ ਕਿੰਨਾ ਪ੍ਰਕਾਸ਼ ਹੈ ਕਿਸੇ ਨੂੰ ਕੀ ਭੇਦ। ਰੀਠਾ ਵੀ ਨਹੀਂ ਜਾਣ ਸਕਦਾ। ਅਸੀਂ ਵੀ ਰੀਠੇ ਹੀ ਹਾਂ। ਅੰਧਕਾਰ ਨਾਲ ਭਰੇ ਹੋਏ। ਕਿਸ ਤਰ੍ਹਾਂ ਜਾਣ ਸਕਾਂਗੇ ਬ੍ਰਹਮ ਗਿਆਨੀ ਜਿਹੇ ਹੀਰੇ ਦਾ ਭੇਦ ?

ਬ੍ਰਹਮ ਗਿਆਨੀ ਕਾ ਕਉਨ ਜਾਨੈ ਭੇਦੁ ॥
ਬ੍ਰਹਮ ਗਿਆਨੀ ਕਉ ਸਦਾ ਅਦੇਸੁ ॥

ਉਸਦਾ ਭੇਦ ਨਹੀਂ ਪਾ ਸਕਦੇ। ਉਹ ਅਥਾਹ ਹੈ। ਥਾਹ ਨਹੀਂ ਪਾ ਸਕਦੇ। ਅਥਾਹ ਦਾ ਭੇਦ ਪਾਉਣ ਲਈ ਅਥਾਹ ਹੋਣਾ ਪਵੇਗਾ। ਜੇ ਸਮੁੰਦਰ ਬਾਰੇ ਜਾਨਣਾ ਹੈ ਤਾਂ ਸਮੁੰਦਰ ਹੋਣਾ ਪਵੇਗਾ। ਉਸ ਵਿਚ ਉਤਰਨਾ ਪਏਗਾ। ਕੰਢੇ 'ਤੇ ਰਹਿਕੇ ਸਮੁੰਦਰ ਨੂੰ ਵੇਖਣ ਨਾਲ ਭੇਦ ਨਹੀਂ ਪਵੇਗਾ। ਡੁੱਬਣਾ ਪਏਗਾ। ਡੁੱਬਕੇ ਵੀ ਅਥਾਹ ਦਾ ਥਾਹ ਨਹੀਂ ਪਾ ਸਕਾਂਗੇ। ਡੁੱਬਣ ਨਾਲ ਉਸ ਵਿਚ ਸਮਾਅ ਤਾਂ ਸਕਾਂਗੇ। ਪਰ ਭੇਦ ਨਹੀਂ ਪਾ ਸਕਾਂਗੇ। ਜੋ ਐਸਾ ਮਹਾਨ ਹੈ। ਜਿਸਦੀ ਮਹਿਮਾ ਅਕੱਥ ਹੈ। ਅਜਿਹੇ ਬ੍ਰਹਮ ਗਿਆਨੀ ਨੂੰ ਹਮੇਸ਼ਾ ਨਮਸਕਾਰ ਕਰਨੀ ਚਾਹੀਦੀ ਹੈ।

ਬ੍ਰਹਮ ਗਿਆਨੀ ਕਾ ਕਥਿਆ ਨ ਜਾਇ ਅਧਾਖ੍ਹਰੁ ॥

ਕਿਸ ਕਲਮ ਨਾਲ ਬ੍ਰਹਮ ਗਿਆਨੀ ਦੀ ਵਡਿਆਈ ਕਰੋਗੇ। ਕਲਮ ਤਾਂ ਪਹਿਲਾਂ ਹੀ ਉਸਦਾ ਅੰਸ਼ ਹੈ। ਮੂੰਹ ਨਾਲ ? ਜੋ ਪਹਿਲਾਂ ਹੀ ਉਸਦਾ ਅੰਗ ਹੈ। ਸਭ ਸਰੀਰਾਂ ਨੂੰ ਇਕੱਠੇ ਕਰਕੇ ਬਨਸਪਤੀ ਪੌਦਿਆਂ ਨੂੰ ਇਕੱਤਰ ਕਰਕੇ ਸਭ ਉਸਦਾ ਹਿੱਸਾ ਹਨ। ਕਿਉਂਕਿ ਬ੍ਰਹਮ ਗਿਆਨੀ ਆਪਿ ਪਰਮੇਸੁਰ ॥ ਸ੍ਰਿਸ਼ਟੀ ਵਿਚਲੀ ਸਭ ਬਨਸਪਤੀ ਦੀਆਂ ਕਲਮਾਂ ਬਣਾ ਲਈਆਂ ਜਾਣ। ਸਭ ਹੱਥਾਂ ਨੂੰ ਲਿਖਣ ਲਾ ਦਿੱਤਾ ਜਾਵੇ। ਸਭ ਜ਼ੁਬਾਨਾਂ ਨੂੰ ਉਪਮਾ ਲਈ ਆਖ ਦਈਏ। ਤਾਂ ਵੀ ਉਸਦੀ ਵਡਿਆਈ ਕਰਨੀ ਔਖੀ ਹੈ। ਸਭ ਮਿਲਕੇ ਅੱਧਾ ਵੀ ਨਹੀਂ ਵਡਿਆ ਸਕਦੇ।

ਬ੍ਰਹਮ ਗਿਆਨੀ ਕਾ ਕਥਿਆ ਨ ਜਾਇ ਅਧਾਖ੍ਹਰੁ ॥
ਬ੍ਰਹਮ ਗਿਆਨੀ ਸਰਬ ਕਾ ਠਾਕੁਰ ॥

ਇੰਨੀਆਂ ਕਲਮਾਂ ਇਕੱਠੀਆਂ ਹੋ ਜਾਣ। ਇੰਨੇ ਹੱਥ ਲਿਖਣ ਲੱਗ ਜਾਣ। ਇੰਨੇ ਮੂੰਹ ਕਹਿਣ ਲੱਗ ਜਾਣ। ਫਿਰ ਮਹਿਮਾ ਕਿਉਂ ਨਹੀਂ ਵਖਿਆਨ ਹੋ ਸਕਦੀ।



ਕਿਉਂਕਿ ਬ੍ਰਹਮ ਗਿਆਨੀ ਸਭ ਦਾ ਠਾਕੁਰ ਹੈ। ਇਕ ਮੱਛੀ ਸਮੁੰਦਰ ਨੂੰ ਕਿਵੇਂ ਵਖਿਆਨ ਸਕਦੀ ਹੈ। ਸਭ ਮੱਛੀਆਂ ਕਿਵੇਂ ਵਖਿਆਨ ਸਕਦੀਆਂ ਹਨ। ਉਹ ਪਾਣੀ ਵਿਚ ਤਾਂ ਹਨ ਪਰ ਹੈ ਤਾਂ ਭਿੰਨ ਹੀ। ਐਨਾ ਪਿਆਰ ਤਾਂ ਪਾ ਲਿਆ ਕਿ ਪਾਣੀ ਬਿਨਾਂ ਤੜਪ ਉੱਠਦੀਆਂ ਹਨ। ਪਾਣੀ ਸਾਹਾਂ ਦੀ ਜਗ੍ਹਾ ਵੀ ਵਸ ਗਿਆ। ਪਰ ਭਿੰਨਤਾ ਨਹੀਂ ਗਈ। ਸਮੁੰਦਰ ਤਾਂ ਇਹਨਾਂ ਸਭ ਦਾ ਠਾਕੁਰ ਹੈ। ਉਸਨੂੰ ਵਡਿਆਉਣਾ ਹੈ ਤਾਂ ਪਾਣੀ ਹੋਣਾ ਪਵੇਗਾ। ਮੱਛੀਪੁਣਾ ਛੱਡਣਾ ਪਵੇਗਾ। ਭੇਦ ਖਤਮ ਕਰਨੇ ਹੋਣਗੇ।

ਬ੍ਰਹਮ ਗਿਆਨੀ ਕੀ ਮਿਤਿ ਕਉਨੁ ਬਖਾਨੈ।

ਜੇ ਸਭ ਕਲਮਾਂ ਨਹੀਂ। ਜੇ ਸਭ ਹੱਥ ਨਹੀਂ। ਜੇ ਸਭ ਮੂੰਹ ਨਹੀਂ ਤਾਂ ਬ੍ਰਹਮ ਗਿਆਨੀ ਦੀ ਮਹਿਮਾ ਵਖਿਆਨ ਕੌਣ ਕਰ ਸਕਦਾ ਹੈ। ਮੱਛੀਆਂ ਨਹੀਂ ਤਾਂ ਸਮੁੰਦਰ ਦੀ ਉਪਮਾ ਕੌਣ ਕਰ ਸਕਦਾ ਹੈ ? ਉਹ ਜੋ ਆਪ ਸਮੁੰਦਰ ਹੋ ਗਿਆ। ਉਹ ਜੋ ਆਪ ਬ੍ਰਹਮ ਗਿਆਨੀ ਹੋ ਗਿਆ।

ਬ੍ਰਹਮ ਗਿਆਨੀ ਕੀ ਮਿਤਿ ਕਉਨੁ ਬਖਾਨੈ ॥
ਬ੍ਰਹਮ ਗਿਆਨੀ ਕੀ ਗਤਿ ਬ੍ਰਹਮ ਗਿਆਨੀ ਜਾਨੈ ॥

ਰਾਏਪੁਰ ਇਕ ਸਾਧੂ ਰਿਹਾ ਕਰਦੇ ਸਨ। ਪੂਰਨ ਸਾਧੂ। ਦਿਨ ਸਮੇਂ ਝਾੜ ਬੂਝਿਆਂ ਵੱਲ ਨਿਕਲ ਜਾਣਾ। ਸ਼ਾਮੀਂ ਪਰਤਣਾ। ਸੀ ਬਹੁਤ ਕਰਨੀ ਵਾਲੇ। ਕਾਬਲ ਸਿੰਘ ਧਾਮੀਆਂ ਉੱਥੇ ਰਾਜਗਿਰੀ ਦਾ ਕੰਮ ਕਰਨ ਜਾਂਦਾ ਸੀ। ਕਾਬਲ ਸਿੰਘ ਨੇ ਆਕੇ ਸੰਤਾਂ ਨੂੰ ਦੱਸਿਆ। ਪਰ ਸੰਤ ਚੁੱਪ ਰਹੇ। ਕੁਝ ਦਿਨ ਬਾਦ ਕਾਬਲ ਸਿੰਘ ਨੂੰ ਕਹਿੰਦੇ ਕਿ ਉਹਨਾਂ ਸੰਤਾਂ ਨੂੰ ਸਾਡਾ ਨਿਓਤਾ ਦੇਕੇ ਆ। ਕਾਬਲ ਸਿੰਘ ਚਲਾ ਗਿਆ। ਜਿੱਥੇ ਰਹਿੰਦੇ ਸਨ ਉੱਥੇ ਗਿਆ। ਸਭ ਕਹਿਣ ਇਸ ਵਕਤ ਨਹੀਂ ਮਿਲਣਗੇ। ਇਸ਼ਾਰਾ ਕਰ ਦਿੱਤਾ ਕਿ ਉਸ ਪਾਸੇ ਨਿਕਲ ਜਾਂਦੇ ਹਨ। ਸ਼ਾਮੀਂ ਮੁੜਦੇ ਹਨ। ਕਾਬਲ ਸਿੰਘ ਉਧਰ ਜਾ ਕੇ ਖੜਾ ਹੀ ਹੋਇਆ। ਪਤਾ ਨਹੀਂ ਕਿੱਥੋਂ ਪ੍ਰਗਟ ਹੋ ਗਏ, ਕਿ ਸੁਨੇਹਾ ਅੱਪੜ ਗਿਆ। ਅਸੀਂ ਆ ਰਹੇ ਹਾਂ। ਕੁਝ ਕਹਿਣ ਦਾ ਮੌਕਾ ਹੀ ਨਹੀਂ ਦਿੱਤਾ। ਸੋਚ ਰਿਹਾ ਕਿ ਸੁਨੇਹਾ ਕਿਵੇਂ ਅੱਪੜ ਗਿਆ। ਗੁਰਦੁਆਰਾ ਸਾਹਿਬ ਵਾਪਸ ਆ ਗਿਆ। ਸੰਤਾਂ ਕੋਲ ਗਿਆ। ਕਹਿੰਦੇ ਕਿ ਚੰਗਾ ਹੋਇਆ ਸੁਨੇਹਾ ਦੇ ਆਂਦਾ। ਕਾਬਲ ਸਿੰਘ ਫਿਰ ਹੈਰਾਨ ਕਿ ਵਿਚ ਮੇਰੀ ਕੀ ਲੋੜ ਸੀ। ਉਹ ਸਾਧੂ ਆਏ। ਸੰਤਾਂ ਨੇ ਬਹੁਤ ਇੱਜ਼ਤ ਮਾਣ ਦਿੱਤਾ ਅਤੇ ਕੁਝ ਸਮਾਂ ਰਹਿ ਕੇ ਚਲੇ ਗਏ।

ਬ੍ਰਹਮ ਗਿਆਨੀ ਕਾ ਅੰਤੁ ਨਾ ਪਾਰੁ ॥

ਇਹ ਤਾਰਿਆਂ ਦਾ ਜਹਾਨ ਹੈ। ਇਸਤੋਂ ਅੱਗੇ ਇਕ ਹੋਰ ਜਹਾਨ ਹੈ। ਉਸ ਤੋਂ ਅੱਗੇ ਇਕ ਹੋਰ। ਕੋਈ ਅੰਤ ਨਹੀਂ। ਬੇਅੰਤ। ਅਕੱਥ। ਅਕਹਿ। ਅਪਹੁੰਚ। ਅਥਾਹ। ਸ੍ਰਿਸ਼ਟੀ ਦੀ ਤਰ੍ਹਾਂ ਬ੍ਰਹਮ ਗਿਆਨੀ ਵੀ ਅਨੰਤ ਹੈ ਉਸਦਾ ਵੀ ਅੰਤ ਨਹੀਂ ਪਾਇਆ ਜਾ ਸਕਦਾ।

ਬ੍ਰਹਮ ਗਿਆਨੀ ਕਾ ਅੰਤੁ ਨ ਪਾਰੁ ॥
ਨਾਨਕ ਬ੍ਰਹਮ ਗਿਆਨੀ ਕਉ ਸਦਾ ਨਮਸਕਾਰੁ ॥

ਪੁਰਾਣੇ ਲੋਕ ਪੌਣ ਅੱਗੇ ਕਿਉਂ ਝੁਕਦੇ ਸਨ-ਅਥਾਹ ਸੀ। ਸੂਰਜ ਨੂੰ ਦੇਵਤਾ ਕਿਉਂ ਮੰਨਦੇ ਸਨ-ਅਪਹੁੰਚ ਸੀ। ਪਾਣੀ ਦੀ ਪੂਜਾ ਕਿਉਂ ਕਰਦੇ ਸਨ। ਧਰਤੀ ਨੂੰ ਕਿਉਂ ਪੂਜਿਆ ਜਾਂਦਾ ਸੀ। ਅਗਨੀ ਦੇਵ ਦੀ ਪੂਜਾ ਕਿਉਂ ਸੀ। ਸਭ ਦੀ ਸਭ ਵਿਸ਼ਾਲਤਾ ਦੇ ਕਾਰਨ। ਆਮ ਲੋਕ ਦੇਵਤਿਆਂ ਦਾ ਵੀ ਭੇਦ ਨਹੀਂ ਪਾ ਸਕਦੇ। ਤੇ ਜਿਸਦਾ ਦੇਵਤੇ ਵੀ ਭੇਦ ਨਹੀਂ ਪਾ ਸਕਦੇ, ਉਹ ਕਿੰਨਾ ਵਿਸ਼ਾਲ ਹੋਏਗਾ। ਉਹ ਪ੍ਰਮੇਸ਼ਰ ਕਿੰਨਾ ਅਕਹਿ ਹੋਵੇਗਾ। ਬ੍ਰਹਮ ਗਿਆਨੀ ਵੀ ਉਹਦਾ ਹੀ ਰੂਪ ਹੈ। ਉਸ ਵਿਸ਼ਾਲਤਾ ਨੂੰ, ਸਰਬ ਵਿਆਪੀ ਨੂੰ ਸਦਾ ਨਮਸਕਾਰ ਕਰਨੀ ਚਾਹੀਦੀ ਹੈ।

ਬ੍ਰਹਮ ਗਿਆਨੀ ਸਭ ਸ੍ਰਿਸਟਿ ਕਾ ਕਰਤਾ ॥

ਛੋਟੇ-ਛੋਟੇ ਕਣ ਸਨ। ਹਰ ਕਣ ਵਿਚ ਪ੍ਰਮੇਸ਼ਰ ਸੀ। ਕਣ ਮਿਲਦੇ ਗਏ ਸ੍ਰਿਸ਼ਟੀ ਬਣਦੀ ਗਈ। ਜਦ ਇਹ ਸ੍ਰਿਸ਼ਟੀ ਪੂਰੀ ਬਣ ਗਈ ਤਾਂ ਸ੍ਰਿਸ਼ਟੀ ਘੜਨ ਵਾਲਾ ਵੀ ਪ੍ਰਮਾਤਮਾ ਹੀ ਹੋਇਆ। ਬ੍ਰਹਮ ਗਿਆਨੀ ਹੀ ਹੋਇਆ ਜਿਸਦੇ ਅੰਸ਼ਾਂ ਤੋਂ ਇਹ ਹੋਂਦ ਵਿਚ ਆਈ ਹੈ।

ਬ੍ਰਹਮ ਗਿਆਨੀ ਸਭ ਸ੍ਰਿਸਟਿ ਕਾ ਕਰਤਾ ॥
ਬ੍ਰਹਮ ਗਿਆਨੀ ਸਦ ਜੀਵੈ ਨਹੀਂ ਮਰਤਾ ॥

ਮਰਦਾ ਕੌਣ ਹੈ ? ਜੋ ਆਪਣੇ ਸਰੀਰ ਵਿਚ ਹੀ ਸਮਾਇਆ ਹੁੰਦਾ ਹੈ। ਜੋ ਜਿਉਂਦੇ ਹੀ ਸਰੀਰ 'ਚੋਂ ਬਾਹਰ ਹੋ ਜਾਂਦੇ ਹਨ ਉਹ ਕਣ-ਕਣ ਵਿਚ ਸਮਾਅ ਜਾਂਦੇ ਹਨ। ਨਾ ਤਾਂ ਪਹਿਲਾਂ ਸਰੀਰ ਕਰਕੇ ਸੀ ਤੇ ਨਾ ਬਾਦ ਵਿਚ ਹੋਣਗੇ। ਉਹ ਸ਼ਬਦ ਕਰਕੇ ਹੁੰਦੇ ਹਨ। ਉਹੀ ਸ਼ਬਦ ਜਿਸਦੀ ਧੁਨ ਤੋਂ ਸ੍ਰਿਸ਼ਟੀ ਉਪਜੀ ਹੈ। ਜੋ ਕਣ-ਕਣ ਵਿਚ ਸਮਾਇਆ ਹੋਇਆ ਹੈ। ਜੋ ਸਰੀਰ ਹੁੰਦਿਆਂ ਸਰੀਰ 'ਚੋਂ ਬਾਹਰ ਹੋ ਗਿਆ। ਉਹ ਮਰ ਨਹੀਂ ਸਕਦਾ। ਸਦਾ ਜਿਉਂਦਾ ਹੈ। ਸਾਡੇ ਦਿਲਾਂ ਵਿਚ। ਸਾਡੇ ਮਨਾਂ ਵਿਚ।



ਜੀਵ ਜੰਤੂਆਂ ਵਿਚ। ਬਨਸਪਤੀ ਵਿਚ। ਜ਼ੱਰੇ-ਜ਼ੱਰੇ ਵਿਚ।

ਸੰਤ ਆਰਾਮ ਕਰਨ ਲਈ ਭੋਰੇ ਵਿਚ ਚਲੇ ਗਏ। ਬਾਹਰ ਸੇਵਾ 'ਤੇ ਸਨ ਗੁਰਬਿੰਦਰ ਕੌਰ ਸਾਰੋਬਾਦ ਅਤੇ ਰਮਨਜੀਤ ਕੌਰ ਵਾਹਿਦ। ਕੁੰਡੀ ਖੁੱਲ੍ਹੀ ਰਹਿ ਗਈ। ਦੁਪਹਿਰ ਦਾ ਸਮਾਂ ਸੀ। ਰਮਨਜੀਤ ਕੌਰ ਭੋਰੇ ਵਿਚ ਚਲੀ ਗਈ। ਜਾ ਕੇ ਵੇਖਿਆ। ਸੰਤ ਚੁਫ਼ਾਲ ਲੇਟੇ ਹੋਏ ਸਨ। ਸਰੀਰ ਤਾਂ ਸੀ ਪਰ ਸੰਤ ਨਹੀਂ ਸਨ। ਆਵਾਜ਼ ਦਿੱਤੀ। ਸੰਤ ਹੋਣ ਤਾਂ ਬੋਲਣ। ਕੰਧਾਂ 'ਚੋਂ ਟਕਰਾ ਕੇ ਵਾਪਸ ਆ ਗਈ। ਬਹੁਤ ਘਬਰਾਹਟ ਹੋਈ। ਖਿਆਲ ਤੋਂ ਵੀ ਛੇਤੀ ਗੁਰਬਿੰਦਰ ਕੌਰ ਨੂੰ ਬੁਲਾਇਆ। ਹੱਥ ਹਿਲਾਉਣ। ਪੈਰਾਂ ਦਾ ਅੰਗੂਠਾ ਖਿੱਚਣ। ਸਭ ਬੇਕਾਰ। ਕੱਚੀਆਂ ਤ੍ਰੇਲੀਆਂ ਆ ਗਈਆਂ। ਸੁਧ ਨਾ ਰਹੀ ਕਿ ਕੀ ਕਰਨ। ਸਭ ਅੱਖ ਦੇ ਫੋਰ ਨਾਲ ਬੀਤ ਗਿਆ। ਦੁਪਹਿਰ ਦਾ ਸਮਾਂ। ਕੋਈ ਨਜ਼ਦੀਕ ਵੀ ਨਹੀਂ ਕਿ ਆਵਾਜ਼ ਮਾਰ ਲੈਣ। ਖੜੀਆਂ ਸਨ। ਅਹਿਲ ਸਨ। ਪਰ ਸਾਹੋ ਸਾਹ ਹੋ ਗਈਆਂ। ਮੌਸਮ ਅਨੁਕੂਲ ਸੀ। ਪਸੀਨੇ ਨਾਲ ਭਿੱਜ ਗਈਆਂ। ਸੰਤ ਤਾਂ ਮਹਾਂਸੁੰਨ ਵਿਚ ਸਨ। ਉਸ ਪਰਮ ਦੀ ਘਾਟੀ ਵਿਚ। ਨਾ ਪਹਿਲਾਂ ਸਰੀਰ ਕਰਕੇ ਸਨ ਅਤੇ ਨਾ ਹੁਣ। ਬੀਬੀਆਂ ਅਹਿਲ ਸਨ, ਹੋਸ਼ ਨਹੀਂ ਸੀ, ਹਰਕਤ ਨਹੀਂ। ਸਾਖਸ਼ੀ ਹੋ ਗਈਆਂ। ਬਸ ਵੇਖ ਰਹੀਆਂ ਸਨ। ਜਿਵੇਂ ਕਿਸੇ ਚੈਨਲ 'ਤੇ ਕੋਈ ਫ਼ਿਲਮ ਚਲਦੀ ਹੈ। ਅਸੀਂ ਸਾਖਸ਼ੀ ਹਾਂ। ਕੁਝ ਬਦਲ ਨਹੀਂ ਸਕਦੇ। ਇਹ ਸਾਖਸ਼ੀ ਹੋ ਗਈਆਂ। ਹੱਥ ਹਿੱਲਿਆ। ਲੱਗਾ ਕਿ ਜਿਵੇਂ ਕੋਈ ਹਰਕਤ ਹੋਈ। ਬੇ-ਪ੍ਰਾਣੇ ਸਰੀਰ ਵਿਚ ਪ੍ਰਾਣ ਆਏ। ਸੰਤਾਂ ਨੇ ਇਹਨਾਂ ਦੀਆਂ ਸ਼ਕਲਾਂ ਵੇਖੀਆਂ। ਬੁੱਝੀਆਂ ਬੁੱਝੀਆਂ। ਖੌਫ਼ ਦੇ ਭਾਵਾਂ ਨਾਲ ਭਰੀਆਂ ਹੋਈਆਂ। ਬੇਜਾਨ। ਮੁਸਕਰਾ ਪਏ। ਬਹੁਤ ਮੁਸਕਰਾਏ। ਮੁੜ ਕਦੇ ਕੁੰਡੀ ਖੁੱਲ੍ਹੀ ਨਾ ਛੱਡੀ।

ਬ੍ਰਹਮ ਗਿਆਨ ਮੁਕਤਿ ਜੁਗਤਿ ਜੀਆ ਕਾ ਦਾਤਾ ॥

ਪਹਾੜ ਦੀ ਚੋਟੀ 'ਤੇ ਜਾਣਾ ਹੈ। ਜੁਗਤੀ ਕੀ ਹੈ-ਸੁਰੱਖਿਅਤ ਰਾਹ। ਰਾਹ ਤਾਂ ਹੋਰ ਵੀ ਹੋਣਗੇ। ਅਸੁਰੱਖਿਅਤ। ਕਦਮ ਕਦਮ 'ਤੇ ਤਿਲਕਣ ਦਾ ਡਰ। ਤਾਰ ਤਾਰ ਹੋਕੇ। ਚੂਰ-ਚੂਰ ਹੋਕੇ। ਮੁੜ ਧਰਤੀ 'ਤੇ ਡਿੱਗ ਜਾਣ ਦਾ ਖ਼ਤਰਾ। ਮੁਕਤੀ ਦੇ ਰਾਹ 'ਤੇ ਵੀ ਡਰ ਹਨ। ਖ਼ਤਰੇ ਹਨ। ਪਰ ਜੁਗਤੀ ਹੈ ਬ੍ਰਹਮ ਗਿਆਨੀ ਦੇ ਪਾਸ। ਸੰਤ ਬਾਬਾ ਤੀਰਥ ਸਿੰਘ ਜੀ ਕੋਲੋਂ। ਜਿਸਨੇ ਮੁਕਤੀ ਮੰਗੀ ਮੁਕਤੀ ਮਿਲ ਗਈ। ਜਿਸਨੇ ਜੁਗਤੀ ਮੰਗੀ ਜੁਗਤੀ ਮਿਲ ਗਈ। ਜੁਗਤੀ ਨਾਲ ਵੀ ਮੁਕਤੀ ਹੀ ਮਿਲਣੀ ਹੈ। ਦਿੱਤਾ ਸਭ ਕੁਝ ਸਮੇਂ ਦੇ ਹਿਸਾਬ ਨਾਲ। ਜੇ ਸਮਾਂ ਥੋੜ੍ਹਾ ਸੀ ਤਾਂ

ਮੁਕਤੀ ਦੇ ਦਿੱਤੀ। ਜੇ ਸਮਾਂ ਸੀ ਤਾਂ ਜੁਗਤੀ ਦੇ ਦਿੱਤੀ। ਜੁਗਤੀ ਵਿਚ ਤੁਰਨਾ ਪੈਣਾ ਹੈ। ਚੌਰਾਹੇ ਤੇ ਖੜ੍ਹੇ ਹਾਂ। ਮੁਕਤੀ ਵੱਲ ਜਾਣਾ ਹੈ। ਚਾਰ ਰਾਸਤੇ ਹਨ। ਜੁਗਤੀ ਕੀ ਹੈ-ਦਿਸ਼ਾ। ਜੋ ਬ੍ਰਹਮ ਗਿਆਨੀ ਦਿਖਾਏਗਾ ਅਤੇ ਪਹੁੰਚ ਜਾਵਾਂਗੇ। ਜਾਂ ਫਿਰ ਆਪਣੇ ਨਾਮ ਅਭਿਆਸ ਦੁਬਾਰਾ ਸਿੱਧਾ ਪਹੁੰਚਾ ਦੇਵੇਗਾ। ਕਿਸਮਤ 'ਤੇ ਹੈ। ਪ੍ਰੇਮ 'ਤੇ ਹੈ। ਜਿਸਨੇ ਪ੍ਰੇਮ ਕੀਤਾ ਹੈ। ਪ੍ਰਭੂ ਉਸਨੂੰ ਮਿਲਿਆ ਹੈ।

ਸਾਰੋਬਾਦ ਤੋਂ ਬੀਬੀ ਛੱਲੋ। ਮਾਨਸਿਕ ਪ੍ਰੇਸ਼ਾਨੀ ਕਾਰਨ ਪਾਗਲ। ਪਾਗਲ ਤਾਂ ਅਸੀਂ ਸਭ ਹਾਂ। ਪਰ ਸਮਝ ਦੇ ਦਾਇਰੇ ਵਿਚ ਰਹਿ ਕੇ ਪਾਗਲ ਹਾਂ। ਜਦ ਦਾਇਰੇ 'ਚੋਂ ਬਾਹਰ ਹੋ ਗਏ ਤਾਂ ਸਵਾਗਤ ਲਈ ਵੱਟੇ ਹਨ। ਇਹ ਬੀਬੀ ਦਾਇਰੇ 'ਚੋਂ ਬਾਹਰ ਸੀ। ਛੋਟੇ ਬੱਚੇ ਇੱਟਾਂ ਰੋੜੇ ਮਾਰਦੇ। ਇਹ ਬੇਸਮਝ ਸੀ, ਉਹ ਨਾ-ਸਮਝ ਸਨ। ਬੇ-ਸਮਝ ਅਤੇ ਨਾ-ਸਮਝ ਵਿਚ ਇਕ ਹੀ ਫਰਕ ਹੈ। ਬੇ-ਸਮਝ ਦੇ ਗੱਲ ਸਿਰ ਉੱਪਰ ਦੀ ਲੰਘ ਜਾਂਦੀ ਹੈ। ਨਾ-ਸਮਝ ਦੇ ਪੈਰਾਂ ਹੇਠ ਦੀ। ਬੜੀ ਦੁਖੀ ਹੁੰਦੀ। ਅਸਥਾਨ 'ਤੇ ਆਉਂਦੀ ਤਾਂ ਬੁਰਾ ਭਲਾ ਬੋਲਦੀ। ਮਨ ਤਾਂ ਪਾਗਲਾਂ ਨੇ ਵੀ ਹੌਲਾ ਕਰਨਾ ਹੀ ਹੈ। ਇੱਥੇ ਹੋ ਜਾਂਦਾ। ਸਾਗਰ ਆਪਣੇ ਵਿਚ ਸਭ ਕੁਝ ਸਮਾਅ ਲੈਂਦਾ ਹੈ। ਸੰਤ ਜੁਗਤੀ ਦਸਦੇ। ਪਰ ਬੇ-ਸਮਝ ਸੀ। ਪੱਥਰ 'ਤੇ ਲਗਾਤਾਰ ਬੂੰਦ ਬੂੰਦ ਡਿੱਗਣਾ ਨਿਸ਼ਾਨ ਛੱਡ ਜਾਂਦਾ ਹੈ। ਸੰਤਾਂ ਨੇ ਗਈ ਨੂੰ ਗੁਰਦੁਆਰਾ ਸਾਹਿਬ ਝਾੜੂ ਮਾਰਨ ਲਈ ਕਹਿਣਾ। ਭਾਂਡੇ ਮਾਂਜਣ ਲਈ ਕਹਿਣਾ। ਘੜੀ ਸਤਿਸੰਗਤ ਵਿਚ ਬਹਿਣ ਲਈ ਕਹਿਣਾ। ਪੱਥਰ 'ਤੇ ਨਿਸ਼ਾਨ ਪੈਣ ਲੱਗ ਪਿਆ। ਛੋਟੇ ਤੋਂ ਵਧਣ ਲੱਗਾ। ਸੇਵਾ ਕਰਨ ਲੱਗ ਪਈ। ਕੁਝ ਸਾਲ ਬਾਦ ਬਿਲਕੁੱਲ ਤੰਦਰੁਸਤ ਹੋਕੇ ਆਪਣੇ ਘਰ ਵਸਣ ਲੱਗ ਪਈ। ਪਾਗਲਪਨ ਤੋਂ ਮੁਕਤੀ ਹੋ ਗਈ। ਸੰਤਾਂ ਨੇ ਅੰਮ੍ਰਿਤ ਛਕਾ ਕੇ ਦੁਨੀਆਂ ਦੇ ਪਾਗਲਖਾਨੇ ਤੋਂ ਛੁਟਕਾਰੇ ਲਈ ਜੁਗਤੀ ਵੀ ਦੇ ਦਿੱਤੀ।

ਬ੍ਰਹਮ ਗਿਆਨੀ ਮੁਕਤਿ ਜੁਗਤਿ ਜੀਆ ਕਾ ਦਾਤਾ ॥
ਬ੍ਰਹਮ ਗਿਆਨੀ ਪੂਰਨ ਪੁਰਖੁ ਬਿਧਾਤਾ ॥

ਜੋ ਜੁਗਤੀ ਦਸ ਸਕਦਾ ਹੈ। ਜੋ ਜੁਗਤੀ ਨਾਲ ਮੁਕਤੀ ਵੀ ਕਰ ਸਕਦਾ ਹੈ। ਉਹ ਅਧੂਰਾ ਨਹੀਂ ਹੋ ਸਕਦਾ। ਉਹ ਬਿਧ ਨਹੀਂ ਰਹਿ ਜਾਂਦਾ। ਬਿਧਾਤਾ ਹੋ ਜਾਂਦਾ ਹੈ। ਉਹ ਪ੍ਰਮਾਤਮਾ ਦੀ ਲਿਖੀ, ਉਸਦੀ ਕਲਮ ਨਾਲ ਹੀ ਬਦਲਾ ਸਕਦਾ ਹੈ। ਕਿਉਂਕਿ ਪੂਰਨ ਪੁਰਖ ਹੈ।

ਪਿੰਡ ਸਾਰੋਬਾਦ ਤੋਂ ਬੀਬੀ ਬਲਵੀਰ ਕੌਰ। ਸਾਦੇ ਜਿਹੇ ਪਰਿਵਾਰ ਨਾਲ



ਸੰਬੰਧਿਤ। ਪਰ ਸੁਪਨਿਆਂ ਵਿਚ ਅਮਰੀਕਾ ਵੱਸਦਾ ਸੀ। ਸੰਤਾਂ ਵਿਚ ਪੂਰਨ ਵਿਸ਼ਵਾਸ। ਬੇਨਤੀ ਕੀਤੀ ਕਿ ਅਮਰੀਕਾ ਜਾਣਾ ਹੈ। ਸੰਤ ਚੁੱਪ ਰਹੇ। ਬੇਨਤੀਆਂ ਹੁੰਦੀਆਂ ਰਹੀਆਂ। ਸੰਤ ਚੁੱਪ ਰਹੇ। ਇਕ ਦਿਨ ਚੁੱਪ ਤੋੜੀ ਕਿ ਤੂੰ ਉਹ ਮੰਗ ਰਹੀ ਏ ਜੋ ਤੇਰੀ ਕਿਸਮਤ ਵਿਚ ਨਹੀਂ। ਤੇਰਾ ਰਿਸ਼ਤਾ ਤਾਂ ਇੱਧਰ ਹੀ ਲਿਖਿਆ ਹੈ। ਕੁਝ ਮਨ ਨੂੰ ਝਟਕਾ ਤਾਂ ਮਹਿਸੂਸ ਹੋਇਆ। ਸੰਭਲ ਗਈ। ਹੱਥ ਜੋੜਕੇ ਬੇਨਤੀ ਕੀਤੀ। ਮੰਗ ਵੀ ਤਦ ਹੀ ਰਹੀ ਹਾਂ ਕਿ ਕਿਸਮਤ ਵਿਚ ਨਹੀਂ। ਭਾਗੀਂ ਲਿਖਿਆ ਤਾਂ ਸਭ ਪ੍ਰਾਪਤ ਕਰ ਲੈਂਦੇ ਹਨ। ਸੰਤ ਬਹੁਤ ਖੁਸ਼ ਹੋਏ। ਸ਼ਬਦ ਦੀ ਬਖਸ਼ਿਸ਼ ਕੀਤੀ। ਵਿਧੀ ਪੂਰਵਕ, ਅੰਮ੍ਰਿਤ ਵੇਲੇ, 2 ਤੋਂ 5 ਵਜੇ ਤੱਕ ਕਰਨਾ ਦੱਸਿਆ। ਪੂਰਨ ਪੁਰਖ ਦੀ ਦੱਸੀ ਜੁਗਤੀ। ਨਿਰੰਤਰ ਇਕ ਸਾਲ ਦਾ ਜਾਪ। ਇਸਨੂੰ ਸੁਪਨਿਆਂ ਵਾਲੇ ਦੇਸ਼ ਲੈ ਗਿਆ। ਜੁਗਤੀ ਦੁਆਰਾ ਬਿਧ ਲਿਖ ਦਿੱਤੀ ਬਿਧਾਤਾ ਨੇ।

ਬ੍ਰਹਮ ਗਿਆਨੀ ਅਨਾਥ ਕਾ ਨਾਥੁ ॥

ਜਿਸਦਾ ਘਰ ਬਾਰ ਨਹੀਂ। ਜੋ ਪਿਤਾ ਮਾਤਾ ਤੋਂ ਵਿੱਛੜ ਗਿਆ। ਅਨਾਥ ਹੈ। ਘਰ ਕੀ ਹੈ-ਸ੍ਰਿਸ਼ਟੀ। ਮਾਤਾ ਪਿਤਾ ਕੌਣ ਹੈ-ਪ੍ਰਮਾਤਮਾ। ਅਸੀਂ ਸਭ ਵਿੱਛੜੇ ਹੋਏ ਹਾਂ। ਅਨਾਥ ਹਾਂ। ਸੰਤ ਬਾਬਾ ਤੀਰਥ ਸਿੰਘ ਜੀ ਨਾਥ ਸਨ। ਸਭ ਬੇ-ਸਹਾਰਿਆਂ ਨੂੰ ਸਹਾਰਾ ਦਿੰਦੇ ਸਨ। ਬੇਸ਼ੱਕ ਉਹ ਗਿਆਨ ਅਵਸਥਾ ਵਾਲੇ ਅਨਾਥ ਹੋਣ ਜਾਂ ਅਗਿਆਨ ਅਵਸਥਾ ਵਾਲੇ। ਸੰਤਾਂ ਦੀ ਭਾਵਨਾ ਇਕ ਹੀ ਸੀ। ਜੋੜਦੇ ਸਭ ਨੂੰ ਪ੍ਰਮੇਸ਼ਰ ਨਾਲ ਹੀ ਸਨ। ਅਗਿਆਨ ਅਵਸਥਾ ਵਾਲੇ ਅਨਾਥ। ਜਿਹਨਾਂ ਦੇ ਮਾਂ-ਬਾਪ ਨਾ ਰਹਿੰਦੇ ਜਾਂ ਕਿਸੇ ਕਾਰਣ ਯਤੀਮ ਹੋ ਜਾਂਦੇ, ਅਸਥਾਨ 'ਤੇ ਲੈ ਆਉਂਦੇ। ਪਰਵਰਿਸ਼ ਕਰਦੇ। ਪ੍ਰਮਾਤਮਾ ਨਾਲ ਜੋੜਨ ਲਈ ਪ੍ਰਮਾਰਥੀ ਸਿੱਖਿਆ ਦਿੰਦੇ।

ਕੜੇ ਦਾ ਗਾਓ, ਬਿਹਾਰ ਦਾ ਰਹਿਣ ਵਾਲਾ ਸੋਮਾ। ਕਿਸੇ ਜ਼ਿਮੀਦਾਰ ਨਾਲ ਨੌਕਰ ਸੀ। ਭਾਗ ਹਨ। ਉਹ ਸਿੱਖ ਹੋਕੇ ਤਾਮਸੀ ਭੋਜਨਾਂ ਦਾ ਸ਼ੌਂਕੀਨ। ਸੋਮਾ ਬਿਹਾਰੀ ਹੋਕੇ ਗੁਰਬਾਣੀ ਸੁਣਨ ਦਾ ਪ੍ਰੇਮੀ। ਜੋੜ ਉਚਿੱਤ ਨਾ ਹੋਵੇ ਤਾਂ ਟੁੱਟ ਜਾਏਗਾ। ਸੋਮੇ ਦਾ ਮਨ ਨਹੀਂ ਲੱਗਦਾ ਸੀ। ਦਾਇਰੇ 'ਚੋਂ ਬਾਹਰ ਝਾਕਣ ਦੇ ਜਤਨਾਂ ਵਿਚ ਰਹਿੰਦਾ। ਇਕ ਦਿਨ ਇਸਨੇ ਐਸਾ ਬਾਹਰ ਝਾਕਿਆ ਕਿ ਮੁੜ ਦਾਇਰੇ ਅੰਦਰ ਵੇਖਣ ਨੂੰ ਰੂਹ ਹੀ ਨਾ ਕੀਤੀ। ਗੁਰਦੁਆਰਾ ਈਸ਼ਰਪੁਰੀ ਸਾਹਿਬ ਵਿਖੇ ਆ ਗਿਆ। ਸਿਆਲ ਸੀ। ਸੰਤ ਦਰਬਾਰ ਤੋਂ ਭੋਰੇ ਵੱਲ ਜਾ ਰਹੇ ਸਨ। ਠੰਡ ਵਿਚ ਬੈਠੇ ਸੋਮੇ 'ਤੇ ਨਿਗ੍ਹਾ ਪਈ। ਆਪਣਾ ਕੰਬਲ ਲਾਹ ਕੇ ਭਾਈ ਰਣਜੋਧ ਸਿੰਘ ਨੂੰ ਦਿੱਤਾ ਕਿ ਉਸ

ਲੜਕੇ ਨੂੰ ਦੇਕੇ ਆਓ। ਕਹਿਣਾ ਕਿ ਜਾਣਾ ਨਹੀਂ। ਏਥੇ ਹੀ ਰਹਿਣਾ ਹੈ। ਰਹਿਣ ਲੱਗ ਪਿਆ। ਸੰਤ ਮਹਾਰਾਜ ਨੇ ਅੰਮ੍ਰਿਤ ਛਕਾ ਕੇ ਸੋਮੇ ਤੋਂ ਸੋਮਾ ਸਿੰਘ ਬਣਾ ਦਿੱਤਾ।

ਬ੍ਰਹਮ ਗਿਆਨੀ ਅਨਾਥ ਕਾ ਨਾਥੁ ॥
ਬ੍ਰਹਮ ਗਿਆਨੀ ਕਾ ਸਭ ਊਪਰਿ ਹਾਥੁ ॥

ਜੋ ਸਮਦਰਸ਼ੀ ਹੈ। ਸਾਮਾਨ ਦ੍ਰਿਸ਼ਟੀ ਵਾਲਾ ਹੈ। ਪਾਵਕ ਜਿਹੇ ਸੁਭਾਅ ਵਾਲਾ ਹੈ। ਨਿਰਲੇਪ ਤੇ ਨਿਰਦੋਸ਼ ਹੈ। ਉਹ ਨਿਰਵੈਰ ਵੀ ਹੋਵੇਗਾ। ਕੁਝ ਲੋਕ ਹੀ ਉਸਦੀ ਕਿਰਪਾ ਦੇ ਪਾਤਰ ਨਹੀਂ ਹੋਣਗੇ। ਉਸਦਾ ਹੱਥ ਸਭ ਉੱਪਰ ਹੋਵੇਗਾ। ਜੋ ਵੀ ਯਾਦ ਕਰੇਗਾ, ਹਾਜ਼ਰ ਹੋਵੇਗਾ। ਉਸ ਕੋਲ ਸਭ ਲਈ ਅੰਮ੍ਰਿਤ ਹੈ। ਸਭ ਲਈ ਦਇਆ ਹੀ ਹੈ।

ਸ਼ਾਮ ਚੁਰਾਸੀ ਤੋਂ ਬੀਬੀ ਸੁਦਰਸ਼ਨ ਅਤੇ ਬੇਟਾ ਰਾਹੁਲ। ਹੁਸ਼ਿਆਰਪੁਰ ਜਾ ਰਹੇ ਸਨ। ਰਾਸਤੇ ਦੇ ਇਕ ਪਾਸੇ ਬਹੁਤ ਵੱਡਾ ਪਾੜ ਸੀ। ਸੋਚ ਰਹੇ ਸਨ ਕਿ ਜੇ ਕੋਈ ਇਸ ਵਿਚ ਡਿੱਗ ਪਏ ਤਾਂ ਨਹੀਂ ਬਚ ਸਕੇਗਾ। ਨਾਲ ਨਾਲ ਸੰਤ ਬਾਬਾ ਤੀਰਥ ਸਿੰਘ ਜੀ ਦੀਆਂ ਸਿਫ਼ਤ ਸਲਾਹਾਂ ਕਰਦੇ ਜਾ ਰਹੇ ਸਨ। ਇੰਨੇ ਨੂੰ ਇਕ ਇੰਡੀਕਾ ਗੱਡੀ ਨੇ ਇਹਨਾਂ ਵਿਚ ਟੱਕਰ ਮਾਰ ਦਿੱਤੀ। ਜਿੱਧਰ ਲੱਗਦਾ ਸੀ ਕਿ ਮੌਤ ਹੈ, ਉੱਧਰ ਹੀ ਡਿੱਗ ਪਏ। ਲੋਕਾਂ ਨੇ ਉਠਾਇਆ ਤਾਂ ਉੱਠ ਪਏ। ਸਭ ਹੈਰਾਨ ਕਿ ਜੋ ਵੀ ਇਸ ਪਾਸੇ ਡਿੱਗਿਆ, ਹੱਡੀਆਂ ਦੀ ਅਹੂਤੀ ਦਿੱਤੇ ਬਗੈਰ ਨਾ ਉੱਠਿਆ। ਤੇ ਸਿਰਫ ਰਾਹੁਲ ਦੇ ਪੱਟ 'ਤੇ ਛੋਟੀ ਜਿਹੀ ਝਰੀਟ। ਇਹ ਦਰਸ਼ਨ ਕਰਨ ਗਏ ਤਾਂ ਸੰਤਾਂ ਦੀ ਚੀਚੀ ਉੱਤੇ ਪੱਟੀ ਬੰਨੀ ਹੋਈ। ਇਹਨਾਂ ਨੂੰ ਵੇਖਕੇ ਕਹਿੰਦੇ ਕਿ ਤੁਸੀਂ ਠੀਕ ਰਹੇ। ਬੀਬੀ ਕਹਿੰਦੀ, "ਜਦ ਤੁਸੀਂ ਨਾਲ ਸੀ ਤਾਂ ਫਿਰ ਸਾਨੂੰ ਕੀ ਹੋਣਾ ਸੀ।" ਜਿਉਂ-ਜਿਉਂ ਸੰਤਾਂ ਦੀ ਚੀਚੀ ਤੋਂ ਪੱਟੀ ਖੁੱਲ੍ਹਦੀ ਗਈ ਰਾਹੁਲ ਦੇ ਪੱਟ ਦਾ ਜ਼ਖ਼ਮ ਵੀ ਠੀਕ ਹੁੰਦਾ ਗਿਆ।

ਬ੍ਰਹਮ ਗਿਆਨੀ ਕਾ ਸਗਲ ਅਕਾਰੁ ॥

ਜਿਸਨੂੰ ਕਲਮਾਂ ਲਿਖ ਨਹੀਂ ਸਕਦੀਆਂ। ਮੂੰਹ ਵਖਿਆਨ ਨਹੀਂ ਕਰ ਸਕਦੇ। ਜਿਸਦਾ ਜਸ ਲਿਖਣ ਲਈ ਧਰਤੀ ਅਤੇ ਅਸਮਾਨ ਵੀ ਛੋਟੇ ਪੈ ਜਾਂਦੇ ਹਨ ਉਸਦਾ ਆਕਾਰ ਕੀ ਹੋਵੇਗਾ। ਕਿੰਨਾ ਬੜਾ ਹੋਵੇਗਾ ਉਹ। ਸਾਰੀ ਸ੍ਰਿਸ਼ਟੀ ਹੀ ਉਸਦਾ ਆਕਾਰ ਹੈ। ਕੁਲ ਕਾਇਨਾਤ ਉਸਦਾ ਵਜੂਦ ਹੈ। ਸਭ ਕੁਦਰਤ ਉਸਦੀ



ਹੋਂਦ ਹੈ। ਉਹ ਖ਼ਲਕਤ ਦੇ ਕਣ-ਕਣ ਅੰਦਰ ਵਸਦਾ ਹੈ।

ਬ੍ਰਹਮ ਗਿਆਨੀ ਕਾ ਸਗਲ ਆਕਾਰੁ ॥
ਬ੍ਰਹਮ ਗਿਆਨੀ ਆਪਿ ਨਿਰੰਕਾਰ ॥

ਜੋ ਉਸਨੂੰ ਜਾਣ ਗਿਆ। ਉਹ ਉਸੇ ਵਿਚ ਸਮਾਅ ਗਿਆ। ਉਹ ਇਸ ਕਰਕੇ ਸਗਲ ਆਕਾਰ ਬਣਿਆ ਕਿ ਪ੍ਰਮੇਸ਼ਰ ਵਿਚ ਅਭੇਦ ਹੈ। ਪ੍ਰਮੇਸ਼ਰ ਨਿਰਾਕਾਰ ਹੈ। ਪ੍ਰਮੇਸ਼ਰ ਦਾ ਆਕਾਰ ਵੀ ਕੁਲ ਸ੍ਰਿਸ਼ਟੀ ਹੀ ਹੈ। ਇਸ ਲਈ ਪ੍ਰਮੇਸ਼ਰ ਆਪ ਹੀ ਬ੍ਰਹਮ ਗਿਆਨੀ ਰੂਪ ਹੈ। ਬ੍ਰਹਮ ਗਿਆਨੀ ਹੀ ਪ੍ਰਮੇਸ਼ਰ ਹੈ।

ਬ੍ਰਹਮ ਗਿਆਨੀ ਕੀ ਸੋਭਾ ਬ੍ਰਹਮ ਗਿਆਨੀ ਬਨੀ ॥

ਜੇ ਉਹ ਸ਼ੋਭਾ ਹੈ ਤਾਂ ਸ਼ੋਭਨੀਕ ਵੀ ਆਪ ਹੈ। ਜੇ ਪੂਜਾ ਹੈ ਤਾਂ ਪੂਜਨੀਕ ਵੀ ਆਪ ਹੈ। ਸ਼ੀਤਲ ਹੈ ਤਾਂ ਜਲ ਵੀ ਆਪ ਹੈ। ਠੰਡਕ ਹੈ ਤਾਂ ਹਵਾ ਵੀ ਆਪ ਹੈ। ਰੌਸ਼ਨ ਹੈ ਤਾਂ ਪ੍ਰਕਾਸ਼ ਵੀ ਆਪ ਹੈ। ਸੁਗੰਧੀ ਹੈ ਤਾਂ ਫੁੱਲ ਵੀ ਆਪ ਹੈ। ਜੇ ਸ੍ਰਿਸ਼ਟੀ ਹੈ ਤਾਂ ਪਸਾਰਾ ਵੀ ਆਪ ਹੈ।

ਬ੍ਰਹਮ ਗਿਆਨੀ ਕੀ ਸੋਭਾ ਬ੍ਰਹਮ ਗਿਆਨੀ ਬਨੀ ॥
ਨਾਨਕ ਬ੍ਰਹਮ ਗਿਆਨੀ ਸਰਬ ਕਾ ਧਨੀ ॥

ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਬ੍ਰਹਮ ਗਿਆਨੀ ਨੂੰ ਵਖਿਆਨ ਕਰਦੇ ਕਰਦੇ ਸਭ ਸ਼ੰਕਿਆਂ ਦਾ ਨਿਬੇੜਾ ਕਰ ਦਿੰਦੇ। ਬ੍ਰਹਮ ਗਿਆਨੀ ਅਤੇ ਪ੍ਰਮਾਤਮਾ ਵਿਚ ਅਭੇਦ ਹੋਣ ਦਾ ਨਿਤਾਰਾ ਕਰ ਦਿੰਦੇ ਹਨ ਕਿ ਬ੍ਰਹਮ ਗਿਆਨੀ ਹੀ ਕੁਲ ਦੁਨੀਆਂ ਦਾ ਮਾਲਕ ਹੈ।

ਨਾਨਕ ਬ੍ਰਹਮ ਗਿਆਨੀ ਸਰਬ ਕਾ ਧਨੀ ॥ (ਮ:5-272-74)

# ਤਿਸ ਕੈ ਸੰਗਿ ਤਰੈ ਸੰਸਾਰ

ਸੰਤ ਬਾਬਾ ਤੀਰਥ ਸਿੰਘ ਜੀ ਦਾ ਮਿਸ਼ਨ "ਆਪਿ ਜਪਹੁ ਅਵਰਹ ਨਾਮੁ ਜਪਾਵਹੁ" ਸੀ। ਜਿਸਦੀ ਪੂਰਤੀ ਲਈ ਥਾਂ ਪੁਰ ਥਾਂ ਦੀਬਾਣ ਸਜਾਏ ਜਾਂਦੇ। ਪਿੰਡ ਬੁੱਟਰਾਂ ਤੋਂ ਗੁਰਦੁਆਰਾ ਸਾਹਿਬ ਬਾਬਾ ਤਾਰਾ ਸਿੰਘ ਦੀ ਪੱਤੀ ਮਾਨਸਾ ਦੇ ਪ੍ਰਧਾਨ ਸ. ਬਖਸ਼ੀਸ਼ ਸਿੰਘ ਨੇ ਮਹਾਂਪੁਰਸ਼ਾਂ ਨੂੰ ਅਖੰਡ ਪਾਠ ਸਾਹਿਬ ਕਰਨ ਅਤੇ ਦੀਬਾਣ ਲਾਉਣ ਲਈ ਬੇਨਤੀ ਕੀਤੀ। ਅਖੰਡ ਪਾਠ ਸਾਹਿਬ ਪ੍ਰਾਰੰਭ ਕੀਤੇ ਗਏ। ਤਿੰਨ ਦੀਬਾਣ ਅਤੇ ਦੋ ਆਸਾ ਦੀ ਵਾਰ ਦੇ ਕੀਰਤਨ ਕੀਤੇ ਗਏ। ਸੰਤ ਬਾਬਾ ਤੀਰਥ ਸਿੰਘ ਜੀ ਸ਼ਬਦ ਦੀ ਵਿਆਖਿਆ ਕਰਿਆ ਕਰਦੇ ਸਨ।

ਸਿਰੀ ਰਾਗੁ ਮਹਲਾ ੧ ਘਰੁ ੪
ਤੂੰ ਦਰੀਆਉ ਦਾਨਾ ਬੀਨਾ ਮੈਂ ਮਛੁਲੀ ਕੈਸੇ ਅੰਤ ਲਹਾ ॥

ਹੇ ਪ੍ਰਮਾਤਮਾ! ਤੂੰ ਦਰਿਆ ਹੈ, ਤੂੰ ਸਾਗਰ ਹੈ ਅਤੇ ਮੈਂ ਉਸ ਵਿਚ ਰਹਿਣ ਵਾਲੀ ਇਕ ਮਾਮੂਲੀ ਮੱਛਲੀ ਹਾਂ। ਤੇਰਾ ਅੰਤ ਕਿਵੇਂ ਜਾਣ ਸਕਦੀ ਹਾਂ। ਤੈਨੂੰ ਜਾਨਣ ਲਈ ਤੇਰੇ ਜੇਹਾ ਹੋਣਾ ਪਵੇਗਾ-ਵਿਸ਼ਾਲ। ਐਸਾ ਸਾਗਰ ਕਿ ਜਿਸਦਾ ਕੋਈ ਕਿਨਾਰਾ ਹੀ ਨਹੀਂ। ਐਸਾ ਆਕਾਸ਼ ਕਿ ਜਿਸਦੀ ਕੋਈ ਹੱਦ ਹੀ ਨਹੀਂ। ਅਨੰਤ। ਪਰ ਮੈਂ ਤਾਂ ਤੁਛ ਹਾਂ। ਤੁਛ ਵੀ ਨਹੀਂ, ਕੁਛ ਵੀ ਨਹੀਂ। ਬਿਨਾਂ ਹੋਂਦ ਤੋਂ ਤੇਰਾ ਅੰਤ ਕਿਵੇਂ ਪਾਇਆ ਜਾ ਸਕਦਾ ਹੈ। ਜੇ ਮੱਛਲੀ ਵਾਂਗ ਸਾਗਰ ਵਿਚ ਉੱਤਰ ਵੀ ਜਾਵਾਂ ਤਾਂ ਤੇਰੇ ਵਿਚ ਸਮਾਅ ਤਾਂ ਜਾਵਾਂਗਾ ਪਰ ਅੰਤ ਨਹੀਂ ਪਾ ਸਕਾਂਗਾ।

ਜਹ ਜਹ ਦੇਖਾ ਤਹ ਤਹ ਤੂ ਹੈ ਤੁਝ ਤੇ ਨਿਕਸੀ ਫੂਟਿ ਮਰਾ ॥੧॥

ਮੱਛਲੀ ਸਾਗਰ ਵਿਚ ਡੂੰਘਾ ਲਹਿ ਗਈ ਕਿ ਤੇਰਾ ਅੰਤ ਪਾ ਲਵਾਂ। ਡੂੰਘੇ ਤੋਂ ਡੂੰਘਾ ਉਤਰ ਕੇ ਵੇਖਿਆ। ਉਸ ਡੂੰਘੇ ਤੋਂ ਅਤਿ ਡੂੰਘਾ ਉੱਤਰ ਕੇ ਵੀ ਵੇਖਿਆ। ਸਭ ਦਿਸ਼ਾਵਾਂ ਵਿਚ ਜਾ ਜਾ ਕੇ ਵੀ ਵੇਖਿਆ ਕਿ ਸ਼ਾਇਦ ਕੋਈ ਕਿਨਾਰਾ ਕੋਈ ਤਲ ਹੱਥ ਲੱਗ ਹੀ ਜਾਵੇ। ਪਰ ਅਸਫਲ ਸਭ ਪਾਸੇ ਪਾਣੀ ਹੀ ਪਾਣੀ। ਸਭ ਪਾਸੇ ਤੂੰ ਹੀ ਤੂੰ। ਹੁਣ ਤੇਰੇ ਵਿਚ ਐਨਾ ਰਚ-ਮਿਚ ਗਈ ਕਿ ਪਾਣੀ ਹੀ ਸਾਹ ਬਣ ਗਏ। ਜੇ ਤਲ ਦੀ ਭਾਲ ਵਿਚ ਪਾਣੀ 'ਚੋਂ ਬਾਹਰ ਆਉਣ ਦਾ ਜਤਨ ਕਰਾਂ ਤਾਂ ਤੜਪ-ਤੜਪ ਕੇ ਮਰਨਾ ਹੀ ਕਿਸਮਤ ਬਣ ਜਾਵੇਗਾ।



ਨ ਜਾਣਾ ਮੇਉ ਨ ਜਾਣਾ ਜਾਲੀ ॥
ਜਾ ਦੁਖੁ ਲਾਗੈ ਤਾ ਤੁਝੈ ਸਮਾਲੀ ॥੧॥ ਰਹਾਉ ॥

ਪਾਣੀ ਵਿਚ ਤਰ ਰਹੀ ਮਛਲੀ ਖੁਸ਼ ਹੈ। ਆਨੰਦ ਹੀ ਆਨੰਦ। ਉਹ ਉਸ ਜਾਲ ਜਾਂ ਜਾਲ ਪਾਉਣ ਵਾਲੇ ਨੂੰ ਨਹੀਂ ਜਾਣਦੀ ਜਿਸ ਵਿਚ ਉਸਦੀ ਮੌਤ ਸਮਾਈ ਹੋਈ ਹੈ। ਦੁਨੀਆਂ ਰੂਪੀ ਭਵਸਾਗਰ ਵਿਚ ਰਹਿੰਦਾ ਮਨੁੱਖ ਜਮ ਜਾਂ ਮੌਤ ਦੇ ਜਾਲ ਤੋਂ ਬੇਖਬਰ ਰਹਿੰਦਾ ਹੈ। ਅਚਿੰਤ। ਕੁਝ ਚੰਗੇ ਮੰਦੇ ਕਰਮਾਂ ਵਿਚ ਫਸਿਆ ਰਹਿੰਦਾ ਹੈ। ਅਣਜਾਣ। ਜਾਣਦਿਆਂ ਹੋਇਆਂ ਵੀ ਅਣਜਾਣ। ਜਦ ਕੰਡਾ ਚੁੱਭਦਾ ਹੈ ਤੂੰ ਖੁਦ-ਬਖੁਦ ਹੀ ਯਾਦ ਆ ਜਾਂਦਾ ਹੈ। ਜਦ ਦੁੱਖ ਲੱਗਦਾ ਹੈ ਤਾਂ ਤੇਰਾ ਚੇਤਾ ਆਉਂਦਾ ਹੈ।

ਤੂ ਭਰਪੂਰਿ ਜਾਨਿਆ ਮੈ ਦੂਰਿ ॥
ਜੋ ਕਛੁ ਕਰੀ ਸੁ ਤੇਰੈ ਹਦੂਰਿ ॥

ਤੂੰ ਸਰਬ ਵਿਆਪਕ ਹੈ। ਪੌਣ-ਪਾਣੀ, ਜਲ-ਥਲ, ਪਸ਼ੂ-ਬਨਸਪਤੀ। ਸ੍ਰਿਸ਼ਟੀ ਦੇ ਜ਼ੱਰੇ-ਜ਼ੱਰੇ ਵਿਚ ਸਮਾਇਆ ਹੋਇਆ। ਤੂੰ ਤਾਂ ਪੂਰਨ ਹੈ ਪਰ ਮੈਂ ਸੋਚਿਆ ਕਿ ਦੂਰ ਬਹੁਤ ਦੂਰ ਵਸਦਾ ਏਂ। ਵੱਡੀ ਮੱਛੀ ਬਣ ਛੋਟੀਆਂ ਮੱਛੀਆਂ ਨੂੰ ਖਾਂਦਾ ਰਿਹਾ। ਇਹੀ ਸੋਚ ਕੇ ਕਿ ਤੂੰ ਦੂਰ ਹੈ ਬਹੁਤ ਦੂਰ। ਪਰ ਮੈਂ ਜੋ ਵੀ ਕਰਦਾ ਸੀ ਸਭ ਤੇਰੇ ਕੋਲ ਹੀ ਕਰਦਾ ਸੀ। ਕਿਉਂਕਿ ਕੋਈ ਅਜਿਹੀ ਥਾਂ ਹੈ ਹੀ ਨਹੀਂ ਜਿੱਥੇ ਤੂੰ ਨਾ ਹੋਵੇ। ਸਾਗਰ ਵਿਚ ਅਜਿਹੀ ਥਾਂ ਨਹੀਂ ਹੁੰਦੀ ਜਿਥੇ ਪਾਣੀ ਨਾ ਹੋਵੇ।

ਤੂ ਦੇਖਹਿ ਹਉ ਮੁਕਰਿ ਪਾਉ ॥
ਤੇਰੈ ਕੰਮਿ ਨ ਤੇਰੈ ਨਾਇ ॥੨॥

ਤੂੰ ਤਾਂ ਸਰਬ ਵਿਆਪਕ ਹੈ। ਮੈਂ ਕੰਮ ਕਰਦਾ ਰਿਹਾ। ਮੈਂ ਗੁਨਾਹ ਕਰਦਾ ਰਿਹਾ ਕਿ ਤੂੰ ਨਹੀਂ ਵੇਖਦਾ। ਪਰ ਤੂੰ ਤਾਂ ਸਾਖਸ਼ੀ ਸੀ ਫਿਰ ਹੁਣ ਮੈਂ ਕਿੰਝ ਮੁੱਕਰ ਸਕਦਾ ਹਾਂ। ਮੈਂ ਤਾਂ ਅਨਰਸਾਂ ਵਿਚ ਹੀ ਲਿਪਟਿਆ ਰਿਹਾ ਅਜਿਹਾ ਤਾਂ ਕੋਈ ਕੰਮ ਹੀ ਨਹੀਂ ਕਰਿਆ ਅਤੇ ਨਾ ਹੀ ਤੇਰਾ ਨਾਮ ਜਪਿਆ ਕਿ ਤੈਨੂੰ ਮਿਲ ਸਕਾਂ। ਮੈਂ ਤਾਂ ਤੇਰੇ ਤੋਂ ਦੂਰ ਲਿਜਾਣ ਵਾਲੇ ਕੰਮਾਂ ਵਿਚ ਹੀ ਫਸਿਆ ਰਿਹਾ।

ਜੇਤਾ ਦੇਹਿ ਤੇਤਾ ਹਉ ਖਾਉ ॥
ਬਿਆ ਦਰੁ ਨਾਹੀ ਕੈ ਦਰਿ ਜਾਉ ॥

ਮੇਰੀ ਹੋਂਦ ਹੀ ਕੀ ਹੈ-ਤੁਛ। ਜਿੰਨਾਂ ਤੂੰ ਬਖਸ਼ਿਸ਼ ਕਰਦਾ ਹੈ ਮੈਂ ਓਨਾ ਹੀ

ਖਾਈ ਜਾਂਦਾ ਹੈ। ਤੂੰ ਦੇਈ ਜਾਂਦਾ ਹੈ ਮੈਂ ਖਾਈ ਜਾਂਦਾ ਹਾਂ। ਮੈਨੂੰ ਸਬਰ ਸੰਤੋਖ ਨਹੀਂ ਮੈਨੂੰ ਰੱਜ ਨਹੀਂ। ਬਸ ਖਾਈ ਜਾਂਦਾ ਹਾਂ। ਪਰ ਹੇ ਨਿਰੰਕਾਰ। ਤੇਰੇ ਬਿਨਾਂ ਦੂਜਾ ਕੋਈ ਦਰ ਵੀ ਤਾਂ ਨਹੀ ਦਿਸਦਾ, ਜਿਥੇ ਬੇਅੰਤ ਭੰਡਾਰ ਭਰੇ ਪਏ ਹੋਣ। ਜਿਥੇ ਦੇਣ ਵਾਲਾ ਨਾ ਥੱਕੇ ਪਰ ਲੈਣ ਵਾਲੇ ਥੱਕ ਜਾਣ। ਜਦ ਕੋਈ ਤੇਰੇ ਦਰ ਜਿਹਾ ਹੋਰ ਦਰ ਹੈ ਹੀ ਨਹੀਂ ਤਾਂ ਫਿਰ ਮੈਂ ਹੋਰ ਜਾਵਾਂ ਵੀ ਕਿੱਥੇ ?

ਨਾਨਕੁ ਏਕ ਕਹੈ ਅਰਦਾਸਿ ॥
ਜੀਉ ਪਿੰਡੁ ਸਭੁ ਤੇਰੈ ਪਾਸਿ ॥੩॥ (ਪੰਨਾ 25)

ਤੇਰੀ ਐਨੀ ਵਿਸ਼ਾਲਤਾ ਵੇਖ ਕੇ, ਸਰਬ ਵਿਆਪਕਤਾ ਵੇਖ ਕੇ ਬੱਸ ਇਹੀ ਅਰਦਾਸ ਕਰਦਾ ਹਾਂ ਕਿ ਮੈਨੂੰ ਅਜਿਹਾ ਦਾਨ ਦੇ, ਮੇਰੇ 'ਤੇ ਐਸੀ ਕਿਰਪਾ ਕਰ ਕਿ ਮੇਰਾ ਤਨ, ਮਨ, ਧਨ ਸਭ ਤੇਰੇ ਚਰਨਾਂ ਵਿਚ ਹੀ ਟਿਕਿਆ ਰਹੇ। ਮੈਂ ਤੇਰੇ ਤੋਂ ਦੂਰ ਨਾ ਮਹਿਸੂਸ ਕਰਾਂ। ਮੈਂ ਤਨ, ਮਨ, ਧਨ ਕਰਕੇ ਤੈਨੂੰ ਆਪਣੇ ਕੋਲ ਹੀ ਮਹਿਸੂਸ ਕਰਦਾ ਰਹਾਂ।

ਸੰਤ ਬਾਬਾ ਤੀਰਥ ਸਿੰਘ ਜੀ ਜਦ ਵਿਆਖਿਆ ਕਰਦੇ ਤਾਂ ਉਹਨਾਂ ਦੀ ਆਵਾਜ਼ ਵਿਚ ਐਨਾ ਰਸ ਹੁੰਦਾ ਕਿ ਸੁਣਨ ਵਾਲਾ ਕੀਲਿਆ ਜਾਂਦਾ। ਉਸਦੇ ਮਨ ਤੇ ਐਸਾ ਪ੍ਰਭਾਵ ਪੈਂਦਾ ਕਿ ਜਲਦੀ ਹੀ ਅੰਮ੍ਰਿਤ ਛਕਣ ਨੂੰ ਤਿਆਰ ਹੋ ਜਾਂਦਾ। ਗੁਰਦੁਆਰਾ ਈਸ਼ਰਪੁਰੀ ਸਾਹਿਬ ਵਿਖੇ ਅੰਮ੍ਰਿਤ ਸੰਚਾਰ ਹੁੰਦਾ ਹੀ ਰਹਿੰਦਾ। ਮਹਾਂਪੁਰਸ਼ਾਂ ਨੇ ਆਪਣੇ ਜੀਵਨ ਦੌਰਾਨ ਸਰੀਰ ਵਿਚ ਰਹਿੰਦਿਆਂ ਬੇਅੰਤ ਰੂਹਾਂ ਨੂੰ ਗੁਰੂ ਦੇ ਲੜ ਲਾਇਆ। ਅਣਗਿਣਤ ਰਸਨਾ ਪ੍ਰਮਾਤਮਾ ਦਾ ਨਾਮ ਜਪਾ ਕੇ ਪਵਿੱਤਰ ਕੀਤੀਆਂ।

ਕਰਿ ਸਾਧ ਸੰਗਤਿ ਸਿਮਰੁ ਮਾਧੋ ਹੋਹਿ ਪਤਿਤ ਪੁਨੀਤ ॥
(ਮ:9-631)

ਸੰਤ ਬਾਬਾ ਤੀਰਥ ਸਿੰਘ ਜੀ ਦੇ ਤਪ ਨੇ ਇਸ ਸਾਦੀ ਜ਼ਮੀਨ ਨੂੰ ਤੀਰਥ ਬਣਾ ਦਿੱਤਾ। ਰਾਤ ਦਿਨ ਗੁਰਬਾਣੀ ਦੇ ਚੱਲਦੇ ਪ੍ਰਵਾਹ ਨਾਲ ਇਹ ਬੈਕੁੰਠ ਹੋ ਨਿਬੜੀ। ਸੰਗਤ ਦੀ ਆਮਦ ਐਨੀ ਵਧ ਗਈ ਕਿ ਬਿਆਨ ਕਰਨਾ ਮੁਸ਼ਕਿਲ ਹੋ ਗਿਆ। ਹਰ ਸਮੇਂ ਗੁਰਦੁਆਰਾ ਈਸ਼ਰਪੁਰੀ ਸਾਹਿਬ ਵਿਖੇ ਸੰਗਤ ਦਾ ਮੇਲਾ ਲੱਗਿਆ ਰਹਿੰਦਾ। ਸੰਗਤ ਦੀ ਵਧਦੀ ਆਮਦ ਨੂੰ ਵੇਖ ਕੇ ਵੱਡੇ ਸਰੋਵਰ ਦੀ ਉਸਾਰੀ ਕਰਵਾਈ ਗਈ। ਸਰੋਵਰ ਦੇ ਨਾਲ ਹੀ ਬਾਉਲੀ ਸਾਹਿਬ ਦੀ ਰਚਨਾ ਕਰ ਦਿੱਤੀ ਜਿਸ ਵਿਚ ਥੱਲੇ ਪੌੜੀਆਂ ਉੱਤਰ ਕੇ ਭੋਰੇ ਵਿਚ ਅੰਮ੍ਰਿਤ ਕੁੰਡ ਬਣਾਇਆ ਗਿਆ ਜੋ ਸੰਗਤ



ਲਈ ਵਿਸ਼ੇਸ਼ ਖਿੱਚ ਦਾ ਕੇਂਦਰ ਬਣਿਆ। ਸੰਗਤ ਦੀ ਵਧਦੀ ਆਮਦ ਦੇ ਹਿਸਾਬ ਨਾਲ ਹਰ ਥਾਂ ਛੋਟੀ ਪੈ ਰਹੀ ਸੀ। ਲੰਗਰ ਹਾਲ ਜੋ ਪਹਿਲਾਂ ਛੋਟਾ ਸੀ, ਵੱਡਾ ਕਰਵਾਇਆ ਜਾ ਚੁੱਕਾ ਸੀ। ਦਰਬਾਰ ਸਾਹਿਬ ਜਿੱਥੇ ਮਹਾਰਾਜ ਦਾ ਪ੍ਰਕਾਸ਼ ਕੀਤਾ ਹੋਇਆ ਸੀ, ਵੀ ਛੋਟਾ ਪੈਣ ਲੱਗਾ ਤਾਂ ਉਸ ਨੂੰ ਵੀ ਵੱਡਾ ਕਰਵਾਇਆ। ਕਈ ਕੁਝ ਢਾਹ ਕੇ ਦਰਬਾਰ ਸਾਹਿਬ ਦੇ ਮੂਹਰੇ ਰਾਤ ਦੇ ਦੀਬਾਣ ਬਾਹਰ ਲਾਉਣ ਲਈ ਪੰਡਾਲ ਖੁੱਲ੍ਹਾ ਕੀਤਾ ਗਿਆ। ਸ. ਤਰਸੇਮ ਸਿੰਘ ਢੱਟ ਨੂੰ ਲਾਇਬ੍ਰੇਰੀ ਦੀ ਜ਼ਿੰਮੇਵਾਰੀ ਦੇ ਕੇ ਗੁਰੂ ਨਾਨਕ ਲਾਇਬ੍ਰੇਰੀ ਦਾ ਨਿਰਮਾਣ ਕੀਤਾ ਗਿਆ, ਜੋ ਜਗਿਆਸੂਆਂ ਲਈ ਗਿਆਨ ਦਾ ਸੋਮਾ ਸਾਬਤ ਹੋਈ। ਸਭ ਸੰਤਾਂ ਭਗਤਾਂ ਦੇ ਦਿਨ ਵਾਰ ਬਹੁਤ ਉਤਸ਼ਾਹ ਨਾਲ ਮਨਾਏ ਜਾਂਦੇ। ਪਰ ਸੰਤ ਬਾਬਾ ਈਸ਼ਰ ਸਿੰਘ ਜੀ ਦੀ ਬਰਸੀ ਜੋ ਹਰ ਸਾਲ ਅੱਸੂ ਦੀ ਪੁੰਨਿਆ ਨੂੰ ਮਨਾਈ ਜਾਂਦੀ, ਸੰਗਤ ਲਈ ਖਿੱਚ ਦਾ ਵਿਸ਼ੇਸ਼ ਕੇਂਦਰ ਬਣੀ ਰਹਿੰਦੀ। ਇਹ ਜੋੜ-ਮੇਲਾ ਏਨੀ ਵੱਡੀ ਪੱਧਰ 'ਤੇ ਮਨਾਇਆ ਜਾਂਦਾ ਕਿ ਸੰਗਤ ਦੀ ਗਿਣਤੀ ਦਾ ਕੋਈ ਪਤਾ ਹੀ ਨਾ ਰਹਿੰਦਾ। 1990 ਵਿਚ ਸੰਤ ਬਾਬਾ ਕਿਸ਼ਨ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਦੋਹਾਂ ਮਹਾਂਪੁਰਸ਼ਾਂ ਦੀਆਂ ਬਰਸੀਆਂ ਇਕੱਠੀਆਂ ਹੀ ਮਨਾਉਣੀਆਂ ਸ਼ੁਰੂ ਕਰ ਦਿੱਤੀਆਂ। ਅਖੰਡ ਪਾਠ ਸਾਹਿਬਾਂ ਦੀ ਲੜੀ ਆਰੰਭੀ ਜਾਂਦੀ। ਕੀਰਤਨ ਦੀਬਾਣ ਲੱਗਦੇ। ਅਨੇਕ ਜਥੇ ਕੀਰਤਨ ਕਰਨ ਆਉਂਦੇ। ਸੈਂਕੜਿਆਂ ਦੀ ਗਿਣਤੀ ਵਿਚ ਭਗਵੇਂ ਕੱਪੜਿਆਂ ਵਾਲੇ ਸਾਧੂ ਆਉਂਦੇ। ਇਲਾਕੇ ਦੇ ਸਭ ਸੰਤ ਸ਼ਿਰਕਤ ਕਰਦੇ। ਕਈ ਥਾਵਾਂ 'ਤੇ ਲੰਗਰ ਲਾਇਆ ਜਾਂਦਾ। ਲੰਗਰ ਦੇ ਵੰਨ-ਸੁਵੰਨੇ ਪਕਵਾਨਾਂ ਦਾ ਪਤਾ ਨਾ ਲੱਗਦਾ। ਹਜ਼ਾਰਾਂ ਦੀ ਤਾਦਾਦ ਵਿਚ ਸੰਗਤ ਲੰਗਰ ਛੱਕਦੀ। ਅਸਥਾਨ ਦਾ ਏਨਾ ਪਸਾਰਾ ਹੋ ਗਿਆ ਸੀ ਕਿ ਆਮ ਦਿਨਾਂ ਵਿਚ ਵੀ ਸੈਂਕੜੇ ਲੋਕ ਗੁਰੂ ਦਾ ਲੰਗਰ ਛੱਕਿਆ ਕਰਦੇ ਸਨ। ਜੋੜ-ਮੇਲੇ 'ਤੇ ਇਲਾਕੇ ਦੇ ਸਭ ਪਿੰਡਾਂ ਤੋਂ ਸੰਗਤ ਟਰਾਲੀਆਂ ਵਿਚ ਆਉਂਦੀ। ਜਿੱਥੇ ਦੀ ਸੰਗਤ ਕੋਲ ਆਉਣ ਦਾ ਸਾਧਨ ਨਾ ਹੁੰਦਾ ਤਾਂ ਸੰਤ ਬੱਸਾਂ ਭੇਜ ਦਿੰਦੇ। ਜੋੜ-ਮੇਲੇ 'ਤੇ ਕਥਾ ਵਿਚਾਰ ਦੇ ਨਾਲ ਰਾੜਾ ਸਾਹਿਬ ਤੋਂ ਆਏ ਜਥੇ ਦੁਆਰਾ ਲਾਇਆ ਦੀਬਾਣ ਸੰਗਤ ਬਹੁਤ ਉਤਸ਼ਾਹ ਨਾਲ ਸੁਣਦੀ। ਸਮਾਪਤੀ ਵਾਲੇ ਦਿਨ ਪੀ.ਏ.ਪੀ. ਜਲੰਧਰ ਤੋਂ ਭਾਈ ਸੁਖਮੰਦਰ ਸਿੰਘ ਦੀਆਂ ਕੋਸ਼ਿਸ਼ਾਂ ਸਦਕਾ ਬੈਂਡ ਮੰਗਵਾਇਆ ਜਾਂਦਾ। ਜਿਹਨਾਂ ਦੀਆਂ ਇਕੋ ਤਰ੍ਹਾਂ ਦੀਆਂ ਵਰਦੀਆਂ, ਪੁੱਟੇ ਜਾਣ ਵਾਲੇ ਕਦਮਾਂ ਵਿਚ ਇਕਸਾਰਤਾ ਅਤੇ ਬੈਂਡ ਵਜਾਉਣ ਦਾ ਮਨਮੋਹਕ

ਅੰਦਾਜ਼ ਬਹੁਤ ਸ਼ਲਾਘਾਯੋਗ ਹੁੰਦਾ। ਬੈਂਡ ਹਰ ਸਾਲ ਮੰਗਵਾਇਆ ਜਾਂਦਾ। ਪੀ.ਏ.ਪੀ. ਜਲੰਧਰ ਤੋਂ ਸੰਗਤ ਵੀ ਆਉਂਦੀ। ਸੰਤ ਆਪ ਵੀ ਪੀ.ਏ.ਪੀ. ਜਲੰਧਰ ਵਿਖੇ ਸਥਿਤ ਗੁਰਦੁਆਰਾ ਸਾਹਿਬ ਜਾਂਦੇ ਰਹਿੰਦੇ। ਗੁਰਦੁਆਰਾ ਈਸ਼ਰਪੁਰੀ ਸਾਹਿਬ ਵੜਦੇ ਸਾਰ ਹੀ ਸੱਜੇ ਹੱਥ ਬਣਿਆ ਪਾਰਕ, ਉਸ ਵਿਚ ਚਲਦੇ ਫ਼ੁਹਾਰੇ ਅਤੇ ਲੱਗਾ ਇਲੈਕਟ੍ਰੋਨਿਕ ਮੋਰ ਬੱਚਿਆਂ ਦੇ ਨਾਲ ਨਾਲ ਵੱਡੇ ਵੀ ਬਹੁਤ ਸੰਜੀਦਗੀ ਨਾਲ ਵੇਖਦੇ। ਗੁਰਦੁਆਰਾ ਸਾਹਿਬ ਵਿਖੇ ਅਨੇਕ ਕਮਰੇ ਬਣ ਚੁੱਕੇ ਸਨ। ਬੀਬੀਆਂ ਅਤੇ ਭਾਈਆਂ ਲਈ ਅੱਡੋ-ਅੱਡਰੇ ਕਈ ਕਈ ਸ਼ੌਚਾਲੇ ਤਿਆਰ ਕਰਵਾਏ ਗਏ। ਰਾਸਤੇ 'ਤੇ ਦਰਸ਼ਨ ਡਿਓੜੀ ਅਤੇ ਉਸ ਨਾਲ ਵੀ ਸੇਵਕਾਂ ਦੀ ਰਿਹਾਇਸ਼ ਲਈ ਕਈ ਕਮਰੇ ਬਣਾਏ ਗਏ। ਗੁਰਦੁਆਰਾ ਸਾਹਿਬ ਵਿਖੇ ਅਣਗਿਣਤ ਸੇਵਕ ਰਹਿ ਰਹੇ ਸਨ। ਜਿਨ੍ਹਾਂ ਦਾ ਘਰਬਾਰ ਨਹੀਂ ਸੀ ਜਾਂ ਕਿਸੇ ਕਾਰਨ ਕਰਕੇ ਘਰ ਰਹਿਣ ਤੋਂ ਅਸਮਰੱਥ ਸਨ, ਸਭ ਨੂੰ ਸੰਤ ਬਾਬਾ ਤੀਰਥ ਸਿੰਘ ਜੀ ਨੇ ਗੁਰੂ ਨਾਨਕ ਦੇ ਘਰ ਰੱਖਿਆ ਹੋਇਆ ਸੀ। ਪਹਿਲਾਂ ਗੱਡੀ ਅੰਬੈਸਡਰ, ਫਿਰ ਫੀਅਟ ਅਤੇ ਉਸ ਤੋਂ ਬਾਅਦ ਤਾਂ ਪਤਾ ਹੀ ਨਾ ਰਿਹਾ ਕਿ ਕਿੰਨੀਆਂ ਕੁ ਗੱਡੀਆਂ ਗੁਰਦੁਆਰਾ ਸਾਹਿਬ ਹਨ-ਮਰਸੀਡੀਜ਼, ਕੁਆਲਿਸ, ਮਾਰੂਤੀ ਕਾਰ, ਟੈਂਪੂ ਟਰੈਵੱਲ ਅਤੇ ਕਈ ਬੱਸਾਂ ਗੁਰਦੁਆਰਾ ਸਾਹਿਬ ਵਿਖੇ ਖੜ੍ਹੀਆਂ ਰਹਿੰਦੀਆਂ।

ਸੰਤ ਬਾਬਾ ਤੀਰਥ ਸਿੰਘ ਜੀ ਦੀ ਮਰਿਯਾਦਾ ਰਾੜਾ ਸਾਹਿਬ ਵਾਲੀ ਹੀ ਰਹੀ। ਮਹਾਂਪੁਰਸ਼ ਰਾਤ ਦੇ ਪਹਿਲੇ ਪਹਿਰ ਸਰੀਰਕ ਸਾਫ਼-ਸਫਾਈ ਕਰਕੇ ਭਜਨ ਬੰਦਗੀ ਵਿਚ ਜੁੜ ਜਾਂਦੇ। ਠੀਕ ਤਿੰਨ ਵਜੇ ਭਾਈ ਮਨਜੀਤ ਸਿੰਘ ਜੀ (ਜੋ ਭਾਈ ਗੁਰਦਿਆਲ ਸਿੰਘ ਦੇ ਜਾਣ ਤੋਂ ਬਾਅਦ 1992 ਤੋਂ ਹੈੱਡ ਗ੍ਰੰਥੀ ਦੀ ਡਿਊਟੀ ਭੁਗਤਾ ਰਿਹਾ ਸੀ) ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਕੇ ਹੁਕਮਨਾਮਾ ਲੈਂਦੇ। ਪੰਜ ਬਾਣੀਆਂ ਅਤੇ ਸ੍ਰੀ ਸੁਖਮਨੀ ਸਾਹਿਬ ਜੀ ਦਾ ਪਾਠ ਕਰਨ ਉਪਰੰਤ ਆਸਾ ਦੀ ਵਾਰ ਦਾ ਕੀਰਤਨ ਹੁੰਦਾ ਅਤੇ ਸਰਦੀਆਂ/ਗਰਮੀਆਂ ਦੇ ਹਿਸਾਬ ਨਾਲ 6.30/6.00 ਵਜੇ ਸਾਰੀ ਸਮਾਪਤੀ ਕਰ ਦਿੱਤੀ ਜਾਂਦੀ। ਮਹਾਂਪੁਰਸ਼ ਸਾਰਾ ਸਮਾਂ ਦਰਬਾਰ ਸਾਹਿਬ ਵਿਖੇ ਹਾਜ਼ਰ ਰਹਿੰਦੇ। ਸਾਰਾ ਦਿਨ ਮਹਾਂਪੁਰਸ਼ (ਦੁਪਹਿਰ ਦਾ ਥੋੜਾ ਸਮਾਂ ਛੱਡ ਕੇ) ਸੰਗਤ ਦੀਆਂ ਦੁੱਖ ਤਕਲੀਫਾਂ ਸੁਣਦੇ ਰਹਿੰਦੇ। ਸੰਗਤ ਨੂੰ ਨਾਮ ਨਾਲ ਜੋੜਨ ਦਾ ਉਪਦੇਸ਼ ਕਰਦੇ ਰਹਿੰਦੇ। ਸ਼ਾਮ ਸਮੇਂ ਸਰਦੀਆਂ/ਗਰਮੀਆਂ ਵਿਚ 5:30/6:30 ਵਜੇ ਰਹਿਰਾਸ ਸਾਹਿਬ ਦੇ ਪਾਠ ਉਪਰੰਤ ਕੀਰਤਨ ਹੋਇਆ ਕਰਦਾ



ਅਤੇ ਬਾਅਦ ਵਿਚ ਅੱਧਾ ਘੰਟਾ ਗੁਰੂ ਇਤਿਹਾਸ ਦੀ ਕਥਾ ਹੁੰਦੀ ਅਤੇ ਸਾਰੀ ਸਮਾਪਤੀ 8:00/8:30 ਵਜੇ ਕਰ ਦਿੱਤੀ ਜਾਂਦੀ। ਸੰਤ ਦੋਨੋ ਸਮੇਂ ਦਰਬਾਰ ਵਿਚ ਹਾਜ਼ਰ ਹੁੰਦੇ ਸਨ। ਮਹਾਂਪੁਰਸ਼ ਉਸ ਤੋਂ ਬਾਅਦ ਸੇਵਕਾਂ ਨਾਲ ਨਾਮ ਬਾਣੀ ਦੀਆਂ ਗੱਲਾਂ ਕਰਦੇ ਜਾਂ ਸੈਰ ਕਰਦੇ 11-12 ਵਜਾ ਦਿੰਦੇ। ਇਕ ਡੇਢ ਘੰਟਾ ਆਰਾਮ ਕਰਨ ਉਪਰੰਤ ਫਿਰ ਉੱਠ ਖੜ੍ਹਦੇ। ਕਦੇ ਕਦੇ ਮਹਾਂਪੁਰਸ਼ ਆਪਣੀ ਮੌਜ ਵਿਚ ਕਥਾ ਕਰਦੇ ਕਰਦੇ ਧਾਰਨਾ ਵੀ ਪੜ੍ਹਨ ਲੱਗਦੇ। ਧਰੂ ਭਗਤ ਦੀ ਕਥਾ ਸੁਣਾਉਂਦੇ ਸੁਣਾਉਂਦੇ ਸੇਵਕਾਂ ਨੂੰ ਨਾਮ ਸਿਮਰਨ ਕਰਨ ਲਈ ਪ੍ਰੇਰਦੇ:

"ਨਾਮ ਜਪਿਆ ਨਾ ਭਗਤੀ ਕੀਤੀ ਕਿਥੋਂ ਭਾਲੇ ਰਾਜ ਗੱਦੀਆਂ"

ਆਮ ਤੌਰ 'ਤੇ ਐਤਵਾਰ ਵਾਲੇ ਦਿਨ ਦਰਬਾਰ ਸਾਹਿਬ ਵਿਚ ਸੰਤ ਬਾਬਾ ਈਸ਼ਰ ਸਿੰਘ ਜੀ ਦੇ ਕੀਰਤਨ ਦੇ ਵੀਡੀਓ ਵਿਖਾਏ ਜਾਂਦੇ। ਕਦੇ ਕਦੇ ਸੰਤ ਭੋਰੇ ਦੇ ਨਜ਼ਦੀਕ ਵੀ ਕੀਰਤਨ ਦੇ ਵੀਡੀਓ ਲਾ ਦਿੰਦੇ ਅਤੇ ਸੰਗਤ ਉਸ ਅਲਾਹੀ ਬਾਣੀ ਦਾ ਆਨੰਦ ਮਾਣਦੀ। ਸੰਤਾਂ ਦੇ ਪਿਆਰ ਦੀ ਏਨੀ ਖਿੱਚ ਸੀ ਕਿ ਸੰਗਤ ਦੇ ਨਾਲ ਅਨੇਕ ਮਹਾਂਪੁਰਸ਼ ਸਮੇਂ ਸਮੇਂ 'ਤੇ ਅਸਥਾਨ ਤੇ ਆਉਂਦੇ ਰਹੇ ਅਤੇ ਗੁਰਬਾਣੀ ਸੰਬੰਧੀ ਵਿਚਾਰ ਵਿਮਰਸ਼ ਕਰਦੇ ਰਹੇ। ਸੰਤ ਬਾਬਾ ਤੀਰਥ ਸਿੰਘ ਜੀ ਦੇ ਸ਼ਾਮ ਚੁਰਾਸੀ ਆਉਣ ਤੋਂ ਬਾਅਦ ਅਸਥਾਨ 'ਤੇ ਆਉਣ ਵਾਲੇ ਪ੍ਰਮੁੱਖ ਸੰਤਾਂ-ਮਹਾਂਪੁਰਸ਼ਾਂ ਦੇ ਨਾਮ ਇਸ ਪ੍ਰਕਾਰ ਹਨ:-

- ਸੰਤ ਬਾਬਾ ਕਿਸ਼ਨ ਸਿੰਘ ਜੀ ਰਾੜਾ ਸਾਹਿਬ ਵਾਲੇ
- ਸੰਤ ਬਾਬਾ ਮਹਿੰਦਰ ਸਿੰਘ ਜੀ ਜਰਗ (ਜਥੇਦਾਰ) ਵਾਲੇ
- ਸੰਤ ਬਾਬਾ ਭੁਪਿੰਦਰ ਸਿੰਘ ਜੀ ਜਰਗ ਵਾਲੇ
- ਸੰਤ ਬਾਬਾ ਨਿਰੰਜਨ ਸਿੰਘ ਜੀ ਜੰਡੂ ਸਿੰਘਾ ਵਾਲੇ
- ਸੰਤ ਬਾਬਾ ਮਲਕੀਤ ਸਿੰਘ ਜੀ ਜੱਬੜ ਵਾਲੇ
- ਸੰਤ ਬਾਬਾ ਠਾਕੁਰ ਸਿੰਘ ਜੀ ਮਹਿਤਾ ਚੌਂਕ ਵਾਲੇ
- ਸੰਤ ਬਾਬਾ ਨਿਧਾਨ ਸਿੰਘ ਜੀ ਰਾੜਾ ਸਾਹਿਬ
- ਸੰਤ ਸ਼ਾਮ ਸਿੰਘ ਜੀ ਕਾਰ ਸੇਵਾ ਵਾਲੇ
- ਸੁਆਮੀ ਜੀ ਪਟਨਾ ਸਾਹਿਬ ਵਾਲੇ
- ਸੰਤ ਬਾਬਾ ਹਰਜਿੰਦਰ ਸਿੰਘ ਜੀ ਧਬਲਾਨ ਵਾਲੇ
- ਬੀਬੀ ਬਲਵੀਰ ਕੌਰ ਜੀ ਵਿਰੋਰ ਸਾਹਿਬ ਵਾਲੇ

✪ ਸੰਤ ਬਾਬਾ ਰੰਗਾ ਸਿੰਘ ਜੀ ਸੰਧਰਾਂ ਸੋਢੀਆਂ ਵਾਲੇ
✪ ਸੰਤ ਬਖਤਾਵਰ ਸਿੰਘ ਜੀ (ਵਿਰੱਕਤ ਸਾਧੂ)
✪ ਸੰਤ ਬਾਬਾ ਸਰਬਜੋਤ ਸਿੰਘ ਜੀ ਬੇਦੀ ਊਨੇ ਵਾਲੇ
✪ ਸੰਤ ਬਾਬਾ ਰਣਜੀਤ ਸਿੰਘ ਜੀ ਪੰਜ ਗਰਾਈਆਂ ਵਾਲੇ
✪ ਸੰਤ ਬਾਬਾ ਸੁਖਦੇਵ ਸਿੰਘ ਜੀ ਅਲਹੌਰਾ ਸਾਹਿਬ ਵਾਲੇ
✪ ਸੰਤ ਇੰਦਰਦਾਸ ਜੀ ਮੇਘੋਵਾਲ ਵਾਲੇ
✪ ਸੰਤ ਗੁਰਬਚਨ ਦਾਸ ਜੀ ਚੱਕ ਲਾਦੀਆਂ ਵਾਲੇ
✪ ਸੰਤ ਰਤਨ ਸਿੰਘ ਜੀ ਅਤਰਸਰ ਵਾਲੇ
✪ ਸੰਤ ਬਾਬਾ ਕਰਮ ਸਿੰਘ ਜੀ ਚਾਹ ਵਾਲੇ

ਸੰਤ ਬਾਬਾ ਤੀਰਥ ਸਿੰਘ ਜੀ ਦਾ ਅਸਥਾਨ ਸੰਗਤ ਲਈ ਪੂਜਨੀਕ ਬਣ ਚੁੱਕਾ ਸੀ। ਇਸ ਦਰ 'ਤੇ ਗੁਰੂ ਨਾਨਕ ਆਪ ਬਖ਼ਸ਼ਿਸ਼ਾਂ ਕਰਦੇ। ਕੋਈ ਦੁਖੀਆ-ਸੁਖੀਆ, ਦੁਨਿਆਵੀ ਦਾਤਾਂ ਦਾ ਮੰਗਤਾ ਜਾਂ ਗਿਆਨ ਅਭਿਲਾਸ਼ੀ ਖਾਲੀ ਨਾ ਪਰਤਦਾ। ਜੋ ਮੰਗਦਾ ਸੋ ਮਿਲਦਾ। ਕੋਈ ਸੰਸਾਰਕ ਤੇ ਕੋਈ ਪ੍ਰਮਾਰਥਕ ਲੋੜਾਂ ਪੂਰੀਆਂ ਕਰਨ ਲਈ ਦਰਸ਼ਨ ਅਭਿਲਾਸ਼ੀ ਬਣਕੇ ਆਇਆ ਰਹਿੰਦਾ। ਆਏ ਦਿਨ ਗੁਰਦੁਆਰਾ ਸਾਹਿਬ ਆਖੰਡ ਜਾਂ ਸਹਿਜ ਪਾਠ ਦਾ ਭੋਗ ਪੈਂਦਾ। ਅਰਦਾਸ ਸਮੇਂ ਅਣਗਿਣਤ ਨਾਮ ਬੋਲੇ ਜਾਂਦੇ। ਅਸਥਾਨ ਇਲਾਕੇ ਲਈ ਚਾਨਣ ਮੁਨਾਰਾ ਬਣ ਗਿਆ ਸੀ। ਦੂਰ ਦੂਰ ਤੋਂ ਸੰਗਤ ਆਉਣ ਲੱਗੀ। ਬੜੀ ਮੁਸ਼ਕਿਲ ਨਾਲ ਆਖੰਡ ਪਾਠ ਦਾ ਭੋਗ ਪੁਆਉਣ, ਘਰ ਚਰਨ ਪੁਆਉਣ ਜਾਂ ਪੰਜਾਂ ਸਿੱਖਾਂ ਨੂੰ ਪ੍ਰਸ਼ਾਦਾ ਛਕਾਉਣ ਦਾ ਦਿਨ ਮਿਲਦਾ। ਸੰਤਾਂ ਦੀ ਏਨੀ ਸ਼ੋਭਾ ਹੋ ਗਈ ਕਿ ਕੋਈ ਵੀ ਮਸਤਕ ਝੁਕੇ ਬਿਨਾਂ ਨਾ ਰਹਿ ਸਕਿਆ। ਕੋਈ ਕੰਨ ਸ਼ੋਭਾ ਸੁਣੇ ਬਿਨਾਂ ਨਾ ਰਹਿ ਸਕੇ। ਉਹ ਪਿੰਡ ਜਾਂ ਸ਼ਹਿਰ ਜਿਥੇ ਸੰਤ ਬਾਬਾ ਤੀਰਥ ਸਿੰਘ ਜੀ ਨੇ ਚਰਨ ਪਾਏ ਜਾਂ ਜਿਥੇ ਉਹਨਾਂ ਦੇ ਸੇਵਕ ਵਸਦੇ ਹਨ ਉਹਨਾਂ 'ਚੋਂ ਕੁਝ ਪ੍ਰਮੁੱਖ ਨਾਮ ਇਸ ਪ੍ਰਕਾਰ ਹਨ:- ਸ਼ਾਮ ਚੁਰਾਸੀ, ਸਾਰੋਬਾਦ, ਮੁਹੱਦੀਪੁਰ, ਕੋਟਲੀ ਅਰਾਈਆਂ, ਧੁਦਿਆਲ, ਨਾਜ਼ਕਾ, ਭੇਲਾਂ, ਡੀਂਗਰੀਆਂ, ਮਨਸੂਰਪੁਰ ਵਡਾਲਾ, ਨੰਗਲ ਸਲਾਲਾ, ਪੰਡੋਰੀ ਨਿੱਝਰਾਂ, ਸਫ਼ੀਪੁਰ, ਆਦਮਪੁਰ, ਕਡਿਆਣਾ (ਜ਼ਿਲ੍ਹਾ ਜਲੰਧਰ), ਖੁਰਦਪੁਰ, ਚੋਮੋਂ, ਹਰੀਪੁਰ, ਅਰਜਨਵਾਲ, ਮੰਡੇਰਾਂ, ਘੜਿਆਲ, ਕਠਾਰ, ਮਸਾਣੀਆਂ, ਦਿਅੰਤਪੁਰ, ਖੋਜਕੀਪੁਰ, ਦੂਹੜੇ, ਅਜਨੋਇਆ, ਰਹਿਸੀਵਾਲ, ਜੜਾਮ, ਖਾਨਪੁਰ, ਨਸਰਾਲਾ,



ਹੁਸ਼ਿਆਰਪੁਰ, ਨੰਗਲ ਸ਼ਹੀਦਾਂ, ਚੱਕ ਫੁੱਲੂ (ਨਵਾਂਸ਼ਹਿਰ), ਰਾਮੂ ਥਿਆੜਾ, ਬਜੂਹਾ, ਦਿਓਵਾਲ, ਖਲਵਾਣਾ, ਤਾਰਾਗੜ੍ਹ, ਬੈਂਸਤਾਨੀ, ਜੰਡੀ, ਰੰਧਾਵਾ ਬਰੋਟਾ, ਚੱਕ ਰਾਜੂ ਸਿੰਘ, ਕਾਠੇ, ਅਧਿਕਾਰੇ, ਮਿਰਜ਼ਾਪੁਰ, ਕੋਟਲਾ ਨੌਧ ਸਿੰਘ, ਪੰਡੋਰੀ ਖਜੂਰ, ਧੀਰੋਵਾਲ, ਜਲਭੇ, ਬਹੁਦੀਨਪੁਰ, ਵਡਾਲਾ ਮਾਹੀ, ਦਾਉਦਪੁਰ, ਰਾਏਪੁਰ, ਚਲੁੱਪਰ, ਵਾਹਿਦ, ਕਾਲਕਟ, ਸੰਧਰਾਂ ਸੋਢੀਆਂ, ਲੰਮੇ, ਕਾਣੇ, ਪੱਜੋਦਿੱਤਾ, ਸੂਸਾ, ਕਹੁਜਾ, ਕੋਟਲਾ, ਆਹਰਾਂ, ਕੂੰਟਾ, ਧਾਮੀਆਂ, ਤਲਵੰਡੀ ਅਰਾਈਆਂ, ਕਡਿਆਣਾ (ਹੁਸ਼ਿਆਰਪੁਰ), ਕੋਟਲੀ ਬਾਵਾਦਾਸ, ਕੋਟਲੀ ਸਜਾਬਾਦ, ਲੁਹਾਰਾਂ, ਲੁਹਾਰਾਂ ਚਾੜਕੇ, ਕਾਲਾ ਬੱਕਰਾ, ਖੱਖਾਂ, ਘੋੜਾਬਾਹਾ, ਟਾਂਡਾ, ਢੱਟਾਂ, ਸ਼ਿਵਦਾਸਪੁਰ, ਬੁਟਰਾਂ, ਬਿਆਸ ਪਿੰਡ, ਢੱਡੇ ਫਤਿਹ ਸਿੰਘ, ਜਲੰਧਰ, ਰਾਮਾ ਮੰਡੀ, ਗਰੋਆ, ਮੂਸਾਪੁਰ, ਮੇਤਲਾ (ਕਪੂਰਥਲਾ), ਸਠਿਆਲਾ (ਅੰਮ੍ਰਿਤਸਰ), ਕੁਰਾਲਾ, ਸਨੌਰਾਂ, ਰਕਬਾ (ਲੁਧਿਆਣਾ), ਧੀਰੋਵਾਲ ਆਦਿ।

ਮਹਾਂਪੁਰਸ਼ਾਂ ਨੇ ਧਰਮ ਪ੍ਰਚਾਰ ਹਿੱਤ ਤੇ ਖ਼ਲਕਤ ਦੀ ਭਲਾਈ ਵਾਸਤੇ ਦੇਸ਼ ਵਿਦੇਸ਼ ਦੇ ਕਈ ਸ਼ਹਿਰਾਂ ਦੇ ਦੌਰੇ ਕੀਤੇ। ਅਨੇਕਾਂ ਤਪਦੀਆਂ ਰੂਹਾਂ ਨੂੰ ਨਾਮ ਦੇ ਛਿੱਟੇ ਦੇ ਕੇ ਠਾਰਿਆ। ਸੁਲਘਦੇ ਹਿਰਦਿਆਂ ਨੂੰ ਸ਼ਾਂਤੀ ਬਖ਼ਸ਼ੀ। ਭੁੱਲਿਆਂ ਨੂੰ ਗੁਰੂ ਨਾਨਕ ਦੇ ਲੜ ਲਾਇਆ। ਗਿਆਨ ਵਾਲੇ ਨੂੰ ਗਿਆਨ ਤੇ ਧਿਆਨ ਵਾਲੇ ਨੂੰ ਧਿਆਨ ਬਖ਼ਸ਼ਿਆ। ਮਹਾਂਪੁਰਸ਼ਾਂ ਦੇ ਚਰਨਾਂ ਵਿਚ ਆ ਕੇ ਧੇਲੇ ਵਾਲਾ ਨੇ ਧੇਲਾ ਸਾਂਭਿਆ ਅਤੇ ਵੇਲੇ ਵਾਲੇ ਨੇ ਵੇਲਾ ਸਾਂਭਿਆ। ਫਰਿਆਦ ਕਰਨ ਵਾਲੇ ਥੱਕ ਗਏ ਹੋਣਗੇ ਪਰ ਮਹਾਂਪੁਰਸ਼ ਸੁਣ ਸੁਣ ਕੇ ਪੂਰੀਆਂ ਕਰਦੇ ਨਹੀਂ ਥੱਕੇ। ਮਹਾਂਪੁਰਸ਼ਾਂ ਦੀਆਂ ਦੇਸ਼ ਵਿਦੇਸ਼ ਦੀਆਂ ਅਨੇਕ ਫੇਰੀਆਂ 'ਚੋਂ ਕੁਝ ਕੁ ਦਾ ਸੰਖੇਪ ਵਰਣਨ ਇਸ ਪ੍ਰਕਾਰ ਹੈ।

**ਯੂ.ਪੀ. ਫੇਰੀਆਂ**:- ਸੰਤ ਬਾਬਾ ਤੀਰਥ ਸਿੰਘ ਜੀ ਦਾ ਜਨਮ ਹੀ ਧਰਮ ਪ੍ਰਚਾਰ ਹਿੱਤ ਹੋਇਆ ਸੀ। ਆਪ ਸਰੀਰ ਵਿਚ ਰਹਿੰਦਿਆਂ ਕਈ ਵਾਰ ਯੂ.ਪੀ. ਗਏ। (ਹੁਣ ਉਹ ਵਧੇਰੇ ਹਿੱਸਾ ਉਤਰਾਖੰਡ ਵਿਚ ਪੈਂਦਾ ਹੈ) ਉਥੇ ਊਧਮ ਸਿੰਘ ਨਗਰ ਦੇ ਪਿੰਡ ਨਰਾਇਣਪੁਰ ਵਿਖੇ ਮਹਾਂਪੁਰਸ਼ਾਂ ਦੇ ਸ਼ਰਧਾਲੂ ਭਾਈ ਮਾਨ ਸਿੰਘ ਰਿਹਾ ਕਰਦੇ ਸਨ। ਸੰਤ 4-5 ਦਿਨ ਰੁਕਦੇ ਅਤੇ ਆਸ-ਪਾਸ ਦੇ ਸਭ ਗੁਰਦੁਆਰਿਆਂ ਵਿਚ ਦੀਬਾਣ ਸਜਾਉਂਦੇ।

ਕਲਿ ਮਹਿ ਏਹੋ ਪੁੰਨੁ ਗੁਣ ਗੋਵਿੰਦ ਗਾਹਿ ॥ (ਮ:5-962)

ਕੋਈ ਵੀ ਪਲ ਅਜਾਈਂ ਨਾ ਜਾਣ ਦਿੰਦੇ। ਜਿਸ ਸ਼ਾਮ ਪਹੁੰਚਦੇ ਉਸੇ ਸ਼ਾਮ

ਇਹਨਾਂ ਦੇ ਘਰ ਹੀ ਨਰਾਇਣਪੁਰ ਵਿਖੇ ਕੀਰਤਨ ਦਰਬਾਰ ਸਜਦਾ। ਇਹ ਸਭ ਨੂੰ ਸੱਦ ਲੈਂਦੇ। ਕੁਝ ਦੂਰ ਵਾਲਿਆਂ ਨੂੰ ਫੋਨ ਕਰ ਦਿੰਦੇ। ਸੰਗਤ ਇਕੱਠੀ ਹੋ ਕੇ ਨਾਮ ਬਾਣੀ ਦਾ ਲਾਹਾ ਉਠਾਉਂਦੀ। ਸੰਤ ਜਥੇ ਸਹਿਤ ਗਏ ਹੋਣ ਕਾਰਨ ਸੁਬ੍ਹਾ ਆਸਾ ਦੀ ਵਾਰ ਦਾ ਕੀਰਤਨ ਕਰਦੇ ਅਤੇ ਸ਼ਾਮ ਨੂੰ ਵੀ ਦੀਬਾਣ ਹੁੰਦਾ। ਜੇ ਕੋਈ ਪ੍ਰੇਮੀ ਦੁਪਹਿਰ ਸਮੇਂ ਵੀ ਦੀਬਾਣ ਲੁਆਉਣਾ ਚਾਹੁੰਦਾ ਤਾਂ ਸੰਤ ਸੁਭਾਗ ਸਮਝ ਕੇ ਲਾਉਂਦੇ। ਸਾਰਾ ਦਿਨ ਸੰਗਤ ਆਉਂਦੀ ਰਹਿੰਦੀ ਅਤੇ ਆਪਣੇ ਘਰ ਦੀਆਂ ਦੁੱਖ ਤਕਲੀਫਾਂ ਸੰਤਾਂ ਨਾਲ ਸਾਂਝੀਆਂ ਕਰਦੀ। ਸੰਤ ਦੁੱਖ ਦੂਰ ਕਰਨ ਦੇ ਨਾਲ ਨਾਲ ਦਾਤਾਂ ਮੰਗਣ ਵਾਲਿਆਂ ਨੂੰ ਨਾਮ ਜਪਣ ਲਈ ਵੀ ਪ੍ਰੇਰਦੇ ਰਹਿੰਦੇ।

ਸਭ ਵਡਿਆਈਆ ਹਰਿ ਨਾਮ ਵਿਚਿ ਹਰਿ ਗੁਰਮੁਖਿ ਧਿਆਈਐ ॥
ਜਿ ਵਸਤੁ ਮੰਗੀਐ ਸਾਈ ਪਾਈਐ ਜੇ ਨਾਮਿ ਚਿਤੁ ਲਾਈਐ ॥
(ਮ:3-850)

ਇਕ ਵਾਰ ਪਿੰਡ ਨਵਾ ਸੀਪਕਾ ਤੋਂ ਸ. ਪ੍ਰੀਤਮ ਸਿੰਘ, ਜਿਨ੍ਹਾਂ 'ਤੇ ਦੁੱਖਾਂ ਦਾ ਪਹਾੜ ਟੁੱਟ ਪਿਆ ਸੀ, ਸੰਤ ਬਾਬਾ ਤੀਰਥ ਸਿੰਘ ਜੀ ਕੋਲ ਫਰਿਆਦ ਲੈ ਕੇ ਆਏ। ਇਹਨਾਂ ਦੀ ਪਰਿਵਾਰਕ ਦੁਸ਼ਮਣੀ ਅਜਿਹੇ ਜ਼ਾਲਮਾਂ ਨਾਲ ਸੀ ਜੋ ਇਲਾਕੇ ਦੇ ਕਹਿੰਦੇ ਕਹਾਉਂਦੇ ਬਦਮਾਸ਼ ਹੋਣ ਕਾਰਨ ਸਰਕਾਰੇ ਦਰਬਾਰੇ ਚੰਗਾ ਅਸਰ-ਰਸੂਖ ਰੱਖਦੇ ਸਨ। ਉਹਨਾਂ ਨੇ ਪ੍ਰੀਤਮ ਸਿੰਘ ਦੇ ਦੋ ਲੜਕਿਆਂ ਨੂੰ ਕਤਲ ਕਰ ਦਿੱਤਾ। ਜਦ ਉਹਨਾਂ ਖਿਲਾਫ ਪਰਚਾ ਦਰਜ ਹੋਇਆ ਤਾਂ ਉਹਨਾਂ ਬਚਣ ਲਈ ਇਕ ਹੋਰ ਕਤਲ ਕਰਕੇ ਇਲਜ਼ਾਮ ਪ੍ਰੀਤਮ ਸਿੰਘ ਦੇ ਪੋਤਿਆਂ ਗੁਰਦੀਪ ਸਿੰਘ ਅਤੇ ਮਲਕੀਤ ਸਿੰਘ 'ਤੇ ਲਾ ਕੇ ਜੇਲ੍ਹ ਭਿਜਵਾ ਦਿੱਤਾ। ਪ੍ਰੀਤਮ ਸਿੰਘ ਹੁਰਾਂ ਦੀ ਕੋਈ ਪੇਸ਼ ਨਹੀਂ ਜਾ ਰਹੀ ਸੀ। ਇਹ ਬਹੁਤ ਨਿਰਾਸ਼ ਮਨ ਨਾਲ ਮਹਾਂਪੁਰਸ਼ਾਂ ਕੋਲ ਫਰਿਆਦ ਲੈ ਕੇ ਆਏ। ਜਦ ਪਰਿਵਾਰ ਨੂੰ ਵਿਲਕਦਾ ਵੇਖਿਆ ਤਾਂ ਮਹਾਂਪੁਰਸ਼ਾਂ ਨੇ ਇਕੋ ਹੀ ਗੱਲ ਪੁੱਛੀ ਕਿ ਕੀ ਤੁਹਾਡੇ ਬੱਚੇ ਨਿਰਦੋਸ਼ ਹਨ ? ਪਰਿਵਾਰ ਨੇ ਦੱਸਿਆ ਕਿ ਬਿਲਕੁਲ ਨਿਰਦੋਸ਼ ਹਨ। ਮਹਾਂਪੁਰਸ਼ਾਂ ਨੇ ਬਚਨ ਕੀਤਾ ਜੇ ਨਿਰਦੋਸ਼ ਹਨ ਤਾਂ ਜ਼ਰੂਰ ਰਿਹਾਅ ਹੋਣਗੇ। ਸੰਤਾਂ ਦੁਆਰਾ ਇਸ ਬਚਨ ਕੀਤੇ ਨੂੰ ਮਸੀਂ 20-22 ਦਿਨ ਹੀ ਹੋਏ ਸਨ ਕਿ ਰੱਬ ਨੇ ਐਸਾ ਕੌਤਕ ਦਿਖਾਇਆ ਕਿ ਦੋਵੇਂ ਬੱਚੇ ਬਰੀ ਹੋ ਕੇ ਘਰ ਆ ਗਏ।

ਮੇਰੇ ਮਨ ਆਸ ਕਰਿ ਹਰਿ ਪ੍ਰੀਤਮ ਅਪੁਨੇ ਕੀ
ਜੋ ਤੁਝੁ ਤਾਰੈ ਤੇਰਾ ਕੁਟੰਬ ਸਭ ਛਡਾਈ ॥ (ਮ: 4-859)



ਜਦ ਪੀਲੀਭੀਤ ਵਿਖੇ ਭਾਈ ਮਾਨ ਸਿੰਘ ਦੀਆਂ ਸ. ਬਲਵੀਰ ਸਿੰਘ ਅਤੇ ਸ. ਸੇਵਾ ਸਿੰਘ ਦੇ ਘਰ ਵਿਆਹੀਆਂ ਭੈਣਾਂ ਨੇ ਮਹਾਂਪੁਰਸ਼ਾਂ ਨੂੰ ਆਪਣੇ ਘਰ ਚਰਨ ਪਾਉਣ ਦੀ ਬੇਨਤੀ ਕੀਤੀ ਤਾਂ ਆਪ ਬਹੁਤ ਪ੍ਰਸੰਨ ਹੋਏ। ਘਰ ਜਾਣ 'ਤੇ ਪਰਿਵਾਰ ਨੇ ਬਹੁਤ ਇੱਜ਼ਤ ਮਾਣ ਕੀਤਾ। ਉਸ ਸਮੇਂ ਇਹ ਆਰਥਿਕ ਤੌਰ 'ਤੇ ਚੰਗੇ ਨਹੀਂ ਸਨ। ਸੰਤਾ ਨੇ ਐਸਾ ਵਧਣ-ਫੁੱਲਣ ਦਾ ਆਸ਼ੀਰਵਾਦ ਦਿੱਤਾ ਕਿ ਕੁਝ ਸਮੇਂ ਵਿਚ ਹੀ ਇਹਨਾਂ ਕੋਲ ਐਨਾ ਪੈਸਾ ਆਇਆ ਕਿ ਇਲਾਕੇ ਦੇ ਨਾਮੀ ਗਰਾਮੀ ਧਨਾਢ ਬਣ ਗਏ। ਪੀਲੀਭੀਤ ਵਿਚ ਸ. ਬਲਵੀਰ ਸਿੰਘ ਦਾ ਗੁਆਂਢੀ ਸ. ਸ਼ਿੰਗਾਰਾ ਸਿੰਘ ਜੋ ਇਲਾਕੇ ਵਿਚ ਕਹਿੰਦਾ ਕਹਾਉਂਦਾ ਸੱਜਣ ਸੀ ਆਪਣੇ ਪੁੱਤਰਾਂ ਦੀ ਸ਼ਰਾਬ ਦੀ ਲੱਤ ਤੋਂ ਬਹੁਤ ਪ੍ਰੇਸ਼ਾਨ ਸੀ। ਉਸਨੇ ਮਹਾਂਪੁਰਸ਼ਾਂ ਨੂੰ ਘਰ ਚਰਨ ਪਾਉਣ ਲਈ ਬੇਨਤੀ ਕੀਤੀ ਤਾਂ ਕਿ ਪੁੱਤਰਾਂ ਨੂੰ ਸਮਝਾਇਆ ਜਾ ਸਕੇ। ਜਦ ਸੰਤ ਬਾਬਾ ਤੀਰਥ ਸਿੰਘ ਜੀ ਇਹਨਾਂ ਦੇ ਘਰ ਪਹੁੰਚੇ ਤਾਂ ਇਸਦੇ ਪੁੱਤਰਾਂ ਨੂੰ ਬੁਲਾ ਕੇ ਕਹਿੰਦੇ, "ਬਈ ਹੁਣ ਸ਼ਰਾਬ ਨਾ ਪੀਆ ਕਰੋ ਇਹ ਸਿਹਤ ਖਰਾਬ ਕਰ ਦਿੰਦੀ ਹੈ।" ਏਨੀ ਮਾੜੀ ਕਿਸਮਤ ਕਿ ਇਹ ਦੋਵੇਂ ਕਹਿੰਦੇ, "ਬਾਬਾ ਸਾਥੋਂ ਸ਼ਰਾਬ ਨਹੀਂ ਛੁੱਟਣੀ, ਹੋਰ ਦੱਸ ਕੀ ਕਰਿਆ ਕਰੀਏ।"

ਦੁਸਟਾ ਸੇਤੀ ਪਿਰਹੜੀ ਜਨ ਸਿਉ ਵਾਦੁ ਕਰੰਨਿ੍ ॥
ਨਾਨਕ ਸਾਕਤ ਨਰਕ ਮਹਿ ਜਮਿ ਬਧੇ ਦੁਖ ਸਹੰਨਿ੍ ॥ (ਮ:3-854)

ਸੰਤਾਂ ਦਾ ਮਨ ਦੁਖੀ ਹੋ ਗਿਆ। ਬਿਨਾਂ ਕੋਈ ਬਚਨ ਕੀਤਿਆਂ ਹੀ ਉੱਠ ਖੜੇ। ਦਿਨਾਂ ਵਿਚ ਹੀ ਇਸਦਾ ਇਕ ਲੜਕਾ ਪ੍ਰਾਣ ਤਿਆਗ ਗਿਆ। ਦੂਜਾ ਜੋ ਬਚਿਆ ਹੈ ਕਈ ਤਰ੍ਹਾਂ ਦੇ ਮਹਿੰਗੇ-ਮਹਿੰਗੇ ਨਸ਼ਿਆਂ ਦੀ ਖਾਤਰ ਜ਼ਮੀਨ ਵੇਚੀ ਜਾ ਰਿਹਾ ਹੈ। ਪ੍ਰਮਾਤਮਾ ਦੀ ਐਸੀ ਕਰੋਪੀ ਹੋਈ ਕਿ ਇਹ ਪਰਿਵਾਰ ਸਾਰੇ ਇਲਾਕੇ 'ਚੋਂ ਪੱਛੜ ਗਿਆ।

ਛਿਨ ਮਹਿ ਰਾਉ ਰੰਕ ਕਉ ਕਰਈ ਰਾਉ ਰੰਕ ਕਰਿ ਡਾਰੇ ॥
ਰੀਤੇ ਭਰੇ ਭਰੇ ਸਖਨਾਵੈ ਯਹ ਤਾ ਕੋ ਬਿਵਹਾਰੇ ॥ (ਮ:9-537)

ਜਦ ਵੀ ਸੰਤ ਯੂ.ਪੀ. ਆਉਂਦੇ ਤਾਂ ਪਹਿਲੀ ਪਾਤਸ਼ਾਹੀ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਸਥਾਨ ਗੁਰਦੁਆਰਾ ਨਾਨਕ ਮਤਾ ਸਾਹਿਬ ਨਮਸਕਾਰ ਕਰਨ ਜ਼ਰੂਰ ਜਾਂਦੇ। ਯੂ.ਪੀ. ਵਿਖੇ ਸੰਤ ਜਿਹਨਾਂ ਜਿਹਨਾਂ ਪਿੰਡਾਂ ਵਿਚ ਦੀਬਾਣ ਲਾਉਂਦੇ ਜਾਂ ਆਪਣੇ ਚਰਣ ਪਾਉਂਦੇ ਰਹੇ ਉਹ ਇਸ ਪ੍ਰਕਾਰ ਹਨ:-

✪ ਨਰਾਇਣ ਪੁਰ
✪ ਗੋਬਿੰਦ ਪੁਰ
✪ ਜਗਤਪੱਟੀ
✪ ਭਵਾਨੀ ਪੁਰ
✪ ਦਾਦੂਵਾਲਾ
✪ ਨਵਾਂ ਸੀਪਕਾ
✪ ਪੀਲੀਭੀਤ
✪ ਬੜਾਪੁਰ (ਹਜੂਰ ਸਾਹਿਬ ਵਾਲਿਆਂ ਦਾ ਅਸਥਾਨ)

ਇਸ ਤੋਂ ਇਲਾਵਾ ਮਹਾਂਪੁਰਸ਼ ਅਨੇਕ ਵਾਰ ਕਾਸ਼ੀਪੁਰ, ਸਿਤਾਰਗੰਜ, ਦੁਰਗ, ਜਬਲਪੁਰ, ਦਿੱਲੀ, ਡਾਹਲਾ, ਰਾਏਪੁਰ, ਨਾਸਿਕ ਅਤੇ ਹੋਰ ਕਈ ਸ਼ਹਿਰਾਂ ਵਿਚ ਗਏ। ਸਭ ਸ਼ਹਿਰਾਂ ਵਿਚ ਆਪ ਜੀ ਦੇ ਸੇਵਕ ਸਨ। ਜਿਥੇ ਵੀ ਜਾਂਦੇ ਸ਼ਬਦ ਕੀਰਤਨ ਲਾਜ਼ਮੀ ਸੀ। ਮਹਾਂਪੁਰਸ਼ ਨਾਮ ਦਾ ਖਜ਼ਾਨਾ ਦਿਲ ਖੋਲ੍ਹ ਕੇ ਲੁਟਾਉਂਦੇ। ਜਬਲਪੁਰ ਰਾਤ ਦੇ ਦੀਬਾਣ ਲੱਗਦੇ। ਕਦੇ ਕਦੇ ਰਣਜੀ ਵਾਲੇ ਗੁਰਦੁਆਰਾ ਸਾਹਿਬ ਵਿਚ ਵੀ ਦੀਬਾਣ ਲਾਉਂਦੇ। ਰਾਤ ਦੇ ਦੀਬਾਨਾਂ ਵਿਚ ਬਹੁਤ ਸੰਗਤ ਜੁੜਦੀ ਅਤੇ ਨਾਮ ਬਾਣੀ ਦਾ ਲਾਹਾ ਲੈ ਕੇ ਕਲਜੁਗੀ ਜੀਵ ਆਪਣੇ ਤੱਪਦੇ ਹਿਰਦੇ ਸ਼ਾਂਤ ਕਰਦੇ।

ਕਲਿਜੁਗ ਮਹਿ ਇਕ ਨਾਮਿ ਉਧਾਰੁ ॥
ਨਾਨਕੁ ਬੋਲੈ ਬ੍ਰਹਮ ਬੀਚਾਰੁ ॥ (ਮ:5-1138)

ਹਿੰਦੋਸਤਾਨ ਦੀ ਫੇਰੀ:- ਸੰਤ ਬਾਬਾ ਤੀਰਥ ਸਿੰਘ ਜੀ ਦਾ 1991 ਵਿਚ ਤਖਤ ਸ੍ਰੀ ਹਜੂਰ ਸਾਹਿਬ ਅਤੇ ਤਖਤ ਸ੍ਰੀ ਪਟਨਾ ਸਾਹਿਬ ਜਾਣ ਦਾ ਪ੍ਰੋਗਰਾਮ ਬਣਿਆ। ਗੁਰਧਾਮਾਂ 'ਤੇ ਸਿਜਦਾ ਕਰਨ ਦੇ ਨਾਲ ਨਾਲ ਸਿੱਖੀ ਦਾ ਪ੍ਰਚਾਰ ਵੀ ਮੁਖ ਨਿਸ਼ਾਨਾ ਸੀ। ਥਾਂ-ਥਾਂ ਕੀਰਤਨ ਕਰਨ ਲਈ ਭਾਈ ਬਲਜਿੰਦਰ ਸਿੰਘ ਜੀ ਲੁਹਾਰਾਂ ਵਾਲਿਆਂ ਦਾ ਜਥਾ ਨਾਲ ਲਿਜਾਇਆ ਗਿਆ। 27 ਸਾਉਣ 1991 ਨੂੰ ਮਹਾਂਪੁਰਸ਼ ਦੋ ਗੱਡੀਆਂ ਵਿਚ ਸੰਗਤ ਸਮੇਤ ਇਸ ਲੰਬੀ ਯਾਤਰਾ ਲਈ ਰਵਾਨਾ ਹੋਏ। ਮਹਾਂਪੁਰਸ਼ਾਂ ਦੇ ਨਾਲ ਭਾਈ ਰਣਜੋਧ ਸਿੰਘ ਜੀ, ਭਾਈ ਬਲਜਿੰਦਰ ਸਿੰਘ ਜੀ, ਭਾਈ ਸੁਖਵਿੰਦਰ ਸਿੰਘ, ਭਾਈ ਸਤਨਾਮ ਸਿੰਘ, ਭਾਈ ਮੋਹਣ ਸਿੰਘ, ਭਾਈ ਦਰਸ਼ਨ ਸਿੰਘ, ਭਾਈ ਅਮਰਜੀਤ ਸਿੰਘ, ਭਾਈ ਅਮਰੀਕ ਸਿੰਘ ਲਾਹਧੜਾ



ਅਤੇ ਇਕ-ਦੋ ਹੋਰ ਸਿੰਘ ਸਨ। ਸਾਰਾ ਜਥਾ ਗੁਰਦੁਆਰਾ ਈਸ਼ਰਪੁਰੀ ਸਾਹਿਬ ਤੋਂ ਸਾਢੇ ਨੌਂ ਵਜੇ ਚੱਲ ਕੇ ਲਗਭਗ ਪੌਣੇ ਦੋ ਸੌ ਕਿਲੋਮੀਟਰ ਦਾ ਸਫਰ ਤੈਅ ਕਰਦੇ ਹੋਏ ਬਾਰਾਂ-ਸਾਢੇ ਬਾਰਾਂ ਵਜੇ ਚੰਡੀਗੜ੍ਹ ਭਾਈ ਆਤਮਾ ਸਿੰਘ ਦੇ ਲੜਕੇ ਦੇ ਘਰ ਪਹੁੰਚੇ ਜਿੱਥੇ ਪ੍ਰਸ਼ਾਦਾ ਪਾਣੀ ਛਕਿਆ ਗਿਆ। ਚੰਡੀਗੜ੍ਹ ਤੋਂ 2 ਵਜੇ ਹਰਿਦੁਆਰ ਨੂੰ ਚਾਲੇ ਪਾਏ। ਹਰਿਦੁਆਰ ਨੂੰ ਪੁਰਾਣੇ ਸਮਿਆਂ ਵਿਚ ਮਾਇਆਪੁਰੀ, ਕਪਿਲਾ ਜਾਂ ਗੰਗਾਦੁਆਰ ਦੇ ਨਾਮ ਨਾਲ ਜਾਣਿਆ ਜਾਂਦਾ ਸੀ। ਅੱਜ ਵੀ ਸ਼ਿਵ ਭਗਤ ਇਸ ਨੂੰ ਹਰਿਦੁਆਰ ਅਤੇ ਵਿਸ਼ਨੂੰ ਭਗਤ ਹਰੀਦੁਆਰ ਦੇ ਨਾਮ ਨਾਲ ਯਾਦ ਕਰਦੇ ਹਨ। ਗੰਗਾ ਦੇ ਕਿਨਾਰੇ ਵਸਹਿ ਹਰਿਦੁਆਰ ਵਿਖੇ ਭਗਵਾਨ ਵਿਸ਼ਨੂੰ ਜੀ ਦੇ ਪੈਰਾਂ ਦੇ ਨਿਸ਼ਾਨ ਹਨ ਜਿਸ ਨੂੰ ਹਰ ਕੀ ਪਾਉੜੀ ਕਿਹਾ ਜਾਂਦਾ ਹੈ। ਮਿਥਿਹਾਸ ਮੁਤਾਬਕ ਸਾਗਰ ਮੰਥਨ ਸਮੇਂ ਜੋ ਨੌ ਰਤਨ ਨਿਕਲੇ ਸਨ ਉਹਨਾਂ 'ਚੋਂ ਇਕ 'ਅੰਮ੍ਰਿਤ ਕੁੰਡ' ਸੀ ਜਿਸ ਨੂੰ ਦੇਵਤਿਆਂ ਨੇ ਹਰਿਦੁਆਰ ਵਿਖੇ ਲੁਕਾ ਦਿੱਤਾ। ਜਦ ਅਸੁਰਾਂ ਨੂੰ ਪਤਾ ਲੱਗਾ ਤਾਂ ਉਹ 'ਅੰਮ੍ਰਿਤ ਕੁੰਡ' ਹਾਸਲ ਕਰਨ ਲਈ ਨਿਕਲ ਪਏ। ਜਿਸ ਕਾਰਣ ਦੇਵਤਿਆਂ ਅਤੇ ਅਸੁਰਾਂ ਵਿਚ ਇਸ ਅੰਮ੍ਰਿਤ ਕੁੰਡ ਲਈ ਖਿੱਚਾ-ਧੂਈ ਹੋਈ। ਜਿਸਦੇ ਫਲਸਰੂਪ ਅੰਮ੍ਰਿਤ ਕੁੰਡ ਵਾਲਾ ਮਟਕਾ ਟੁੱਟ ਗਿਆ ਅਤੇ ਅੰਮ੍ਰਿਤ ਚਾਰ ਥਾਵਾਂ 'ਤੇ ਡੁੱਲ ਗਿਆ: ਹਰਿਦੁਆਰ, ਅਲਾਹਾਬਾਦ, ਨਾਸਿਕ ਅਤੇ ਉਜੈਨ। ਹਰ ਤਿੰਨ ਸਾਲ ਬਾਅਦ ਕੁੰਭ ਦਾ ਮੇਲਾ ਵਾਰੀ ਵਾਰੀ ਇਹਨਾਂ ਚਾਰ ਸ਼ਹਿਰਾਂ ਵਿਚ ਹੀ ਲੱਗਦਾ ਹੈ। ਇਕ ਸ਼ਹਿਰ ਦੀ ਬਾਰੀ 12 ਸਾਲ ਬਾਅਦ ਆਉਂਦੀ ਹੈ। ਹਰਿਦੁਆਰ ਵਿਖੇ ਵੀ ਹਰ 12 ਸਾਲ ਬਾਅਦ ਕੁੰਭ ਦਾ ਮੇਲਾ ਅਤੇ 6 ਸਾਲ ਬਾਅਦ ਅਰਧ ਕੁੰਭ ਮਨਾਇਆ ਜਾਂਦਾ ਹੈ। ਮਹਾਂਪੁਰਸ਼ ਸ਼ਾਮ ਸਮੇਂ ਹਰਿਦੁਆਰ ਪਹੁੰਚੇ ਅਤੇ ਨਿਰਮਲੇ ਸਾਧੂਆਂ ਦੇ ਡੇਰੇ 'ਪੰਚਾਇਤੀ ਅਖਾੜਾ' ਜੋ ਗੰਗਾ ਦੇ ਕਿਨਾਰੇ ਹੈ, ਵਿਖੇ ਰਿਹਾਇਸ਼ ਰੱਖੀ। ਸੰਤ ਬਾਬਾ ਤੀਰਥ ਸਿੰਘ ਜੀ ਨੂੰ ਨਿਰਮਲੇ ਸਾਧੂਆਂ ਨੇ ਪਲਕਾਂ 'ਤੇ ਬਿਠਾ ਲਿਆ ਅਤੇ ਸਭ ਸੰਗਤ ਦੀ ਏਨੀ ਆਉ ਭਗਤ ਕੀਤੀ ਜੋ ਕਹਿਣ ਸੁਣਨ ਤੋਂ ਬਾਹਰ ਹੈ। ਸ਼ਾਮ ਸਮੇਂ ਕੀਰਤਨ ਦਰਬਾਰ ਹੋਇਆ। ਜਦ ਭਾਈ ਬਲਜਿੰਦਰ ਸਿੰਘ ਜੀ ਲੁਹਾਰਾਂ ਵਾਲਿਆਂ ਨੇ ਸ਼ਬਦ ਪੜ੍ਹਿਆ:

ਹਮ ਸੰਤਨ ਕੀ ਰੇਨੁ ਪਿਆਰੇ ਹਮ ਸੰਤਨ ਕੀ ਸਰਣਾ ॥
ਸੰਤ ਹਮਾਰੀ ਓਟ ਸਤਾਣੀ ਸੰਤ ਹਮਾਰਾ ਗਹਣਾ ॥ (ਮ:5-614)

ਤਾਂ ਸਭ ਪ੍ਰਭੂ ਪਿਆਰ ਵਿਚ ਝੂਮਣ ਲੱਗੇ। ਮਹਾਂਪੁਰਸ਼ਾਂ ਦੁਆਰਾ ਸੁਣਾਏ ਬਚਨਾਂ ਨੇ ਸਭ ਨੂੰ ਅਕਹਿ ਅਦੁੱਤੀ ਰੰਗ ਵਿਚ ਰੰਗ ਦਿੱਤਾ। ਅੰਮ੍ਰਿਤ ਵੇਲੇ ਫਿਰ ਕੀਰਤਨ ਪ੍ਰਵਾਹ ਹੋਇਆ। ਦਿਨ ਸਮੇਂ ਮਹਾਂਪੁਰਸ਼ਾਂ ਨੇ ਸਭ ਨੂੰ ਰਿਸ਼ੀਕੇਸ਼, ਲਛਮਣ ਝੂਲਾ ਅਤੇ ਹੋਰ ਸੰਤਾਂ ਮਹਾਂਪੁਰਸ਼ਾਂ ਦੇ ਅਸਥਾਨ ਵਿਖਾਏ। ਫਿਰ ਰਾਤਰੀ ਨੂੰ ਦੀਬਾਣ ਸਜਾਇਆ ਗਿਆ। ਅੰਮ੍ਰਿਤ ਵੇਲੇ ਨਿਤਨੇਮ ਕਰਨ ਉਪਰੰਤ ਕਾਸ਼ੀਪੁਰ ਵੱਲ ਨੂੰ ਚਾਲੇ ਪਾਏ ਗਏ ਜਿਥੇ ਭਾਈ ਮੋਹਣ ਸਿੰਘ ਦਾ ਸਹੁਰਾ ਪਰਿਵਾਰ ਰਹਿੰਦਾ ਹੈ। ਉਥੇ ਮਹਾਂਪੁਰਸ਼ਾਂ ਨੇ ਦੋ ਦਿਨ ਸੰਗਤਾਂ ਨੂੰ ਨਾਮ ਬਾਣੀ ਦਾ ਉਪਦੇਸ਼ ਦਿੱਤਾ। ਕੀਰਤਨ ਦੀਬਾਣ ਸਜਾਏ ਗਏ। ਅਣਗਿਣਤ ਪ੍ਰੇਮੀਆਂ ਨੇ ਲਾਹਾ ਲਿਆ। ਅਗਲੀ ਸਵੇਰ ਮਹਾਂਪੁਰਸ਼ ਰਾਮਪੁਰ ਜ਼ਿਲ੍ਹੇ ਨਜ਼ਦੀਕ ਵਸਦੇ ਛੋਟੇ ਜਿਹੇ ਸ਼ਹਿਰ ਡਾਹਲਾ ਲਈ ਸੰਗਤ ਸਮੇਤ ਰਵਾਨਾ ਹੋ ਗਏ। ਪਿੰਡ ਡਾਹਲਾ ਵਿਖੇ ਰਹਿ ਰਿਹਾ ਇੰਜੀਨੀਅਰ ਗੁਰਦਿਆਲ ਸਿੰਘ ਇਕ ਫੈਕਟਰੀ ਵਿਚ ਉਪ ਮਹਾਨਿਰੀਖਕ ਦੇ ਅਹੁਦੇ 'ਤੇ ਸੀ ਅਤੇ ਮਹਾਂਪੁਰਸ਼ਾਂ ਨਾਲ ਚੰਗਾ ਪ੍ਰੇਮ ਸੀ। ਭਾਈ ਮੋਹਣ ਸਿੰਘ ਜਿਸਦਾ ਇਹ ਰਿਸ਼ਤੇਦਾਰ ਸੀ, ਬਹੁਤ ਫਿਕਰਮੰਦ ਸੀ ਕਿਉਂਕਿ ਇਹ ਜਾਣਦਾ ਸੀ ਕਿ ਉਸ ਫੈਕਟਰੀ ਵਿਚ ਤਿੰਨ ਮਹੀਨੇ ਪਹਿਲਾਂ ਰਾਜਨੀਤਿਕ ਕਾਰਨਾਂ ਕਰਕੇ ਗੋਲੀ ਚੱਲ ਗਈ ਸੀ ਜਿਸ ਕਾਰਣ ਅਸਥਿਰਤਾ ਦਾ ਮਾਹੌਲ ਬਣ ਗਿਆ ਅਤੇ ਸਭ ਅਫ਼ਸਰਾਂ ਨੂੰ ਬੰਬਈ ਜਾਣਾ ਪਿਆ ਸੀ। ਅਜੇ ਕੁਝ ਦਿਨ ਪਹਿਲਾਂ ਹੀ ਅਮਨ ਅਮਾਨ ਹੋਇਆ ਅਤੇ ਅਫ਼ਸਰ ਵਾਪਸ ਪਰਤੇ ਸਨ। ਭਾਈ ਮੋਹਣ ਸਿੰਘ ਨੂੰ ਖਦਸ਼ਾ ਸੀ ਕਈ ਮਹੀਨਿਆਂ ਤੋਂ ਤਨਖਾਹ ਨਾ ਮਿਲਣ ਕਾਰਨ ਇਹ ਤਾਂ ਆਪ ਭੁੱਖੇ-ਭਾਣੇ ਬੈਠੇ ਹੋਣਗੇ ਅਤੇ ਇਕ ਅਸੀਂ 10-12 ਸਰੀਰ ਜਾ ਰਹੇ ਹਾਂ। ਜਦ ਪਹੁੰਚੇ ਤਾਂ ਸ. ਗੁਰਦਿਆਲ ਸਿੰਘ ਕਿਤੇ ਗਿਆ ਹੋਇਆ ਸੀ। ਘਰ ਬੈਠ ਗਏ। ਜਦ ਆਇਆ ਤਾਂ ਭਾਈ ਮੋਹਣ ਸਿੰਘ ਨੇ ਪੁੱਛਿਆ ਕਿ ਕਿੱਥੇ ਗਿਆ ਸੀ ਤਾਂ ਉਹ ਕਹਿੰਦਾ ਕਿ ਬਹੁਤ ਹੱਥ ਤੰਗ ਸੀ ਹੁਣੇ 15 ਮਿੰਟ ਪਹਿਲਾਂ ਫੋਨ ਆਇਆ ਕਿ ਤਨਖਾਹ ਲੈ ਜਾਓ ਅਤੇ ਮੈਂ 48000 ਰੁਪਏ ਲੈ ਕੇ ਆਇਆ ਹਾਂ। ਮਹਾਂਪੁਰਸ਼ ਉਥੇ ਦੋ ਦਿਨ ਰੁਕੇ ਅਤੇ ਨਿਰੰਤਰ ਨਾਮ-ਬਾਣੀ ਦਾ ਪ੍ਰਵਾਹ ਚਲਾਇਆ। ਡਾਹਲਾ ਸ਼ਹਿਰ ਤੋਂ ਗੁਰਦੁਆਰਾ ਨਾਨਕ ਮਤਾ ਸਾਹਿਬ ਵੱਲ ਚਾਲੇ ਪਾਏ ਗਏ। ਰਾਸਤੇ ਵਿਚ ਪੀਲੀਭੀਤ ਵਿਖੇ ਪ੍ਰੇਮੀਆਂ ਦੇ ਘਰ ਬਸੇਰਾ ਕੀਤਾ। ਆਸ-ਪਾਸ ਤੋਂ ਇਕੱਤਰ ਹੋਈ ਸੰਗਤ ਨੂੰ ਨਾਮ ਬਾਣੀ ਦਾ ਉਪਦੇਸ਼ ਦਿੱਤਾ ਅਤੇ ਸੁਬ੍ਹਾ ਗੁਰਦੁਆਰਾ ਨਾਨਕ ਮਤਾ ਸਾਹਿਬ ਪਹੁੰਚ ਗਏ ਜਿਥੇ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਕੈਲਾਸ਼ ਪਰਬਤ ਨੂੰ ਜਾਂਦਿਆਂ



1515 ਈਸਵੀ ਵਿਚ ਰੁਕੇ ਸਨ। ਇਹ ਗੁਰਦੁਆਰਾ ਸਾਹਿਬ ਖਾਤਿਮਾ ਤੋਂ ਟਣਕਪੁਰ ਰੋਡ 'ਤੇ ਸਥਿਤ ਹੈ। ਅਗਲੀ ਰਾਤ ਪਲੀਆਂ ਫਾਰਮ 'ਤੇ ਬਿਤਾਈ। ਨਾਮ ਬਾਣੀ ਦਾ ਉਪਦੇਸ਼ ਜਾਰੀ ਰਿਹਾ। ਅਗਲੀ ਸਵੇਰ ਅੰਮ੍ਰਿਤ ਵੇਲੇ ਤਖਤ ਸ੍ਰੀ ਪਟਨਾ ਸਾਹਿਬ ਨੂੰ ਰਵਾਨਾ ਹੋ ਗਏ। ਪੀਲੀਭੀਤ ਤੋਂ ਚੱਲਿਆਂ ਨੂੰ ਲਖਨਉ ਵਿਖੇ ਰਾਤ ਪੈ ਗਈ ਜਿਥੇ ਗੁਰਦੁਆਰਾ ਸਾਹਿਬ ਗੁਰੂ ਤੇਗ ਬਹਾਦਰ ਜੀ ਵਿਚ ਠਹਿਰਾਅ ਕੀਤਾ ਗਿਆ। ਸ਼ਾਮ ਸਮੇਂ ਕੀਰਤਨ ਵਿਚ ਹਾਜ਼ਰੀ ਲੁਆਈ ਗਈ। ਸੁਬ੍ਹਾ ਆਸਾ ਜੀ ਦੀ ਵਾਰ ਦਾ ਕੀਰਤਨ ਕੀਤਾ ਗਿਆ। ਜਿਸ ਉਪਰੰਤ ਗੱਡੀਆਂ ਆਪਣੀ ਮੰਜ਼ਲ ਵੱਲ ਤੁਰ ਪਈਆਂ। 286 ਕਿਲੋਮੀਟਰ ਦਾ ਸਫਰ ਤੈਅ ਕਰਕੇ ਦੇਰ ਰਾਤ ਬਨਾਰਸ ਪਹੁੰਚੇ ਜਿਥੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਇਤਿਹਾਸਕ ਗੁਰਦੁਆਰਾ ਸਾਹਿਬ ਇਲਾਇਚੀ ਬਾਗ ਵਿਖੇ ਆਸਣ ਲਾਇਆ ਗਿਆ। ਬਨਾਰਸ ਨੂੰ ਵਾਰਾਨਸੀ ਵੀ ਕਿਹਾ ਜਾਂਦਾ ਹੈ। ਅੱਜ ਤੋਂ 3000 ਸਾਲ ਪਹਿਲਾਂ ਹੋਂਦ ਵਿਚ ਆਇਆ ਬਨਾਰਸ ਦੁਨੀਆਂ ਦੇ ਪੁਰਾਣੇ ਸ਼ਹਿਰਾਂ ਵਿਚੋਂ ਇਕ ਹੈ ਅਤੇ ਇਹ ਗੰਗਾ ਦੇ ਲੰਘਣ ਕਾਰਨ ਪਵਿੱਤਰ ਮੰਨਿਆ ਜਾਂਦਾ ਹੈ। ਹਿੰਦੂ ਮਿੱਥ ਹੈ ਕਿ ਇਸ ਧਰਤੀ 'ਤੇ ਮਰਨ ਵਾਲਾ ਜੀਵ ਜੰਮਣ-ਮਰਨ ਤੋਂ ਛੁਟ ਜਾਂਦਾ ਹੈ। ਮਹਾਂਪੁਰਸ਼ ਇਥੇ ਦੋ ਰਾਤਾਂ ਅਤੇ ਇਕ ਦਿਨ ਰੁਕੇ ਅਤੇ ਸੰਗਤ ਨੂੰ ਇਹੀ ਉਪਦੇਸ਼ ਦਿੱਤਾ ਕਿ:

ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ ॥
ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ ਨਿਮਖ ਸਿਮਰਤ ਜਿਤੁ ਛੂਟੈ ॥
(ਮ:5-747)

ਉਹ ਸਥਾਨ ਵੀ ਇਥੋਂ ਦਸ ਕਿਲੋਮੀਟਰ ਦੀ ਦੂਰੀ ਤੇ ਹੀ ਹੈ ਜਿਥੇ ਭਗਵਾਨ ਬੁਧ ਨੇ ਗਿਆਨ ਹੋਣ ਉਪਰੰਤ ਪਹਿਲੀ ਵਾਰ ਉਪਦੇਸ਼ ਕੀਤਾ ਸੀ। ਸੰਤ ਬਾਬਾ ਤੀਰਥ ਸਿੰਘ ਜੀ ਦਾ ਜਥਾ ਅਗਲੀ ਸਵੇਰ ਆਸਾ ਦੀ ਵਾਰ ਦਾ ਕੀਰਤਨ ਕਰਕੇ ਉਸ ਅਸਥਾਨ ਵੱਲ ਨੂੰ ਚੱਲ ਪਿਆ ਜਿਸ ਬਾਰੇ ਦਸਵੇਂ ਪਾਤਿਸ਼ਾਹ ਨੇ ਉਚਾਰਨ ਕੀਤਾ ਹੈ ਕਿ:

ਤਹੀ ਪ੍ਰਕਾਸ਼ ਹਮਾਰਾ ਭਇਯੋ ॥
ਪਟਨਾ ਸਹਰ ਵਿਖੈ ਭਵ ਲਯੋ ॥

ਪਟਨਾ ਸਾਹਿਬ ਜੋ ਕਿ ਬਿਹਾਰ ਪ੍ਰਾਂਤ ਦੀ ਰਾਜਧਾਨੀ ਹੈ ਪਹਿਲਾਂ ਪਾਟਲੀਪੁਤਰ ਦੇ ਨਾਮ ਨਾਲ ਮਸ਼ਹੂਰ ਸੀ। ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਸਥਾਨ ਹੋਣ ਕਾਰਣ ਇਸਦਾ ਨਾਮ ਪਟਨਾ ਸਾਹਿਬ ਕਰ ਦਿੱਤਾ ਗਿਆ।

ਇਸ ਅਸਥਾਨ ਦੀ ਧਰਤੀ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਚਰਨ ਛੋਹ ਵੀ ਪ੍ਰਾਪਤ ਹੈ। ਮਹਾਂਪੁਰਸ਼ ਇਥੇ ਤਿੰਨ ਦਿਨ ਰੁਕੇ। ਗੁਰਦੁਆਰਾ ਬਾਲ ਲੀਲਾ ਸਾਹਿਬ, ਗੁਰਦੁਆਰਾ ਹਾਂਡੀ ਸਾਹਿਬ, ਗੁਰਦੁਆਰਾ ਬੋਹੜ ਸਾਹਿਬ ਆਦਿਕ ਸਭ ਅਸਥਾਨ ਵੇਖੇ। ਤਖਤ ਸ੍ਰੀ ਪਟਨਾ ਸਾਹਿਬ 'ਤੇ ਮੱਥਾ ਟੇਕਿਆ। ਗੁਰਦੁਆਰਾ ਬਾਲ ਲੀਲਾ ਸਾਹਿਬ ਵਿਖੇ ਸਵੇਰੇ ਸ਼ਾਮ ਕੀਰਤਨ ਵਿਚ ਹਾਜ਼ਰੀ ਲੁਆਈ। ਮਹਾਂਪੁਰਸ਼ ਜਿੱਥੇ ਵੀ ਰੁਕਦੇ ਸੁਬ੍ਹਾ ਸ਼ਾਮ ਦਾ ਕੀਰਤਨ ਲਾਜ਼ਮੀ ਸੀ। ਮਹਾਂਪੁਰਸ਼ ਆਉਣ ਦਾ ਪਤਾ ਲੱਗਣ 'ਤੇ ਬਹੁਤ ਸੰਗਤ ਆਉਂਦੀ ਅਤੇ ਆਪਣੇ ਆਪਣੇ ਘਰ ਚਰਨ ਪੁਆਉਣ ਲਈ ਬੇਨਤੀ ਕਰਦੇ। ਸੰਤ ਸਾਰਾ ਦਿਨ ਸਭ ਦੀਆਂ ਆਸਾਂ ਮੁਰਾਦਾਂ ਪੂਰੀਆਂ ਕਰਨ ਦੇ ਨਾਲ ਨਾਲ ਨਾਮ ਬਾਣੀ ਦਾ ਉਪਦੇਸ਼ ਦਿੰਦੇ ਅਤੇ ਸਭ ਨੂੰ ਕਲਗੀਧਰ ਦੇ ਛੋਟਿਆਂ ਸਾਹਿਬਜ਼ਾਦਿਆਂ ਵਾਂਗ ਧਰਮ 'ਤੇ ਅਟੱਲ ਰਹਿਣ ਅਤੇ ਇਕੋ ਅਕਾਲਪੁਰਖ ਦੀ ਉਸਤਤ ਕਰਨ ਦਾ ਉਪਦੇਸ਼ ਦਿੰਦੇ।

ਕਹਤ ਨਾਮਦੇਉ ਹਰਿ ਕੀ ਰਚਨਾ ਦੇਖਹੁ ਰਿਦੈ ਬੀਚਾਰੀ ॥
ਘਟ ਘਟ ਅੰਤਰਿ ਸਰਬ ਨਿਰੰਤਰਿ ਕੇਵਲ ਏਕੁ ਮੁਰਾਰੀ ॥
(ਨਾਮਦੇਵ ਜੀ,485)

ਏਕ ਹੀ ਕੀ ਸੇਵ ਸਭ ਹੀ ਕੋ ਗੁਰਦੇਵ ਏਕ,
ਏਕ ਹੀ ਸਰੂਪ ਸਬੈ ਏਕੋ ਜੋਤ ਜਾਨਬੋ ॥
(ਪਾਤਿਸ਼ਾਹੀ ਦਸਵੀਂ)

ਕਬੀਰ ਸੂਖੁ ਨ ਏਂਹ ਜੁਗਿ ਕਰਹਿ ਜੁ ਬਹੁਤੈ ਮੀਤ ॥
ਜੋ ਚਿਤੁ ਰਾਖਹਿ ਏਕ ਸਿਉ ਤੇ ਸੁਖੁ ਪਾਵਹਿ ਨੀਤ ॥
(ਕਬੀਰ ਜੀ, 1365)

ਅਨਦਿਨੁ ਸਹਜਿ ਰਹੈ ਰੰਗਿ ਰਾਤਾ ਰਾਮਨਾਮੁ ਰਿਦ ਪੂਜਾ ॥
ਨਾਨਕ ਗੁਰਮੁਖਿ ਏਕੁ ਪਛਾਣੈ ਅਵਰੁ ਨ ਜਾਣੈ ਦੂਜਾ ॥
(ਮ:4-775)

ਪਟਨਾ ਸਾਹਿਬ ਤੋਂ ਵਾਪਸ ਆ ਕੇ ਫਿਰ ਰਾਤ ਬਨਾਰਸ ਠਹਿਰੇ ਜਿੱਥੇ ਅਗਲੀ ਸਵੇਰ ਅਲਾਹਾਬਾਦ ਨੂੰ ਚਾਲੇ ਪਾਏ ਗਏ। ਬਨਾਰਸ ਤੋਂ 122 ਕਿਲੋਮੀਟਰ ਦੂਰ ਅਲਾਹਾਬਾਦ ਸ਼ਹਿਰ ਵਿਖੇ ਵੀ ਕੁੰਭ ਦਾ ਮੇਲਾ ਲੱਗਦਾ ਹੈ। ਇਥੇ ਤਿੰਨੇ



ਦਰਿਆਵਾਂ ਗੰਗਾ, ਜਮੁਨਾ ਅਤੇ ਸਰਸਵਤੀ ਦਾ ਸੰਗਮ-ਸਥਾਨ ਹੈ: 'ਤ੍ਰਿਵੈਣੀ' ਜੋ ਹਿੰਦੁਆਂ ਲਈਬਹੁਤ ਧਾਰਮਿਕ ਮਹੱਤਤਾ ਵਾਲਾ ਹੈ। ਇਹ ਸ਼ਹਿਰ ਭਗਵਾਨ ਸ੍ਰੀ ਰਾਮ ਨੇ ਆਪਣੇ ਭਰਾ ਲਕਸ਼ਮਣ ਨੂੰ ਤੋਹਫੇ ਵਿਚ ਦਿੱਤਾ ਸੀ। ਜਿਸ ਕਰਕੇ ਪਹਿਲਾਂ ਇਸਨੂੰ ਲਕਸ਼ਮਣ ਪੁਰ/ਲਖਨਪੁਰ/ਲਛਮਣਪੁਰ ਆਦਿ ਨਾਵਾਂ ਨਾਲ ਵੀ ਜਾਣਿਆ ਜਾਂਦਾ ਸੀ। ਅਲਾਹਾਬਾਦ ਵਿਖੇ ਮਹਾਂਪੁਰਸ਼ ਇਕ ਰਾਤ ਕਾਨਪੁਰ ਮਾਰਗ 'ਤੇ ਸਥਿਤ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਵਿਖੇ ਰੁਕੇ ਅਤੇ ਅਗਲੀ ਸਵੇਰ ਅਕਾਲ ਪੁਰਖ ਦੇ ਭਾਣੇ ਅੰਦਰ ਜਬਲਪੁਰ (ਮੱਧ ਪ੍ਰਦੇਸ਼) ਨੂੰ ਚੱਲ ਪਏ। 351 ਕਿਲੋਮੀਟਰ ਦਾ ਸਫਰ ਤੈਅ ਕਰਕੇ ਸਭ ਜਬਲਪੁਰ ਪਹੁੰਚੇ। ਰਾਸਤੇ ਵਿਚ ਜਿੱਥੇ ਵੀ ਰੁਕੇ ਨਾਮਬਾਣੀ ਦਾ ਪ੍ਰਚਾਰ ਕਰਦੇ ਗਏ। ਜਬਾਲੀ ਰਿਸ਼ੀ ਦੇ ਨਾਮ 'ਤੇ ਵਸੇ ਸ਼ਹਿਰ ਜਬਲਪੁਰ ਵਿਖੇ ਸੰਤ ਬਾਬਾ ਤੀਰਥ ਸਿੰਘ ਜੀ ਦੀ ਸੰਗਤ ਰਹਿੰਦੀ ਸੀ। ਉਥੇ ਮਹਾਂਪੁਰਸ਼ ਦੋ ਦਿਨ ਰੁਕੇ। ਬਸੇਰਾ ਗੁਰਦੁਆਰਾ ਮਦਨ ਮਹਿਲ ਸਾਹਿਬ ਵਿਖੇ ਕੀਤਾ ਗਿਆ। ਦੋਵੇਂ ਦਿਨ ਪ੍ਰੇਮੀਆਂ ਦੇ ਘਰੀਂ ਚਰਣ ਪਾਉਂਦਿਆਂ ਅਤੇ ਸ਼ਾਮ ਸਵੇਰੇ ਕੀਰਤਨ ਕਰਦਿਆਂ ਬੀਤ ਗਏ। ਜਿਥੋਂ ਮਹਾਂਪੁਰਸ਼ ਅਕਾਲ ਪੁਰਖ ਦੇ ਭਾਣੇ ਅੰਦਰ ਦੁਰਗ ਸ਼ਹਿਰ ਵੱਲ ਨੂੰ ਚੱਲ ਪਏ। ਦੁਰਗ ਡਾ. ਸੰਤੋਖ ਸਿੰਘ ਹੁਰਾਂ ਦੇ ਘਰ ਬਸੇਰਾ ਕੀਤਾ ਗਿਆ। ਇਥੇ ਬਹੁਤ ਪੰਜਾਬੀ ਵਸਦੇ ਹਨ। ਜ਼ਿਆਦਾਤਰ ਟਰਾਂਸਪੋਰਟਰ ਹੀ ਹਨ। ਸਭ ਮਹਾਂਪੁਰਸ਼ਾਂ ਦੇ ਪ੍ਰੇਮੀ। ਸੰਤ ਬਾਬਾ ਤੀਰਥ ਸਿੰਘ ਜੀ ਉਥੇ 7-8 ਦਿਨ ਰੁਕੇ। ਸ਼ਾਮ ਸਵੇਰੇ ਗੁਰਬਾਣੀ ਪ੍ਰਵਾਹ ਚਲਦਾ। ਲੋਕ ਰਾਤ ਦੇ ਦੀਬਾਣ ਆਪਣੇ ਘਰਾਂ ਵਿਚ ਲੁਆਉਂਦੇ। ਸੰਗਤ ਹੁਮ-ਹੁਮਾ ਕੇ ਪਹੁੰਚਦੀ। ਅੰਮ੍ਰਿਤ ਵੇਲੇ ਕਈ ਵਾਰ ਗੁਰਦੁਆਰਾ ਸਾਹਿਬ ਵਿਖੇ ਵੀ ਆਸਾ ਜੀ ਦੀ ਵਾਰ ਦੀ ਹਾਜ਼ਰੀ ਭਰੀ ਜਾਂਦੀ। ਮਹਾਂਪੁਰਸ਼ਾਂ ਨੇ ਹਰ ਮਿਲਣ ਵਾਲੇ ਨੂੰ ਅੰਮ੍ਰਿਤ ਛਕਣ ਲਈ ਪ੍ਰੇਰਿਆ ਅਤੇ ਸੰਗਤ ਨੂੰ ਹਰ ਸਮੇਂ ਪ੍ਰਮੇਸ਼ਰ ਯਾਦ ਰੱਖਣ ਲਈ ਉਪਦੇਸ਼ ਦਿੱਤਾ।

ਸੋ ਕਿਉ ਬਿਸਰੈ ਜਿਨਿ ਸਭੁ ਕਿਛੁ ਦੀਆ ॥
ਸੋ ਕਿਉ ਬਿਸਰੈ ਜਿ ਜੀਵਨ ਜੀਆ ॥ (ਮ:5-290)

ਦੁਰਗ ਸ਼ਹਿਰ ਵਿਖੇ ਸੰਗਤ ਨੂੰ ਗਿਆਨ ਵੰਡਣ ਤੋਂ ਬਾਦ ਮਹਾਂਪੁਰਸ਼ ਨਾਗਪੁਰ ਲਈ ਰਵਾਨਾ ਹੋਏ ਜੋ ਕਿ ਸੰਗਤਰਿਆਂ ਦਾ ਸ਼ਹਿਰ ਹੈ। ਨਾਗਪੁਰ ਵਿਖੇ ਧਰਮਸ਼ਾਲਾ ਵਿਚ ਰਹਿਣਾ ਪਿਆ ਜਿਥੇ ਸੌਣ ਲਈ ਇਕ ਵੱਡਾ ਹਾਲ ਕਮਰਾ ਮਿਲਿਆ। ਕਮਰੇ ਵਿਚ ਇਕ ਹੀ ਮੰਜਾ ਸੀ ਅਤੇ ਬਾਕੀ ਦਰੀਆਂ ਪਈਆਂ ਸਨ।

ਭਾਈ ਬਲਵਿੰਦਰ ਸਿੰਘ ਜੀ ਲੁਹਾਰਾਂ ਵਾਲੇ ਜੋ ਅਕਾਲ ਪੁਰਖ ਦੇ ਭਾਣੇ ਵਿਚ ਚੱਲਣ ਫਿਰਨ ਤੋਂ ਅਸਮਰੱਥ ਹਨ, ਮਹਾਂਪੁਰਸ਼ਾਂ ਨਾਲ ਗੂੜ੍ਹੇ ਦਿਲੀਂ ਪਿਆਰ ਕਾਰਨ ਹੀ ਯਾਤਰਾ 'ਤੇ ਨਾਲ ਸਨ। ਮਹਾਂਪੁਰਸ਼ਾਂ ਨੇ ਹੁਕਮ ਕੀਤਾ ਕਿ ਮੰਜੇ ਉੱਪਰ ਭਾਈ ਬਲਵਿੰਦਰ ਸਿੰਘ ਨੂੰ ਸੁਲਾਇਆ ਜਾਵੇ ਕਿਉਂਕਿ ਉਹਨਾਂ ਨੂੰ ਤਕਲੀਫ਼ ਹੈ। ਬਲਜਿੰਦਰ ਸਿੰਘ ਨੇ ਬਥੇਰੇ ਹੱਥ ਜੋੜੇ ਪਰ ਦਿਆਲੂ ਮਹਾਂਪੁਰਸ਼ਾਂ ਨੇ ਉਸ ਨੂੰ ਸੌਣ ਲਈ ਮੰਜਾ ਦਿੱਤਾ ਅਤੇ ਆਪ ਹੇਠਾਂ ਦੀ ਦਰੀ ਵਿਛਾ ਕੇ ਲੇਟ ਗਏ।

ਆਪਣੀ ਫਿਕਰ ਕਿਛੁ ਨਾ ਕਰੇ ਪ੍ਰਭੂ ਪ੍ਰੇਮ ਕੇ ਦਾਸ।
ਸੂਈ ਨੰਗੀ ਖੁਦ ਰਹੇ ਔਰ ਸਭਕਾ ਸੀਏ ਲਿਬਾਸ।

ਨਾਗਪੁਰ ਰਾਤ ਕੱਟਣ ਤੋਂ ਬਾਅਦ ਅਗਲੀ ਸਵੇਰ ਹਜ਼ੂਰ ਸਾਹਿਬ ਨੂੰ ਚਾਲੇ ਪਾਏ ਗਏ ਜੋ ਕਿ ਉਥੋਂ 240 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਨਾਂਦੇੜ ਨੂੰ ਅਖ਼ੀਰਲੇ ਸਮੇਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣਾ ਰੈਣ ਬਸੇਰਾ ਬਣਾਇਆ। ਇਥੋਂ ਹੀ ਆਪ ਜੀ ਨੇ ਭਾਈ ਬੰਦਾ ਸਿੰਘ ਨੂੰ ਪੰਜਾਂ ਸਿੰਘਾਂ ਸਮੇਤ ਮਜ਼ਲੂਮਾਂ ਦੀ ਰੱਖਿਆ ਵਾਸਤੇ ਪੰਜਾਬ ਭੇਜਿਆ ਸੀ। ਤਖਤ ਸ੍ਰੀ ਹਜ਼ੂਰ ਸਾਹਿਬ ਦਾ ਸਭ ਤੋਂ ਪਹਿਲਾਂ ਨਿਰਮਾਣ 1830 ਈਸਵੀ ਵਿਚ ਮਹਾਰਾਜਾ ਰਣਜੀਤ ਸਿੰਘ ਨੇ ਪੰਜਾਬ ਤੋਂ ਕਾਰੀਗਰ ਅਤੇ ਮਜ਼ਦੂਰ ਭੇਜਕੇ ਕਰਵਾਇਆ ਜਿਥੇ ਹੁਣ ਬਹੁਤ ਹੀ ਸੁੰਦਰ ਗੁਰਦੁਆਰਾ ਸਾਹਿਬ ਸੁਭਾਇਮਾਨ ਹਨ। ਹਜ਼ੂਰ ਸਾਹਿਬ ਪਹੁੰਚ ਕੇ ਮਹਾਂਪੁਰਸ਼ਾਂ ਨੇ ਸੱਚਖੰਡ ਵਿਚ ਵਾਸ ਕੀਤਾ ਅਤੇ ਸੰਗਤ ਸਮੇਤ 7 ਦਿਨ ਤੱਕ ਇਸ ਕਲਗੀਧਰ ਦੀ ਚਰਨ ਛੂਹ ਪ੍ਰਾਪਤ ਧਰਤੀ ਨੂੰ ਸਿਜਦਾ ਕਰਦੇ ਰਹੇ।

ਅੱਠਵੇਂ ਦਿਨ ਸੁਬ੍ਹਾ ਸਮੇਂ ਹਜ਼ੂਰ ਸਾਹਿਬ ਤੋਂ ਨਾਸਿਕ ਨੂੰ ਚਾਲੇ ਪਾ ਦਿੱਤੇ। ਦਿਨ ਬੀਤ ਜਾਣ ਤੋਂ ਬਾਅਦ ਰਾਤ ਸਮੇਂ ਵੀ ਮਹਾਂਪੁਰਸ਼ਾਂ ਨੇ ਸਫਰ ਜਾਰੀ ਰੱਖਿਆ। ਭਾਈ ਦਰਸ਼ਨ ਸਿੰਘ ਵਾਲੀ ਗੱਡੀ ਦਾ ਰੇਡੀਏਟਰ ਗਰਮ ਹੋਣ ਦੀ ਸਮੱਸਿਆ ਆਉਣ ਲੱਗ ਪਈ। ਗੱਡੀ ਗਰਮ ਹੋਣ ਕਾਰਨ ਥੋੜੇ ਥੋੜੇ ਸਮੇਂ ਬਾਅਦ ਰੋਕ-ਰੋਕ ਕੇ ਪਾਣੀ ਪਾਉਣ ਦੀ ਜ਼ਰੂਰਤ ਪਵੇ। ਮਹਾਂਪੁਰਸ਼ਾਂ ਨੇ ਭਾਈ ਰਣਜੋਧ ਸਿੰਘ ਜੀ ਦੀ ਡਿਊਟੀ ਥੱਲਿਓਂ ਕਤਾਨਾਂ (ਖੱਡਿਆਂ) 'ਚੋਂ ਇਕੱਠੇ ਹੋਏ ਮੀਂਹ ਦੇ ਪਾਣੀ ਨੂੰ ਲਿਆਉਣ ਦੀ ਲਾਈ। ਉਸੇ ਰਾਤ ਹਲਕੀ ਹਲਕੀ ਬਾਰਿਸ਼ ਹੋ ਵੀ ਰਹੀ ਸੀ। ਭਾਈ ਰਣਜੋਧ ਸਿੰਘ ਜੀ ਬਾਰਿਸ਼ ਵਿਚ ਹੀ ਥੱਲੇ ਜਾਇਆ ਕਰੇ ਅਤੇ ਪਾਣੀ ਭਰਕੇ ਲਿਆਇਆ ਕਰੇ। ਸਾਰੀ ਰਾਤ ਥਾਂ-ਥਾਂ ਗੱਡੀ ਰੋਕ ਕੇ ਪਾਣੀ ਪਾਉਂਦਿਆਂ ਦੀ ਹੀ ਲੰਘ ਗਈ।



ਭਾਈ ਰਣਜੋਧ ਸਿੰਘ ਸਤਿ ਬਚਨ ਕਹਿ ਕੇ ਲੱਗਿਆ ਰਿਹਾ।

ਹੁਕਮੁ ਮੰਨੇ ਸੋ ਜਨੁ ਪਰਵਾਣੁ ॥ (ਮ:3-1175)

ਦਿਨ ਦਾ ਚੜ੍ਹਾਅ ਹੁੰਦੇ ਸਾਰ ਹੀ ਗੱਡੀ ਠੀਕ ਕਰਵਾਈ। ਰਾਸਤੇ ਵਿਚ ਲੰਗਰ ਛਕਿਆ ਅਤੇ ਨਾਸਿਕ ਦਾ ਸਫਰ ਜਾਰੀ ਰੱਖਿਆ। ਉਸ ਵਕਤ ਨਾਸਿਕ ਕੁੰਭ ਦਾ ਮੇਲਾ ਲੱਗਿਆ ਹੋਇਆ ਸੀ। ਉਥੇ ਕਈ ਤਰ੍ਹਾਂ ਦੇ ਸਾਧੂ ਸਨ-ਹਠ ਕਰਨ ਵਾਲੇ, ਧੂਣੀਆਂ ਤਪਾਉਣ ਵਾਲੇ, ਜਲਧਾਰੇ ਕਰਨ ਵਾਲੇ, ਨਾਂਗੇ, ਪਿੰਡੇ 'ਤੇ ਬਿਭੂਤੀ ਮਲਣ ਵਾਲੇ, ਉਲਟੇ ਲਟਕਣ ਵਾਲੇ। ਅਜਿਹੇ ਅਲੱਗ-ਅਲੱਗ ਭੇਖੀਆਂ ਨੂੰ ਵੇਖ ਕੇ ਸੰਤ ਬਾਬਾ ਤੀਰਥ ਸਿੰਘ ਜੀ ਕਹਿੰਦੇ:

ਹਠੁ ਕਰਿ ਮਰੈ ਨ ਲੇਖੈ ਪਾਵੈ ॥
ਵੇਸ ਕਰੈ ਬਹੁ ਭਸਮ ਲਗਾਵੈ ॥
ਨਾਮੁ ਬਿਸਾਰਿ ਬਹੁਰਿ ਪਛੁਤਾਵੈ ॥
ਤੂੰ ਮਨਿ ਹਰਿ ਜੀਉ ਤੂੰ ਮਨਿ ਸੂਖ ॥
ਨਾਮੁ ਬਿਸਾਰਿ ਸਹਹਿ ਜਮ ਦੂਖ ॥ (ਮ:1-226)

ਜਦ ਭਾਈ ਬਲਜਿੰਦਰ ਸਿੰਘ ਜੀ ਨੇ ਮਹਾਂਪੁਰਸ਼ਾਂ ਨੂੰ ਪੁੱਛਿਆ ਕਿ ਤੀਰਥਾਂ ਦੇ ਇਸ਼ਨਾਨ ਕਰਨ ਜਾਂ ਕੁੰਭ ਨਹਾਉਣ ਦਾ ਕੋਈ ਫਾਇਦਾ ਹੁੰਦਾ ਹੈ ? ਤਾਂ ਸੰਤ ਕਹਿੰਦੇ:

ਤੀਰਥ ਦੇਖਿ ਨ ਜਲ ਮਹਿ ਪੈਸਉ ਜੀਅ ਜੰਤ ਨ ਸਤਾਵਉਗੋ ॥
ਅਠਸਠਿ ਤੀਰਥ ਗੁਰੂ ਦਿਖਾਏ ਘਟ ਹੀ ਭੀਤਰਿ ਨ੍ਹਾਉਗੋ ॥
(ਨਾਮਦੇਵ ਜੀ, 973)

ਉਥੇ ਗੁਰਦੁਆਰਾ ਸਿੰਘ ਸਭਾ ਵਿਖੇ ਨਿਵਾਸ ਕੀਤਾ। ਸੰਤ ਬਾਬਾ ਜਵਾਲਾ ਸਿੰਘ ਜੀ ਹਰਖੋਵਾਲ ਵਾਲਿਆਂ ਦਾ ਤਪੋ ਸਥਾਨ, ਪਾਂਡਵਾਂ ਨਾਲ ਸਬੰਧਿਤ ਸਥਾਨ, ਨਿਰਮਲਿਆਂ ਦਾ ਡੇਰਾ ਆਦਿ ਵੇਖੇ। ਸ਼ਾਮ ਸਵੇਰੇ ਗੁਰਦੁਆਰਾ ਸਿੰਘ ਸਭਾ ਵਿਖੇ ਕੀਰਤਨ ਕੀਤਾ ਜਾਂਦਾ। ਮਹਾਂਪੁਰਸ਼ਾਂ ਦੇ ਜੋ ਪ੍ਰੇਮੀ ਨਾਸਿਕ ਵਿਖੇ ਰਹਿੰਦੇ ਸਨ ਉਹਨਾਂ ਦੇ ਘਰਾਂ ਵਿਚ ਵੀ ਚਰਨ ਪਾਏ ਅਤੇ ਨਾਮ ਬਾਣੀ ਦਾ ਉਪਦੇਸ਼ ਦਿੱਤਾ ਗਿਆ। ਕੁਝ ਦਿਨ ਨਾਸਿਕ ਵਿਖੇ ਰਹਿਣ ਤੋਂ ਬਾਅਦ ਸੰਤ ਇੰਦੌਰ ਨੂੰ ਚੱਲ ਪਏ। ਸੰਨ 1741 ਵਿਚ ਇੰਦੇਸ਼ਵਰ ਮੰਦਰ ਬਣਨ ਪਿਛੋਂ ਇੰਦੌਰ ਦੇ ਨਾਮ ਨਾਲ ਮਸ਼ਹੂਰ ਹੋਏ ਸ਼ਹਿਰ ਵਿਚ ਗੁਰਦੁਆਰਾ ਇਮਲੀ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ

ਗੁਰਦੁਆਰੇ ਵਿਚ ਠਹਿਰਾਅ ਕੀਤਾ। ਜਿਥੋਂ ਅਗਲੀ ਸਵੇਰ ਗਵਾਲੀਅਰ ਨੂੰ ਚੱਲ ਪਏ। ਇਹ ਨਾਸਿਕ ਤੋਂ 497 ਕਿਲੋਮੀਟਰ ਦੂਰ ਹੈ। ਅੱਠਵੀਂ ਸਦੀ ਦੇ ਸੰਤ ਗਵਾਲੀਪਾ ਨੇ ਸਮੇਂ ਦੇ ਹੁਕਮਰਾਨ ਸੂਰਜਸੇਨ ਨੂੰ ਅਸਾਧ ਰੋਗ ਤੋਂ ਤੰਦਰੁਸਤ ਕਰ ਦਿੱਤਾ ਸੀ। ਉਸੇ ਸੰਤ ਦੇ ਨਾਮ 'ਤੇ ਇਸ ਸ਼ਹਿਰ ਦਾ ਨਾਮ ਗਵਾਲੀਅਰ ਪੈ ਗਿਆ। ਗਵਾਲੀਅਰ ਦੇ ਕਿਲੇ ਵਿਚ ਹੀ ਮੁਗਲ ਬਾਦਸ਼ਾਹ ਜਹਾਂਗੀਰ ਨੇ ਛੇਵੀਂ ਪਾਤਸ਼ਾਹੀ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੂੰ 2 ਸਾਲ ਕੈਦ ਕਰਕੇ ਰੱਖਿਆ। ਜਿਥੋਂ ਆਪ ਨੇ ਆਪਣੇ ਨਾਲ ਕੈਦ ਹੋਰ 52 ਰਾਜੇ ਵੀ ਆਜ਼ਾਦ ਕਰਵਾਏ ਅਤੇ ਇਥੇ ਕਿਲੇ ਅੰਦਰ ਹੁਣ ਗੁਰਦੁਆਰਾ ਬੰਦੀਛੋੜ ਸਾਹਿਬ ਬਣਿਆ ਹੋਇਆ ਹੈ। ਮਹਾਂਪੁਰਸ਼ਾਂ ਸਮੇਤ ਸਾਰੀ ਸੰਗਤ ਗੁਰਦੁਆਰਾ ਸਾਹਿਬ ਵਿਖੇ ਰਾਤ ਰੁਕੇ ਅਤੇ ਅਗਲੀ ਸਵੇਰ ਦਿੱਲੀ ਲਈ ਰਵਾਨਾ ਹੋ ਗਏ। ਰਾਸਤੇ ਵਿਚ ਗਵਾਲੀਅਰ ਤੋਂ 119 ਕਿਲੋਮੀਟਰ ਦੂਰ ਆਗਰੇ ਨੌਂਵੀਂ ਪਾਤਸ਼ਾਹੀ ਦੇ ਗੁਰਦੁਆਰਾ ਸਾਹਿਬ ਵਿਖੇ ਨਮਸਕਾਰ ਕੀਤਾ ਅਤੇ 203 ਕਿਲੋਮੀਟਰ ਦਾ ਹੋਰ ਸਫਰ ਤੈਅ ਕਰਦੇ ਦੇਰ ਰਾਤ ਗੁਰਦੁਆਰਾ ਬੰਗਲਾ ਸਾਹਿਬ ਦਿੱਲੀ ਵਿਖੇ ਆ ਗਏ। ਗੁਰਦੁਆਰਾ ਬੰਗਲਾ ਸਾਹਿਬ ਸਤਵੀਂ ਪਾਤਸ਼ਾਹੀ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦੀ ਯਾਦ ਵਿਚ ਬਣਿਆ ਹੋਇਆ ਹੈ ਜੋ 1664 ਈਸਵੀ ਵਿਚ ਦਿੱਲੀ ਗਏ ਅਤੇ ਚੇਚਕ ਵਰਗੀ ਮਹਾਂਮਾਰੀ ਨਾਲ ਪੀੜਿਤ ਲੋਕਾਂ ਦੀ ਸੇਵਾ ਕੀਤੀ ਅਤੇ ਇਕ ਤਲਾਬ ਬਣਾਇਆ। ਗੁਰਦੁਆਰਾ ਸਾਹਿਬ ਵਿਖੇ ਅੰਮ੍ਰਿਤ ਵੇਲੇ ਸਰੋਵਰ ਵਿਚ ਇਸ਼ਨਾਨ ਕਰਕੇ ਗੁਰਦੁਆਰਾ ਸਾਹਿਬ ਵਿੱਚ, ਆਸਾ ਜੀ ਦੀ ਵਾਰ ਦੇ ਸ਼ਬਦ ਪੜ੍ਹੇ। ਜਿਸ ਉਪਰੰਤ ਮਹਾਂਪੁਰਸ਼ਾਂ ਨੇ ਸੰਗਤ ਸਮੇਤ ਪੰਜਾਬ ਨੂੰ ਚਾਲੇ ਪਾ ਦਿੱਤੇ ਅਤੇ ਰਾਸਤੇ ਵਿਚ ਸੰਤ ਬਾਬਾ ਈਸ਼ਰ ਸਿੰਘ ਜੀ ਨਾਲ ਸਬੰਧਿਤ ਅਸਥਾਨਾਂ 'ਤੇ ਜਲ-ਪਾਣੀ ਛਕਦਿਆਂ ਸ਼ਾਮ ਸਮੇਂ ਗੁਰਦੁਆਰਾ ਈਸ਼ਰਪੁਰੀ ਸ਼ਾਮ ਚੁਰਾਸੀ ਸਾਹਿਬ ਪਹੁੰਚ ਗਏ। ਚਾਲੀ ਕੁ ਦਿਨ ਦੇ ਇਸ ਸਫਰ ਵਿਚ ਮਹਾਂਪੁਰਸ਼ ਪ੍ਰਮਾਤਮਾ ਦੁਆਰਾ ਧਰਤੀ 'ਤੇ ਰਚੇ ਰਮਣੀਕ ਨਜ਼ਰਿਆਂ ਅਤੇ ਅਲੌਕਿਕ ਦ੍ਰਿਸ਼ਾਂ ਦੀ ਦਾਤ ਹੀ ਦਿੰਦੇ ਰਹੇ।

ਸਫਰ 'ਤੇ ਤੁਰਨ ਸਮੇਂ ਸੰਤਾਂ ਕੋਲ ਇਕ ਰੁਮਾਲ ਸੀ ਅਤੇ ਉਸ ਵਿਚ ਕੁਝ ਪੈਸੇ ਸਨ। ਸਾਰੇ ਸਫਰ ਦੌਰਾਨ ਉਸ ਰੁਮਾਲੇ ਵਿਚੋਂ ਹੀ ਪੈਸੇ ਕੱਢਦੇ ਰਹਿੰਦੇ। ਦੋ ਗੱਡੀਆਂ ਰੋਜ਼ਾਨਾਂ ਸੈਂਕੜੇ ਮੀਲਾਂ ਦਾ ਸਫਰ ਤੈਅ ਕਰਦੀਆਂ। ਤੇਲ ਦਾ ਕਈ ਸੌ ਰੁਪਏ ਦਾ ਖਰਚਾ ਰੋਜ਼ਾਨਾ ਦਾ ਹੁੰਦਾ। ਪਰ ਪੈਸੇ ਨਾ ਮੁਕਦੇ। ਦਿਨ ਸਮੇਂ ਚਾਹ-



ਪਾਣੀ, ਕਦੇ ਕਦੇ ਫੁਲਕਾ-ਪਾਣੀ ਵੀ ਮੁੱਲ ਛਕਣਾ ਪੈਂਦਾ ਪਰ ਪੈਸੇ ਨਾ ਮੁਕਦੇ। ਜੇਕਰ ਕੋਈ ਗਰੀਬ ਗੁਰਬਾ ਜਾਂ ਲੋੜਵੰਦ ਹੱਥ ਅੱਡ ਲੈਂਦਾ ਤਾਂ ਮਦਦ ਕਰ ਦਿੰਦੇ ਪਰ ਪੈਸੇ ਨਾ ਮੁਕਦੇ। ਸਫਰ ਦੌਰਾਨ ਕੋਈ ਆਮਦਨ ਦਾ ਸਾਧਨ ਵੀ ਨਹੀਂ ਸੀ ਕਿ ਸੋਚਦੇ ਕਿ ਪੈਸੇ ਆ ਰਹੇ ਹਨ। ਸਭ ਸੇਵਕ ਹੈਰਾਨ ਸਨ ਕਿ ਆਖਰ ਮਾਇਆ ਆ ਕਿਥੋਂ ਰਹੀ ਹੈ ? ਪਰ ਗੁਰੂ ਸਾਹਿਬ ਕਹਿੰਦੇ ਹਨ ਕਿ ਜੋ ਪ੍ਰਮਾਤਮਾ ਨੂੰ ਪ੍ਰਾਪਤ ਹੋ ਜਾਂਦੇ ਹਨ ਮਾਇਆ ਤਾਂ ਉਹਨਾਂ ਦੇ ਦਰ 'ਤੇ ਚਰਨਾਂ ਦੀ ਦਾਸੀ ਬਣਕੇ ਹਾਜ਼ਰ ਰਹਿੰਦੀ ਹੈ।

ਮਾਇਆ ਦਾਸੀ ਭਗਤਾ ਦੀ ਕਾਰ ਕਮਾਵੈ ॥ (ਮ:3-231)

**ਵਿਦੇਸ਼ ਭਰਮਣ** :-

ਵਿਦੇਸ਼ਾਂ ਵਿਚ ਵਸਦੇ ਭਾਗਾਂ ਵਾਲਿਆਂ ਨੂੰ ਗੁਰੂ ਨਾਲ ਜੋੜਨ ਲਈ ਸੰਤ ਬਾਬਾ ਤੀਰਥ ਸਿੰਘ ਜੀ ਅਨੇਕ ਵਾਰ ਡੁਬਈ, ਅਮਰੀਕਾ, ਕੈਨੇਡਾ ਆਦਿ ਮੁਲਕਾਂ ਵਿਚ ਗਏ। ਜਿੱਥੇ ਵੀ ਗਏ ਗੁਰੂ ਨਾਨਕ ਮਹਾਰਾਜ ਦੁਆਰਾ ਜਗਾਈ ਮਸ਼ਾਲ ਨੂੰ ਉੱਚਾ ਚੁੱਕ ਕੇ ਰੱਖਿਆ ਤਾਂ ਕਿ ਪਦਾਰਥਵਾਦੀ ਸੋਚਾਂ ਦੇ ਹਨੇਰੇ ਵਿਚ ਭਟਕਦੀਆਂ ਰੂਹਾਂ ਰੂਹਾਨੀ ਮੰਡਲਾਂ 'ਚੋਂ ਆ ਰਹੀਆਂ ਪ੍ਰਕਾਸ਼ ਤਰੰਗਾਂ ਵੇਖ ਕੇ ਚਾਨਣ ਚਾਨਣ ਹੋ ਜਾਣ। ਗਿਆਨ ਦੀ ਆਂਧੀ ਅਗਿਆਨ ਦੇ ਬਨੇਰੇ ਢਾਹ ਦੇਵੇ ਅਤੇ ਹਰ ਬਨੇਰਾ ਉਸ ਪ੍ਰਮੇਸ਼ਰ ਦੀ ਜੋਤ ਪੈਣ ਨਾਲ ਰੁਸ਼ਨਾ ਉੱਠੇ। ਜਿਨ੍ਹਾਂ 'ਤੇ ਪ੍ਰਮਾਤਮਾ ਦੀ ਕਿਰਪਾ ਹੋ ਗਈ ਉਹ ਨਾਮ ਦਾ ਚਮਕਦਾ ਅਗੰਮੀ ਸੂਰਜ ਵੇਖ ਕੇ ਜਾਗ ਗਏ ਅਤੇ ਖੰਡੇ ਦੀ ਪਾਹੁਲ ਲੈ ਕੇ ਗੁਰੂ ਘਰ ਨਾਲ ਜੁੜ ਗਏ।

ਸੋ ਜਾਗੈ ਜਿਸੁ ਪ੍ਰਭ ਕਿਰਪਾਲੁ ॥

ਜੋ ਨਹੀਂ ਵੀ ਜੁੜ ਸਕੇ ਉਹਨਾਂ ਰੱਬ ਦੀ ਹੋਂਦ ਨੂੰ ਜ਼ਰੂਰ ਸਵੀਕਾਰਿਆ। ਮਹਾਂਪੁਰਸ਼ ਤਾਂ ਭਾਈ ਦਇਆ ਸਿੰਘ ਜੀ ਦੁਆਰਾ ਬਖ਼ਸ਼ੇ ਉਹਨਾਂ ਅਗਾਧ ਖਜ਼ਾਨਿਆਂ 'ਤੇ ਬੈਠੇ ਸਨ ਜੋ ਵੰਡਣ ਨਾਲ ਸਵਾਏ ਹੀ ਹੁੰਦੇ ਸਨ। ਮਹਾਂਪੁਰਸ਼ ਨਾਮ ਦਾ ਹੋਕਾ ਦਿੰਦੇ ਅਤੇ ਚੰਗੇ ਭਾਗਾਂ ਵਾਲੇ ਲੋਕ ਭਰਪੂਰ ਲਾਹਾ ਲੈਂਦੇ। ਜਦ ਮਹਾਂਪੁਰਸ਼ ਗੁਰਦੁਆਰਾ ਈਸ਼ਰਪੁਰੀ ਸਾਹਿਬ ਤੋਂ ਵਿਦੇਸ਼ ਨੂੰ ਤੁਰਨ ਲੱਗਦੇ ਤਾਂ ਸਭ ਸੰਗਤ ਇਕੱਤਰ ਹੁੰਦੀ। ਸਭ ਦੇ ਚਿਹਰਿਆਂ 'ਤੇ ਸੋਗ ਹੁੰਦਾ। ਲੋਕਾਂ ਦੀਆਂ ਅੱਖਾਂ ਮੂਹਰੇ ਹਨੇਰਾ ਆਉਣ ਲੱਗਦਾ। ਇਕ ਦਿਨ ਪਹਿਲਾਂ, ਦਰਸ਼ਨ ਕਰਨ ਵਾਲਿਆਂ ਦਾ ਤਾਂਤਾਂ ਲੱਗਾ ਰਹਿੰਦਾ। ਸਭ ਲੋਕ ਭਰੇ ਮਨ ਨਾਲ ਸੰਤਾਂ ਨੂੰ ਵਿਦਾ ਕਰਦੇ। ਮਹਾਂਪੁਰਸ਼

ਸੇਵਕਾਂ ਨੂੰ ਐਨਾ ਪਿਆਰ ਕਰਦੇ ਸਨ ਕਿ ਸੇਵਕਾਂ ਲਈ ਇਕ ਪਲ ਦਾ ਵਿਛੋੜਾ ਵੀ ਪਹਾੜ ਜਿੱਡਾ ਹੁੰਦਾ। ਜਦ ਗੱਡੀ ਤੁਰਦੀ ਤਾਂ ਸਭ ਪਾਸੇ ਸੇਜਲ ਅੱਖਾਂ ਹੀ ਨਜ਼ਰ ਆਉਂਦੀਆਂ। ਮਹਾਂਪੁਰਸ਼ ਭਾਵੇਂ ਕਿਸੇ ਵੀ ਮੁਲਕ ਗਏ ਹੋਣ ਪਿੱਛੇ ਸੇਵਕਾਂ ਦੇ ਫੋਨ ’ਤੇ ਫੋਨ ਆਉਂਦੇ। ਜਦ ਇਥੇ ਹੁੰਦੇ ਤਾਂ ਬਾਹਰਲੇ ਮੁਲਕਾਂ ਤੋਂ ਉਸੇ ਤਰ੍ਹਾਂ ਹੀ ਫੋਨ ਆਉਂਦੇ ਰਹਿੰਦੇ। ਸਭ ਦੇ ਕੰਨ ਮਹਾਂਪੁਰਸ਼ਾਂ ਦੀ ਆਵਾਜ਼ ਸੁਣਨ ਨੂੰ ਤਰਸਦੇ। ਜਦ ਮਹਾਂਪੁਰਸ਼ ਵਾਪਸ ਅਸਥਾਨ ’ਤੇ ਪਰਤਦੇ ਤਾਂ ਸਭ ਨੂੰ ਵਿਆਹ ਜਿੰਨਾ ਚਾਅ ਚੜ੍ਹ ਜਾਂਦਾ। ਕਿਸੇ ਸੇਵਕ ਦੀ ਅੱਡੀ ਨਾ ਭੁੰਜੇ ਲੱਗਦੀ। ਅਸਥਾਨ, ਜੋ ਗਿਆਂ ’ਤੇ ਬੇਰੌਣਕ ਹੁੰਦਾ, ਆਇਆਂ ’ਤੇ ਸਭ ਪਾਸੇ ਚਹਿਲ-ਪਹਿਲ ਵੇਖਣ ਨੂੰ ਮਿਲਦੀ। ਪਰ ਮਹਾਂਪੁਰਸ਼ਾਂ ਨੂੰ ਬਾਹਰ ਜਾਣਾ ਪੈਂਦਾ-ਨਾਮ ਬਾਣੀ ਦੇ ਉਪਦੇਸ਼ ਦੀ ਖਾਤਰ, ਸੇਵਕਾਂ ਦੇ ਪਿਆਰ ਦੀ ਖਾਤਰ। ਮਹਾਂਪੁਰਸ਼ਾਂ ਦੀਆਂ ਵਿਦੇਸ਼ਾਂ ਵਿਚ ਕੀਤੀਆਂ ਬਖ਼ਸ਼ਿਸ਼ਾਂ, ਮਨੁੱਖਤਾ ’ਤੇ ਕੀਤੇ ਰਹਿਮੋ-ਕਰਮ ਦਾ ਸੰਖੇਪ ਜਿਹਾ ਵਰਣਨ ਵਿਚ ਇਸ ਪ੍ਰਕਾਰ ਹੈ:-

ਡੁਬਈ ਫੇਰੀਆਂ:- ਡੁਬਈ ਵਿਖੇ ਸੰਤ ਤਾਂ ਬਹੁਤ ਆਇਆ ਕਰਦੇ ਸਨ ਪਰ ਸੰਤ ਬਾਬਾ ਤੀਰਥ ਸਿੰਘ ਜੀ ਦੀ ਤਾਂ ਛਬੀ ਹੀ ਨਿਰਾਲੀ ਸੀ। ਜਿਥੇ ਬਹੁਤੇ ਸੰਤਾਂ ਦੇ ਜਾਣ ਦਾ ਮਕਸਦ ਮਾਇਆ ਦੀ ਇਕੱਤਰਤਾ ਹੀ ਹੁੰਦਾ ਉਥੇ ਸੰਤ ਬਾਬਾ ਤੀਰਥ ਸਿੰਘ ਜੀ ਨਿਰੋਲ ਨਾਮ ਦਾਨ ਲਈ ਹੀ ਜਾਂਦੇ। ਜਦ ਪਹਿਲੀ ਵਾਰ ਸੰਤ 2003 ਵਿਚ ਭਾਈ ਬਲਵੀਰ ਸਿੰਘ ਦੇ ਸੱਦੇ ’ਤੇ ਡੁਬਈ ਵਿਖੇ ਗਏ ਤਾਂ ਆਪ ਨੇ ਨਾਨਕਸਰ ਵਾਲਿਆਂ ਦੇ ਗੁਰਦੁਆਰਾ ਸਾਹਿਬ ਅਲਕੂਜ਼ ਵਿਖੇ ਸੰਗਤ ਨਾਲ ਕਥਾ ਵਿਚਾਰ ਕੀਤਾ। 3000-4000 ਸਮਰੱਥਾ ਵਾਲੇ ਸੰਗਤ ਨਾਲ ਭਰੇ ਹਾਲ ਵਿਚ ਜਦ ਬਾਬਾ ਜੀ ਨੂੰ ਸਿਰੋਪਾਉ ਅਤੇ 100 ਡਾਲਰ ਦੇ ਕੇ ਸਨਮਾਨਿਤ ਕੀਤਾ ਗਿਆ ਤਾਂ ਬਾਬਾ ਜੀ ਨੇ ਸਿਰੋਪਾਉ ਤਾਂ ਰੱਖ ਲਿਆ ਪਰ ਪੈਸਿਆਂ ਵਿਚ ਆਪਣੇ ਕੋਲੋਂ 100 ਡਾਲਰ ਹੋਰ ਪਾ ਕੇ ਗੁਰੂ ਮਹਾਰਾਜ ਮੂਹਰੇ ਮੱਥਾ ਟੇਕਦਿਆਂ ਕਿਹਾ ਕਿ ਇਸ ਮਾਇਆ ਦੀ ਸਾਡੇ ਨਾਲੋਂ ਗੁਰਦੁਆਰਾ ਸਾਹਿਬ ਵਿਖੇ ਵਧੇਰੇ ਲੋੜ ਹੈ। ਜਿਸਨੇ ਵੇਖਿਆ ਉਹ ਵਾਹ-ਵਾਹ ਕੀਤੇ ਬਿਨਾਂ ਨਾ ਰਹਿ ਸਕਿਆ। ਜਿਸਨੇ ਸੁਣਿਆ ਵਿਸ਼ਵਾਸ ਨਾ ਆਇਆ। ਸੰਗਤ ਕਹਿੰਦੀ ਕਿ ਇਹ ਪਹਿਲੀ ਵਾਰੀ ਹੈ ਕਿ ਕੋਈ ਸਾਧੂ ਮਾਇਆ ਤੋਂ ਨਿਰਲੇਪ ਆਇਆ ਹੋਵੇ।

ਮਾਇਆ ਹੋਈ ਨਾਗਨੀ ਜਗਤਿ ਰਹੀ ਲਪਟਾਇ ॥



ਇਸ ਕੀ ਸੇਵਾ ਜੋ ਕਰੇ ਤਿਸ ਹੀ ਕਉ ਫਿਰਿ ਖਾਇ ॥
ਗੁਰਮੁਖਿ ਕੋਈ ਗਾਰੜੂ ਤਿਨਿ ਮਲਿ ਦਲਿ ਲਾਈ ਪਾਇ ॥
ਨਾਨਕ ਸੇਈ ਉਬਰੇ ਜਿ ਸਚਿ ਰਹੇ ਲਿਵ ਲਾਇ ॥ (ਮ:3-510)

ਸੰਤ ਸਰੀਰ ਵਿਚ ਰਹਿੰਦਿਆਂ ਤਿੰਨ ਵਾਰ ਡੁਬਈ ਵਿਚ ਸੰਗਤ ਦਾ ਸੱਦਾ ਪ੍ਰਵਾਨ ਕਰਦੇ ਹੋਏ ਗਏ ਅਤੇ ਅਣਗਿਣਤ ਪ੍ਰਾਣੀਆਂ ਨੂੰ ਪ੍ਰਮਾਤਮਾ ਦਾ ਨਾਮ ਜਪਾਇਆ। ਮਹਾਂਪੁਰਸ਼ਾਂ ਦੀਆਂ ਡੁਬਈ ਯਾਤਰਾਵਾਂ ਦਾ ਸਮਾਂ-ਵਿਸਤਾਰ ਇਸ ਪ੍ਰਕਾਰ ਹੈ:-

| ਯਾਤਰਾ | ਦਿੱਲੀ ਹਵਾਈ ਅੱਡੇ ਵਿਖੇ | | ਕੁੱਲ ਸਮਾਂ |
|---|---|---|---|
| | ਜਹਾਜ਼ ਵਿਚ ਚੜਣ ਦੀ ਮਿਤੀ | ਜਹਾਜ਼ ’ਚੋਂ ਉਤਰਨ ਦੀ ਮਿਤੀ | |
| ਪਹਿਲੀ ਯਾਤਰਾ | 12 ਮਾਰਚ, 2003 | 2 ਅਪ੍ਰੈਲ, 2003 | 21 ਦਿਨ |
| ਦੂਜੀ ਯਾਤਰਾ | 27 ਮਾਰਚ, 2004 | 11 ਅਪ੍ਰੈਲ, 2004 | 15 ਦਿਨ |
| ਤੀਜੀ ਯਾਤਰਾ | 28 ਅਪ੍ਰੈਲ, 2005 | 17 ਮਈ, 2005 | 19 ਦਿਨ |

ਤਿੰਨੇ ਵਾਰ ਸੰਤ, ਭਾਈ ਬਲਵੀਰ ਸਿੰਘ ਮਠਾਰੂ ਜੋ ਸ਼ਾਰਜਾਹ ਵਿਖੇ ਰਹਿ ਰਹੇ ਸਨ, ਦੇ ਸੱਦੇ ਤੇ ਡੁਬਈ ਵਿਖੇ ਪਹੁੰਚੇ। ਇਹ ਤਿੰਨੇ ਵਾਰ ਜਿੰਨਾ ਵੀ ਸਮਾਂ ਰਹੇ ਭਾਈ ਬਲਵੀਰ ਸਿੰਘ ਦੇ ਘਰ ਨੂੰ ਹੀ ਨਿਵਾਸ ਬਣਾਇਆ। ਡੁਬਈ ਵਿਖੇ ਮਹਾਂਪੁਰਸ਼ ਸੁਬ੍ਹਾ ਉਠ ਕੇ ਇਸ਼ਨਾਨ-ਪਾਣੀ ਕਰਕੇ ਦੋ ਵਜੇ ਸਿਮਰਨ ਵਿਚ ਜੁੜ ਜਾਂਦੇ। 4-5 ਵਜੇ ਥੋੜੀ ਜਿਹੀ ਸੈਰ ਕਰਦੇ, ਜਿਸ ਉਪਰੰਤ 6 ਵਜੇ ਚਾਹ ਛੱਕ ਕੇ ਆਸਣ ’ਤੇ ਸੱਜ ਜਾਂਦੇ। ਸੰਗਤ ਆਉਣੀ ਸ਼ੁਰੂ ਹੋ ਜਾਂਦੀ ਅਤੇ ਸੰਤ ਰਾਤ ਦੇ ਗਿਆਰਾਂ ਵਜੇ ਤੱਕ ਖੁੱਲ੍ਹਾ ਸਮਾਂ ਸੰਗਤ ਲਈ ਕੱਢਦੇ। ਦੋ ਵਾਰ ਪ੍ਰਸ਼ਾਦਾ ਛੱਕਦੇ ਅਤੇ 2-3 ਵਾਰ ਚਾਹ ਛੱਕਦੇ। ਬੁੱਧਵਾਰ, ਵੀਰਵਾਰ ਅਤੇ ਸ਼ੁੱਕਰਵਾਰ ਵਾਲੇ ਦਿਨਾਂ ਵਿਚ ਸੰਗਤ ਨੇ ਕਿਸੇ ਨਾ ਕਿਸੇ ਗੁਰਦੁਆਰਾ ਸਾਹਿਬ ਵਿਖੇ ਅਖੰਡ ਪਾਠ ਰੱਖਿਆ ਹੁੰਦਾ ਅਤੇ ਸੰਤ ਸੰਗਤ ਦੇ ਬੁਲਾਵੇ ’ਤੇ ਕਥਾ ਵਿਚਾਰ ਲਈ ਸ਼ਿਰਕਤ ਕਰਦੇ। ਸੰਤ ਜਿਨ੍ਹਾਂ ਗੁਰਦੁਆਰਿਆਂ ਵਿਚ ਆਮ ਤੌਰ ’ਤੇ ਜਾਂਦੇ ਸਨ ਉਹ ਹਨ:-

- ਗੁਰਦੁਆਰਾ ਸਾਹਿਬ ਅਲਸਰਾਏ ਸੋਨਾਪੁਰ
- ਗੁਰਦੁਆਰਾ ਸਾਹਿਬ ਨਾਨਕਸਰ ਅਲਕੂਜ਼

✪ ਗੁਰਦੁਆਰਾ ਸਾਹਿਬ ਅਬੀਰ
✪ ਗੁਰਦੁਆਰਾ ਸਾਹਿਬ ਅਜਮਾਨ
✪ ਗੁਰਦੁਆਰਾ ਸਾਹਿਬ ੳਮਲ ਕੁਈਨ

ਮਹਾਂਪੁਰਸ਼ ਡੁਬਈ ਸ਼ਾਰਜਾਹ ਅਤੇ ਆਬੂਧਾਬੀ ਸ਼ਹਿਰਾਂ ਵਿਚ ਹੀ ਵਧੇਰੇ ਸਮਾਂ ਗੁਜ਼ਾਰਦੇ। ਸਭ ਲੋਕਾਂ ਵਿਚ ਮਹਾਂਪੁਰਸ਼ਾਂ ਦੇ ਚਰਨ ਘਰ ਪੁਆਉਣ ਦੀ ਦੌੜ ਲੱਗੀ ਹੋਈ ਹੁੰਦੀ। ਮਹਾਂਪੁਰਸ਼ ਕਿਸੇ ਨੂੰ ਮਨ੍ਹਾ ਨਹੀਂ ਕਰਦੇ ਅਤੇ ਸਭ ਦੀਆਂ ਮੁਰਾਦਾਂ ਪੂਰੀਆਂ ਕਰ ਦਿੰਦੇ। ਸੰਤਾਂ ਦੇ ਸੇਵਕਾਂ ਦੀ ਗਿਣਤੀ ਤਾਂ ਬਹੁਤ ਸੀ, ਪਰ ਕਈ ਪ੍ਰੇਮੀ ਬਹੁਤ ਪੱਕੇ ਸ਼ਰਧਾਲੂ ਬਣ ਗਏ ਸਨ ਜਿਨ੍ਹਾਂ ਵਿਚ ਆਬੂਧਾਬੀ ਤੋਂ ਅਮਰੀਕ ਸਿੰਘ, ਡੁਬਈ ਤੋਂ ਹਿੰਮਤ ਸਿੰਘ ਅਤੇ ਸ਼ਾਰਜਾਹ ਤੋਂ ਬਲਵੀਰ ਸਿੰਘ, ਸੁਰਿੰਦਰ ਸਿੰਘ, ਬਲਵਿੰਦਰ ਸਿੰਘ ਅਤੇ ਹਰਚੰਦ ਸਿੰਘ ਦੇ ਨਾਮ ਖਾਸ ਜ਼ਿਕਰਯੋਗ ਹਨ। ਜੋ ਵੀ ਮਹਾਂਪੁਰਸ਼ਾਂ ਨੂੰ ਪਿਆਰ ਨਾਲ ਯਾਦ ਕਰਦਾ ਸੰਤ ਉਸਨੂੰ ਇਨਕਾਰ ਨਹੀਂ ਕਰਦੇ ਸਨ। ਡੁਬਈ ਰਹਿੰਦਾ ਸ. ਉਂਕਾਰ ਸਿੰਘ ਬਾਹਰ ਜਾਣ ਦੇ ਬਾਵਜੂਦ ਵੀ ਗੁਰਬਤ ਭਰੇ ਦਿਨ ਗੁਜ਼ਾਰ ਰਿਹਾ ਸੀ। ਇਸ ਨੂੰ ਜਦ ਸੰਤਾਂ ਬਾਰੇ ਪਤਾ ਲੱਗਿਆ ਤਾਂ ਮਨ ਵਿਚ ਪ੍ਰਸ਼ਾਦਾ ਛਕਾਉਣ ਦੀ ਤਮੰਨਾ ਪੈਦਾ ਹੋ ਗਈ। ਘਰ ਵਿਚ ਬਹੁਤ ਗਰੀਬੀ ਸੀ। ਇਸਨੇ ਸੰਤਾਂ ਨੂੰ ਬੇਨਤੀ ਵੀ ਕਰ ਦਿੱਤੀ। ਪ੍ਰਸ਼ਾਦਾ ਵੀ ਤਿਆਰ ਕਰ ਲਿਆ। ਪਰ ਗਰੀਬੀ ਹੋਣ ਕਾਰਣ ਘਰ ਆਏ ਸੰਤਾਂ ਨੂੰ ਭੇਂਟ ਦੇਣ ਲਈ ਕੁਝ ਨਹੀਂ ਸੀ। ਸੋਚ ਰਿਹਾ ਸੀ ਕਿ ਨਾਲ ਦੇ ਘਰ ਜਿਥੇ ਸੰਤ ਬੈਠੇ ਸਨ ਉਥੇ ਹੀ ਪ੍ਰਸ਼ਾਦਾ ਲੈ ਜਾਂਦਾ ਹਾਂ। ਜਦ ਇਸ ਬਾਰੇ ਮਹਾਂਪੁਰਸ਼ਾਂ ਨੂੰ ਬੇਨਤੀ ਕੀਤੀ ਤਾਂ ਜਾਣੀ ਜਾਣ ਮਹਾਂਪੁਰਸ਼ ਕਹਿੰਦੇ ਕਿ ਜਿਥੇ ਪ੍ਰਸ਼ਾਦਾ ਬਣਿਆ ਹੈ ਉਥੇ ਹੀ ਬੈਠ ਕੇ ਛਕਾਂਗੇ। ਇਹ ਮਹਾਂਪੁਰਸ਼ਾਂ ਨੂੰ ਘਰ ਤਾਂ ਲੈ ਆਇਆ ਪਰ ਮਨ ਵਿਚ ਇਹੀ ਰਿਹਾ ਕਿ ਭੇਂਟ ਕੀ ਕਰਾਂਗਾ। ਜਦ ਫੁਲਕਾ ਛਕ ਲਿਆ ਤਾਂ ਸੰਤਾਂ ਨੇ ਜੇਬ ਵਿਚੋਂ 100 ਡਾਲਰ ਕੱਢਿਆ ਅਤੇ ਉਂਕਾਰ ਸਿੰਘ ਨੂੰ ਫੜਾ ਦਿੱਤਾ। ਇਸਦੀਆਂ ਸਭ ਸ਼ੰਕਾਵਾਂ ਦੂਰ ਹੋ ਗਈਆਂ ਅਤੇ ਉਸ ਦਿਨ ਪਿਛੋਂ ਇਸਦੇ ਆਰਥਿਕ ਹਾਲਾਤ ਬਦਲਣ ਲੱਗੇ।

ਭਾਈ ਬਲਵੀਰ ਸਿੰਘ ਅਤੇ ਬੀਬੀ ਦਰਸ਼ਨ ਕੌਰ ਨੇ ਸ਼ਾਰਜਾਹ ਵਿਖੇ ਆਪਣੇ ਘਰ ਸੁਖਮਨੀ ਸਾਹਿਬ ਦਾ ਪਾਠ ਕਰਵਾਇਆ। ਸੰਗਤ ਸੰਤਾਂ ਕਰਕੇ ਅਨੁਮਾਨ ਨਾਲੋਂ ਦੋ ਗੁਣਾ ਵੱਧ ਆ ਗਈ। ਬੀਬੀ ਦਰਸ਼ਨ ਕੌਰ ਨੂੰ ਲੱਗਾ ਕਿ ਹੁਣ ਤਿਆਰ ਕੀਤਾ ਲੰਗਰ ਥੁੜ ਜਾਵੇਗਾ। ਮਨ ਵਿਚ ਵਿਚਾਰ ਆਇਆ ਕਿ ਲੰਗਰ



ਸੰਗਤ ਨੂੰ ਸ਼ੁਰੂ ਕਰਨ ਤੋਂ ਪਹਿਲਾਂ ਮਹਾਂਪੁਰਸ਼ਾਂ ਨੂੰ ਛਕਾ ਦੇਈਏ, ਫਿਰ ਕਿਤੇ ਖ਼ਤਮ ਹੀ ਨਾ ਹੋ ਜਾਵੇ। ਸੰਤ ਬਾਬਾ ਤੀਰਥ ਸਿੰਘ ਜੀ ਤਾਂ ਜਾਣੀ-ਜਾਣ ਸਨ। ਜਦ ਇਹ ਬੇਨਤੀ ਕਰਨ ਗਈ ਤਾਂ ਸੰਤ ਕਹਿੰਦੇ ਬਈ ਪਹਿਲਾਂ ਲੰਗਰ ਸੰਗਤ ਨੂੰ ਵਰਤਾਉਣਾ ਸ਼ੁਰੂ ਕਰੋ ਅਸੀਂ ਫਿਰ ਛਕਾਂਗੇ। ਮਹਾਂਪੁਰਸ਼ ਅੱਖਾਂ ਬੰਦ ਕਰਕੇ ਬੈਠ ਗਏ। ਸੰਗਤ ਨੂੰ ਲੰਗਰ ਵਰਤਾਉਣਾ ਸ਼ੁਰੂ ਕਰ ਦਿੱਤਾ। ਸਭ ਸੰਗਤ ਨੇ ਰੱਜ ਰੱਜ ਕੇ ਲੰਗਰ ਛਕਿਆ। ਸੇਵਾਦਾਰ ਲੰਗਰ ਕੱਢੀ ਜਾਣ ਪਰ ਲੰਗਰ ਦੇ ਪਤੀਲੇ ਓਨੇ ਦੇ ਓਨੇ ਹੀ ਰਹਿਣ। ਸਭ ਹੈਰਾਨ ਰਹਿ ਗਏ। ਜਦ ਸਾਰੀ ਸੰਗਤ ਭੁਗਤ ਗਈ ਤਾਂ ਅਜਿਹਾ ਲੱਗੇ ਕਿ ਅਜੇ ਅੱਧਾ ਲੰਗਰ ਪਿਆ ਹੈ। ਮਹਾਂਪੁਰਸ਼ਾਂ ਨੇ ਅੱਖਾਂ ਖੋਲ੍ਹੀਆਂ ਅਤੇ ਬੀਬੀ ਨੇ ਬਹੁਤ ਹੀ ਸ਼ਰਧਾ ਨਾਲ ਲੰਗਰ ਛਕਾਇਆ। ਜੋ ਥੁੜ ਜਾਣ ਦਾ ਡਰ ਸੀ, ਮਹਾਂਪੁਰਸ਼ਾਂ ਦੀ ਐਸੀ ਕਿਰਪਾ ਹੋਈ ਕਿ 2-3 ਦਿਨ ਘਰ ਵਿਚ ਬਚਿਆ ਪਿਆ ਰਿਹਾ।

ਥਿਰੁ ਘਰਿ ਬੈਸਹੁ ਹਰਿਜਨ ਪਿਆਰੇ ॥
ਸਤਿਗੁਰਿ ਤੁਮਰੇ ਕਾਜ ਸਵਾਰੇ ॥ ਰਹਾਉ ॥
ਦੁਸਟ ਦੂਤ ਪਰਮੇਸਰਿ ਮਾਰੇ ॥
ਜਨ ਕੀ ਪੈਜ ਰਖੀ ਕਰਤਾਰੇ ॥ (ਮ:5-201)

ਪਿੰਡ ਮੁਹੱਦੀਪੁਰ ਤੋਂ ਸ. ਮਨਜੀਤ ਸਿੰਘ ਜੋ ਡੁਬਈ ਗਿਆ ਹੋਇਆ ਸੀ, ਦਾ ਇਕ ਦਿਨ ਪਿਸ਼ਾਬ ਰੁਕ ਗਿਆ। ਬਹੁਤ ਦਰਦ ਹੋਈ। ਉਸ ਸਮੇਂ ਸੰਤ ਗੁਰਦੁਆਰਾ ਈਸ਼ਰਪੁਰੀ ਸਾਹਿਬ ਵਿਖੇ ਸਨ। ਜਦ ਦਰਦ ਅਸਹਿ ਹੋਈ ਤਾਂ ਇਸਨੇ ਆਪਣੇ ਘਰ ਫ਼ੋਨ ਕੀਤਾ ਕਿ ਸੰਤਾਂ ਕੋਲ ਮੇਰੇ ਵੱਲੋਂ ਬੇਨਤੀ ਕਰਕੇ ਆਓ। ਜਦ ਪਰਿਵਾਰ ਬੇਨਤੀ ਕਰਨ ਗਿਆ ਤਾਂ ਮਹਾਂਪੁਰਸ਼ ਕਹਿੰਦੇ ਕਿ ਉਸਨੂੰ ਕਹੋ ਕੱਚੀ ਲੱਸੀ ਪੀਵੇ। ਇਹਨਾਂ ਉਸੀ ਵਕਤ ਡੁਬਈ ਫੋਨ ਕਰ ਦਿੱਤਾ। ਜਦ ਸ. ਮਨਜੀਤ ਸਿੰਘ ਨੇ ਕੱਚੀ ਲੱਸੀ ਪੀਤੀ ਤਾਂ ਕੁਝ ਮਿੰਟਾਂ ਬਾਅਦ ਹੀ ਪਿਸ਼ਾਬ ਦਾ ਬੰਨ੍ਹ ਖੁੱਲ੍ਹ ਗਿਆ ਅਤੇ ਬਿਲਕੁੱਲ ਠੀਕ ਹੋ ਗਿਆ।

ਅਨਿਕ ਉਪਾਵੀ ਰੋਗੁ ਨ ਜਾਇ ॥
ਰੋਗੁ ਮਿਟੈ ਹਰਿ ਅਵਖਧੁ ਲਾਇ ॥ (ਮ:5-288)

ਅਮਰੀਕਾ **ਫੇਰੀ**:- ਸੰਤ ਬਾਬਾ ਤੀਰਥ ਸਿੰਘ ਜੀ ਦੇ ਬਹੁਤ ਸੇਵਕ ਅਮਰੀਕਾ ਵਿਚ ਹੀ ਰਹਿੰਦੇ ਸਨ। ਸੇਵਕ ਕਈ ਵਾਰ ਬੁਲਾ ਚੁੱਕੇ ਸਨ ਪਰ ਮਹਾਂਪੁਰਸ਼ਾਂ ਨੇ ਅਜੇ

ਪ੍ਰੋਗਰਾਮ ਨਹੀਂ ਸੀ ਬਣਾਇਆ। ਅਮਰੀਕਾ ਵਿਚ ਹਰ ਸਾਲ ਨਵੰਬਰ ਮਹੀਨੇ ਦੇ ਪਹਿਲੇ ਹਫਤੇ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਗੁਰਗੱਦੀ ਦਿਵਸ ਮਨਾਇਆ ਜਾਂਦਾ ਹੈ। ਜਿਸ ਦੌਰਾਨ ਸਿੱਖ ਟੈਂਪਲ ਟੈਰਾਬੀਨਾ ਤੋਂ ਇਕ ਵਿਸ਼ਾਲ ਨਗਰ ਕੀਰਤਨ ਕੱਢਿਆ ਜਾਂਦਾ ਹੈ ਜਿਸ ਦੀ ਸਾਰੇ ਸ਼ਹਿਰ ਵਿਚ ਫੇਰੀ ਹੁੰਦੀ। ਉਸ ਦਿਨ ਸਾਰਾ ਸ਼ਹਿਰ ਖਾਲਸਾਈ ਸ਼ਾਨ ਵਿਚ ਰੰਗਿਆ ਜਾਂਦਾ ਹੈ। ਜਦ 1997 ਵਿਚ ਗੁਰਗੱਦੀ ਦਿਵਸ ਮਨਾਉਣ ਲੱਗੇ ਤਾਂ ਸੰਗਤ ਨੇ ਸੰਤ ਬਾਬਾ ਤੀਰਥ ਸਿੰਘ ਜੀ ਨੂੰ ਇਸਦੀ ਅਗਵਾਈ ਕਰਨ ਲਈ ਸੱਦਾ ਪੱਤਰ ਭੇਜਿਆ ਜੋ ਮਹਾਂਪੁਰਸ਼ਾਂ ਨੇ ਪ੍ਰਵਾਨ ਕਰ ਲਿਆ ਅਤੇ ਪਹਿਲੀ ਵਾਰ ਅਮਰੀਕਾ ਦੀ ਧਰਤੀ 'ਤੇ 30 ਅਕਤੂਬਰ 1997 ਨੂੰ ਸਨਫਰਾਂਸਿਸਕੋ ਹਵਾਈ ਅੱਡੇ 'ਤੇ ਪੈਰ ਰੱਖਿਆ। ਸੰਤ ਜੀ ਦੀ ਰਿਹਾਇਸ਼ ਸਿੱਖ ਟੈਂਪਲ ਟੈਰਾਬੀਨਾ ਵਿਖੇ ਹੀ ਕਰਾਈ ਗਈ। ਅਮਰੀਕਨ ਸਿੱਖ ਸੰਗਤਾਂ ਨੇ ਗੁਰਗੱਦੀ ਦਿਵਸ ਬਹੁਤ ਉਤਸ਼ਾਹ ਨਾਲ ਮਨਾਇਆ ਅਤੇ ਇਸ ਨਗਰ ਕੀਰਤਨ ਵਿਚ ਸੰਤ ਜੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਬਿਠਾਇਆ ਗਿਆ। ਮਹਾਂਪੁਰਸ਼ ਅਮਰੀਕੀ ਸਿੱਖਾਂ ਦੀ ਗੁਰਬਾਣੀ ਪ੍ਰਤੀ ਅਥਾਹ ਸ਼ਰਧਾ ਵੇਖ ਕੇ ਬਹੁਤ ਪ੍ਰਸੰਨ ਹੋਏ। ਮਹਾਂਪੁਰਸ਼ ਉਸੇ ਗੁਰਦੁਆਰਾ ਸਾਹਿਬ ਵਿਚ ਰਹਿੰਦੇ ਅਤੇ ਸ਼ਾਮ ਸਵੇਰੇ ਕਥਾ ਵੀ ਕਰਦੇ। ਦਿਨ ਸਮੇਂ ਗੁਰਦੁਆਰਾ ਸਾਹਿਬ ਦੇ ਬਾਹਰ ਬਣੇ ਪਾਰਕ ਵਿਚ ਟਹਿਲ ਲੈਂਦੇ। ਇਥੇ ਹੀ ਪਿੰਡ ਪੰਡੋਰੀ ਨਿੱਝਰਾਂ ਦੇ ਯੂਬਾ ਸਿਟੀ ਵਸੇ ਭਾਈ ਜੋਗਿੰਦਰ ਸਿੰਘ ਨੇ ਮਹਾਂਪੁਰਸ਼ਾਂ ਦੇ ਦਰਸ਼ਨ ਕੀਤੇ ਤਾਂ ਇਸਦੇ ਮਨ ਨੂੰ ਬਹੁਤ ਸ਼ਾਂਤੀ ਮਿਲੀ। ਮਹਾਂਪੁਰਸ਼ਾਂ ਦੀ ਸ਼ਖ਼ਸੀਅਤ ਤੋਂ ਇਹ ਏਨਾ ਪ੍ਰਭਾਵਿਤ ਹੋਇਆ ਕਿ ਆਪਣੇ ਘਰ ਆਉਣ ਲਈ ਬੇਨਤੀ ਕੀਤੀ। ਆਪ ਸ਼ਰਧਾ ਵੇਖਦੇ ਹੋਏ ਇਸਦੇ ਘਰ ਆ ਗਏ ਅਤੇ ਬਾਕੀ ਸਮਾਂ ਉਥੇ ਹੀ ਪ੍ਰਭੂ ਪਿਆਰ ਵਿਚ ਬਿਤਾਇਆ। ਡੇਢ ਮਹੀਨਾ ਬਿਤਾਉਣ ਤੋਂ ਬਾਅਦ ਆਪ 29 ਦਿਸੰਬਰ 1997 ਨੂੰ ਵਾਪਸ ਪੰਜਾਬ ਪਹੁੰਚ ਗਏ। ਉਸ ਦੌਰੇ ਵਿਚ ਜੋ ਵੀ ਮਹਾਂਪੁਰਸ਼ਾਂ ਨੂੰ ਮਿਲਿਆ ਏਨਾ ਪ੍ਰਭਾਵਿਤ ਹੋਇਆ ਕਿ ਪੱਕਾ ਸ਼ਰਧਾਲੂ ਬਣ ਗਿਆ। ਸ਼ਾਮ ਚੁਰਾਸੀ ਅਤੇ ਲਾਗਲੇ ਪਿੰਡਾਂ ਦੇ ਅਨੇਕ ਪ੍ਰੇਮੀ ਕੈਲੇਫੋਰਨੀਆਂ ਵਿਚ ਵਸੇ ਹੋਏ ਸਨ ਜੋ ਪਹਿਲਾਂ ਹੀ ਸੰਤਾਂ ਦੇ ਸੇਵਕ ਸਨ। ਸਭ ਸੇਵਕ ਸੰਤਾਂ ਨੂੰ ਵਾਰ-ਵਾਰ ਬੁਲਾਉਣ ਲੱਗੇ। ਸੰਗਤ ਦੇ ਪਿਆਰ ਦੀ ਏਨੀ ਖਿੱਚ ਪੈ ਜਾਂਦੀ ਕਿ ਮਹਾਂਪੁਰਸ਼ਾਂ ਨੂੰ ਹਰ ਸਾਲ ਅਮਰੀਕਾ ਜਾਣਾ ਪੈਂਦਾ। ਸੰਤ ਬਾਬਾ ਤੀਰਥ ਸਿੰਘ ਜੀ ਸਰੀਰ ਵਿਚ ਰਹਿੰਦਿਆਂ ਅਨੇਕ ਵਾਰ ਅਮਰੀਕਾ ਗਏ ਜਿਨਾਂ ਦੀ ਸਮਾਂ ਸਾਰਣੀ



ਇਸ ਪ੍ਰਕਾਰ ਹੈ:-

| ਯਾਤਰਾ | ਦਿੱਲੀ ਹਵਾਈ ਅੱਡੇ ਵਿਖੇ | | ਕੁੱਲ ਸਮਾਂ |
|---|---|---|---|
| | ਜਹਾਜ਼ ਵਿਚ ਚੜ੍ਹਣ ਦੀ ਮਿਤੀ | ਜਹਾਜ਼ 'ਚੋਂ ਉਤਰਨ ਦੀ ਮਿਤੀ | |
| ਪਹਿਲੀ ਯਾਤਰਾ | 30 ਅਕਤੂਬਰ,1997 | 29 ਦਸੰਬਰ,1997 | 60 ਦਿਨ |
| ਦੂਜੀ ਯਾਤਰਾ | 19 ਅਪ੍ਰੈਲ,1998 | 5 ਮਈ,1998 | 17 ਦਿਨ |
| ਤੀਜੀ ਯਾਤਰਾ | 31 ਅਕਤੂਬਰ,2000 | 22 ਦਸੰਬਰ,2000 | 52 ਦਿਨ |
| ਚੌਥੀ ਯਾਤਰਾ | 11 ਅਕਤੂਬਰ,2001 | 28 ਨਵੰਬਰ,2001 | 48 ਦਿਨ |
| ਪੰਜਵੀਂ ਯਾਤਰਾ | 30 ਮਾਰਚ,2002 | 9 ਮਈ,2002 | 40 ਦਿਨ |
| ਛੇਵੀਂ ਯਾਤਰਾ | 1 ਅਕਤੂਬਰ,2002 | 7 ਦਸੰਬਰ, 2002 | 67 ਦਿਨ |
| ਸਤਵੀਂ ਯਾਤਰਾ | 21 ਅਕਤੂਬਰ,2003 | 17 ਦਸੰਬਰ,2003 | 57 ਦਿਨ |
| ਅੱਠਵੀਂ ਯਾਤਰਾ | 7 ਮਈ,2004 | 6 ਜੁਲਾਈ,2004 | 60 ਦਿਨ* |
| ਨੌਂਵੀਂ ਯਾਤਰਾ | 28 ਅਕਤੂਬਰ,2004 | 6 ਦਸੰਬਰ,2004 | 39 ਦਿਨ |

* ਇਸ ਯਾਤਰਾ ਦੌਰਾਨ ਮਹਾਂਪੁਰਸ਼ ਕੈਨੇਡਾ ਅਤੇ ਅਮਰੀਕਾ ਦੋਹਾਂ ਮੁਲਕਾਂ ਵਿਚ ਗਏ।

ਸੰਤ ਜਦ ਵੀ ਅਮਰੀਕਾ ਜਾਂਦੇ, ਰਿਹਾਇਸ਼ ਭਾਈ ਜੋਗਿੰਦਰ ਸਿੰਘ ਦੇ ਘਰ ਹੀ ਹੁੰਦੀ। ਸਾਰਾ ਦਿਨ ਆਈ ਸੰਗਤ ਨੂੰ ਨਾਮ ਬਾਣੀ ਦਾ ਉਪਦੇਸ਼ ਦਿੰਦੇ। ਸੰਗਤ ਦੁਆਰਾ ਬੇਨਤੀ ਕਰਨ 'ਤੇ ਘਰ ਚਰਨ ਪਾਉਣਾ ਪ੍ਰਵਾਨ ਕਰ ਲੈਂਦੇ। ਮਹਾਂਪੁਰਸ਼ ਗੁਰਦੁਆਰਾ ਸਾਹਿਬ ਵਿਖੇ ਕਥਾ ਵਿਚਾਰ ਕਰਦੇ ਅਤੇ ਸਭ ਨੂੰ ਗੁਰੂ ਵਾਲੇ ਬਣਨ ਦਾ ਉਪਦੇਸ਼ ਦਿੰਦੇ। ਸੰਤ ਜਿਸਦੇ ਘਰ ਇਕ ਵਾਰ ਚਰਨ ਪਾ ਦਿੰਦੇ, ਜਦ ਅਗਲੇ ਸਾਲ ਆਉਂਦੇ ਤਾਂ ਬਹੁਤ ਵੱਡੇ ਘਰ ਦਾ ਮਾਲਕ ਬਣ ਗਿਆ ਹੁੰਦਾ। ਇਕ ਵਾਰ ਸੰਤ ਆਏ ਤਾਂ ਭਾਈ ਜੋਗਿੰਦਰ ਸਿੰਘ ਹੁਰਾਂ ਨੇ ਨਵਾਂ ਘਰ ਲੈਣ ਲਈ ਬੇਨਤੀ ਕੀਤੀ। ਮਹਾਂਪੁਰਸ਼ ਕਹਿੰਦੇ ਕਿ ਜਿਸਨੇ ਇਹ ਘਰ ਵਿਕਾਉਣਾ ਹੈ, ਉਸਨੂੰ ਮਿਲ ਕੇ ਆਉ ਅਤੇ ਨਵੇਂ ਘਰ ਦੀ ਚਾਬੀ ਵੀ ਮੰਗ ਲੈਣੀ। ਜੋਗਿੰਦਰ ਸਿੰਘ ਨੇ ਜਾਣਾ ਅਤੇ ਨਵੇਂ ਘਰ ਦੀ ਚਾਬੀ ਮੰਗਣਾ। ਉਹਨਾਂ ਨੇ ਕਹਿਣਾ ਕਿ ਤੁਹਾਡਾ ਤਾਂ ਅਜੇ ਪੁਰਾਣਾ ਘਰ ਹੀ ਨਹੀਂ ਵਿਕਿਆ ਤਾਂ ਨਵੇਂ ਘਰ ਦੀ ਚਾਬੀ ਕਿਵੇਂ ਦੇ ਦੇਈਏ। ਸੰਤ ਜੀ ਨੇ ਰੋਜ਼ ਭੇਜ ਦੇਣਾ। ਇਕ ਦਿਨ ਕਹਿੰਦੇ ਕਿ ਜਾਓ ਗੁਰਦੁਆਰਾ ਸਾਹਿਬ 13 ਤਰੀਕ ਲਿਖਾ ਕੇ ਆਓ ਘਰ ਦਾ ਮਹੂਰਤ ਕਰਨ ਲਈ। ਇਹ ਸੋਚਣ ਕਿ ਘਰ ਅਜੇ ਮਿਲਿਆ ਨਹੀਂ ਅਤੇ ਆਪ ਕਹਿੰਦੇ ਹਨ ਕਿ ਗੁਰਦੁਆਰਾ ਸਾਹਿਬ ਤਾਰੀਕ

ਲਿਖਾ ਆਓ। ਮਨ ਵਿਚ ਇਹ ਸੀ ਕਿ ਸੰਤ ਭੋਲੇ ਹਨ ਇਹਨਾਂ ਨੂੰ ਅਮਰੀਕਾ ਦੇ ਕਾਇਦੇ ਕਾਨੂੰਨਾਂ ਬਾਰੇ ਇਲਮ ਨਹੀਂ। ਇਥੇ ਇਸ ਤਰ੍ਹਾਂ ਘਰ ਨਹੀਂ ਮਿਲਣਾ ਅਤੇ ਬਹੁਤ ਵੱਡੀ ਪੱਧਰ 'ਤੇ ਬੇਇੱਜ਼ਤੀ ਹੋ ਜਾਣੀ ਹੈ। ਪਰ ਬਚਨ ਟਾਲਣ ਦੀ ਹਿੰਮਤ ਨਹੀਂ ਸੀ ਅਤੇ 13 ਤਰੀਕ ਪੱਕੀ ਲਿਖਾ ਦਿੱਤੀ। ਜਿਉਂ ਜਿਉਂ ਦਿਨ ਨਜ਼ਦੀਕ ਆਈ ਜਾਣ ਇਹਨਾਂ ਦਾ ਖ਼ੂਨ ਸੁੱਕਦਾ ਜਾਵੇ। ਉਧਰ ਸੰਬੰਧਿਤ ਅਧਿਕਾਰੀ ਘਰ ਦੀ ਚਾਬੀ ਨਾ ਦੇਣ ਕਿ ਤੁਹਾਡਾ ਪਹਿਲਾ ਘਰ ਨਹੀਂ ਵਿਕ ਰਿਹਾ।

ਜੋਗਿੰਦਰ ਸਿੰਘ ਦੇ ਮਨ ਨੂੰ ਪੱਕਾ ਯਕੀਨ ਹੋ ਗਿਆ ਕਿ ਇਸ ਵਾਰ ਬਹੁਤ ਬੇਇੱਜ਼ਤੀ ਹੋਣੀ ਹੈ। ਜਦ 13 ਤਰੀਕ ਆਉਣ ਵਿਚ ਦੋ ਦਿਨ ਰਹਿ ਗਏ ਤਾਂ ਭਾਈ ਜੋਗਿੰਦਰ ਸਿੰਘ ਨੂੰ ਘਰ ਦੀ ਚਾਬੀ ਮਿਲ ਗਈ ਅਤੇ ਇਹਨਾਂ ਨੇ ਸੰਤਾਂ ਦੇ ਬਚਨਾਂ ਅਨੁਸਾਰ 13 ਨੂੰ ਨਵੇਂ ਘਰ ਵਿਚ ਪ੍ਰਵੇਸ਼ ਕਰ ਲਿਆ। ਸਭ ਤੋਂ ਪਹਿਲਾਂ ਘਰ ਵਿਚ ਮਹਾਂਪੁਰਸ਼ਾਂ ਦੇ ਚਰਨ ਪੁਆਉਣ ਨਾਲ ਇਹ ਘਰ ਹੋਰ ਵੀ ਸੁਭਾਇਮਾਨ ਹੋ ਗਿਆ।

ਜਿਥੈ ਜਾਇ ਭਗਤੁ ਸੁ ਥਾਨੁ ਸੁਹਾਵਣਾ ॥
ਸਗਲੇ ਹੋਏ ਸੁਖ ਹਰਿ ਨਾਮੁ ਧਿਆਵਣਾ ॥ (ਮ:5-1363)

ਸੰਤ ਬਾਬਾ ਤੀਰਥ ਸਿੰਘ ਜੀ ਅਮਰੀਕਾ ਵਿਖੇ ਵੀ ਰਾਤ ਦੇ ਪਹਿਲੇ ਪਹਿਰ ਉਠ ਕੇ ਭਜਨ ਬੰਦਗੀ ਵਿਚ ਜੁੜ ਜਾਂਦੇ। ਸੁਬ੍ਹਾ 6 ਵਜੇ ਚਾਹ-ਪਾਣੀ ਛੱਕ ਕੇ ਸੰਗਤ ਨੂੰ ਮਿਲਣ ਲਈ ਬਿਰਾਜ ਜਾਂਦੇ। ਮਹਾਂਪੁਰਸ਼ ਸਾਰੇ ਦਿਨ ਵਿਚ ਦੋ ਵਾਰ ਇਕ ਇਕ ਫੁਲਕਾ ਅਤੇ 2-3 ਵਾਰ ਹੀ ਚਾਹ ਪੀਂਦੇ ਸਨ। ਸਾਰਾ ਦਿਨ ਸੰਗਤ ਨੂੰ ਨਾਮ ਬਾਣੀ ਦਾ ਉਪਦੇਸ਼ ਦਿੰਦਿਆਂ ਲੰਘਾ ਦਿੰਦੇ। ਦੁਪਹਿਰ ਸਮੇਂ ਥੋੜਾ ਜਿਹਾ ਆਰਾਮ ਕਰਦੇ ਅਤੇ ਮੁੜ ਰਾਤੀਂ 9 ਵਜੇ ਤੱਕ ਸੰਗਤ ਨਾਲ ਬਚਨ ਵਿਲਾਸ ਕਰਦੇ ਰਹਿੰਦੇ। 9 ਤੋਂ ਬਾਅਦ ਉੱਪਰ ਆਪਣੇ ਕਮਰੇ ਵਿਚ ਚਲੇ ਜਾਂਦੇ ਜੋ ਜੋਗਿੰਦਰ ਸਿੰਘ ਹੁਰਾਂ ਨੇ ਸੰਤ ਜੀ ਲਈ ਰਾਖਵਾਂ ਰੱਖਿਆ ਹੋਇਆ ਸੀ ਅਤੇ ਖ਼ਾਸ ਪ੍ਰੇਮੀਆਂ ਨੂੰ ਉੱਪਰ ਬੁਲਾ ਕੇ ਰੱਬ ਦੀਆਂ ਬਾਤਾਂ ਪਾਉਂਦੇ ਰਹਿੰਦੇ। ਆਪ ਨਿਊਯਾਰਕ ਵਿਚ ਭਾਈ ਆਤਮਾ ਸਿੰਘ, ਸ਼ਿਕਾਗੋ ਵਿਚ ਸ. ਸੁਰਜੀਤ ਸਿੰਘ ਅਤੇ ਹੋਸਟਨ ਵਿਖੇ ਗਿਆਨੀ ਅਵਤਾਰ ਸਿੰਘ ਜੀ ਨੂੰ ਮਿਲਣ ਵੀ ਜਾਂਦੇ ਅਤੇ ਕੁਝ ਦਿਨ ਉਥੇ ਰੁਕ ਵੀ ਲੈਂਦੇ। ਸੰਤ ਜੀ ਨੇ ਪਹਿਲਾਂ ਕੈਨੇਡਾ ਦਾ ਵੀਜ਼ਾ ਨਹੀਂ ਲੁਆਇਆ ਹੋਇਆ ਸੀ। ਪਰ ਕੈਨੇਡਾ ਵਿਚ ਸੰਤ ਮਹਾਰਾਜ ਦੀ ਬਹੁਤ ਸੰਗਤ ਨਿਵਾਸ ਕਰਦੀ ਸੀ।



ਆਪ ਉਹਨਾਂ ਦੀ ਮੰਗ 'ਤੇ ਅਮਰੀਕਾ-ਕੈਨੇਡਾ ਬਾਰਡਰ ਤੇ ਪੈਂਦੀ ਬਲੇਨ ਸਿਟੀ ਵਿਚ ਸ. ਜੋਗਿੰਦਰ ਸਿੰਘ ਦੇ ਘਰ ਨਿਵਾਸ ਕਰਦੇ। ਜਦ ਕੈਨੇਡਾ ਦੀ ਸੰਗਤ ਨੂੰ ਪਤਾ ਲੱਗਦਾ ਤਾਂ ਸਭ ਮਹਾਂਪੁਰਸ਼ਾਂ ਵੱਲ ਵਹੀਰਾਂ ਘੱਤ ਲੈਂਦੇ ਅਤੇ ਬਾਰਡਰ ਪਾਰ ਕਰਕੇ ਦਰਸ਼ਨ ਕਰਦੇ। ਸੰਤ ਬਲੇਨ ਸਿਟੀ ਨੂੰ ਜਾਂਦੇ ਜਾਂਦੇ ਇਕ ਰਾਤ ਰੈਡਿੰਗ ਸ਼ਹਿਰ ਵਿਚ ਸ. ਬਲਵਿੰਦਰ ਸਿੰਘ ਘੜਿਆਲ ਦੇ ਘਰ ਵੀ ਬਿਤਾਉਂਦੇ। ਬਲੇਨ ਸਿਟੀ ਵਿਖੇ ਸੰਤ ਚਾਰ ਦਿਨ ਰੁਕਦੇ ਅਤੇ ਸੰਗਤ ਨਾਲ ਖੁੱਲ੍ਹੇ ਬਚਨ ਬਿਲਾਸ ਕਰਦੇ।

ਪਿੰਡ ਘੜਿਆਲ ਦੀ ਬੀਬੀ ਮਹਿੰਦਰ ਕੌਰ ਕੈਨੇਡਾ ਵਿਖੇ ਰਹਿ ਰਹੀ ਸੀ। ਜਦ ਇਸ ਨੂੰ ਸੰਤਾਂ ਦੇ ਆਉਣ ਦਾ ਪਤਾ ਲੱਗਦਾ ਤਾਂ ਭੱਜ ਕੇ ਬਾਰਡਰ 'ਤੇ ਮਹਾਂਪੁਰਸ਼ਾਂ ਨੂੰ ਮਿਲਣ ਜਾਂਦੀ। ਬੇਸ਼ੱਕ ਉਧਰ ਦੇ ਪੱਕੇ ਵਸਨੀਕਾਂ ਨੂੰ ਇਕ ਦੂਜੇ ਮੁਲਕ ਵਿਚ ਜਾਣ ਲਈ ਵੀਜ਼ੇ ਦੀ ਲੋੜ ਨਾ ਹੁੰਦੀ ਪਰ ਕੋਲ ਜ਼ਰੂਰੀ ਕਾਗਜ਼ਾਤ ਹੋਣੇ ਬਹੁਤ ਜ਼ਰੂਰੀ ਸਨ। ਪਰ ਬੀਬੀ ਦਾ ਪਾਸਪੋਰਟ ਗੁਆਚ ਗਿਆ ਹੋਇਆ ਸੀ। ਬੇਸ਼ੱਕ ਨਵੇਂ ਲਈ ਅਰਜ਼ੀ ਦਿੱਤੀ ਹੋਈ ਸੀ ਪਰ ਅਜੇ ਬਣਕੇ ਘਰ ਨਹੀਂ ਪਹੁੰਚਿਆ ਸੀ। ਪਤਾ ਲੱਗਾ ਕਿ ਮਹਾਂਪੁਰਸ਼ ਬਾਰਡਰ 'ਤੇ ਆ ਗਏ ਹਨ। ਸਭ ਨੇ ਤਿਆਰੀ ਕੱਸੀ ਅਤੇ ਦਰਸ਼ਨਾਂ ਲਈ ਚੱਲ ਪਏ। ਬੀਬੀ ਮਹਿੰਦਰ ਕੌਰ ਘਰ ਇਕੱਲੀ ਰਹਿ ਗਈ। ਮਹਾਂਪੁਰਸ਼ਾਂ ਨੂੰ ਨਾ ਮਿਲ ਸਕਣ ਦਾ ਦੁੱਖ ਝੱਲ ਨਾ ਹੋਇਆ ਅਤੇ ਪਾਣੀ ਨਾਲ ਅੱਖਾਂ ਭਰ ਆਈਆਂ। ਜਦ ਅੱਤ ਹੀ ਹੋ ਗਈ, ਸਮਾਂ ਬਿਤਾਇਆ ਨਾ ਬੀਤੇ ਤਾਂ ਇਸਨੇ ਸੰਤ ਬਾਬਾ ਤੀਰਥ ਸਿੰਘ ਜੀ ਨੂੰ ਫ਼ੋਨ ਕਰਕੇ ਸਾਰੀ ਗੱਲ ਤੋਂ ਜਾਣੂ ਕਰਵਾਇਆ। ਮਹਾਂਪੁਰਸ਼ ਕਹਿੰਦੇ ਬੀਬੀ ਤੁਸੀਂ ਇਸੇ ਤਰ੍ਹਾਂ ਹੀ ਆ ਜਾਓ ਤੁਹਾਨੂੰ ਬਾਰਡਰ 'ਤੇ ਕੋਈ ਨਹੀਂ ਰੋਕੇਗਾ। ਜਦ ਮਹਾਂਪੁਰਸ਼ਾਂ ਦਾ ਬਚਨ ਸੁਣਿਆ ਤਾਂ ਬੀਬੀ ਖੁਸ਼ੀ ਨਾਲ ਖਿੜ ਗਈ ਅਤੇ ਦਰਸ਼ਨਾਂ ਲਈ ਚੱਲ ਪਈ। ਜਦ ਬਾਰਡਰ ਕਰਾਸ ਕਰਨ ਲੱਗੀ ਤਾਂ ਮਹਾਂਪੁਰਸ਼ਾਂ ਦੇ ਬਚਨਾਂ ਅਨੁਸਾਰ ਕਿਸੇ ਨੇ ਪੁੱਛਿਆ ਵੀ ਨਾ ਕਿ ਤੂੰ ਕੌਣ ਹੈ ਅਤੇ ਇਹ ਧੰਨ ਸੰਤ ਬਾਬਾ ਤੀਰਥ ਸਿੰਘ ਜੀ, ਧੰਨ ਸੰਤ ਬਾਬਾ ਤੀਰਥ ਸਿੰਘ ਜੀ ਕਰਦੀ ਬਲੇਨ ਸਿਟੀ ਪਹੁੰਚ ਗਈ।

ਮਹਾਂਪੁਰਸ਼ ਹਰ ਵਾਰ ਕੈਨੇਡਾ ਦੇ ਬਾਰਡਰ ਤੋਂ ਹੀ ਸੰਗਤ ਨੂੰ ਦਰਸ਼ਨ ਦੇ ਕੇ ਆ ਜਾਂਦੇ। ਪਰ ਸੰਗਤ ਦੀ ਆਪਣੇ ਘਰ ਚਰਨ ਪੁਆਉਣ ਦੀ ਮੰਗ ਜ਼ੋਰ ਫੜ ਰਹੀ ਸੀ। ਸਭ ਮਹਾਂਪੁਰਸ਼ਾਂ ਨੂੰ ਵਾਰ ਵਾਰ ਕੈਨੇਡਾ ਵਿਖੇ ਬੁਲਾ ਰਹੇ ਸਨ। ਸੰਗਤ ਦੀ

ਅਥਾਹ ਸ਼ਰਧਾ ਵੇਖ ਕੇ ਮਹਾਂਪੁਰਸ਼ ਸੱਦਾ ਕਬੂਲਦੇ ਹੋਏ 7 ਮਈ, 2004 ਨੂੰ ਕੈਨੇਡਾ ਲਈ ਰਵਾਨਾ ਹੋਏ ਜਿਥੋਂ 17 ਜੂਨ 2004 ਨੂੰ ਅਮਰੀਕਾ ਵਿਖੇ ਆ ਗਏ। ਜਦ ਸੰਤ ਕੈਨੇਡਾ ਕਿਸੇ ਦੇ ਘਰ ਠਹਿਰੇ ਹੋਏ ਸਨ ਤਾਂ ਸ਼ਾਮ ਚੁਰਾਸੀ ਨਜ਼ਦੀਕ ਵਸਦੇ ਭਾਈ ਮਹਿੰਦਰ ਸਿੰਘ ਦੀ ਲੜਕੀ ਇਕਵਿੰਦਰ ਕੌਰ ਜੋ ਮਹਾਂਪੁਰਸ਼ਾਂ ਦੀ ਕਿਰਪਾ ਸਦਕਾ ਹੀ ਕੈਨੇਡਾ ਵਿਚ ਆਨੰਦ ਮਾਣ ਰਹੀ ਸੀ, ਮਿਲਣ ਆਈ। ਪਰ ਘਰਵਾਲਿਆਂ ਨੇ ਬਾਹਰੋਂ ਹੀ ਮੋੜ ਦਿੱਤੀ। 2-3 ਵਾਰ ਇਸੇ ਤਰ੍ਹਾਂ ਹੋ ਗਿਆ। ਇਕਵਿੰਦਰ ਕੌਰ ਨੇ ਆਉਣਾ ਅਤੇ ਘਰਵਾਲਿਆਂ ਨੇ ਕੋਈ ਨਾ ਕੋਈ ਬਹਾਨਾ ਲਾ ਕੇ ਵਾਪਸ ਘੱਲ ਦੇਣਾ। ਇਕ ਦਿਨ ਇਹ ਉਹਨਾਂ ਦੇ ਦਰਵਾਜ਼ੇ ਦੇ ਸਾਹਮਣੇ ਹੀ ਬਹਿ ਗਈ ਕਿ ਅੱਜ ਤਾਂ ਮਿਲਕੇ ਹੀ ਜਾਣਾ ਹੈ। ਜਦ ਬੈਠਿਆ ਕੁਝ ਸਮਾਂ ਬੀਤ ਗਿਆ ਤਾਂ ਅੰਦਰ ਬੈਠਿਆ ਮਹਾਂਪੁਰਸ਼ਾਂ ਨੇ ਉਸ ਬੀਬੀ ਨੂੰ ਕਿਹਾ ਕਿ ਬਾਹਰ ਦੇਖੋ ਤਾਂ ਕੋਈ ਮਿਲਣ ਲਈ ਇੰਤਜ਼ਾਰ ਤਾਂ ਨਹੀਂ ਕਰ ਰਿਹਾ, ਬੀਬੀ ਕਹਿੰਦੀ ਨਹੀਂ ਮਹਾਰਾਜ ਬਾਹਰ ਤਾਂ ਕੋਈ ਨਹੀਂ ਹੈ। ਕਹਿੰਦੇ ਨਹੀਂ ਬਈ ਜਾ ਕੇ ਵੇਖ ਕੇ ਤਾਂ ਆਓ। ਬੀਬੀ ਬਾਹਰ ਗਈ ਅਤੇ ਇਕਵਿੰਦਰ ਕੌਰ ਨੂੰ ਅੰਦਰ ਲੈ ਆਈ। ਆਪ ਇਕਵਿੰਦਰ ਨੂੰ ਵੇਖਕੇ ਬਹੁਤ ਖੁਸ਼ ਹੋਏ। ਇਕਵਿੰਦਰ ਕੌਰ ਦੇ ਤਾਂ ਜਿਵੇਂ ਭਾਗ ਹੀ ਖੁੱਲ੍ਹ ਗਏ ਹੋਣ। ਉਸਨੇ ਮਹਾਂਪੁਰਸ਼ਾਂ ਦੇ ਚਰਨਾਂ ਵਿਚ ਮਸਤਕ ਰੱਖ ਦਿੱਤਾ।

ਅਮਰੀਕਾ ਜਾਂ ਕੈਨੇਡਾ ਜਿੱਥੇ ਵੀ ਕੋਈ ਮਹਾਂਪੁਰਸ਼ਾਂ ਨੂੰ ਬੇਨਤੀ ਕਰਦਾ ਪੂਰੀ ਹੋ ਜਾਂਦੀ। ਦੁਨਿਆਵੀ ਲੋਕ ਆਪਣੀਆਂ ਮੰਗਾਂ ਲੈ ਕੇ ਆਉਂਦੇ ਤਾਂ ਮਹਾਂਪੁਰਸ਼ਾਂ ਦੇ ਦਰ ਤੇ ਪ੍ਰਵਾਨ ਹੋ ਜਾਂਦੀਆਂ। ਕੈਨੇਡਾ ਤੋਂ ਬੀਬੀ ਰਣਬੀਰ ਕੌਰ ਦੀ ਲੜਕੀ ਰੀਆ, ਜੋ ਪਿਸ਼ਾਬ ਸੰਬੰਧਿਤ ਰੋਗ ਤੋਂ ਪੀੜਿਤ ਹੋ ਗਈ। ਬਹੁਤ ਇਲਾਜ ਕਰਵਾਇਆ ਪਰ ਕੋਈ ਦਵਾ ਅਸਰਅੰਦਾਜ਼ ਨਾ ਹੋ ਸਕੀ। ਹਫ਼ਤੇ ਬਾਅਦ ਇਕ ਵਾਰ ਨਾਲੀਆਂ ਚਾੜ੍ਹਨੀਆਂ ਪੈਂਦੀਆਂ। ਜਿਸ ਕਰਕੇ ਅਸਹਿ ਤਕਲੀਫ਼ ਹੁੰਦੀ। ਮਾਹਿਰਾਂ ਨੇ ਦੱਸਿਆ ਕਿ ਜਦ ਤੱਕ ਉਮਰ ਹੈ ਇਸ ਤਰ੍ਹਾਂ ਹੀ ਕਰਨਾ ਪਿਆ ਕਰੇਗਾ। ਸਭ ਮਾਯੂਸ ਹੋ ਗਏ। ਛੋਟੀ ਉਮਰ ਦੀ ਬੱਚੀ ਨੂੰ ਐਸੀ ਤਕਲੀਫ਼। ਉਸ ਵਾਰ ਮਹਾਂਪੁਰਸ਼ਾਂ ਦਾ ਕੈਨੇਡਾ ਜਾਣ ਦਾ ਪ੍ਰੋਗਰਾਮ ਬਣਿਆ। ਜਦ ਪਤਾ ਲੱਗਿਆ ਤਾਂ ਭਾਈ ਮਨੀ ਸਿੰਘ ਨੇ ਬੀਬੀ ਰਣਬੀਰ ਕੌਰ ਨੂੰ ਫੋਨ ਕੀਤਾ ਕਿ ਹੁਣ ਮੌਕਾ ਸੰਭਾਲ ਲਉ। ਡਾਕਟਰਾਂ ਦੇ ਡਾਕਟਰ ਤੁਹਾਡੇ ਕੋਲ ਆ ਰਹੇ ਹਨ। ਸਭ ਕੁਝ ਕਰਨ



ਦੇ ਸਮਰੱਥ ਹਨ। ਜਦ ਮਹਾਂਪੁਰਸ਼ ਉਥੇ ਪਹੁੰਚੇ ਤਾਂ ਬੀਬੀ ਰਣਬੀਰ ਕੌਰ ਨੇ ਰੀਆ ਨੂੰ ਨਾਲ ਲੈ ਕੇ ਸੰਤ ਬਾਬਾ ਤੀਰਥ ਸਿੰਘ ਜੀ ਨੂੰ ਫਰਿਆਦ ਕੀਤੀ। ਬਹੁਤ ਵਿਲਕੀ ਕਿ ਕਿਰਪਾ ਕਰੋ ਹੁਣ ਤਾਂ ਤੁਹਾਡੇ ਰੱਖਣ ਦੇ ਹੀ ਹਾਂ। ਮਹਾਂਪੁਰਸ਼ਾਂ ਨੇ ਉਸਨੂੰ ਰੋਂਦਿਆਂ ਵਿਲਕਦਿਆਂ ਵੇਖਿਆ ਤਾਂ ਬੱਚੀ ਦੇ ਸਿਰ 'ਤੇ ਹੱਥ ਰੱਖ ਕੇ ਬਚਨ ਕੀਤਾ ਕਿ ਲੈ ਬਈ ਹੁਣ ਦਵਾਈ ਨਹੀਂ ਖਾਣੀ। ਦੁਆਈ ਛੱਡ ਦਿੱਤੀ ਗਈ। ਰੀਆ ਦਿਨ ਪੁਰ ਦਿਨ ਠੀਕ ਹੋਣੀ ਸ਼ੁਰੂ ਹੋ ਗਈ ਅਤੇ ਮੁੜ ਕਦੇ ਪਿਸ਼ਾਬ ਸੰਬੰਧੀ ਕੋਈ ਸਮੱਸਿਆ ਨਾ ਹੋਈ।

ਸਾਧ ਕੈ ਸੰਗਿ ਮਿਟੇ ਸਭਿ ਰੋਗ ॥ (ਮ:5-272)

ਕੈਨੇਡਾ ਤੋਂ ਹੀ ਬੀਬੀ ਬਲਜੀਤ ਕੌਰ ਦੇ ਜਦ ਧੌਣ ਅਤੇ ਸਿਰ 'ਤੇ ਫੋੜੇ ਨਿਕਲੇ ਜਿਸਦਾ ਇਲਾਜ ਕਰਨ ਵਿਚ ਕੈਨੇਡੀਅਨ ਚਕਿਤਸਿਕ ਵੀ ਨਾਕਾਮ ਰਹੇ ਤਾਂ ਉਸਨੇ ਮਹਾਂਪੁਰਸ਼ਾਂ ਨੂੰ ਬੇਨਤੀ ਕੀਤੀ। ਸੰਤਾਂ ਨੇ ਦੇਹ ਅਰੋਗਤਾ ਦੀ ਅਰਦਾਸ ਕਰ ਦਿੱਤੀ ਅਤੇ ਬੀਬੀ ਬਲਜੀਤ ਕੌਰ ਦਿਨਾਂ ਵਿਚ ਹੀ ਠੀਕ ਹੋ ਗਈ। ਕੈਨੇਡਾ ਤੋਂ ਬੀਬੀ ਕਮਲਜੀਤ ਕੌਰ ਨੇ ਪੇਟ ਦਰਦ ਕਾਰਨ ਅਤੇ ਇੰਗਲੈਂਡ ਤੋਂ ਬੀਬੀ ਸਤਨਾਮ ਕੌਰ ਨੇ ਅਸਾਧ ਰੋਗ ਤੋਂ ਛੁਟਕਾਰੇ ਲਈ ਜਦੋਂ ਮਹਾਂਪੁਰਸ਼ਾਂ ਨੂੰ ਫੋਨ ਕੀਤਾ ਤਾਂ ਆਪ ਵੱਲੋਂ ਦੱਸਿਆ ਨਾਮ ਜਪਣ ਦਾ ਮਾਰਗ ਇਹਨਾਂ ਲਈ ਅਰੋਗਤਾ ਦੀ ਔਸ਼ਧੀ ਸਿੱਧ ਹੋਇਆ। ਅਮਰੀਕਾ ਤੋਂ ਭਾਈ ਹਰਦੀਪ ਸਿੰਘ ਦਾ ਭਰਾ ਜਿੰਦਰ ਵਧੇਰੇ ਬਿਮਾਰ ਹੋ ਗਿਆ। ਜਦ ਡਾਕਟਰੀ ਦੀਆਂ ਆਧੁਨਿਕ ਤਕਨੀਕਾਂ ਵੀ ਰੋਗ ਪਛਾਣਨ ਤੋਂ ਅਸਮਰਥ ਰਹੀਆਂ ਤਾਂ ਇਹਨਾਂ ਨੇ ਸੰਤ ਬਾਬਾ ਤੀਰਥ ਸਿੰਘ ਜੀ ਦੇ ਚਰਨਾਂ ਵਿਚ ਬੇਨਤੀ ਕੀਤੀ। ਮਹਾਂਪੁਰਸ਼ਾਂ ਨੇ ਅਸਥਾਨ ਵਿਖੇ ਅਖੰਡ ਪਾਠ ਸਾਹਿਬ ਕਰਵਾਉਣਾ ਦੱਸਿਆ। ਅਖੰਡਪਾਠ ਕਰਵਾਇਆ ਤਾਂ ਉਹ ਬਿਲਕੁਲ ਠੀਕ ਹੋ ਗਿਆ।

ਜਿਹ ਪ੍ਰਸਾਦਿ ਆਰੋਗ ਕੰਚਨ ਦੇਹੀ ॥
ਲਿਵ ਲਾਵਹੁ ਤਿਸੁ ਰਾਮ ਸਨੇਹੀ ॥ (ਮ:5-270)

ਮਹਾਂਪੁਰਸ਼ਾਂ ਨੇ ਜਿੱਥੇ ਨਾਮ ਦੀ ਔਸ਼ਧੀ ਨਾਲ ਅਣਗਿਣਤ ਸੇਵਕਾਂ ਨੂੰ ਅਰੋਗਤਾ ਬਖ਼ਸ਼ੀ ਉਥੇ ਬੱਚਿਆਂ ਦੀ ਦਾਤ ਲੈਣ ਆਏ ਜੋੜੇ ਵੀ ਖਾਲੀ ਝੋਲੀ ਨਾ ਜਾਣ ਦਿੱਤੇ। ਅਜਿਹੀਆਂ ਕਈ ਉਦਾਹਰਣਾਂ ਹਨ ਜੋ ਮਹਾਂਪੁਰਸ਼ਾਂ ਕੋਲ ਪੁੱਤਰ

ਪ੍ਰਾਪਤੀ ਲਈ ਆਏ ਅਤੇ ਮਾਲਾਮਾਲ ਹੋ ਗਏ। ਉਹਨਾਂ ਵਿਚੋਂ ਕੁਝ ਦੇ ਨਾਮ ਇਸ ਪ੍ਰਕਾਰ ਹਨ:-

- ਬੀਬੀ ਬਲਜੀਤ ਕੌਰ ਅਮਰੀਕਾ ਨਿਵਾਸੀ ਦੀ ਵਿਆਹ ਤੋਂ 5 ਸਾਲ ਬਾਅਦ ਤੱਕ ਸੱਖਣੀ ਝੋਲੀ ਮਹਾਂਪੁਰਸ਼ਾਂ ਨੂੰ ਕੀਤੀ ਬੇਨਤੀ ਦੇ ਪ੍ਰਸ਼ਾਦ ਵਜੋਂ 'ਹਰਪ੍ਰੀਤ ਸਿੰਘ' ਦੇ ਰੂਪ ਵਿਚ ਭਰੀ।
- ਬੀਬੀ ਰਾਜਵਿੰਦਰ ਕੌਰ ਯੂ.ਐਸ.ਏ. ਦੇ ਘਰ ਮਹਾਂਪੁਰਸ਼ਾਂ ਨੂੰ ਬੇਨਤੀ ਕਰਨ 'ਤੇ ਬਖ਼ਸ਼ੇ ਸ਼ਬਦ ਦੇ ਜਾਪ ਦੇ ਫਲ ਵਜੋਂ ਪੁੱਤਰ ਸਤਨਾਮ ਸਿੰਘ ਦੀ ਪ੍ਰਾਪਤੀ ਹੋਈ।
- ਐਡਮਿੰਟਨ ਤੋਂ ਸ. ਪ੍ਰੇਮ ਸਿੰਘ ਦੇ ਘਰ ਤਿੰਨ ਕੁੜੀਆਂ ਦੇ ਜਨਮ ਤੋਂ ਬਾਅਦ ਬਾਬਾ ਜੀ ਨੂੰ ਪੁੱਤਰ ਲਈ ਕੀਤੀ ਬੇਨਤੀ 'ਅਰਜਨ ਸਿੰਘ' ਵਜੋਂ ਪੂਰੀ ਹੋਈ।
- ਪਿੰਡ ਘੜਿਆਲ ਤੋਂ ਕੈਨੇਡਾ ਵਿਖੇ ਰਹਿ ਰਿਹਾ ਸ. ਰਘਬੀਰ ਸਿੰਘ ਨੂੰ ਪੁੱਤਰ ਦਾ ਮੇਵਾ ਮਹਾਂਪੁਰਸ਼ਾਂ ਦੁਆਰਾ ਕੀਤੇ ਬਚਨਾਂ ਸਦਕਾ ਹੀ ਮਿਲਿਆ।
- ਪਿੰਡ ਦੌਲਤਪੁਰ ਤੋਂ ਸੁਖਵਿੰਦਰ ਸਿੰਘ ਅਤੇ ਬੀਬੀ ਮਨਪ੍ਰੀਤ ਕੌਰ ਨੇ ਉਪਰੋਂ—ਥੱਲੀ ਦੋ ਗੁੱਡੀਆਂ ਹੋਣ ਤੋਂ ਬਾਅਦ ਜਦ ਪੁੱਤਰ ਲਈ ਬੇਨਤੀ ਕੀਤੀ ਤਾਂ ਮਹਾਂਪੁਰਸ਼ਾਂ ਨੇ ਅਸਥਾਨ ਵਿਖੇ ਅਖੰਡ ਪਾਠ ਸਾਹਿਬ ਕਰਵਾਉਣ ਲਈ ਕਿਹਾ। ਜਿਸਦੇ ਫ਼ਲਸਰੂਪ ਸਾਲ ਦੇ ਅੰਦਰ ਅੰਦਰ ਇਹਨਾਂ ਨੂੰ ਕਾਕੇ 'ਦਿਲਪ੍ਰੀਤ ਸਿੰਘ' ਦੀ ਬਖ਼ਸ਼ਿਸ਼ ਹੋਈ।
- ਪਿੰਡ ਖੱਖਾਂ ਤੋਂ ਬੀਬੀ ਬਲਜੀਤ ਕੌਰ ਜਦ ਟਰਾਂਟੋ ਵਿਆਹੀ ਗਈ ਤਾਂ ਕਈ ਸਾਲ ਬਾਅਦ ਤੱਕ ਵੀ ਇਸਨੇ ਬੱਚੇ ਦਾ ਮੂੰਹ ਨਹੀਂ ਵੇਖਿਆ। ਹੌਲੀ-ਹੌਲੀ ਸਹੁਰਾ ਪਰਿਵਾਰ ਨਫ਼ਰਤ ਕਰਨ ਲੱਗ ਪਿਆ। ਉਹ ਸਮਝਦੇ ਸਨ ਕਿ ਬਲਜੀਤ ਕੌਰ ਵਿਚ ਹੀ ਨੁਕਸ ਹੋਣ ਕਾਰਨ ਪਰਿਵਾਰ ਪੁੱਤਰ-ਪੁੱਤਰੀਆਂ ਖਿਡਾਉਣ ਦੇ ਸੁੱਖ ਤੋਂ ਵਾਂਝਾ ਹੈ। ਹਾਲਾਤ ਇਹ ਹੋ ਗਏ ਕਿ ਉਹ ਲੜਕੀ ਛੱਡਣ ਬਾਰੇ ਸੋਚਣ ਲੱਗੇ। ਇਧਰ ਲੜਕੀ ਦਾ ਪਰਿਵਾਰ ਜੋ ਸੰਤਾਂ ਦਾ ਸ਼ਰਧਾਲੂ ਸੀ, ਨੇ ਮਹਾਂਪੁਰਸ਼ਾਂ ਦੇ ਚਰਨਾਂ ਵਿਚ ਲੜਕੀ ਦਾ ਘਰ ਪੱਟ ਹੋਣੋ ਬਚਾ ਲੈਣ ਲਈ ਬੇਨਤੀ ਕੀਤੀ, ਜੋ ਪ੍ਰਵਾਨ ਹੋ ਗਈ। ਸੰਤਾਂ ਨੇ ਗੁਰਦੁਆਰਾ



ਈਸ਼ਰਪੁਰੀ ਸਾਹਿਬ ਤੋਂ ਪ੍ਰਸ਼ਾਦ ਭੇਜਿਆ ਕਿ ਬੀਬੀ ਬਲਜੀਤ ਕੌਰ ਛੱਕ ਲਏ। ਪ੍ਰਸ਼ਾਦ ਛਕਣ ਤੋਂ ਬਾਅਦ ਛੇਤੀ ਹੀ ਇਹਨਾਂ ਨੂੰ ਆਸ ਹੋ ਗਈ ਅਤੇ ਸਾਲ ਦੇ ਅੰਦਰ ਅੰਦਰ ਕਾਕੇ 'ਤੇਜਪਾਲ ਸਿੰਘ' ਦਾ ਜਨਮ ਹੋਇਆ। ਲੜਕੀ ਦਾ ਘਰ ਪੱਟ ਹੋਣੋ ਬਚ ਗਿਆ ਅਤੇ ਮਹਾਂਪੁਰਸ਼ਾਂ ਨੇ ਉਪਦੇਸ਼ ਦਿੱਤਾ ਕਿ:-

ਜਿਹ ਪ੍ਰਸਾਦਿ ਗ੍ਰਿਹ ਸੰਗਿ ਸੁਖ ਬਸਨਾ ॥
ਆਠ ਪਹਰ ਸਿਮਰਹੁ ਤਿਸੁ ਰਸਨਾ ॥ (ਮ:5-269)

ਅਮਰੀਕਾ ਵਾਲੀ ਬੀਬੀ ਬਲਜੀਤ ਕੌਰ ਦੀ ਇਕ ਸਹੇਲੀ ਬਹੁਤ ਦੁਖੀ ਸੀ। ਕਾਰਨ ਸੀ ਪਰਿਵਾਰਕ ਸਮੱਸਿਆਵਾਂ। ਇਹ ਅਜਿਹਾ ਰੂਪ ਧਾਰ ਗਈਆਂ ਕਿ ਸੁਲਝਾਉਣੀਆਂ ਔਖੀਆਂ ਹੋ ਗਈਆਂ। ਘਰ ਵਾਲਾ ਘਰ ਆਉਣੋ ਹੱਟ ਗਿਆ। ਅਜਿਹਾ ਹੋਇਆਂ ਪੰਜ ਸਾਲ ਬੀਤ ਗਏ ਪਰ ਰੱਬ ਨੇ ਉਸਦੇ ਮਨ ਮਿਹਰ ਨਾ ਪਾਈ ਕਿ ਪਰਤ ਆਵੇ। ਜਦ ਕਿਸੇ ਪਾਸਿਓਂ ਸੁੱਖ ਦਾ ਸਾਹ ਨਾ ਆਇਆ ਤਾਂ ਬੀਬੀ ਬਲਜੀਤ ਕੌਰ ਦੇ ਪ੍ਰੇਰਨ 'ਤੇ ਉਸਨੇ ਮਹਾਂਪੁਰਸ਼ਾਂ ਅੱਗੇ ਫਰਿਆਦ ਕੀਤੀ। ਮਹਾਂਪੁਰਸ਼ਾਂ ਨੇ ਉਸਨੂੰ ਰੋਜ਼ਾਨਾ ਸੁਖਮਨੀ ਸਾਹਿਬ ਅਤੇ ਜਪੁਜੀ ਸਾਹਿਬ ਦਾ ਪਾਠ ਕਰਕੇ ਪ੍ਰਮਾਤਮਾ ਅੱਗੇ ਅਰਦਾਸ ਕਰਨ ਨੂੰ ਕਿਹਾ। ਪਾਠ ਕਰਦਿਆਂ ਅਜੇ 2-3 ਹਫਤੇ ਹੀ ਬੀਤੇ ਹੋਣਗੇ ਕਿ ਇਸਦਾ ਘਰਵਾਲਾ ਘਰ ਆ ਗਿਆ ਅਤੇ ਹੁਣ ਇਹ ਪਿਆਰ ਭਰੀ ਜ਼ਿੰਦਗੀ ਬਸਰ ਕਰ ਰਹੇ ਹਨ।

ਗੁਰ ਕੀ ਬਾਣੀ ਜਿਸੁ ਮਨਿ ਵਸੈ ॥
ਦੂਖੁ ਦਰਦੁ ਸਭੁ ਤਾ ਕਾ ਨਸੈ ॥ (ਮ:5-1340)

ਨੌਵੀਂ ਬਾਰ ਮਹਾਂਪੁਰਸ਼ 28 ਅਕਤੂਬਰ, 2004 ਨੂੰ ਅਮਰੀਕਾ ਲਈ ਰਵਾਨਾ ਹੋਏ। ਕੋਈ 39 ਕੁ ਦਿਨ ਸੰਗਤਾਂ ਨੂੰ ਪ੍ਰਭੂ ਪਿਆਰ ਦੇ ਬਚਨਾਂ ਨਾਲ ਨਿਹਾਲ ਕਰਕੇ 6 ਦਸੰਬਰ, 2004 ਨੂੰ ਵਾਪਸ ਭਾਰਤ ਆ ਗਏ। ਇਹ ਅਮਰੀਕਾ ਦੀ ਧਰਤੀ 'ਤੇ ਮਹਾਂਪੁਰਸ਼ਾਂ ਦਾ ਆਖਰੀ ਫੇਰਾ ਸੀ।

ਮਹਾਂਪੁਰਸ਼ ਜਿੰਨੀ ਵਾਰ ਵੀ ਅਮਰੀਕਾ ਰਹੇ, ਰਿਹਾਇਸ਼ ਭਾਈ ਜੋਗਿੰਦਰ ਸਿੰਘ ਦੇ ਘਰ ਹੀ ਹੁੰਦੀ। ਜਦ ਕੈਨੇਡਾ ਗਏ ਤਾਂ ਭਾਈ ਸੁਰਜੀਤ ਸਿੰਘ ਅਤੇ ਬੀਬੀ ਬਲਜੀਤ ਕੌਰ ਵੈਨਕੂਵਰ ਦੇ ਘਰ ਰਹੇ। ਜਿਥੇ ਵੀ ਰਹਿੰਦੇ, ਪ੍ਰਭੂ ਦੀ ਉਸਤਤ ਹੀ ਕਰਦੇ ਰਹਿੰਦੇ। ਹਰ ਮਿਲਣ ਵਾਲੇ ਨੂੰ ਵੀ ਪ੍ਰਮਾਤਮਾ ਦਾ ਨਾਮ ਜਪਣ ਲਈ ਪ੍ਰੇਰਦੇ।

ਮਹਾਂਪੁਰਸ਼ਾਂ ਦਾ ਨਾਮ ਹੀ ਪਰਿਵਾਰ ਸੀ, ਨਾਮ ਹੀ ਘਰਬਾਰ ਸੀ ਅਤੇ ਨਾਮ ਹੀ ਜ਼ਿੰਦਗੀ ਸੀ। ਐਸੇ ਮਹਾਂਪੁਰਸ਼ ਤਾਂ ਪਾਰਸ ਦੀ ਤਰ੍ਹਾਂ ਹੁੰਦੇ ਹਨ ਜੋ ਵੀ ਸੰਪਰਕ ਵਿਚ ਆਇਆ ਸੋਨਾ ਹੀ ਹੋ ਗਿਆ। ਹਵਾ ਦੀ ਤਰ੍ਹਾਂ ਹੁੰਦੇ ਹਨ ਜੋ ਵੀ ਮਿਲਿਆ ਠੰਡਕ ਹੀ ਪਹੁੰਚਾਈ। ਧਰਤੀ ਦੀ ਤਰ੍ਹਾਂ ਹੁੰਦੇ ਹਨ ਜੋ ਜਿਉਂਦਿਆਂ ਦਾ ਵੀ ਸਾਥ ਨਿਭਾਉਂਦੇ ਹਨ ਅਤੇ ਮੋਇਆਂ ਦਾ ਵੀ। ਅਜਿਹੇ ਸੰਸਾਰ ਤਾਰਨ ਲਈ ਆਏ ਪੂਰਨ ਸਾਧੂਆਂ ਦੇ ਸਦਾ ਬਲਿਹਾਰੇ ਜਾਣਾ ਚਾਹੀਦਾ ਹੈ।

ਜਿਨਿ ਜਪਿਆ ਤਿਸ ਕਉ ਬਲਿਹਾਰ ॥
ਤਿਸ ਕੈ ਸੰਗਿ ਤਰੈ ਸੰਸਾਰ ॥ (ਮ:5-724)



# ਜਨ ਪਰਉਪਕਾਰੀ ਆਏ

ਉਹੀ ਜ਼ਿੰਦਗੀ ਅਮਰ ਹੈ ਜੋ ਦੂਜਿਆਂ ਵਾਸਤੇ ਜੀਵੀ ਜਾਵੇ। ਸੰਤ ਬਾਬਾ ਤੀਰਥ ਸਿੰਘ ਜੀ ਨੇ ਤਾਂ ਸਾਰੀ ਜ਼ਿੰਦਗੀ ਹੀ ਲੋਕਾਂ ਦੀ ਭਲਾਈ ਹਿੱਤ ਖਰਚ ਦਿੱਤੀ। ਪੁੰਨੀਆਂ ਦਾ ਵੀ ਭਲਾ ਕੀਤਾ, ਪਾਪੀਆਂ ਦਾ ਵੀ ਭਲਾ ਕੀਤਾ। ਪਰਉਪਕਾਰ ਤਾਂ ਸੰਤਾਂ ਦਾ ਸੁਭਾਅ ਸੀ। ਪੂਰਨ ਸਾਧ ਦਾ ਸੁਭਾਅ ਹੈ-ਪਰਉਪਕਾਰ। ਇਕ ਵਾਰ ਇਕ ਠੂੰਹਾਂ ਪਾਣੀ ਵਿਚ ਡੁੱਬ ਰਿਹਾ ਸੀ। ਜਦ ਕੋਲੋਂ ਲੰਘ ਰਹੇ ਇਕ ਫ਼ਕੀਰ ਨੇ ਵੇਖਿਆ ਤਾਂ ਮਨ ਦਇਆ ਨਾਲ ਭਰ ਗਿਆ। ਜਦ ਫ਼ਕੀਰ ਨੇ ਠੂੰਹੇਂ ਨੂੰ ਪਾਣੀ 'ਚੋਂ ਚੁੱਕਿਆ ਤਾਂ ਉਸਨੇ ਡੰਗ ਮਾਰ ਦਿੱਤਾ ਅਤੇ ਫਿਰ ਪਾਣੀ ਵਿਚ ਡਿੱਗ ਪਿਆ। ਦੂਜੀ ਵਾਰ, ਤੀਜੀ ਵਾਰ, ਚੌਥੀ ਵਾਰ....। ਜਦ ਕਈ ਵਾਰ ਇਸ ਤਰ੍ਹਾਂ ਹੀ ਵਾਪਰਿਆ ਤਾਂ ਨੇੜੇ ਖੜਾ ਇਕ ਭੱਦਰਪੁਰਸ਼ ਬੋਲਿਆ, "ਭਗਤ ਜੀ, ਜਦ ਉਹ ਡੰਗ ਮਾਰਦਾ ਹੈ ਤਾਂ ਤੁਸੀਂ ਇਸਨੂੰ ਵਾਰ-ਵਾਰ ਪਾਣੀ 'ਚੋਂ ਕੱਢਣ ਦੀ ਕੋਸ਼ਿਸ਼ ਕਿਉਂ ਕਰਦੇ ਹੋ?" ਤਾਂ ਫ਼ਕੀਰ ਨੇ ਬੜੀ ਨਿਮਰਤਾ ਨਾਲ ਕਿਹਾ ਕਿ ਭਾਈ ਡੰਗ ਮਾਰਨਾ ਉਸਦਾ ਸੁਭਾਅ ਹੈ, ਜਦ ਉਹ ਆਪਣਾ ਸੁਭਾਅ ਨਹੀਂ ਛੱਡਦਾ ਤਾਂ ਮੈਂ ਆਪਣਾ ਪਰਉਪਕਾਰ ਦਾ ਸੁਭਾਅ ਕਿਉਂ ਤਿਆਗਾਂ? ਸੰਤ ਬਾਬਾ ਤੀਰਥ ਸਿੰਘ ਜੀ ਦਾ ਵੀ ਸੁਭਾਅ ਸੀ-ਪਰਉਪਕਾਰ। ਪਰਉਪਕਾਰੀ ਹੋ ਕੌਣ ਸਕਦਾ ਹੈ?

ਪ੍ਰਭ ਕਉ ਸਿਮਰਹਿ ਸੇ ਪਰਉਪਕਾਰੀ ॥ (ਮ:5-263)

ਮਹਾਂਪੁਰਸ਼ਾਂ ਨੇ ਸਭ ਤੋਂ ਵੱਡਾ ਪਰਉਪਕਾਰ ਤਾਂ ਇਲਾਕੇ 'ਤੇ ਨਾਮ ਜਪਾਉਣ ਦਾ ਕੀਤਾ। ਅਜਿਹਾ ਪਰਉਪਕਾਰ ਜੋ ਸਭਨਾਂ ਦੇ ਦਿਲਾਂ ਵਿਚ ਭਲਾਈ ਜਗਾਉਂਦਾ ਹੈ। ਸੰਤਾਂ ਨੇ ਹੋਕਾ ਦਿੱਤਾ ਕਿ:

ਜਿਹ ਪ੍ਰਸਾਦਿ ਪਾਈ ਦ੍ਰੁਲਭ ਦੇਹ ॥
ਨਾਨਕ ਤਾ ਕੀ ਭਗਤਿ ਕਰੇਹ ॥
(ਮ:5-270)

ਗੋਬਿਦ ਭਜਨ ਬਿਨੁ ਬ੍ਰਿਥੇ ਸਭ ਕਾਮ ॥
ਜਿਉ ਕਿਰਪਨ ਕੇ ਨਿਰਾਰਥ ਦਾਮ ॥
(ਮ:5-269)

ਭਜਨ ਕੀਰਤਨ ਦੇ ਨਾਲ ਨਾਲ ਜਗਿਆਸੂਆਂ ਨੂੰ ਉਪਦੇਸ਼ ਦਿੱਤਾ ਕਿ

ਜੇਕਰ ਆਤਮਿਕ ਜੀਵਨ ਜਗਾਉਣਾ ਹੈ, ਅੰਦਰੋਂ ਬਾਹਰੋਂ ਹਰੀ ਦੇ ਵਿਸਮਾਦ ਰੰਗਣ ਵਿਚ ਰੰਗਿਆ ਹੋਇਆ ਪਰਤੀਤ ਕਰਨਾ ਹੈ ਤਾਂ ਗੁਰੂ ਵਾਲੇ ਬਣੋ।

ਅੰਮ੍ਰਿਤ ਨਾਮੁ ਨਿਧਾਨ ਹੈ
ਮਿਲਿ ਪੀਵਹੁ ਭਾਈ॥

ਸੰਤ ਬਾਬਾ ਤੀਰਥ ਸਿੰਘ ਜੀ ਨੇ ਗੁਰੂ ਦਾ ਦਰ ਭੁਲਾ ਚੁੱਕੇ ਜੀਵਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ ਅਤੇ ਅਣਗਿਣਤ ਪ੍ਰਾਣੀਆਂ ਨੂੰ ਗੁਰੂ ਵਾਲੇ ਬਣਾਇਆ। ਮਹਾਂਪੁਰਸ਼ਾਂ ਦੇ ਅੰਮ੍ਰਿਤ ਛਕਾਉਣ ਵਿਚ ਇਹੀ ਵਿਸ਼ੇਸ਼ਤਾ ਸੀ ਕਿ ਉਹਨਾਂ ਦੀ ਪ੍ਰੇਰਨਾ ਨਾਲ ਅੰਮ੍ਰਿਤ ਛਕਣ ਵਾਲਾ ਮੁੜ ਪਤਿਤ ਨਾ ਹੁੰਦਾ ਅਤੇ ਅੰਮ੍ਰਿਤ ਸੁਆਸਾਂ ਸੰਗ ਨਿਭਾਉਂਦਾ। ਇਸ ਤੋਂ ਵੱਡਾ ਪਰਉਪਕਾਰ ਹੋ ਹੀ ਕੀ ਸਕਦਾ ਹੈ। ਜੋ ਸਰੀਰ ਰਾਮ ਨਾਮ ਬਿਨਾਂ ਲੋਥ ਸਮਾਨ ਸੀ, ਜੋ ਬੂਟਾ ਜੜ੍ਹਾਂ ਤੋਂ ਵੱਖ ਹੋ ਕੇ ਕੁਮਲਾ ਰਿਹਾ ਸੀ ਉਹ ਨਾਮ ਦੇ ਪਾਣੀ ਨਾਲ ਹਰਿਆ ਭਰਿਆ ਕਰ ਦੇਣਾ।

ਇਹ ਮਿਰਤਕੁ ਮੜਾ ਸਰੀਰੁ ਹੈ ਸਭੁ ਜਗੁ ਜਿਤੁ ਰਾਮ ਨਾਮੁ ਨਹੀ ਵਸਿਆ॥
ਰਾਮ ਨਾਮੁ ਗੁਰਿ ਉਦਕੁ ਚੁਆਇਆ ਫਿਰਿ ਹਰਿਆ ਹੋਆ ਰਸਿਆ॥

(ਮ:4-1191)

ਜਨਮ ਜਨਮ ਤੋਂ ਭੁਲੇ ਭਟਕਿਆਂ ਨੂੰ ਗੁਰੂ ਦੇ ਲੜ ਲਾਉਣ ਦੇ ਨਾਲ-ਨਾਲ ਸੰਤ ਬਾਬਾ ਤੀਰਥ ਸਿੰਘ ਜੀ ਨੇ ਸਾਰੀ ਜ਼ਿੰਦਗੀ ਹੀ ਦੀਨ-ਦੁਖੀਆਂ ਦੀ ਭਲਾਈ ਵਿਚ ਲਾ ਦਿੱਤੀ। ਉਹਨਾਂ ਦੀਆਂ ਅੱਛਾਈਆਂ ਨੂੰ ਉਕਰਿਆ ਨਹੀਂ ਜਾ ਸਕਦਾ। ਜੇਕਰ ਕੋਈ ਸੱਚੀ ਲਗਨ ਅਤੇ ਸ਼ਰਧਾ ਨਾਲ ਜ਼ਿੰਦਗੀ ਦੇ ਕੁਝ ਪਲ ਨਿਸ਼ਕਾਮ ਸੇਵਾ ਵਿਚ ਲਾ ਦੇਵੇ ਤਾਂ ਉਸਦਾ ਜ਼ਿਕਰ ਕਰਨਾ ਮੁਸ਼ਕਲ ਹੋ ਜਾਂਦਾ ਹੈ। ਸੰਤ ਬਾਬਾ ਤੀਰਥ ਸਿੰਘ ਜੀ ਨੇ ਤਾਂ 29-30 ਸਾਲ ਤਨੋ, ਮਨੋ, ਧਨੋ ਸ਼ਾਮ ਚੁਰਾਸੀ ਦੇ ਇਲਾਕੇ ਦੀ ਸੇਵਾ ਕੀਤੀ। ਉਸਦਾ ਤਾਂ ਛਿਨ ਮਾਤਰ ਵਖਿਆਨ ਕਰਨਾ ਵੀ ਅਸੰਭਵ ਹੈ।

ਤੇਰੇ ਕਵਨ ਕਵਨ ਗੁਣ ਕਹਿ ਕਹਿ ਗਾਵਾਂ ਨੂੰ ਸਾਹਿਬ ਗੁਣੀ ਨਿਧਾਨਾ॥
ਤੁਮਰੀ ਮਹਿਮਾ ਬਰਨਿ ਨ ਸਾਕਉ ਤੂੰ ਠਾਕੁਰ ਊਚ ਭਗਵਾਨਾ॥

(ਮ:4-735)

ਉਹਨਾਂ ਵੱਲੋਂ ਕੀਤੇ ਸਮਾਜਿਕ ਭਲਾਈ ਦੇ ਕੰਮਾਂ ਵਿਚੋਂ ਕੁਝ ਦਾ ਪੇਤਲਾ-ਪੇਤਲਾ ਵਰਣਨ ਇਸ ਪ੍ਰਕਾਰ ਹੈ:-



ਸੜਕ ਨਿਰਮਾਣ:- ਸ਼ਾਮ ਚੁਰਾਸੀ ਨੂੰ ਸਾਰੋਬਾਦ ਅਤੇ ਮੁਹੱਦੀਪੁਰ ਨਾਲ ਜੋੜਨ ਵਾਲੀ ਸੜਕ ਕੱਚੀ ਸੀ। ਜ਼ਮੀਨ ਚੀਕਣੀ ਹੋਣ ਕਾਰਨ ਮੀਂਹ ਪੈਣ 'ਤੇ ਅਜਿਹਾ ਚਿੱਕੜ ਹੁੰਦਾ ਕਿ ਲੰਘਣਾ ਮੁਸ਼ਕਿਲ ਹੋ ਜਾਂਦਾ। ਰਾਹਗੀਰ ਤਿਲਕ ਜਾਂਦੇ। ਸਕੂਲਾਂ ਨੂੰ ਜਾ ਰਹੇ ਬੱਚੇ ਡਿੱਗ ਪੈਂਦੇ। ਕੱਪੜੇ ਖਰਾਬ ਹੋ ਜਾਂਦੇ। ਸੰਤਾਂ ਨੇ ਅਨੇਕ ਵਾਰ ਸੇਵਕਾਂ ਨੂੰ ਪ੍ਰੇਰ ਕੇ ਰਾਸਤੇ 'ਤੇ ਮਿੱਟੀ ਪੁਆਈ। ਕਈ ਵਾਰ ਭੱਠੇ ਤੋਂ ਮੰਗਵਾ ਕੇ ਕੇਰੀ ਪਵਾਈ। ਪਰ ਟਰੈਕਟਰ-ਟਰਾਲੀਆਂ ਕਾਰਨ ਰਾਸਤਾ ਖਰਾਬ ਹੋ ਜਾਂਦਾ ਅਤੇ ਬਰਸਾਤਾਂ ਵਿਚ ਹਾਲਾਤ ਫਿਰ ਜਿਉਂ ਦੇ ਤਿਉਂ ਹੀ ਬਣ ਜਾਂਦੇ। ਇਲਾਕੇ ਦੇ ਲੋਕਾਂ ਨੇ ਅਨੇਕ ਬਾਰ ਸਰਕਾਰੇ ਦਰਬਾਰੇ ਮੰਗ ਰੱਖੀ ਪਰ ਅਸਫਲ ਰਹੇ। ਸੰਤਾਂ ਨੇ ਸਭ ਤੋਂ ਪਹਿਲਾਂ ਹੁਸ਼ਿਆਰਪੁਰ ਵਿਖੇ ਪੀ. ਡਬਲਯੂ. ਡੀ. ਵਿਚ ਬਤੌਰ ਕਾਰਜਕਾਰੀ ਇੰਜੀਨੀਅਰ ਕੰਮ ਕਰ ਰਹੇ ਸ. ਬਲਵੀਰ ਸਿੰਘ ਸੇਖੋਂ ਨੂੰ ਪ੍ਰੇਰ ਕੇ ਸ਼ਾਮ ਚੁਰਾਸੀ ਤੋਂ ਅਸਥਾਨ ਤੱਕ ਪੱਕੀ ਸੜਕ ਬਣਾਈ। ਬੇਸ਼ੱਕ ਸ਼ਾਮ ਚੁਰਾਸੀ ਵੱਲ ਪੱਕੀ ਸੜਕ ਬਣ ਗਈ ਸੀ ਪਰ ਸਾਰੋਬਾਦ ਅਤੇ ਮੁਹੱਦੀਪੁਰ ਤੋਂ ਸੰਗਤ ਅਤੇ ਹੋਰ ਰਾਹਗੀਰ ਪਹਿਲਾਂ ਵਾਂਗ ਹੀ ਮੁਸ਼ਕਿਲਾਂ ਨਾਲ ਜੂਝ ਰਹੇ ਸਨ। ਜਦ ਸਰਕਾਰੀ ਤੌਰ 'ਤੇ ਨਾ ਗੱਲ ਬਣੀ ਤਾਂ ਮਹਾਂਪੁਰਸ਼ਾਂ ਨੇ ਧੰਨ-ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਓਟ ਆਸਰਾ ਲੈਂਦਿਆਂ ਸੜਕ ਨਿਰਮਾਣ ਦਾ ਬੀੜਾ ਆਪ ਚੁੱਕ ਲਿਆ। ਪਿੰਡ ਮੁਹੱਦੀਪੁਰ ਦੀ ਸੰਗਤ ਨੇ ਵਿਸ਼ੇਸ਼ ਤੌਰ 'ਤੇ ਆਸੇ-ਪਾਸੇ ਦੀ ਸੰਗਤ ਨਾਲ ਰਲ਼ਕੇ ਸੜਕ 'ਤੇ ਮਿੱਟੀ ਪਾਈ ਅਤੇ ਮਹਾਂਪੁਰਸ਼ਾਂ ਦੀ ਕਿਰਪਾ ਸਦਕਾ ਪਹਿਲਾਂ ਇਹ ਸੜਕ ਸ਼ਾਮ ਚੁਰਾਸੀ ਤੋਂ ਪਿੰਡ ਮੁਹੱਦੀਪੁਰ ਤੱਕ ਮੁਕੰਮਲ ਹੋ ਗਈ ਅਤੇ ਫਿਰ ਸਿਧੀ ਸਾਰੋਬਾਦ ਤੱਕ ਬਣਾ ਦਿੱਤੀ ਗਈ। ਇਸ ਸੜਕ ਬਣਨ ਨਾਲ ਏਨਾ ਸੁਖ ਮਿਲਿਆ ਕਿ ਹਰ ਰਾਹੀ ਸੰਤਾਂ ਦੇ ਗੁਣ ਗਾਉਂਦਾ। ਪਰ ਸੰਤ ਇਸਨੂੰ ਗੁਰੂ ਮਹਾਰਾਜ ਦੀ ਕਿਰਪਾ ਦਾ ਪ੍ਰਸ਼ਾਦ ਹੀ ਦੱਸਦੇ ਸਨ।

ਵਿੱਦਿਆ ਦਾ ਪ੍ਰਸਾਰ:- ਸੰਤ ਪਹਿਲੇ ਦਿਨ ਤੋਂ ਹੀ ਵਿੱਦਿਆ 'ਤੇ ਬਹੁਤ ਜ਼ੋਰ ਦਿੰਦੇ ਸਨ। ਜੋ ਬੱਚੇ ਅਸਥਾਨ 'ਤੇ ਰਿਹਾ ਕਰਦੇ ਸਨ, ਸੰਤ ਉਹਨਾਂ ਨੂੰ ਪੜ੍ਹਨ ਜ਼ਰੂਰ ਭੇਜਦੇ। ਸੰਤਾਂ ਦਾ ਵਿਚਾਰ ਸੀ ਕਿ ਵਿੱਦਿਆ ਪੜ੍ਹਨ ਨਾਲ ਗਿਆਨ ਹੁੰਦਾ ਹੈ ਅਤੇ ਗਿਆਨ ਸਾਨੂੰ ਪਰਉਪਕਾਰ ਸਿਖਾਉਂਦਾ ਹੈ।

ਵਿਦਿਆ ਵੀਚਾਰੀ ਤਾਂ ਪਰਉਪਕਾਰੀ॥ (ਮ:1-356)

ਜਦ ਲਾਇਲਪੁਰ ਖਾਲਸਾ ਹਾਇਰ ਸੈਕੰਡਰੀ ਸਕੂਲ ਸ਼ਾਮ ਚੁਰਾਸੀ



ਸੰਤ ਉਧਰਣ ਦਇਆਲੰ ਆਸਰੰ ਗੋਪਾਲ ਕੀਰਤਨਹ
ਨਿਰਮਲੰ ਸੰਤ ਸੰਗੇਣ ਓਟ ਨਾਨਕ ਪਰਮੇਸੁਰਹ



ਜਿਨ੍ਹਾ ਨ ਵਿਸਰੈ ਨਾਮੁ ਸੇ ਕਿਨੇਹਿਆ ॥
ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ ॥



ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ ॥
ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ ॥

ਵਾਲਿਆਂ ਨੇ ਮਹਾਂਪੁਰਸ਼ਾਂ ਕੋਲ ਮਦਦ ਲਈ ਪਹੁੰਚ ਕੀਤੀ ਤਾਂ ਆਪ ਨੇ ਸਕੂਲ ਵਿਚ ਬੱਚਿਆਂ ਲਈ ਲਾਇਬ੍ਰੇਰੀ ਦੇ ਨਾਲ-ਨਾਲ ਦੋ ਹੋਰ ਕਮਰੇ ਵੀ ਆਪਣੇ ਮੁਰਸ਼ਦ ਸੰਤ ਬਾਬਾ ਈਸ਼ਰ ਸਿੰਘ ਜੀ ਦੇ ਨਾਮ ’ਤੇ ਬਣਾ ਕੇ ਦਿੱਤੇ। ਜੇਕਰ ਕੋਈ ਹੋਰ ਸਕੂਲ ਵਾਲੇ ਵੀ ਕਿਸੇ ਤਰ੍ਹਾਂ ਦੀ ਮਦਦ ਦੀ ਮੰਗ ਕਰਦੇ ਤਾਂ ਸੰਤ ਇਨਕਾਰ ਨਹੀਂ ਸਨ ਕਰਦੇ। ਜਦ ਪਿੰਡ ਕੋਟਲੀ ਅਰਾਈਆਂ ਵਿਖੇ ਖੁੱਲ੍ਹਿਆ ਮਾਡਲ ਸਕੂਲ ਬੰਦ ਹੋਣ ਕਿਨਾਰੇ ਆ ਗਿਆ ਤਾਂ ਸਕੂਲ ਮੁਖੀ ਦੇ ਬੇਨਤੀ ਕਰਨ ’ਤੇ ਸੰਤਾਂ ਨੇ ਹਰ ਸੰਭਵ ਸਹਾਇਤਾ ਕੀਤੀ ਤਾਂ ਕਿ ਇਲਾਕੇ ਦੇ ਬੱਚਿਆਂ ਦਾ ਭਵਿੱਖ ਵਿੱਦਿਆ ਪੱਖੋਂ ਉਜਵਲ ਰਹੇ। ਮਹਾਂਪੁਰਸ਼ਾਂ ਨੇ ਉਸ ਸਕੂਲ ਨੂੰ ਬੱਚੇ ਢੋਣ ਲਈ ਗੱਡੀ ਪਾ ਕੇ ਦਿੱਤੀ ਅਤੇ ਆਪਣੇ ਹੀ ਇਕ ਸੇਵਾਦਾਰ ਮਲਕੀਤ ਸਿੰਘ ਫੰਬੀਆਂ ਦੀ ਡਿਊਟੀ ਡਰਾਈਵਰ ਵਜੋਂ ਲਾਈ ਅਤੇ ਇਸ ਬਦਲੇ ਸਕੂਲ ਤੋਂ ਕੋਈ ਪੈਸਾ ਨਾ ਵਸੂਲਿਆ ਜਾਂਦਾ।

**ਗੁਰੂ ਨਾਨਕ ਖਾਲਸਾ ਕਾਲਜ ਫ਼ਾਰ ਵਿਮੈਨ:-** ਸੰਤ ਬਾਬਾ ਤੀਰਥ ਸਿੰਘ ਜੀ ਨੇ ਸ਼ਾਮ ਚੁਰਾਸੀ ਵਿਖੇ ਲੀਜ਼ ਵਾਲੀ ਜ਼ਮੀਨ ਦਾ ਸਾਰਾ ਪੈਸਾ ਤਾਰਨ ਉਪਰੰਤ ਪਏ ਡੂੰਘੇ ਟੋਇਆਂ ਵਿਚ ਕੋਠੇ-ਕੋਠੇ ਸਾਨ ਭਰਤੀ ਪਾ ਕੇ ਸਮਤਲ ਕੀਤਾ ਅਤੇ ਇਲਾਕੇ ਦੀਆਂ ਕੁੜੀਆਂ ਨੂੰ ਉੱਚ ਵਿੱਦਿਆ ਦੇਣ ਲਈ 20-12-2003 ਨੂੰ ਗੁਰੂ ਨਾਨਕ ਖਾਲਸਾ ਕਾਲਜ ਫ਼ਾਰ ਵਿਮੈਨ ਦਾ ਨੀਂਹ ਪੱਥਰ ਰੱਖਿਆ। ਇਸ ਕਸਬੇ ਵਿਚ ਪਹਿਲਾਂ ਲੜਕੀਆਂ ਦੀ ਉੱਚ ਵਿੱਦਿਆ ਦਾ ਕੋਈ ਖਾਸ ਪ੍ਰਬੰਧ ਨਹੀਂ ਸੀ। ਸੰਤ ਬਾਬਾ ਤੀਰਥ ਸਿੰਘ ਜੀ ਦੇ ਅਸ਼ੀਰਵਾਦ ਅਤੇ ਸੇਵਕਾਂ ਦੇ ਸਹਿਯੋਗ ਨਾਲ ਜਲਦੀ ਹੀ ਕਾਲਜ ਦੀ ਸੁੰਦਰ ਇਮਾਰਤ ਬਣਕੇ ਤਿਆਰ ਹੋ ਗਈ। ਲੜਕੀਆਂ ਦੇ ਇਸ ਕਾਲਜ ਵਿਚ 10+1, 10+2, ਬੀ.ਏ-I, II ਅਤੇ III ਤੱਕ ਕਾਮਰਸ, ਆਰਟਸ, ਜਨਰਲ ਪੰਜਾਬੀ, ਅੰਗਰੇਜ਼ੀ, ਪੁਲੀਟੀਕਲ ਸਾਇੰਸ, ਇਤਿਹਾਸ, ਇਕਨੌਮਿਕਸ, ਪੰਜਾਬੀ-ਅੰਗਰੇਜ਼ੀ-ਹਿੰਦੀ ਆਦਿ ਦੀ ਪੜ੍ਹਾਈ ਕਰਵਾਈ ਜਾਂਦੀ ਹੈ। ਕਾਲਜ ਦੀ ਆਪਣੀ ਲਾਇਬ੍ਰੇਰੀ ਹੋਣ ਦੇ ਨਾਲ ਨਾਲ ਕੰਪਿਊਟਰ ਸਿੱਖਿਆ ਦਾ ਵੀ ਯੋਗ ਪ੍ਰਬੰਧ ਹੈ। ਕਾਲਜ ਵਿਚ ਪੜ੍ਹਾਈ ਦੇ ਨਾਲ ਨਾਲ ਧਾਰਮਿਕ ਵਿੱਦਿਆ ਵੀ ਦਿੱਤੀ ਜਾਂਦੀ ਹੈ। ਵਿਦਿਆਰਥਣਾਂ ਦੇ ਖੇਡਾਂ ਵਿਚ ਹਿੱਸਾ ਲੈਣ ਲਈ ਗਰਾਊਂਡ ਵੀ ਹੈ। ਅਜੇ ਵੀ ਇਸ ਕਾਲਜ ਦਾ ਵਿਕਾਸ ਜਾਰੀ ਹੈ। ਬਾਬਾ ਜੀ ਵੱਲੋਂ ਚਾਰ ਬੱਸਾਂ ਦਾ ਵੀ ਪ੍ਰਬੰਧ ਕੀਤਾ ਗਿਆ ਹੈ ਤਾਂ ਕਿ ਪਿੰਡਾਂ ਤੋਂ ਵਿਦਿਆਰਥਣਾਂ ਲਿਆਉਣ ਲਈ ਕੋਈ ਪ੍ਰੇਸ਼ਾਨੀ ਨਾ ਹੋਵੇ। ਕਾਲਜ ਦੀ ਇਮਾਰਤ ’ਤੇ ਸਾਰਾ ਖਰਚ ਕਰਨ ਤੋਂ ਇਲਾਵਾ



ਮਹਾਂਪੁਰਸ਼ ਬੱਸਾਂ ’ਤੇ, ਸਟਾਫ ਨੂੰ ਤਨਖਾਹਾਂ ਦੇਣ ’ਤੇ, ਲੈਬੋਰਟਰੀਜ਼ ਆਦਿ ’ਤੇ ਮਹੀਨਾਵਾਰ ਲੱਖਾਂ ਰੁਪਈਆਂ ਦਾ ਖਰਚਾ ਆਪਣੇ ਕੋਲੋਂ ਦਿੰਦੇ ਰਹੇ।

**ਸੰਤ ਬਾਬਾ ਈਸ਼ਰ ਸਿੰਘ ਖਾਲਸਾ ਸਕੂਲ:-** ਮਹਾਂਪੁਰਸ਼ਾਂ ਵੱਲੋਂ ਸ਼ਾਮ ਚੁਰਾਸੀ ਵਿਖੇ ਹੀ ਬੱਚਿਆਂ ਨੂੰ ਮਿਆਰੀ ਸਿੱਖਿਆ ਦੇਣ ਲਈ ਕਾਲਜ ਦੇ ਨਾਲ ਹੀ ਸੰਤ ਬਾਬਾ ਈਸ਼ਰ ਸਿੰਘ ਖਾਲਸਾ ਸਕੂਲ 10+2 ਤੱਕ ਕੋ-ਐਜੂਕੇਸ਼ਨ ਦੀ ਸਥਾਪਨਾ ਵੀ ਕੀਤੀ। ਸਕੂਲੀ ਬੱਚਿਆਂ ਲਈ ਵੀ ਕੰਪਿਊਟਰ ਸਿੱਖਿਆ ਦਾ ਪੂਰਾ ਪ੍ਰਬੰਧ ਹੈ। ਬੱਚਿਆਂ ਨੂੰ ਸਿੱਖੀ ਨਾਲ ਜੋੜਨ ਲਈ ਧਾਰਮਿਕ ਵਿੱਦਿਆ ਵੀ ਲਾਜ਼ਮੀ ਰੱਖੀ ਗਈ ਹੈ। ਸਕੂਲ ਹੋਵੇ ਜਾਂ ਕਾਲਜ ਬੱਚਿਆਂ ਤੋਂ ਬਹੁਤ ਹੀ ਮਾਮੂਲੀ ਫ਼ੀਸਾਂ ਲਈਆਂ ਜਾਂਦੀਆਂ ਅਤੇ ਜੋ ਬੱਚੇ ਫ਼ੀਸ ਦੇਣ ਤੋਂ ਅਸਮਰੱਥ ਹੁੰਦੇ ਸੰਤ ਉਹਨਾਂ ਦੀਆਂ ਫ਼ੀਸਾਂ ਆਪਣੇ ਕੋਲੋਂ ਭਰ ਦਿੰਦੇ ਸਨ। ਗਰੀਬ ਬੱਚਿਆਂ ਲਈ ਮੁਫ਼ਤ ਕਿਤਾਬਾਂ ਦਾ ਪ੍ਰਬੰਧ ਵੀ ਹੁੰਦਾ। ਸਕੂਲ ਅਤੇ ਕਾਲਜ ਦੇ ਹਰ ਸੈਸ਼ਨ ਦੀ ਸ਼ੁਰੂਆਤ ਯੁਗੋ ਯੁਗ ਅਟੱਲ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਓਟ ਆਸਰਾ ਲੈ ਕੇ ਕੀਤੀ ਜਾਂਦੀ ਅਤੇ ਬੱਚਿਆਂ ਲਈ ਸੰਤ ਸਮੇਂ ਸਮੇਂ ਆਪਣੀ ਮੌਜ ਅਨੁਸਾਰ ਵੰਨ-ਸੁਵੰਨਾ ਲੰਗਰ ਲਾਉਂਦੇ ਰਹਿੰਦੇ।

**ਗੁਰਧਾਮਾਂ ਦਾ ਨਿਰਮਾਣ:-** ਗੁਰਦੁਆਰਾ ਉਹ ਅਸਥਾਨ ਹੈ ਜਿਥੇ ਚਲਦਾ ਗੁਰਬਾਣੀ ਦਾ ਪ੍ਰਵਾਹ ਅਤੇ ਗੁਰੂ ਦਾ ਉਪਦੇਸ਼ ਚਸ਼ਮੇ ਦੇ ਪਾਣੀ ਦੀ ਤਰ੍ਹਾਂ ਫੁੱਟ ਕੇ ਆਪਣੇ ਬਿਗਾਨੇ ਸਭ ਹਿਰਦਿਆਂ ਨੂੰ ਸ਼ੀਤਲ ਕਰ ਦਿੰਦਾ ਹੈ ਅਤੇ ਨਾਮ ਵਿਹੂਣੀਆਂ ਮੁਰਝਾਈਆਂ ਰੂਹਾਂ ਹਰੀਆਂ ਭਰੀਆਂ ਹੋ ਜਾਂਦੀਆਂ ਹਨ। ਸੰਤ ਬਾਬਾ ਤੀਰਥ ਸਿੰਘ ਜੀ ਨੇ ਸਭ ਤੋਂ ਪਹਿਲਾਂ ਸ਼ਾਮ ਚੁਰਾਸੀ ਵਿਖੇ ਹੀ ਜਿਥੇ ਰਾੜਾ ਸਾਹਿਬ ਵਾਲੇ ਮਹਾਂਪੁਰਸ਼ ਸੰਤ ਈਸ਼ਰ ਸਿੰਘ ਜੀ ਕੀਰਤਨ ਕਰਕੇ ਗਏ ਸਨ-ਉਸ ਅਸਥਾਨ ਤੇ ਬਹੁਤ ਹੀ ਸੁੰਦਰ ਗੁਰਦੁਆਰਾ ਈਸ਼ਰਪੁਰੀ (ਰਾੜਾ ਸਾਹਿਬ) ਸ਼ਾਮ ਚੁਰਾਸੀ ਬਣਾਇਆ। ਜਿਸਦੀ ਦਰਸ਼ਨੀ ਡਿਓੜੀ ਦੇ ਸੱਜੇ ਪਾਸੇ ਸੁੰਦਰ ਬਗੀਚੀ ਚੰਗੇ ਢੰਗ ਨਾਲ ਬਣੀ ਅਤੇ ਸੰਭਾਲੀ ਹੋਈ ਹੈ, ਜੋ ਸਭ ਤੋਂ ਪਹਿਲਾਂ ਮਨ ਨੂੰ ਮੋਹ ਲੈਂਦੀ ਹੈ। ਡਿਓੜੀ ਦੇ ਨਾਲ ਕੁਝ ਕਮਰੇ ਵੀ ਬਣੇ ਹੋਏ ਹਨ ਜਿਥੇ ਗੁਰੂ ਘਰ ਦੇ ਸੇਵਕ ਰਿਹਾਇਸ਼ ਕਰਦੇ ਹਨ। ਖੱਬੇ ਪਾਸੇ ਗੱਡੀਆਂ ਆਦਿ ਖੜ੍ਹੀਆਂ ਕਰਨ ਲਈ ਜਗ੍ਹਾ ਬਣੀ ਹੋਈ ਹੈ। ਇਸੇ ਨਾਲ ਹੀ ਇਕ ਧਾਰਮਿਕ ਲਾਇਬ੍ਰੇਰੀ ਬਣੀ ਹੋਈ ਹੈ ਜਿਸਦੇ ਸਾਹਮਣੇ ਇਕ ਵੱਡ-ਅਕਾਰੇ ਦੀਵਾਨ ਹਾਲ ਵਿਚ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ



ਹਰਿ ਕਾ ਸੇਵਕੁ ਸੋ ਹਰਿ ਜੇਹਾ ॥
ਭੇਦੁ ਨ ਜਾਣਹੁ ਮਾਣਸ ਦੇਹਾ ॥




ਥਾਨ ਪਵਿਤ੍ਰਾ ਮਾਨ ਪਵਿਤ੍ਰਾ ਪਵਿਤ੍ਰ ਸੁਨਨ ਕਹਨਹਾਰੇ ॥
ਕਹੁ ਨਾਨਕ ਤੇ ਭਵਨ ਪਵਿਤ੍ਰਾ ਜਾ ਮਹਿ ਸੰਤ ਤੁਮ੍ਹਾਰੇ ॥

ਜੀ ਦਾ ਪ੍ਰਕਾਸ਼ ਕੀਤਾ ਹੋਇਆ ਹੈ। ਦਰਬਾਰ ਸਾਹਿਬ ਦੇ ਖੱਬੇ ਹੱਥ ਸੰਤ ਬਾਬਾ ਤੀਰਥ ਸਿੰਘ ਜੀ ਦਾ ਭੋਰਾ ਅਤੇ ਰਿਹਾਇਸ਼ ਲਈ ਕੁਝ ਹੋਰ ਕਮਰੇ ਬਣੇ ਹੋਏ ਹਨ ਜਿਹਨਾਂ ਦੇ ਨਾਲ ਹੀ ਗੁਰੂ ਦਾ ਅਤੁੱਟ ਲੰਗਰ ਵਰਤਾਉਣ ਲਈ ਲੰਗਰ ਹਾਲ ਬਣਿਆ ਹੋਇਆ ਹੈ ਜਿਥੇ ਅੱਠੋ ਪਹਿਰ ਲੰਗਰ ਵਰਤਦਾ ਰਹਿੰਦਾ ਹੈ। ਬਗੀਚੀ ਦੇ ਨਾਲ ਹੀ ਬੀਬੀਆਂ ਅਤੇ ਭਾਈਆਂ ਲਈ ਵੱਖ-ਵੱਖ ਇਸ਼ਨਾਨ ਅਤੇ ਸੁਚ ਘਰ ਬਣੇ ਹੋਏ ਹਨ। ਦਰਬਾਰ ਸਾਹਿਬ ਦੇ ਬਿਲਕੁਲ ਸਾਹਮਣੇ ਇਕ ਛੋਟੀ ਜਿਹੀ ਡਿਓੜੀ ਅਤੇ ਉਸਦੇ ਨਾਲ ਹੀ ਬਹੁਤ ਸੁੰਦਰ ਬਾਉਲੀ ਸਾਹਿਬ ਬਣੀ ਹੋਈ ਹੈ ਜਿਸ ਅੰਦਰ ਪਾਉੜੀਆਂ ਉੱਤਰ ਕੇ ਬਹੁਤ ਹੀ ਸੁੰਦਰ ਤਰੀਕੇ ਨਾਲ ਅੰਮ੍ਰਿਤ ਕੁੰਡ ਬਣਾਇਆ ਗਿਆ ਹੈ। ਬਾਉਲੀ ਵਿਚ ਬੜੇ ਮਹਾਰਾਜ ਦੀਆਂ ਯਾਦਾਂ ਹਨ ਅਤੇ ਇਸਦੇ ਆਸ ਪਾਸ ਸੇਵਕਾਂ/ਸਿੰਘਾਂ ਦੀ ਰਿਹਾਇਸ਼ ਲਈ ਕੁਝ ਹੋਰ ਕਮਰੇ ਹਨ।

ਗੁਰਦੁਆਰਾ ਈਸ਼ਰਪੁਰੀ ਸਾਹਿਬ ਦੇ ਨਿਰਮਾਣ ਦੇ ਨਾਲ ਨਾਲ ਸੰਤ ਬਾਬਾ ਤੀਰਥ ਸਿੰਘ ਜੀ ਨੇ ਹੋਰ ਵੀ ਅਨੇਕ ਗੁਰਦੁਆਰੇ ਬਣਾਏ। ਜਿਵੇਂ ਕਿ ਪਿੰਡ ਦਿਓਵਾਲ ਦਾ ਗੁਰਦੁਆਰਾ ਸਾਹਿਬ। ਪਿੰਡ ਦਿਓਵਾਲ ਦੀ ਬੀਬੀ ਚੰਨਣ ਕੌਰ ਦੀ ਇਕਲੌਤੀ ਧੀ ਬੀਬੀ ਗਿਆਨ ਕੌਰ ਦੀ ਝੋਲੀ ਔਲਾਦ ਤੋਂ ਸੱਖਣੀ ਸੀ। ਬੀਬੀ ਨੇ ਪੁੰਨ ਕਮਾਉਣ ਦਾ ਮਨ ਬਣਾਇਆ ਅਤੇ ਗੁਰਦੁਆਰਾ ਸਾਹਿਬ ਬਣਾਉਣ ਲਈ ਜ਼ਮੀਨ ਦਾਨ ਕਰਨ ਦਾ ਵਿਚਾਰ ਮਨ ਵਿਚ ਧਾਰ ਲਿਆ ਪਰ ਕਿਸੇ ਪੂਰਨ ਸੰਤ ਦੀ ਭਾਲ ਵਿਚ ਸੀ। ਜਦ ਬੀਬੀ ਅਨੇਕ ਸੰਤਾਂ ਨਾਲ ਭੇਂਟ ਵਾਰਤਾ ਕਰਨ ਦੇ ਬਾਵਜੂਦ ਵੀ ਕੋਈ ਫੈਸਲਾ ਨਾ ਲੈ ਸਕੀ ਤਾਂ ਇਸਨੇ ਇਕ ਦਿਨ ਭਾਈ ਅਵਤਾਰ ਸਿੰਘ ਦਿਓਵਾਲ ਦੇ ਘਰ ਸੰਤ ਬਾਬਾ ਤੀਰਥ ਸਿੰਘ ਜੀ ਦੇ ਦਰਸ਼ਨ ਕੀਤੇ। ਮਨ 'ਤੇ ਐਸਾ ਅਸਰ ਹੋਇਆ ਕਿ ਤਿੰਨ ਕਨਾਲ ਜ਼ਮੀਨ ਗੁਰਦੁਆਰਾ ਸਾਹਿਬ ਬਣਾਉਣ ਲਈ ਦਾਨ ਕਰ ਦਿੱਤੀ। ਮਹਾਂਪੁਰਸ਼ਾਂ ਨੇ ਬੀਬੀ ਦੀ ਭਾਵਨਾ ਵੇਖ ਕੇ ਗੁਰਦੁਆਰਾ ਸਾਹਿਬ ਬਣਾ ਦਿੱਤਾ। ਹੌਲੀ-ਹੌਲੀ ਸੰਗਰਾਂਦ ਮਨਾਉਣੀ ਸ਼ੁਰੂ ਕਰ ਦਿੱਤੀ ਅਤੇ ਦੀਬਾਣ ਲਾਉਣ ਲੱਗੇ। ਅੱਜਕੱਲ੍ਹ ਦਿਓਵਾਲ ਵਿਖੇ ਭਾਈ ਜਸਵਿੰਦਰ ਸਿੰਘ ਜੀ (ਸੰਤਾਂ ਦਾ ਸੇਵਕ) ਸੇਵਾ ਨਿਭਾਅ ਰਹੇ ਹਨ।

ਪਿੰਡ ਖਲਵਾਣੇ ਦੇ ਕਿਸੇ ਪ੍ਰੇਮੀ ਨੇ ਗੁਰਦੁਆਰਾ ਸਾਹਿਬ ਲਈ ਇਕ ਕਨਾਲ ਜਗ੍ਹਾ ਛੱਡੀ। ਅਜੇ ਕੰਧਾਂ ਹੀ ਖੜ੍ਹੀਆਂ ਹੋਈਆਂ ਸਨ ਕਿ ਮਾਇਆ ਦੀ ਘਾਟ ਕਾਰਣ ਕੰਮ ਰੁਕ ਗਿਆ। ਪਿੰਡ ਦੇ ਪਤਵੰਤਿਆਂ ਨੇ ਕਈ ਸੰਤਾਂ/ਸੇਵਾਦਾਰਾਂ



ਨੂੰ ਬੇਨਤੀ ਕੀਤੀ ਪਰ ਕੋਈ ਵੀ ਪੈਸੇ ਖਰਚਣ ਲਈ ਤਿਆਰ ਨਾ ਹੋਇਆ। ਕਈਆਂ ਨੇ ਤਾਂ ਗੁਰਦੁਆਰਾ ਸਾਹਿਬ ਨਾਮੇ ਕੋਈ ਹੋਰ ਜਾਇਦਾਦ ਜਾਂ ਜ਼ਮੀਨ ਨਾ ਹੋਣ ਕਾਰਨ ਘਾਟੇ ਦਾ ਸੌਦਾ ਸਮਝ ਕੇ ਹੀ ਇਨਕਾਰ ਕਰ ਦਿੱਤਾ। ਜਦ ਇਹਨਾਂ ਪ੍ਰੇਮੀਆਂ ਨੇ ਸੰਤਾਂ ਨੂੰ ਬੇਨਤੀ ਕੀਤੀ ਤਾਂ ਪਰਉਪਕਾਰੀ ਸੰਤਾਂ ਨੇ ਗੁਰਦੁਆਰਾ ਸਾਹਿਬ ਬਣਾ ਦਿੱਤਾ ਅਤੇ ਆਪਣਾ ਹੀ ਇਕ ਸਿੰਘ ਸੇਵਾ ਲਈ ਦੇ ਦਿੱਤਾ। ਅੱਜਕੱਲ੍ਹ ਇਥੇ ਭਾਈ ਕਸ਼ਮੀਰ ਸਿੰਘ ਜੀ ਸੇਵਾ ਨਿਭਾਅ ਰਹੇ ਹਨ। ਜਦ ਕਿਸੇ ਵੀ ਪਿੰਡ ਬਣ ਰਿਹਾ ਗੁਰਦੁਆਰਾ ਪੈਸੇ ਦੀ ਘਾਟ ਕਾਰਨ ਰੁਕ ਜਾਂਦਾ, ਉਥੋਂ ਦੇ ਲੋਕ ਸੰਤਾਂ ਕੋਲ ਬੇਨਤੀ ਕਰਦੇ ਤਾਂ ਸੰਤ ਲੋੜੀਂਦੀ ਸੇਵਾ ਕਰ ਦਿੰਦੇ। ਕਿਸੇ ਗੁਰਦੁਆਰਾ ਸਾਹਿਬ 'ਤੇ ਲੈਂਟਰ ਪੁਆ ਕੇ ਦਿੰਦੇ। ਕਿਤੇ ਸੀਮਿੰਟ ਦਾ ਟਰੱਕ ਭਿਜਵਾ ਦਿੰਦੇ। ਮਹਾਂਪੁਰਸ਼ ਜੇ ਕਿਸੇ ਗੁਰਦੁਆਰਾ ਸਾਹਿਬ ਦੀ ਨੀਂਹ ਰੱਖਣ ਵੀ ਜਾਂਦੇ ਤਾਂ ਕੁਝ ਨਾ ਕੁਝ ਸੇਵਾ ਵਿਚ ਹਿੱਸਾ ਪਾ ਕੇ ਆਉਂਦੇ। ਅਜਿਹੇ ਗੁਰਦੁਆਰਾ ਸਾਹਿਬ ਜਿਨ੍ਹਾਂ ਦਾ ਸੰਤਾਂ ਨੇ ਨੀਂਹ ਪੱਥਰ ਰੱਖਿਆ ਜਾਂ ਲੈਂਟਰ ਪੁਆ ਕੇ ਦਿੱਤਾ ਜਾਂ ਸੀਮਿੰਟ, ਇੱਟਾਂ, ਬਜਰੀ, ਸਰੀਆ ਆਦਿ ਦੀ ਸੇਵਾ ਕੀਤੀ ਜਾਂ ਮਾਇਕ ਸੇਵਾ ਕੀਤੀ ਉਹਨਾਂ ਵਿਚੋਂ ਕੁਝ ਪ੍ਰਮੁੱਖ ਨਾਮ ਇਸ ਪ੍ਰਕਾਰ ਹਨ:

- ਗੁਰਦੁਆਰਾ ਸਿੰਘ ਸਭਾ, ਸਾਰੋਬਾਦ
- ਗੁਰਦੁਆਰਾ ਰਵਿਦਾਸ ਮਹਾਰਾਜ ਸ਼ਾਮ ਚੁਰਾਸੀ
- ਗੁਰਦੁਆਰਾ ਨਿਰਮਲ ਕੁਟੀਆ ਕੜਿਆਣਾ
- ਗੁਰਦੁਆਰਾ ਸਾਹਿਬ ਸਫ਼ੀਪੁਰ
- ਗੁਰਦੁਆਰਾ ਰਵਿਦਾਸ ਮਹਾਰਾਜ ਸਾਰੋਬਾਦ
- ਗੁਰਦੁਆਰਾ ਰਵਿਦਾਸ ਮਹਾਰਾਜ ਕਾਠੇ ਅਧਿਕਾਰੇ
- ਗੁਰਦੁਆਰਾ ਸਾਹਿਬ ਤਾਰਾਗੜ੍ਹ
- ਗੁਰਦੁਆਰਾ ਰਵਿਦਾਸ ਮਹਾਰਾਜ ਕੜਿਆਣਾ
- ਗੁਰਦੁਆਰਾ ਸਾਹਿਬ ਕੋਟਲੀ ਅਰਾਈਆਂ
- ਗੁਰਦੁਆਰਾ ਰਵਿਦਾਸ ਮਹਾਰਾਜ ਵਡਾਲਾ ਮਾਹੀ
- ਗੁਰਦੁਆਰਾ ਸ਼ਹੀਦਾਂ ਨਨਕਾਣਾ ਸਾਹਿਬ ਧੁਦਿਆਲ
- ਗੁਰਦੁਆਰਾ ਸਾਹਿਬ ਨੈਣੋਵਾਲ

**ਦੁਖੀਆਂ ਦੇ ਦਰਦੀ:**- ਜਦ ਭਲਾਈ ਹੀ ਨਿਸ਼ਾਨਾ ਹੋਵੇ, ਜਦ ਪਰਉਪਕਾਰ

ਹੀ ਜ਼ਿੰਦਗੀ ਹੋਵੇ ਤਾਂ ਦੂਜਿਆਂ ਦਾ ਦਰਦ ਦਿਲ ਵਿਚ ਮਹਿਸੂਸ ਹੰਦਾ ਹੈ। ਦੁਖੀਆਂ ਦੇ ਹੰਝੂ ਆਪਣੀਆਂ ਅੱਖਾਂ ਵਿਚੋਂ ਕਿਰਦੇ ਹਨ। ਦੁਨੀਆਂ ਦੀਆਂ ਮੁਸ਼ਕਿਲਾਂ ਆਪਣੀਆਂ ਭਾਸਦੀਆਂ ਹਨ।

ਮਲੂਕਾ ਕੋਈ ਪੀਰ ਹੈ ਜੋ ਜਾਨੇ ਪਰ-ਪੀਰ।
ਜੋ ਪਰ ਪੀਰ ਨਾ ਜਾਨਈ ਸੋ ਕਾਫਿਰ ਬੇਪੀਰ।
(ਸੰਤ ਮਲੂਕ ਦਾਸ ਜੀ)

ਸੰਤਾਂ ਕੋਲ ਤਾਂ ਨਾਮ ਦੀ ਔਸ਼ਧੀ ਸੀ। ਜਦ ਵੀ ਕੋਈ ਦੁਖੀਆ ਆਉਂਦਾ ਤਾਂ ਆਪਣੀ ਕਿਰਪਾ ਦਾ ਇਕ ਕਿਣਕਾ ਮਾਤਰ ਦੇ ਦਿੰਦੇ। ਦੁਖ ਸੁੱਖਾਂ ਵਿਚ ਬਦਲ ਜਾਂਦੇ। ਨਾਲ ਹੀ ਸੰਤ ਸੁੱਖਾਂ ਦਾ ਆਧਾਰ ਵੀ ਦੱਸ ਦਿੰਦੇ:

ਗਾਵੀਐ ਸੁਣੀਐ ਮਨਿ ਰਖੀਐ ਭਾਉ ॥
ਦੁਖ ਪਰਹਰਿ ਸੁਖੁ ਘਰਿ ਲੈ ਜਾਇ ॥ (ਮ:5-2)

ਬਹੁਤ ਸਾਰੇ ਲੋਕ ਜਦ ਬਿਮਾਰ ਹੁੰਦੇ ਤਾਂ ਸੰਤਾਂ ਕੋਲ ਆਉਂਦੇ ਸਨ। ਸੰਤ ਆਪਣੇ ਕੋਲ ਕੁਝ ਆਮ ਜਿਹੀਆਂ ਗੋਲੀਆਂ ਰੱਖਦੇ। ਕਰਦੇ ਤਾਂ ਆਪਣੀ ਕਿਰਪਾ ਨਾਲ ਹੀ ਠੀਕ ਸਨ ਪਰ ਆਪਣੇ ਸਿਰ ਨਾ ਲੈਣ ਲਈ ਕੋਈ ਗੋਲੀ ਦੇ ਦਿੰਦੇ ਅਤੇ ਮਰੀਜ਼ ਠੀਕ ਹੋ ਜਾਂਦਾ। ਅਸਥਾਨ 'ਤੇ ਬਹੁਤ ਸਮਾਂ ਬੀਬੀ ਪਰਮਜੀਤ ਕੌਰ, ਬੀਬੀ ਸੁਖਜੀਤ ਕੌਰ, ਬੀਬੀ ਰਣਜੀਤ ਕੌਰ ਅਤੇ ਵੈਦ ਜਗੀਰ ਸਿੰਘ ਜੋ ਕਿਸੇ ਨਾ ਕਿਸੇ ਰੂਪ ਵਿਚ ਡਾਕਟਰੀ ਪੇਸ਼ੇ ਨਾਲ ਜੁੜੇ ਹੋਏ ਸਨ ਨੇ ਵਾਰੀ-ਵਾਰੀ ਸਮੇਂ ਸਮੇਂ 'ਤੇ ਬਾਬਾ ਜੀ ਦੇ ਹੁਕਮ ਅਨੁਸਾਰ ਲੋਕਾਂ ਨੂੰ ਮੁਫ਼ਤ ਦਵਾਈਆਂ ਵੀ ਦਿੱਤੀਆਂ। ਜਦ ਕੋਈ ਦੁਖੀਆ ਆਉਣਾ ਤਾਂ ਸੰਤਾਂ ਨੇ ਕਹਿਣਾ ਕਿ ਦਵਾਈ ਲਉ ਠੀਕ ਹੋ ਜਾਵੋਗੇ। ਸਭ ਠੀਕ ਹੋ ਜਾਣੇ। ਇਕ ਬਾਰ ਬੀਬੀ ਸੁਖਜੀਤ ਕੌਰ ਨੇ ਕਿਹਾ "ਮਹਾਰਾਜ, ਜੋ ਰੋਗੀ ਤੁਸੀਂ ਮੇਰੇ ਕੋਲ ਭੇਜਦੇ ਹੋ ਮੈਨੂੰ ਤਾਂ ਕੁਝ ਵੀ ਸਮਝ ਨਹੀਂ ਆਉਂਦਾ ਕਿ ਕਿਹੜੀ ਦਵਾ ਦਿਆਂ?" ਤਾਂ ਸੰਤ ਮੁਸਕਰਾ ਕੇ ਕਹਿੰਦੇ ਕਿ ਕੋਈ ਵੀ ਗੋਲੀ ਦੇ ਦਿਆ ਕਰੋ ਤੰਦਰੁਸਤੀ ਤਾਂ ਗੁਰੂ ਨਾਨਕ ਨੇ ਬਖ਼ਸ਼ਣੀ ਹੈ।

ਜੇਕਰ ਕਿਸੇ ਨੂੰ ਉੱਚ ਪੱਧਰੇ ਇਲਾਜ ਦੀ ਲੋੜ ਹੁੰਦੀ ਅਤੇ ਉਹ ਪੈਸਾ ਖਰਚਣ ਤੋਂ ਅਸਮਰੱਥ ਹੁੰਦਾ ਤਾਂ ਸੰਤ ਇਲਾਜ ਦਾ ਸਾਰਾ ਖਰਚਾ ਆਪ ਕਰਦੇ। ਜਦ ਪਿੰਡ ਮੁਹੱਦੀਪੁਰ ਤੋਂ ਬੀਬੀ ਗੁਰਦੇਵ ਕੌਰ ਦੇ ਪਤੀ ਭਾਈ ਉਂਕਾਰ ਸਿੰਘ ਦੀ ਲੱਤ ਸੱਟ ਲੱਗਣ 'ਤੇ ਕੀਤੀ ਅਣਗਹਿਲੀ ਕਾਰਨ ਗਲ਼ ਗਈ (Sepsis) ਤਾਂ



ਡੀ.ਐਮ.ਸੀ. ਲੁਧਿਆਣੇ ਇਲਾਜ ਲਈ ਜਾਣਾ ਪਿਆ। ਹਿੰਮਤ ਨਾ ਹੋਣ ਕਾਰਨ ਇਲਾਜ ਦਾ ਸਾਰਾ ਖਰਚਾ ਸੰਤਾਂ ਨੇ ਕੀਤਾ ਅਤੇ ਸੰਤਾਂ ਦੀ ਗੱਡੀ ਹੀ ਵਾਰ ਵਾਰ ਹਸਪਤਾਲ ਲੈ ਕੇ ਜਾਂਦੀ ਅਤੇ ਲੈ ਕੇ ਆਉਂਦੀ। ਹਸਪਤਾਲ ਵਿਚ ਇਲਾਜ ਦੌਰਾਨ ਖ਼ੂਨ ਦੀ ਜ਼ਰੂਰਤ ਪੈਣ 'ਤੇ ਵੀ ਸੰਤਾਂ ਨੇ ਆਪਣੇ ਸੇਵਕਾਂ ਨੂੰ ਹੀ ਭੇਜਿਆ। ਸੰਤ ਜਦ ਕੋਈ ਦੁਖੀਆ ਵੇਖਦੇ ਸਨ ਤਾਂ ਜਾਨ ਹੀ ਲੁਟਾ ਦਿੰਦੇ।

ਜੇਕਰ ਬੱਚੇ ਬਜ਼ੁਰਗ ਦੀ ਸੰਭਾਲ ਨਾ ਕਰਦੇ, ਬਿਮਾਰ ਹੁੰਦਾ ਜਾਂ ਇਲਾਜ ਦੀ ਲੋੜ ਹੁੰਦੀ ਤਾਂ ਸੰਤ ਆਪਣੇ ਕੋਲ ਲਿਆ ਕੇ ਇਲਾਜ ਕਰਵਾਉਂਦੇ। ਜੇ ਕੋਈ ਬੱਚਾ ਅਨਾਥ ਹੁੰਦਾ, ਪਰਵਰਿਸ਼ ਵਾਲਾ ਕੋਈ ਨਾ ਹੁੰਦਾ ਤਾਂ ਸੰਤ ਆਪਣੇ ਅਸਥਾਨ 'ਤੇ ਲਿਆ ਕੇ ਧਾਰਮਿਕ ਅਤੇ ਸੰਸਾਰਿਕ ਤਰਬੀਅਤ ਦਿੰਦੇ। ਜੇਕਰ ਕੋਈ ਗੁਰਦੁਆਰਾ ਸਾਹਿਬ ਵਿਖੇ ਆ ਕੇ ਕੁਮੱਤ ਵੀ ਵਰਤਦਾ ਤਾਂ ਸੰਤ ਅਸਥਾਨ ਤੋਂ ਕੱਢਦੇ ਨਾ। ਜਦ ਇਕ ਵਾਰ ਹਰ ਇਕ ਨਾਲ ਕੁਪੱਤ ਕਰਨ ਵਾਲੇ ਸਿੰਘ ਨੂੰ ਮਹਾਂਪੁਰਸ਼ਾਂ ਨੇ ਭਾਈ ਗੁਰਮੀਤ ਸਿੰਘ ਦੀ ਬੇਨਤੀ 'ਤੇ ਅਸਥਾਨ 'ਤੇ ਰੱਖ ਲਿਆ ਤਾਂ ਉਸਨੇ ਏਥੇ ਆ ਕੇ ਵੀ ਉਹੋ ਹੀ ਚਾਲੇ ਰੱਖੇ। ਚੰਗਾ ਖਾਣਾ ਅਤੇ ਮੰਦਾ ਬੋਲਣਾ ਉਸਦੇ ਸੁਭਾਅ ਦਾ ਅੰਗ ਬਣ ਚੁੱਕਾ ਸੀ। ਜਦ ਉਸਨੂੰ ਅਸਥਾਨ ਦੇ ਹੋਰ ਸਿੰਘਾਂ ਨੂੰ ਪ੍ਰੇਸ਼ਾਨ ਕਰਦਾ ਵੇਖਿਆ ਤਾਂ ਭਾਈ ਗੁਰਮੀਤ ਸਿੰਘ ਨੇ ਬੇਨਤੀ ਕੀਤੀ ਮਹਾਰਾਜ ਜੇ ਇਹ ਨਹੀਂ ਠੀਕ ਰਹਿੰਦਾ ਤਾਂ ਬੇਸ਼ੱਕ ਇਥੇ ਨਾ ਰੱਖੋ। ਸੰਤ ਬਾਬਾ ਤੀਰਥ ਸਿੰਘ ਜੀ ਮੁਸਕਰਾ ਕੇ ਕਹਿੰਦੇ:

ਨਿਰਧਨ ਕਉ ਧਨੁ ਤੇਰੋ ਨਾਉ ॥
ਨਿਥਾਵੇ ਕਉ ਨਾਉ ਤੇਰਾ ਥਾਉ ॥
ਨਿਮਾਨੇ ਕਉ ਪ੍ਰਭ ਤੇਰੋ ਮਾਨੁ ॥
ਸਗਲ ਘਟਾ ਕਉ ਦੇਵਹੁ ਦਾਨੁ ॥ (ਮ:5-266)

ਕਿ ਜੇ ਮਾਂ-ਬਾਪ ਨੇ, ਸਕੇ ਸਬੰਧੀਆਂ ਨੇ, ਦੀਨ-ਦੁਨੀਆਂ ਨੇ ਦੁਰਕਾਰ ਦਿੱਤਾ ਤਾਂ ਹੀ ਇਹ ਆਖਰ 'ਤੇ ਰੱਬ ਦੇ ਘਰ ਆਏ ਹਨ। ਜੇ ਇਸ ਦਰ ਨੇ ਵੀ ਨਕਾਰ ਦਿੱਤਾ ਤਾਂ ਫਿਰ ਇਹ ਕਿੱਥੇ ਜਾਣਗੇ? ਅਸੀਂ ਇਹਨਾਂ ਨੂੰ ਨਕਾਰ ਨਹੀਂ ਸਕਦੇ। ਕਿਉਂਕਿ ਜਦ ਰੱਬ ਕਿਸੇ ਵਿਚ ਬੁਰਾਈ ਨਹੀਂ ਵੇਖਦਾ ਤਾਂ ਅਸੀਂ ਕੌਣ ਹੁੰਦੇ ਹਾਂ ਵੇਖਣ ਵਾਲੇ।

**ਲੋੜਵੰਦਾਂ ਦੇ ਮਸੀਹਾ**:- ਸੰਤਾਂ ਦੇ ਦਰ 'ਤੇ ਢੁੱਕਿਆ ਲੋੜਵੰਦ ਕਦੇ ਖਾਲੀ

ਹੱਥੀਂ ਨਹੀਂ ਸੀ ਪਰਤਿਆ। ਸਵਾਲੀ ਕੋਈ ਵੀ ਹੋਵੇ ਖ਼ੈਰ ਜ਼ਰੂਰ ਮਿਲਦੀ। ਸੰਤ ਕਿਸੇ ਨੂੰ ਵੀ ਗੁਰੂ ਦਾ ਲੰਗਰ ਛਕਣ ਬਗੈਰ ਨਾ ਜਾਣ ਦਿੰਦੇ। ਭੁੱਖੇ ਨੂੰ ਰੋਟੀ, ਨੰਗੇ ਨੂੰ ਕੱਪੜਾ, ਬੇਘਰ ਨੂੰ ਛੱਤ ਅਤੇ ਨਿਰਧਨ ਨੂੰ ਧਨ ਬਖ਼ਸ਼ ਦਿੰਦੇ। ਜੋ ਗਰੀਬ ਮਹਿੰਗਾਈ ਦੇ ਜੁਗ ਵਿਚ ਆਪਣੀਆਂ ਲੜਕੀਆਂ ਦਾ ਵਿਆਹ ਨਾ ਕਰ ਸਕਦੇ ਸੰਤ ਆਪਣੇ ਹੱਥੀਂ ਉਨ੍ਹਾਂ ਦਾ ਵਿਆਹ ਕਾਰਜ ਅਸਥਾਨ 'ਤੇ ਕਰ ਦਿੰਦੇ। ਬਾਰਾਤ ਦੇ ਲੰਗਰ ਪਾਣੀ ਦਾ ਸਾਰਾ ਖਰਚਾ ਗੁਰੂ ਨਾਨਕ ਦੇ ਦਰ ਵੱਲੋਂ ਕਰ ਦਿੰਦੇ। ਜੇ ਕਿਤੇ ਹੋਰ ਜਾ ਕੇ ਵੀ ਗਰੀਬ ਕੁੜੀ ਦਾ ਵਿਆਹ ਕਰਨਾ ਪੈਂਦਾ ਤਾਂ ਸੰਤ ਝਿਜਕਦੇ ਨਹੀਂ ਸਗੋਂ ਬਕਾਇਦਾ ਇਹ ਪੁੰਨ ਆਪਣੇ ਹੱਥੀਂ ਕਰਦੇ। ਅਜਿਹੀਆਂ ਅਣਗਿਣਤ ਉਦਾਹਰਣਾਂ ਹਨ ਜੋ ਮੁੰਡੇ-ਕੁੜੀਆਂ ਦੇ ਵਿਆਹ ਸੰਤਾਂ ਨੇ ਆਪਣੇ ਪੱਲਿਓਂ ਕੀਤੇ। ਜੇਕਰ ਕੋਈ ਘਰ ਲਈ ਪੈਸੇ ਮੰਗਦਾ ਤਾਂ ਸੰਤ ਘਰ ਪਾ ਦਿੰਦੇ। ਜੇਕਰ ਕੋਈ ਪਲਾਟ ਦੀ ਮੰਗ ਕਰਦਾ ਤਾਂ ਸੰਤ ਪਲਾਟ ਲੈ ਦਿੰਦੇ।

ਜੇਕਰ ਕੋਈ ਘਰ ਦਾ ਖਰਚ ਚਲਾਉਣ ਲਈ ਰੁਜ਼ਗਾਰ ਮੰਗਦਾ ਤਾਂ ਸੰਤ ਸਕੂਲ, ਕਾਲਜ ਜਾਂ ਅਸਥਾਨ 'ਤੇ ਰੱਖ ਲੈਂਦੇ ਅਤੇ ਤਨਖਾਹ ਦੇਣੀ ਸ਼ੁਰੂ ਕਰ ਦਿੰਦੇ। ਅਨੇਕ ਸੇਵਕ ਗੁਰਦੁਆਰਾ ਸਾਹਿਬ ਵਿਖੇ ਤਨਖਾਹ 'ਤੇ ਕੰਮ ਕਰਿਆ ਕਰਦੇ ਸਨ। ਜਦ ਸੰਤ ਬਾਬਾ ਈਸ਼ਰ ਸਿੰਘ ਜੀ ਦੀ ਸਾਲਾਨਾ ਬਰਸੀ 'ਤੇ ਆਏ ਭਗਵੇ ਕੱਪੜਿਆਂ ਵਾਲੇ ਸੌਆਂ ਬੱਧੀ ਸਾਧੂ ਪੈਸਿਆਂ ਦੀ ਮੰਗ ਕਰਦੇ ਤਾਂ ਸੰਤ ਸਭ ਨੂੰ ਆਉਣ-ਜਾਣ ਦਾ ਖੁੱਲ੍ਹਾ ਖਰਚਾ ਦੇ ਕੇ ਭੇਜਦੇ।

ਬੇਸ਼ੱਕ ਕੋਈ ਸੰਤਾਂ ਦਾ ਸੇਵਕ ਸੀ ਜਾਂ ਨਹੀਂ। ਜਿਸਦੇ ਵੀ ਬੁੱਲਾਂ 'ਤੇ ਫ਼ਰਿਆਦ ਆਈ ਸੰਤਾਂ ਨੇ ਤੁਰੰਤ ਸੁਣੀ ਅਤੇ ਹਰ ਸੰਭਵ ਸਹਾਇਤਾ ਕੀਤੀ। ਇਕ ਵਾਰ ਪਿੰਡ ਰੰਧਾਵੇ ਬਰੋਟੇ ਦੇ ਗੁਰਦੁਆਰਾ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਬਿਰਧ ਹੋ ਜਾਣ ਕਾਰਨ ਨਵੇਂ ਲਿਆਉਣ ਦੀ ਜ਼ਰੂਰਤ ਸੀ। ਪਿੰਡ ਰੰਧਾਵੇ ਤੋਂ ਸ. ਜਰਨੈਲ ਸਿੰਘ ਅਤੇ ਭਾਈ ਗੁਰਦਿਆਲ ਸਿੰਘ ਜੜਾਮ ਜਦ ਇਸ ਸੰਬੰਧ ਵਿਚ ਸੰਤਾਂ ਨੂੰ ਮਿਲੇ ਤਾਂ ਸੰਤਾਂ ਨੇ ਆਪਣੀ ਗੱਡੀ ਭੇਜ ਕੇ ਹੁਸ਼ਿਆਰਪੁਰ ਤੋਂ ਸਰੂਪ ਲਿਆ ਕੇ ਦਿੱਤੇ ਅਤੇ ਕੋਈ ਪੈਸਾ ਵੀ ਨਾ ਲਿਆ ਅਤੇ ਇਹ ਸਿੰਘ ਸੰਤਾਂ ਦੇ ਪ੍ਰੇਮੀ ਬਣ ਗਏ। ਪਿੰਡ ਰਾਮੂ ਥਿਆੜਾ ਜ਼ਿਲ੍ਹਾ ਹੁਸ਼ਿਆਰਪੁਰ ਦਾ ਭਾਈ ਜੋਗਾ ਸਿੰਘ ਜੋ ਰਾੜਾ ਸਾਹਿਬ ਤੋਂ ਕੀਰਤਨ ਸਿੱਖ ਕੇ ਆਇਆ ਸੀ, ਕੋਲ ਨਾ ਤਾਂ ਸਾਜ਼ ਸੀ ਅਤੇ ਨਾ ਹੀ ਕੀਰਤਨ ਵਿਚ ਸਾਥ ਦੇਣ ਲਈ ਸਿੰਘ। ਜਦ ਇਸਨੇ ਪਹਿਲੀ



ਵਾਰ ਆ ਕੇ ਸੰਤ ਬਾਬਾ ਤੀਰਥ ਸਿੰਘ ਜੀ ਨੂੰ ਬੇਨਤੀ ਕੀਤੀ ਕਿ ਉਹ ਆਪਣੇ ਪਿੰਡ ਕਿਸੇ ਪ੍ਰੋਗਰਾਮ 'ਤੇ ਕੀਰਤਨ ਕਰਨਾ ਚਾਹੁੰਦਾ ਹੈ ਪਰ ਸਾਜ਼ੀ ਅਤੇ ਸਿੰਘ ਨਹੀਂ ਹਨ ਤਾਂ ਸੰਤ ਮੁਸਕਰਾ ਕੇ ਕਹਿੰਦੇ ਜਦ ਤੁਸੀਂ ਗੁਰਬਾਣੀ ਦਾ ਪ੍ਰਚਾਰ ਕਰਨ ਹਿੱਤ ਆਏ ਹੋ, ਕੀਰਤਨ ਕਰਨਾ ਹੈ ਤਾਂ ਇਹ ਗੱਡੀ (ਆਪਣੀ ਗੱਡੀ ਵੱਲ ਇਸ਼ਾਰਾ ਕਰਕੇ) ਵੀ ਤੁਹਾਡੀ ਹੈ ਅਤੇ ਸਿੰਘ ਵੀ ਤੁਹਾਡੇ ਹਨ। ਪਹਿਲੀ ਮਿਲਣੀ ਵਿਚ ਹੀ ਸੰਤਾਂ ਵਿਚ ਐਨੀ ਕ੍ਰਿਪਾਲਤਾ ਵੇਖ ਕੇ ਇਹ ਸੰਤਾਂ ਦਾ ਮੁਰੀਦ ਹੋ ਗਿਆ। ਜਦ ਪਿੰਡ ਚੋਮੋ (ਆਦਮਪੁਰ) ਤੋਂ ਸ. ਅਵਤਾਰ ਸਿੰਘ ਅਤੇ ਬੀਬੀ ਬਲਵੀਰ ਕੌਰ ਆਪਣੇ ਪਿਤਾ ਸ. ਜੋਗਿੰਦਰ ਸਿੰਘ ਸਮੇਤ ਪਿਤਾ ਪੁਰਖੀ ਜਾਇਦਾਦ ਵਿਚੋਂ ਹਿੱਸਾ ਨਾ ਮਿਲਣ ਕਾਰਣ ਸੰਤਾਂ ਦੀ ਸ਼ਰਣ ਵਿਚ ਆਏ ਤਾਂ ਦੂਜੀ ਧਿਰ ਸੰਤਾਂ ਦੀ ਸੇਵਕ ਹੋਣ ਦੇ ਬਾਵਜੂਦ ਆਪ ਨੇ ਸੱਚ ਦਾ ਸਾਥ ਦਿੱਤਾ ਅਤੇ ਇਹਨਾਂ ਗਰੀਬਾਂ 'ਤੇ ਮਿਹਰ ਕਰਦੇ ਹੋਏ ਜ਼ਮੀਨ ਦਾ ਫੈਸਲਾ ਕਰਵਾ ਕੇ ਦਿੱਤਾ। ਪਰ ਜ਼ਮੀਨ ਬਹੁਤ ਮਹਿੰਗੀ ਹੋਣ ਕਾਰਨ ਦੂਜੀ ਧਿਰ ਵਾਰ-ਵਾਰ ਮੁਕਰ ਜਾਇਆ ਕਰੇ।

ਬਚਨੁ ਕਰੇ ਤੈ ਖਿਸਕਿ ਜਾਇ ਬੋਲੇ ਸਭੁ ਕਚਾ ॥
ਅੰਦਰਹੁ ਥੋਥਾ ਕੂੜਿਆਰੁ ਕੂੜੀ ਸਭ ਖਚਾ ॥ (ਮ:5-1099)

ਅਜਿਹੇ ਹਾਲਾਤਾਂ ਵਿਚ ਸੰਤ ਹੀ ਸਨ ਜਿਹਨਾਂ ਦੀ ਬਦੌਲਤ ਗਰੀਬਾਂ ਨੂੰ ਹੱਕ ਮਿਲਿਆ ਅਤੇ ਭਾਈ ਅਵਤਾਰ ਸਿੰਘ ਹੁਰੀਂ ਸੰਤਾਂ ਦੇ ਪੱਕੇ ਸ਼ਰਧਾਲੂ ਬਣ ਗਏ। ਅੱਜ ਇਹ ਪਰਿਵਾਰ ਸੰਤਾਂ ਦੀ ਕਿਰਪਾ ਸਦਕਾ ਲੱਖਾਂ ਵਿਚ ਖੇਡ ਰਿਹਾ ਹੈ।

ਇਕ ਵਾਰ ਹੁਸ਼ਿਆਰਪੁਰ ਦਾ ਇਕ ਪ੍ਰੇਮੀ ਜਿਸ ਦਾ ਸਰਕਾਰੇ-ਦੁਆਰੇ ਕੰਮ ਅੜਿਆ ਹੋਣ ਕਾਰਣ ਪਰੇਸ਼ਾਨ ਸੀ। ਉਸਨੂੰ ਕਿਸੇ ਨੇ ਦੱਸਿਆ ਕਿ ਸ਼ਾਮ ਚੁਰਾਸੀ ਦੇ ਆਸ-ਪਾਸ ਇਕ ਸੰਤ ਰਹਿੰਦੇ ਹਨ ਜੋ ਬੜੇ-ਬੜੇ ਲੀਡਰਾਂ ਅਤੇ ਅਫ਼ਸਰਾਂ ਨਾਲ ਬਣਾ ਕੇ ਰੱਖਦੇ ਹਨ। ਜੇਕਰ ਉੱਥੇ ਜਾਵੇਂਗਾ ਤਾਂ ਤੇਰਾ ਮਸਲਾ ਹੱਲ ਹੋ ਜਾਵੇਗਾ। ਜਦ ਇਹ ਪ੍ਰੇਮੀ ਸ਼ਾਮ ਚੁਰਾਸੀ ਆਇਆ ਤਾਂ ਪੂਰਾ ਪਤਾ ਨਾ ਹੋਣ ਕਾਰਨ ਉਹਨਾਂ ਸੰਤਾਂ ਕੋਲ ਜਾਣ ਦੀ ਬਜਾਏ ਗੁਰਦੁਆਰਾ ਈਸ਼ਰਪੁਰੀ ਸਾਹਿਬ ਵਿਖੇ ਆ ਗਿਆ। ਇਸਨੇ ਸੰਤਾਂ ਨੂੰ ਮਿਲ ਕੇ ਆਪਣੀ ਸਮੱਸਿਆ ਹੱਲ ਕਰਨ ਲਈ ਬੇਨਤੀ ਕੀਤੀ। ਇਸ ਨੂੰ ਇਹ ਗੱਲ ਪਤਾ ਲਗਦਿਆਂ ਦੇਰ ਨਾ ਲੱਗੀ ਕਿ ਇਹਨਾਂ ਮਹਾਂਪੁਰਸ਼ਾਂ ਦੀ ਜ਼ਿੰਦਗੀ ਵਿਚ ਰਾਜਨੀਤੀ ਦੀ ਕੋਈ ਜਗ੍ਹਾ ਨਹੀਂ, ਇਹ ਤਾਂ ਨਿਰੋਲ ਸੰਤ ਹੀ ਹਨ ਅਤੇ ਮੈਂ 'ਗ਼ਲਤ' ਜਗ੍ਹਾ 'ਤੇ ਪਹੁੰਚ ਗਿਆ ਹਾਂ। ਪਰ ਸੰਤਾਂ ਨੇ

ਇਸਦੀ ਮੁਸ਼ਕਿਲ ਸੁਣੀ ਅਤੇ ਭਾਈ ਰਣਜੋਧ ਸਿੰਘ ਜੀ ਨੂੰ ਭੇਜ ਕੇ ਦਰਬਾਰ ਸਾਹਿਬ ਵਿਚ ਆਸ਼ੇ ਦੀ ਪੂਰਤੀ ਲਈ ਅਰਦਾਸ ਕਰਵਾ ਦਿੱਤੀ ਅਤੇ ਪ੍ਰੇਮੀ ਨੂੰ ਕੰਮ ਬਾਰੇ ਪਤਾ ਕਰਨ ਲਈ ਕਿਹਾ। ਅਗਲੇ ਦਿਨ ਜਦ ਉਹ ਪ੍ਰੇਮੀ ਗਿਆ ਤਾਂ ਉਸਦਾ ਕੰਮ ਹੋ ਗਿਆ ਸੀ। ਉਹ ਬਹੁਤ ਖੁਸ਼ ਹੋਇਆ ਅਤੇ ਮੁੜ ਅਸਥਾਨ 'ਤੇ ਆ ਕੇ ਪ੍ਰਸ਼ਾਦ ਚੜ੍ਹਾਇਆ ਅਤੇ ਸਭ ਸੇਵਕਾਂ ਨੂੰ ਹੱਡ-ਬੀਤੀ ਸੁਣਾ ਕੇ ਗਿਆ।

ਬੇਸ਼ੱਕ ਭਾਈ ਤਰਸੇਮ ਸਿੰਘ ਢੱਟ ਨੇ ਬਦਲੀ ਰੁਕਵਾਉਣ ਲਈ ਬੇਨਤੀ ਕੀਤੀ ਹੋਵੇ ਜਾਂ ਸ. ਸੁਰਿੰਦਰ ਪਾਲ ਸਿੰਘ ਧੁਦਿਆਲ ਨੇ, ਪਿੰਡ ਕਾਠੇ ਅਧਿਕਾਰੇ ਵਾਲਿਆਂ ਨੇ ਗਰੀਬ ਕੁੜੀਆਂ ਨੂੰ ਸਿਲਾਈ ਮਸ਼ੀਨਾਂ ਵੰਡਣ ਲਈ ਫਰਿਆਦ ਕੀਤੀ ਹੋਵੇ ਜਾਂ ਤੰਗੀ ਸਮੇਂ ਕਿਸੇ ਨੇ ਬੁੱਤਾ ਲਾਉਣ ਲਈ ਪੈਸਿਆਂ ਦੀ ਮੰਗ ਕੀਤੀ ਹੋਵੇ, ਸਭ ਨਿਹਾਲ ਹੀ ਹੁੰਦੇ ਗਏ। ਮਹਾਂਪੁਰਸ਼ ਸਰੀਰ ਵਿਚ ਰਹਿੰਦਿਆਂ ਰਹਿੰਦਿਆਂ ਆਖਰੀ ਪਲਾਂ ਤੱਕ ਪਰਉਪਕਾਰ ਹੀ ਪਰਉਪਕਾਰ ਕਰਦੇ ਰਹੇ। ਮਹਾਂਪੁਰਸ਼ਾਂ ਨੇ ਭਗਤੀ ਦੇ ਨਾਲ ਨਾਲ ਲੋਕਾਈ ਦੀ ਸੇਵਾ ਨੂੰ ਵੀ ਪ੍ਰਮੇਸ਼ਰ ਦੀ ਬੰਦਗੀ ਬਣਾ ਲਿਆ ਹੋਇਆ ਸੀ। ਐਸੇ ਮਹਾਨ ਪਰਉਪਕਾਰੀ ਫ਼ਕੀਰ ਬਾਰੇ ਕੁਝ ਲਿਖਣਾ ਸਾਡੇ ਜਿਹੇ ਮੂਰਖਾਂ ਦੇ ਵੱਸ ਦੀ ਗੱਲ ਨਹੀਂ। ਉਹਨਾਂ ਦੀ ਕਰਣੀ ਲਈ ਤਾਂ ਕਬੀਰ ਜੀ ਦਾ ਫੁਰਮਾਨ ਹੀ ਢੁਕਦਾ ਹੈ:-

ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਨੁ ॥

(ਕਬੀਰ ਜੀ,1370)

ਐਸੇ ਮਹਾਂਪੁਰਸ਼ਾਂ ਬਾਰੇ ਤਾਂ ਅੰਤਰਮਨ ਨਾਲ ਵੇਖਣ ਵਾਲੇ ਹੀ ਜਾਣ ਸਕਦੇ ਹਨ ਕਿ ਉਹਨਾਂ ਕਿਹੋ ਜਿਹਾ ਪਰਉਪਕਾਰੀ ਜੀਵਨ ਜੀਵਿਆ।



# ਨਾਨਕ ਲੀਨ ਭਇਓ ਗੋਬਿੰਦ ਸਿਉ

ਜਦ ਸੂਰਜ ਪ੍ਰਕਾਸ਼ ਬਖੇਰਦਾ ਹੈ ਤਾਂ ਧਰਤੀ ਰੌਸ਼ਨ ਹੋ ਜਾਂਦੀ ਹੈ। ਜਦ ਪੂਰਨ ਮਹਾਂਪੁਰਸ਼ ਪ੍ਰਕਾਸ਼ ਬਖੇਰਦੇ ਹਨ ਤਾਂ ਮਨ ਚਾਨਣ ਚਾਨਣ ਹੋ ਜਾਂਦੇ ਹਨ। ਦਿਲਾਂ 'ਤੇ ਸੱਚ ਦੀਆਂ ਸੁਰਾਂ ਛਿੜ ਜਾਂਦੀਆਂ ਹਨ, ਰੂਹਾਂ ਦੀਆਂ ਤਾਰਾਂ ਖੜਕ ਪੈਂਦੀਆਂ ਹਨ। ਤਨ ਮਨ ਇਕ ਲੈਅ ਵਿਚ ਝੂਮ ਉਠਦਾ ਹੈ। ਆਨੰਦ ਹੀ ਆਨੰਦ, ਖੇੜਾ ਹੀ ਖੇੜਾ ਹੋ ਜਾਂਦਾ ਹੈ। ਅਜਿਹਾ ਕ੍ਰਿਸ਼ਮਾ ਉਹੀ ਕਰ ਸਕਦੇ ਹਨ ਜੋ ਖ਼ੁਦ ਮੁਕਤ ਹੋਣ।

ਜੰਮਣੁ ਮਰਣਹੁ ਬਾਹਰੇ ਪਰਉਪਕਾਰੀ ਜਗ ਵਿਚਿ ਆਏ ॥
ਆਉ ਭਗਤਿ ਉਪਦੇਸੁ ਕਰਿ ਸਾਧ ਸੰਗਤਿ ਸਚਖੰਡਿ ਵਸਾਏ ॥

(ਭਾਈ ਗੁਰਦਾਸ ਜੀ)

ਜਨਮ ਮਰਣ ਤੋਂ ਰਹਿਤ ਇਹ ਮਹਾਂਪੁਰਸ਼ ਪ੍ਰਭੂ ਦੀ ਜੋਤ 'ਚੋਂ ਉਸਦੇ ਹੁਕਮ ਅੰਦਰ ਹੀ ਪ੍ਰਗਟ ਹੁੰਦੇ ਹਨ ਅਤੇ ਬੇਅੰਤ ਸੰਸਾਰੀਆਂ ਨੂੰ ਸੱਚ ਦਾ ਰਾਹ ਵਿਖਾਲ ਕੇ ਮੁੜ ਉਸਦੇ ਹੁਕਮ ਅੰਦਰ ਉਸੇ ਜੋਤ ਵਿਚ ਸਮਾਅ ਜਾਂਦੇ ਹਨ। ਸ਼ਬਦ ਲਈ ਆਉਂਦੇ ਹਨ, ਸ਼ਬਦ ਵਿਚ ਜਿਉਂਦੇ ਹਨ ਅਤੇ ਸ਼ਬਦ ਰੂਪ ਹੀ ਹੋ ਜਾਂਦੇ ਹਨ। ਕਿਉਂਕਿ ਨਾਮ ਹੀ ਉਹਨਾਂ ਦਾ ਸਭ ਕੁਝ ਹੁੰਦਾ ਹੈ।

ਨਾਮੁ ਧੰਨੁ ਨਾਮੁ ਸੁਖ ਰਾਜਾ ਨਾਮੁ ਕੁਟੰਬ ਸਹਾਈ ॥
ਨਾਮੁ ਸੰਪਤਿ ਗੁਰਿ ਨਾਨਕ ਕਉ ਦੀਈ ਓਹ ਮਰੈ ਨ ਆਵੈ ਜਾਈ ॥

(ਮ:5-497)

ਅਜਿਹੇ ਸਾਧੂ ਮਰਦੇ ਨਹੀਂ, ਹਮੇਸ਼ਾ ਜਿਉਂਦੇ ਹਨ। ਮੌਤ ਇਹਨਾਂ ਲਈ ਖ਼ੌਫ਼ ਨਹੀਂ ਜ਼ਰੀਆ ਹੈ ਉਸ ਪੂਰਨ ਪੁਰਖ ਵਿਚ ਅਭੇਦ ਹੋ ਜਾਣ ਦਾ। ਉਸ ਪਰਮ ਆਤਮਾ ਵਿਚ ਸਮਾਅ ਜਾਣ ਦਾ, ਲਹਿਰ ਵਾਂਗ ਮੁੜ ਸਾਗਰ ਵਿਚ ਹੀ ਅਲੋਪ ਹੋ ਜਾਣ ਦਾ।

ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੈ ਮਨ ਆਨੰਦੁ ॥
ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ ॥

(ਕਬੀਰ ਜੀ,1365)

ਸੰਤ ਬਾਬਾ ਤੀਰਥ ਸਿੰਘ ਜੀ ਨੇ ਵੀ ਅਕਾਲ ਪੁਰਖ ਦੇ ਹੁਕਮ ਅੰਦਰ ਤਨ

ਦਾ ਵੇਸ ਧਾਰਿਆ ਹੋਇਆ ਸੀ। ਹੁਕਮ ਦੇ ਬੱਧੇ ਸੰਸਾਰ ਵਿਚ ਵਿਚਰ ਰਹੇ ਸਨ। ਸਭ ਨੂੰ ਹਵਾ ਦੇ ਝੌਂਕੇ ਵਾਂਗ ਸ਼ੀਤਲਤਾ ਪ੍ਰਦਾਨ ਕਰਦੇ। ਬਰਖਾ ਦੇ ਪਾਣੀ ਵਾਂਗ ਤਪਦਿਆਂ ਹਿਰਦਿਆਂ ਦੇ ਥਲਾਂ ਨੂੰ ਠਾਰਦੇ। ਰੂਹਾਨੀਅਤ ਦੇ ਪ੍ਰਕਾਸ਼ ਨਾਲ ਮਨ ਚਾਨਣ ਚਾਨਣ ਕਰ ਦਿੰਦੇ। ਪੂਰਨ ਬ੍ਰਹਮ ਗਿਆਨੀ ਸਨ-ਬ੍ਰਹਮ ਦੇ ਗਿਆਤਾ। ਬ੍ਰਹਮ 'ਚ ਘਟਨ ਵਾਲੀ ਕਿਸੇ ਵੀ ਘਟਨਾ ਦਾ ਗਿਆਨ ਰੱਖਦੇ ਸਨ। ਇਕ ਸਾਲ ਪਹਿਲਾਂ ਹੀ ਸੰਤ ਜੀ ਨੇ ਆਪਣਾ ਸਰੀਰ ਸਮੇਟਣ ਦੇ ਸੰਕੇਤ ਦੇਣੇ ਸ਼ੁਰੂ ਕਰ ਦਿੱਤੇ ਸਨ। ਹੱਥ ਵਿਚ ਖੂੰਡੀ ਫੜਨੀ ਸ਼ੁਰੂ ਕਰ ਦਿੱਤੀ। ਸੰਨ 2004 ਵਿਚ ਸੰਤ ਬਾਬਾ ਤੀਰਥ ਸਿੰਘ ਜੀ ਬਿਭੌਰ ਸਾਹਿਬ ਗਏ। ਉਥੇ ਬੀਬੀ ਬਲਵੀਰ ਕੌਰ ਦੇ ਅਸਥਾਨ 'ਤੇ ਰਾੜੇ ਵਾਲੇ ਮਹਾਂਪੁਰਸ਼ਾਂ ਦੀ ਬਰਸੀ ਮਨਾਈ ਜਾ ਰਹੀ ਸੀ। ਜਦ ਵਾਪਸੀ 'ਤੇ ਗੱਡੀ ਵਿਚ ਬਹਿਣ ਲੱਗੇ ਤਾਂ ਆਪਣੇ ਸੇਵਕਾਂ ਨੂੰ ਕਹਿੰਦੇ, "ਬਈ ਹੁਣ ਅਸੀਂ ਵੀ ਅਗਲੇ ਸਾਲ ਇਥੇ ਹੀ ਆ ਜਾਣਾ ਹੈ। ਸੁਣਿਆ ਤਾਂ ਸਭ ਸੇਵਕਾਂ ਦੇ ਚਿਹਰੇ ਉਤਰ ਗਏ। ਕਿਸੇ ਦੀ ਪੁੱਛਣ ਦੀ ਹਿੰਮਤ ਨਾ ਹੋਈ। ਸੰਨ 2004 ਵਿਚ ਜਦ ਸੰਤ ਅਮਰੀਕਾ ਗਏ ਹੋਏ ਸਨ ਤਾਂ ਇਕ ਸ਼ਾਮ ਪ੍ਰਸ਼ਾਦਾ ਛਕਣ ਉਪਰੰਤ ਭਾਈ ਜੋਗਿੰਦਰ ਸਿੰਘ (ਜਿਸਦੇ ਘਰ ਰਹਿੰਦੇ ਸਨ) ਨੂੰ ਕਹਿੰਦੇ, "ਬਈ ਸਾਡੇ ਨਾਲ ਦੇ ਸਭ ਜਾਈ ਜਾਂਦੇ ਹਨ ਸੰਤ ਵਰਿਆਮ ਸਿੰਘ ਜੀ ਵੀ ਚਲੇ ਗਏ, ਸੰਤ ਠਾਕੁਰ ਸਿੰਘ ਜੀ ਵੀ ਚਲੇ ਗਏ, ਹਰਖੋ ਵਾਲੀਏ ਸੰਤ ਵੀ ਚਲੇ ਗਏ, ....... ਹੁਣ ਤਾਂ ਸਾਨੂੰ ਵੀ ਜਾਣਾ ਪੈਣਾ ਹੈ।" ਇਹੀ ਬਚਨ ਅਮਰੀਕਾ ਤੋਂ ਆ ਕੇ ਭਾਈ ਸੁਖਦੇਵ ਸਿੰਘ ਮਸਾਣੀਆਂ ਨਾਲ ਵੀ ਕੀਤੇ। ਇਕ ਦਿਨ ਜਦ ਭਾਈ ਗੁਰਮੀਤ ਸਿੰਘ ਨਮਸ਼ਕਾਰ ਕਰਕੇ ਮਹਾਂਪੁਰਸ਼ਾਂ ਕੋਲ ਬੈਠਿਆ ਤਾਂ ਕਹਿੰਦੇ, "ਬਈ ਗੁਰਮੀਤ ਸਿੰਘ, ਸੰਤ ਜਦੋਂ ਚਾਹੁਣ ਸਰੀਰ ਤਿਆਗ ਸਕਦੇ ਹਨ। ਅਸੀਂ ਵੀ ਹੁਣ ਸਰੀਰ ਤਿਆਗ ਦੇਣਾ ਹੈ।" ਤਿੰਨ ਮਹੀਨੇ ਪਹਿਲਾਂ ਜਦ ਪਿੰਡ ਖੱਖਾਂ ਤੋਂ ਬੀਬੀ ਗੁਰਦੀਪ ਕੌਰ ਦਰਸ਼ਨਾਂ ਲਈ ਆਈ ਤਾਂ ਮਹਾਂਪੁਰਸ਼ਾਂ ਆਪਣੇ ਆਸਣ 'ਤੇ ਨਹੀਂ ਸਨ। ਕੁਝ ਸਮੇਂ ਬਾਅਦ ਜਦ ਮਿਲੇ ਤਾਂ ਬੀਬੀ ਕਹਿੰਦੀ ਮਹਾਰਾਜ ਜਦ ਤੱਕ ਇਧਰ ਆ ਕੇ ਤੁਹਾਡੇ ਦਰਸ਼ਨ ਨਾ ਕਰੀਏ ਗੱਲ ਨਹੀਂ ਬਣਦੀ। ਮਹਾਂਪੁਰਸ਼ ਦਰਬਾਰ ਸਾਹਿਬ ਵੱਲ ਹੱਥ ਕਰਕੇ ਕਹਿੰਦੇ, "ਬੀਬੀ ਉਧਰ ਹੀ ਆਇਆ ਕਰੋ ਹੁਣ ਸਾਡੀਆਂ ਗੱਲਾਂ ਤਾਂ ਉੱਥੇ ਹੀ ਹਨ।" ਮਹਾਂਪੁਰਸ਼ ਹਰ ਸਾਲ ਅਮਰੀਕਾ ਜਾਇਆ ਕਰਦੇ ਸਨ। ਪਰ ਸੰਨ 2005 ਵਿਚ ਅਮਰੀਕਾ ਜਾਣ ਦਾ ਕੋਈ ਪ੍ਰੋਗਰਾਮ ਨਹੀਂ ਬਣਾਇਆ। ਇਕ ਦਿਨ ਜਦ ਜਲੰਧਰ ਪੀ.ਏ.ਪੀ.



ਤੋਂ ਭਾਈ ਸੁਖਮੰਦਰ ਸਿੰਘ ਨੇ ਪੁੱਛਿਆ, "ਮਹਾਰਾਜ ਤੁਸੀਂ ਅਮਰੀਕਾ ਨਹੀਂ ਜਾਣਾ ?" ਤਾਂ ਸੰਤ ਕਹਿੰਦੇ ਬਈ ਇਸ ਵਾਰ ਨਹੀਂ ਜਾਣਾ, ਕਈ ਵਾਰ ਸੰਤ ਬਾਹਰ ਗਏ ਹੀ ਰਹਿ ਜਾਂਦੇ ਹਨ।"

ਹਰ ਸਾਲ ਰਾੜੇ ਸਾਹਿਬ ਵਾਲਿਆਂ ਦਾ ਜੋੜ ਮੇਲਾ ਅਕਤੂਬਰ (ਅੱਸੂ ਦੀ ਪੁੰਨਿਆ) ਵਿਚ ਮਨਾਇਆ ਜਾਂਦਾ। ਪਿਛਲੇ ਕਈ ਸਾਲ ਤੋਂ ਪੀ.ਏ.ਪੀ. ਤੋਂ ਬੈਂਡ ਮੰਗਵਾਇਆ ਜਾਂਦਾ। ਇਸ ਵਾਰ ਮਹਾਂਪੁਰਸ਼ਾਂ ਨੇ ਜੋੜ ਮੇਲਾ ਇਕ ਮਹੀਨਾ ਪਹਿਲਾਂ ਸਤੰਬਰ ਵਿਚ ਮਨਾਉਣ ਦਾ ਫੈਸਲਾ ਲੈ ਲਿਆ। ਜੋ ਫੌਜੀ ਬੈਂਡ ਪਹਿਲਾਂ ਹੀ ਬੁਕ ਕਰਵਾ ਲਿਆ ਜਾਂਦਾ, 2005 ਵਿਚ ਉਹ ਵੀ ਬੁਕ ਨਹੀਂ ਕਰਵਾਇਆ। ਬਰਸੀ ਤੋਂ ਪਹਿਲਾਂ ਅਸਥਾਨ ਵਿਖੇ ਸਫੈਦੀ ਦਾ ਕੰਮ ਚੱਲ ਰਿਹਾ ਸੀ ਜੋ ਕੁਝ ਦਿਨ ਪਹਿਲਾਂ ਬੰਦ ਕਰਵਾ ਦਿੱਤਾ। ਕਹਿੰਦੇ ਬਈ ਅਸੀਂ ਤਾਂ ਜਿੰਨਾ ਕਰਵਾਉਣਾ ਸੀ ਕਰਵਾ ਦਿੱਤਾ ਹੁਣ ਅਗਲੇ ਸਾਲ ਆਪੇ ਹੀ ਹੋਈ ਜਾਊ। ਗਰਮੀ ਦੇ ਦਿਨਾਂ ਵਿਚ ਇਕ ਦਿਨ ਭਾਈ ਗੁਰਪ੍ਰੀਤ ਸਿੰਘ ਕੀਰਤਨੀਏ ਨੂੰ ਕਹਿੰਦੇ, "ਬਈ ਗਰਮੀ-ਸਰਦੀ ਵੀ ਤਦ ਤੱਕ ਹੀ ਲੱਗਦੀ ਹੈ ਜਦ ਤੱਕ ਸਰੀਰ ਵਿਚ ਪ੍ਰਾਣ ਹਨ। ਜੇ ਪ੍ਰਾਣ ਹੀ ਨਾ ਰਹੇ ਤਾਂ ਸਰੀਰ ਨੂੰ ਭਾਵੇਂ ਫਰੀਜ਼ਰ ਵਿਚ ਰੱਖੀ ਜਾਓ, ਕੀ ਫਰਕ ਪੈਂਦਾ ਹੈ।" ਕੁਝ ਸਮਾਂ ਪਹਿਲਾਂ ਤਾਂ ਮਹਾਂਪੁਰਸ਼ਾਂ ਨੇ ਸਭ ਸੇਵਾਦਾਰਾਂ ਨਾਲ ਰਮਜ਼ ਭਰੇ ਬਚਨ ਕਰਨੇ ਸ਼ੁਰੂ ਕਰ ਦਿੱਤੇ ਸਨ। ਸੰਗਤ ਦੇ ਅੰਦਰ ਇਹ ਗੱਲ ਤਾਂ ਧੁਖ ਰਹੀ ਸੀ ਕਿ ਮਹਾਂਪੁਰਸ਼ਾਂ ਨੇ ਸਰੀਰ ਤਿਆਗ ਦੇਣਾ ਹੈ ਜਿਸਦਾ ਸੋਗਮਈ ਧੂੰਆਂ ਸਭ ਦੇ ਚਿਹਰਿਆਂ 'ਤੇ ਮਹਿਸੂਸ ਕੀਤਾ ਜਾ ਸਕਦਾ ਸੀ, ਪਰ ਫਿਰ ਵੀ ਮਹਾਂਪੁਰਸ਼ਾਂ ਦੇ ਹੁਕਮ ਅੰਦਰ ਜੋੜ ਮੇਲੇ ਦੀ ਤਿਆਰੀ ਧੂਮ ਧਾਮ ਨਾਲ ਹੋ ਰਹੀ ਸੀ। ਬੇਹਿਸਾਬ ਸੰਗਤ ਆਉਣ ਨੂੰ ਮੱਦੇਨਜ਼ਰ ਰੱਖਦਿਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਸਨ। ਅਖੰਡ ਪਾਠਾਂ ਦੀ ਲੜੀ ਆਰੰਭ ਹੋ ਚੁੱਕੀ ਸੀ। ਬਰਸੀ 14 ਤੋਂ 18 ਸਤੰਬਰ 2005 ਤੱਕ ਮਨਾਈ ਜਾਣੀ ਸੀ। ਬਰਸੀ ਵਿਚ ਤਿੰਨ ਦਿਨ ਰਹਿੰਦਿਆਂ ਮਹਾਂਪੁਰਸ਼ ਭਾਈ ਅਮਰੀਕ ਸਿੰਘ ਨੂੰ ਇਕ ਸ਼ਾਮ ਕਹਿੰਦੇ, "ਬਈ ਜਦੋਂ ਸਰੀਰ ਬਿਰਧ ਹੋ ਜਾਵੇ ਤਾਂ ਫਿਰ ਤਿਲਕਣ ਦਾ ਖਤਰਾ ਰਹਿੰਦਾ ਹੈ। ਜੇ ਡਿੱਗਣ ਕਾਰਨ ਸੱਟ ਚੋਟ ਲੱਗ ਜਾਵੇ ਤਾਂ ਫਿਰ ਹਸਪਤਾਲ ਗਿਆ ਬੰਦਾ ਵਾਪਸ ਨਹੀਂ ਮੁੜਦਾ।" ਮਹਾਂਪੁਰਸ਼ਾਂ ਦੁਆਰਾ ਵਾਰ ਵਾਰ ਕੀਤੇ ਜਾ ਰਹੇ ਬੈਰਾਗਮਈ ਬਚਨਾਂ ਦਾ ਪ੍ਰਭਾਵ ਸਭ ਸੇਵਕਾਂ ਦੇ ਚਿਹਰਿਆਂ 'ਤੇ ਝਲਕਦਾ ਸੀ। ਕੁਝ ਸੇਵਕਾਂ ਨੇ ਤਾਂ ਮਹਾਂਪੁਰਸ਼ਾਂ ਦੀ ਲੰਮੀ ਉਮਰ ਦੀਆਂ

ਅਰਦਾਸ ਬੇਨਤੀਆਂ ਵੀ ਸ਼ੁਰੂ ਕਰ ਦਿੱਤੀਆਂ ਸਨ। ਮਹਾਂਪੁਰਸ਼ਾਂ ਨੇ ਜੋੜ ਮੇਲੇ ਲਈ ਪੰਡਾਲ ਦੀ ਤਿਆਰੀ ਕਰਵਾਈ। ਲਾਈਟਾਂ ਲਗਵਾਈਆਂ। ਬੀਬੀਆਂ ਅਤੇ ਭਾਈਆਂ ਦੇ ਲਈ ਅਲੱਗ ਅਲੱਗ ਲੰਗਰ ਛਕਾਉਣ ਦਾ ਖੁੱਲ੍ਹੀ ਜਗ੍ਹਾ 'ਤੇ ਆਰਜ਼ੀ ਪ੍ਰਬੰਧ ਕਰਵਾਇਆ।

14 ਸਤੰਬਰ ਨੂੰ ਬੜੇ ਜੋਸ਼ੋ-ਖਰੋਸ਼ ਨਾਲ ਸਮਾਗਮ ਸ਼ੁਰੂ ਹੋ ਗਏ। ਰੋਜ਼ ਦੀਬਾਣ ਸਜਾਏ ਜਾਂਦੇ। ਸੰਗਤ ਦਾ ਵਿਸ਼ਾਲ ਇਕੱਠ ਗੁਰਬਾਣੀ ਕੀਰਤਨ ਪ੍ਰਵਾਹ ਦਾ ਆਨੰਦ ਮਾਣਦਾ। 16 ਸਤੰਬਰ ਦੀਬਾਣ ਦੀ ਸਮਾਪਤੀ ਉਪਰੰਤ ਮਹਾਂਪੁਰਸ਼ ਸੇਵਕਾਂ ਨਾਲ ਬੈਠੇ ਰਾਤ 12/12:30 ਵਜੇ ਤੱਕ ਬਚਨ-ਬਿਲਾਸ ਕਰਦੇ ਰਹੇ। ਫਿਰ ਸਭ ਆਪੋ ਆਪਣਿਆਂ ਕਮਰਿਆਂ ਵਿਚ ਚਲੇ ਗਏ। ਭਾਈ ਅਮਰੀਕ ਸਿੰਘ ਦਾ ਲੜਕਾ ਪ੍ਰਭਜੋਤ ਜਿਸਨੂੰ ਮਹਾਂਪੁਰਸ਼ ਅਤਿਅੰਤ ਪ੍ਰੇਮ ਕਰਿਆ ਕਰਦੇ ਸਨ ਉਹਨਾਂ ਨਜ਼ਦੀਕ ਹੀ ਸੁੱਤਾ ਪਿਆ ਸੀ। ਇਹ 16 ਸਤੰਬਰ ਰਾਤੀਂ 1:15 ਜਾਂ ਕਹਿ ਲਉ ਕਿ 17 ਸਤੰਬਰ ਅੰਮ੍ਰਿਤ ਵੇਲੇ ਸਵਾ ਇਕ ਵਜੇ ਦਾ ਸਮਾਂ ਸੀ। ਪ੍ਰਭਜੋਤ ਸਿੰਘ ਦੌੜਾ-ਦੌੜਾ ਆਇਆ ਤੇ ਆਪਣੇ ਪਿਤਾ ਭਾਈ ਅਮਰੀਕ ਸਿੰਘ ਨੂੰ ਕਹਿੰਦਾ ਕਿ ਬਾਬਾ ਜੀ ਬੁਲਾ ਰਹੇ ਹਨ। ਮਹਾਂਪੁਰਸ਼ ਇਸ਼ਨਾਨ ਕਰਕੇ ਭੋਰੇ ਵਿਚ ਜਾ ਰਹੇ ਸਨ ਕਿ ਖੂੰਡੀ ਤਿਲਕ ਗਈ। ਜਦ ਅਮਰੀਕ ਸਿੰਘ ਨੇ ਜਾ ਕੇ ਵੇਖਿਆ ਤਾਂ ਮਹਾਂਪੁਰਸ਼ ਮੰਜੇ 'ਤੇ ਬੈਠੇ ਸਨ ਅਤੇ ਉਹਨਾਂ ਦੀ ਸੱਜੀ ਬਾਂਹ ਟੁੱਟ ਚੁੱਕੀ ਸੀ। ਜਦ ਸੇਵਕਾਂ ਨੂੰ ਪਤਾ ਲੱਗਾ ਤਾਂ ਅੱਖਾਂ ਅੱਗੇ ਹਨ੍ਹੇਰਾ ਛਾ ਗਿਆ। ਪੈਰਾਂ ਹੇਠੋਂ ਜ਼ਮੀਨ ਨਿਕਲ ਗਈ। ਹੱਥ ਪੈਰ ਜਿਵੇਂ ਸੁੰਨ ਹੋ ਗਏ ਹੋਣ। ਮਹਾਂਪੁਰਸ਼ਾਂ ਨੂੰ ਹਸਪਤਾਲ ਲਿਜਾ ਕੇ ਮੁੱਢਲੀ ਡਾਕਟਰੀ ਸਹਾਇਤਾ ਦੁਆਈ ਗਈ। ਡਾਕਟਰਾਂ ਨੇ ਦਿਨ ਸਮੇਂ ਆਪ੍ਰੇਸ਼ਨ ਕਰਨ ਲਈ ਕਿਹਾ। ਸੰਤ ਵਾਪਸ ਅਸਥਾਨ 'ਤੇ ਆ ਗਏ। ਦਿਨ ਸਮੇਂ ਜਦ ਸੇਵਕਾਂ ਨੇ ਹਸਪਤਾਲ ਚੱਲਣ ਲਈ ਬੇਨਤੀ ਕੀਤੀ ਤਾਂ ਮਹਾਂਪੁਰਸ਼ ਕਹਿੰਦੇ, "ਬਈ ਸਭ ਕੁਝ ਉਸਦੇ ਭਾਣੇ ਅੰਦਰ ਹੀ ਹੋ ਰਿਹਾ ਹੈ। ਜੇ ਗੁਰੂ ਨਾਨਕ ਨੇ ਜੋੜਨੀ ਹੋਈ ਤਾਂ ਏਦਾਂ ਵੀ ਜੋੜ ਦੇਵੇਗਾ। ਸਤਪੁਰਸ਼ਾਂ ਦੀ ਬਰਸੀ ਦਾ ਸਮਾਗਮ ਚੱਲ ਰਿਹਾ ਹੈ ਅਸੀਂ ਛੱਡ ਕੇ ਨਹੀਂ ਜਾਣਾ। ਸਰੀਰ ਸਾਡੇ ਕਿਸ ਕੰਮ ਆਉਣਾ ਹੈ।"

ਜਦ ਸੇਵਕਾਂ ਨੇ ਸੁਣਿਆ ਤਾਂ ਚੁੱਪ ਕਰ ਗਏ। ਰਾਤ ਸਮੇਂ ਸਿਹਤ ਵਧੇਰੇ ਖਰਾਬ ਹੋਣ ਕਾਰਨ ਕਦੇ ਵੀ ਬਚਨ ਨਾ ਮੋੜਨ ਵਾਲੇ ਸਿੰਘ, ਸੰਤਾਂ ਦੇ ਮਨ੍ਹਾਂ ਕਰਨ ਦੇ ਬਾਵਜੂਦ ਪਿਆਰ ਵੱਸ ਹੋ ਕੇ ਆਦਮਪੁਰ ਹਸਪਤਾਲ ਵਿਖੇ ਲੈ ਗਏ ਜਿਥੋਂ 18



ਸਤੰਬਰ ਨੂੰ ਦਿਨ ਸਮੇਂ ਕੇ.ਜੀ.ਐੱਮ. ਹਸਪਤਾਲ ਜਲੰਧਰ ਵਿਖੇ ਲਿਜਾਇਆ ਗਿਆ। ਆਪ੍ਰੇਸ਼ਨ ਕਾਮਯਾਬ ਹੋ ਗਿਆ। ਡਾ. ਕੁਲਵੰਤ ਸਿੰਘ ਨੇ ਮਹਾਂਪੁਰਸ਼ਾਂ ਦਾ ਬਹੁਤ ਇੱਜ਼ਤ ਮਾਣ ਕੀਤਾ। ਕੋਈ ਬੰਦਿਸ਼ ਨਹੀਂ ਲਾਈ। ਹਸਪਤਾਲ ਮਾਨੋ ਗੁਰਦੁਆਰਾ ਸਾਹਿਬ ਵਿਚ ਹੀ ਬਦਲ ਗਿਆ ਹੋਵੇ। ਸੰਤਾਂ ਦੇ ਦਰਸ਼ਨ ਕਰਨ ਵਾਲਿਆਂ ਦੀਆਂ ਲੰਬੀਆਂ ਲਾਈਨਾਂ ਲੱਗਣ ਲੱਗੀਆਂ। ਹਸਪਤਾਲ ਵਿਚ ਹੀ ਲੰਗਰ ਚੱਲ ਪਿਆ। ਜੋ ਵੀ ਸੇਵਕ ਵੇਖਣ ਆਉਂਦਾ ਚਾਹ-ਪਾਣੀ ਤੋਂ ਬਿਨਾਂ ਨਾ ਜਾਣ ਦਿੱਤਾ ਜਾਂਦਾ। ਮਹਾਂਪੁਰਸ਼ਾਂ ਨੇ ਸਾਰੇ ਹਸਪਤਾਲ ਵਿਚ ਕਈ ਵਾਰ ਸਮੋਸਿਆਂ, ਪਕੌੜਿਆਂ, ਫਲਾਂ ਆਦਿ ਦਾ ਲੰਗਰ ਲਾਇਆ। ਇਲਾਕੇ ਦੇ ਸਭ ਲੋਕਾਂ ਦਾ ਮਨ ਜੋੜ ਮੇਲੇ ਵਿਚ ਨਾ ਲੱਗਿਆ। ਸਭ ਸੁਸ਼ੋਭਿਤ ਸਨ ਪਰ ਸੰਤ ਬਾਬਾ ਤੀਰਥ ਸਿੰਘ ਜੀ ਵਾਲਾ ਖਾਲੀ ਆਸਣ ਸੰਗਤ ਨੂੰ ਰੜਕ ਰਿਹਾ ਸੀ। ਸਭ ਨਿਗਾਹਾਂ ਆਪਣੇ ਪਿਆਰੇ ਦੀ ਭਾਲ ਕਰ ਰਹੀਆਂ ਸਨ। ਪਿਆਰੇ ਬਿਨਾ ਤਾਂ ਭਰੇ ਮੇਲੇ ਵੀ ਉਜਾੜ ਲੱਗਦੇ ਹਨ। ਸਭ ਅੰਦਰ ਹੀ ਅੰਦਰ ਹੰਝੂਆਂ ਦਾ ਸੈਲਾਬ ਰੋਕੀ ਬੈਠੇ ਸਨ। ਦੁੱਖਾਂ ਦਾ ਹੜ੍ਹ ਬੰਨ੍ਹੀ ਬੈਠੇ ਸਨ।

ਸੋ ਹਰਿ ਕਾ ਪਿਆਰਾ ਸੋ ਸਭਨਾ ਕਾ ਪਿਆਰਾ ॥
ਹੋਰ ਕੇਤੀ ਝਖਿ ਝਖਿ ਆਵੈ ਜਾਵੈ ॥ (ਮ:3-555)

ਜਦ ਸੇਵਕ ਮਹਾਂਪੁਰਸ਼ਾਂ ਦੇ ਦਰਸ਼ਨ ਕਰਨ ਹਸਪਤਾਲ ਜਾਂਦੇ ਤਾਂ ਲੱਗਦਾ ਜਿਵੇਂ ਬਿਲਕੁਲ ਅਰੋਗ ਹੋਣ। ਨਾ ਆਵਾਜ਼ ਵਿਚ ਦਰਦ, ਨਾ ਚਿਹਰੇ 'ਤੇ ਦੁੱਖਾਂ ਦਾ ਅਹਿਸਾਸ। ਮਹਾਂਪੁਰਸ਼ ਬਿਮਾਰ ਪਏ ਪਏ ਵੀ ਸਭ ਦੀ ਸੁਖ-ਸਾਂਦ ਪੁੱਛਦੇ ਅਤੇ ਮਨੋਕਾਮਨਾਵਾਂ ਪੂਰੀਆਂ ਕਰ ਰਹੇ ਸਨ। ਪਿੰਡ ਧਾਮੀਆਂ ਤੋਂ ਬੀਬੀ ਬਲਵੀਰ ਕੌਰ ਪਤਨੀ ਸ. ਗੁਰਮੇਲ ਸਿੰਘ ਜਦ ਸੰਤ ਜੀ ਦੇ ਦਰਸ਼ਨ ਕਰਨ ਹਸਪਤਾਲ ਗਈ ਤਾਂ ਆਪ ਟੇਢੇ ਲੇਟੇ ਹੋਏ ਸਨ। ਬੀਬੀ ਦੇ ਮਨ ਵਿਚ ਫ਼ੁਰਨਾ ਬਣਿਆ ਕਿ ਰੱਬਾ ਜੇ ਮਹਾਂਪੁਰਸ਼ ਮੈਨੂੰ ਸਿੱਧੇ ਹੋ ਕੇ ਦਰਸ਼ਨ ਦੇ ਦਿੰਦੇ ਤਾਂ ਮੇਰਾ ਆਉਣਾ ਸਫਲ ਹੋ ਜਾਂਦਾ। ਜਦ ਫ਼ੁਰਨਾ ਬਣਿਆ ਤਾਂ ਮਹਾਂਪੁਰਸ਼ਾਂ ਨੇ ਮਾੜੇ ਜਿਹੇ ਨੇਤਰ ਖੋਲ੍ਹ ਕੇ ਬੀਬੀ ਵੱਲ ਵੇਖਿਆ ਅਤੇ ਫਿਰ ਆਪਣੇ ਸੇਵਕਾਂ ਨੂੰ ਕਿਹਾ ਕਿ ਸਾਨੂੰ ਉਠਾ ਕੇ ਬਿਠਾ ਦਿਓ। ਤਕਲੀਫ਼ ਵਿਚ ਹੋਣ ਦੇ ਬਾਵਜੂਦ ਬੀਬੀ ਬਲਵੀਰ ਕੌਰ ਨੂੰ ਉਸਦੀ ਮਨ ਦੀ ਮੁਰਾਦ ਅਨੁਸਾਰ ਦਰਸ਼ਨ ਦੇ ਦਿੱਤੇ।

ਕੁਝ ਦਿਨ ਬਾਅਦ ਮਹਾਂਪੁਰਸ਼ ਠੀਕ ਹੋਕੇ ਅਸਥਾਨ 'ਤੇ ਆ ਗਏ। ਸਭ

ਸੰਗਤਾਂ ਹਾਲ-ਚਾਲ ਪੁੱਛਣ ਲਈ ਉਮੜ ਪਈਆਂ। ਸਭ ਖੁਸ਼ ਸਨ ਕਿ ਮਹਾਂਪੁਰਸ਼ ਠੀਕ ਹੋ ਗਏ। ਪਰ ਸੱਚ ਤਾਂ ਇਹ ਸੀ ਕਿ ਮਹਾਂਪੁਰਸ਼ ਬਿਮਾਰ ਸੀ ਹੀ ਨਹੀਂ। ਇਹ ਤਾਂ ਸਰੀਰ ਤਿਆਗਣ ਦਾ ਬਹਾਨਾ ਬਣਾ ਰਹੇ ਸਨ। ਡਾਕਟਰ ਆਪ ਜਲੰਧਰ ਤੋਂ ਪੱਟੀ ਕਰਨ ਗੁਰਦੁਆਰਾ ਈਸ਼ਰਪੁਰੀ ਸਾਹਿਬ ਆਉਂਦਾ ਰਿਹਾ। ਕੁਝ ਦਿਨ ਬਾਅਦ ਸੇਵਕ ਸੰਤਾਂ ਨੂੰ ਯੂਰਿਕ ਐਸਿਡ ਵਧਣ ਕਾਰਨ ਮੁੜ ਜਲੰਧਰ ਕੇ.ਜੀ.ਐੱਮ. ਹਸਪਤਾਲ ਲੈ ਗਏ। ਉਸ ਦਿਨ ਜਦ ਸੰਤ ਜੀ ਜਾਣ ਲੱਗੇ ਤਾਂ ਚਿਹਰੇ ਦਾ ਨੂਰ ਵੇਖਣ ਲਾਇਕ ਸੀ। ਇਸ ਤਰ੍ਹਾਂ ਲੱਗਦਾ ਸੀ ਜਿਵੇਂ ਅਕਾਲ ਪੁਰਖ ਆਪ ਬੈਠਾ ਹੋਵੇ। ਨਿਰਾਕਾਰ ਆਕਾਰ ਵਿਚ ਆ ਗਿਆ ਹੋਵੇ। ਨਾ ਕੋਈ ਬਿਮਾਰੀ ਲੱਗਦੀ ਸੀ ਅਤੇ ਨਾ ਕੋਈ ਹੋਰ ਦੁੱਖ ਤਕਲੀਫ ਲੱਗਦੀ ਸੀ। ਸਭ ਨੇ ਨਮਸਕਾਰ ਕੀਤਾ। ਜਿਧਰ ਵੀ ਨਿਗਾਹ ਭਰ ਕੇ ਵੇਖਿਆ ਬਖਸ਼ਿਸ਼ਾਂ ਹੀ ਕਰਦੇ ਗਏ। ਮਿਹਰਾਂ ਹੀ ਹੁੰਦੀਆਂ ਗਈਆਂ। ਸੰਗਤ ਨੇ ਅਜਿਹਾ ਰੂਪ ਪਹਿਲਾਂ ਕਦੇ ਨਹੀਂ ਸੀ ਵੇਖਿਆ। ਹਸਪਤਾਲ ਪਹੁੰਚ ਕੇ ਫਿਰ ਗੁਰੂ ਦਾ ਅਤੁੱਟ ਲੰਗਰ ਵਰਤਾਇਆ। ਮਹਾਂਪੁਰਸ਼ਾਂ ਦੇ ਚਿਹਰੇ 'ਤੇ ਬਿਮਾਰੀ ਦੀ ਕੋਈ ਝਲਕ ਨਹੀਂ ਸੀ। ਜਦ ਕਾਠੇ ਅਧਿਕਾਰੇ ਤੋਂ ਭਾਈ ਨਾਜਰ ਸਿੰਘ ਮਿਲਣ ਗਿਆ ਤਾਂ ਚਰਨਾਂ 'ਤੇ ਸਿਰ ਰੱਖ ਕੇ ਰੋਣ ਲੱਗ ਪਿਆ। ਮਹਾਂਪੁਰਸ਼ ਕਹਿੰਦੇ, "ਬਈ ਰੋਂਦਾ ਕਿਉਂ ਹੈ ਅਸੀਂ ਅੱਜ ਤੋਂ ਛੇਵੇਂ ਦਿਨ ਨੂੰ ਅਸਥਾਨ 'ਤੇ ਪਹੁੰਚ ਜਾਣਾ ਹੈ।" ਅੱਠ ਤਾਰੀਕ ਨੂੰ ਭਾਈ ਜੋਗਿੰਦਰ ਸਿੰਘ ਦਾ ਫੋਨ ਆਇਆ ਕਿ ਮਹਾਰਾਜ ਮੈਂ ਆ ਰਿਹਾ ਹਾਂ ਤਾਂ ਸੰਤ ਜੀ ਕਹਿੰਦੇ ਕੱਲ੍ਹ ਸ਼ਾਮ ਤੱਕ ਉਡੀਕ ਲੈ ਫਿਰ ਫੈਸਲਾ ਕਰ ਲੈਣਾ। ਇਸਨੇ ਸੋਚਿਆ ਕਿ ਸ਼ਾਇਦ ਮਹਾਂਪੁਰਸ਼ ਕੱਲ੍ਹ ਤੱਕ ਤੰਦਰੁਸਤ ਹੋ ਕੇ ਅਸਥਾਨ 'ਤੇ ਪਹੁੰਚ ਜਾਣਗੇ। 8 ਅਕਤੂਬਰ ਨੂੰ ਮਹਾਂਪੁਰਸ਼ਾਂ ਨੇ ਬਰਫ਼ੀ, ਸੇਬ ਅਤੇ ਹੋਰ ਸੁੱਕਾ ਪ੍ਰਸ਼ਾਦ ਮੰਗਵਾਇਆ। ਭਾਈ ਰਣਜੋਧ ਸਿੰਘ ਜੀ ਨੇ ਲਿਫਾਫਿਆਂ ਵਿਚ ਪਾਇਆ। ਸੰਤ ਬਾਬਾ ਤੀਰਥ ਸਿੰਘ ਜੀ ਨੇ ਗੁਰਦੁਆਰਾ ਈਸ਼ਰਪੁਰੀ ਸਾਹਿਬ ਵਾਂਗ ਹੀ ਬੈਠ ਕੇ ਆਪ ਵਰਤਾਇਆ। ਪਹਿਲਾਂ ਬਾਹਰਲੀ ਸੰਗਤ ਨੂੰ ਤੋਰਿਆ ਅਤੇ ਫਿਰ ਲਾਗਲਿਆਂ ਨੂੰ ਪ੍ਰਸ਼ਾਦ ਅਤੇ ਅਸ਼ੀਰਵਾਦ ਦਿੱਤਾ। 9 ਅਕਤੂਬਰ ਨੂੰ ਸੁਬ੍ਹਾ ਇਕ ਪੀਸ ਸੇਬ ਦਾ ਛਕਿਆ ਅਤੇ ਫਿਰ ਆਰਾਮ ਕਰਨ ਲੱਗ ਪਏ। ਦੁਪਹਿਰ ਸਮੇਂ ਭਾਈ ਰਣਜੀਤ ਸਿੰਘ ਨੂੰ ਕਹਿੰਦੇ ਕਿ ਕੱਲ੍ਹ ਸੁਬ੍ਹਾ ਬੈੱਡ ਵਾਲੀ ਗੱਡੀ ਲੈ ਕੇ ਆਵੀਂ। ਹਰ ਸਮੇਂ ਹਜ਼ੂਰ ਵਿਚ ਨਿਸ਼ਕਾਮ ਸੇਵਾ ਕਰਨ ਵਾਲੇ ਭਾਈ ਰਣਜੋਧ ਸਿੰਘ ਜੀ ਨੂੰ ਕਹਿੰਦੇ ਕਿ ਸਾਡੀ ਤਿਆਰੀ ਕਰ ਦਿਓ। ਭਾਈ ਰਣਜੋਧ ਸਿੰਘ ਜੀ ਕੋਲ



ਸੰਤਾਂ ਦੇ ਅਣਲੱਗ ਕਛਹਿਰਾ, ਚੋਲਾ ਅਤੇ ਦਸਤਾਰ ਪਏ ਸਨ ਜੋ ਉਸਨੇ ਮਹਾਂਪੁਰਸ਼ਾਂ ਨੂੰ ਪਹਿਨਾ ਦਿੱਤੇ। ਕੇਸਾਂ ਵਿਚ ਕੰਘਾ ਕਰਕੇ ਦਸਤਾਰ ਸਜਾ ਦਿੱਤੀ ਗਈ। ਮਹਾਂਪੁਰਸ਼ਾਂ ਨੇ ਖੜੇ ਸਭ ਸੇਵਕਾਂ ਨੂੰ ਕਿਹਾ ਕਿ ਅੱਜ ਅਸੀਂ ਸਰੀਰ ਤਿਆਗ ਦੇਣਾ ਹੈ। ਬੇਸ਼ੱਕ ਮਹਾਂਪੁਰਸ਼ਾਂ ਨੇ ਬਚਨ ਕਰ ਦਿੱਤਾ ਸੀ ਪਰ ਸੇਵਕ ਕਿਸੇ ਵੀ ਹਾਲ ਵਿਚ ਆਪਣੀਆਂ ਆਸਾਂ ਉਮੀਦਾਂ ਨੂੰ ਮਰਨ ਨਹੀਂ ਦੇਣਾ ਚਾਹੁੰਦੇ ਸਨ ਅਤੇ ਆਪਣੀ ਆਖਰੀ ਕੋਸ਼ਿਸ਼ ਵਜੋਂ ਮਹਾਂਪੁਰਸ਼ਾਂ ਨੂੰ ਕਿਡਨੀ ਹਸਪਤਾਲ ਵਿਚ ਲੈ ਕੇ ਗਏ। ਪਰ ਸੰਤ ਬਾਬਾ ਤੀਰਥ ਸਿੰਘ ਜੀ ਨੇ ਆਪਣੇ ਬਚਨਾਂ ਮੁਤਾਬਕ ਉਸੇ ਦਿਨ 9 ਅਕਤੂਬਰ, 2005 ਨੂੰ ਰਾਤੀਂ 9:00 ਵਜੇ ਸਰੀਰ ਤਿਆਗ ਦਿੱਤਾ ਅਤੇ ਪੰਜ ਭੂਤਕ ਸਰੀਰ ਵਿਚ ਲੁਪਤ ਹੋ ਕੇ ਬੈਠੇ ਛੇਵੇਂ ਪਰਮ ਤੱਤ, ਪ੍ਰਮਾਤਮਾ ਵਿਚ ਸਦਾ ਸਦਾ ਲਈ ਲੀਨ ਹੋ ਗਏ।

ਨਾਨਕ ਲੀਨ ਭਇਓ ਗੋਬਿੰਦ ਸਿਉ
ਜਿਉ ਪਾਨੀ ਸੰਗ ਪਾਨੀ॥

(ਮ:9-633)

ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ॥
ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ॥

(ਮ:-846)

ਜਿਉ ਜਲ ਮਹਿ ਜਲੁ ਆਇ ਖਟਾਨਾ॥
ਤਿਉ ਜੋਤੀ ਸੰਗਿ ਜੋਤਿ ਸਮਾਨਾ॥

(ਮ:5-278)

ਸਭ ਪਾਸੇ ਸੋਗ ਦੀ ਲਹਿਰ ਦੌੜ ਗਈ। ਵਿਦੇਸ਼ਾਂ ਤੱਕ ਫ਼ੋਨ ਖੜਕ ਪਏ। ਧਰਤੀ ਅਤੇ ਅੰਬਰ ਵੀ ਰੋ ਪਏ। ਜਿਸਨੇ ਸੁਣਿਆ ਥਾਏਂ ਬਹਿ ਗਿਆ। ਦੁੱਖ ਦੇ ਬੰਨ੍ਹ ਜੋ ਹੰਝੂਆਂ ਦੇ ਸੈਲਾਬ ਰੋਕ ਕੇ ਰੱਖੇ ਸਨ, ਵੱਗ ਤੁਰੇ। ਸਾਰਾ ਇਲਾਕਾ ਵਿਯੋਗ ਵਿਚ ਡੁੱਬ ਗਿਆ। ਬਹੁਤ ਕਾਲੀ ਬੋਲੀ ਰਾਤ ਸੀ ਉਹ। ਐਨੀ ਭਿਆਨਕ ਜਿਸਨੇ ਸਾਥੋਂ ਸਾਡਾ ਸੂਰਜ ਖੋ ਲਿਆ। ਇਹ ਚੰਦਰੀ ਰਾਤ ਖ਼ਤਮ ਹੋਣ ਵਿਚ ਨਹੀਂ ਆ ਰਹੀ ਸੀ। ਕਿਸੇ ਨੂੰ ਕੰਨਾਂ 'ਤੇ ਵਿਸ਼ਵਾਸ ਨਹੀਂ ਹੋ ਰਿਹਾ ਸੀ। ਸਭ ਸੁਪਨੇ ਵਾਂਗਰ ਹੀ ਜਾਪ ਰਿਹਾ ਸੀ। ਇਕ ਡਰਾਉਣਾ ਸੁਪਨਾ। ਕਦੇ ਨਾ ਭੁੱਲਣਯੋਗ ਸੁਪਨਾ। ਸਭ ਪਾਸੇ ਇਹੋ ਹੀ ਹਵਾ ਸੀ ਕਿ ਸੰਤ ਜੀ ਸਰੀਰ ਕਰਕੇ ਨਹੀਂ ਰਹੇ। ਹਵਾਵਾਂ ਵੀ ਵੈਰਾਗਮਈ ਹੋ

ਗਈਆਂ ਸਨ। ਭਾਈ ਰਣਜੋਧ ਸਿੰਘ ਜੀ ਜਿਹੇ ਸੇਵਕ ਜਿਹਨਾਂ ਲਈ ਮਹਾਂਪੁਰਸ਼ ਹੀ ਸਭ ਕੁਝ ਸਨ, ਰੋ-ਰੋ ਕੇ ਬੇਹਾਲ ਹੋ ਰਹੇ ਸਨ। ਅੰਬਰਾਂ ਦੇ ਤਾਰੇ ਵੀ ਸਭ ਦੇ ਦੁੱਖ ਵਿਚ ਸ਼ਰੀਕ ਸਨ। ਸਭ ਬਨਸਪਤੀ ਵੀ ਦੁੱਖਾਂ ਵਿਚ ਹਾਮੀ ਭਰ ਰਹੀ ਸੀ। ਸਭਨਾਂ ਦੇ ਹਿਰਦੇ ਵਲੂੰਧਰੇ ਗਏ ਸਨ। ਸਰੀਰ ਸਾਥ ਨਹੀਂ ਦੇ ਰਿਹਾ ਸੀ। ਸਭ ਸੋਚਦੇ ਸਨ ਕਿ ਕਾਸ਼ ਕੋਈ ਆਖ ਦੇਵੇ ਇਹ ਝੂਠ ਹੈ। ਅੱਜ ਸੰਗਤ ਇਹ ਸੁਣਨ ਲਈ ਮੂੰਹ ਮੰਗੀ ਕੀਮਤ ਦੇਣ ਲਈ ਤਿਆਰ ਸੀ। ਪਰ ਜੋਤ ਜੋਤ ਵਿਚ ਰਲ਼ ਕੇ ਪਰਮਜੋਤ ਹੋ ਚੁੱਕੀ ਸੀ। ਲਹਿਰ ਪਾਣੀ ਵਿਚ ਹੀ ਸਮਾਅ ਕੇ ਸਾਗਰ ਹੋ ਚੁੱਕੀ ਸੀ। ਕਿਰਣ ਸੂਰਜ ਨਾਲ ਮਿਲ ਚੁੱਕੀ ਸੀ। ਸਭ ਕੁਝ ਖਤਮ ਹੋ ਚੁੱਕਾ ਸੀ ਜੇ ਨਹੀਂ ਖ਼ਤਮ ਹੋ ਰਹੀ ਸੀ ਤਾਂ ਇਹ ਰਾਤ ਹੀ ਖ਼ਤਮ ਨਹੀਂ ਹੋ ਰਹੀ ਸੀ। ਕਿੰਨੀ ਲੰਬੀ ਹੋ ਗਈ ਸੀ ਇਹ ਰਾਤ। ਕੈਸੀ ਬੇਦਰਦ ਸੀ ਜੋ ਲੱਖਾਂ ਦਿਲਾਂ ਦੇ ਪਿਆਰੇ ਨੂੰ ਖੋ ਕੇ ਲੈ ਗਈ ਸੀ। ਸਰੀਰ ਛੱਡਣ ਦੀ ਰਾਤ ਮਹਾਂਪੁਰਸ਼ਾਂ ਨੇ ਅਨੇਕ ਸੇਵਕਾਂ ਨੂੰ ਸੁਪਨਿਆਂ ਵਿਚ ਦਰਸ਼ਨ ਦਿੱਤੇ। ਮਹਾਂਪੁਰਸ਼ਾਂ ਦਾ ਪੰਜ ਭੂਤਕ ਸਰੀਰ ਜੌੜੇ ਵਾਲੇ ਸੰਤਾਂ ਦੁਆਰਾ ਬਣਾਏ ਹਸਪਤਾਲ ਦੀ ਮੌਰਚਰੀ ਵਿਚ ਰੱਖਿਆ ਗਿਆ। ਜੌੜੇ ਵਾਲੇ ਸੰਤ ਨਿਰਮਲ ਦਾਸ ਜੀ ਨੇ ਬਹੁਤ ਇੱਜ਼ਤ ਮਾਣ ਕੀਤਾ। ਥੱਲੇ ਫੁੱਲਾਂ ਦੇ ਵਿਛੋਣੇ ਰੱਖ ਕੇ ਫਿਰ ਸਰੀਰ ਰੱਖਿਆ। ਵੱਡਿਆਂ ਵਡੇਰਿਆਂ ਤੋਂ ਜਲ ਪ੍ਰਵਾਹ ਕਰਨ ਦੀ ਰੀਤ ਹੋਣ ਕਾਰਨ ਸੰਤ ਬਾਬਾ ਤੀਰਥ ਸਿੰਘ ਜੀ ਨੂੰ ਵੀ ਜਲ ਪ੍ਰਵਾਹ ਹੀ ਕੀਤਾ ਜਾਣਾ ਸੀ। ਮਹਾਂਪੁਰਸ਼ਾਂ ਨੂੰ ਜਲ ਪ੍ਰਵਾਹ ਕਰਨ ਦੀ ਮਿਤੀ 13 ਅਕਤੂਬਰ ਮਿਥੀ ਗਈ ਤਾਂ ਕਿ ਦੂਰ ਨੇੜਿਓਂ ਮਹਾਂਪੁਰਸ਼ ਅਤੇ ਸੰਗਤ ਪਹੁੰਚ ਸਕੇ। ਗੁਰਦੁਆਰਾ ਈਸ਼ਰਪੁਰੀ ਸਾਹਿਬ ਵਿਖੇ ਗੁਰਬਾਣੀ ਅਤੇ ਸ਼ਬਦ ਕੀਰਤਨ ਦਾ ਆਖੰਡ ਪ੍ਰਵਾਹ ਸ਼ੁਰੂ ਹੋ ਗਿਆ। ਸੰਗਤਾਂ ਜੌੜੇ ਹਸਪਤਾਲ ਵਿਖੇ ਹੀ ਜਾ ਜਾ ਕੇ ਬਾਹਰੋਂ ਮੱਥਾ ਟੇਕ ਟੇਕ ਮੁੜ ਰਹੀਆਂ ਸਨ। ਹਸਪਤਾਲ ਦੇ ਬਾਹਰ ਫੁੱਲਾਂ ਦੇ ਢੇਰ ਲੱਗ ਗਏ।

ਮਹਾਂਪੁਰਸ਼ਾਂ ਲਈ ਸਰੀਰ ਦੇ ਆਕਾਰ ਦਾ ਸੁੰਦਰ ਸੰਦੂਕ ਤਿਆਰ ਕਰਵਾਇਆ ਗਿਆ। ਇਕ ਬਹੁਤ ਹੀ ਸੁੰਦਰ ਗੱਡੀ ਫੁੱਲਾਂ ਨਾਲ ਸਜਾਈ ਗਈ। 13 ਅਕਤੂਬਰ 2005 ਨੂੰ ਅੰਮ੍ਰਿਤ ਵੇਲੇ ਮਹਾਂਪੁਰਸ਼ਾਂ ਦਾ ਸਰੀਰ ਮੌਰਚਰੀ ’ਚੋਂ ਕੱਢਿਆ ਗਿਆ। ਸੰਤ ਬਾਬਾ ਨਿਰਮਲ ਦਾਸ ਜੀ ਦੀ ਅਗਵਾਈ ਵਿਚ ਸੇਵਕਾਂ ਨੇ ਇਸ਼ਨਾਨ ਕਰਾਇਆ। ਸਭ ਨੇ ਫੁੱਲਾਂ ਦੇ ਹਾਰ ਪਾਏ। ਅਰਦਾਸ ਉਪਰੰਤ ਫੁੱਲਾਂ ਨਾਲ ਸਜਾਈ ਗੱਡੀ ਵਿਚ ਮਹਾਂਪੁਰਸ਼ਾਂ ਦੇ ਸਰੀਰ ਵਾਲਾ ਸੰਦੂਕ



ਸੁਸ਼ੋਭਿਤ ਕਰਕੇ ਗੁਰਦੁਆਰਾ ਈਸ਼ਰਪੁਰੀ ਸਾਹਿਬ ਸ਼ਾਮ ਚੁਰਾਸੀ ਵੱਲ ਨੂੰ ਚਾਲੇ ਪਾ ਦਿੱਤੇ। ਰਸਤੇ ਵਿਚ ਅਨੇਕ ਪਿੰਡਾਂ ਦੀਆਂ ਸੰਗਤਾਂ ਨੂੰ ਗੱਡੀ ਰੋਕ ਰੋਕ ਕੇ ਮਹਾਂਪੁਰਸ਼ਾਂ ਦੇ ਦਰਸ਼ਨ ਕਰਵਾਏ ਗਏ। ਗੁਰਦੁਆਰਾ ਈਸ਼ਰਪੁਰੀ ਸਾਹਿਬ ਸ਼ਾਮ ਚੁਰਾਸੀ ਵਿਖੇ ਮਹਾਂਪੁਰਸ਼ਾਂ ਦਾ ਸਰੀਰ ਖੁੱਲ੍ਹੇ ਪੰਡਾਲ ਵਿਚ ਰੱਖਿਆ ਗਿਆ। ਰਾਗੀ ਸਿੰਘ ਵੈਰਾਗਮਈ ਹੋ ਕੇ ਸੋਹਜ਼ ਭਰੀ ਆਵਾਜ਼ ਵਿਚ ਸ਼ਬਦ ਪੜ੍ਹ ਰਹੇ ਸਨ। ਸਭ ਦੀ ਜ਼ੁਬਾਨ ’ਤੇ ਇਹ ਹੀ ਸੀ:

ਗੁਰਮੁਖ ਜਨਮ ਸਵਾਰ ਦਰਗਹਿ ਚਲਿਆ॥
ਸਚੀ ਦਰਗਹ ਜਾਇ ਸਚਾ ਪਿੜ ਮਲਿਆ॥ (ਭਾਈ ਗੁਰਦਾਸ ਜੀ)

ਪੰਡਾਲ ਵਿਚ ਸੰਗਤ ਦਾ ਵਿਸ਼ਾਲ ਇਕੱਠ ਸੀ। ਸਭ ਦੀਆਂ ਅੱਖਾਂ ਸੇਜਲ ਸਨ। ਸਭ ਪਾਸੇ ਰੁਦਨ ਹੀ ਰੁਦਨ ਸੀ। ਜੋ ਸਿਆਣਾ, ਜੋ ਨਿਆਣਾ ਸਭ ਵਿਲਕ ਰਹੇ ਸਨ। ਸਭ ਨੂੰ ਸਕੇ ਮਾਂ-ਪਿਉ ਦੇ ਜਾਣ ਤੋਂ ਵੱਧਕੇ ਦੁੱਖ ਸੀ। ਕੋਈ ਕਿਸੇ ਨਾਲ ਗੱਲ ਨਹੀਂ ਕਰ ਰਿਹਾ ਸੀ। ਸਭ ਪਾਸੇ ਖ਼ਾਮੋਸ਼ੀ ਹੀ ਖ਼ਾਮੋਸ਼ੀ ਸੀ। ਚੁੱਪ ਹੀ ਚੁੱਪ ਸੀ। ਮਹਾਂਪੁਰਸ਼ਾਂ ਦੇ ਆਖਰੀ ਦਰਸ਼ਨ ਕਰਨ ਵਾਲਿਆਂ ਦੀ ਕਤਾਰ ਬਹੁਤ ਲੰਬੀ ਸੀ। ਇਸੇ ਕਤਾਰ ਵਿਚ ਖੜ੍ਹਾ ਭਾਈ ਨਾਜਰ ਸਿੰਘ ਵੀ ਸਭ ਸੇਵਕਾਂ ਦੀ ਤਰ੍ਹਾਂ ਰੋ ਰਿਹਾ ਸੀ ਕਿਉਂਕਿ ਅੱਜ ਉਹੀ ਛੇਵਾਂ ਦਿਨ ਸੀ ਜਿਸ ਦਿਨ ਮਹਾਂਪੁਰਸ਼ਾਂ ਨੇ ਭਾਈ ਨਾਜਰ ਸਿੰਘ ਨਾਲ ਹਸਪਤਾਲ ਵਿਖੇ ਵਾਪਸ ਅਸਥਾਨ ’ਤੇ ਪਹੁੰਚ ਜਾਣ ਦਾ ਬਚਨ ਕੀਤਾ ਸੀ। ਗੁਰਦੁਆਰਾ ਸਾਹਿਬ ਦੇ ਬਾਹਰ ਐਨੀਆਂ ਬੱਸਾਂ, ਕਾਰਾਂ, ਜੀਪਾਂ, ਟੈਂਪੂ ਅਤੇ ਦੋ ਪਹੀਆ ਵਾਹਨ ਖੜ੍ਹੇ ਸਨ ਕਿ ਲੰਘਣਾ ਵੀ ਮੁਸ਼ਕਿਲ ਸੀ।

ਆਖਰੀ ਵਿਦਾਈ ਦੇਣ ਨੂੰ ਬੈਂਡ ਵਾਜੇ ਵਾਲੇ ਵੀ ਮੌਜੂਦ ਸਨ। ਦਰਸ਼ਨ ਕਰਨ ਦੀ ਪ੍ਰਕ੍ਰਿਆ ਪੂਰੀ ਹੋਣ ਉਪਰੰਤ ਅਰਦਾਸਾ ਸੋਧ ਕੇ ਪੂਰੀ ਸ਼ਾਨੋ-ਸ਼ੌਕਤ ਨਾਲ ਬਿਬੌਰ ਸਾਹਿਬ ਨੂੰ ਚਾਲੇ ਪਾਏ ਗਏ। ਮਹਾਂਪੁਰਸ਼ਾਂ ਦੀ ਸਭ ਪਾਸਿਆਂ ਤੋਂ ਅਤਿ ਸੁੰਦਰ ਢੰਗ ਨਾਲ ਸ਼ਿੰਗਾਰੀ ਖੁੱਲ੍ਹੀ ਗੱਡੀ ਵਿਚਲੀ ਪਾਲਕੀ ਅੱਗੇ ਅੱਗੇ ਜਾ ਰਹੀ ਸੀ। ਕੀਰਤਨੀਏ ਸਿੰਘ ਕੀਰਤਨ ਕਰ ਰਹੇ ਸਨ। ਸੈਂਕੜੇ ਗੱਡੀਆਂ ਦਾ ਕਾਫ਼ਿਲਾ ਸੀ। ਹਜ਼ਾਰਾਂ ਦੀ ਤਾਦਾਦ ਵਿਚ ਸੰਗਤਾਂ ਵਾਹਿਗੁਰੂ ਵਾਹਿਗੁਰੂ ਦਾ ਜਾਪ ਕਰਦੀਆਂ ਜਾ ਰਹੀਆਂ ਸਨ। ਸਭ ਪਾਸੇ ਵਿਰਲਾਪ ਹੀ ਵਿਰਲਾਪ ਸੀ। ਥਾਂ ਥਾਂ ’ਤੇ ਗੱਡੀ ਰੋਕ ਕੇ ਸੇਵਕਾਂ ਨੂੰ ਮਹਾਂਪੁਰਸ਼ਾਂ ਦੇ ਆਖ਼ਰੀ ਦਰਸ਼ਨ ਕਰਾਏ ਜਾ ਰਹੇ ਸਨ। ਸਭ ਦੇ ਚਿਹਰੇ ਮੁਰਝਾਏ ਅਤੇ ਮਨ ਭਰੇ ਪਏ ਸਨ। ਇਸ ਵਿਸ਼ਾਲ ਇਕੱਠ ਨੂੰ ਸਭ ਦੁਨੀਆਂ ਖੜ੍ਹ



ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ ॥
ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ ॥

ਖੜ੍ਹ ਵੇਖ ਰਹੀ ਸੀ। ਇਲਾਕੇ ਦੇ ਸਭ ਮਹਾਂਪੁਰਸ਼ ਅਤੇ ਹੋਰ ਰਾੜਾ ਸਾਹਿਬ ਸੰਪਰਦਾ ਨਾਲ ਸਬੰਧਿਤ ਸੰਤ ਬਿਭੌਰ ਸਾਹਿਬ ਪਹੁੰਚ ਗਏ। ਗੁਰਦੁਆਰਾ ਬਿਭੌਰ ਸਾਹਿਬ ਵਿਖੇ ਸੰਗਤ ਦਾ ਐਨਾ ਇਕੱਠ ਹੋ ਗਿਆ ਕਿ ਸਭ ਪਾਸੇ ਸਿਰ ਹੀ ਸਿਰ ਨਜ਼ਰ ਆ ਰਹੇ ਸਨ। ਸਭ ਸੰਗਤਾਂ ਨੇ ਸੰਤ ਤੀਰਥ ਸਿੰਘ ਜੀ ਨੂੰ ਆਖਰੀ ਨਮਸਕਾਰ ਕੀਤਾ। ਅਰਦਾਸਾ ਸੋਧਣ ਉਪਰੰਤ ਸੰਦੂਕ ਕਿਸ਼ਤੀ ਦੀ ਸਹਾਇਤਾ ਨਾਲ ਗੁਰਦੁਆਰਾ ਬਿਭੌਰ ਸਾਹਿਬ ਦੇ ਨਾਲ ਦੀ ਲੰਘਦੇ ਸਤਲੁਜ ਦਰਿਆ ਵਿਚ ਲਿਜਾਇਆ ਗਿਆ। ਜਿਥੇ ਸਭ ਮਹਾਂਪੁਰਸ਼ਾਂ ਨੇ ਦੁਬਾਰਾ ਅਰਦਾਸਾ ਸੋਧਿਆ ਅਤੇ ਸੰਤ ਬਾਬਾ ਤੀਰਥ ਸਿੰਘ ਜੀ ਦਾ ਪੰਜ ਭੂਤਕ ਸਰੀਰ ਦੁਪਹਿਰ 2:20 ਵਜੇ ਜਲ ਪ੍ਰਵਾਹ ਕਰ ਦਿੱਤਾ। ਸੰਦੂਕ ਹਲਕਾ ਜਿਹਾ ਉਛਾਲ ਲੈ ਕੇ ਸਦਾ ਲਈ ਪਾਣੀ ਵਿਚ ਅਦ੍ਰਿਸ਼ ਹੋ ਗਿਆ ਅਤੇ ਪਾਣੀ 'ਚੋਂ ਉੱਠੀਆਂ ਕੁਝ ਲਹਿਰਾਂ ਵੀ ਅਹਿਸਤਾ ਅਹਿਸਤਾ ਪਾਣੀ ਵਿਚ ਹੀ ਸਮਾਅ ਗਈਆਂ।

ਹਰਿ ਹਰਿਜਨ ਦੁਈ ਏਕ ਹੈ ਬਿਬ ਬਿਚਾਰ ਕਛੁ ਨਾਹਿ ॥
ਜਲ ਤੋਂ ਉਪਜ ਤਰੰਗ ਜਿਉ ਜਲ ਹੀ ਬਿਖੈ ਸਮਾਹਿ ॥

(ਪਾਤਿਸ਼ਾਹੀ: 10)

ਗੁਰਦੁਆਰਾ ਸਾਹਿਬ ਦੀਆਂ ਕੰਧਾਂ ਉੱਤੇ ਅਤੇ ਆਸਪਾਸ ਦੀਆਂ ਪਹਾੜੀਆਂ 'ਤੇ ਜੋ ਹਜ਼ਾਰਾਂ ਹੀ ਸਰੀਰ ਮਹਾਂਪੁਰਸ਼ਾਂ ਦੇ ਸੰਦੂਕ ਦੀ ਆਖਰੀ ਝਲਕ ਲੈਣ ਲਈ ਖੜ੍ਹੇ ਸਨ, ਸਭ ਨੇ ਧਾਹਾਂ ਮਾਰ ਦਿੱਤੀਆਂ। ਦਰਿਆ ਦਾ ਡੂੰਘਾ ਪਾਣੀ ਅਤੇ ਆਸਪਾਸ ਦੀਆਂ ਪਹਾੜੀਆਂ ਦਾ ਖ਼ਾਮੋਸ਼ ਵਾਤਾਵਰਣ ਵੀ ਕੁਰਲਾ ਉੱਠਿਆ। ਰੋਂਦੀ ਕੁਰਲਾਉਂਦੀ ਸੰਗਤ ਬਿਭੌਰ ਸਾਹਿਬ ਦਰਬਾਰ ਹਾਲ ਅੰਦਰ ਗਈ ਅਤੇ ਹੁਕਮਨਾਮੇ ਸੁਣਕੇ ਘਰਾਂ ਨੂੰ ਚਾਲੇ ਪਏ। ਗੁਰਦੁਆਰਾ ਈਸ਼ਰਪੁਰੀ ਸਾਹਿਬ ਸ਼ਾਮ ਚੁਰਾਸੀ ਵਿਖੇ ਗੁਰਬਾਣੀ ਦਾ ਅਖੰਡ ਜਾਪ ਤਾਂ ਪਹਿਲੇ ਦਿਨ ਤੋਂ ਹੀ ਚੱਲ ਰਿਹਾ ਸੀ। ਭੋਗ ਲਈ 18 ਅਕਤੂਬਰ ਦਾ ਦਿਨ ਨਿਸ਼ਚਿਤ ਕੀਤਾ ਗਿਆ। ਬੇਸ਼ੁਮਾਰ ਸੰਗਤ ਦੀ ਆਮਦ ਨੂੰ ਵੇਖਦਿਆਂ ਪੰਡਾਲ ਖੁੱਲ੍ਹੇ ਵਿਚ ਸਜਾਇਆ ਗਿਆ। ਅਨੇਕ ਮਹਾਂਪੁਰਸ਼ ਪਹੁੰਚੇ। ਕਈ ਜਥਿਆਂ ਨੇ ਕੀਰਤਨ ਕੀਤਾ। ਰਾਜਨੀਤਿਕ ਅਤੇ ਗ਼ੈਰ-ਰਾਜਨੀਤਿਕ ਸਰੀਰਾਂ ਨੇ ਮਹਾਂਪੁਰਸ਼ਾਂ ਨੂੰ ਅਕੀਦਤ ਦੇ ਫੁੱਲ ਭੇਂਟ ਕੀਤੇ। ਸਭ



ਮਹਾਂਪੁਰਸ਼ਾਂ ਨੇ ਸੰਤ ਬਾਬਾ ਤੀਰਥ ਸਿੰਘ ਜੀ ਦੇ ਪਰਉਪਕਾਰੀ ਜੀਵਨ ਤੋਂ ਸੇਧ ਲੈਣ ਲਈ ਪ੍ਰੇਰਿਤ ਕੀਤਾ। ਸਭ ਮਹਾਂਪੁਰਸ਼ਾਂ ਨੇ ਮਿਲਕੇ ਉਹਨਾਂ ਰਾੜਾ ਸਾਹਿਬ ਸੰਪਰਦਾ ਨਾਲ ਸਬੰਧਿਤ ਮਹਾਂਪੁਰਸ਼ਾਂ ਵਿਚੋਂ ਸੰਤ ਬਾਬਾ ਈਸ਼ਰ ਸਿੰਘ ਜੀ ਦੇ ਵਰੋਸਾਏ ਸੰਤ ਹਰਨੇਕ ਸਿੰਘ ਜੀ ਲੰਗਰ ਵਾਲਿਆਂ ਦੀ ਦਸਤਾਰਬੰਦੀ ਕਰਨ ਦਾ ਫੈਸਲਾ ਕੀਤਾ ਜੋ ਸੰਗਤ ਨੇ ਪ੍ਰਵਾਨ ਕਰ ਲਿਆ। ਸੰਤ ਹਰਨੇਕ ਸਿੰਘ ਜੀ ਨੇ, ਇਹ ਜ਼ਿੰਮੇਵਾਰੀ ਸਵੀਕਾਰ ਕਰਨੀ ਸੰਗਤ ਦਾ ਹੁਕਮ ਸਮਝ ਕੇ ਮੰਨ ਲਈ। ਦਸਤਾਰਬੰਦੀ ਦੀ ਰਸਮ ਹੋਈ। ਅਣਗਿਣਤ ਸੰਤਾਂ-ਮਹਾਂਪੁਰਸ਼ਾਂ ਨੇ ਦਸਤਾਰਾਂ ਭੇਂਟ ਕੀਤੀਆਂ ਅਤੇ ਸਭ ਨੇ ਮਿਲਕੇ ਇਲਾਕੇ ਦੀ ਸੰਗਤ ਦੀ ਸੇਵਾ ਦੀ ਜ਼ਿੰਮੇਵਾਰੀ ਦੀ ਦਸਤਾਰ ਸੰਤ ਬਾਬਾ ਹਰਨੇਕ ਸਿੰਘ ਜੀ ਦੇ ਸੀਸ 'ਤੇ ਸਜ਼ਾ ਦਿੱਤੀ।



ਸੰਤ ਬਾਬਾ ਹਰਨੇਕ ਸਿੰਘ ਜੀ ਲੰਗਰ ਵਾਲੇ
ਮੌਜੂਦਾ ਮੁੱਖ ਸੇਵਾਦਾਰ





ਬਾਬਾ ਰਣਜੋਧ ਸਿੰਘ ਜੀ
ਸੰਤਾਂ ਦੇ ਗੜਵਈ

# ਸਹਾਇਕ ਪੁਸਤਕ ਸੂਚੀ


## ਹਵਾਲਾ ਪੁਸਤਕਾਂ

- ✪ ਆਜ਼ਾਦ, ਮੋਹਨ ਸਿੰਘ, ਜੀਵਨ ਗਾਥਾ- (ਸੰਤ ਬਾਬਾ ਅਤਰ ਸਿੰਘ ਜੀ ਰੇਰੂ ਸਾਹਿਬ) ਕਰਮਸਰ, ਰਾੜਾ ਸਾਹਿਬ।
- ✪ ਆਜ਼ਾਦ, ਮੋਹਨ ਸਿੰਘ, ਪੱਛਮੀ ਪ੍ਰਕਾਸ਼, (ਜੀਵਨ ਗਾਥਾ, ਸੰਤ ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ), ਕਰਮਸਰ ਰਾੜਾ ਸਾਹਿਬ
- ✪ ਆਜ਼ਾਦ, ਮੋਹਨ ਸਿੰਘ, ਰੂਹਾਨੀ ਸੰਦੇਸ਼ (ਜੀਵਨ ਕਥਾ ਸੰਤ ਬਾਬਾ ਈਸ਼ਰ ਸਿੰਘ ਜੀ), ਕਰਮਸਰ, ਰਾੜਾ ਸਾਹਿਬ, 1994
- ✪ ਸੰਤ ਈਸ਼ਰ ਸਿੰਘ ਜੀ ਮਹਾਰਾਜ, ਈਸ਼੍ਵਰ ਅਮੋਲਕ ਲਾਲ, ਕਰਮਸਰ, ਰਾੜਾ ਸਾਹਿਬ, 1994
- ✪ ਸੰਤ ਸੇਵਾ ਸਿੰਘ ਜੀ, ਸੋ ਕਿਨਹਿਆ, (ਜੀਵਨ ਗਾਥਾ ਸ੍ਰੀਮਾਨ ਸੰਤ ਬਾਬਾ ਹਰਨਾਮ ਸਿੰਘ ਜੀ) ਗੁਰਦੁਆਰਾ ਰਾਮਪੁਰ ਖੇੜਾ, ਹੁਸ਼ਿਆਰਪੁਰ, 1991
- ✪ ਸੰਤ ਤੇਜਾ ਸਿੰਘ ਜੀ ਮਸਤੂਆਣਾ, ਜੀਵਨ ਕਹਾਣੀ ਸੰਤ ਬਾਬਾ ਅਤਰ ਸਿੰਘ ਜੀ, ਕਲਗੀਧਰ ਟਰਸਟ, ਗੁਰਦੁਆਰਾ ਬੜੂ ਸਾਹਿਬ, ਹਿਮਾਚਲ ਪ੍ਰਦੇਸ਼
- ✪ ਸਵਰਨਜੀਤ ਸਿੰਘ (ਪ੍ਰਿੰ.) ਭਾਈ ਗੁਰਦਾਸ ਵਿਚਾਰਕੋਸ਼, ਪਬਲੀਕੇਸ਼ਨ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ, 2003
- ✪ ਘੁੰਮਣ, ਬਿਕਰਮ ਸਿੰਘ (ਡਾ.) ਕਾਫ਼ੀਆਂ ਬੁੱਲ੍ਹੇਸ਼ਾਹ, ਵਾਰਸ ਸ਼ਾਹ ਫਾਊਂਡੇਸ਼ਨ ਅੰਮ੍ਰਿਤਸਰ, 2000
- ✪ ਦੀਪ, ਦਲੀਪ ਸਿੰਘ (ਡਾ.), ਗੁਰਬਾਣੀ ਚਿੰਤਨ, ਸਿਧਾਂਤ ਤੇ ਸਾਧਨਾ, ਧਰਮ ਪ੍ਰਚਾਰ ਕਮੇਟੀ, ਅੰਮ੍ਰਿਤਸਰ
- ✪ ਪੰਦੋਹਲ, ਗੁਰਦੇਵ ਸਿੰਘ, ਬੋਸਤਾਂ (ਅਨੁ.), ਲਾਹੌਰ ਬੁੱਕ ਸ਼ਾਪ, ਲੁਧਿਆਣਾ, 2004
- ✪ ਮਹਾਰਾਜ ਸਾਵਣ ਸਿੰਘ ਜੀ, 84 ਵਿਸ਼ਿਆਂ ਵਾਲਾ ਗੁਰਮਤਿ ਸਿਧਾਂਤ, ਰਾਧਾ ਸੁਆਮੀ ਸਤਿਸੰਗ, ਬਿਆਸ, 1920
- ✪ ਮੇਹਰ ਸਿੰਘ ਗਿਆਨੀ, ਨੌਂ ਰਤਨ, ਲਾਹੌਰ ਬੁੱਕ ਸ਼ਾਪ, ਲੁਧਿਆਣਾ





## ਗ੍ਰੰਥ

- ✪ ਦਸਾਂ ਗੁਰੂਆਂ ਦੀ ਜੋਤ ਆਤਮਸਰੂਪ ਧੰਨ-ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ।
- ✪ ਧੰਨ-ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਰਚਿਤ 'ਦਸਮ ਗ੍ਰੰਥ'

## ਕੋਸ਼

- ✪ ਪਰਮਿੰਦਰ ਕੌਰ ਕਰਾਂਤੀ ਅਤੇ ਅਛਰੂ ਸਿੰਘ (ਸੰਪ.), 'ਕਥਨ ਕੋਸ਼' ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 1997

## ਖੋਜ ਰਸਾਲੇ

- ✪ 'ਖੋਜ ਪਤ੍ਰਿਕਾ' ਗੁਰਮਤਿ ਕਾਵਿ ਅੰਕ (26) ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ।